ਜੇਠੂ

(ਨਾਵਲ)

ਜੇਠੂ

ਨਾਵਲ

ਹਰਜੀਤ ਅਟਵਾਲ

ਇਸੇ ਕਲਮ ਤੋਂ:

ਨਾਵਲ

1- ਵਨ ਵੇਅ
2- ਰੇਤ
3- ਸਵਾਰੀ
4- ਸਾਊਥਾਲ
5- ਬ੍ਰਿਟਿਸ਼ ਬੌਰਨ ਦੇਸੀ
6- ਅਕਾਲ ਸਹਾਏ
7- ਆਪਣਾ
8- ਗੀਤ
9- ਮੁੰਦਰੀ ਡੌਟ ਕੌਮ
10- ਮੋਰ ਉਡਾਰੀ
11- ਕਾਲ਼ੇ ਰੰਗ ਗੁਲਾਬਾਂ ਦੇ
12- ਜੇਠੂ

ਕਹਾਣੀ ਸੰਗ੍ਰਿਹ:

1- ਸੁੱਕਾ ਪੱਤਾ ਤੇ ਹਵਾ
2- ਕਾਲ਼ਾ ਲਹੂ
3- ਸੱਪਾਂ ਦਾ ਭਰ ਬ੍ਰਤਾਨੀਆਂ
4- ਖੂਹ ਵਾਲਾ ਘਰ

5- ਇਕ ਸੱਚ ਮੇਰਾ ਵੀ
6- ਨਵੇਂ ਗੀਤ ਦਾ ਮੁਖੜਾ
7- ਇਕ ਗੱਲ ਜੇ ਦਿਲ ਲੱਗੇ
8- ਦਸ ਦਰਵਾਜ਼ੇ

ਹੋਰ ਵਿਧਾਵਾਂ

1- ਸਰਦ ਪੈਰਾਂ ਦੀ ਉਡੀਕ (ਕਵਿਤਾ)
2- ਪਚਾਸੀ ਵਰਿਆਂ ਦਾ ਜਸ਼ਨ (ਜੀਵਨੀ)
3- ਫੋਕਸ (ਸਫਰਨਾਮਾ)
4- ਪੰਜਾਬੀ ਕੀ ਚਰਚਿੱਤ ਕਹਾਨੀਆਂ (ਸੰਪਾਦਨਾ ਹਿੰਦੀ ਵਿੱਚ)

jethu
(A Punjabi Novel)
By
Harjeet Atwal

67 Hillside Road
Southall
Middlesex (UK) UB1 2PE
Phone Landline:0044 2085780393
Phone mobile: 0044 7782265726
Email: harjeetatwal@gmail.com
Email: harjeetatwal@hotmail.co.uk

ਇਸ ਨਾਵਲ ਦੇ ਪਾਤਰ ਕੁੰਦਨ ਸਿੰਘ ਕੁੰਦਨ ਦੇ ਨਾਂ

1-ਕਤਲ

ਦਸੰਬਰ ਦਾ ਮਹੀਨਾ ਹੈ। ਸਵੇਰ ਦਾ ਮੀਂਹ ਪੈ ਰਿਹਾ ਹੈ ਜਿਸ ਨਾਲ ਸਰਦੀ ਕੁਝ ਘਟ ਗਈ ਹੈ। ਜੋਗੇਂਦਰ ਸ਼ੌਪਿੰਗ ਕਰਨ ਜਾਣ ਲਈ ਤਿਆਰ ਹੈ, ਉਸ ਦੀ ਪਤਨੀ ਤਿਆਰ ਹੋਣ ਆਪਣੇ ਰੂਮ ਵਿੱਚ ਗਈ ਹੋਈ ਹੈ। ਅਚਾਨਕ ਜੋਗੇਂਦਰ ਦੇ ਫੋਨ ਦੀ ਘੰਟੀ ਵੱਜਦੀ ਹੈ। ਉਹ ਦੇਖਦਾ ਹੈ ਕਿ ਫੋਨ ਡਾਕਟਰ ਮੋਹਣੀ ਦਾ ਹੈ। ਡਾਕਟਰ ਮੋਹਣੀ ਦਾ ਫੋਨ ਤਾਂ ਅਕਸਰ ਸ਼ਾਮ ਨੂੰ ਹੀ ਆਉਂਦਾ ਹੈ। ਉਹ ਸੋਚਦਾ ਹੈ ਕਿ ਸੁੱਖ ਹੋਵੇ। ਫੋਨ ਔਨ ਕਰ ਕੇ ਉਹ 'ਹੈਲੋ' ਕਹੇ ਬਿਨਾਂ ਬੋਲਦਾ ਹੈ,

"ਹਾਂ ਮੈਡਮ, ਕੀ ਹਾਲ ਐ?"

"ਕੁੰਦਨ ਨਾਲ ਤੇਰੀ ਕਦ ਗੱਲਬਾਤ ਹੋਈ?"

"ਕੱਲ ਹੀ ਫੋਨ ਆਇਆ ਸੀ ਤੇ ਪਰਸੋਂ ਰਾਤ ਮੈਂ ਉਹਦੇ ਕੋਲ ਹੀ ਸੀ।"

"ਕੀ ਹਾਲਤ ਸੀ ਉਹਦੀ?"

"ਉਹੀ, ਕਹਿੰਦਾ ਕਿ ਜੇਠੂ ਮੈਨੂੰ ਕਤਲ ਕਰਨ ਨੂੰ ਫਿਰਦਾ।"

ਸੁਣ ਕੇ ਮੋਹਣੀ ਵਿਅੰਗ ਜਿਹੇ ਵਿੱਚ ਹੱਸੀ ਤੇ ਬੋਲੀ,

"ਉਹਦੀ ਰੋਡ 'ਤੇ ਰਹਿੰਦੀ ਮੇਰੀ ਇਕ ਸਹੇਲੀ ਦਾ ਫੋਨ ਆਇਆ ਕਿ ਪੁਲੀਸ ਦੀਆਂ ਗੱਡੀਆਂ ਤੇ ਐਂਬੂਲੈਂਸਾਂ ਉਹਦੇ ਘਰ ਦੇ ਬਾਹਰ ਖੜੀਆਂ ਨੇ ਤੇ ਘਰ ਦਾ ਬੂਹਾ ਖੁਲ੍ਹਾ ਏ।"

"ਓ ਮਾਈ ਗੌਡ! ਇਹਦਾ ਮਤਲਬ ਉਹੀ ਕੰਮ ਹੋਇਆ!"

"ਕਿਹੜਾ?"

"ਕਤਲ! ਮੈਡਮ, ਮੈਂ ਪਹੁੰਚਦਾਂ।"

"ਕਿੰਨੇ ਵਜੇ ਤਕ ਪੁੱਜੇਂਗਾ?"

"ਇਥੋਂ ਆਉਂਦੇ ਨੂੰ ਮੈਨੂੰ ਦੋ-ਢਾਈ ਘੰਟੇ ਤਾਂ ਲੱਗ ਹੀ ਜਾਣੇ ਆਂ, ਨਾਲੇ ਮੈਂ ਰਾਹ ਵਿੱਚੋਂ ਦਸਤਾਰ ਵੀ ਲੈਣੀ ਆਂ।"

"ਦਸਤਾਰ ਕਿਉਂ?"

"ਇਹ ਮੇਰਾ ਕੁੰਦਨ ਨਾਲ ਕੋਈ ਵਾਅਦਾ, ...ਆ ਕੇ ਦੱਸਾਂਗਾ। ਮੈਂ ਤੁਰਦਾਂ ਜਲਦੀ ਹੀ।"

ਆਖਦਿਆਂ ਜੋਗੇਂਦਰ ਨੇ ਫੋਨ ਬੰਦ ਕਰ ਦਿਤਾ ਤੇ ਪਤਨੀ ਨੂੰ ਆਵਾਜ਼ ਦੇ ਕੇ ਬੋਲਿਆ,

"ਮਾਲਕਣੇ, ਸ਼ੌਪਿੰਗ ਕੈਂਸਲ, ਕੁੰਦਨ ਦਾ ਕਤਲ ਹੋ ਗਿਆ, ਮੈਂ ਵਿਲਨਹਾਲ ਚੱਲਿਆਂ।"

ਪਤਨੀ ਦਾ ਜਵਾਬ ਸੁਣੇ ਬਿਨਾਂ ਹੀ ਉਹ ਕਾਰ ਵਿੱਚ ਜਾ ਬੈਠਾ।...

ਰੋਹੜੂ ਦੀਆਂ ਰੋਹੀਆਂ ਦਾ ਜੰਮਿਆਂ ਜੇਠੂ। ਇਵੇਂ ਵੀ ਹੁੰਦਾ ਹੈ ਕਿ ਬੱਚੇ ਦਾ ਨਾਂ ਉਹੀ ਰੱਖ ਦਿਤਾ ਜਾਂਦਾ ਹੈ ਜਿਸ ਮਹੀਨੇ ਉਹ ਪੈਦਾ ਹੋਇਆ ਹੋਵੇ। ਵਿਸਾਖ ਵਿੱਚ ਜੰਮਿਆਂ, ਵਿਸਾਖਾ ਸਿੰਘ, ਚੇਤ ਵਿੱਚ ਜੰਮਿਆਂ ਚੇਤ ਸਿੰਘ, ਸੌਣ ਵਿੱਚ ਜੰਮਿਆਂ ਸਾਵਣ ਸਿੰਘ, ਮੱਘਰ ਦਾ ਜੰਮਿਆਂ ਮੱਘਰ ਸਿੰਘ ਆਦਿ। ਪਰ ਜੇ ਕੋਈ ਸੰਗਰਾਂਦ ਵਾਲੇ ਦਿਨ ਜੰਮ ਪਵੇ ਤਾਂ ਉਹਦਾ ਨਾਂ ਰਲ਼ਾ ਸਿੰਘ। ਜੇਠੂ ਜੇਠ ਵਿੱਚ ਜੰਮਿਆਂ ਸੀ, ਇਸ ਲਈ ਸਿੱਧਾ ਨਾਂ ਜੇਠੂ ਹੀ ਸੀ। ਜਦ ਮਾਂ-ਪਿਓ ਦਾ ਸਾਇਆ ਸਿਰ ਤੋਂ ਉਠ ਜਾਵੇ ਤਾਂ ਨਾਂ ਦੇ ਕੋਈ ਮਾਹਿਨੇ ਨਹੀਂ ਹੁੰਦੇ। ਨਾਂ ਸੰਬੋਧਨ ਕਰਨ ਦਾ ਇਕ ਸਾਧਨ ਹੁੰਦਾ ਹੈ। ਲੋਕ ਪਸ਼ੂਆਂ ਦੇ ਨਾਂ ਵੀ ਰਖਦੇ ਹਨ। ਕੁੱਤਿਆਂ ਦੇ ਨਾਂ ਤਾਂ ਵਿਸ਼ੇਸ਼ ਰੱਖੇ ਜਾਂਦੇ ਹਨ। ਜਿਹੜਾ ਕੁੱਤਾ ਜੇਠੂ ਦੇ ਨਾਲ ਬਹਿ ਕੇ ਰੋਟੀ ਖਾਇਆ ਕਰਦਾ ਸੀ ਉਸ ਦਾ ਨਾਂ ਟੌਮੀ ਸੀ। ਕਦੇ ਜੇਠੂ ਸੋਚਦਾ ਸੀ ਕਿ ਇਹਦਾ ਨਾਂ ਟੌਮੀ ਬਹੁਤ ਵੱਡਾ ਹੈ।

ਬਚਪੱਨ ਦੀਆਂ ਬਹੁਤੀਆਂ ਗੱਲਾਂ ਉਸ ਨੂੰ ਯਾਦ ਨਹੀਂ ਸਨ, ਇਕ ਤਾਂ ਇਹ ਕਿ ਉਸ ਦੀ ਮਾਂ ਦਾ ਮਰਨ ਵੇਲੇ ਦਾ ਚਿਹਰਾ ਤੇ ਇਕ ਉਸ ਦੇ ਪਿਓ ਦੀ ਘਨੇੜੀ ਚੜ੍ਹੇ ਹੋਣ ਵਾਲਾ ਦ੍ਰਿਸ਼। ਉਸ ਤੋਂ ਬਾਅਦ ਜੋ ਯਾਦ ਸੀ ਟੌਮੀ ਨਾਲ ਬਹਿ ਕੇ ਰੋਟੀ ਖਾਣਾ। ਤੇ ਉਸ ਤੋਂ ਬਾਅਦ ਦਾ ਤਾਂ ਬਹੁਤ ਕੁਝ ਯਾਦ ਸੀ ਜਿਵੇਂ ਕਿ ਤਾਈ ਦੀਆਂ ਗੁੱਸੇ ਖੋਰ ਅੱਖਾਂ, ਭਾਂਡੇ ਮਾਂਜਣ ਤੋਂ ਲੈ ਕੇ ਕਪੜੇ ਧੋਣ ਤਕ, ਗੁਸਲਖਾਨੇ ਤੇ ਟੱਟੀਆਂ ਸਾਫ ਕਰਨ ਤਕ। ਹਲ਼ ਵਾਹੁਣ ਤੋਂ ਲੈ ਕੇ ਫਸਲਾਂ ਗੁੱਡਣ ਤੇ ਕੱਟਣ ਤਕ ਦਾ ਸਫਰ। ਤਾਏ ਦਾ ਨੌਕਰ ਸਮਝ ਕੇ ਕਿਸੇ ਮਹਿਮਾਨ ਵਲੋਂ ਦਿਤੀਆਂ ਝਿੜਕਾਂ ਅੱਜ ਵੀ ਉਸ ਦੇ ਚੇਤੇ ਵਿੱਚ ਖੁਣੀਆਂ ਪਈਆਂ ਸਨ। ਖੇਤਾਂ ਵਿੱਚ ਕੰਮ ਕਰਨਾ ਉਸ ਨੂੰ ਏਨਾ ਮੁਸ਼ਕਲ ਨਹੀਂ ਸੀ ਲਗਦਾ ਪਰ ਤਾਈ ਦੇ ਹੁਕਮ ਉਸ ਦੇ ਅੰਦਰ ਸੱਲ ਵਾਂਗ ਹੁੰਦੇ। ਕਿਸੇ ਕੰਮ ਨੂੰ ਨਾਂਹ ਕਰਨ ਦੀ ਇਜਾਜ਼ਤ ਤਾਂ ਉਸ ਨੂੰ ਹੈ ਹੀ ਨਹੀਂ ਸੀ।

ਜੇਠੂ ਦੇ ਮਾਂ-ਪਿਓ ਪਾਕਿਸਤਾਨ ਬਣਨ ਵੇਲੇ ਮਾਰੇ ਗਏ ਸਨ। ਉਸ ਦੇ ਪਾਲਣ-ਪੋਸਣ ਦੀ ਜ਼ਿੰਮੇਵਾਰੀ ਉਸ ਦੇ ਤਾਏ ਸਿਰ ਆ ਪਈ ਸੀ। ਤਾਏ ਦਾ ਤਾਂ ਆਪਣਾ ਖੂਨ ਸੀ ਪਰ ਤਾਈ ਦਾ ਉਹ ਕੀ ਲਗਦਾ ਸੀ? ਤਾਈ ਨੇ ਉਸ ਨੂੰ ਇਕ ਨੌਕਰ ਤਕ ਸੀਮਤ ਕਰ ਲਿਆ ਸੀ। ਤਾਏ ਦੇ ਆਪਣੇ ਵੀ ਤਿੰਨ ਮੁੰਡੇ ਸਨ, ਜੇਠੂ ਉਹਨਾਂ ਨਾਲ ਹੀ ਪਲਣ ਲਗਿਆ। ਤਾਏ ਦੇ ਤਿੰਨੋਂ ਮੁੰਡੇ ਉਸ ਤੋਂ ਵੱਡੇ ਸਨ ਤੇ ਜਿਸਦਾ ਦਿਲ ਕਰਦਾ ਉਸ ਨੂੰ ਕੁੱਟ ਧਰਦਾ। ਇਸ ਮਹੌਲ ਨੇ ਜੇਠੂ ਨੂੰ ਬੇਹੱਦ ਜ਼ਿਦੀਆ ਬਣਾ ਦਿਤਾ। ਕਈ ਵਾਰ ਅਜਿਹਾ ਵੀ ਹੁੰਦਾ ਕਿ ਕੋਈ ਉਸ ਨੂੰ ਕਿੰਨਾ ਵੀ ਕੁੱਟ-ਮਾਰ ਲਵੇ ਉਹ ਟੱਸ ਤੋਂ ਮੱਸ ਨਹੀਂ ਸੀ ਹੁੰਦਾ। ਬਹੁਤਾ ਉਦਾਸ ਹੁੰਦਾ ਤਾਂ ਟੌਮੀ ਦੇ ਗਲ਼ੇ ਲੱਗ ਕੇ ਰੋ ਲੈਂਦਾ। ਕੁਝ ਵੱਡਾ ਹੋਇਆ ਉਹ ਆਪਣੇ ਭਰਾਵਾਂ ਦਾ ਮੁਕਾਬਲਾ ਕਰਨ ਲਗਿਆ। ਹਰ ਇਕ ਨਾਲ ਪੰਗਾ ਲੈਣ ਲੱਗਾ। ਕਿਸੇ ਨਾਲ ਵੀ ਪੰਗਾ ਲੈ ਲੈਂਦਾ ਪਰ ਤਾਈ ਦਾ ਡਰ ਉਸ ਦੇ ਮਨ ਵਿੱਚ ਅਜਿਹਾ ਬੈਠਾ ਹੋਇਆ ਸੀ ਕਿ ਉਸ ਤੋਂ ਉਹ ਇਵੇਂ ਡਰਦਾ ਜਿਵੇਂ ਕਾਂ ਗੁਲੇਲ ਤੋਂ।

ਤੇ ਇਕ ਦਿਨ ਜਦ ਕੁੰਦਨ ਨੇ ਇੰਗਲੈਂਡ ਲਈ ਜਹਾਜ਼ ਫੜਿਆ ਤਾਂ ਜੇਠੂ ਉਸ ਦੇ ਨਾਲ ਹੀ ਚੜ੍ਹ ਆਇਆ।

2-ਇਕ ਵੋਟ ਦਾ ਸਵਾਲ

ਕੁੰਦਨ ਸਿੰਘ ਸਾਰਾ ਧਿਆਨ ਇਕ ਵੋਟ ਵਲ ਸੀ। ਉਹ ਕਾਲਾ ਸੂਟ, ਕਾਲੇ ਬੂਟ, ਲਾਲ ਦਸਤਾਰ ਤੇ ਲਾਲ ਟਾਈ ਲਾ ਕੇ, ਲਾਲ ਰੰਗ ਦਾ ਹੀ ਕੋਟ ਦੀ ਜੇਬ੍ਹ ਵਿੱਚੋਂ ਜ਼ਰਾ ਕੇ ਝਾਕਦਾ ਰੁਮਾਲ ਪਾਈ ਬਾਹਰ ਨਿਕਲਿਆ ਤੇ ਆਪਣੇ ਹੀ ਹਿਸਾਬ-ਕਿਤਾਬ ਵਿੱਚ ਗੁਆਚਾ ਕਾਰ ਵਿੱਚ ਆ ਬੈਠਾ। ਬਹੁਤ ਗਿਣਤੀ-ਮਿਣਤੀ ਕਰ ਚੁੱਕਿਆ ਸੀ ਉਹ ਪਰ ਕਹਾਣੀ ਸੂਤ ਨਹੀਂ ਸੀ ਆ ਰਹੀ। ਬਸ ਇਕ ਵੋਟ 'ਤੇ ਆ ਕੇ ਗੱਲ ਅੜ ਜਾਂਦੀ। ਹੁਣੇ ਹੀ ਉਸ ਦੀਆਂ ਕਹਾਣੀਕਾਰ ਤੇ ਕਵੀ ਸੁੱਚਾ ਸਿੰਘ ਅਜ਼ਾਦ ਨਾਲ ਗੱਲਾਂ ਹੋਈਆਂ ਸਨ। ਉਹ ਵੀ ਫਿਕਰਵੰਦ ਤਾਂ ਸੀ ਭਾਵੇਂ ਕੁੰਦਨ ਜਿੰਨਾ ਨਹੀਂ। 'ਅਗਾਂਹਵਧੂ ਲਿਖਾਰੀ ਸਭਾ' ਦੀ ਚੋਣ ਸੀ ਪਰ ਜ਼ੋਰ ਇਵੇਂ ਲੱਗਾ ਹੋਇਆ ਸੀ ਜਿਵੇਂ ਇਹ ਚੋਣ ਲੋਕ ਸਭਾ ਦੀ ਹੋਵੇ। ਦੇਵਿੰਦਰ ਸਿੰਘ ਨਾਲ ਇੱਕੀ ਮੈਂਬਰ ਸਨ ਤੇ ਉਹਨਾਂ ਨਾਲ ਉੱਨੀ। ਸਭਾ ਵਿੱਚ ਇਕ ਮੈਂਬਰ ਅਜਿਹਾ ਸੀ; ਮੋਹਨ ਅਦੀਬ, ਜਿਹਨੂੰ ਦੋਵੇਂ ਗੁਰੱਪ ਆਪਣਾ ਹੀ ਗਿਣੀ ਜਾ ਰਹੇ ਸਨ, ਦੋਨਾਂ ਧੜਿਆਂ ਨੂੰ ਹੀ ਉਸ ਦੀ ਵਫਾਦਾਰੀ ਉਪਰ ਸ਼ੱਕ ਸੀ। ਕੁੰਦਨ ਦੇ ਤੇਜ਼ ਦਿਮਾਗ ਨੇ ਇਕ ਹੋਰ ਇੰਤਜ਼ਾਮ ਵੀ ਕੀਤਾ ਹੋਇਆ ਸੀ। ਉਸ ਨੇ ਅੱਠ ਅਰਜ਼ੀਆਂ ਜੇਬ੍ਹ ਵਿੱਚ ਸਭਾ ਦੇ ਨਵੇਂ ਮੈਂਬਰ ਬਣਨ ਦੀਆਂ ਪਾਈਆਂ ਹੋਈਆਂ ਸਨ ਕਿ ਚਾਰੇ ਸਿਰੇ ਕੋਈ ਹੋਰ ਚਾਰਾ ਨਾ ਦਿਸਿਆ ਤਾਂ ਬਾਹਰ ਕਾਰ ਵਿੱਚੋਂ ਬੈਠੇ ਇਹਨਾਂ ਮੁੰਡਿਆਂ ਨੂੰ ਸੱਦੇਗਾ ਤੇ ਸਭਾ ਦੇ ਮੈਂਬਰ ਬਣਾ ਦੇਵੇਗਾ। ਸਭਾ ਦਾ ਕੋਈ ਵਿਸ਼ੇਸ਼ ਵਿਧਾਨ ਤਾਂ ਹੈ ਨਹੀਂ ਸੀ। ਦੇਵਿੰਦਰ ਸਿੰਘ ਨੇ ਇਵੇਂ ਹੀ ਤਾਂ ਕੀਤਾ ਹੋਇਆ ਸੀ। ਉਸ ਨੇ ਸਭਾ ਵਿੱਚ ਲੇਖਕ ਘੱਟ ਤੇ ਵੋਟਾਂ ਜ਼ਿਆਦਾ ਵਾੜੀਆਂ ਹੋਈਆਂ ਸਨ। ਕੁੰਦਨ ਨੂੰ ਪਤਾ ਸੀ ਕਿ ਇਵੇਂ ਅਚਾਨਕ ਅੱਠ ਨਵੇਂ ਮੈਂਬਰਾਂ ਨੂੰ ਲਿਆ ਖੜੇ ਕਰਨ ਨਾਲ ਉਸ ਦੀ ਬਦਨਾਮੀ ਹੋਣੀ ਸੀ ਪਰ ਕਹਿੰਦੇ ਨੇ ਕਿ ਮੁਹੱਬਤ ਤੇ ਜੰਗ ਵਿੱਚ ਸਭ ਕੁਝ ਜਾਇਜ਼ ਹੁੰਦਾ ਹੈ। ਇਹਨਾਂ ਅੱਠ ਵੋਟਾਂ ਨੂੰ ਇਕ ਪਾਸੇ ਰੱਖਦਿਆਂ ਸਭ ਤੋਂ ਪਹਿਲਾਂ ਉਹ ਦੇਵਿੰਦਰ ਸਿੰਘ ਦੀ ਇਕ ਵੋਟ ਤੋੜ ਕੇ ਆਪਣੇ ਨਾਲ ਜੋੜਨਾ ਚਾਹੁੰਦਾ ਸੀ ਤਾਂ ਜੋ ਦੋਨਾਂ ਧਿਰਾਂ ਦੀਆਂ ਵੀਹ-ਵੀਹ ਹੋ ਜਾਣ, ਬਰਾਬਰ ਦਾ ਮੁਕਾਬਲਾ ਬਣੇ ਤੇ ਫਿਰ ਉਹ ਮੋਹਨ

ਅਦੀਬ ਨਾਲ ਗੱਲ ਕਰਨ ਜੋਗਾ ਹੋਵੇ। ਸਭਾ ਵਿੱਚ ਉਸ ਨੂੰ ਇਕ ਕਮਜ਼ੋਰ ਕੜੀ ਦਿਸਦੀ ਸੀ, ਉਹ ਸੀ ਜੋਗੇਂਦਰ। ਜੋਗੇਂਦਰ ਨਵਾਂ ਲੇਖਕ ਸੀ, ਸਭਾ ਵਿੱਚ ਵੀ ਉਹ ਹੁਣੇ ਜਿਹੇ ਹੀ ਆਇਆ ਸੀ। ਭਾਵੇਂ ਉਹ ਦੇਵਿੰਦਰ ਸਿੰਘ ਦੇ ਸੱਜੇ ਹੱਥ ਕੁਲਦੀਪ ਦੇ ਕਾਫੀ ਨੇੜੇ ਜਾਪਦਾ ਸੀ ਪਰ ਕੁੰਦਨ ਨਾਲ ਵੀ ਉਹ ਬਹੁਤ ਮੋਹ ਦਿਖਾਉਂਦਾ ਸੀ, ਰੇਸ਼ਮ ਸਮੁੰਦਰੀ ਨਾਲ ਵੀ ਤੇ ਸੁੱਚਾ ਸਿੰਘ ਅਜ਼ਾਦ ਨਾਲ ਵੀ। ਕੁੰਦਨ ਸੋਚਦਾ ਸੀ ਕਿ ਇਸ ਵੇਲੇ ਜੋਗੇਂਦਰ ਨੂੰ ਜਿਹੜੀ ਹਲਾਸ਼ੇਰੀ ਦੀ ਲੋੜ ਹੈ ਉਹ ਦੇਵਿੰਦਰ ਦਾ ਗਰੁੱਪ ਨਹੀਂ ਦੇ ਸਕੇਗਾ ਸੋ ਕਿਉਂ ਨਾ ਇਸ ਕਮਜ਼ੋਰ ਕੜੀ ਨੂੰ ਹਲੂਣ ਕੇ ਦੇਖਿਆ ਜਾਵੇ। ਸੁੱਚਾ ਸਿੰਘ ਅਜ਼ਾਦ ਨੇ ਵੀ ਇਹੋ ਕਿਹਾ ਸੀ ਕਿ ਜੋਗੇਂਦਰ ਨੂੰ ਸੁਫਨੇ ਦਿਖਾ ਕੇ ਪੱਟਿਆ ਜਾ ਸਕਦਾ ਹੈ। ਦੇਵਿੰਦਰ ਸਿੰਘ ਦੇ ਗੁਰੱਪ ਵਿੱਚ ਕੋਈ ਵੀ ਨਾਮੀ ਲੇਖਕ ਨਹੀਂ ਸੀ ਜਿਸ ਤੋਂ ਜੋਗੇਂਦਰ ਕੁਝ ਸਿੱਖ ਸਕਦਾ ਹੋਵੇ। ਸੁੱਚਾ ਸਿੰਘ ਅਜ਼ਾਦ ਫੋਨ ਉਪਰ ਅਜਿਹੇ ਇਸ਼ਾਰੇ ਜੋਗੇਂਦਰ ਨੂੰ ਕਰ ਚੁੱਕਿਆ ਸੀ। ਜੋਗੇਂਦਰ ਕਹਾਣੀ ਲਿਖਦਾ ਸੀ ਤੇ ਕਵਿਤਾ ਵੀ। ਕੁਝ ਕੁ ਮਿਲਣੀਆਂ ਵਿੱਚ ਕੁੰਦਨ ਨੇ ਅੰਦਾਜ਼ਾ ਲਗਾ ਲਿਆ ਸੀ ਕਿ ਜੋਗੇਂਦਰ ਵਿੱਚ ਬਹੁਤ ਸੰਭਾਵਨਾਵਾਂ ਹਨ ਪਰ ਉਸ ਨੂੰ ਉਸ ਦੀਆਂ ਸੰਭਾਵਨਾਵਾਂ ਨਾਲ ਨਹੀਂ ਵੋਟ ਨਾਲ ਗਰਜ਼ ਸੀ।

ਮਨ ਹੀ ਮਨ ਭੰਨ-ਤੋੜ ਕਰਦਾ ਕੁੰਦਨ ਕਾਰ ਵਿੱਚ ਆ ਬੈਠਿਆ ਤੇ ਉਸ ਦੇ ਮਗਰ ਹੀ ਮਨਜੀਤ ਕੌਰ ਵੀ। ਜੋਗੇਂਦਰ ਦੇ ਸੁਭਾਅ ਤੋਂ ਅੰਦਾਜ਼ਾ ਲਗਾ ਲਿਆ ਸੀ ਕਿ ਉਹ ਪਰਿਵਾਰਕ ਜਿਹਾ ਬੰਦਾ ਹੈ ਤੇ ਉਸ ਦੇ ਘਰ ਜਾਣ ਲਈ ਮਨਜੀਤ ਕੌਰ ਨਾਲ ਠੀਕ ਰਹੇਗੀ। ਉਸ ਨੇ ਜੋਗੇਂਦਰ ਤੋਂ ਹੀ ਪਤਾ ਕਰ ਲਿਆ ਸੀ ਕਿ ਉਸ ਦੀ ਕੁੜੀ ਹਾਲੇ ਛੇ ਕੁ ਮਹੀਨੇ ਦੀ ਹੀ ਸੀ ਸੋ ਕੁੜੀ ਲਈ ਤਾਂ ਕੀ ਲੈ ਜਾਣਾ ਸੀ ਪਰ ਪਹਿਲੀ ਵਾਰ ਖਾਲੀ ਹੱਥ ਜਾਣਾ ਵੀ ਠੀਕ ਨਹੀਂ ਸੀ, ਇਸ ਲਈ ਦੇਸੀ ਮਠਿਆਈ ਦਾ ਇਕ ਡੱਬਾ ਉਹਨਾਂ ਨੇ ਰਾਹ ਵਿੱਚੋਂ ਫੜ ਲਿਆ।

ਪਤੀ-ਪਤਨੀ ਨੇ ਜੋਗੇਂਦਰ ਦੇ ਘਰ ਮੂਹਰੇ ਕਾਰ ਖੜੀ ਕੀਤੀ ਤੇ ਦੋਵਾਂ ਨੇ ਬੂਹੇ ਬਾਹਰ ਬਰਾਬਰ ਖੜਦਿਆਂ ਬੈੱਲ ਕਰ ਦਿਤੀ। ਕੁਝ ਮਿੰਟਾਂ ਵਿੱਚ ਇਕ ਲੰਮੀ ਜਿਹੀ ਕੁੜੀ ਨੇ ਦਰਵਾਜ਼ਾ ਖੋਹਲਿਆ। ਉਸ ਕੁੜੀ ਦੀ ਸ਼ਕਲ ਦੇਖ ਕੇ ਉਹ ਦੋਵੇਂ ਹੀ ਹੈਰਾਨ ਜਿਹੇ ਹੋ ਗਏ ਤੇ ਇਕ ਦੂਜੇ ਵਲ ਦੇਖਣ ਲੱਗੇ। ਉਸ ਕੁੜੀ ਦੀ ਸ਼ਕਲ ਗੋਲਡੀ ਨਾਲ ਬਹੁਤ ਮਿਲਦੀ ਸੀ। ਕੁੜੀ ਨੇ ਪੁੱਛਿਆ,

"ਯੈੱਸ, ਵੌਂ' ਕੈਨ ਆਇ ਡੂ ਫੌਂ' ਯੂ?"

"ਓਹ, ਅਸੀਂ, ਜੋਗੇਂਦਰ ਨੂੰ ਮਿਲਣਾ, ਮੈਂ ਉਸ ਦਾ ਰਾਈਟਰ ਦੋਸਤ ਆਂ; ਕੁੰਦਨ ਸਿੰਘ ਕੁੰਦਨ।"

"ਸਤਿ ਸ੍ਰੀ ਅਕਾਲ ਜੀ, ਆ ਜਾਓ, ਅੰਦਰ ਲੰਘ ਆਓ, ਉਹ ਤੁਹਾਡੀਆਂ ਗੱਲਾਂ ਅਕਸਰ ਕਰਦੇ ਰਹਿੰਦੇ ਨੇ।"

ਉਹ ਦੋਵੇਂ ਉਸ ਦੇ ਮਗਰ ਅੰਦਰ ਲੌਂਜ ਵਿੱਚ ਆ ਗਏ। ਕਾਰਪੈੱਟ ਉਪਰ ਬੈਠੀ ਖੇਡ ਰਹੀ ਅਰਪੀ ਨੂੰ ਮਨਜੀਤ ਕੌਰ ਨੇ ਗੋਦੀ ਚੁੱਕ ਲਿਆ। ਕੁੰਦਨ ਬੋਲਿਆ,

"ਕਿਥੇ ਵੇ ਸਾਡਾ ਮਿੱਤਰ ਪਿਆਰਾ?"

"ਉਹ ਜ਼ਰਾ ਗਾਰਡਨ ਵਿੱਚ ਨੇ, ਮੈਂ ਬੁਲਾ ਦਿੰਨੀ ਆਂ।"

"ਕੋਈ ਗੱਲ ਨਹੀਂ, ਮੈਂ ਹੀ ਉਹਦੇ ਕੋਲ ਚਲੇ ਜਾਨਾਂ।"

ਆਖਦਾ ਕੁੰਦਨ ਪਿਛਲਾ ਦਰਵਾਜ਼ਾ ਖੋਹਲ ਕੇ ਬਾਹਰ ਨਿਕਲ ਗਿਆ।

ਮਨਜੀਤ ਕੌਰ ਜੋਗੇਂਦਰ ਦੀ ਪਤਨੀ ਨੂੰ ਪੁੱਛਣ ਲੱਗੀ,

"ਕੀ ਨਾਂ ਏ ਤੇਰਾ?"

"ਰੁਚੀ।"

"ਕਿਹੜਾ ਇਲਾਕਾ ਤੁਹਾਡਾ ਇੰਡੀਆ ਵਿੱਚ?"

"ਫਾਜ਼ਲਿਕਾ।"

"ਤੁਹਾਡੀ ਅੰਮ੍ਰਿਤਸਰ ਵੀ ਕੋਈ ਰਿਸ਼ਤੇਦਾਰੀ ਐ?"

"ਨਹੀਂ ਜੀ, ਓਸ ਪਾਸੇ ਸਾਡੀ ਕੋਈ ਰਿਸ਼ਤੇਦਾਰੀ ਨਹੀਂ, ਕਿਉਂ ਪੁੱਛਦੇ ਓ?"

"ਤੇਰੀ ਸ਼ਕਲ ਸਾਡੀ ਵਾਕਫ ਕੁੜੀ ਨਾਲ ਬਹੁਤ ਰਲ਼ਦੀ ਐ।"

"ਵੈਸੇ ਹੀ ਕੋ-ਐਨਸੀਡੈਂਟ ਹੋਏਗਾ।"

ਆਖਦੀ ਉਹ ਚਾਹ ਬਣਾਉਣ ਲੱਗ ਪਈ।

ਕੁੰਦਨ ਗਾਰਡਨ ਵਿੱਚ ਗਿਆ ਤਾਂ ਉਸ ਨੇ ਦੇਖਿਆ ਕਿ ਜੋਗੇਂਦਰ ਗਾਰਡਨ ਦੇ ਬਿਲਕੁਲ ਅਖੀਰ ਵਿੱਚ ਕਹੀ ਨਾਲ ਮਿੱਟੀ ਖਿਲਾਰ ਰਿਹਾ ਸੀ। ਉਸ ਨੂੰ ਕਹੀ ਚਲਾਉਂਦਿਆਂ ਦੇਖ ਕੇ ਕੁੰਦਨ ਨੂੰ ਆਪਣਾ ਬਚਪਨ ਚੇਤੇ ਆ ਗਿਆ। ਕਦੇ ਉਸ ਨੇ ਵੀ ਇਵੇਂ ਹੀ ਕਹੀ ਚਲਾਈ ਸੀ। ਜੋਗੇਂਦਰ ਨੇ ਕੁੰਦਨ ਨੂੰ ਦੇਖਿਆ ਤਾਂ ਉਹ ਥਾਵੇਂ ਹੀ ਰੁਕ ਗਿਆ ਤੇ ਹੱਥ ਮਿਲਾਉਣ ਲਈ ਉਸ ਵੱਲ ਵਧ ਤੁਰਿਆ। ਕੁੰਦਨ ਉਸ ਦਾ ਹੱਥ ਘੁੱਟਦਾ ਬੋਲਿਆ,

"ਤੂੰ ਤੇ ਬਈ ਬਿਲਕੁਲ ਹੀ ਜੱਟਾਂ ਵਾਂਗ ਕਹੀ ਚਲਾਉਨਾਂ!"

"ਵਾਈਫ ਪਿੱਛੇ ਪਈ ਹੋਈ ਸੀ ਕਿ ਮਿੱਟੀ ਦਾ ਆਹ ਧੋੜਾ ਖਿਲਾਰ ਦੇਵਾਂ ਤਾਂ ਜੋ ਉਹ ਇਥੇ ਫੁੱਲ ਲਾ ਦੇਵੇ, ਮੈਨੂੰ ਤਾਂ ਏਦਾਂ ਦਾ ਸ਼ੌਂਕ ਨਹੀਂ, ਏਹ ਹੀ ਇਲਤਾਂ ਜਿਹੀਆਂ ਕਰਦੀ ਰਹਿੰਦੀ ਆ।"

ਆਖਦਾ ਜੋਗੇਂਦਰ ਹੱਸਣ ਲੱਗਿਆ। ਕੁੰਦਨ ਨੇ ਕਿਹਾ,

"ਤੂੰ ਆਪਣਾ ਕੰਮ ਮੁਕਾ ਲੈ ਫੇਰ ਗੱਲਾਂ ਕਰਾਂਗੇ।"

"ਬਸ ਹੋ ਗਿਆ, ਏਨਾ ਹੀ ਕਰਨਾ ਸੀ ਮੈਂ, ਹੁਣ ਇਹ ਜਾਣੇ ਏਹਦਾ ਕੰਮ ਜਾਣੇ। ਮੈਨੂੰ ਗਾਰਡਨਿੰਗ ਬਿਲਕੁਲ ਚੰਗੀ ਨਹੀਂ ਲਗਦੀ, ਇਹ ਤਾਂ ਮੌਸਮ ਹੀ ਏਨਾ ਵਧੀਆ ਸੀ ਕਿ ਮੂਡ ਬਣ ਗਿਆ।"

"ਮੈਨੂੰ ਵੀ ਗਾਰਡਨਿੰਗ ਪਸੰਦ ਨਹੀਂ, ਮੈਂ ਤਾਂ ਸਾਰਾ ਗਾਰਡਨਿੰਗ ਹੀ ਪੱਕਾ ਕਰ ਦਿਤਾ। ਨਾ ਰਹੇ ਬਾਂਸ, ਨਾ ਵੱਜੇ ਬਾਂਸਰੀ! ਮਨਜੀਤ ਨੇ ਬਥੇਰੇ ਰੌਲ਼ਾ ਪਾਇਆ ਪਰ ਉਹਦੀ ਕੌਣ ਸੁਣਦਾ ਏ!"

ਆਖਦਾ ਕੁੰਦਨ ਹੱਸਿਆ।

ਜੋਗੇਂਦਰ ਦਾ ਕੰਮ ਤਾਂ ਹਾਲੇ ਰਹਿੰਦਾ ਸੀ ਪਰ ਕੁੰਦਨ ਜਿਹਾ ਵੱਡਾ ਲੇਖਕ ਉਹਦੇ ਘਰ ਆਇਆ ਹੋਵੇ ਤਾਂ ਉਹ ਆਪਣੇ ਕੰਮ ਨੂੰ ਕਿਵੇਂ ਲੱਗਿਆ ਰਹਿ ਸਕਦਾ ਸੀ। ਕੁੰਦਨ ਦੀਆਂ ਕਈ ਕਿਤਾਬਾਂ ਛਪ ਚੁੱਕੀਆਂ ਸਨ, ਜਿਹਨਾਂ ਵਿੱਚ ਕਵਿਤਾ, ਕਹਾਣੀ, ਨਾਵਲ ਤੇ ਸਫਰਨਾਮਾ ਸ਼ਾਮਲ ਸਨ। ਉਸ ਦੇ ਪਿਛਲੇ ਦੋ ਨਾਵਲਾਂ ਨੂੰ ਪਾਠਕਾਂ ਵਲੋਂ ਬਹੁਤ ਹੁੰਘਾਰਾ ਮਿਲਿਆ ਸੀ ਜਿਸ ਕਾਰਨ ਸਾਹਿਤਕ ਸਮਾਗਮਾਂ ਵਿੱਚ ਕੁੰਦਨ ਹਰ ਵੇਲੇ ਫੁੰਕਾਰੇ ਜਿਹੇ ਮਾਰਦਾ ਫਿਰਦਾ। ਆਮ ਲੇਖਕ ਨਾਲ ਗੱਲ ਵੀ ਨਹੀਂ ਸੀ ਕਰਦਾ। ਜੋਗੇਂਦਰ ਕੁੰਦਨ ਨੂੰ ਇੰਡੀਆ ਤੋਂ ਹੀ ਪੜ੍ਹਦਾ ਆਇਆ ਸੀ। ਉਸ ਦੇ ਮਨ ਵਿੱਚ ਬਹੁਤ ਸਤਿਕਾਰ ਸੀ। ਜੋਗੇਂਦਰ ਦੋ ਕੁ ਸਾਲ ਪਹਿਲਾਂ ਇੰਡੀਆ ਤੋਂ ਆਇਆ ਸੀ ਤੇ ਇੰਡੀਆ ਤੋਂ ਹੀ ਲਿਖਦਾ-ਛਪਦਾ ਆਇਆ ਸੀ ਪਰ ਉਸ ਦੀ ਹਾਲੇ ਕੋਈ ਕਿਤਾਬ ਨਹੀਂ ਸੀ ਛਪੀ। ਇਸ ਲਈ ਕੁੰਦਨ ਦੇ ਮੁਕਾਬਲੇ ਉਹ ਆਪਣੇ ਆਪ ਨੂੰ ਬਹੁਤ ਛੋਟਾ ਲੇਖਕ ਸਮਝਦਾ ਸੀ। ਕੁੰਦਨ ਦਾ ਆਪਣੇ ਘਰ ਆਉਣਾ ਉਸ ਨੂੰ ਬਹੁਤ ਵੱਡੀ ਗੱਲ ਲੱਗ ਰਿਹਾ ਸੀ। ਕੁੰਦਨ ਦੇ ਅਚਾਨਕ ਆਉਣ 'ਤੇ ਉਹ ਹੈਰਾਨ ਵੀ ਸੀ। ਉਸ ਨੇ ਕਿਹਾ,

"ਕੀੜੀ ਦੇ ਘਰ ਨਰਾਇਣ ਕਿਧਰੋਂ?"

"ਯਾਰ ਜੋਗੇਂਦਰ, ਤੂੰ ਸਾਡਾ ਵਧੀਆ ਕਹਾਣੀਕਾਰ ਏਂ, ਤੈਨੂੰ ਮਿਲਣਾ ਕੇਹਨੂੰ ਚੰਗਾ ਨਾ ਲੱਗੂ, ਅੱਜ ਵਿਹਲਾ ਹੀ ਸੀ, ਮੈਂ ਮਨਜੀਤ ਨੂੰ ਕਿਹਾ ਕਿ ਚੱਲ ਜੋਗੇਂਦਰ ਵੱਲ ਚਲਦੇ ਆਂ।"

ਜੋਗੇਂਦਰ ਸਭਾ ਦੀਆਂ ਮੀਟਿੰਗਾਂ ਵਿੱਚ ਮਨਜੀਤ ਕੋਰ ਨੂੰ ਮਿਲ ਚੁੱਕਿਆ ਹੋਇਆ ਸੀ। ਕੁੰਦਨ ਨੇ ਫਿਰ ਆਖਿਆ,

"ਵਾਕਿਆ ਬਈ, ਕਹੀ ਚਲਾਉਣ ਦੀ ਤੈਨੂੰ ਵਾਹਵਾ ਜਾਚ ਏ!"

"ਭਾਜੀ, ਸਾਰੀ ਉਮਰ ਹੋਰ ਕੀਤਾ ਵੀ ਕੀ ਐ, ਕਹੀ ਈ ਚਲਾਈ ਐ, ਬਾਪੂ ਨੇ ਹੋਸ਼ ਸੰਭਾਲਦਿਆਂ ਹੀ ਖੇਤੀ ਨੂੰ ਲਾ ਲਿਆ ਸੀ।"

"ਓਹ, ਆਈ ਸੀ! ...ਮੈਂ ਤਾਂ ਤੇਰਾ ਬੋਦਾ ਤੇ ਗੋਰਾ ਰੰਗ ਦੇਖ ਕੇ ਮਹਾਜਨਾਂ ਦਾ ਮੁੰਡਾ ਹੀ ਸਮਝਦਾ ਰਿਹਾਂ!"

ਜੋਗੇਂਦਰ ਉਸ ਦੀ ਗੱਲ 'ਤੇ ਜ਼ਰਾ ਕੁ ਹੱਸਿਆ ਤੇ ਫਿਰ ਆਖਣ ਲੱਗਿਆ,

"ਵੈਸੇ, ਏਨੀ ਦੇਰ ਬਾਅਦ ਕਹੀ ਚਲਾਉਣੀ ਚੰਗੀ ਲੱਗੀ, ਮਨ ਆਪਣੇ ਖੇਤਾਂ ਵਿੱਚ ਜਾ ਪੁੱਜਿਆ।"

"ਬੰਦਾ ਨੌਸਟੈਲਿਜਕ ਹੋ ਈ ਜਾਂਦਾ ਏ।"

"ਇਹ ਤਾਂ ਹੈ ਜੀ, ਪਿਛਲਾ ਹੇਰਵਾ ਤਾਂ ਬੰਦੇ ਨੂੰ ਰਹਿੰਦਾ ਹੀ ਆ।"

"ਜੋਗੇਂਦਰ, ਹੇਰਵਾ ਲਫਜ਼ ਠੀਕ ਨਹੀਂ, ਹੇਰਵਾ ਨੌਸਟੈਲਜੀਏ ਦਾ ਬਦਲ ਨਹੀਂ, ਹੇਰਵਾ ਇਕ ਦਮ ਦਾ ਹੁੰਦਾ ਏ, ਥੋੜ-ਚਿਰਾ, ਜਿਵੇਂ ਅਸੀਂ ਕਹਿ ਦੇਈਏ ਕਿ ਮੱਝ ਕੱਟੜੂ ਦਾ ਹੇਰਵਾ ਕਰਦੀ ਏ, ਸਾਨੂੰ ਹੁਣ ਏਨੇ ਸਾਲ ਹੋ ਗਏ ਏਸ ਮੁਲਕ ਵਿੱਚ, ਸਾਨੂੰ ਹੇਰਵਾ ਨਹੀਂ ਬਲਕਿ ਇਹ ਨੌਸਟੈਲਜੀਆ ਏ।"

"ਫਿਰ ਨੌਸਟੈਲਜੀਏ ਨੂੰ ਪੰਜਾਬੀ ਵਿੱਚ ਕੀ ਕਹਾਂਗੇ?"

"ਇਹਦਾ ਪੰਜਾਬੀ ਵਿੱਚ ਕੋਈ ਲਫਜ਼ ਹੈ ਨਹੀਂ ਇਸ ਲਈ ਮੈਂ ਤਾਂ ਨੌਸਟੈਲਜੀਆ ਹੀ ਕਹਿ ਲੈਨਾਂ, ਇਵੇਂ ਈ ਅੰਗਰੇਜ਼ੀ ਦੇ ਕਿਸੇ ਲਫਜ਼ ਦਾ ਜੇ ਸਹੀ ਬਦਲ ਨਾ ਮਿਲੇ ਤਾਂ ਮੈਂ ਉਹ ਸ਼ਬਦ ਅੰਗਰੇਜ਼ੀ ਦਾ ਹੀ ਵਰਤ ਲੈਨਾਂ। ਜਿੱਦਾਂ ਹੁਣ ਲਫਜ਼ ਏ 'ਕਲੀਸ਼ੇ', ਮੈਂ ਕਲੀਸ਼ੇ ਹੀ ਵਰਤ ਲੈਨਾਂ, ਏਹਦੇ ਵਿੱਚ ਕੋਈ ਬੁਰਾਈ ਨਹੀਂ, ...ਸਟੇਸ਼ਨ, ਸਕੂਲ, ਕਾਲਜ, ਕਾਰ, ਰੇਲਵੇ ਲਾਈਨ, ਟਾਈਮ ਵਰਗੇ ਕਿੰਨੇ ਹੀ ਲਫਜ਼ ਸਾਡੀ ਸਾਈਕੀ ਦਾ ਹਿੱਸਾ ਬਣ ਚੁੱਕੇ ਨੇ।"

"ਕੁੰਦਨ ਸਾਹਿਬ, ਗੱਲ ਤਾਂ ਤੁਹਾਡੀ ਠੀਕ ਆ ਪਰ ਕਈ ਲੋਕ ਐਵੇਂ ਇਤਰਾਜ਼ ਕਰਨ ਲੱਗ ਪੈਂਦੇ ਆ।"

"ਜੋਗੇਂਦਰ, ਮੇਰੀ ਸੋਚ ਏਹ ਵੇ ਕਿ ਥੋੜੇ ਕੀਤੇ ਬਾਹਰੋਂ ਸ਼ਬਦ ਨਾ ਲਵੋ ਪਰ ਜੇ ਲੋੜ ਹੋਵੇ ਤਾਂ ਝਿਜਕੋ ਨਾ, ਇਵੇਂ ਸਾਡੀ ਬੋਲੀ ਵੀ ਅਮੀਰ ਹੋਵੇਗੀ। ...ਤੂੰ ਸੁਣਾ, ਹੋਰ ਕੀ ਲਿਖਿਆ ਜਾ ਰਿਹਾ ਏ?"

"ਕੋਈ ਖਾਸ ਨਹੀਂ ਜੀ, ਇਕ ਕਹਾਣੀ ਲਿਖਣ ਬਾਰੇ ਸੋਚ ਰਿਹਾਂ।"

"ਕਿਹੜੇ ਸਬਜੈਕਟ 'ਤੇ?"

"ਇਹ ਕਿ ਇਥੇ ਅਸੀਂ ਨਸਲਵਾਦ ਦਾ ਰੌਲ਼ਾ ਪਾਉਂਨੇ ਆਂ ਪਰ ਇੰਡੀਆ ਜਾ ਕੇ ਅਸੀਂ ਭੱਈਆਂ ਤੇ ਹੋਰ ਜਾਤਾਂ ਨਾਲ ਵਿਵਹਾਰ ਕਰਦੇ ਸਮੇਂ ਪੂਰੀ ਤਰ੍ਹਾਂ ਨਸਲਵਾਦੀ ਹੁੰਦੇ ਆਂ।"

"ਬਹੁਤ ਖ਼ੂਬ, ਇਹ ਬਿਲਕੁਲ ਨਵਾਂ ਵਿਸ਼ਾ ਏ, ਮੈਨੂੰ ਤੇਰੇ ਉਪਰ ਬਹੁਤ ਮਾਣ ਏ, ਤੂੰ ਸਾਡਾ ਬਹੁਤ ਵਧੀਆ ਕਹਾਣੀਕਾਰ ਏਂ, ਮੈਂ ਤਾਂ ਦੋਸਤਾਂ ਨੂੰ ਕਹਿੰਨਾ ਹੁੰਨਾ ਕਿ ਜੋਗੇਂਦਰ ਨੇ ਜਿਥੋਂ ਕਹਾਣੀ ਲਿਖਣੀ ਸ਼ੁਰੂ ਕੀਤੀ ਏ, ਇਥੇ ਲੇਖਕ ਬਹੁਤ ਮਿਹਨਤ ਤੋਂ ਬਾਅਦ ਪੁੱਜਦੇ ਨੇ, ਮੈਂ ਤੇਰੀਆਂ ਕਹਾਣੀਆਂ 'ਵਿਦੇਸ਼' ਪਰਚੇ ਵਿੱਚ ਪੜ੍ਹੀਆਂ ਤੇ ਇੰਡੀਆ ਦੇ ਪਰਚਿਆਂ ਵਿੱਚ ਵੀ, ਮੈਂ ਤਾਂ ਤੇਰੀ ਕਹਾਣੀ ਦਾ ਫੈਨ ਆਂ।"

"ਕੁੰਦਨ ਜੀ, ਮੈਂ ਤਾਂ ਤੁਹਾਡੇ ਵਰਗੇ ਵੱਡੇ ਲੇਖਕਾਂ ਤੋਂ ਸਿਖਦਾਂ ਹਾਲੇ।"

"ਬਿਲਕੁਲ ਸਿਖਦਾ ਏਂ, ਅਸੀਂ ਸਾਰੇ ਈ ਇਕ ਦੂਜੇ ਤੋਂ ਸਿਖਦੇ ਹਾਂ, ਲੇਖਕ ਤਾਂ ਸਾਰੀ ਉਮਰ ਹੀ ਵਿਦਿਆਰਥੀ ਰਹਿੰਦਾ ਏ।"

"ਕੁੰਦਨ ਜੀ, ਮੇਰੇ ਉਪਰ ਤੁਹਾਡੇ ਦੋਵਾਂ ਨਾਵਲਾਂ ਦਾ ਬਹੁਤ ਅਸਰ ਏ, 'ਨਵੇਂ ਨਾਤੇ' ਦਾ ਵੀ ਤੇ 'ਤਿੜਕੇ ਘਰ' ਦਾ ਵੀ।"

"ਕਹਾਣੀਆਂ ਨਹੀਂ ਪੜ੍ਹੀਆਂ ਮੇਰੀਆਂ?"

"ਪੜ੍ਹੀਆਂ ਜੀ ਬਿਲਕੁਲ ਪੜ੍ਹੀਆਂ, ਬਹੁਤ ਚੰਗੀਆਂ ਲੱਗਦੀਆਂ।"

ਜੋਗੇਂਦਰ ਝੂਠ ਬੋਲ ਗਿਆ। ਉਸ ਨੂੰ ਕੁੰਦਨ ਦੀ ਕੋਈ ਵੀ ਕਹਾਣੀ ਚੰਗੀ ਨਹੀਂ ਸੀ ਲੱਗੀ ਤੇ ਨਾ ਹੀ ਕਵਿਤਾ ਹੀ। ਗੱਲਾਂ ਕਰਦੇ ਉਹ ਅੰਦਰ ਸੈਟੀ 'ਤੇ ਆ ਬੈਠੇ। ਉਹਨਾਂ ਦੇ ਆਉਂਦਿਆਂ ਹੀ ਜੋਗੇਂਦਰ ਦੀ ਪਤਨੀ ਚਾਹ ਲੈ ਆਈ। ਕੁੰਦਨ ਦੋ ਕੁ ਪਲ ਲਈ ਉਸ ਵੱਲ ਲਗਾਤਾਰ ਦੇਖਦਾ ਰਿਹਾ ਤੇ ਫਿਰ ਬੋਲਿਆ,

"ਜੋਗੇਂਦਰ, ਤੁਹਾਡੀ ਜੋੜੀ ਬਹੁਤ ਸੁਹਣੀ ਏ, ਦੋਵੇਂ ਇਕੋ ਜਿਹੇ।"

ਆਖ ਕੇ ਉਸ ਨੇ ਆਪਣੀ ਪਤਨੀ ਵੱਲ ਤੱਕਿਆ। ਮਨਜੀਤ ਕੌਰ ਦੇ ਚਿਹਰੇ 'ਤੇ ਹਲਕੀ ਜਿਹੀ ਗੁੱਸੇ ਦੀ ਲਹਿਰ ਫਿਰ ਗਈ ਪਰ ਉਹ ਬੋਲੀ,

"ਵਾਹਿਗੁਰੂ ਤੁਹਾਡੀ ਜੋੜੀ ਸਲਾਮਤ ਰੱਖੇ!"

"ਥੈਂਕਿਊ ਪਰ ਏਹਨੂੰ ਮੇਰੀ ਕਵਿਤਾ ਨਹੀਂ ਚੰਗੀ ਲਗਦੀ, ਮੇਰੀ ਕਵਿਤਾ ਨੂੰ ਇਹ 'ਸਿਰ-ਖਾਣੀ' ਹੀ ਆਖਦੀ ਐ।"

ਉਸ ਦੀ ਗੱਲ ਸੁਣ ਕੇ ਕੁੰਦਨ ਜ਼ੋਰ ਨਾਲ ਹੱਸਿਆ ਤੇ ਬੋਲਿਆ,

"ਇਹ ਬਹੁਤ ਖ਼ੂਬ ਰਹੀ! ਕਵਿਤਾ ਹੁੰਦੀ ਹੀ ਸਿਰ-ਖਾਣੀ ਐਂ, ਖਾਸ ਤੌਰ ਤੇ ਜਦ ਸਮਝ ਨਾ ਲੱਗੇ।"

ਫਿਰ ਕੁੰਦਨ ਗੰਭੀਰ ਹੁੰਦਾ ਕਹਿਣ ਲੱਗਿਆ,

"ਬਈ ਜੋਗੇਂਦਰ, ਸੱਚ ਜਾਣ, ਤੇਰੀ ਕਵਿਤਾ ਮੈਨੂੰ ਵੀ ਚੰਗੀ ਨਹੀਂ ਲੱਗਦੀ। ਤੂੰ ਕਹਾਣੀ ਉਪਰ ਧਿਆਨ ਦੇ, ਤੇਰੀ ਕਹਾਣੀ ਵਿੱਚ ਬਹੁਤ ਜਾਨ ਏ। ਤੂੰ ਕਹਾਣੀ ਲਿਖ ਕੇ ਮੈਨੂੰ ਸੁਣਾਇਆ ਕਰ, ਮੈਂ ਤੇਰੀ ਕਹਾਣੀ ਨੂੰ ਹੋਰ ਤਰਾਸ਼ਣ ਵਿੱਚ ਤੇਰੀ ਪੂਰੀ ਮੱਦਦ ਕਰਾਂਗਾ, ਮੇਰਾ ਦਾਅਵਾ ਏ ਕਿ ਇਕ ਦਿਨ ਤੂੰ ਪੰਜਾਬੀ ਦਾ ਸਿਰਕੱਢ ਕਹਾਣੀਕਾਰ ਹੋਵੇਂਗਾ, ਬਰਤਾਨਵੀ ਪੰਜਾਬੀ ਕਹਾਣੀ ਦਾ ਹੀ ਨਹੀਂ ਸਗੋਂ ਸਮੁੱਚੀ ਕਹਾਣੀ ਦਾ।"

ਕੁੰਦਨ ਦੇ ਕਹਿਣ 'ਤੇ ਜੋਗੇਂਦਰ ਦੀ ਛਾਤੀ ਚੌੜੀ ਹੋਣ ਲੱਗੀ। ਉਸ ਨੇ ਪੁੱਛਿਆ,

"ਅੱਜ ਮੌਸਮ ਬਹੁਤ ਸੁਹਣਾ ਐ, ਬੀਅਰ ਦਾ ਡੱਬਾ ਪੀਓਂਗੇ?"

"ਨਹੀਂ ਬਈ, ਚਾਹ ਪੀ ਲਈ, ਹੁਣ ਬੀਅਰ ਕੀ ਪੀਣੀ ਆਂ, ਨਾਲੇ ਮੈਂ ਬੀਅਰ ਦਾ ਬਹੁਤਾ ਸ਼ੌਕੀਨ ਨਹੀਂ, ਪੱਕੀ ਦਾ ਗਾਹਕ ਆਂ ਪਰ ਸ਼ਾਮ ਵੇਲੇ, ਕਿਸੇ ਵੇਲੇ ਸ਼ਾਮ ਨੂੰ ਬੈਠਾਂਗੇ, ਹੁਣ ਤਾਂ ਮੈਨੂੰ ਤੇਰੇ ਤਕ ਇਕ ਕੰਮ ਐਂ।"

"ਹੁਕਮ ਕਰੋ।"

"ਹੁਕਮ ਨਹੀਂ, ਬੇਨਤੀ ਏ ਕਿ ਆਪਣੀ ਸਭਾ ਵਿੱਚ ਪਰਧਾਨ ਦੀ ਚੋਣ ਹੋਣੀ ਏਂ, ਤੂੰ ਵੋਟ ਮੈਨੂੰ ਪਾਉਣੀ ਐਂ।"

"ਲਓ ਜੀ, ਮੇਰੀ ਵੋਟ ਤੁਹਾਡੀ ਹੋਈ, ਸੌ ਫੀ-ਸਦੀ ਤੁਹਾਡੀ।"

"ਮਿਲਾ ਹੱਥ।"

ਕੁੰਦਨ ਨੇ ਹੱਥ ਜੋਗੇਂਦਰ ਵੱਲ ਵਧਾਉਂਦਿਆਂ ਕਿਹਾ। ਜੋਗੇਂਦਰ ਨੇ ਇਕ ਦਮ ਉਸ ਨਾਲ ਹੱਥ ਮਿਲਾ ਲਿਆ। ਕੁੰਦਨ ਖੁਸ਼ ਹੋ ਗਿਆ। ਉਸ ਨੇ ਜੇਬ੍ਹ ਵਿੱਚੋਂ ਸਿਗਰਟਾਂ ਦੀ ਡੱਬੀ ਕੱਢੀ ਤੇ ਰੁਚੀ ਨੂੰ ਕਹਿਣ ਲਗਿਆ,

"ਭੈਣ ਮੇਰੀਏ, ਇਕ ਕੱਪ ਵਿੱਚ ਪਾਣੀ ਪਾ ਲਿਆ।"

"ਭਾਜੀ, ਪਾਣੀ ਪੀਣਾ ਤਾਂ ਗਲਾਸ ਵਿੱਚ ਲਿਆਉਨੀ ਆਂ।"

"ਭੈਣ ਮੇਰੀਏ, ਪਾਣੀ ਨਹੀਂ ਪੀਣਾ, ਸਿਗਰਟ ਪੀਣੀ ਆਂ।"

ਕੁੰਦਨ ਨੇ ਹੱਸਦਿਆਂ ਕਿਹਾ ਤੇ ਫਿਰ ਉਸ ਨੇ ਆਪਣੀ ਸਿਰ ਤੋਂ ਦਸਤਾਰ ਲਾਹ ਕੇ ਇਕ ਪਾਸੇ ਰੱਖ ਦਿਤੀ ਤੇ ਬੋਲਿਆ,

"ਇਹ ਮੇਰੀ ਮੈਡਮ ਦਾ ਸਖਤ ਹੁਕਮ ਏ ਕਿ ਸਿਗਰਟ ਪੀਣ ਵੇਲੇ ਪੱਗ ਲਾਹ ਦੇਣੀ ਏਂ।"

ਉਹ ਜ਼ਰਾ ਕੁ ਹੱਸਿਆ ਤੇ ਫਿਰ ਗੰਭੀਰ ਹੁੰਦਾ ਜੋਗੇਂਦਰ ਨੂੰ ਆਖਣ ਲੱਗਿਆ,

"ਮੈਨੂੰ ਪਤਾ ਕਿ ਕੁਲਦੀਪ ਤੇਰਾ ਦੋਸਤ ਏ ਪਰ ਜੇ ਹੁਣ ਵਾਅਦਾ ਕੀਤਾ ਏ ਤਾਂ ਵੋਟ ਮੈਨੂੰ ਹੀ ਪਾਵੀਂ।"

"ਕੁਲਦੀਪ ਮੇਰਾ ਦੋਸਤ ਜ਼ਰੂਰ ਏ ਪਰ ਏਨਾ ਨਹੀਂ ਕਿ ਵੋਟ ਦੇ ਵਾਅਦੇ ਤੋਂ ਮੁਕਰਾਂ।"

"ਤੈਨੂੰ ਉਹਦੇ ਨਾਲ ਦੇਖ ਕੇ ਈ ਮੈਂ ਸੋਚਿਆ ਕਿ ਸ਼ਾਇਦ ਤੂੰ ਵੀ ਹਿੰਦੂ ਹੋਵੇਂਗਾ, ਦੂਜੇ ਤੈਨੂੰ ਪਤਾ ਨਾ ਕਿ ਦੇਵਿੰਦਰ ਸਿੰਘ ਵੀ ਹਿੰਦੂ ਹੀ ਏ, ਐਵੇਂ ਹੀ ਪੱਗ ਬੰਨੀ ਫਿਰਦਾ ਏ।"

ਜੋਗੇਂਦਰ ਨੂੰ ਕੁੰਦਨ ਦੀ ਧਰਮਾਂ ਵਾਲੀ ਇਹ ਗੱਲ ਚੰਗੀ ਨਾ ਲਗੀ ਪਰ ਉਹ ਚੁੱਪ ਰਿਹਾ। ਜੇ ਕੁੰਦਨ ਦੀ ਥਾਂਵੇਂ ਕੋਈ ਹੋਰ ਹੁੰਦਾ ਤਾਂ ਜ਼ਰੂਰ ਕੁਝ ਕਹਿੰਦਾ। ਕੁੰਦਨ ਨੇ ਸਿਗਰਟ ਦੇ ਕੁਝ ਸੂਟੇ ਖਿੱਚੇ ਤੇ ਉਸ ਨੂੰ ਬੁਝਾ ਦਿਤਾ ਤੇ ਕਹਿਣ ਲੱਗਿਆ,

"ਜੇ ਘਰ ਵਿਸਕੀ ਹੈਗੀ ਏ ਤਾਂ ਲਿਆ, ਅੱਜ ਦੀ ਦੋਸਤੀ ਨੂੰ ਗੂੜ੍ਹੀ ਕਰਨ ਲਈ ਇਕ-ਇਕ ਪੈੱਗ ਲਾ ਲੈਂਨੇ ਆਂ।"

ਜੋਗੇਂਦਰ ਕੁਝ ਬੋਲੇ ਬਿਨਾਂ ਉਠ ਖੜਿਆ। ਮਨਜੀਤ ਕੋਰ ਨੇ ਕੁੰਦਨ ਨੂੰ ਘੁਰਕੀ ਵੱਟੀ ਪਰ ਉਸ ਨੇ ਇਸ਼ਾਰੇ ਨਾਲ ਹੀ ਚੁੱਪ ਰਹਿਣ ਲਈ ਕਹਿ ਦਿਤਾ। ਰੁਚੀ ਉਠ ਕੇ ਪਕੌੜੇ ਤਲਣ ਲੱਗ ਪਈ। ਮਨਜੀਤ ਰਸੋਈ ਵਿੱਚ ਉਸ ਦੀ ਮੱਦਦ ਲਈ ਜਾ ਖੜੀ। ਕੁੰਦਨ ਨੇ ਆਪਣਾ ਪੈੱਗ ਚੁੱਕਿਆ ਤੇ ਬੋਲਿਆ,

"ਛੋਟੇ ਭਾਊ, ਤੂੰ ਹਾਲੇ ਸਭਾ ਵਿੱਚ ਕੱਲ ਆਇਆਂ, ਇਹਨਾਂ ਹਿੰਦੂਆਂ ਸਾਲ਼ਿਆਂ ਬੈਹੜਿਆਂ ਦਿਆਂ ਨੇ ਬਹੁਤ ਧਾਂਦਲੀ ਪਾਈ ਹੋਈ ਏ, ਇਹ ਸਾਲ਼ੇ ਤਿੰਨੋ ਚੌਧਰੀ ਬਣੇ ਫਿਰਦੇ ਨੇ- ਦੇਵਿੰਦਰ ਸਿੰਘ, ਬਨਫੂਲ ਤੇ ਤੇਰਾ ਕੁਲਦੀਪ ਪਰ ਏਹਨਾਂ ਵਿੱਚੋਂ ਰਾਈਟਰ ਕੋਈ ਵੀ ਨਹੀਂ, ਮੈਂ ਏਡਾ ਵੱਡਾ ਰਾਈਟਰ, ਅੱਠ ਕਿਤਾਬਾਂ ਦਾ ਲੇਖਕ ਤੇ ਮੇਰੇ ਕੋਲ ਸਭਾ ਦੀ ਕੋਈ ਚੇਅਰ ਨਹੀਂ!"

"ਉਹਨਾਂ ਦੇ ਗਰੁੱਪ ਦਾ ਪਲੜਾ ਜਿਉਂ ਭਾਰੀ ਆ।"

"ਇਸੇ ਲਈ ਤਾਂ ਮੈਂ ਤੇਰੇ ਨਾਲ ਹੱਥ ਮਿਲਾਇਆ, ਅਸੀਂ ਜੱਟ ਬੰਦੇ ਆਂ, ਸਾਨੂੰ ਵੀ ਆਪਣਾ ਗਰੁੱਪ ਸਟਰੌਂਗ ਕਰਨਾ ਚਾਹੀਦਾ।"

ਜ਼ਾਤਪਾਤ ਦੇ ਨਾਂ 'ਤੇ ਜੋਗੇਂਦਰ ਫਿਰ ਚੁੱਪ ਰਿਹਾ। ਕੁੰਦਨ ਨੇ ਇਕ ਹੋਰ ਪੈੱਗ ਪੀਤਾ ਤਾਂ ਉਹ ਹੋਰ ਖੁਲ੍ਹਣ ਲੱਗ ਪਿਆ। ਉਹ ਕਹਿੰਦਾ ਗਿਆ,

"ਆਹ ਆਲਮੀ ਕਾਨਫਰੰਸ ਕਰਾਈ, ਮੇਰਾ ਵੀ ਇਹਨੂੰ ਔਰਗੇਨਾਈਜ਼ ਕਰਨ ਵਿੱਚ ਓਨਾ ਈ ਹੱਥ ਸੀ ਜਿੰਨਾ ਦੇਵਿੰਦਰ ਸਿੰਘ ਦਾ ਤੇ ਹੋਰਨਾਂ ਦਾ ਪਰ ਇਹਦਾ ਸਾਰਾ ਫਾਇਦਾ, ਸਾਰਾ ਕਰੈਡਿਟ ਦੇਵਿੰਦਰ ਸਿੰਘ ਲੈ ਗਿਆ, ਤੈਨੂੰ ਪਤਾ ਇਹ ਇੰਡੀਆ ਜਾ ਕੇ ਆਪਣੀ ਥਾਂ-ਥਾਂ ਬੱਲੇ-ਬੱਲੇ ਕਰਾ ਕੇ ਆਇਆ?"

"ਹਾਂ, ਮੈਂ ਸਾਰੀ ਰਿਪੋਰਟਿੰਗ ਦੇਖੀ ਆ।"

"ਏਸ ਸਾਰੀ ਪਬਲੀਸਿਟੀ 'ਤੇ ਮੇਰਾ ਹੱਕ ਸੀ ਕਿਉਂਕਿ ਮੈਂ ਈ ਅਸਲੀ ਰਾਈਟਰ ਆਂ, ਤੈਨੂੰ ਪਤਾ ਇਥੇ ਆਇਆ ਡਾਕਟਰ ਹਰੀ ਸਿੰਘ ਕੀ ਕਹਿੰਦਾ ਸੀ? ...ਕਹਿੰਦਾ ਸੀ ਕਿ ਕੁੰਦਨ, ਤੇਰੇ ਤੋਂ ਵੱਡਾ ਲੇਖਕ ਪੂਰੇ ਇੰਗਲੈਂਡ ਵਿੱਚ ਨਹੀਂ, ...ਡਾਕਟਰ ਹਰੀ ਸਿੰਘ ਜਾਣਦਾ ਮੈਨੂੰ ਚੰਗੀ ਤਰ੍ਹਾਂ। ਉਹਨੂੰ ਪਤਾ ਬਈ ਜਿਹੜੇ ਕੰਮ ਨੂੰ ਮੈਂ ਹੱਥ ਪਾ ਲੈਂਨਾ ਪੂਰਾ ਕਰ ਕੇ ਛੱਡਦਾਂ। ਮੇਰੇ ਕੋਲ ਸਿਰ ਵੀ ਹੈਗਾ ਤੇ ਮਿਹਨਤ ਵੀ, ਇਹ ਸਾਲ਼ੇ ਬੈਹੜਿਆਂ ਦੇ ਕੀ ਜਾਣਨ ਕਿ ਸਾਹਿਤ ਕੀ ਹੁੰਦਾ!"

ਜੋਗੇਂਦਰ ਉਸ ਦੀ ਗੱਲ ਵਿੱਚ 'ਹਾਂ' ਰਲਾਉਂਦਾ ਗਿਆ। ਕੁੰਦਨ ਨੂੰ ਉੱਚੀ ਆਵਾਜ਼ ਵਿੱਚ ਬੋਲਦਿਆਂ ਮਨਜੀਤ ਸਮਝ ਗਈ ਕਿ ਉਸ ਦਾ ਪਤੀ ਬਹਿਕ ਰਿਹਾ ਹੈ। ਉਸ ਨੇ ਆਕੇ ਕਿਹਾ,

"ਕੁੰਦਨ ਜੀ, ਦਸਤਾਰ ਰੱਖੋ ਸਿਰ 'ਤੇ ਤੇ ਚਲੋ ਚੱਲੀਏ, ਪਾਇਲ ਤੇ ਅਮਰਜੋਤ ਉਡੀਕਦੇ ਹੋਣਗੇ।"

"ਤੂੰ ਬਹਿ ਜਾ ਯਾਰ, ਮੈਂ ਆਪਣੇ ਭਰਾ ਨਾਲ ਗੱਲਾਂ ਕਰ ਰਿਹਾਂ, ਮੇਰਾ ਜੱਟ ਭਰਾ! ...ਲੈ ਬਈ ਇਕ ਵਾਰ ਹੋਰ ਹੱਥ ਮਿਲ਼ਾ।"

ਕੁੰਦਨ ਨੇ ਜੋਗੇਂਦਰ ਵਲ ਹੱਥ ਵਧਾਇਆ। ਜੋਗੇਂਦਰ ਨੇ ਉਸ ਦਾ ਹੱਥ ਫੜ ਲਿਆ। ਕੁੰਦਨ ਕਹਿਣ ਲਗਿਆ,

"ਛੋਟੇ ਭਾਊ, ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰ, ...ਨਿਭੇਂਗਾ ਮੇਰੇ ਨਾਲ਼?"

"ਬਿਲਕੁਲ ਨਿਭੂੰਗਾ ਵੱਡੇ ਭਾਊ, ਜਦ ਭਾਊ ਈ ਕਹਿ ਦਿਤਾ ਤਾਂ ਬਾਕੀ ਕੀ ਰਹਿ ਗਿਆ।"

"ਕਈ ਦੁਆਬੀਏ ਨਿਭਦੇ ਨਹੀਂ ਪਰ ਮੈਨੂੰ ਪਤਾ ਮੇਰਾ ਛੋਟਾ ਭਾਊ ਬਾਕੀ ਦੁਆਬੀਆਂ ਵਰਗਾ ਨਹੀਂ।"

"ਮੈਂ ਵਾਅਦਾ ਕਰ ਲਿਆ ਤਾਂ ਬਸ ਕਰ ਲਿਆ। ਮੇਰੀ ਵੋਟ ਪੱਕੀ, ਅਗਾਂਹ ਵਾਸਤੇ ਕਦੇ ਵੀ ਮੇਰੀ ਵੋਟ ਵਾਸਤੇ ਤੁਹਾਨੂੰ ਮੈਨੂੰ ਪੁੱਛਣ ਦੀ ਲੋੜ ਨਹੀਂ।"

"ਫੇਰ ਮੇਰੀ ਵੀ ਗੱਲ ਸੁਣ ਲੈ, ਮੈਂ ਵੀ ਤੇਰਾ ਸਾਥ ਦੇਊਂ। ਮੈਂ ਤੈਨੂੰ ਏਡਾ ਵੱਡਾ ਲੇਖਕ ਬਣਾ ਦੇਊਂ ਕਿ ਮੇਰੇ ਤੋਂ ਬਾਅਦ ਤੂੰ ਹੀ ਵੱਡਾ ਲੇਖਕ ਹੋਵੇਂਗਾ! ...ਆਹ ਜਿਹੜਾ ਤੇਰਾ ਭਾਊ ਏ ਨਾ, ਕੁੰਦਨ ਸਿੰਘ ਕੁੰਦਨ, ਬੜੀ ਕੁੱਤੀ ਚੀਜ਼ ਏ! ...ਐਤਕੀਂ ਦੀ ਪਰਧਾਨਗੀ ਮੈਂ ਲੈਣੀ ਈ ਲੈਣੀ ਆਂ। ਮੈਨੂੰ ਪਤਾ ਕਿ ਸਭਾ ਵਿੱਚ ਦੇਵਿੰਦਰ ਸਿੰਘ ਦੀਆਂ ਵੋਟਾਂ ਜ਼ਿਆਦਾ ਹੋਣਗੀਆਂ ਪਰ ਮੈਂ ਅੱਠ ਬੰਦਿਆਂ ਦੀਆਂ ਅਰਜ਼ੀਆਂ ਨਵੇਂ ਮੈਂਬਰ ਬਣਨ ਦੀਆਂ ਲਿਖੀਆਂ ਪਈਆਂ, ਮੇਰੀ ਜੇਬ ਵਿੱਚ ਨੇ। ਬੰਦੇ ਬਾਹਰ ਬੈਠੇ ਹੋਣਗੇ, ਬਸ ਉਸੇ ਵੇਲੇ ਪੇਸ਼ ਕਰ ਦੇਣੀਆਂ, ਜਾਹ ਤਾਂ ਕੋਈ ਸਾਲ਼ਾ ਬੈਹੜਿਆਂ ਦਾ ਬੋਲ ਵੀ ਜਾਵੇ!"

ਜੋਗੇਂਦਰ ਨੂੰ ਲੱਗਿਆ ਕਿ ਉਹ ਗਲਤ ਬੰਦੇ ਨਾਲ ਵਾਹ ਪਾ ਬੈਠਾ ਹੈ। ਅਜਿਹੀਆਂ ਗੱਲਾਂ ਉਸ ਨੇ ਪਹਿਲਾਂ ਕਦੇ ਨਹੀਂ ਸਨ ਦੇਖੀਆਂ। ਉਹ ਇੰਡੀਆ ਵਿੱਚ ਵੀ ਇਕ ਲਿਖਾਰੀ ਸਭਾ ਦਾ ਮੈਂਬਰ ਰਹਿ ਚੁੱਕਿਆ ਸੀ ਪਰ ਪਰਧਾਨ ਬਣਨ ਲਈ ਏਨਾ ਜ਼ੋਰ ਲੱਗਦਾ ਉਹ ਪਹਿਲੀ ਵਾਰ ਦੇਖ ਰਿਹਾ ਸੀ। ਅਗਾਂਹਵਧੂ ਲਿਖਾਰੀ ਸਭਾ, ਮਿਡਲਸੈਕਸ ਦਾ ਉਹ ਛੇ ਕੁ ਮਹੀਨੇ ਪਹਿਲਾਂ ਹੀ ਮੈਂਬਰ ਬਣਿਆਂ ਸੀ। 'ਵਿਦੇਸ਼' ਨਾਂ ਦੇ ਪਰਚੇ ਵਿੱਚ

ਉਸ ਦੀਆਂ ਕਹਾਣੀਆਂ ਛਪਦੀਆਂ ਹੋਣ ਕਰਕੇ ਮਿਡਲਸੈਕਸ ਦੇ ਹੀ ਨਹੀਂ, ਸਗੋਂ ਪੂਰੇ ਬ੍ਰਤਾਨੀਆਂ ਦੇ ਪੰਜਾਬੀ ਦੇ ਲੇਖਕ ਉਸ ਦੇ ਨਾਂ ਤੋਂ ਜਾਣੂ ਹੋ ਚੁੱਕੇ ਸਨ। ਸਭਾ ਦੀ ਮੀਟਿੰਗ ਵਿੱਚ ਪਹਿਲੀ ਵਾਰ ਉਹ ਕੁਲਦੀਪ ਨਾਲ ਗਿਆ ਸੀ। ਕੁਲਦੀਪ ਉਸ ਦੇ ਦੋਸਤ ਗੁਰਦਰਸ਼ਨ ਦਾ ਅੱਗੇ ਦੋਸਤ ਸੀ। ਸਭਾ ਵਿੱਚ ਉਸ ਨੂੰ ਉਹ ਸਾਰੇ ਲੇਖਕ ਮਿਲ ਪਏ ਸਨ ਜਿਹਨਾਂ ਨੂੰ ਉਹ ਇੰਡੀਆ ਵਿੱਚ ਪੜ੍ਹਦਾ ਰਿਹਾ ਸੀ; ਗੁਰਮੁਖ ਸੰਧੂ, ਗੁਰਦਿਆਲ ਵਿਰਕ, ਸੁੱਚਾ ਸਿੰਘ ਅਜ਼ਾਦ, ਰੇਸ਼ਮ ਸਮੁੰਦਰੀ, ਨਾਜ਼ਰ ਸਿੰਘ, ਮੋਹਨ ਅਦੀਬ ਬਗੈਰਾ। ਉਹਨਾਂ ਸਭ ਨੂੰ ਵੀ ਉਸ ਦੇ ਲੇਖਕ ਹੋਣ ਦਾ ਪਤਾ ਸੀ ਇਸ ਲਈ ਉਹ ਸਭਾ ਵਿੱਚ ਬਹੁਤ ਜਲਦੀ ਫਿੱਟ ਵੀ ਹੋ ਗਿਆ ਸੀ। ਉਸ ਨੂੰ ਇਸ ਗੱਲ ਨਾਲ ਬਹੁਤਾ ਸਰੋਕਾਰ ਨਹੀਂ ਸੀ ਕੌਣ ਪਰਧਾਨ ਸੀ ਤੇ ਕੌਣ ਸਕੱਤਰ। ਉਸ ਨੂੰ ਤਾਂ ਇਹੋ ਬਹੁਤ ਸੀ ਕਿ ਸਭਾ ਦੀ ਮੀਟਿੰਗ ਵਿੱਚ ਉਹ ਕਹਾਣੀ ਪੜ੍ਹਦਾ ਸੀ ਤੇ ਕਹਾਣੀ ਸੁਣ ਕੇ ਸਾਰੇ ਆਪੋ ਆਪਣੇ ਸੁਝਾਅ ਵੀ ਦਿੰਦੇ ਸਨ। ਇਹ ਸਭ ਉਸ ਨੂੰ ਬਹੁਤ ਚੰਗਾ ਲਗਦਾ। ਕੁੰਦਨ ਦੀਆਂ ਗੱਲਾਂ ਨਾਲ ਉਸ ਨੂੰ ਸਭਾ ਦੀ ਅੰਦਰਲੀ ਸਿਆਸਤ ਸਮਝ ਆਉਣ ਲੱਗ ਪਈ। ਕੁੰਦਨ ਦੱਸ ਰਿਹਾ ਸੀ ਕਿ ਦੇਵਿੰਦਰ ਸਿੰਘ ਦੇ ਧੜੇ ਵਿੱਚ ਕੌਣ ਕੌਣ ਸਨ ਤੇ ਵਿਰੋਧੀ ਧੜੇ ਵਿੱਚ ਕੌਣ ਕੌਣ। ਸੁੱਚਾ ਸਿੰਘ ਅਜ਼ਾਦ ਤੇ ਰੇਸ਼ਮ ਸਮੁੰਦਰੀ ਕੁੰਦਨ ਦੇ ਨਾਲ ਸਨ। ਸਭਾ ਵਿੱਚ ਲੇਖਕ ਇੰਨੇ ਨਹੀਂ ਸਨ ਜਿੰਨੀਆਂ ਵੋਟਾਂ ਭਰਤੀ ਕੀਤੀਆਂ ਹੋਈਆਂ ਸਨ। ਇਹ ਦੇਵਿੰਦਰ ਸਿੰਘ ਦੀ ਸਿਆਸਤ ਦੀ ਹੀ ਇਕ ਚਾਲ ਸੀ। ਕੁੰਦਨ ਦੱਸਦਾ ਜਾ ਰਿਹਾ ਸੀ,

"ਇਹ ਦੇਵਿੰਦਰ ਸਿੰਘ ਰਾਈਟਰ ਤਾਂ ਹੈ ਨਹੀਂ, ਲੇਖਾਂ ਦੀਆਂ ਇਕ ਦੋ ਕਿਤਾਬਾਂ ਲਿਖ ਲਈਆਂ ਤੇ ਬਸ, ਇਹ ਤਾਂ ਪੋਲੇਟੀਸ਼ਨ ਏ, ਇਹ ਸਭਾ ਨੂੰ ਆਪਣੀ ਰਾਜਨੀਤੀ ਵਿੱਚ ਉਭਰਨ ਦਾ ਜ਼ਰੀਆ ਬਣਾ ਰਿਹਾ ਏ। ਬਨਫੂਲ ਨੇ ਵੀ ਕੀ ਲਿਖਿਆ ਏ? ...ਕੁਝ ਵਿਅੰਗ ਜਿਹੇ! ਇਹ ਲਤੀਫੇ ਸਾਹਿਤ ਦਾ ਹਿੱਸਾ ਨਹੀਂ ਬਣ ਸਕਦੇ। ...ਸਾਹਿਤ ਦੀਆਂ ਗੱਲਾਂ ਕਰਨ ਨਾਲ ਕੋਈ ਸਾਹਿਤਕਾਰ ਨਹੀਂ ਬਣ ਜਾਂਦਾ, ਏਸ ਲਈ ਤੈਨੂੰ ਚਾਹੀਦਾ ਏ ਕਿ ਰਾਈਟਰ ਤੇ ਨੌਨ-ਰਾਈਟਰ ਦੀ ਪੱਛਾਣ ਕਰੇਂ।"

"ਕੁੰਦਨ ਜੀ, ਮੈਂ ਤਾਂ ਸਭਾ ਵਿੱਚ ਹਾਲੇ ਨਵਾਂ ਆਂ ਪਰ ਕੋਈ ਵੀ ਧੜਾ ਹੋਵੇ, ਤੁਸੀਂ ਪਰਧਾਨ ਬਣੋਂ ਜਾਂ ਨਾ ਪਰ ਮੇਰੀ ਵੋਟ ਤੁਹਾਡੀ ਹੋਈ।"

"ਬਸ ਫੇਰ ਮੈਨੂੰ ਕੋਈ ਵੀ ਸਾਲ਼ਾ ਬੈਹੜਿਆਂ ਦਾ ਨਹੀਂ ਹਰਾ ਸਕਦਾ!"

ਮਨਜੀਤ ਨੇ ਉਸ ਨੂੰ ਬਾਹੋਂ ਫੜ੍ਹ ਕੇ ਉਠਾ ਲਿਆ। ਜੋਗੇਂਦਰ ਨੇ ਜਾਂਦੇ ਜਾਂਦੇ ਨੂੰ ਇਕ ਹੋਰ ਗਲਾਸੀ ਪਾ ਦਿਤੀ। ਕੁੰਦਨ ਨੇ ਪੱਗ ਸਿਰ ਉਪਰ ਰੱਖੀ ਤੇ ਇਸ ਦੇ ਲੜ ਕੰਨਾਂ ਉਪਰ ਦੀ ਠੀਕ ਕਰਦੇ ਨੇ ਆਪਣਾ ਪੈੱਗ ਇਕੋ ਸਾਹੇ ਪੀ ਲਿਆ। ਉਸ ਦੇ ਪੈਰ ਲੜਖੜਾ ਰਹੇ ਸਨ। ਜੋਗੇਂਦਰ ਨੇ ਕਿਹਾ,

"ਭਾਊ, ਤੁਸੀਂ ਹੁਣ ਗੱਡੀ ਚਲਾ ਲਵੋਂਗੇ?"

ਕੁੰਦਨ ਸਿੰਘ ਨੇ ਰੁਚੀ ਵਲ ਦੇਖਿਆ ਤੇ ਕਹਿਣ ਲੱਗਿਆ,

"ਜੋਗੇਂਦਰ ਸਿਆਂ, ਤੇਰਾ ਵੱਡਾ ਭਾਊ ਏਨੀ ਕੁ ਪੀ ਕੇ ਤਾਂ ਸਾਵਾਂ ਈ ਹੁੰਦਾ ਏ, ਏਨੀ ਕੁ ਦਾਰੂ ਨਾਲ ਗੱਡੀ ਵੀ ਵਧੀਆ ਚਲਦੀ ਏ, ਤੂੰ ਬੱਸ ਸਾਲ਼ੀ ਬੈਹੜਿਆਂ ਦੀ ਵੋਟ ਦਾ ਧਿਆਨ ਰੱਖੀਂ।"

3-ਕੌਣ ਗੋਲਡੀ?

ਕਾਰ ਵਿੱਚ ਬੈਠਦਿਆਂ ਹੀ ਕੁੰਦਨ ਨੇ ਪਤਨੀ ਵਲ ਦੇਖਿਆ ਤੇ ਬੋਲਿਆ,

"ਇਹ ਕੁੜੀ ਗੋਲਡੀ ਦੀ ਕੋਈ ਰਿਸ਼ਤੇਦਾਰ ਤਾਂ ਨਹੀਂ?"

"ਨਹੀਂ, ਮੈਂ ਪੁੱਛਿਆ ਸੀ, ਇਹ ਤਾਂ ਮਾਲਵੇ ਤੋਂ ਐਂ, ਫਾਜ਼ਲਿਕੇ ਤੋਂ, ਗਰੇਵਾਲ਼ ਜੱਟ ਤੇ ਉਹ ਠਹਿਰੇ ਆਪਣੀ ਬਰਾਦਰੀ ਦੇ।"

"ਕੋਈ ਨਾ ਕੋਈ ਲਿੰਕ ਤਾਂ ਜ਼ਰੂਰ ਹੋਏਗਾ।"

"ਕੁੰਦਨ, ਤੂੰ ਹੁਣ ਧਿਆਨ ਨਾਲ ਕਾਰ ਚਲਾ।"

ਮਨਜੀਤ ਨੇ ਤਾੜਨਾ ਕਰਦਿਆਂ ਕਿਹਾ। ਕੁੰਦਨ ਨੇ ਕਾਰ ਤੋਰ ਲਈ। ਕੁਝ ਦੇਰ ਚੁੱਪ ਰਹਿ ਕੇ ਬੋਲਿਆ,

"ਮੜੰਗਾ ਤਾਂ ਇਕ ਦਮ ਗੋਲਡੀ ਨਾਲ ਮਿਲਦਾ ਸੀ।"

"ਤੂੰ ਓਸ ਕਮਜ਼ਾਤ ਦਾ ਨਾਂ ਲੈਣਾ ਬੰਦ ਕਰਨਾ ਕਿ ਨਹੀਂ?"

ਮਨਜੀਤ ਕ੍ਰੋਧ ਵਿੱਚ ਬੋਲੀ। ਉਸ ਨੂੰ ਗੋਲਡੀ ਦੇ ਨਾਂ ਤੋਂ ਹੀ ਨਫਰਤ ਸੀ। ਉਹ ਕੁੰਦਨ ਦੇ ਹੋਰਨਾਂ ਨੁਕਸਾਂ ਨੂੰ ਤਾਂ ਸਹਿ ਸਕਦੀ ਸੀ ਪਰ ਗੋਲਡੀ ਨੂੰ ਨਹੀਂ। ਕੁੰਦਨ ਦੀਆਂ ਸਿਗਰਟਾਂ-ਸ਼ਰਾਬ ਹੀ ਘਰ ਦੇ ਕਲੇਸ਼ ਲਈ ਕਾਫੀ ਸਨ। ਗੁਰਬਾਣੀ ਨਾਲ ਜੁੜੀ ਮਨਜੀਤ ਕੋਰ ਨੂੰ ਜਦ ਪਤਾ ਚੱਲਿਆ ਕਿ ਉਸ ਦਾ ਪਤੀ ਸ਼ਰਾਬ ਪੀਂਦਾ ਹੈ ਤਾਂ ਉਸ ਦੇ ਮਨ ਵਿੱਚ ਤੁਫਾਨ ਉਠ ਖੜਾ ਹੋਇਆ ਸੀ। ਬਹੁਤ ਲੜ੍ਹਾਈ ਹੋਈ। ਕੁੰਦਨ ਨੇ ਮੁੜ ਕੇ ਨਾ ਪੀਣ ਦਾ ਵਾਅਦਾ ਕੀਤਾ। ਹੌਲੀ ਹੌਲੀ ਜਦ ਉਹ ਹੋਰ ਮਹਿਫਲਾਂ ਵਿੱਚ ਜਾਣ ਲੱਗੇ ਤਾਂ ਉਹਨਾਂ ਵਿੱਚ ਸਾਰੇ ਮਰਦ ਹੀ ਸ਼ਰਾਬ ਪੀਂਦੇ ਦੇਖ ਮਨਜੀਤ ਕੁਝ ਨਰਮ ਪੈਣ ਲੱਗੀ ਸੀ। ਹੌਲੀ ਹੌਲੀ ਮਨਜੀਤ ਆਪ ਵੀ ਮਹਿਫਲਾਂ ਵਿੱਚ ਹੋਰਨਾਂ ਔਰਤਾਂ ਵਲ ਦੇਖ ਕੇ ਕਦੇ ਕਦੇ ਵਾਈਨ ਪੀਣ

ਲੱਗੀ ਸੀ। ਫਿਰ ਕੁੰਦਨ ਸਿਗਰਟਾਂ ਪੀਣੀਆਂ ਸ਼ੁਰੂ ਕਰ ਦਿਤੀਆਂ। ਪਹਿਲਾਂ ਤਾਂ ਕੁੰਦਨ ਨੇ ਇਸ ਗੱਲ ਨੂੰ ਛੁਪਾ ਕੇ ਰੱਖਿਆ ਪਰ ਮਨ ਮਨਜੀਤ ਨੂੰ ਪਤਾ ਲੱਗਾ ਤਾਂ ਘਰ ਵਿੱਚ ਮਹਾਂਭਾਰਤ ਸ਼ੁਰੂ ਹੋ ਗਿਆ। ਮਨਜੀਤ ਗੁੱਸੇ ਵਿੱਚ ਆਈ ਦੋਵਾਂ ਬੱਚਿਆਂ ਨੂੰ ਲੈ ਕੇ ਇੰਡੀਆ ਲਈ ਚੜ੍ਹ ਗਈ ਸੀ। ਜਦ ਤਕ ਇਹ ਹੋਇਆ ਕਿ ਕੁੰਦਨ ਦੀ ਸਿਗਰਟਾਂ ਦੀ ਆਦਤ ਪੱਕ ਗਈ। ਦੋ ਮਹੀਨਿਆਂ ਬਾਅਦ ਮਨਜੀਤ ਵਾਪਸ ਮੁੜੀ। ਕਈ ਮਹੀਨਿਆਂ ਦੀ ਖਚ-ਖਚ ਤੋਂ ਬਾਅਦ ਮਨਜੀਤ ਸਹਿੰਦੜ ਹੋਈ ਸੀ। ਇਹ ਉਹਨਾਂ ਦੇ ਪਹਿਲਾਂ ਦਿਨਾਂ ਦੀਆਂ ਗੱਲਾਂ ਸਨ ਪਰ ਗੋਲਡੀ ਵਾਲੀ ਕਹਾਣੀ ਤਕ ਮਨਜੀਤ ਕੁੰਦਨ ਉਪਰ ਹਾਵੀ ਹੋ ਚੁੱਕੀ ਸੀ। ਗੋਲਡੀ ਦੇ ਮਾਮਲੇ ਵਿੱਚ ਉਹ ਕਿਸੇ ਕਿਸਮ ਦੀ ਢਿੱਲ ਨਹੀਂ ਸੀ ਵਰਤਦੀ। ਹੁਣ ਵੀ ਗੋਲਡੀ ਦੀ ਗੱਲ ਤੁਰੀ ਤਾਂ ਉਹ ਇਕ ਦਮ ਤੈਸ਼ ਵਿੱਚ ਆ ਗਈ ਸੀ। ਝਿੜਕ ਜਿਹੀ ਖਾ ਕੇ ਕੁੰਦਨ ਇਕ ਦਮ ਚੁੱਪ ਕਰ ਗਿਆ ਤੇ ਧਿਆਨ ਨਾਲ ਕਾਰ ਚਲਾਉਣ ਲੱਗਿਆ ਪਰ ਉਸ ਦੇ ਮਨ ਵਿੱਚ ਹਾਲੇ ਵੀ ਗੁਦਗੁਦੀ ਹੋਈ ਜਾ ਰਹੀ ਸੀ। ਗੋਲਡੀ ਉਸ ਦੀਆਂ ਅੱਖਾਂ ਸਾਹਮਣੇ ਆ-ਜਾ ਰਹੀ ਸੀ।

ਗੋਲਡੀ ਵਤਨ ਸਿੰਘ ਦੀ ਧੀ। ਉਹਨਾਂ ਦੀ ਨਾਲ ਦੀ ਰੋਡ ‘ਤੇ ਹੀ ਇਹ ਪਰਿਵਾਰ ਰਹਿੰਦਾ ਸੀ। ਗੋਲਡੀ ਉਹਨਾਂ ਦੀ ਕੁੜੀ ਪਾਇਲ ਨਾਲ ਹੀ ਪੜ੍ਹਦੀ ਸੀ ਤੇ ਉਸ ਦੀ ਪੱਕੀ ਸਹੇਲੀ ਵੀ ਸੀ। ਛੋਟੀ ਉਮਰ ਵਿੱਚ ਹੀ ਗੋਲਡੀ ਪੌਣੇ-ਛੇ ਫੁੱਟ ਦੇ ਕਰੀਬ ਲੰਮੀ ਹੋ ਗਈ ਸੀ। ਬਹੁਤ ਸੁਹਣੀ ਲਗਦੀ ਸੀ। ਉਹ ਮਨ ਹੀ ਮਨ ਕਹਿੰਦਾ, ‘ਕਿਆ ਸੱਪਣੀ ਜਿਹਾ ਸਰੀਰ ਹੈ!’ ਕੁੰਦਨ ਨੇ ਉਸ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਵੱਡੀ ਹੁੰਦੀ ਨੂੰ ਦੇਖਿਆ ਸੀ। ਉਸ ਦੀ ਕੁੜੀ ਪਾਇਲ ਨਾਲ ਉਹ ਅਕਸਰ ਉਹਨਾਂ ਦੇ ਘਰ ਆ ਜਾਇਆ ਕਰਦੀ ਸੀ। ਬਾਰਾਂ ਸਾਲ ਦੀ ਉਮਰ ਟੱਪਦਿਆਂ ਹੀ ਗੋਲਡੀ ਪੂਰੀ ਜਵਾਨ ਨਿਕਲਣ ਲੱਗੀ ਸੀ ਜਦ ਕਿ ਪਾਇਲ ਮਧਰੀ ਰਹਿ ਗਈ ਸੀ ਤੇ ਉਸ ਦੇ ਅੰਗ ਵੀ ਗੋਲਡੀ ਵਾਂਗ ਨਹੀਂ ਸਨ ਫੁੱਟੇ। ਗੋਲਡੀ ਨੂੰ ਦੇਖਦਿਆਂ ਹੀ ਕੁੰਦਨ ਨੂੰ ਕੁਝ ਕੁਝ ਹੋਣ ਲਗਦਾ। ਉਸ ਦਾ ਦਿਲ ਕਰਦਾ ਕਿ ਗੋਲਡੀ ਨੂੰ ਬਾਹਾਂ ਵਿੱਚ ਲੈ ਲਵੇ ਪਰ ਉਹ ਉਸੇ ਵਕਤ ਹੀ ਆਪਣੇ ਆਪ ਨੂੰ ਝਿੜਕਣ ਲਗਦਾ ਕਿ ਗੋਲਡੀ ਤਾਂ ਉਸ ਦੀ ਧੀ ਵਾਂਗ ਹੈ, ਉਸ ਨੂੰ ਉਸ ਬਾਰੇ ਅਜਿਹਾ ਨਹੀਂ ਸੋਚਣਾ ਚਾਹੀਦਾ।

ਕੁੰਦਨ ਦੀ ਸ਼ਰਾਬ ਠੀਕ ਨਹੀਂ ਸੀ। ਸ਼ਰਾਬੀ ਹੋਇਆ ਕੁੰਦਨ ਕੁੰਦਨ ਨਹੀਂ ਸੀ ਰਹਿੰਦਾ। ਜ਼ਿਆਦਾ ਸ਼ਰਾਬੀ ਹੁੰਦਾ ਤਾਂ ਉਸ ਨੂੰ ਇਹ ਵੀ ਨਾ ਪਤਾ ਚਲਦਾ ਕਿ ਉਸ ਦੇ ਬੱਚੇ ਕੋਲ ਬੈਠੇ ਹਨ, ਉਹ ਮਨਜੀਤ ਨੂੰ ਜੱਫੀਆਂ ਪਾਉਣ ਲਗਦਾ। ਸੋਫੀ ਹੋਏ ਨਾਲ ਮਨਜੀਤ ਲੜਦੀ, ਸਮਝਾਉਂਦੀ। ਉਹ ਪਲ ਕੁ ਲਈ ਸ਼ਰਮ ਜਿਹੀ ਮਹਿਸੂਸ ਕਰਦਾ ਪਰ ਫਿਰ ਕਹਿੰਦਾ,

“ਦੇਖ, ਟੈਲੀ ‘ਤੇ ਸਾਹਮਣੇ ਕਿੱਸਾਂ ਹੁੰਦੀਆਂ, ਬੈੱਡਰੂਮ ਦੇ ਸੀਨ ਚਲਦੇ ਨੇ, ਇਹਨਾਂ ਨਿਆਣਿਆਂ ਨੂੰ ਸੈਕਸ ਐਜੂਕੈਸ਼ਨ ਵੀ ਦਿਤੀ ਜਾਂਦੀ ਏ, ਤੂੰ ਕਾਹਨੂੰ ਫਿਕਰ ਕਰਦੀ ਏਂ?”

“ਉਹ ਟੈਲੀ ਐ, ਅਸਲੀ ਜ਼ਿੰਦਗੀ ਨਹੀਂ।”

“ਯਾਰ, ਇੰਗਲੈਂਡ ਆ ਕੇ ਵੀ ਤੂੰ ਇੰਡੀਆ ਵਾਲੀ ਸੋਚ ਲਈ ਫਿਰਦੀ ਐਂ!”

“ਤੂੰ ਬਹੁਤਾ ਗੋਰਾ ਨਾ ਬਣ, ਮੈਂ ਦੇਖਦੀ ਆਂ ਕਿ ਤੂੰ ਜ਼ਿਆਦਾ ਹੀ ਪੱਛਮੀ ਰੰਗ ਵਿੱਚ ਆਉਣਾ ਚਾਹੁੰਨੈਂ, ਕਿਤੇ ਔਲਾਦ ਨਾ ਗੁਆ ਲਈਂ ਹੱਥੋਂ!”

“ਸੌਰੀ ਮਨਜੀਤ! ...ਮੁੜ ਕੇ ਨਹੀਂ ਕਰਦਾ।”

ਉਹ ਆਖਦਾ ਪਰ ਮੁੜ ਕੇ ਸ਼ਰਾਬੀ ਹੋਇਆ ਉਹੀ ਜਿਹੀ ਹਰਕਤ ਫਿਰ ਕਰ ਬੈਠਦਾ। ਉਸ ਦੇ ਬੱਚੇ ਵੀ ਹੁਣ ਉਸ ਦੇ ਆਦੀ ਹੋ ਚੁੱਕੇ ਸਨ। ਕੁੜੀ ਪੰਦਰਾਂ-ਸੋਲਾਂ ਸਾਲ ਦੀ ਸੀ ਤੇ ਮੁੰਡਾ ਤਿੰਨ ਕੁ ਸਾਲ ਛੋਟਾ। ਕੁੜੀ ਪਾਇਲ ਪੜ੍ਹਨ ਨੂੰ ਐਸੀ ਵੈਸੀ ਹੀ ਸੀ। ਸਾਰਾ ਦਿਨ ਗੋਲਡੀ ਨਾਲ ਖੇਡਦੀ ਰਹਿੰਦੀ ਜਾਂ ਕਿਸੇ ਹੋਰ ਕੁੜੀ ਨਾਲ। ਉਹਨਾਂ ਦੀ ਰੋਡ ਦੀਆਂ ਕੁੜੀਆਂ-ਮੁੰਡੇ ਇਕੱਠੇ ਹੋ ਕੇ ਇਲਤਾਂ ਜਿਹੀਆਂ ਕਰਦੇ ਫਿਰਦੇ, ਕਈ ਵਾਰ ਪਾਇਲ ਉਹਨਾਂ ਵਿੱਚ ਵੀ ਜਾ ਰਲ਼ਦੀ। ਉਹਨਾਂ ਦੀ ਰੋਡ ਦੇ ਅਖੀਰ ‘ਤੇ ਅਫਰੀਕਨ ਪਰਿਵਾਰ ਰਹਿੰਦਾ ਸੀ ਜਿਸ ਦੇ ਪਤੀ-ਪਤਨੀ ਤਾਂ ਕੰਮਾਂ ਤੇ ਗਏ ਰਹਿੰਦੇ ਪਰ ਬੱਚੇ ਸਕੂਲਾਂ ਤੋਂ ਆ ਕੇ ਸੜਕਾਂ ਉਪਰ ਨਿਕਲ ਜਾਂਦੇ। ਪਿਛਲੇ ਕੁਝ ਸਮੇਂ ਤੋਂ ਪਾਇਲ ਦੀ ਉਹਨਾਂ ਬੱਚਿਆਂ ਨਾਲ ਦੋਸਤੀ ਪੈ ਗਈ ਹੋਈ ਸੀ। ਉਹ ਬਿਨਾਂ ਦੱਸੇ ਹੀ ਉਹਨਾਂ ਨਾਲ ਜਾ ਰਲ਼ਦੀ।...

ਇਕ ਦਿਨ ਕੁੰਦਨ ਘਰ ਇਕੱਲਾ ਹੀ ਸੀ। ਐਤਵਾਰ ਦਾ ਦਿਨ ਹੋਣ ਕਰਕੇ ਮਨਜੀਤ ਬੱਚੇ ਲੈ ਕੇ ਗੁਰਦਵਾਰੇ ਚਲੇ ਗਈ ਹੋਈ ਸੀ। ਕੁੰਦਨ ਤਾਂ ਕਦੇ ਕਦਾਈਂ ਹੀ ਜਾਂਦਾ ਸੀ। ਅਚਾਨਕ ਡੋਰ ਬੈੱਲ ਹੋਈ। ਕੁੰਦਨ ਨੇ ਬੂਹਾ ਖੋਹਲਿਆ। ਗੋਲਡੀ ਖੜੀ ਸੀ। ਹਲਕਾ ਜਿਹਾ ਮੀਂਹ ਪੈ ਰਿਹਾ ਸੀ। ਉਸ ਨੇ ਕਿਹਾ,

“ਗੋਲਡੀ, ਇਟਜ਼ ਬਲੱਡੀ ਕੋਲਡ, ਬੈਟਰ, ਯੂ ਕਮ ਇਨਸਾਈਡ!”

ਗੋਲਡੀ ਅੰਦਰ ਆ ਗਈ। ਉਹ ਕੁੰਦਨ ਤੋਂ ਵੀ ਲੰਮੀ ਸੀ। ਉਸ ਦੇ ਵਾਲਾਂ ਵਿੱਚ ਮੀਂਹ ਦੀਆਂ ਬੂੰਦਾਂ ਮੋਤੀਆਂ ਵਾਂਗ ਚਮਕ ਰਹੀਆਂ ਸਨ। ਉਹ ਉਸ ਵਲ ਲਗਾਤਾਰ ਦੇਖਦਾ ਜਾ ਰਿਹਾ ਸੀ। ਉਸ ਦੇ ਮਨ ਵਿੱਚ ਕੁਝ ਚਲਣ ਲੱਗ ਪਿਆ। ਉਸ ਦੇ ਬੁੱਲ੍ਹ ਫਰਕ ਰਹੇ ਸਨ। ਜ਼ਰਾ ਕੁ ਹੈਰਾਨ ਹੁੰਦੀ ਗੋਲਡੀ ਨੇ ਪੁੱਛਿਆ,

“ਆਰ ਯੂ ਓਕੇ ਅੰਕਲ?”

“ਓ ਯੈਸ, ਯੂ ਜਸਟ ਲੁੱਕ ਬਿਊਟੀਫੁੱਲ!”

“ਪਾਇਲ ਕਿੱਥੇ ਆ?”

“ਉਹ ਤੇ ਅਮਰਜੋਤ ਗੁਰਦਵਾਰੇ ਗਏ ਨੇ ਆਪਣੀ ਮੰਮੀ ਨਾਲ।”

"ਮੈਂ ਤਾਂ ਪਾਇਲ ਨੂੰ ਮਿਲਣਾ ਮੰਗਦੀ ਸੀ, ਬੈਟਰ ਆਏ ਗੋ।"

"ਗੋਲਡੀ, ਤੂੰ ਵੇਟ ਕਰ ਲੈ ਓਹਦੀ, ਓਹਨੇ ਆ ਜਾਣੈਂ।"

ਗੋਲਡੀ ਉਸ ਦੇ ਕਹਿਣ 'ਤੇ ਸੈਟੀ ਉਪਰ ਬੈਠ ਗਈ। ਉਸ ਨੇ ਕੁੰਦਨ ਦੀਆਂ ਅੱਖਾਂ ਵਿੱਚ ਧਿਆਨ ਨਾਲ ਦੇਖਿਆ। ਗੋਲਡੀ ਦੇ ਅੰਦਰਲੀ ਔਰਤ ਕੁੰਦਨ ਦੇ ਇਰਾਦੇ ਸਮਝਣ ਲੱਗੀ। ਉਸ ਨੇ ਹਲਕੀ ਜਿਹੀ ਮੁਸਕ੍ਰਾਹਟ ਦਿਤੀ। ਕੁੰਦਨ ਨੇ ਪੁੱਛਿਆ,

"ਗੋਲਡੀ, ਯੂ ਨੀਡ ਐਨੀਥਿੰਗ?"

"ਯੈੱਸ, ਇਫ ਯੂ ਕੈਨ ਲੈਂਡ ਮੀ ਏ ਫਾਈਵਰ!"

ਕੁੰਦਨ ਨੇ ਜੇਬ੍ਹ ਵਿੱਚੋਂ ਪੰਜਾਂ ਦਾ ਨੋਟ ਕੱਢ ਕੇ ਉਸ ਦੇ ਹੱਥ ਉਪਰ ਰੱਖਦੇ ਕਿਹਾ,

"ਕੀਪ ਇਟ ਐਂਡ ਡੌਂਟ ਮੈਨਸ਼ਨ ਟੂ ਐਨੀ ਵਨ।"

ਨਾਲ ਹੀ ਉਸ ਨੇ ਉਸ ਨੂੰ ਬਾਹੋਂ ਫੜ੍ਹ ਕੇ ਆਪਣੇ ਵੱਲ ਖਿੱਚ ਲਿਆ। ਉਸ ਦਾ ਚਿਹਰਾ ਆਪਣੇ ਹੱਥਾਂ ਵਿੱਚ ਲਿਆ। ਇਕ ਵਾਰ ਤਾਂ ਗੋਲਡੀ ਦੇ ਚਿਹਰੇ ਵਿੱਚੋਂ ਪਾਇਲ ਝਾਕੀ ਪਰ ਅਗਲੇ ਪਲ ਓਝਲ ਹੋ ਗਈ। ਉਹ ਗੋਲਡੀ ਨੂੰ ਚੁੰਮਣ ਲੱਗਿਆ। ਕੁਝ ਪਲ ਲਈ ਤਾਂ ਗੋਲਡੀ ਨੇ ਉਜਰ ਨਾ ਕੀਤਾ ਪਰ ਫਿਰ ਉਸ ਤੋਂ ਆਪਾ ਛੁਡਾ ਕੇ ਤੁਰ ਪਈ। ਜਾਂਦੀ ਹੋਈ ਬੋਲੀ,

"ਥੈਂਕਸ ਫਾਰ ਫਾਈਵਰ ਅੰਕਲ।"

ਉਸ ਦੇ ਜਾਣ ਤੋਂ ਬਾਅਦ ਕੁੰਦਨ ਨੇ ਵਿਸਕੀ ਦਾ ਵੱਡਾ ਸਾਰਾ ਪੈੱਗ ਬਣਾਇਆ ਤੇ ਇਕੋ ਸਾਹੇ ਪੀ ਲਿਆ। ਉਹ ਬੁੜਬੁੜਾਉਣ ਲਗਿਆ,

"ਕੰਜਰ ਦਿਆ, ਇਹ ਕੀ ਕੀਤਾ ਤੂੰ?"

"ਮਾਈਂ ਯਾਵਿਆ, ਏਨਾ ਕੁ ਤਾਂ ਜੇਠੂ ਦਾ ਹੱਕ ਬਣਦਾ ਈ ਏ, ਰੋਹੀ 'ਚ ਸਨੋਫਾਲ!"

"ਤੇਰੀ ਧੀ ਦੀ ਹਾਨਣ ਏ!"

"ਧੀ ਤਾਂ ਨਹੀਂ ਏ, ਤੂੰ ਚੁੱਪ ਰਹਿ।"

ਮਨਜੀਤ ਤੇ ਬੱਚਿਆਂ ਦੇ ਵਾਪਸ ਆਉਣ ਤਕ ਉਹ ਸ਼ਰਾਬੀ ਜਿਹਾ ਹੋ ਚੁੱਕਿਆ ਸੀ। ਉਹ ਜਲਦੀ ਹੀ ਬਹੁਤਾ ਕਿਸੇ ਨਾਲ ਬੋਲੇ ਸੌਣ ਚਲੇ ਗਿਆ। ਅਗਲੀ ਸਵੇਰ ਉਸ ਨੂੰ ਸ਼ਰਮ ਆ ਰਹੀ ਸੀ ਕਿ ਉਸ ਦੀ ਧੀ ਨੂੰ ਪਤਾ ਚਲੇ ਤਾਂ ਕੀ ਸੋਚੇ, ਮਨਜੀਤ ਨੂੰ ਪਤਾ ਲੱਗੇਗਾ ਤਾਂ ਉਹ ਤਾਂ ਕੱਚੇ ਨੂੰ ਹੀ ਚਬਾ ਜਾਵੇਗੀ! ਪਤਨੀ ਤੇ ਬੱਚਿਆਂ ਦੇ ਬਾਹਰੋਂ ਮੁੜਨ ਤਕ ਉਹ ਸਾਵਾਂ ਹੋ ਚੁੱਕਿਆ ਸੀ।

ਉਸ ਨੂੰ ਪਤਾ ਸੀ ਕਿ ਗੋਲਡੀ ਦੇ ਪਿਓ ਵਤਨ ਸਿੰਘ ਦੇ ਆਪਣੀ ਪਤਨੀ ਨਾਲ ਸਬੰਧ ਠੀਕ ਨਹੀਂ ਸਨ ਚਲ ਰਹੇ। ਪਤਨੀ ਅਲੱਗ ਰਹਿੰਦੀ ਸੀ। ਵਤਨ ਸਿੰਘ ਨੂੰ ਉਹ ਅਕਸਰ ਮੇਨ ਰੋਡ ਉਪਰਲੀ ਸ਼ਰਾਬ ਦੀ ਦੁਕਾਨ ਵਿੱਚ ਖੜਿਆਂ ਦੇਖਿਆ ਕਰਦਾ ਸੀ। ਉਸ ਦਿਨ ਉਹ ਕਾਰ ਲੈ ਕੇ ਬਾਹਰ ਨਿਕਲਿਆ ਤਾਂ ਵਤਨ ਸਿੰਘ ਦੁਕਾਨ ਉਪਰ ਖੜਾ ਹੀ ਮਿਲ ਗਿਆ। ਉਸ ਨੇ ਜਾ ਕੇ ਵਿਸ਼ੇਸ਼ ਤੌਰ 'ਤੇ ਉਸ ਨਾਲ ਹੱਥ ਮਿਲਾਇਆ। ਆਪਣੇ ਬਾਰੇ ਦੱਸਦਾ ਹੋਇਆ ਬੋਲਿਆ,

"ਮੇਰੀ ਡੌਟਰ ਪਾਇਲ ਗੋਲਡੀ ਨਾਲ ਪੜ੍ਹਦੀ ਏ।"

"ਹਾਂ, ਮੈਨੂੰ ਪਤਾ ਏ।"

"ਦੱਸੋ ਕੀ ਪੀਓਂਗੇ?"

"ਮੈਂ ਲੌਂਗ ਲਾਈਫ ਦੇ ਦੋ ਡੱਬੇ ਲਵਾਂਗਾ।"

ਵਤਨ ਸਿੰਘ ਨੇ ਇਕ ਦਮ ਕਿਹਾ। ਕੁੰਦਨ ਨੇ ਉਸ ਨੂੰ ਲੌਂਗ ਲਾਈਫ ਬੀਅਰ ਦੇ ਦੋ ਡੱਬੇ ਲੈ ਦਿਤੇ। ਦੋ ਕੁ ਵਾਰ ਇਵੇਂ ਹੋਰ ਉਸ ਲਈ ਬੀਅਰ ਖਰੀਦ ਕੇ ਦੋਸਤੀ ਵਧਾ ਲਈ। ਇਕ ਦਿਨ ਕੁੰਦਨ ਨੇ ਕਿਹਾ,

"ਵੱਡੇ ਭਾਊ, ਕਿਤੇ ਮਹਿਫਲ ਲਾਈਏ, ਦੋਵੇਂ ਭਰਾ ਰਲ਼ ਕੇ ਦਾਰੂ ਪੀਵੀਏ, ਆਪਣਾ ਇਲਾਕਾ ਇਕ, ਆਪਣੀ ਬਰਾਦਰੀ ਇਕ, ਆਪਾਂ ਨੂੰ ਮਿਲਣਾ ਗਿਲਣਾ ਚਾਹੀਦਾ ਏ।"

"ਕੁੰਦਨ ਜੀ, ਤੁਸੀਂ ਵੱਡੇ ਬੰਦੇ ਓ, ਤੁਹਾਡੀਆਂ ਤਾਂ ਫੋਟੋ ਵੀ ਅਖਬਾਰਾਂ ਵਿੱਚ ਆਉਂਦੀਆਂ ਰਹਿੰਦੀਆਂ, ਸਾਨੂੰ ਗਰੀਬਾਂ ਨੂੰ ਕੌਣ ਮਿਲਦਾ।"

"ਲੈ ਭਾਊ, ਵੱਡੇ-ਛੋਟੇ ਦਾ ਕੋਈ ਫਰਕ ਨਹੀਂ, ਤੂੰ ਹੁਕਮ ਕਰ, ਬੋਤਲ ਮੈਂ ਲੈ ਲੈਂਨਾ ਤੇ ਨਾਲੇ ਚਿੱਕਨ ਵੀ, ਤੂੰ ਸੱਦਾ ਦੇ।"

ਕੁਝ ਦਿਨਾਂ ਬਾਅਦ ਕੁੰਦਨ ਤੇ ਵਤਨ ਸਿੰਘ ਇਕੱਠੇ ਬੈਠੇ ਸ਼ਰਾਬ ਪੀ ਰਹੇ ਸਨ। ਗੋਲਡੀ ਵੀ ਘਰ ਹੀ ਸੀ। ਸ਼ਰਾਬੀ ਹੋਏ ਕੁੰਦਨ ਨੇ ਗੋਲਡੀ ਨੂੰ ਜੱਫੀ ਵਿੱਚ ਲੈਂਦਿਆਂ ਵਤਨ ਸਿੰਘ ਨੂੰ ਕਿਹਾ,

"ਭਾਊ, ਇਹ ਕੁੜੀ ਮੇਰੀ ਧੀ ਵੇ, ਮੈਨੂੰ ਏਹਦੇ ਨਾਲ ਬਹੁਤ ਪਿਆਰ ਏ।"

ਫਿਰ ਉਸ ਦੀ ਗੱਲ 'ਤੇ ਚੁੰਮਣ ਦਿੰਦੇ ਨੇ ਜੇਬ੍ਹ ਵਿੱਚੋਂ ਦਸ ਪੌਂਡ ਕੱਢੇ, ਗੋਲਡੀ ਨੂੰ ਦਿੰਦਾ ਕਹਿਣ ਲੱਗਿਆ,

"ਲੈ ਕੁੜੀਏ, ਆਪਣੇ ਲਈ ਕੁਝ ਖਰੀਦ ਲਈਂ।"

ਗੋਲਡੀ ਨੇ ਪੈਸੇ ਫੜ੍ਹ ਲਏ। ਉਸ ਨੂੰ ਇਕ ਚੁੰਮਣ ਹੋਰ ਦੇ ਕੇ ਕੁੰਦਨ ਉਥੋਂ ਤੁਰ ਪਿਆ। ਕਾਰ ਵਿੱਚ ਬੈਠਦਿਆਂ ਬੋਲਿਆ,

"ਕੰਜਰ ਦਿਆ, ਤੈਨੂੰ ਤਾਂ ਇਹਦੇ ਨਾਲ ਪਿਆਰ ਹੋ ਗਿਆ ਲਗਦਾ।"

"ਕਿਉਂ? ਜੇਠੂ ਦਾ ਕਿਸੇ ਖ਼ੁਸ਼ੀ 'ਤੇ ਕੋਈ ਹੱਕ ਨਹੀਂ?

ਬਹੁਤੀ ਵਾਰ ਜੇਠੂ ਗੁੱਸੇ ਵਿੱਚ ਹੀ ਬਾਹਰ ਆਉਂਦਾ ਪਰ ਜੇ ਕਿਤੇ ਨਿਕੀ ਜਿਹੀ ਵੀ ਖ਼ੁਸ਼ੀ ਮਿਲਦੀ ਹੋਵੇ ਤਾਂ ਜੇਠੂ ਮੌਕਾ ਨਾ ਛੱਡਦਾ।

ਜੇਠੂ ਦਾ ਆਪਣਾ ਕੋਈ ਨਹੀਂ ਸੀ। ਉਸ ਨੇ ਇਕ ਕਿਸਮ ਨਾਲ ਆਪਣੇ ਆਪ ਨੂੰ ਆਪ ਪਾਲ਼ਿਆ ਸੀ ਤੇ ਕੁਝ ਕੰਮ ਕੁਦਰਤ ਨੇ ਕੀਤਾ ਸੀ। ਤਾਈ ਦੇ ਮਨ੍ਹਾਂ ਕਰਨ ਦੇ ਬਾਵਜੂਦ ਤਾਏ ਨੇ ਉਸ ਨੂੰ ਸਕੂਲੇ ਪੜ੍ਹਨੇ ਪਾ ਦਿਤਾ ਸੀ। ਘਰ ਦੇ ਇੰਨੇ ਕੰਮ ਕਰਕੇ, ਕਪੜੇ ਧੋ ਕੇ, ਝਾੜੂ ਮਾਰ ਕੇ, ਖੇਤਾਂ ਵਿੱਚ ਕੰਮ ਕਰਕੇ ਵੀ ਸਕੂਲ ਉਹ ਵਕਤ ਸਿਰ ਪੁੱਜ ਜਾਂਦਾ। ਪੜ੍ਹਨ ਵਿੱਚ ਉਹ ਹੁਸ਼ਿਆਰ ਸੀ। ਚਾਰੇ ਪਾਸੇ ਫੈਲੇ ਰੇਗਿਸਤਾਨ ਵਿੱਚ ਇਕ ਹਲਕੀ ਜਿਹੀ ਛਾਂ ਵਾਲਾ ਬੂਟਾ ਵੀ ਸੀ; ਇੰਦਰ ਸਿੰਘ। ਇੰਦਰ ਸਿੰਘ ਉਸ ਦੇ ਪਿਓ ਪਿਆਰਾ ਸਿੰਘ ਦਾ ਦੋਸਤ ਸੀ, ਸਕੂਲ ਵਿੱਚ ਮਾਸਟਰ ਸੀ। ਸਕੂਲ ਗਏ ਦਾ ਉਹ ਉਸ ਦਾ ਖਾਸ ਧਿਆਨ ਰੱਖਣ ਲੱਗਿਆ। ਜਦ ਉਸ ਨੇ ਦੇਖਿਆ ਕਿ ਮੁੰਡਾ ਪੜ੍ਹਨ ਵਿੱਚ ਹੁਸ਼ਿਆਰ ਹੈ ਤਾਂ ਉਹ ਆਪ ਜਾ ਕੇ ਉਸ ਦੇ ਤਾਏ ਆਤਮਾ ਸਿੰਘ ਨੂੰ ਮਿਲਿਆ ਸੀ ਤੇ ਕਹਿਣ ਲੱਗਿਆ,

"ਆਤਮਾ ਸਿਆਂ, ਮੁੰਡਾ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਏ, ਇਹਨੂੰ ਪੜ੍ਹਾ ਦੇ, ਪੁੰਨ ਦਾ ਕੰਮ ਹੋਵੇਗਾ। ...ਆਖਿਰ, ਤੇਰੇ ਭਰਾ ਦੀ ਨਿਸ਼ਾਨੀ ਏ!"

"ਇੰਦਰ ਸਿੰਘ ਜੀ, ਤੁਸੀਂ ਏਹਦਾ ਧਿਆਨ ਰੱਖਣਾਂ, ਜੇ ਥੋੜੇ ਬਹੁਤ ਖਰਚ ਦੀ ਗੱਲ ਹੋਈ ਤਾਂ ਮੈਨੂੰ ਪਰਦੇ ਨਾਲ ਦੱਸ ਦੇਣਾਂ।"

ਆਤਮਾ ਸਿੰਘ ਘਰ ਵਿੱਚ ਪੈਣ ਵਾਲੀ ਲੜਾਈ ਤੋਂ ਵੀ ਡਰ ਰਿਹਾ ਸੀ।

ਕੁੰਦਨ ਜਮਾਤ ਦਰ ਜਮਾਤ ਪਾਸ ਹੁੰਦਾ ਗਿਆ। ਉਸ ਦੀ ਸਕੂਲ ਦੀ ਫੀਸ ਮੁਆਫ ਸੀ। ਇੰਦਰ ਸਿੰਘ ਨੇ ਉਸ ਨੂੰ ਕੁਝ ਟਿਊਸ਼ਨਾਂ ਲੈ ਦਿਤੀਆਂ। ਫਿਰ ਉਸ ਨੇ ਟਰੈਕਟਰ ਚਲਾਉਣਾ ਸਿੱਖ ਲਿਆ ਤਾਂ ਲੋਕਾਂ ਦੇ ਟਰੈਕਰਟ ਚਲਾ ਕੇ ਜੇਬ੍ਹ ਖਰਚ ਤੋਰ ਲੈਂਦਾ। ਇਵੇਂ ਰੁਲ਼ਦਾ-ਖੁਲ਼ਦਾ ਉਹ ਦਸ ਜਮਾਤਾਂ ਪਾਸ ਕਰ ਗਿਆ। ਉਸ ਦੇ ਦਸਵੀਂ ਪਾਸ ਕਰਨ 'ਤੇ ਤਾਈ ਬਹੁਤ ਔਖੀ ਸੀ ਕਿਉਂਕਿ ਉਸ ਦਾ ਤਾਂ ਆਪਣਾ ਕੋਈ ਵੀ ਬੱਚਾ ਇਥੋਂ ਤਕ ਪੁੱਜਾ ਹੀ ਨਹੀਂ ਸੀ। ਹੁਣ ਤਕ ਉਹ ਕੁੰਦਨ ਸਿੰਘ ਕੁੰਦਨ ਬਣ ਕਵਿਤਾ ਵੀ ਲਿਖਣ ਲੱਗ ਪਿਆ ਸੀ। ਕਵਿਤਾ ਲਿਖਣ ਦਾ ਉਸ ਨੂੰ ਫਾਇਦਾ ਇਹ ਹੋਇਆ ਕਿ ਕਿਸੇ ਗੁਰਪੁਰਬ ਜਾਂ ਹੋਰ ਧਾਰਮਿਕ ਦਿਹਾੜੇ 'ਤੇ ਉਹ ਗੁਰਦਵਾਰੇ ਜਾ ਕੇ ਕਵਿਤਾ ਪੜ੍ਹ ਆਉਂਦਾ, ਜਿਸ ਨਾਲ ਉਸ ਨੂੰ ਕੁਝ ਜੇਬ੍ਹ ਖਰਚ ਮਿਲ ਜਾਂਦਾ। ਦਸਵੀਂ ਕਰਕੇ ਉਹ ਨੌਕਰੀ ਲਈ ਹੱਥ ਪੈਰ ਮਾਰਨ ਲੱਗਿਆ ਪਰ ਇੰਦਰ ਸਿੰਘ ਨੇ ਦੇਖਿਆ ਕਿ ਮੁੰਡਾ ਪੜ੍ਹਨ ਨੂੰ ਤੇਜ਼ ਹੈ ਤੇ ਉਸ ਨੇ ਅਗੇ ਵੀ ਪੜ੍ਹ ਲੈਣਾ ਹੈ ਇਸ ਲਈ ਉਸ ਨੂੰ ਕਾਲਜ ਵਿੱਚ ਦਾਖਲ ਕਰਾ ਦਿਤਾ। ਕੁੰਦਨ ਨੇ ਐਗਰੀਕਲਚਰਲ ਵਿੱਚ ਬੀ. ਐਸ ਸੀ. ਕਰ ਲਈ।

ਕੁੰਦਨ ਤੇ ਜੇਠੂ ਇਕੱਠੇ ਵੱਡੇ ਹੋਏ ਪਰ ਜੇਠੂ ਕੁੰਦਨ ਨਾਲੋਂ ਬਹੁਤਾ ਤਾਕਤਵਰ ਸੀ, ਬਹੁਤੀ ਵਾਰ ਉਸ ਨੂੰ ਢਾਅ ਲੈਂਦਾ ਸੀ ਤੇ ਉਸ ਲਈ ਬਹੁਤ ਸਾਰੀਆਂ ਮੁਸ਼ਕਲਾਂ ਖੜੀਆਂ ਕਰ ਦਿੰਦਾ। ਕੁੰਦਨ ਨੂੰ ਦਿਸ ਰਿਹਾ ਸੀ ਕਿ ਇਕ ਵਾਰ ਫਿਰ ਜੇਠੂ ਉਸ ਲਈ ਕੋਈ ਮੁਸੀਬਤ ਪੈਦਾ ਕਰੇਗਾ। ਗੋਲਡੀ ਅਕਸਰ ਉਸ ਕੋਲੋਂ ਪਰਦੇ ਜਿਹੇ ਨਾਲ ਕੁਝ ਪੈਸੇ ਫੜ ਲੈ ਜਾਂਦੀ।...

ਜ਼ਿਆਦਾ ਸ਼ਰਾਬ ਪੀਣ ਕਰਕੇ ਵਤਨ ਸਿੰਘ ਦਾ ਲਿਵਰ ਖਰਾਬ ਰਹਿੰਦਾ ਸੀ। ਉਸ ਨੂੰ ਕਈ ਵਾਰ ਹਸਪਤਾਲ ਵੀ ਜਾਣਾ ਪੈਂਦਾ। ਇਕ ਵਾਰ ਹਸਪਤਾਲ ਗਿਆ ਤਾਂ ਗੋਲਡੀ ਕੁੰਦਨ ਦੇ ਘਰ ਰਹਿਣ ਆ ਗਈ। ਜਿੰਨਾ ਚਿਰ ਵਤਨ ਸਿੰਘ ਵਾਪਸ ਨਹੀਂ ਆਇਆ ਉਹ ਉਥੇ ਹੀ ਰਹੀ। ਕੁੰਦਨ ਦਾ ਗੋਲਡੀ ਪ੍ਰਤੀ ਵੱਖਰੀ ਕਿਸਮ ਦਾ ਵਿਵਹਾਰ ਦੇਖ ਕੇ ਮਨਜੀਤ ਸ਼ੱਕ ਕਰਨ ਲੱਗੀ। ਉਹ ਤਾਂ ਪਹਿਲਾਂ ਹੀ ਕੁੰਦਨ ਉਪਰ ਪੂਰੀ ਨਜ਼ਰ ਰੱਖਦੀ ਸੀ। ਇਕ ਦਿਨ ਸ਼ਰਾਬੀ ਹੋਏ ਕੁੰਦਨ ਨੂੰ ਜੇਠੂ ਨੇ ਪਿੱਛੇ ਧੱਕਿਆ ਤੇ ਗੋਲਡੀ ਨੂੰ ਜੱਫੀ ਪਾ ਲਈ। ਮਨਜੀਤ ਇਕ ਦਮ ਬੋਲੀ,

"ਇਹ ਕੀ ਕਰਦਾਂ? ਤੇਰੀ ਧੀ ਦੀ ਉਮਰ ਦੀ ਆ ਉਹ!"

ਪਤਨੀ ਦੀ ਡਾਂਟ ਖਾ ਕੇ ਜੇਠੂ ਪਿੱਛੇ ਲੁਕ ਗਿਆ ਤੇ ਕੁੰਦਨ ਨੂੰ ਮੂਹਰੇ ਕਰ ਦਿਤਾ। ਕੁੰਦਨ ਸਿੰਘ ਸੰਭਲਦਾ ਆਖਣ ਲੱਗਿਆ,

"ਬਿਲਕੁਲ, ਇਹ ਤਾਂ ਮੇਰੀ ਧੀ ਈ ਏ, ਤੂੰ ਖਾਹਮਖਾਹ ਬੋਲੀ ਜਾਨੀ ਏਂ।"

ਆਖਦਾ ਉਹ ਗੋਲਡੀ ਦੀ ਗੱਲ੍ਹ ਥਪ-ਥਪਾਉਣ ਲਗਿਆ। ਮਨਜੀਤ ਨੇ ਗੋਲਡੀ ਨੂੰ ਚਲੇ ਜਾਣ ਦਾ ਇਸ਼ਾਰਾ ਕੀਤਾ। ਉਹ ਪਾਇਲ ਦੇ ਕਮਰੇ ਵਿੱਚ ਹੀ ਸੌਂਦੀ ਸੀ। ਮਨਜੀਤ ਨੇ ਕੁੰਦਨ ਨੂੰ ਬਾਹੋਂ ਫੜ ਲਿਆ ਤੇ ਬੋਲੀ,

"ਸੱਚ ਬੋਲ ਤੂੰ ਗੋਲਡੀ ਨੂੰ ਕੀ ਸਮਝਦੈਂ?"

"ਮੈਂ ਤਾਂ ਧੀ ਈ ਸਮਝਦਾਂ, ਹੋਰ ਕੀ!"

"ਧੀ ਨਾਲ ਕੋਈ ਏਦਾਂ ਜੱਫੀ ਨਹੀਂ ਪਾਉਂਦਾ!"

"ਮਨਜੀਤ ਕੁਰੇ, ਐਵੇਂ ਵਹਿਮ ਨਾ ਕਰ, ਨਾਲ਼ੇ ਹੌਲੀ ਬੋਲ, ਉਹ ਵਿਚਾਰੀ ਸ਼ਰੀਫ ਕੁੜੀ ਏ, ਕੀ ਸੋਚੇਗੀ?"

"ਏਹਦੀ ਸ਼ਰਾਫਤ ਨੂੰ ਮੈਂ ਜਾਣਦੀ ਆਂ, ਚਾਰ ਚਾਰ ਬੁਆਏ-ਫਰੈਂਡ ਰੱਖੀ ਫਿਰਦੀ ਐ!"

ਮਨਜੀਤ ਕੋਰ ਗੁੱਸੇ ਵਿੱਚ ਤਪ ਰਹੀ ਸੀ। ਇਕ ਵਾਰ ਤਾਂ ਉਸ ਦਾ ਦਿਲ ਕੀਤਾ ਕਿ ਗੋਲਡੀ ਨੂੰ ਹੁਣੇ ਹੀ ਘਰੋਂ ਕੱਢ ਦੇਵੇ ਪਰ ਫਿਰ ਉਸ ਨੂੰ ਤਰਸ ਆ ਗਿਆ। ਕਸੂਰ ਤਾਂ ਸਾਰਾ ਕੁੰਦਨ ਦਾ ਸੀ। ਉਹ ਕੁੰਦਨ ਦਾ ਖਾਸ ਧਿਆਨ ਰੱਖਣ ਲੱਗੀ। ਤੀਜੇ ਦਿਨ ਵਤਨ ਸਿੰਘ ਹਸਪਤਾਲ ਤੋਂ ਵਾਪਸ ਆ ਗਿਆ ਤੇ ਗੋਲਡੀ ਚਲੇ ਗਈ। ਗੋਲਡੀ ਦੇ ਜਾਣ ਤੋਂ ਬਾਅਦ ਵੀ ਮਨਜੀਤ ਦਾ ਹਿਰਖ ਘਟਿਆ ਨਹੀਂ ਸੀ। ਉਹ ਬਹਾਨਾ ਜਿਹਾ ਲੱਭ

ਕੇ ਕੁੰਦਨ ਨਾਲ ਲੜਾਈ ਪਾ ਬਹਿੰਦੀ। ਉਹ ਪਾਇਲ ਤੇ ਅਮਰਜੋਤ ਨੂੰ ਕੁੰਦਨ ਦੇ ਖਿਲਾਫ ਇਸੇ ਗੱਲ ਨੂੰ ਵਰਤਦੀ ਹੋਈ ਚੁੱਕਣ ਲੱਗੀ। ਇਹ ਗੱਲ ਉਹਨਾਂ ਦੇ ਘਰ ਆਮ ਸੀ ਕਿ ਜਦ ਵੀ ਪਤੀ-ਪਤਨੀ ਵਿੱਚ ਖਿਚੋਤਾਣ ਹੁੰਦੀ ਤਾਂ ਬੱਚਿਆਂ ਨੂੰ ਇਕ ਦੂਜੇ ਦੇ ਖਿਲਾਫ ਭੜਕਾਉਣ ਲੱਗਦੇ।

ਇਕ ਰਾਤ ਪਤਨੀ ਨਾਲ ਸਹਿਵਾਸ ਕਰਦੇ ਸਮੇਂ ਕੋਈ ਗੱਲ ਕਰਦਾ ਕਰਦਾ ਕੁੰਦਨ ਗੋਲਡੀ ਦੇ ਸੁਹੱਪਣ ਦੀਆਂ ਤਾਰੀਫਾਂ ਕਰਨ ਲਗਿਆ। ਮਨਜੀਤ ਇਕ ਦਮ ਉਠ ਕੇ ਬਹਿ ਗਈ ਤੇ ਲੱਗੀ ਕੁੰਦਨ ਨੂੰ ਗਾਲ੍ਹਾਂ ਕੱਢਣ। ਕੁੰਦਨ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਉਹ ਮੁਆਫੀਆਂ ਮੰਗਦਾ ਰਿਹਾ। ਕੁੰਦਨ ਸੌਂਹਾਂ ਖਾਂਦਾ ਫਿਰੇ ਕਿ ਗੋਲਡੀ ਤਾਂ ਉਸ ਦੀ ਧੀ ਹੈ।...

ਹੁਣ ਤਾਂ ਗੋਲਡੀ ਨੂੰ ਦੇਖਿਆਂ ਵੀ ਬਹੁਤ ਦੇਰ ਹੋ ਗਈ ਸੀ ਪਰ ਗੋਲਡੀ ਜਿਵੇਂ ਹਾਲੇ ਵੀ ਉਸ ਦੇ ਅੰਦਰ ਰਹਿੰਦੀ ਸੀ। ਜਦ ਵੀ ਉਹ ਸੋਹਣੀ ਜਿਹੀ ਕੁੜੀ ਨੂੰ ਦੇਖਦਾ ਤਾਂ ਗੋਲਡੀ ਚੇਤੇ ਆ ਜਾਂਦੀ। ਅੱਜ ਏਨੇ ਦਿਨਾਂ ਬਾਅਦ ਜਦ ਜੋਗੇਂਦਰ ਪਤਨੀ ਰੁਚੀ ਨੂੰ ਦੇਖ ਕੇ ਉਹਨਾਂ ਦੋਨਾਂ ਨੂੰ ਇਕ ਦਮ ਗੋਲਡੀ ਦਾ ਖਿਆਲ ਆ ਗਿਆ। ਕੁੰਦਨ ਦੇ ਤਾਂ ਜਿਵੇਂ ਜ਼ਖਮ ਹਰੇ ਹੋ ਗਏ ਹੋਣ। ਉਸ ਨੇ ਆਹਿਸਤਾ ਜਿਹੇ ਪਤਨੀ ਨੂੰ ਕਿਹਾ,

"ਗੋਲਡੀ ਬੀਬੀ ਕੁੜੀ ਸੀ, ਤੂੰ ਐਵੇਂ ਹੀ ਉਹਦਾ ਘਰ ਆਉਣਾ ਬੰਦ ਕਰ ਦਿਤਾ!"

ਮਨਜੀਤ ਨੇ ਕਾਟਵੀਂ ਨਜ਼ਰ ਨਾਲ ਪਤੀ ਵਲ ਦੇਖਦਿਆਂ ਕਿਹਾ,

"ਕੁੰਦਨਾ, ਢੱਕਿਆ ਰਹਿ!"

4-ਲਿਖਾਰੀ ਸਭਾ ਦਾ ਅਗਾਂਹਵਧੂਪਨ

ਸੱਠਵਿਆਂ ਵਿੱਚ ਜਦ ਪੰਜਾਬੀ ਇੰਗਲੈਂਡ ਆ ਕੇ ਵਸਣ ਲੱਗੇ ਤਾਂ ਇਹਨਾਂ ਵਿੱਚ ਵੱਡਾ ਹਿੱਸਾ ਪੜ੍ਹੇ ਲਿਖੇ ਲੋਕਾਂ ਦਾ ਸੀ। ਇਹਨਾਂ ਨਾਲ ਹੀ ਬਹੁਤ ਸਾਰੇ ਲੇਖਕ ਵੀ ਇੰਗਲੈਂਡ ਆ ਗਏ। ਪੰਜਾਬੀ ਲੋਕਾਂ ਦੇ ਇੰਗਲੈਂਡ ਵਿੱਚ ਪੈਰ ਟਿਕਣ ਲੱਗੇ ਤਾਂ ਹੋਰ ਸਮਾਜਕ ਸਰਗਰਮੀਆਂ ਸ਼ੁਰੂ ਹੋ ਗਈਆਂ। ਲੇਖਕਾਂ ਵਿੱਚ ਵੀ ਹਿਲ-ਜੁਲ ਹੋਣ ਲੱਗੀ। ਉਹ ਆਪਸ ਵਿੱਚ ਮਿਲਣ-ਜੁਲਣ ਲਈ ਮੰਚ ਲੱਭਣ ਲੱਗੇ। ਕਹਾਵਤ ਹੈ ਕਿ ਜਿਥੇ ਦੋ ਲੇਖਕ ਮਿਲੇ ਨਹੀਂ ਤਾਂ ਲੇਖਕ ਸਭਾ ਬਣੀ ਨਹੀਂ। ਜੇ ਚਾਰ ਲੇਖਕ ਇਕੱਠੇ ਹੋ ਗਏ ਤਾਂ ਆਪਸ ਵਿਚ ਲੜੇ ਨਹੀਂ ਤੇ ਸਭਾ ਦੋਫਾੜ ਹੋਈ ਨਹੀਂ। ਇਹੋ ਕੁਝ ਹੋ ਰਿਹਾ ਸੀ ਇੰਗਲੈਂਡ ਵਿੱਚ ਵੀ। ਪਹਿਲਾਂ ਕਿਸੇ ਸ਼ਹਿਰ ਵਿੱਚ ਇਕ ਸਭਾ ਬਣਦੀ ਤੇ ਫਿਰ ਦੋ ਤੇ ਫਿਰ ਕਈ ਹੋਰ। ਖੱਬੇ ਪੱਖੀ ਸਿਆਸਤ ਨਾਲ ਬਾਵਸਤਾ ਲੇਖਕਾਂ ਨੇ 'ਅਗਾਂਹਵਧੂ ਲਿਖਾਰੀ ਸਭਾ' ਬਣਾਈ। ਇਸ ਸਭਾ ਨੂੰ ਸੰਨ 1935 ਵਿੱਚ ਮੁਨਸ਼ੀ ਪ੍ਰੇਮ ਚੰਦ ਤੇ ਸੱਯਾਦ ਜ਼ਹੀਰ ਵਲੋਂ ਬਣਾਈ ਪ੍ਰੌਗਰੈਸਿਵ ਰਾਈਟਰਜ਼ ਅਸੋਸੀਏਸ਼ਨ ਨਾਲ ਜੋੜਿਆ ਜਾ ਰਿਹਾ ਸੀ। ਇਸ ਦੀਆਂ ਸ਼ਾਖਾਵਾਂ ਪੂਰੇ ਇੰਗਲੈਂਡ ਵਿੱਚ ਖੜੀਆਂ ਕੀਤੀਆਂ ਗਈਆਂ; ਈਸਟ ਲੰਡਨ, ਮਿਡਲਸੈਕਸ, ਬਰਮੀਘੰਮ, ਕਵੈਂਟਰੀ, ਵੁਲਵਰਹੈਂਪਟਨ, ਵਿਲਨਹਾਲ, ਸਾਊਥੈਂਪਟਨ, ਭਾਵ ਜਿਥੇ ਵੀ ਪੰਜਾਬੀ ਵਸਦੇ ਸਨ ਉਥੇ ਹੀ ਇਸ ਲਿਖਾਰੀ ਸਭਾ ਦੀ ਸ਼ਾਖ ਬਣਾ ਦਿਤੀ ਗਈ। ਜਿਵੇਂ ਹੁੰਦਾ ਹੀ ਹੈ ਕਿ ਇਸ ਸਭਾ ਵਿਚ ਛੇਤੀ ਹੀ ਤ੍ਰੇੜਾਂ ਪੈਣ ਲਗੀਆਂ। ਖੱਬੀ ਸੋਚ ਵਾਲੇ ਲੇਖਕ ਲਿਖਤ ਉਪਰ ਸੋਚ ਨੂੰ ਭਾਰੂ ਬਣਾ ਰਹੇ ਸਨ ਇਸ ਲਈ ਜ਼ਰਾ ਕੁ ਅਜ਼ਾਦ ਖਿਆਲੀਏ ਲੇਖਕ ਅਲੱਗ ਹੋ ਗਏ। ਉਹਨਾਂ ਨੇ ਵੀ ਸ਼ਹਿਰ ਸ਼ਹਿਰ ਮੁਕਾਬਲੇ 'ਤੇ ਆਪਣੀਆਂ ਸਭਾਵਾਂ ਖੜੀਆਂ ਕਰ ਦਿਤੀਆਂ। 'ਅਗਾਂਹਵਧੂ' ਸ਼ਬਦ ਦਾ ਉਹ ਵੀ ਲਾਹਾ ਲੈਣਾ ਚਾਹੁੰਦੇ ਸਨ, ਇਸ ਲਈ ਉਹ ਆਪਣੀ ਸਭਾ ਨਾਲ ਇੰਗਲੈਂਡ ਸ਼ਬਦ ਜੋੜ ਕੇ ਦੂਜੀ ਸਭਾ ਤੋਂ ਅਲੱਗ ਦਰਸਾਉਣ ਦੀ ਕੋਸ਼ਿਸ਼ ਕਰਦੇ। 'ਅਗਾਂਹਵਧੂ' ਸ਼ਬਦ ਆਪਣੇ ਨਾਲ ਜੋੜ ਕੇ ਹਰ ਕੋਈ ਆਪਣੇ ਆਪ ਨੂੰ ਅਗਾਂਹ ਵਧੂ ਦੱਸਣ ਦੀ ਕੋਸ਼ਿਸ਼ ਵਿੱਚ ਸੀ। ਮਿਡਲਸੈਕਸ ਦੇ ਇਲਾਕੇ ਵਿੱਚ ਬਣੀ ਇਸ ਨਵੀਂ ਅਗਾਂਹਵਧੂ ਲਿਖਾਰੀ ਸਭਾ ਦਾ ਪਰਧਾਨ ਦੇਵਿੰਦਰ ਸਿੰਘ ਸੀ ਤੇ ਸਕੱਤਰ ਵਿਅੰਗ ਲੇਖਕ ਬਨਫੂਲ, ਸਹਾਇਕ ਸਕੱਤਰ ਕੁਲਦੀਪ। ਇਹ ਸਾਰੇ ਆਹੁਦੇ ਸਰਬਸੰਮਤੀ ਨਾਲ ਹੀ ਦਿਤੇ ਗਏ ਸਨ ਕਿਉਂਕਿ ਇਹ ਨਹੀਂ ਸੀ ਪਤਾ ਕਿ ਆਉਣ ਵਾਲੇ ਸਮੇਂ ਵਿੱਚ ਇਸ ਸਭਾ ਦੀ ਕੀ ਅਹਿਮੀਅਤ ਹੋਵੇਗੀ।

ਨਵੀਂ ਬਣੀ ਸਭਾ ਨੇ ਕੁਝ ਵੱਖਰਾ ਕਰਨ ਲਈ ਆਲਮੀ ਪੰਜਾਬੀ ਕਾਨਫਰੰਸ ਕਰਾਉਣ ਵਿੱਢ ਵਿਢ ਲਿਆ। ਦੇਵਿੰਦਰ ਸਿੰਘ ਮਿਡਲਸੈਕਸ ਦੇ ਇਲਾਕੇ ਦੀ ਸਿਆਸਤ ਵਿੱਚ ਪੈਰ ਰੱਖਣ ਲੱਗਿਆ ਸੀ। ਲੇਬਰ ਪਾਰਟੀ ਦਾ ਮੈਂਬਰ ਤਾਂ ਉਹ ਹੈ ਹੀ ਸੀ ਤੇ ਹੁਣ ਕੌਂਸਲਰ ਵੀ ਬਣਨ ਦਾ ਸੁਫਨਾ ਦੇਖ ਰਿਹਾ ਸੀ, ਫਿਰ ਉਸ ਤੋਂ ਅੱਗੇ, ਮੇਅਰ ਤੇ ਫਿਰ ਐਮ. ਪੀ. ਤਕ ਪੁੱਜਣਾ ਸੀ ਉਸ ਨੇ। ਆਲਮੀ ਪੰਜਾਬੀ ਕਾਨਫਰੰਸ ਕਰਾਉਣ ਨਾਲ ਉਸ ਨੇ ਸਭ ਦੀਆਂ ਨਜ਼ਰਾਂ ਵਿੱਚ ਆ ਹੀ ਜਾਣਾ ਸੀ। ਸਭਾ ਦੇ ਸਾਰੇ ਮੈਂਬਰ ਹੀ ਇਸ ਕਾਨਫਰੰਸ ਵਿੱਚ ਵਿਸ਼ੇਸ਼ ਦਿਲਚਸਪੀ ਦਿਖਾ ਰਹੇ ਸਨ। ਤਿਆਰੀਆਂ ਸ਼ੁਰੂ ਹੋ ਗਈਆਂ। ਗੁਰਦਵਾਰਿਆਂ, ਮੰਦਰਾਂ ਤੇ ਹੋਰ ਪੰਜਾਬੀ ਸੰਸਥਾਵਾਂ ਨੂੰ ਨਾਲ ਜੋੜਿਆ ਜਾਣ ਲੱਗਿਆ। ਵਿਓਪਾਰੀ ਭਾਈਚਾਰੇ ਤੋਂ ਵੀ ਆਰਥਿਕ ਮੱਦਦ ਲਈ ਗਈ। ਇਸ ਕਾਨਫਰੰਸ ਦੀ ਖੂਬ ਇਸ਼ਤਿਹਾਰਬਾਜ਼ੀ ਕੀਤੀ ਗਈ। ਇਸ ਮਾਮਲੇ ਵਿੱਚ ਪੰਜਾਬੀ ਦੇ ਪਰਚੇ 'ਵਿਦੇਸ਼' ਤੇ 'ਪੰਜਾਬ ਨਿਊਜ਼' ਨੇ ਵੀ ਭਰਪੂਰ ਮੱਦਦ ਕੀਤੀ ਪਰ ਖੱਬੇ ਪੱਖੀਆਂ ਨੇ ਕਿਸੇ ਗੱਲੋਂ ਇਸ ਕਾਨਫਰੰਸ ਦਾ ਬਾਈਕਾਟ ਕਰ ਦਿਤਾ। ਖੱਬੇ ਪੱਖੀਆਂ ਦੇ ਬਾਈਕਾਟ ਨਾਲ ਕਾਨਫਰੰਸ ਨੂੰ ਕੁਝ ਝੱਟਕਾ ਤਾਂ ਵੱਜਿਆ ਪਰ ਫਿਰ ਵੀ ਇਹ ਬੇਹੱਦ ਕਾਮਯਾਬ ਰਹੀ। ਹਿੰਦੁਸਤਾਨ ਤੋਂ ਪੰਜਾਬੀ ਦੇ ਵੱਡੇ ਵੱਡੇ ਲੇਖਕ ਇਸ ਕਾਨਫਰੰਸ ਵਿੱਚ ਸ਼ਾਮਲ ਹੋਣ ਆਏ। ਸੇਖੋਂ, ਜੋਸ਼ ਤੋਂ ਲੈ ਕੇ ਨਵੇਂ ਲੇਖਕਾਂ ਤਕ, ਸੌ ਤੋਂ ਵੱਧ ਲੇਖਕਾਂ ਨੇ ਇਸ ਵਿੱਚ

ਹਾਜ਼ਰੀ ਲਗਵਾਈ। ਪੰਜਾਬੀ ਦੇ ਲੇਖਕਾਂ ਨੇ ਮਹੀਨਾ ਭਰ ਇੰਗਲੈਂਡ, ਵੇਲਜ਼ ਤੇ ਸਕੌਟਲੈਂਡ ਵਿੱਚ ਰੌਣਕਾਂ ਲਗਾਈ ਰੱਖੀਆਂ। ਕਦੇ ਕਿਸੇ ਸ਼ਹਿਰ ਵਿੱਚ ਤੇ ਕਦੇ ਕਿਸੇ ਵਿੱਚ। ਖ਼ੂਬ ਬਹਿਸਾਂ ਹੋਈਆਂ, ਪਰਚੇ ਪੜ੍ਹੇ ਤੇ ਵਿਚਾਰੇ ਗਏ। ਹਰ ਸਮਾਗਮ ਵਿਚ ਸੈਂਕੜੇ-ਹਜ਼ਾਰਾਂ ਲੋਕ ਇਕੱਠੇ ਹੁੰਦੇ। ਹਿੰਦੁਸਤਾਨ, ਪਾਕਿਸਤਾਨ ਤੇ ਹੋਰ ਦੁਨੀਆਂ ਭਰ ਦੀਆਂ ਪੰਜਾਬੀ ਅਖ਼ਬਾਰਾਂ ਵਿੱਚ ਇਸ ਕਾਨਫਰੰਸ ਦੀਆਂ ਖ਼ਬਰਾਂ ਦੀਆਂ ਵੱਡੀਆਂ ਸੁਰਖ਼ੀਆਂ ਲਗਦੀਆਂ।

ਬਾਹਰੋਂ ਆਏ ਲੇਖਕਾਂ ਨੂੰ ਠਹਿਰਾਉਣ ਲਈ ਇਥੋਂ ਦੇ ਲੇਖਕਾਂ ਨੇ ਆਪੋ ਆਪਣੇ ਘਰਾਂ ਵਿੱਚ ਜਾਂ ਅਗੇ ਦੋਸਤਾਂ ਦੇ ਘਰਾਂ ਵਿੱਚ ਇੰਤਜ਼ਾਮ ਕੀਤਾ ਹੋਇਆ ਸੀ। ਜੇ ਕਿਸੇ ਦਾ ਇੰਤਜ਼ਾਮ ਨਹੀਂ ਸੀ ਹੋ ਸਕਿਆ ਤਾਂ ਉਸ ਨੂੰ ਔਖੇ-ਸੌਖੇ ਹੋ ਕੇ ਹੋਟਲ ਵਿੱਚ ਠਹਿਰਾ ਦਿਤਾ ਜਾਂਦਾ। ਇਵੇਂ ਹੀ ਕੁੰਦਨ ਦੇ ਘਰ ਵੀ ਕੁਝ ਲੇਖਕ ਠਹਿਰੇ ਹੋਏ ਸਨ। ਕੋਈ ਚਲੇ ਜਾਂਦਾ ਤਾਂ ਕੋਈ ਹੋਰ ਆ ਜਾਂਦਾ। ਕੁੰਦਨ ਸ਼ਰਾਬ ਪੀਣ ਤੋਂ ਬਾਅਦ ਇਕ ਦਮ ਬਦਲ ਜਾਇਆ ਕਰਦਾ ਸੀ ਇਸ ਲਈ ਕਈ ਲੇਖਕ ਉਸ ਨਾਲ ਰਹਿ ਕੇ ਖੁਸ਼ ਨਾ ਰਹਿੰਦੇ। ਉਸ ਨੂੰ ਵੀ ਇਹਨਾਂ ਲੇਖਕਾਂ ਨਾਲ ਗਿਲਾ ਰਹਿੰਦਾ ਕਿ ਉਹ ਬਿਸਤਰ ਵਿੱਚ ਹੀ ਚਾਹ ਮੰਗਦੇ ਹਨ ਤੇ ਕਦੇ ਪਾਣੀ ਦਾ ਗਲਾਸ ਤੇ ਕੁਝ ਹੋਰ ਲਿਆਉਣ ਦਾ ਹੁਕਮ ਚਾੜ੍ਹ ਦਿੰਦੇ ਹਨ। ਮਨਜੀਤ ਵੀ ਕੰਮ ਤੇ ਜਾਂਦੀ ਸੀ ਤੇ ਕੁੰਦਨ ਵੀ, ਇਵੇਂ ਆਇਆ ਮਹਿਮਾਨ ਘਰ ਵਿੱਚ ਇਕੱਲਾ ਰਹਿ ਜਾਂਦਾ ਸੀ। ਇਕ ਕੁੰਦਨ ਦੀ ਸ਼ਰਾਬ ਕਾਰਨ ਤੇ ਦੂਜੇ ਉਸ ਦੇ ਘਰ ਦੇ ਹਾਲਾਤ ਕਾਰਨ ਲੇਖਕ ਬਹੁਤੇ ਦਿਨ ਉਸ ਦੇ ਘਰ ਨਾ ਠਹਿਰਦੇ। ਇਕ ਦਿਨ ਪਾਇਲ ਨੇ ਜਲੰਧਰ ਤੋਂ ਆਏ ਇਕ ਨੌਜਵਾਨ ਕਵੀ ਬਾਰੇ ਸ਼ਿਕਾਇਤ ਕਰ ਦਿਤੀ ਕਿ ਉਹ ਉਸ ਨੂੰ ਕੋਈ ਭੱਦਾ ਮਜ਼ਾਕ ਕਰ ਰਿਹਾ ਸੀ, ਉਸ ਤੋਂ ਬਾਅਦ ਤਾਂ ਕੁੰਦਨ ਨੇ ਆਪਣੇ ਘਰ ਆਮ ਲੇਖਕਾਂ ਨੂੰ ਸੱਦਣਾ ਹੀ ਬੰਦ ਕਰ ਦਿਤਾ। ਵਿਚਲੀ ਗੱਲ ਨੂੰ ਜਾਣੇ ਬਿਨਾਂ ਕੁਝ ਲੇਖਕ ਕੁੰਦਨ ਨਾਲ ਗੁਸੇ ਵਿੱਚ ਵੀ ਸਨ ਕਿ ਉਹ ਮਹਿਮਾਨਾਂ ਨੂੰ ਸੰਭਾਲਣ ਵਿੱਚ ਪਿੱਛੇ ਹੱਟ ਰਿਹਾ ਸੀ।

ਇਸ ਕਾਨਫਰੰਸ ਨੇ ਵਾਕਿਆ ਹੀ ਦੇਵਿੰਦਰ ਸਿੰਘ ਦੇ ਨਾਂ ਨੂੰ ਬਹੁਤ ਵੱਡਾ ਬਣਾ ਦਿਤਾ। ਭਾਵੇਂ ਉਸ ਨੂੰ ਕੋਈ ਲੇਖਕ ਨਹੀਂ ਸੀ ਮੰਨਦਾ ਪਰ ਉਹ ਲੇਖਕਾਂ ਦਾ ਮੋਹਰੀ ਬਣਿਆਂ ਬੈਠਾ ਸੀ। ਕਾਨਫਰੰਸ ਤੋਂ ਬਾਅਦ ਦੇਵਿੰਦਰ ਸਿੰਘ ਨੇ ਇੰਡੀਆ ਦਾ ਚੱਕਰ ਮਾਰਿਆ। ਲੇਖਕਾਂ ਵਿੱਚ ਉਹ ਹੁਣ ਉੱਚੀ ਸ਼ੈਅ ਸੀ। ਸਟੇਜ ਤੋਂ ਬੋਲਣ ਦਾ ਧਨੀ ਤਾਂ ਉਹ ਹੈ ਹੀ ਸੀ। ਉਹ ਜਿਥੇ ਵੀ ਜਾਂਦਾ ਉਸ ਨੂੰ ਕੁਰਸੀ ਮਿਲਦੀ, ਗਲ਼ ਵਿੱਚ ਹਾਰ ਪੈਂਦੇ, ਉਸ ਦੀਆਂ ਫੋਟੋ ਅਖ਼ਬਾਰਾਂ ਵਿੱਚ ਲਗਦੀਆਂ, ਉਸ ਦੇ ਭਾਸ਼ਨ ਨੂੰ ਧਿਆਨ ਨਾਲ ਸੁਣਿਆਂ ਜਾਂਦਾ, ਉਸ ਦੀਆਂ ਤਾਰੀਫਾਂ ਦੇ ਪੁੱਲ ਬੰਨ ਦਿਤੇ ਜਾਂਦੇ। ਇਸ ਗੱਲ ਉਪਰ ਬਾਕੀ ਦੇ ਲੇਖਕ ਖਾਰ ਖਾ ਰਹੇ ਸਨ। ਸਭਾ ਵਿਚ ਰੇਸ਼ਮ ਸਮੁੰਦਰੀ, ਸੁੱਚਾ ਸਿੰਘ ਅਜ਼ਾਦ, ਨਾਜਰ ਸਿੰਘ ਤੇ ਕੁੰਦਨ ਵਰਗੇ ਲੇਖਕ ਸਨ ਜਿਹਨਾਂ ਦਾ ਪੰਜਾਬੀ ਸਾਹਿਤ ਵਿੱਚ ਕਾਫੀ ਨਾਂ ਸੀ। ਉਹ ਸਾਰੇ ਹੀ ਦੇਵਿੰਦਰ ਸਿੰਘ ਦੀ ਚੜ੍ਹਤ ਦੇਖ ਕੇ ਆਪਣੇ ਹੱਥਾਂ ਨੂੰ ਦੰਦੀਆਂ ਵੱਢ ਰਹੇ ਸਨ। ਉਹ ਸੋਚ ਰਹੇ ਸਨ ਕਿ ਦੇਵਿੰਦਰ ਸਿੰਘ ਨੂੰ ਇਹ ਮਾਣ ਸਭਾ ਦੇ ਪ੍ਰਧਾਨ ਹੋਣ ਕਰਕੇ ਹੀ ਮਿਲਦਾ ਹੈ। ਉਸ ਦੀ ਪ੍ਰਧਾਨਗੀ ਖੋਹਣ ਦੀਆਂ ਵਿਉਂਤਾਂ ਗੁੰਦੀਆਂ ਜਾਣ ਲੱਗੀਆਂ। ਇਵੇਂ ਰੇਸ਼ਮ ਸਮੁੰਦਰੀ, ਸੁੱਚਾ ਅਜ਼ਾਦ ਤੇ ਕੁੰਦਨ ਸਿੰਘ ਦਾ ਇਕ ਨਵਾਂ ਗਰੁੱਪ ਹੋਂਦ ਵਿੱਚ ਆ ਗਿਆ। ਇਹਨਾਂ ਨੇ ਕੁੰਦਨ ਨੂੰ ਆਪਣਾ ਪ੍ਰਧਾਨ ਮਿੱਥ ਲਿਆ ਤੇ ਅਗਲੀ ਚੋਣ ਵਿੱਚ ਦੇਵਿੰਦਰ ਸਿੰਘ ਦਾ ਮੁਕਾਬਲਾ ਕਰਨ ਦੀ ਤਿਆਰੀ ਹੋਣ ਲੱਗੀ। ਦੇਵਿੰਦਰ ਸਿੰਘ ਤੇਜ਼ ਸਿਆਸਤਦਾਨ ਸੀ। ਉਸ ਨੇ ਪਹਿਲਾਂ ਹੀ ਆਪਣਾ ਗਰੁੱਪ ਮਜ਼ਬੂਤ ਰੱਖਣ ਲਈ ਕੁਝ ਅਜਿਹੇ ਲੋਕ ਸਭਾ ਵਿੱਚ ਭਰਤੀ ਕੀਤੇ ਹੋਏ ਸਨ ਜਿਹਨਾਂ ਦਾ ਸਾਹਿਤ ਨਾਲ ਬਹੁਤਾ ਵਾਸਤਾ ਨਹੀਂ ਸੀ। ਹੁਣ ਬਣ ਰਹੇ ਇਸ ਗਰੁੱਪ ਤੋਂ ਵੀ ਉਹ ਅਣਜਾਣ ਨਹੀਂ ਸੀ। ਹਰੇਕ ਸਾਲ ਸਭਾ ਦੀ ਚੋਣ ਹੁੰਦੀ ਹੋਣ ਕਰਕੇ ਹਰ ਵੇਲੇ ਤਿਆਰ ਰਹਿਣਾ ਪੈਂਦਾ ਸੀ।

ਅਗਾਂਹਵਧੂ ਲਿਖਾਰੀ ਸਭਾ ਦੀ ਸਲਾਨਾ ਚੋਣ ਦਾ ਦਿਨ ਆ ਗਿਆ। ਦੋਵੇਂ ਹੀ ਧੜੇ ਪੂਰੀ ਸ਼ਾਨ ਨਾਲ ਆਏ। ਮਿਡਲਸੈਕਸ ਦੇ ਟਾਊਨਹਾਲ ਵਿੱਚ ਮੀਟਿੰਗ ਰੱਖੀ ਗਈ ਸੀ। ਚਾਲੀ ਦੇ ਚਾਲੀ ਮੈਂਬਰ ਮੀਟਿੰਗ ਵਿੱਚ ਆਏ। ਇਕਤਾਲੀਵਾਂ ਮੋਹਨ ਅਦੀਬ ਵੀ ਹਾਜ਼ਰ ਸੀ। ਰੇਸ਼ਮ ਸਮੁੰਦਰੀ ਨੇ ਫੋਨ ਕਰਕੇ ਉਸ ਨੂੰ ਆਪਣੇ ਵੱਲ ਕਰ ਲਿਆ ਹੋਇਆ ਸੀ ਇਸ ਲਈ ਉਹਨਾਂ ਨੂੰ ਆਪਣੀ ਜਿੱਤ ਯਕੀਨੀ ਦਿਸ ਰਹੀ ਸੀ। ਉਪਰੋਂ ਦੀ ਕੁੰਦਨ ਦੇ ਅੱਠ ਬੰਦੇ ਬਾਹਰ ਵੀ ਬੈਠੇ ਸਨ ਜਿਹਨਾਂ ਦੀ ਮੈਂਬਰਸ਼ਿੱਪ ਦੀਆਂ ਅਰਜ਼ੀਆਂ ਕੁੰਦਨ ਦੀ ਜੇਬ੍ਹ ਵਿੱਚ ਸਨ। ਮੋਹਨ ਅਦੀਬ ਅਜਿਹਾ ਸੀ ਕਿ ਉਸ ਨੇ ਦੇਵਿੰਦਰ ਸਿੰਘ ਨਾਲ ਵੀ ਵਾਅਦਾ ਕਰ ਲਿਆ ਹੋਇਆ ਸੀ। ਦੋਨਾਂ ਧੜਿਆਂ ਨੇ ਸਲਾਹ ਕਰਕੇ ਅੱਜ ਦੀ ਮੀਟਿੰਗ ਦੀ ਕਾਰਵਾਈ ਚਲਾਉਣ ਲਈ ਮੋਹਨ ਅਦੀਬ ਨੂੰ ਕਨਵੀਨਰ ਬਣਾ ਦਿਤਾ। ਮੋਹਨ ਅਦੀਬ ਸਟੇਜੀ ਸ਼ਾਇਰ ਸੀ ਇਸ ਲਈ ਉਸ ਨੂੰ ਕੋਈ ਗੰਭੀਰਤਾ ਨਾਲ ਨਹੀਂ ਸੀ ਲੈਂਦਾ। ਕਨਵੀਨਰ ਬਣਦਿਆਂ ਹੀ ਉਸ ਨੇ ਐਲਾਨ ਕਰ ਦਿਤਾ ਕਿ ਉਹ ਅੱਜ ਦੀ ਵੋਟਿੰਗ ਵਿੱਚ ਭਾਗ ਨਹੀਂ ਲਵੇਗਾ। ਇਸ ਨਾਲ ਸਥਿੱਤੀ ਇਹ ਬਣੀ ਕਿ ਦੋਨਾਂ ਧੜਿਆਂ ਕੋਲ ਵੀਹ ਵੀਹ ਵੋਟਾਂ ਰਹਿ ਗਈਆਂ। ਕਿਸੇ ਨੂੰ ਵੀ ਬਹੁਮੱਤ ਨਹੀਂ ਸੀ ਮਿਲ ਰਿਹਾ। ਕੁੰਦਨ ਨੇ ਰੇਸ਼ਮ ਦੇ ਕੰਨ ਵਿੱਚ ਕਿਹਾ,

"ਲੈ ਬਈ, ਮੈਂ ਲਿਆਉਂਨਾਂ ਆਪਣੇ ਬੰਦੇ ਬਾਹਰੋਂ।"

"ਨਾ ਬਈ ਕੁੰਦਨ, ਇਹ ਕੰਮ ਨਾ ਕਰੀਂ, ਏਹਦੇ ਨਾਲ ਆਪਾਂ ਬਹੁਤ ਭੰਡੇ ਜਾਵਾਂਗੇ। ਗੱਲ ਇੰਡੀਆ ਤਕ ਜਾਏਗੀ। ਇਹ ਵੀ ਹੋ ਸਕਦੈ ਕਿ ਇਹ ਸਭਾ ਹੀ ਟੁੱਟ ਜਾਵੇ।"

ਦੇਵਿੰਦਰ ਸਿੰਘ ਨੇ ਵੀ ਬਾਹਰ ਅਜਨਬੀ ਜਿਹੇ ਬੰਦੇ ਦੇਖ ਕੇ ਸੁੰਘ ਲਿਆ ਸੀ ਕਿ ਕੁਝ ਗਲਤ ਹੈ। ਉਸ ਨੇ ਮੋਹਨ ਅਦੀਬ ਨੂੰ ਪਹਿਲਾਂ ਹੀ ਕਹਿ ਦਿਤਾ ਕਿ ਸਭਾ ਦੇ ਅਜੋਕੇ ਮੈਂਬਰ ਹੀ ਸਿਰਫ ਵੋਟ ਪਾਉਣ ਦੇ ਅਧਿਕਾਰੀ ਹੋਣਗੇ। ਦੋਨਾਂ ਧੜਿਆਂ ਵਿੱਚ ਬਹਿਸ ਸ਼ੁਰੂ ਹੋ ਗਈ। ਇਕ ਦੂਜੇ ਉਪਰ ਇਲਜ਼ਾਮ ਲਾਏ ਜਾਣ ਲੱਗੇ। ਮੋਹਨ ਅਦੀਬ ਦੋ ਵਾਰ ਹੱਥ ਖੜੇ ਕਰਾ ਕੇ ਵੋਟਾਂ ਗਿਣ ਚੁੱਕਿਆ ਸੀ, ਦੋਵੇਂ ਵਾਰ ਹੀ ਬਰੋ-ਬਰਾਬਰ ਰਹਿ ਰਹੀਆਂ ਸਨ। ਇਹ ਵੀ ਗੱਲ ਚੱਲੀ ਕਿ ਇਕ ਧੜੇ ਦਾ ਪਰਧਾਨ ਬਣਾ ਦਿਤਾ ਜਾਵੇ ਤੇ ਦੂਜੇ ਦਾ ਸਕੱਤਰ ਪਰ ਇਹ ਰਾਏ ਸਿਰੇ ਨਾ ਚੜ੍ਹੀ।

ਦੋ ਘੰਟੇ ਦੇ ਰਾਮ-ਰੌਲ਼ੇ ਬਾਅਦ ਫੈਸਲਾ ਹੋਇਆ ਕਿ ਅਗਾਂਹ ਤੋਂ ਸਭਾ ਦਾ ਨਾ ਕੋਈ ਪਰਧਾਨ ਹਵੇਗਾ ਤੇ ਨਾ ਹੀ ਕੋਈ ਸਕੱਤਰ। ਇਕ ਕਨਵੀਨਰ ਹੀ ਹੋਇਆ ਕਰੇਗਾ ਤੇ ਉਹ ਹੋਵੇਗਾ ਮੋਹਨ ਅਦੀਬ। ਇਸ ਫੈਸਲੇ ਤੋਂ ਕੋਈ ਖੁਸ਼ ਤਾਂ ਨਹੀਂ ਸੀ ਪਰ ਇਹੋ ਵਧੀਆ ਨਤੀਜਾ ਸੀ। ਦੋਨਾਂ ਪਾਸਿਆਂ ਨੂੰ ਕੁਝ ਕੁ ਤਸੱਲੀ ਜ਼ਰੂਰ ਸੀ ਕਿ ਦੋਵਾਂ ਧਿਰਾਂ ਦੀ ਇੱਜ਼ਤ ਰਹਿ ਗਈ ਸੀ।

ਕੁੰਦਨ ਬਹੁਤ ਦੁਖੀ ਸੀ। ਪ੍ਰਧਾਨਗੀ ਦੀ ਕੁਰਸੀ ਉਸ ਦੇ ਹੱਥ ਆਉਂਦੀ ਆਉਂਦੀ ਤਿਲਕ ਗਈ ਸੀ। ਪ੍ਰਧਾਨਗੀ ਨਾਲ ਉਸ ਨੂੰ ਸਦਾ ਹੀ ਮੋਹ ਰਿਹਾ ਸੀ। ਕਿਸੇ ਸਾਹਿਤਕ ਸਮਾਗਮ ਵਿੱਚ ਉਸ ਨੂੰ ਪ੍ਰਧਾਨਗੀ ਮਿਲ ਜਾਂਦੀ ਤਾਂ ਉਡਿਆ ਫਿਰਦਾ, ਨਹੀਂ ਤਾਂ ਬੁਝਿਆ ਬੁਝਿਆ ਰਹਿੰਦਾ। ਸਭਾ ਦੀ ਮੀਟਿੰਗ ਖਤਮ ਹੋਣ ਤੋਂ ਬਾਅਦ ਸੁੱਚਾ ਸਿੰਘ, ਰੇਸ਼ਮ ਸਮੁੰਦਰੀ ਤੇ ਕੁੰਦਨ ਪੱਬ ਵਿੱਚ ਜਾ ਬੈਠੇ। ਜੋਗੇਂਦਰ ਸੋਚ ਰਿਹਾ ਸੀ ਕਿ ਕੁੰਦਨ ਉਸ ਦੇ ਘਰ ਆ ਕੇ ਏਨਾ ਮੋਹ ਦਿਖਾ ਰਿਹਾ ਸੀ ਹੁਣ ਆ ਕੇ ਉਸ ਨਾਲ ਜ਼ਰੂਰ ਗੱਲ ਕਰੇਗਾ ਪਰ ਕੁੰਦਨ ਨੇ ਉਸ ਨਾਲ ਅੱਖ ਵੀ ਨਾ ਰਲ਼ਾਈ। ਜੋਗੇਂਦਰ ਟਾਊਨ ਹਾਲ ਵਿੱਚੋਂ ਬਾਹਰ ਨਿਕਲਿਆ ਤਾਂ ਲੰਮਾ ਜਿਹਾ ਇਕ ਮੁੰਡਾ ਆ ਕੇ ਉਸ ਨੂੰ ਪੁੱਛਣ ਲੱਗਿਆ,

"ਭਾਜੀ, ਅੰਦਰ ਇਲੈਕਸ਼ਨ ਹੋ ਗਈ?"

"ਹਾਂ, ਹੋ ਗਈ।"

"ਕੁੰਦਨ ਸਾਹਿਬ ਪ੍ਰਧਾਨ ਬਣ ਗਏ?"

ਜੋਗੇਂਦਰ ਨੇ ਉਸ ਮੁੰਡੇ ਵੱਲ ਧਿਆਨ ਨਾਲ ਦੇਖਿਆ। ਉਹ ਸਮਝ ਗਿਆ ਕਿ ਇਹੋ ਕੁੰਦਨ ਦੇ ਬੰਦੇ ਹੋਣਗੇ ਜਿਹੜੇ ਉਸ ਨੇ ਬਾਹਰ ਬੈਠਾਏ ਹੋਏ ਸਨ। ਉਸ ਨੇ ਕਿਹਾ,

"ਹਾਂ, ਬਣ ਗਏ।"

"ਓ ਥੈਂਕ ਗੌਡ, ਜੇ ਉਹ ਪ੍ਰਧਾਨ ਨਾ ਬਣਦੇ ਤਾਂ ਪਤਾ ਨਹੀਂ ਅੱਜ ਕੀ ਹੋ ਜਾਂਦਾ!"

ਜੋਗੇਂਦਰ ਉਸ ਦੀ ਗੱਲ ਵਲ ਧਿਆਨ ਦਿਤੇ ਬਿਨਾਂ ਅਗੇ ਲੰਘ ਗਿਆ।...

ਪੱਬ ਵਿੱਚ ਬੈਠਦਿਆਂ ਹੀ ਰੇਸ਼ਮ ਸਮੁੰਦਰੀ ਬੋਲਿਆ,

"ਚੱਲੋ, ਇਹ ਨਤੀਜਾ ਵੀ ਮਾੜਾ ਨਹੀਂ, ਮੋਹਨ ਅਦੀਬ ਸਾਡੇ ਤੋਂ ਬਾਹਰ ਨਹੀਂ ਜਾਣ ਲੱਗਿਆ।"

"ਰੇਸ਼ਮਾਂ, ਤੂੰ ਵੀ ਯਾਰ ਪੁੱਠੀ ਗੱਲ ਈ ਕਰਦੈਂ, ਮੋਹਨ ਅਦੀਬ ਸਾਨੂੰ ਆਪਣੀ ਕੁਰਸੀ ਤਾਂ ਨਹੀਂ ਦੇ ਸਕਦਾ ਨਾ! ...ਮੈਨੂੰ ਤਾਂ ਸਾਲ਼ੀ ਬੈਹੜਿਆ ਦੀ ਉਹ ਕੁਰਸੀ ਚਾਹੀਦੀ ਸੀ, ਕੁਰਸੀ!"

"ਕੁੰਦਨ, ਹੁਣ ਤਾਂ ਆਪਾਂ ਨੂੰ ਅਗਲੀ ਇਲੈਕਸ਼ਨ ਤਕ ਉਡੀਕਣਾ ਪਊ।"

"ਆਜ਼ਾਦ ਯਾਰ, ਏਨੀ ਉਡੀਕ ਨਹੀਂ ਕਰ ਹੋਣੀ! ...ਸਾਲ਼ੀ ਬੈਹੜਿਆਂ ਦੀ ਏਨੀ ਸੁਹਣੀ ਚਾਲ ਸੀ ਮੇਰੇ ਹੱਥ ਵਿੱਚ, ਤੁਸੀਂ ਮੈਨੂੰ ਅੱਠ ਨਵੇਂ ਮੈਂਬਰਾਂ ਵਾਲੀ ਚਾਲ ਕਿਉਂ ਨਾ ਚੱਲਣ ਦਿਤੀ?"

"ਕੁੰਦਨ, ਅਸੀਂ ਇਸ ਗੱਲ ਨੂੰ ਬਹੁਤ ਵਿਚਾਰਿਆ ਸੀ, ਇਹ ਬਹੁਤ ਬੇਇਜ਼ਤੀ ਵਾਲੀ ਗੱਲ ਹੋਣੀ ਸੀ, ਅਖ਼ਬਾਰਾਂ ਵਿੱਚ ਸਾਡੀ ਮਿੱਟੀ ਪੱਟ ਹੋਣੀ ਸੀ। ਇੰਡੀਆ ਤਕ ਇਹ ਖ਼ਬਰ ਜਾਣੀ ਸੀ।"

ਰੇਸ਼ਮ ਸਮੁੰਦਰੀ ਨੇ ਕਿਹਾ। ਉਸ ਨੇ ਸੁੱਚਾ ਸਿੰਘ ਆਜ਼ਾਦ ਨਾਲ ਇਹ ਸਾਰੀ ਗੱਲ ਪਹਿਲਾਂ ਹੀ ਕਰ ਲਈ ਸੀ। ਉਹ ਸੋਚ ਰਹੇ ਹਨ ਕਿ ਐਡੀ ਵੱਡੀ ਹੇਰਾ-ਫੇਰੀ ਨਾਲ ਉਹਨਾਂ ਦਾ ਵਕਾਰ ਖਰਾਬ ਹੋ ਜਾਵੇਗਾ। ਕੁੰਦਨ ਦਾ ਹਿਰਖ ਘਟ ਨਹੀਂ ਸੀ ਰਿਹਾ। ਸੁੱਚਾ ਉਸ ਨੂੰ ਠੰਡਾ ਕਰਨ ਲਈ ਬੋਲਿਆ,

"ਤੂੰ ਫਿਕਰ ਨਾ ਕਰ, ਗੱਲ ਜ਼ਰਾ ਢੈਲ਼ੀ ਪੈ ਲਵੇ ਆਪਾਂ ਨਵੀ ਸਭਾ ਬਣਾ ਕੇ ਤੈਨੂੰ ਪ੍ਰਧਾਨ ਬਣਾ ਦਵਾਂਗੇ।"

ਸੁੱਚੇ ਅਜ਼ਾਦ ਦੇ ਮਗਰ ਹੀ ਰੇਸ਼ਮ ਸਮੁੰਦਰੀ ਨੇ ਆਖਿਆ,

"ਕੀ ਯਾਰ ਤੂੰ ਪ੍ਰਧਾਨਗੀ ਦੇ ਪਿੱਛੇ ਪਿਆ ਹੋਇਐਂ! ...ਤੈਨੂੰ ਤਾਂ ਡਾਕਟਰ ਡਿਊਟੀ ਦੇ ਗਿਆ ਹੋਇਐ, ਚੇਤੇ ਐ ਕਿ ਨਹੀਂ? ਸਾਰੀ ਅਨਰਜੀ ਉਧਰ ਲਾ।"

ਉਸ ਨੇ ਡਾਕਟਰ ਹਰੀ ਸਿੰਘ ਦੀ ਗੱਲ ਚੇਤੇ ਕਰਾਉਣ ਦੀ ਕੋਸ਼ਿਸ਼ ਕੀਤੀ। ਆਲਮੀ ਕਾਨਫਰੰਸ ਦੇ ਸਮਾਗਮਾਂ ਵਿੱਚ ਇਕ ਦਿਨ ਸਟੇਜ ਤੋਂ ਕੁੰਦਨ ਨੇ ਸਵਾਲ ਰੱਖਿਆ ਸੀ ਕਿ ਪੰਜਾਬ ਜਾਂ ਦਿੱਲੀ ਬੈਠੇ ਅਲੋਚਕ ਬ੍ਰਤਾਨੀਆਂ ਵਿੱਚ ਲਿਖੇ ਜਾ ਰਹੇ ਸਾਹਿਤ ਸਹੀ ਮੁਲਾਂਕਣ ਨਹੀਂ ਕਰ ਰਹੇ। ਇਸ ਦੇ ਜਵਾਬ ਵਿਚ ਡਾਕਟਰ ਹਰੀ ਸਿੰਘ ਨੇ ਕਿਹਾ ਸੀ ਕਿ ਉਹ ਇਥੋਂ ਦੇ ਜੀਵਨ ਬਾਰੇ ਬਹੁਤਾ ਨਹੀਂ ਜਾਣਦੇ ਇਸ ਲਈ ਬਰਤਾਨੀਆਂ ਦੇ ਪੰਜਾਬੀ ਸਾਹਿਤ ਦੇ ਮੁਲਾਂਕਣ ਲਈ ਇਥੋਂ ਹੀ ਆਲੋਚਕ ਪੈਦਾ ਕਰਨਾ ਹੋਵੇਗਾ। ਉਸੇ ਵੇਲੇ ਹੀ ਡਾਕਟਰ ਹਰੀ ਸਿੰਘ ਨੇ ਕੁੰਦਨ ਦੀ ਹੀ ਜ਼ਿੰਮੇਵਾਰੀ ਲਾਈ ਸੀ ਕਿ ਉਹ ਇਕ ਜ਼ਹੀਨ ਲੇਖਕ ਹੈ ਤੇ ਬਰਤਾਨਵੀ ਸਾਹਿਤ ਦਾ ਅਲੋਚਕ ਬਣੇ। ਸੁੱਚਾ ਸਿੰਘ ਅਜ਼ਾਦ ਨੇ ਫਿਰ ਕਿਹਾ,

"ਦੇਖ ਕੁੰਦਨ, ਦੇਵਿੰਦਰ ਚਾਲਬਾਜ਼ ਸਿਆਸਤਦਾਨ ਐ, ਸ਼ਾਇਦ ਅਸੀਂ ਉਹਨੂੰ ਥੋੜੇ ਕੀਤੇ ਹਰਾ ਨਾ ਸਕੀਏ, ਜੇ ਤੂੰ ਪਰਧਾਨ ਬਣਨਾ ਹੀ ਐ ਤਾਂ ਇਕ ਸਭਾ ਹੋਰ ਬਣਾ ਲੈਨੇ ਆਂ।"

"ਨਹੀਂ ਅਜ਼ਾਦ, ਉਹ ਗੱਲ ਨਹੀਂ ਬਣਨੀ, ਜੇਹੜਾ ਨਾਂ ਏਸ ਸਭਾ ਦਾ ਏ, ਉਹ ਨਵੀਂ ਦਾ ਨਹੀਂ ਬਣਨਾ।"

ਆਪਣਾ ਬੀਅਰ ਦਾ ਗਲਾਸ ਚੁੱਕਦਾ ਰੇਸ਼ਮ ਸਮੁੰਦਰ ਬੋਲਿਆ,

"ਕੁੰਦਨ, ਜੇ ਤੂੰ ਆਲੋਚਕ ਬਣੇਂ ਤਾਂ ਇਹਨਾਂ ਦੇ ਪਾਜ ਉਧੇੜ ਸਕਦੈਂ, ਦੇਵਿੰਦਰ ਸਿੰਘ ਤੇ ਬਾਕੀ ਸਾਰੇ ਵੀ ਨਾਂ ਦੇ ਹੀ ਲੇਖਕ ਆ, ਤੂੰ ਏਹਨਾਂ ਨੂੰ ਜ਼ੀਰੋ ਕਰਕੇ ਰੱਖ ਸਕਦਾਂ। ਆਲੋਚਕ ਕੋਲ ਬਹੁਤ ਤਾਕਤ ਹੁੰਦੀ ਐ, ਦੇਖ ਹਰੀ ਸਿੰਘ ਕਿਦਾਂ ਦਣ-ਦਣਾਉਂਦਾ ਫਿਰਦੈ!"

ਕੁੰਦਨ ਨੇ ਪਰਦੇ ਜਿਹੇ ਨਾਲ ਪੱਗ ਲਾਹ ਕੇ ਇਕ ਪਾਸੇ ਰੱਖੀ ਤੇ ਸਿਗਰਟ ਲਾ ਲਾਈ ਤੇ ਦੂਰ ਕਿਧਰੇ ਗਵਾਚਦਾ ਹੋਇਆ ਬੋਲਿਆ,

"ਗੱਲ ਤਾਂ ਤੇਰੀ ਠੀਕ ਏ ਅਜ਼ਾਦ, ਆਲੋਚਨਾ ਵਿੱਚ ਤਾਂ ਏਹਨਾਂ ਨੂੰ ਸਾਲ਼ਾ ਬੈਹੜਿਆਂ ਨੂੰ ਅਜਿਹਾ ਧੋਬੀ ਪੱਟੜਾ ਮਾਰੂੰ ਕਿ ਸਾਲ਼ੇ ਮੇਰੇ ਪਾਣੀ ਵੀ ਨਹੀਂ ਮੰਗਣਗੇ।"

ਉਸ ਦੀ ਗੱਲ ਉਪਰ ਰੇਸ਼ਮ ਨੇ ਹੱਸਦੇ ਹੋਏ ਕਿਹਾ ,

"ਕੁੰਦਨ ਸਿਆਂ, ਜਦ ਉਹ ਲੇਖਕ ਈ ਨਹੀਂ ਤਾਂ ਤੇਰਾ ਧੋਬੀ ਪਟੜਾ ਕਿਥੋਂ ਕੰਮ ਆਏਗਾ?"

ਰੇਸ਼ਮ ਤੇ ਸੁੱਚਾ ਭਾਵੇਂ ਇਸ ਗੱਲ ਨੂੰ ਏਨੀ ਗੰਭੀਰਤਾ ਨਾਲ ਨਹੀਂ ਸੀ ਲੈ ਰਹੇ ਪਰ ਕੁੰਦਨ ਨੇ ਖੁੱਭ ਕੇ ਸੋਚਣਾ ਸ਼ੁਰੂ ਕਰ ਦਿਤਾ। ਉਸ ਨੇ ਸਿਗਰਟ ਦੇ ਦੋ ਵੱਡੇ ਕੱਸ਼ ਖਿੱਚੇ ਤੇ ਬੋਲਿਆ,

"ਸਾਰੀ ਕਾਨਫਰੰਸ ਵਿੱਚੋਂ ਇਕ ਗੱਲ ਉਭਰ ਕੇ ਆਈ ਕਿ ਸਾਡੇ ਇਥੇ ਲਿਖੇ ਸਾਹਿਤ ਨੂੰ ਬਰਤਾਨਵੀ ਪੰਜਾਬੀ ਸਾਹਿਤ ਨਾ ਕਹਿ ਕੇ ਪਰਵਾਸੀ ਸਾਹਿਤ ਕਹਿ ਰਹੇ ਸਨ।"

"ਕਿਉਂਕਿ ਪੰਜਾਬੀ ਦੇ ਲੇਖਕ ਤਾਂ ਹੋਰਨਾਂ ਮੁਲਕਾਂ ਵਿੱਚ ਵੀ ਰਹਿੰਦੇ ਨੇ ਇਸ ਲਈ 'ਪਰਵਾਸੀ ਸਾਹਿਤ' ਸ਼ਬਦ ਢੁਕਵਾਂ ਏ।"

ਅਜ਼ਾਦ ਬੋਲਿਆ। ਕੁੰਦਨ ਹਾਲੇ ਵੀ ਕਿਧਰੇ ਦੂਰ ਗਵਾਚਾ ਹੋਇਆ ਸੀ। ਉਸ ਨੇ ਆਪਣਾ ਗਲਾਸ ਚੁੱਕਿਆ ਤੇ ਮੁਕਾ ਕੇ ਇਕ ਸਿਗਰਟ ਹੋਰ ਲਗਾਈ ਤੇ ਕਹਿਣ ਲੱਗਿਆ,

"ਪਰਵਾਸੀ ਸਾਹਿਤ ਕੀ ਹੁੰਦਾ ਏ, ਇਸ ਦਾ ਆਮ ਸਾਹਿਤ ਨਾਲੋਂ ਕੀ ਫਰਕ ਹੁੰਦਾ ਏ; ਇਹ ਦੱਸਣਾ ਜ਼ਰੂਰੀ ਏ।"

"ਕੁੰਦਨ, ਇਹੋ ਕੰਮ ਏ ਕਰਨ ਵਾਲ਼ਾ, ਡਾਕਟਰ ਵੀ ਇਹੋ ਕੁਝ ਕਹਿੰਦਾ ਸੀ, ਤੇਰੇ ਬਿਨਾਂ ਇਹ ਕੰਮ ਕੋਈ ਹੋਰ ਨਹੀਂ ਕਰ ਸਕਦਾ, ਭੁੱਲ ਜਾ ਪ੍ਰਧਾਨਗੀਆਂ ਨੂੰ ਤੇ ਸ਼ੁਰੂ ਕਰ ਦੇ ਇਹ ਕੰਮ, ਸਭਾ ਦਾ ਕੀ ਏ, ਇਹ ਨਹੀਂ ਹੋਵੇਗੀ ਤਾਂ ਅਸੀਂ ਨਵੀਂ ਖੜੀ ਕਰ ਲਵਾਂਗੇ।"

"ਲਓ ਫੇਰ ਭਰਾਓ, ਤੁਹਾਡਾ ਭਾਊ ਹੁਣ ਛਾ ਜਾਏਗਾ, ਮੈਂ ਸਾਲ਼ੀ ਬੈਹੜਿਆਂ ਦੀ ਦੁਨੀਆਂ ਨੂੰ ਦੱਸ ਦੇਵਾਂਗਾ ਕਿ ਮੈਂ ਵੀ ਹਾਂ, ਇਹ ਸਾਲ਼ੇ ਲਾਲਿਆਂ ਦੇ ਪੱਲੇ ਹੈ ਵੀ ਕੀ, ਸਿਰਫ ਸਿਆਸਤ ਈ ਨਾ!"

ਗੱਲ ਕਰਦਾ ਕਰਦਾ ਉਹ ਇਵੇਂ ਕੂਹਣੀ ਮਾਰ ਰਿਹਾ ਸੀ। ਉਸ ਨੂੰ ਜੇਠੂ ਦੀ ਗੱਲ ਸੁਣ ਤਾਂ ਰਹੀ ਸੀ ਤੇ ਕੂਹਣੀ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਸੀ। ਅਕਲ ਦੀ ਗੱਲ ਵਿੱਚ ਜੇਠੂ ਦਾ ਕੀ ਕੰਮ?

ਕੁੰਦਨ ਨੇ ਆਪਣੀ ਸਿਗਰਟ ਬੁਝਾ ਦਿਤੀ ਤੇ ਪੱਗ ਮੁੜ ਕੇ ਸਿਰ 'ਤੇ ਰੱਖ ਲਈ। ਕੁਝ ਦੇਰ ਉਹ ਹੋਰ ਉਥੇ ਬੈਠੇ ਤੇ ਫਿਰ ਘਰਾਂ ਨੂੰ ਚਲੇ ਗਏ। ਕੁੰਦਨ ਨੇ ਘਰ ਜਾ ਕੇ ਬੋਤਲ ਚੁੱਕ ਲਈ। ਗਾਲ਼ਾਂ ਕੱਢਣੀਆਂ ਤਾਂ ਉਸ ਲਈ ਆਮ ਜਿਹੀ ਗੱਲ ਸੀ ਖਾਸ ਤੌਰ 'ਤੇ ਸ਼ਰਾਬ ਪੀ ਕੇ। ਉਹ ਦੇਵਿੰਦਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਗੰਦੀਆਂ ਗਾਲ਼ਾਂ ਕੱਢਦਾ ਜਾ ਰਿਹਾ ਸੀ। ਮਨਜੀਤ ਕੌਰ ਆਈ ਤੇ ਬੋਲੀ,

"ਕੀ ਗੰਦ ਬੋਲੀ ਜਾਨੈਂ? ਘਰ ਵਿੱਚ ਨਿਆਣੇ ਵੀ ਆ, ਤੇਰੇ ਗੰਦ ਤੋਂ ਤਾਂ ਪਹਿਲਾਂ ਈ ਓਹ ਅੱਕੇ ਪਏ ਆ, ਅਕਲ ਕਰ ਅਕਲ!"

ਪਤਨੀ ਦਾ ਦਬਕਾ ਸੁਣ ਕੇ ਕੁੰਦਨ ਕੁਝ ਸਹਿਜ ਹੋ ਗਿਆ। ਮਨਜੀਤ ਦਾ ਇਵੇਂ ਕਈ ਵਾਰ ਉਸ ਉਪਰ ਦਬਕਾ ਚੱਲ ਜਾਂਦਾ ਸੀ ਪਰ ਕਈ ਵਾਰ ਕੁੰਦਨ ਉਸ ਦੇ ਕਾਬੂ ਨਹੀਂ ਸੀ ਆਉਂਦਾ।

ਮਨਜੀਤ ਜਲੰਧਰ ਸ਼ਹਿਰ ਦੀ ਜੰਮਪਲ ਸੀ। ਉਸ ਦਾ ਪਿਓ ਬਸੰਤ ਸਿੰਘ ਸ਼ਹਿਰ ਦਾ ਮੰਨਿਆਂ ਹੋਇਆ ਅਕਾਲੀ ਲੀਡਰ ਸੀ। ਸ਼ਹਿਰ ਦੀ ਮਿਊਨਸਪਲ ਕਮੇਟੀ ਦਾ ਉਹ ਕਈ ਵਾਰ ਚੇਅਰਮੈਨ ਚੁਣਿਆਂ ਜਾ ਚੁੱਕਿਆ ਸੀ। ਰੈਣਕ ਬਾਜ਼ਾਰ ਵਿੱਚ ਉਸ ਦੀ ਕਪੜੇ ਦੀ ਦੁਕਾਨ ਵੀ ਸੀ। ਮਨਜੀਤ ਨੂੰ ਸਾਹਿਤਕ ਸੂਝ ਤਾਂ ਖਾਸ ਨਹੀਂ ਸੀ ਪਰ ਕਾਲਜ ਸਮੇਂ ਡਰਾਮਿਆਂ ਆਦਿ ਵਿੱਚ ਹਿੱਸਾ ਲੈਂਦੀ ਰਹੀ ਸੀ। ਘਰ ਵਿੱਚ ਸਿੱਖੀ ਦਾ ਬੋਲਬਾਲਾ ਹੋਣ ਕਰਕੇ ਗੁਰਦਵਾਰੇ ਜਾ ਕੇ ਸ਼ਬਦ ਵੀ ਪੜ੍ਹਿਆ ਕਰਦੀ। ਉਸ ਦੇ ਮੁਕਾਬਲੇ ਕੁੰਦਨ ਇਕ ਅਨਾਥ ਸੀ। ਮਾਂ-ਪਿਓ ਦਾ ਪਿਆਰ ਕੀ ਹੁੰਦਾ ਹੈ, ਉਸ ਨੂੰ ਇਸ ਦੀ ਸਮਝ ਹੀ ਨਹੀਂ ਸੀ। ਮਨਜੀਤ ਕੁੰਦਨ ਨੂੰ ਆਪਣੇ ਤੋਂ ਬਹੁਤ ਘਟੀਆ ਸਮਝਦੀ ਸੀ। ਵਿਆਹ ਵੇਲੇ ਵੀ ਉਸ ਨੂੰ ਬਹੁਤਾ ਪਸੰਦ ਨਹੀਂ ਸੀ ਕਰਦੀ। ਉਸ ਦੀ ਚੰਗੀ ਨੌਕਰੀ ਤੇ ਉਸ ਦੇ ਇਕੱਲੀ ਜਾਨ ਹੋਣ ਕਰਕੇ ਉਸ ਨੇ ਇਹ ਰਿਸ਼ਤਾ ਮਨਜ਼ੂਰ ਕਰ ਲਿਆ ਸੀ। ਨਾ ਕਿਸੇ ਸੱਸ ਦਾ ਰੌਲ਼ਾ ਤੇ ਨਾ ਕਿਸੇ ਨਣਾਨ ਦਾ।

ਇੰਦਰ ਸਿੰਘ ਦੀ ਸਹਾਇਤਾ ਸਦਕਾ ਹੀ ਕੁੰਦਨ ਨੇ ਐਗਰੀਕਲਚਰ ਵਿੱਚ ਬੀ. ਐਸ ਸੀ. ਪਾਸ ਕਰ ਲਈ ਤਾਂ ਉਸ ਨੂੰ ਭੋਗ ਪੁਰ ਦੀ ਗੰਨਾ ਮਿੱਲ ਵਿੱਚ ਨੌਕਰੀ ਮਿਲ ਗਈ। ਛੇਤੀ ਹੀ ਉਸ ਦਾ ਤਬਾਦਲਾ ਨਹਿਰੀ ਵਿਭਾਗ ਵਿੱਚ ਹੋ ਗਿਆ ਤੇ ਉਸ ਦੀ ਬਦਲੀ ਜਲੰਧਰ ਸ਼ਹਿਰ ਦੀ ਹੋ ਗਈ। ਇਥੇ ਹੀ ਕਿਸੇ ਨੇ ਜਥੇਦਾਰ ਬਸੰਤ ਸਿੰਘ ਨੂੰ ਉਹਦੀ ਦੱਸ ਪਾਈ ਸੀ। ਥੋੜੀ ਜਿਹੀ ਜ਼ਮੀਨ ਵੀ ਉਹਦੇ ਨਾਂ ਸੀ ਪਰ ਪੱਕੀ ਸਰਕਾਰੀ ਨੌਕਰੀ ਤਾਂ ਹੈ ਹੀ ਸੀ, ਅਜਿਹਾ ਮੁੰਡਾ ਉਹਨਾਂ ਨੂੰ ਹੋਰ ਕਿਤੇ ਨਹੀਂ ਸੀ ਲੱਭਣਾ।

ਕੁੰਦਨ ਲਈ ਇਹ ਰਿਸ਼ਤਾ ਬਹੁਤ ਵੱਡੀ ਗੱਲ ਸੀ। ਉਸ ਨੇ ਤਾਂ ਕਦੇ ਸੁਫਨੇ ਵਿੱਚ ਨਹੀਂ ਸੀ ਸੋਚਿਆ ਕਿ ਉਸ ਦਾ ਵਿਆਹ ਜਲੰਧਰ ਸ਼ਹਿਰ ਦੇ ਕਿਸੇ ਚਲਦੇ-ਪੁਰਜ਼ੇ ਟੱਬਰ ਵਿੱਚ ਹੋ ਜਾਵੇਗਾ। ਉਸ ਦੇ ਬਚਪੱਨ ਵਲ ਦੇਖ ਕੇ ਤਾਂ ਉਸ ਦਾ ਵਿਆਹ ਹੋ ਸਕਣਾ ਹੀ ਸੰਭਵ ਨਹੀਂ ਸੀ ਦਿਸਦਾ। ਫਿਰ ਉਪਰੋਂ ਮਨਜੀਤ ਬਹੁਤ ਹੀ ਸੁਬਕ ਜਿਹੀ ਕੁੜੀ ਸੀ। ਉਹ ਬਹੁਤ ਖੁਸ਼ ਸੀ। ਇਹਨਾਂ ਦਿਨਾਂ ਵਿੱਚ ਹੀ ਨਹਿਰੀ ਪਾਣੀ ਦੀ ਵਧੇਰੇ

ਵਰਤੋਂ ਕਰਨ ਕਾਰਨ ਉਸ ਦੀ ਦੋਸਤੀ ਚੰਨਣ ਸਿੰਘ ਨਾਂ ਦੇ ਬੰਦੇ ਨਾਲ ਹੋ ਗਈ। ਚੰਨਣ ਸਿੰਘ ਏਜੰਟ ਵੀ ਸੀ ਜਿਹੜਾ ਲੋਕਾਂ ਨੂੰ ਇੰਗਲੈਂਡ ਭੇਜਿਆ ਕਰਦਾ ਸੀ। ਉਸ ਨੇ ਹੀ ਕੁੰਦਨ ਲਈ ਵੀ ਇੰਗਲੈਂਡ ਤੋਂ ਵੋਚਰ ਮੰਗਵਾ ਦਿਤਾ ਤੇ ਕੁੰਦਨ ਇੰਗਲੈਂਡ ਪੁੱਜ ਗਿਆ।

ਕੁੰਦਨ ਪੜ੍ਹ ਗਿਆ, ਕੁੰਦਨ ਨੂੰ ਵਧੀਆ ਨੌਕਰੀ ਵੀ ਮਿਲ ਗਈ, ਉਸ ਦਾ ਵਿਆਹ ਵੀ ਹੋ ਗਿਆ ਤੇ ਉਹ ਇੰਗਲੈਂਡ ਵੀ ਪੁੱਜ ਗਿਆ ਪਰ ਉਸ ਜੇਠੂ ਉਸ ਦੇ ਨਾਲ ਹੀ ਰਿਹਾ। ਬਹੁਤ ਵਾਰੀ ਅਜਿਹਾ ਹੁੰਦਾ ਕਿ ਜੇਠੂ ਉਸ ਨੂੰ ਧੱਕਾ ਮਾਰ ਕੇ ਅੱਗੇ ਆਉਣ ਲਗਦਾ। ਕਿਤੇ ਵੀ ਕੁੰਦਨ ਅਣਸੁਰੱਖਿਅਤ ਮਹਿਸੂਸ ਕਰਦਾ ਤਾਂ ਜੇਠੂ ਇਕ ਦਮ ਮੂਹਰੇ ਆ ਜਾਂਦਾ।

ਇੰਗਲੈਂਡ ਆ ਕੇ ਉਹਨੇ ਆਪਣੇ ਲਈ ਸਭ ਕਿਸਮ ਦੇ ਸੁੱਖ ਸਹੂਲਤ ਪ੍ਰਾਪਤ ਕਰਨ ਲਈ ਪੂਰੀ ਮਿਹਨਤ ਕੀਤੀ। ਉਹ ਜ਼ਿੰਦਗੀ ਵਿੱਚ ਪੂਰੀ ਤਰ੍ਹਾਂ ਸੈਟਲ ਹੋ ਗਿਆ। ਦੋ ਬੱਚੇ ਹੋ ਗਏ। ਕਈ ਕਿਸਮ ਦੀ ਨੌਕਰੀ ਕਰਦਾ ਕਰਦਾ ਉਹ ਡਾਕਖਾਨੇ ਵਿਚ ਕਲਰਕ ਬਣ ਗਿਆ। ਮਨਜੀਤ ਦੇ ਕਾਰਨ ਉਸ ਦੇ ਦੋਸਤਾਂ ਦਾ ਵੀ ਵੱਡਾ ਸਾਰਾ ਦਾਇਰਾ ਬਣ ਗਿਆ। ਮਨਜੀਤ ਮਿਲਣਸਾਰ ਔਰਤ ਸੀ। ਜਦ ਕੁੰਦਨ ਨੇ ਲਿਖਣਾ ਸ਼ੁਰੂ ਕੀਤਾ ਤਾਂ ਉਸ ਦੇ ਦੋਸਤਾਂ ਦੀ ਗਿਣਤੀ ਵੀ ਵਧਣ ਲੱਗੀ। ਭਾਵੇਂ ਉਸ ਨੂੰ ਕਵਿਤਾ ਲਿਖਣ ਦਾ ਹਿੰਦੁਸਤਾਨ ਤੋਂ ਹੀ ਸ਼ੌਂਕ ਸੀ ਪਰ ਇਸ ਸ਼ੌਂਕ ਨੂੰ ਇੰਗਲੈਂਡ ਆ ਕੇ ਵਧਣ ਫੁੱਲਣ ਦਾ ਮੌਕਾ ਮਿਲਿਆ। ਉਸ ਨੇ ਮਿਹਨਤ ਕਰਕੇ ਸਟੇਜ ਤੋਂ ਬੋਲਣ ਵਿੱਚ ਮੁਹਾਰਤ ਹਾਸਲ ਕੀਤੀ। ਜਿਸ ਵਿਸ਼ੇ 'ਤੇ ਬੋਲਣਾ ਹੁੰਦਾ ਉਸ ਉਪਰ ਪੂਰੀ ਮਿਹਨਤ ਕਰਦਾ। ਨਿਕੇ ਨਿਕੇ ਕਾਰਡ ਜਿਹੇ ਤਿਆਰ ਕਰ ਲੈਂਦਾ। ਉਸ ਨੇ ਦੋ ਕੁ ਡਰਾਮਿਆਂ ਵਿੱਚ ਵੀ ਹਿੱਸਾ ਲਿਆ। ਜਦੋਂ ਉਸ ਦਾ ਪਹਿਲਾ ਨਾਵਲ 'ਨਵੇਂ ਨਾਤੇ' ਛਪਿਆ ਤਾਂ ਸਾਹਿਤਕ ਹਲਕਿਆਂ ਵਿੱਚ ਉਸ ਦਾ ਨਾਂ ਵੱਡਾ ਬਣ ਕੇ ਉਭਰ ਆਇਆ। ਇਸ ਪਹਿਲੇ ਨਾਵਲ ਨਾਲ ਹੀ ਉਹ ਸਥਾਪਤ ਨਾਵਲਕਾਰ ਬਣ ਗਿਆ ਸੀ। ਹੁਣ ਕੁੰਦਨ ਦਾ ਨਾਂ ਸਮੁੱਚੇ ਪੰਜਾਬੀ ਸਾਹਿਤ ਜਗਤ ਵਿੱਚ ਇਕ ਸਥਾਪਤ ਲੇਖਕ ਵਜੋਂ ਲਿਆ ਜਾਂਦਾ ਸੀ ਪਰ ਉਸ ਨੂੰ ਇਹ ਨਾਕਾਫੀ ਜਾਪਦਾ।

ਅਗਾਂਹਵਧੂ ਲਿਖਾਰੀ ਸਭਾ ਦਾ ਪ੍ਰਧਾਨ ਬਣਨੋਂ ਰਹਿ ਜਾਣ ਦਾ ਦੁੱਖ ਹਾਲੇ ਉਸ ਦੇ ਮਨ ਵਿੱਚ ਹੀ ਸੀ ਕਿ ਦੇਵਿੰਦਰ ਸਿੰਘ ਨੇ ਇਕ ਹੋਰ ਚਾਲ ਚੱਲੀ। ਉਸ ਨੇ ਦੇਖਿਆ ਕਿ ਇਹ ਤਿੰਨ ਬੰਦੇ; ਰੇਸ਼ਮ ਸਮੁੰਦਰੀ, ਸੁੱਚਾ ਅਜ਼ਾਦ ਤੇ ਕੁੰਦਨ ਸਭਾ ਨੂੰ ਖਰਾਬ ਕਰ ਰਹੇ ਹਨ, ਉਸ ਨੇ ਇਹਨਾਂ ਤਿੰਨਾਂ ਨੂੰ ਸਭਾ ਵਿੱਚੋਂ ਕੱਢ ਦੇਣ ਦਾ ਮਤਾ ਸਭਾ ਵਿੱਚ ਰੱਖ ਦਿਤਾ। ਵੋਟਾਂ ਤਾਂ ਉਸ ਕੋਲ ਸਨ ਹੀ। ਕੁੰਦਨ ਤੇ ਉਸ ਦੇ ਸਾਥੀ ਇਸ ਗੱਲ ਲਈ ਤਿਆਰ ਨਹੀਂ ਸਨ। ਦੇਵਿੰਦਰ ਸਿੰਘ ਆਪਣੀ ਸਿਆਸੀ ਚਾਲ ਨਾਲ ਇਹਨਾਂ ਨੂੰ ਸਭਾ ਵਿੱਚੋਂ ਕੱਢ ਕੇ ਆਪ ਮੁੜ ਸਭਾ ਦਾ ਪਰਧਾਨ ਬਣ ਬੈਠਾ। ਸਾਰੇ ਦੇਖਦੇ ਹੀ ਰਹਿ ਗਏ, ਕੋਈ ਕੁਝ ਵੀ ਨਾ ਕਰ ਸਕਿਆ। ਰੇਸ਼ਮ ਸਮੁੰਦਰੀ ਨੂੰ ਫੋਨ ਉਪਰ ਦਸਿਆ ਕਿ ਉਹਨਾਂ ਨੂੰ ਸਭਾ ਵਿੱਚੋਂ ਕੱਢ ਦਿਤਾ ਹੈ ਤਾਂ ਕੁੰਦਨ ਬੋਲਿਆ,

"ਦਫਾ ਕਰ ਸਾਲ਼ੇ ਬੈਹੜਿਆਂ ਦਿਆਂ ਨੂੰ, ਤੂੰ ਹੁਣ ਮੇਰੀ ਅਗਲੀ ਚਾਲ ਦੇਖ!"

5-ਪਰਵਾਸੀ ਸਾਹਿਤ ਕੀ ਬਲਾ

ਕੁੰਦਨ ਦੇ ਦਿਮਾਗ ਵਿੱਚ ਹੁਣ ਸ਼ਬਦ 'ਪਰਵਾਸੀ ਸਾਹਿਤ' ਤਾਰ ਵਾਂਗ ਘੁੰਮਦਾ ਰਹਿੰਦਾ ਸੀ। ਇਵੇਂ ਹੀ ਹੁੰਦਾ ਸੀ ਉਸ ਨਾਲ। ਕੁਝ ਸੋਚਣ ਲੱਗਦਾ ਤਾਂ ਉਸ ਵਿੱਚ ਧੁਰ ਤਕ ਖੁੱਭ ਜਾਂਦਾ। ਕੁਝ ਸਾਲ ਪਹਿਲਾਂ ਉਸ ਦੇ ਮਨ ਵਿੱਚ ਪੰਜਾਬੀ ਦੀ ਐਮ. ਏ. ਕਰਨ ਦਾ ਭੂਤ ਸਵਾਰ ਹੋਇਆ ਸੀ ਤਾਂ ਉਸ ਨੇ ਪਟਿਆਲਾ ਯੂਨੀਵਰਸਟੀ ਤੋਂ ਪਤਰ-ਵਿਹਾਰ ਰਾਹੀਂ ਐਮ.ਏ. ਕਰਨੀ ਸ਼ੁਰੂ ਕਰ ਲਈ ਸੀ। ਜਦ ਤਕ ਉਸ ਦੀ ਐਮ. ਏ. ਪੂਰੀ ਨਹੀਂ ਸੀ ਹੋਈ ਉਸ ਨੇ ਸਾਹ ਨਹੀਂ ਸੀ ਲਿਆ। ਹੁਣ ਉਹ 'ਪਰਵਾਸੀ ਸਾਹਿਤ' ਸ਼ਬਦ ਦੀ ਤਹਿ ਤਕ ਜਾਣਾ ਚਾਹੁੰਦਾ ਸੀ। ਜਦ ਵੀ ਵਕਤ ਮਿਲਦਾ ਉਹ ਲਾਇਬਰੇਰੀ ਵਿੱਚ ਜਾ ਬੈਠਦਾ। ਇਸ ਬਾਰੇ ਉਸ ਨੇ ਕੁਝ ਕਿਤਾਬਾਂ ਖਰੀਦ ਵੀ ਲਈਆਂ ਸਨ। ਉਸ ਨੇ ਪਹਿਲਾਂ ਤਾਂ ਪਰਵਾਸੀ ਸ਼ਬਦ ਦੀ ਪ੍ਰੀਭਾਸ਼ਾ ਪੜ੍ਹੀ ਫਿਰ ਸਾਹਿਤ ਦੀ। ਸਾਹਿਤ ਕੀ ਹੁੰਦਾ ਹੈ? ਸਾਹਿਤ ਲਿਖਣ ਦੇ ਕਿਹੜੇ ਸੋਮੇ ਹੁੰਦੇ ਹਨ? ਸਾਹਿਤ ਲਿਖਣ ਵਿੱਚ ਸੰਵੇਦਨਾ ਦਾ ਕੀ ਯੋਗਦਾਨ ਹੁੰਦਾ ਹੈ? ਸੰਵਦਨਾ ਕਿਵੇਂ ਬਣਦੀ ਹੈ? ਸੰਵੇਦਨਾ ਦਾ ਚੇਤਨਾ ਨਾਲ ਕੀ ਵਾਹ ਹੈ? ਚੇਤਨਾ ਕਿਵੇਂ ਬਣਦੀ ਹੈ? ਪਰਵਾਸ ਰਹਿ ਕੇ ਕਿਹੋ ਜਿਹੀ ਚੇਤਨਾ ਬਣਦੀ ਹੈ? ਪਰਵਾਸੀ ਚੇਤਨਾ ਕੀ ਹੁੰਦੀ ਹੈ, ਪਰਵਾਸੀ ਸੰਵੇਦਨਾ ਕੀ ਹੁੰਦੀ ਹੈ, ਪਰਵਾਸੀ ਸਾਹਿਤ ਤੇ ਆਮ ਸਾਹਿਤ ਦਾ ਕੀ ਫਰਕ ਹੁੰਦਾ ਹੈ? ਉਸ ਨੇ ਮਹੀਨਾ ਕੁ ਲਾ ਕੇ ਇਕ ਲੇਖ ਤਿਆਰ ਕਰ ਲਿਆ ਜਿਸ ਵਿੱਚ ਉਹ ਆਪਣੇ ਇਸ ਨਵੇਂ ਸਕੰਲਪ ਨੂੰ ਪੇਸ਼ ਕੀਤਾ। ਲੇਖ ਤਾਂ ਤਿਆਰ ਕਰ ਲਿਆ ਪਰ ਇਸ ਨੂੰ ਸੁਣਾਵੇ ਕਿਸ ਨੂੰ? ਰੇਸ਼ਮ ਸਮੁੰਦਰੀ ਨੂੰ ਫੋਨ ਕੀਤਾ ਤਾਂ ਉਹ ਹਊ-ਪਰੇ ਕਰ ਗਿਆ। ਉਹ ਤਾਂ ਕਵੀ ਸੀ ਜਿਹੜਾ ਬਹੁਤਾ ਸੋਚੇ ਬਿਨਾਂ ਕਵਿਤਾ ਲਿਖੀ ਜਾ ਰਿਹਾ ਸੀ। ਇਵੇਂ ਹੀ ਸੁੱਚੇ ਅਜ਼ਾਦ ਨੇ ਕੀਤਾ। ਸੁੱਚਾ ਕਵਿਤਾ ਤੇ ਕਹਾਣੀ ਲਿਖਦਾ ਸੀ ਉਸ ਨੂੰ ਵੀ ਬਹੁਤੀਆਂ ਗੰਭੀਰ ਗੱਲਾਂ ਚੰਗੀਆਂ ਨਹੀਂ ਸਨ ਲੱਗਦੀਆਂ। ਲੂਟਨ ਰਹਿੰਦਾ ਚਤਰਥ ਸਿੰਘ ਹੰਢਿਆ ਹੋਇਆ ਮਾਰਕਸਵਾਦੀ ਸੀ, ਕੁੰਦਨ ਨੇ ਉਸ ਨੂੰ ਫੋਨ ਕਰਕੇ ਆਪਣੀ ਇਸ ਖੋਜ ਬਾਰੇ ਦੱਸਿਆ ਪਰ ਉਹ ਵੀ ਪਾਸਾ ਵੱਟ ਗਿਆ। ਉਸ ਨੇ ਬਹੁਤ ਮਿਹਨਤ ਨਾਲ ਲੇਖ ਲਿਖਿਆ ਸੀ ਪਰ ਕੋਈ ਪੜ੍ਹਨ-ਸੁਣਨ ਲਈ ਤਿਆਰ ਨਹੀਂ ਸੀ। ਅਖੀਰ ਉਸ ਨੂੰ ਜੋਗੇਂਦਰ ਦਾ ਚੇਤਾ ਆਇਆ। ਉਸ ਨੇ ਉਸੇ ਵਕਤ ਹੀ ਉਸ ਨੂੰ ਫੋਨ ਘੁਮਾਇਆ, ਬੋਲਿਆ,

"ਓਹ ਛੋਟੇ ਭਾਊ, ਕੀ ਹਾਲ ਏ?"

"ਠੀਕ ਏ ਕੁੰਦਨ ਸਾਹਿਬ, ਮੈਂ ਤਾਂ ਸੋਚਿਆ ਸੀ ਕਿ ਤੁਸੀਂ ਮੈਨੂੰ ਭੁੱਲ ਈ ਗਏ ਹੋਵੋਂਗੇ। ਉਸ ਦਿਨ ਸਭਾ ਦੀ ਚੋਣ ਤੋਂ ਬਾਅਦ ਤੁਸੀਂ ਇਵੇਂ ਵਰਤਾਵ ਕਰ ਰਹੇ ਸੀ ਜਿਵੇਂ ਮੈਨੂੰ ਜਾਣਦੇ ਹੀ ਨਾ ਹੋਵੋਂ।"

ਉਸ ਦਿਨ ਕੁੰਦਨ ਨੇ ਇਵੇਂ ਹੀ ਕੀਤਾ ਸੀ, ਜੋਗੇਂਦਰ ਦੇ ਕੋਲ ਦੀ ਉਹ ਇਵੇਂ ਲੰਘ ਗਿਆ ਸੀ ਜਿਵੇਂ ਕਦੇ ਮਿਲਿਆ ਹੀ ਨਾ ਹੋਵੇ। ਕੁਲਦੀਪ ਨੇ ਵੀ ਕਿਹਾ ਸੀ ਕਿ ਤੂੰ ਗਲਤ ਬੰਦੇ ਦਾ ਸਾਥ ਦੇ ਬੈਠਾਂ। ਕੁੰਦਨ ਆਖਣ ਲੱਗਾ,

"ਉਹ ਨਹੀਂ ਭਾਊ, ਤੈਨੂੰ ਕਿਵੇਂ ਭੁੱਲ ਸਕਦਾਂ, ਓਦਣ ਮੂਡ ਹੀ ਏਦਾਂ ਦਾ ਸੀ, ਤੂੰ ਸੁਣਾ ਕੀ ਹਾਲ ਏ?"

"ਮੈਂ ਠੀਕ ਆਂ, ਤੁਸੀਂ ਸੁਣਾਓ?"

"ਮੇਰਾ ਹਾਲ ਠੀਕ ਏ, ਤੂੰ ਕਿਸੇ ਦਿਨ ਆਪਣੀ ਵਾਈਫ ਤੇ ਬੱਚੀ ਨੂੰ ਲੈ ਕੇ ਆ ਜਾ ਸਾਡੇ ਵੱਲ। ਗੱਲਾਂ ਕਰਾਂਗੇ। ਬਹੁਤ ਦਿਨ ਹੋ ਗਏ ਆਪਾਂ ਨੂੰ ਮਿਲਿਆਂ ਵੀ, ਨਾਲ਼ੇ ਤੇਰੀ ਕਹਾਣੀ ਪੜ੍ਹੀ ਸੀ ਇਕ ਮੈਗਜ਼ੀਨ ਵਿੱਚ, ਉਹਦੇ ਬਾਰੇ ਵੀ ਗੱਲ ਕਰਾਂਗੇ।"

ਕੁੰਦਨ ਨੇ ਪੂਰੇ ਮੋਹ ਨਾਲ ਕਿਹਾ। ਜੋਗੇਂਦਰ ਨੂੰ ਚਾਅ ਚੜ੍ਹ ਗਿਆ। ਆਖਰ ਕੁੰਦਨ ਨੇ ਉਸ ਨੂੰ ਆਪਣੇ ਘਰ ਆਉਣ ਦਾ ਸੱਦਾ ਦਿਤਾ ਸੀ। ਉਸ ਦੀ ਸਾਹਿਤਕ ਭੁੱਖ ਵੀ ਪੂਰੀ ਹੋਣੀ ਸੀ। ਕਿੰਨੇ ਦਿਨਾਂ ਤੋਂ ਕਿਸੇ ਨਾਲ ਸਾਹਿਤ ਬਾਰੇ ਗੱਲ ਹੀ ਨਹੀਂ ਸੀ ਹੋ ਸਕੀ। ਐਤਵਾਰ ਵਾਲੇ ਦਿਨ ਉਹ ਦੁਪਿਹਰੋਂ ਬਾਅਦ ਕੁੰਦਨ ਦੇ ਘਰ ਪੁੱਜ ਗਿਆ। ਆਪਣੀ ਪਤਨੀ ਨੂੰ ਉਹ ਨਹੀਂ ਸੀ ਲੈ ਕੇ ਗਿਆ। ਕੁੰਦਨ ਨੇ ਉਸ ਦਾ ਭਰਵਾਂ ਸਵਾਗਤ ਕੀਤਾ। ਉਹ ਦੋਵੇਂ ਫਰੰਟ ਰੂਮ ਵਿੱਚ ਬੈਠ ਗਏ। ਮਨਜੀਤ ਚਾਹ ਦਾ ਕੱਪ-ਕੱਪ ਰੱਖ ਗਈ। ਕੁੰਦਨ ਨੇ ਕਹਿਣਾ ਸ਼ੁਰੂ ਕੀਤਾ,

"ਮੈਂ ਤੇਰੀ ਕਹਾਣੀ ਪੜ੍ਹੀ ਸੀ, ਪ੍ਰੈਜ਼ੇਂਟ ਟੈਂਸ ਵਿੱਚ ਲਿਖੀ ਇਹ ਕਹਾਣੀ ਮੈਨੂੰ ਬਹੁਤ ਚੰਗੀ ਲਗੀ, ਬਿਲਕੁਲ ਨਵੀਂ ਸ਼ੈਲੀ! ...ਬੱਸ ਇਵੇਂ ਚੁੱਕੀ ਚੱਲ ਕੰਮ ਨੂੰ।"

"ਥੈਂਕਿਊ ਕੁੰਦਨ ਜੀ।"

"ਜੇ ਤੇਰਾ ਦਿਲ ਕਰੇ ਤਾਂ ਬੇਸ਼ੱਕ ਲਿਖਣ ਤੋਂ ਬਾਅਦ ਮੈਨੂੰ ਕਹਾਣੀ ਸੁਣਾ ਲਿਆ ਕਰ। ਮੈਂ ਚਾਹੁੰਨਾ ਕਿ ਤੇਰੀ ਹਰ ਕਹਾਣੀ ਪੂਰੀ ਤਰ੍ਹਾਂ ਮਾਂਜਣ ਤੋਂ ਬਾਅਦ ਹੀ ਛਪੇ।"

"ਮੈਨੂੰ ਤਾਂ ਕੋਈ ਚਾਹੀਦਾ ਏ ਜਿਹਨੂੰ ਕਹਾਣੀ ਸੁਣਾ ਸਕਾਂ ਪਰ ਤੁਹਾਡਾ ਟਾਈਮ ਖਰਾਬ ਤਾਂ ਨਹੀਂ ਹੋਵੇਗਾ?"

"ਟਾਈਮ ਤਾਂ ਹੁਣ ਆਪਾਂ ਪੂਰਾ ਸਾਹਿਤ ਨੂੰ ਹੀ ਦਿਤਾ ਹੋਇਆ ਏ। ...ਮੈਂ ਇਕ ਲੇਖ ਲਿਖਿਆ, ਤੈਨੂੰ ਉਹ ਸੁਣਾਉਣਾ ਤੇ ਤੇਰੀ ਰਾਏ ਜਾਨਣੀ ਏਂ।"

"ਅੱਛਾ ਜੀ, ਜ਼ਰੂਰ ਸੁਣਾਓ, ਕਿਹੜੇ ਸਬਜੈਕਟ 'ਤੇ ਆ ਲੇਖ?"

"ਡਾਕਟਰ ਹਰੀ ਸਿੰਘ ਮੇਰੀ ਡਿਊਟੀ ਲਗਾ ਗਿਆ ਸੀ ਕਿ ਤੂੰ ਪਰਵਾਸੀ ਸਾਹਿਤ ਦਾ ਮੁਲਾਂਕਣ ਕਰ, ਮੈਂ ਇਸ ਦਾ ਮੁਲਾਂਕਣ ਕਰਨ ਤੋਂ ਪਹਿਲਾਂ ਇਹ ਸਮਝਿਆ ਕਿ ਸਭ ਤੋਂ ਪਹਿਲਾਂ ਆਮ ਸਾਹਿਤ ਤੇ ਪਰਵਾਸੀ ਸਾਹਿਤ ਦੇ ਫਰਕ ਨੂੰ ਪੱਛਾਣਿਆਂ ਜਾਵੇ।"

"ਇਹ ਤਾਂ ਬਿਲਕੁਲ ਠੀਕ ਐ, ਹੁਣ ਸਾਰੇ ਇਹ ਕਹੀ ਤਾਂ ਜਾ ਰਹੇ ਆ ਕਿ ਇਹ ਪਰਵਾਸੀ ਸਾਹਿਤ ਐ ਪਰ ਇਹ ਹੈ ਕੀ, ਇਹ ਕਿਸੇ ਨੂੰ ਨਹੀਂ ਪਤਾ।"

"ਬਸ ਮੇਰਾ ਇਹ ਲੇਖ ਇਸੇ ਗੱਲ ਦਾ ਸਿਰਨਾਵਾਂ ਦੱਸੇਗਾ। ਮੈਂ ਉਹ ਗੱਲ ਕੀਤੀ ਏ ਜਿਹੜੀ ਪਹਿਲਾਂ ਕਿਸੇ ਨੇ ਸੋਚੀ ਵੀ ਨਹੀਂ। ਸਾਹਿਤ ਚੇਤਨਾ ਵਿੱਚੋਂ ਪੈਦਾ ਹੁੰਦਾ ਏ ਤੇ ਚੇਤਨਾ ਸੰਵੇਦਨਾ ਵਿਚੋਂ। ਮੈਂ ਸਭ ਤੋਂ ਪਹਿਲਾਂ ਸੰਵੇਦਨਾ ਨੂੰ ਡਿਫਾਈਨ ਕੀਤਾ ਏ ਕਿ ਸੰਵੇਦਨਾ ਹੁੰਦੀ ਕੀ ਏ ਤੇ ਇਹ ਬਣਦੀ ਕਿਵੇਂ ਏ। ਸਾਡੇ ਪਰਵਾਸ ਵਿੱਚ ਰਹਿੰਦਿਆਂ ਸਾਡੀ ਸੰਵੇਦਨਾ ਕਿਹੋ ਜਿਹੀ ਹੋ ਸਕਦੀ ਏ ਸੋ ਮੈਂ ਪਰਵਾਸੀ ਸੰਵੇਦਨਾ ਦੀ ਪ੍ਰੀਭਾਸ਼ਾ ਬੰਨੀ ਏ। ਸੰਵੇਦਨਾ ਵਿੱਚੋਂ ਚੇਤਨਾ ਨਿਕਲਦੀ ਏ, ਪਰਵਾਸੀ ਸੰਵੇਦਨਾ ਵਿੱਚੋਂ ਪਰਵਾਸੀ ਚੇਤਨਾ ਤੇ ਪਰਵਾਸੀ ਚੇਤਨਾ ਵਿੱਚੋਂ ਪਰਵਾਸੀ ਸਾਹਿਤ। ...ਇਸ ਕੰਮ ਲਈ ਬੰਦੇ ਕੋਲ ਸਿਰ ਚਾਹੀਦਾ ਏ ਤੇ ਸਿਰ ਤੇਰੇ ਭਾਊ ਕੋਲ ਹੈਗਾ, ਆਹ ਤੇਰੇ ਸਾਰੇ ਸਾਹਿਤ ਸਭੀਏ ਦੋਸਤ ਤਾਂ ਲਕੜਸਿਰੇ ਆ।"

ਆਖਦਾ ਕੁੰਦਨ ਜ਼ਰਾ ਕੁ ਹੱਸਿਆ ਤੇ ਸਿਰਗਟ ਸੁਲਘਾਉਣ ਲੱਗ ਪਿਆ। ਕੁਝ ਕੱਸ਼ ਖਿੱਚ ਕੇ ਬੋਲਿਆ,

"ਜਿਹੜਾ ਸਾਹਿਤ ਇੰਗਲੈਂਡ ਵਿੱਚ ਲਿਖਿਆ ਜਾ ਰਿਹਾ ਏ ਇਹਦੇ ਵਿਚ ਨੌਸਟੈਲਜੀਆ ਭਾਰੂ ਹੁੰਦਾ ਏ, ਇਹਦੇ ਵਿੱਚ ਨਸਲਵਾਦ ਵੀ ਹੁੰਦਾ ਏ, ਇਹਦੇ ਵਿੱਚ ਪੀੜ੍ਹੀ-ਪਾੜਾ ਤਿੱਖਾ ਹੋ ਜਾਂਦਾ ਏ, ਇਹਦੇ ਵਿੱਚ ਰਿਸ਼ਤਿਆਂ ਵਿਚ ਅਜਨਬੀਅਤ ਵੀ ਆ ਜਾਂਦੀ ਏ ਜਿਵੇਂ ਕਿ ਤੇਰੀਆਂ ਕੁਝ ਕਵਿਤਾਵਾਂ ਨੇ, ਇਵੇਂ ਮੈਂ ਆਮ ਸਾਹਿਤ ਨਾਲੋਂ ਪਰਵਾਸੀ ਸਾਹਿਤ ਨੂੰ ਵੱਖ ਕਰਦੇ ਕੁਝ ਲੱਛਣਾਂ ਦੀ ਪੱਛਾਣ ਕੀਤੀ ਏ, ਤੂੰ ਇਹ ਲੇਖ ਸੁਣ ਤੇ ਮੈਨੂੰ ਸਲਾਹ ਦੇ ਜੇ ਕੁਝ ਬਦਲਣ ਵਾਲਾ ਹੋਵੇ ਤਾਂ ਬਦਲ ਲਵਾਂਗਾ।"

ਕੁੰਦਨ ਨੇ ਆਖਰੀ ਗੱਲ ਜੋਗੇਂਦਰ ਨੂੰ ਵਡਿਆਉਣ ਲਈ ਕਹੀ ਸੀ, ਨਹੀਂ ਤਾਂ ਉਸ ਨੂੰ ਪਤਾ ਸੀ ਕਿ ਉਸ ਦੀ ਆਪਣੀ ਲਿਖੀ ਗੱਲ ਆਖਰੀ ਹੀ ਹੁੰਦੀ ਹੈ, ਉਹ ਕਿਸੇ ਦੀ ਸਲਾਹ ਨਹੀਂ ਮੰਨਿਆਂ ਕਰਦਾ। ਉਸ ਨੂੰ ਤਾਂ ਸਿਰਫ ਇਕ ਸਰੋਤਾ ਚਾਹੀਦਾ ਸੀ। ਉਸ ਨੇ ਕੁਝ ਕੱਸ਼ ਲੈ ਕੇ ਮੂਡ ਬਣਾਇਆ ਤੇ ਲੇਖ ਪੜ੍ਹਨਾ ਸ਼ੁਰੂ ਕਰ ਦਿਤਾ। ਕਿਤੇ ਕਿਤੇ ਉਹ ਪੜ੍ਹਦਾ ਹੋਇਆ ਰੁਕ ਵੀ ਜਾਂਦਾ, ਕੋਈ ਗੱਲ ਜੋਗੇਂਦਰ ਨੂੰ ਸਮਝਾਉਣ ਵੀ ਲੱਗਦਾ। ਜੋਗੇਂਦਰ ਚੁੱਪ ਚਾਪ ਸਿਰ ਮਾਰਦਾ ਜਾਂਦਾ ਜਿਵੇਂ ਉਹ ਆਪਣੀ ਸਵੀਕ੍ਰਿਤੀ ਦੇ ਰਿਹਾ ਹੋਵੇ। ਵੀਹ ਸਫੇ ਦਾ ਪਰਚਾ ਸੀ। ਕੁਝ ਗੱਲਾਂ ਜੋਗੇਂਦਰ ਦੇ ਸਿਰ ਉਪਰ ਦੀ ਵੀ ਲੰਘ ਗਈਆਂ ਪਰ ਕੁਲ ਮਿਲਾ ਕੇ ਉਸ ਨੂੰ ਇਹ ਨਵੀਂ ਗੱਲ ਲੱਗੀ। ਇਸ ਪਰਚੇ ਨਾਲ ਪਰਵਾਸੀ ਸਾਹਿਤ ਇਕ

ਵੱਖਰੀ ਕਿਸਮ ਦੇ ਸਾਹਿਤ ਦੇ ਤੌਰ ਤੇ ਪੇਸ਼ ਹੁੰਦਾ ਸੀ। ਆਪਣਾ ਪਰਚਾ ਖਤਮ ਕਰਕੇ ਕੁੰਦਨ ਨੇ ਇਕ-ਇਕ ਚਾਹ ਦਾ ਕੱਪ ਹੋਰ ਮੰਗਵਾਇਆ, ਸਿਗਰਟ ਸੁਲਘਾਈ ਤੇ ਪੁੱਛਿਆ,

"ਕਿਵੇਂ ਲੱਗਿਆ ਤੈਨੂੰ ਇਹ ਪਰਚਾ?"

"ਕੁੰਦਨ ਜੀ, ਬਹੁਤ ਵਧੀਆ, ਸਾਡੇ ਬਹੁਤ ਸਾਰੇ ਲੇਖਕ ਇਥੇ ਬੈਠੇ ਇਥੇ ਦੀ ਸੰਵੇਦਨਾ ਨੂੰ ਨਹੀਂ ਫੜ ਰਹੇ, ਜੇ ਉਹਨਾਂ ਦੀ ਕਹਾਣੀ ਵਿੱਚੋਂ ਜਗਾਹ ਲੰਡਨ ਦੀ ਵਜਾਏ ਲੁਧਿਆਣਾ ਹੋ ਜਾਵੇ ਤਾਂ ਕਹਾਣੀ ਨੂੰ ਕੋਈ ਫਰਕ ਨਹੀਂ ਪੈਣ ਲਗਾ।"

"ਬਸ ਇਹੋ ਗੱਲ ਏ, ਇਹੋ ਹੀ ਬੇਸਿਕ ਫਰਕ ਏ ਦੋਨਾਂ ਕਿਸਮ ਦੇ ਸਾਹਿਤ ਵਿੱਚ, ਜਿਹੜਾ ਚੇਤੰਨ ਲੇਖਕ ਹੋਵੇਗਾ ਉਸ ਦੀ ਇਸ ਸਮਾਜ ਵਿੱਚ ਰਹਿ ਕੇ ਸੰਵੇਦਨਾ ਜਾਗੇਗੀ, ਸੰਵੇਦਨਾ ਚੇਤਨਾ ਪੈਦਾ ਕਰੇਗੀ ਤੇ ਚੇਤਨਾ ਸਾਹਿਤ। ਇਹਦੇ ਬਾਰੇ ਕੌਂਸੀਅਸ਼ ਹੋਣ ਦੀ ਲੋੜ ਏ।"

ਕੁੰਦਨ ਨੇ ਅਗਲੇ ਦਿਨ ਹੀ ਇਹ ਪਰਚਾ ਹਿੰਦੁਸਤਾਨ ਦੇ ਪੰਜਾਬੀ ਦੇ ਪ੍ਰਮੁੱਖ ਪਰਚੇ ਨੂੰ ਭੇਜ ਦਿਤਾ। ਇਸ ਦੇ ਛਪਦੇ ਸਾਰ ਹੀ ਹੰਗਾਮਾ ਹੋ ਗਿਆ। ਕੁੰਦਨ ਨੇ ਇਹ ਇਕ ਨਵੀਂ ਕਾਢ ਕੱਢੀ ਸੀ। ਸਾਰੇ ਪਾਸੇ ਉਸ ਦੀਆਂ ਤਾਰੀਫਾਂ ਹੋਣ ਲੱਗੀਆਂ। ਇਸ ਲੇਖ ਬਾਰੇ ਕੁੰਦਨ ਨੂੰ ਦਰਜਨਾਂ ਚਿੱਠੀਆਂ ਆਈਆਂ ਖਾਸ ਤੌਰ ਤੇ ਦਿੱਲੀ ਵਾਲੇ ਡਾਕਟਰ ਹਰੀ ਸਿੰਘ ਦੀ। ਇਸ ਦਾ ਇਕ ਹੋਰ ਫਾਇਦਾ ਇਹ ਹੋਇਆ ਕਿ ਕੁੰਦਨ ਦੇ ਨਾਵਲਾਂ ਵੱਲ ਵੀ ਉਚੇਚਾ ਧਿਆਨ ਦਿਤਾ ਜਾਣ ਲੱਗਿਆ। ਇਹਨਾਂ ਦਿਨਾਂ ਵਿੱਚ ਉਸ ਦਾ ਇਕ ਹੋਰ ਨਾਵਲ ਵੀ ਆਇਆ; 'ਕੱਖ ਤੇ ਦਰਿਆ।' ਇਹ ਨਾਵਲ ਭਾਵੇਂ ਬਹੁਤਾ ਵਧੀਆ ਨਹੀਂ ਸੀ ਪਰ ਇਹ ਕੁੰਦਨ ਦਾ ਲਿਖਿਆ ਹੋਇਆ ਸੀ ਇਸ ਕਰਕੇ ਇਹ ਚੱਲ ਗਿਆ।

ਕੁੰਦਨ ਦੇ ਇਸ ਲੇਖ ਬਾਰੇ ਇੰਗਲੈਂਡ ਦੇ ਪੰਜਾਬੀ ਲੇਖਕ ਬਹੁਤਾ ਨਾ ਬੋਲੇ। ਜ਼ਿਆਦਾ ਲੇਖਕ ਤਾਂ ਈਰਖਾ ਕਰਦੇ ਚੁੱਪ ਹੀ ਕਰ ਗਏ। ਕੁੰਦਨ ਵੀ ਸਭ ਸਮਝਦਾ ਸੀ। ਉਸ ਨੂੰ ਜਿਹੜਾ ਹੁੰਘਾਰਾ ਇੰਡੀਆ ਤੋਂ ਮਿਲ ਰਿਹਾ ਸੀ ਉਸ ਦੀ ਤਸੱਲੀ ਲਈ ਕਾਫੀ ਸੀ। ਉਹ ਉਸੇ ਨਾਲ ਹੀ ਆਪਣੇ ਆਪ ਨੂੰ ਵੱਡੇ ਜੋੜਾਂ ਵਿੱਚ ਸਮਝਣ ਲੱਗ ਪਿਆ ਸੀ। ਪਰਵਾਸੀ ਸਾਹਿਤ ਦਾ ਮੁਲਾਂਕਣ ਕਰਦੇ ਉਸ ਨੇ ਕੁਝ ਹੋਰ ਲੇਖ ਵੀ ਲਿਖੇ। ਉਸ ਦੇ ਲਿਖੇ ਹਰ ਲੇਖ ਦਾ ਭਰਪੂਰ ਨੋਟਿਸ ਲਿਆ ਜਾਂਦਾ।

ਦਿੱਲੀ ਤੋਂ ਡਾਕਟਰ ਰੌਸ਼ਨ ਦੀ ਉਸ ਨੂੰ ਵਿਸ਼ੇਸ਼ ਚਿੱਠੀ ਆਈ ਕਿ ਉਹ ਦਿੱਲੀ ਆਵੇ ਤਾਂ ਯੂਨੀਵਰਸਟੀ ਵਲੋਂ ਉਸ ਦਾ ਸਵਾਗਤ ਕੀਤਾ ਜਾਵੇਗਾ। ਡਾਕਟਰ ਰੌਸ਼ਨ ਪਿਛਲੇ ਸਾਲ ਹੀ ਆਲਮੀ ਕਾਨਫਰੰਸ ਵਿੱਚ ਆਇਆ ਸੀ ਤੇ ਕੁੰਦਨ ਨਾਲ ਕੁਝ ਕੁ ਮੁਲਾਕਾਤਾਂ ਵੀ ਹੋਈਆਂ ਸਨ। ਉਹ ਡਾਕਟਰ ਹਰੀ ਸਿੰਘ ਦਾ ਵਿਦਿਆਰਥੀ ਹੀ ਸੀ ਪਰ ਉਸ ਵਿੱਚ ਅੱਗੇ ਵਧਣ ਦੀ ਬਹੁਤ ਤਾਂਘ ਸੀ। ਡਾਕਟਰ ਰੌਸ਼ਨ ਦੀ ਤੇਜ਼ ਨਜ਼ਰ ਨੇ ਦੇਖ ਲਿਆ ਕਿ ਕੁੰਦਨ ਬਹੁਤ ਜ਼ਹੀਨ ਆਦਮੀ ਹੈ, ਇਹ ਭਵਿੱਖ ਵਿੱਚ ਬਹੁਤ ਦੂਰ ਜਾਏਗਾ। ਇੰਗਲੈਂਡ ਵਿੱਚ ਉਹ ਉਸ ਦੀ ਇਕ ਵੱਡੀ ਧਿਰ ਬਣ ਸਕਦਾ ਹੈ। ਇਵੇਂ ਕੁੰਦਨ ਉਸ ਦੇ ਆਪਣੇ ਕੈਰੀਅਰ ਵਿੱਚ ਸਹਾਈ ਹੋ ਸਕਦਾ ਹੈ। ਅਜਿਹੀਆਂ ਪ੍ਰਸੰਸਾਮਈ ਚਿੱਠੀਆਂ ਕੁੰਦਨ ਨੂੰ ਹੋਰਨਾਂ ਲੇਖਕਾਂ ਦੀਆਂ ਵੀ ਆਈਆਂ। ਉਹ ਇੰਡੀਆ ਜਾਣ ਦੀ ਤਿਆਰੀ ਕਰਨ ਲੱਗਿਆ।

ਇੰਡੀਆ ਗਏ ਕੁੰਦਨ ਨੂੰ ਉਥੋਂ ਦੇ ਪੰਜਾਬੀ ਲੇਖਕਾਂ ਨੇ ਹੱਥਾਂ 'ਤੇ ਚੁੱਕ ਲਿਆ। ਉਸ ਦੇ ਕਈ ਥਾਂਵੀਂ ਭਾਸ਼ਨ ਹੋਏ। ਉਹ ਪੂਰੀ ਤਿਆਰੀ ਕਰਕੇ ਜਾਂਦਾ ਤੇ ਬਹੁਤ ਹੀ ਠਰੰਮੇ ਨਾਲ ਬੋਲਦਾ। ਉਸ ਦੇ ਭਾਸ਼ਨ ਵਿੱਚੋਂ ਕਈ ਕਿਸਮ ਦੇ ਸਵਾਲ ਉਠਦੇ, ਉਹ ਉਹਨਾਂ ਦੇ ਤਸੱਲੀਬਖਸ਼ ਜਵਾਬ ਦਿੰਦਾ। ਉਸ ਨੂੰ ਇਕ ਚਲੰਤ ਜਿਹਾ 'ਭਾਈ ਸੇਵਾ ਸਿੰਘ ਹਕੀਮ' ਪੁਰਸਕਾਰ ਵੀ ਮਿਲ ਗਿਆ। ਪੁਰਸਕਾਰਾਂ ਨਾਲ ਕੁੰਦਨ ਦਾ ਖਾਸ ਮੋਹ ਸੀ। ਭਾਵੇਂ ਇਸ ਇਨਾਮ ਦੀ ਬਹੁਤੀ ਵੁੱਕਤ ਨਹੀਂ ਸੀ ਪਰ ਉਹ ਖੁਸ਼ ਸੀ ਕਿ ਉਹ ਪਹਿਲਾ ਬ੍ਰਤਾਨਵੀ ਪੰਜਾਬੀ ਲੇਖਕ ਸੀ ਜਿਸ ਨੂੰ ਇਹ ਮਿਲਿਆ ਸੀ। ਕੁੰਦਨ ਦਾ ਕੰਮ ਚਰਚਾ ਵਿੱਚ ਆ ਚੁੱਕਿਆ ਸੀ। ਪਰਵਾਸੀ ਸਾਹਿਤ ਇਕ ਵੱਖਰੀ ਵਿਧਾ ਦੇ ਤੌਰ 'ਤੇ ਉਭਰਨ ਲੱਗਿਆ। ਕੁੰਦਨ ਇੰਡੀਆ ਤੋਂ ਵਿਜਯੀ ਯੋਧੇ ਵਾਂਗ ਮੁੜਿਆ ਪਰ ਇੰਗਲੈਂਡ ਵਿੱਚ ਉਸ ਦਾ ਕੋਈ ਸਵਾਗਤ ਨਾ ਹੋਇਆ। ਇੰਗਲੈਂਡ ਵਿੱਚ ਤਾਂ ਇਕ ਧੜਾ ਉਸ ਦੇ ਖਿਲਾਫ ਸਾਜ਼ਿਸ਼ਾਂ ਘੜਨ ਲੱਗਿਆ। ਉਸ ਧੜੇ ਨੇ ਇਹ ਪਰਚਾਰਨਾ ਸ਼ੁਰੂ ਕਰ ਦਿਤਾ ਕਿ ਅਸਲ ਵਿੱਚ ਪਰਵਾਸੀ ਸਾਹਿਤ ਵਿੱਚ ਕੁਝ ਵੀ ਨਹੀਂ, ਇਹ ਐਵੇਂ ਹੀ ਸਕੰਲਪ ਖੜਾ ਕਰ ਦਿਤਾ ਗਿਆ ਹੈ। ਲੂਟਨ ਵਾਲੇ ਚਤਰਥ ਸਿੰਘ ਨੇ ਤਾਂ ਇਸੇ ਬਾਰੇ ਇਕ ਪਰਚਾ ਵੀ ਲਿਖ ਮਾਰਿਆ ਕਿ ਪਰਵਾਸੀ ਸਾਹਿਤ ਨਾਂ ਦੀ ਕੋਈ ਚੀਜ਼ ਨਹੀਂ ਹੈ। ਜੇ ਹੈ ਵੀ ਤਾਂ ਬਹੁਤ ਕਮਜ਼ੋਰ ਕਿਸਮ ਦਾ ਤੇ ਹੇਠਲੀ ਪੱਧਰ ਦਾ ਸਾਹਿਤ ਹੈ। ਕੁਝ ਦੇਰ ਪਹਿਲਾਂ ਇੰਡੀਆ ਤੋਂ ਆ ਕੇ ਇੰਗਲੈਂਡ ਵਸੇ ਲੇਖਕ ਅਲਬੇਲਾ ਸਿੰਘ ਨੇ ਵੀ ਅਜਿਹਾ ਹੀ ਪਰਚਾ ਲਿਖਿਆ ਕਿ ਪਰਵਾਸੀ ਸਾਹਿਤ ਨੂੰ ਕਿਹੜੇ ਖਾਨੇ ਵਿੱਚ ਰੱਖੀਏ। ਅਜਿਹੇ ਪਰਚਿਆਂ ਦੇ ਪਰਚਾਰ ਦਾ ਮਤਲਬ ਸਿਰਫ ਕੁੰਦਨ ਦੇ ਕੰਮ ਨੂੰ ਛੋਟਾ ਦਿਖਾਉਣਾ ਹੀ ਸੀ। ਕੁੰਦਨ ਦੇ ਹੱਕ ਵਿੱਚ ਸਿਰਫ ਬਨਫੂਲ ਹੀ ਕਦੇ ਕਦਾਈਂ ਗੱਲ ਕਰਦਾ ਸੀ। ਬਨਫੂਲ ਭਾਵੇਂ ਦੇਵਿੰਦਰ ਸਿੰਘ ਦੇ ਧੜੇ ਦਾ ਬੰਦਾ ਸੀ ਪਰ ਕੁੰਦਨ ਨਾਲ ਵੀ ਉਸ ਦਾ ਖਾਸ ਜਿਹਾ ਨੇੜ ਤੇ ਪਿਆਰ ਸੀ। ਇਕ ਵਾਰ ਉਸ ਨੇ ਮੰਚ ਤੋਂ ਬੋਲਦਿਆਂ ਕਿਹਾ ਵੀ ਕਿ ਪਰਵਾਸੀ ਸਾਹਿਤ ਚੰਗਾ ਹੈ ਜਾਂ ਮਾੜਾ ਇਹ ਬਾਅਦ ਦੀ ਗੱਲ ਹੈ ਪਰ ਪਰਵਾਸੀ ਸਾਹਿਤ ਹੈ ਕੀ, ਇਹ ਗੱਲ ਤਾਂ ਕੁੰਦਨ ਨੇ ਪ੍ਰਭਾਸ਼ਿਤ ਕਰ ਦਿਤੀ ਹੈ। ਹੁਣ ਕੋਈ ਕੁੰਦਨ ਦੇ ਹੱਕ ਵਿੱਚ ਬੋਲੇ ਜਾਂ ਖਿਲਾਫ, ਉਸ ਨੂੰ ਕੋਈ ਫਰਕ ਨਹੀਂ ਸੀ ਪੈਂਦਾ। ਪੰਜਾਬੀ ਸਾਹਿਤ ਵਿੱਚ ਉਸ ਨੇ ਆਪਣਾ ਇਕ ਮੁਕਾਮ ਬਣਾ ਲਿਆ ਸੀ। ਉਸ ਨੂੰ ਸਹੀ ਪੱਛਾਣ ਮਿਲ ਚੁੱਕੀ ਸੀ। ਕੁੰਦਨ ਇੰਗਲੈਂਡ ਦੇ ਦੋਸਤਾਂ ਵਲੋਂ ਅਣਗੌਲਣ ਕਾਰਨ ਦੁਖੀ ਤਾਂ ਜ਼ਰੂਰ ਸੀ ਪਰ ਉਹ ਇਹਨਾਂ ਨੂੰ ਹੁਣ ਤੁੱਛ ਜਿਹੇ ਹੀ ਸਮਝਦਾ ਸੀ। ਉਹ ਆਪਣੇ ਆਪ ਨੂੰ ਹੁਣ ਪੰਜਾਬੀ ਸਾਹਿਤ ਦਾ ਥੰਮ ਮੰਨ ਰਿਹਾ ਸੀ।

ਕੁੰਦਨ ਨੂੰ ਮਿਲੀ ਇਸ ਪੱਛਾਣ ਨੇ ਉਸ ਵਿੱਚ ਕੁਝ ਤਬਦੀਲੀ ਲੈ ਆਂਦੀ। ਪਹਿਲਾਂ ਜੇਠੂ ਉਸ ਦੇ ਪਿੱਛੇ ਹੀ ਰਹਿੰਦਾ ਸੀ ਪਰ ਹੁਣ ਕਦੇ ਕਦੇ ਉਸ ਦੇ ਬਰਾਬਰ ਤੁਰਨ ਲਗਦਾ। ਕਦੇ ਕਦੇ ਉਹਦੇ ਨਾਲ ਬਹਿ ਕੇ ਹੀ ਸੋਚਣ ਲਗਦਾ। ਅਗਾਂਹਵਧੂ ਲਿਖਾਰੀ ਸਭਾ ਤਾਂ ਉਸ ਨੂੰ ਹੁਣ ਘਾਹ-

ਫੂਸ ਜਿਹੀ ਲਗ ਰਹੀ ਸੀ, ਇਸ ਦੇ ਆਹੁਦੇਦਾਰ ਨਿਹਾਇਤ ਬੌਣੇ, ਜਿਹਨਾਂ ਦੇ ਪੱਲੇ ਕੁਝ ਵੀ ਨਹੀਂ ਸੀ। ਇੰਗਲੈਂਡ ਵਿੱਚ ਸਾਹਿਤਕ ਸਮਾਗਮ ਹੁੰਦੇ ਰਹਿੰਦੇ ਸਨ, ਉਸ ਨੂੰ ਸੱਦੇ ਆਉਂਦੇ, ਉਸ ਨੂੰ ਪ੍ਰਧਾਨਗੀ ਵੀ ਦਿਤੀ ਜਾਂਦੀ। ਉਹ ਪੂਰੇ ਆਤਮ ਵਿਸ਼ਵਾਸ ਨਾਲ ਪ੍ਰਧਾਨਗੀ ਭਾਸ਼ਨ ਦਿੰਦਾ। ਉਹ ਆਪ ਵੀ ਸਾਹਿਤਕ ਸਮਾਗਮਾਂ ਦਾ ਪਰਬੰਧ ਕਰ ਲੈਂਦਾ। ਲੇਖਕ ਉਸ ਵਲੋਂ ਰਚਾਏ ਸਮਾਗਮ ਵਿੱਚ ਜ਼ਰੂਰ ਪੁੱਜਦੇ। ਉਹਨਾਂ ਨੂੰ ਪਤਾ ਹੁੰਦਾ ਕਿ ਜ਼ਰੂਰ ਕੁੰਦਨ ਤੋਂ ਕੋਈ ਕੰਮ ਦੀ ਗੱਲ ਸਣਨ ਨੂੰ ਮਿਲੇਗੀ।...

ਇਹਨਾਂ ਦਿਨਾਂ ਵਿੱਚ ਹੀ ਕੁੰਦਨ ਨੂੰ ਇਕ ਨਵੀਂ ਸਿਰਦਰਦੀ ਨੇ ਆ ਘੇਰਿਆ। ਉਸ ਨੇ ਆਪਣੇ ਸੁਹਰਿਆਂ ਦੇ ਕਹਿਣ ‘ਤੇ ਰੈਣਕ ਬਜ਼ਾਰ ਵਿੱਚ ਦੋ ਦੁਕਾਨਾਂ ਖਰੀਦ ਰੱਖੀਆਂ ਸਨ। ਜਿਹੜੀਆਂ ਸੁਹਰਿਆਂ ਦੀਆਂ ਦੁਕਾਨਾਂ ਦੇ ਨਾਲ ਹੀ ਲਗਦੀਆਂ ਸਨ। ਸੁਹਰਿਆਂ ਦੇ ਮਨ ਵਿੱਚ ਅਜਿਹੀ ਹੇਰਾਫੇਰੀ ਆਈ ਕਿ ਉਹਨਾਂ ਨੇ ਕੁੰਦਨ ਦੀਆਂ ਦੁਕਾਨਾਂ ਆਪਣੀਆਂ ਦੇ ਵਿੱਚ ਹੀ ਰਲ਼ਾ ਲਈਆਂ। ਕੁੰਦਨ ਨੂੰ ਇੰਡੀਆ ਗਏ ਨੂੰ ਪਤਾ ਚੱਲਿਆ ਤਾਂ ਉਸ ਨੇ ਆਪਣੀਆਂ ਦੁਕਾਨਾਂ ਵਾਪਸ ਮੰਗੀਆਂ ਤਾਂ ਉਹ ਸਾਫ ਮੁਕਰ ਗਏ। ਉਹ ਉਸ ਨੂੰ ਦੁਕਾਨਾਂ ਦੀ ਉਹ ਕੀਮਤ ਦੇਣ ਲਈ ਤਿਆਰ ਸਨ ਜਿਸ ਕੀਮਤ ‘ਤੇ ਉਸ ਨੇ ਖਰੀਦੀਆਂ ਸਨ ਪਰ ਹੁਣ ਦੁਕਾਨਾਂ ਦੀ ਕੀਮਤ ਕਈ ਗੁਣਾਂ ਵਧ ਚੁੱਕੀ ਸੀ। ਵਾਪਸ ਆ ਕੇ ਉਸ ਨੇ ਮਨਜੀਤ ਨਾਲ ਗੱਲ ਕੀਤੀ ਪਰ ਮਨਜੀਤ ਇਵੇਂ ਕਰ ਰਹੀ ਸੀ ਜਿਵੇਂ ਉਹ ਕੁਝ ਜਾਣਦੀ ਹੀ ਨਾ ਹੋਵੇ। ਸ਼ਾਮ ਨੂੰ ਹਵਾ ਪਿਆਜ਼ੀ ਹੋ ਕੇ ਜੇਠੂ ਨੇ ਮਨਜੀਤ ਨੂੰ ਕਿਹਾ,

“ਆਪਣੇ ਭਰਾਵਾਂ ਨੂੰ ਦਸਦੇ ਮੇਰੀਆਂ ਦੁਕਾਨਾਂ ਖਾਲੀ ਕਰ ਦੇਣ ਨਹੀਂ ਤਾਂ ਮੈਂ ਉਹਨਾਂ ਦਾ ਬੁਰਾ ਹਾਲ ਕਰਾਂਗਾ।”

“ਕੀ ਕਰੇਂਗਾ ਤੂੰ?”

ਮਨਜੀਤ ਵੀ ਗੁੱਸੇ ਵਿੱਚ ਸੀ। ਜੇਠੂ ਖੜਾ ਹੁੰਦਾ ਬੋਲਿਆ,

“ਰਗੜ ਕੇ ਰੱਖ ਦੇਊਂ! ਉਹ ਜਾਣਦੇ ਨਹੀਂ ਮੈਨੂੰ ਹਾਲੇ!”

“ਕੀ ਕਰੇਂਗਾ ਤੂੰ? ਨਾਲੀ ਦੇ ਕੀੜੇ ਕੀ ਕਰੇਂਗਾ ਤੂੰ? ਤੂੰ ਕੀ ਸਮਝਦਾਂ ਕਿ ਤੈਨੂੰ ਜਾਣਦੀ ਨਹੀਂ ਮੈਂ? ਗੰਦਾ ਖੂਨ! ਥਰਡ ਕਲਾਸ ਟੱਬਰ ਦਾ ਥਰਡ ਕਲਾਸ ਬੰਦਾ! ਤੈਨੂੰ ਆਪਣਾ ਪਿਛੋਕੜ ਭੁੱਲ ਗਿਆ? ਲੋਕਾਂ ਦੀਆਂ ਟੱਟੀਆਂ ਸਾਫ ਕਰਕੇ ਰੋਟੀ ਖਾਂਦਾ ਸੈਂ, ਭਾਂਡੇ ਮਾਂਜਦਾ ਸੈਂ ਤਾਂ ਰੋਟੀ ਮਿਲਦੀ ਸੀ, ਹੋਰ ਵੀ ਬਹੁਤ ਕੁਝ, ਜੇ ਭੁੱਲ ਗਿਆਂ ਤਾਂ ਚੇਤੇ ਕਰਾਵਾਂ?”

ਜੇਠੂ ਨੂੰ ਲਗਿਆ ਜਿਵੇਂ ਤਾਈ ਹੀ ਬੋਲ ਰਹੀ ਹੋਵੇ। ਉਹ ਇਕ ਦਮ ਦੱਬ ਗਿਆ। ਆਪਣੇ ਬਚਾਅ ਲਈ ਦੋਵੇਂ ਹੱਥ ਮੂੰਹ ਤੇ ਇਵੇਂ ਰੱਖ ਲਏ। ਜੇਠੂ ਦੇ ਮਨ ਵਿੱਚ ਮਨਜੀਤ ਦਾ ਵੀ ਤਾਈ ਵਾਂਗ ਹੀ ਦਹਿਲ ਜਿਹਾ ਪੈ ਗਿਆ। ਭਾਵੇਂ ਇਹ ਦਹਿਲ ਹੌਲੀ ਹੌਲੀ ਹਲਕਾ ਹੋ ਗਿਆ ਸੀ ਪਰ ਫਿਰ ਵੀ ਜੇਠੂ ਉਸ ਦੇ ਸਾਹਮਣੇ ਬਹੁਤ ਘੱਟ ਉਭਰਦਾ ਸੀ। ਇਸ ਤੋਂ ਬਾਅਦ ਜਦ ਵੀ ਮਨਜੀਤ ਦੀ ਕੁੰਦਨ ਨਾਲ ਲੜਾਈ ਹੁੰਦੀ ਤਾਂ ਮਨਜੀਤ ਉਸ ਨੂੰ ਸਹਿਜੇ ਹੀ ਦਬਾ ਲੈਂਦੀ ਜਾਂ ਕੁੰਦਨ ਹੀ ਲੜਾਈ ਨੂੰ ਇਕ ਪਾਸੇ ਦੀ ਲੰਘ ਜਾਣ ਦਿੰਦਾ। ਮਨਜੀਤ ਖਿਲਾਫ ਆਪਣੀ ਲੜਾਈ ਨੂੰ ਲੜਨ ਲਈ ਉਹ ਬੱਚਿਆਂ ਦਾ ਆਸਰਾ ਵੀ ਲੈਂਦਾ ਪਰ ਫਿਰ ਮਨਜੀਤ ਨੇ ਵੀ ਬੱਚਿਆਂ ਨੂੰ ਆਪਣੀ ਧਿਰ ਵਿੱਚ ਸ਼ਾਮਲ ਕਰਨਾ ਸ਼ੁਰੂ ਕਰ ਦਿਤਾ।...

ਪਾਇਲ ਕੁਝ ਵੱਡੀ ਹੋਈ ਤਾਂ ਉਸ ਨੇ ਮਨਜੀਤ ਤੇ ਕੁੰਦਨ ਨੂੰ ਸਿਰ-ਦਰਦੀ ਦੇਣੀ ਸ਼ੁਰੂ ਕਰ ਦਿਤੀ। ਪਾਇਲ ਅਜਿਹੇ ਛੋਟੇ-ਛੋਟੇ ਕਪੜੇ ਪਾ ਕੇ ਬਾਹਰ ਨਿਕਲਦੀ ਕਿ ਗਵਾਂਢੀ ਮੂੰਹ ਵਿੱਚ ਉਂਗਲਾ ਪਾ ਲੈਂਦੇ। ਮਨਜੀਤ ਕੋਰ ਲੜ-ਲੜ ਕੇ ਮਰ ਜਾਂਦੀ ਪਰ ਕੁੜੀ ਕਿਸੇ ਦਾ ਕਹਿਣਾ ਨਾ ਮੰਨਦੀ। ਕੁੰਦਨ ਕੁਝ ਕਹਿੰਦਾ ਤਾਂ ਪਾਇਲ ਰੁੱਸ-ਰੁੱਸ ਬਹਿੰਦੀ। ਇਥੇ ਹੀ ਬੱਸ ਨਹੀਂ, ਪਾਇਲ ਨੇ ਲੁਕ-ਛੁਪ ਕੇ ਸਿਗਰਟਾਂ ਵੀ ਪੀਣੀਆਂ ਸ਼ੁਰੂ ਕਰ ਦਿਤੀਆਂ ਸਨ। ਕਈ ਵਾਰ ਤਾਂ ਉਹ ਕੁੰਦਨ ਦੀਆਂ ਸਿਗਰਟਾਂ ਹੀ ਚੋਰੀ ਕਰਕੇ ਪੀ ਜਾਂਦੀ। ਕੁੰਦਨ ਮਨਜੀਤ ਲਈ ਵਾਈਨ ਦੀ ਬੋਤਲ ਲੈ ਆਇਆ ਕਰਦਾ ਸੀ, ਪਾਇਲ ਹੁਣ ਵਾਈਨ ਵੀ ਪੀਣ ਲੱਗੀ ਸੀ। ਕਦੇ ਕਦੇ ਕੁੰਦਨ ਦੀ ਵਿਸਕੀ ਦੀ ਬੋਤਲ ਵਿੱਚੋਂ ਚੋਰੀ ਨਾਲ ਪੈੱਗ ਵੀ ਪੀ ਜਾਇਆ ਕਰਦੀ। ਇਕ ਦਿਨ ਕੁੰਦਨ ਗੁੱਸੇ ਵਿੱਚ ਆਇਆ ਉਸ ਨੂੰ ਮਾਰਨ ਹੱਥ ਉਕਰਿਆ ਤਾਂ ਪਾਇਲ ਬੋਲੀ,

“ਡੈਡ, ਆਏ ਨੋ ਯੂ ਬੀਨ ਸਲੀਪਿੰਗ ਵਿਦ ਗੋਲਡੀ, ਹਾਓ ਦਾ ਫੱ... ਯੂ ਕੈਨ ਟੈੱਲ ਮੀ ਐਨੀਥਿੰਗ?”

ਧੀ ਦੇ ਏਨੇ ਕਹਿਣ ਨਾਲ ਕੁੰਦਨ ਪਾਣੀਓਂ ਪਾਣੀ ਹੋ ਗਿਆ। ਮੁੜ ਕੇ ਪਾਇਲ ਨੂੰ ਕੁਝ ਕਹਿ ਸਕਣ ਦੀ ਉਸ ਵਿੱਚ ਹਿੰਮਤ ਹੀ ਨਾ ਰਹੀ। ਜੋ ਕੁਝ ਵੀ ਕਹਿਣਾ ਹੁੰਦਾ ਉਹ ਮਨਜੀਤ ਰਾਹੀਂ ਹੀ ਅਖਵਾਉਂਦਾ ਪਰ ਪਾਇਲ ਕਿਸੇ ਦੀ ਨਹੀਂ ਸੀ ਸੁਣਦੀ। ਉਸ ਦੀ ਸਿਗਰਟਾਂ ਪੀਣ ਦੀ ਆਦਤ ਤਾਂ ਛੇਤੀ ਹੀ ਪੱਕ ਗਈ। ਉਹ ਇਸ ਤੋਂ ਵੀ ਦੋ ਕਦਮ ਅਗੇ ਹੋ ਤੁਰੀ, ਉਸ ਨੇ ਬਾਹਰ ਬੁਆਏ ਫਰੈਂਡ ਵੀ ਰੱਖ ਲਿਆ ਹੋਇਆ ਸੀ। ਅਜਿਹੇ ਕੰਮਾਂ ਵਿੱਚ ਪੈ ਕੇ ਉਸ ਨੇ ਪੜ੍ਹਾਈ ਵਲ ਧਿਆਨ ਤਾਂ ਕੀ ਦੇਣਾ ਸੀ। ਮਨਜੀਤ ਕੋਰ ਗੁੱਸੇ ਵਿੱਚ ਆਉਂਦੀ ਕੁੰਦਨ ਨੂੰ ਕਹਿਣ ਲਗਦੀ,

“ਇਹ ਸਭ ਤੇਰੇ ਕਰਕੇ ਹੋਇਆ, ਤੂੰ ਉਹਦੇ ਸਾਹਮਣੇ ਸਿਗਰਟਾਂ ਪੀਂਦਾ ਸੀ ਤੇ ਰੰਗ ਬਰੰਗੀਆਂ ਗੱਲਾਂ ਕਰਦਾ ਸੀ।”

“ਨਹੀਂ ਮਨਜੀਤ ਕੋਰੇ, ਤੂੰ ਆਪਣੀ ਜ਼ਿੰਮੇਵਾਰੀ ਵਿੱਚ ਫੇਹਲ ਹੋ ਗਈ ਏਂ, ਤੂੰ ਚੰਗੀ ਮਾਂ ਨਹੀਂ ਬਣ ਸਕੀ, ਕੁੜੀ ਨੂੰ ਉਹ ਅਕਲ ਨਹੀਂ ਦੇ ਸਕੀ ਜਿਹੜੀ ਮਾਂ ਦਿੰਦੀ ਹੁੰਦੀ ਏ।”

“ਤੂੰ ਗੰਦੇ ਖਾਨਦਾਨ ‘ਚੋਂ ਆਇਐਂ, ਨਾ ਬੋਲਣ ਦਾ ਪਤਾ, ਨਾ ਕਿਸੇ ਹੋਰ ਗੱਲ ਦਾ।”

“ਤੂੰ ਮੇਰੇ ਖਾਨਦਾਨ ਨੂੰ ਨਾ ਨੌਲ਼, ਤੇਰੇ ਖਾਨਦਾਨ ਨੂੰ ਵੀ ਮੈਂ ਜਾਣਦਾਂ, ਜੁਆਈ ਦੇ ਪੈਸੇ ਖਾਣ ਵਾਲੇ!”

ਇਥੇ ਆ ਕੇ ਮਨਜੀਤ ਇਕ ਵਾਰ ਫਿਰ ਜੇਠੂ ਨੂੰ ਗਾਲ਼ਾਂ ਦੇਣ ਲਗਦੀ ਤੇ ਜੇਠੂ ਹੁੱਸਣ ਲਗਦਾ। ਕੁੰਦਨ ਆਖਦਾ,

"ਦੇਖ ਮਨਜੀਤ, ਜ਼ਰਾ ਠੰਡੇ ਦਿਮਾਗ ਨਾਲ ਸੋਚ, ਕੁੜੀ ਦਾ ਕੁਝ ਕਰੀਏ, ਆਪਸੀ ਲੜ੍ਹਾਈ ਤਾਂ ਸਾਰੀ ਉਮਰ ਹੀ ਚੱਲੀ ਜਾਣੀ ਏਂ, ਤੂੰ ਮਾਂ ਏਂ ਜ਼ਰਾ ਕੁੜੀ ਦਾ ਧਿਆਨ ਰੱਖ, ਉਹਦੇ ਨਾਲ ਸਖਤੀ ਨਾਲ ਪੇਸ਼ ਆ, ਜਿਹੜੀ ਗੱਲ ਮਾਂ ਧੀ ਨਾਲ ਕਰ ਸਕਦੀ ਏ, ਪਿਓ ਨਹੀਂ ਕਰ ਸਕਦਾ।"

ਉਹਨਾਂ ਨੇ ਪਾਇਲ ਨਾਲ ਸਖਤੀ ਵਰਤਣੀ ਸ਼ੁਰੂ ਕਰ ਦਿਤੀ। ਉਸ ਦਾ ਬਾਹਰ ਆਉਣਾ-ਜਾਣਾ ਬੰਦ ਕਰ ਦਿਤਾ। ਖਮਰੇ ਵਿੱਚ ਵਾੜ ਕੇ ਜਿੰਦਰਾ ਲਾ ਦਿਤਾ। ਇਕ ਦਿਨ ਮੌਕਾ ਪਾ ਕੇ ਪਾਇਲ ਘਰੋਂ ਭੱਜ ਗਈ। ਉਹ ਦੋਵੇਂ ਕਮਲ਼ਿਆਂ ਵਾਂਗ ਉਸ ਨੂੰ ਲੱਭਣ ਲੱਗੇ। ਕਈ ਦਿਨ ਤਕ ਤਾਂ ਉਸ ਦਾ ਪਤਾ ਹੀ ਨਹੀਂ ਸੀ ਚੱਲਿਆ। ਕਾਫੀ ਭੱਜ-ਦੌੜ ਤੋਂ ਬਾਅਦ ਜਾ ਕੇ ਖ਼ਬਰ ਮਿਲੀ ਕਿ ਉਹ ਅਫਰੀਕਨ ਮੁੰਡਿਆਂ ਨਾਲ ਪੂਰਬੀ ਲੰਡਨ ਵਿੱਚ ਕਿਤੇ ਰਹਿੰਦੀ ਹੈ। ਕੁੰਦਨ ਨੇ ਆਪਣੇ ਮੁੰਡੇ ਅਮਰਜੋਤ ਨੂੰ ਨਾਲ ਲੈ ਕੇ ਪਾਇਲ ਨੂੰ ਵਾਪਸ ਘਰ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕਿਆ।

ਕੁੰਦਨ ਦੀ ਕੁੜੀ ਦੇ ਘਰੋਂ ਦੌੜ ਜਾਣ ਕਾਰਨ ਉਸ ਦੀ ਬਦਨਾਮੀ ਹੋਣੀ ਸ਼ੁਰੂ ਹੋ ਗਈ। ਭਾਵੇਂ ਕੁੜੀਆਂ ਘਰੋਂ ਦੋੜਨ ਦੀਆਂ ਕੁਝ ਘਟਨਾਵਾਂ ਪਹਿਲਾਂ ਵੀ ਹੋ ਚੁੱਕੀਆਂ ਸਨ ਪਰ ਇਹ ਖ਼ਬਰ ਵਿਸ਼ੇਸ਼ ਬਣ ਗਈ। ਇਕ ਤਾਂ ਕੁੰਦਨ ਮਿਡਲਸੈਕਸ ਦੇ ਇਲਾਕੇ ਦਾ ਜਾਣਿਆਂ ਪੱਛਾਣਿਆਂ ਬੰਦਾ ਸੀ ਤੇ ਦੂਜੇ ਪਾਇਲ ਕਾਲ਼ੇ ਮੁੰਡਿਆਂ ਦੇ ਗਰੋਹ ਨਾਲ ਜਾ ਰਲ਼ੀ ਸੀ ਜਿਹੜਾ ਕਿ ਕਈ ਕਿਸਮ ਦੇ ਗੈਰ ਕਾਨੂੰਨੀ ਕੰਮ ਕਰਦਾ ਸੀ। ਇਹ ਗਰੋਹ ਡਰੱਗ ਤੇ ਵੇਸਵਾ-ਗਮਨੀ ਦੇ ਧੰਦੇ ਲਈ ਖਾਸ ਤੌਰ 'ਤੇ ਜਾਣਿਆਂ ਜਾਂਦਾ ਸੀ। ਕੁੰਦਨ ਨੂੰ ਇਹ ਗੱਲ ਅੰਦਰੋ-ਅੰਦਰ ਖਾਈ ਜਾ ਰਹੀ ਸੀ। ਪਹਿਲਾਂ ਉਸ ਨੂੰ ਲੱਗਦਾ ਕਿ ਸ਼ਾਇਦ ਪਾਇਲ ਨੂੰ ਜਬਰਦਸਤੀ ਗਰੋਹ ਵਿੱਚ ਰਲ਼ਾ ਲਿਆ ਗਿਆ ਹੋਵੇ ਪਰ ਫਿਰ ਪਤਾ ਚਲਿਆ ਕਿ ਪਾਇਲ ਆਪਣੀ ਮਰਜ਼ੀ ਨਾਲ ਹੀ ਉਹਨਾਂ ਨਾਲ ਰਲ਼ੀ ਹੈ ਤਾਂ ਕੁੰਦਨ ਲਹੂ ਦੇ ਹੰਝੂ ਪੀ ਕੇ ਰਹਿ ਗਿਆ। ਕਈ ਦਿਨ ਤਕ ਉਹ ਕੰਮ 'ਤੇ ਵੀ ਨਾ ਜਾ ਸਕਿਆ। ਉਸ ਨੇ ਲੋਕਾਂ ਨੂੰ ਮਿਲਣਾ-ਜੁਲਣਾ ਬੰਦ ਕਰ ਦਿਤਾ। ਉਹ ਹਰ ਵੇਲੇ ਸ਼ਰਾਬ ਵਿੱਚ ਡੁੱਬਿਆ ਰਹਿਣ ਲੱਗਿਆ। ਉਹ ਬੁੜਬੜਾਉਣ ਲੱਗਾ,

"ਜੇਠੂ ਕੰਜਰ ਦਿਆ, ਇਹ ਸਭ ਤੇਰਾ ਕਸੂਰ ਏ, ਮਨਜੀਤ ਠੀਕ ਕਹਿੰਦੀ ਏ।"

"ਤੂੰ ਕੁੜੀ ਨੂੰ ਲੱਭ ਕੇ ਲਿਆ, ਪਤਾ ਨਹੀਂ ਕਿਹੜੇ ਕਾਲ਼ੇ ਹੇ'...!"

ਆਖਦਾ ਉਹ ਉਚੀ-ਉਚੀ ਰੋਣ ਲੱਗ ਪਿਆ। ਸਿਸਕੀਆਂ ਵਿੱਚੋਂ ਨਿਕਲਦਾ ਆਖਣ ਲੱਗਾ,

"ਕੰਜਰ ਦਿਆ, ਐਵੇਂ ਕਿਉਂ ਮਰੀ ਜਾਨਾ? ਏਹ ਤਾਂ ਹੁਣ ਘਰ-ਘਰ ਦੀ ਕਹਾਣੀ ਏਂ, ਨਾਲੇ ਤੂੰ ਹੁਣ ਸਧਾਰਨ ਬੰਦਾ ਨਹੀਂ, ਬਹੁਤ ਬੜੀ ਚੀਜ਼ ਏਂ, ਨਵੇਂ ਜ਼ਮਾਨੇ ਦਾ ਬੰਦਾ ਏਂ, ਨਿੱਕੀ ਜਿਹੀ ਗੱਲ 'ਤੇ ਢੇਰੀ ਨਾ ਢਾਅ!"

"ਇਹ ਪਿਆਰ ਸਿੰਘ ਦੀ ਦਸਤਾਰ ਦੀ ਗੱਲ ਏ!"

"ਖੂਹ ਵਿੱਚ ਪੈਂਦੀ ਅਜਿਹੀ ਦਸਤਾਰ, ਜੇ ਪਿਆਰਾ ਸਿੰਘ ਦੀ ਦਸਤਾਰ ਵਿੱਚ ਦਮ ਹੁੰਦਾ ਤਾਂ ਤੇਰਾ ਬਚਪੱਨ ਏਤਰਾਂ ਦਾ ਹੁੰਦਾ?"...

ਇਹਨਾਂ ਦਿਨਾਂ ਵਿੱਚ ਹੀ ਰੇਸ਼ਮ ਸਮੁੰਦਰੀ ਦੀ ਕੁੜੀ ਵੀ ਆਪਣੇ ਨਾਲ ਕੰਮ ਕਰਦੇ ਗੋਰੇ ਨਾਲ ਚਲੇ ਗਈ। ਕੁੰਦਨ ਸਿੰਘ ਰੇਸ਼ਮ ਨੂੰ ਮਿਲਣ ਗਿਆ ਤੇ ਕਿੰਨੀ ਦੇਰ ਤਕ ਉਸ ਦੇ ਗਲ਼ ਲੱਗ ਕੇ ਰੋਂਦਾ ਰਿਹਾ ਤੇ ਕਹਿੰਦਾ ਰਿਹਾ,

"ਤੇਰੀ ਗੋਰੇ ਨਾਲ ਗਈ ਏ ਪਰ ਮੇਰੀ ਤਾਂ ਕਾਲ਼ੇ ਨਾਲ ਚਲੇ ਗਈ, ਉਹ ਵੀ ਪਤਾ ਨਹੀਂ ਕਿੰਨਿਆਂ ਕੁ ਨਾਲ਼!"

"ਕੁੰਦਨ ਸਿਆਂ, ਮੈਂ ਤਾਂ ਹਾਲਾਤ ਨਾਲ ਸਮਝੌਤਾ ਕਰ ਲਿਐ, ਤੂੰ ਵੀ ਕਰ ਲੈ, ...ਕੋਈ ਰੋਗ ਨਾ ਲਵਾ ਲਈਂ, ਜਿਸ ਮੁਲਕ ਵਿੱਚ ਅਸੀਂ ਰਹਿੰਦੇ ਆਂ ਇਥੇ ਇਹ ਸਭ ਤਾਂ ਹੋਣਾ ਈ ਹੋਇਆ, ਜੋ ਕੁਝ ਹੋ ਗਿਆ ਇਸ ਨੂੰ ਰੱਬ ਦਾ ਭਾਣਾ ਮੰਨ ਕੇ ਮਨਜ਼ੂਰ ਕਰ ਤੇ ਲੋਕਾਂ ਵਿੱਚ ਆਮ ਵਾਂਗ ਵਿਚਰਨਾ ਸ਼ੁਰੂ ਕਰ। ਤੂੰ ਬਹੁਤ ਜ਼ਹੀਨ ਬੰਦਾ ਏਂ, ਤੇਰੇ ਪੱਲੇ ਬਹੁਤ ਕੁਝ ਏ, ਪੰਜਾਬੀ ਸਾਹਿਤ ਵਿੱਚ ਤੇਰਾ ਰੁਤਬਾ ਬਹੁਤ ਵੱਡਾ ਏ, ਨਿਆਣਿਆਂ ਮਗਰ ਲੱਗ ਕੇ ਆਪਣੀ ਜ਼ਿੰਦਗੀ ਖਰਾਬ ਨਾ ਕਰ।"

ਰੇਸ਼ਮ ਸਮੁੰਦਰੀ ਦੀ ਗੱਲ ਉਸ ਉਪਰ ਅਸਰ ਕਰਨ ਲੱਗੀ। ਉਹ ਨੇ ਮੁੜ ਕੇ ਕੰਮ ਤੇ ਜਾਣਾ ਸ਼ੁਰੂ ਕਰ ਦਿਤਾ। ਉਸ ਨੇ ਮਨਜੀਤ ਨੂੰ ਵੀ ਕਿਹਾ,

"ਜੋ ਹੋਣਾ ਸੀ ਹੋ ਗਿਆ, ਸਿਰ ਫੜ ਕੇ ਬੈਠਣ ਨਾਲ ਕੁਝ ਨਹੀਂ ਜੇ ਸੌਰਨਾ, ...ਭੁੱਲ ਜਾ ਕਿ ਸਾਡੇ ਕੋਈ ਕੁੜੀ ਵੀ ਹੈਗੀ ਸੀ।"

"ਕਿੱਦਾਂ ਭੁੱਲ ਜਾਵਾਂ! ...ਏਨੇ ਲਾਡਾਂ ਨਾਲ ਪਾਲ਼ੀ ਸੀ!"

ਮਨਜੀਤ ਕੋਰ ਆਖ ਰਹੀ ਸੀ। ਫਿਰ ਉਹ ਵੀ ਪਤੀ ਵਲ ਦੇਖਦੀ ਹੋਈ ਆਪਣੇ ਆਪ ਨੂੰ ਸੰਭਾਲਣ ਲੱਗੀ। ਕੰਮ ਉਪਰ ਸਭ ਨੂੰ ਇਸ ਗੱਲ ਦਾ ਪਤਾ ਚੱਲ ਚੁੱਕਾ ਸੀ। ਇਕ ਦੋ ਔਰਤਾਂ ਨੇ ਉਸ ਨੂੰ ਕੁੜੀ ਬਾਰੇ ਪੁੱਛਣ ਦੀ ਕੋਸ਼ਿਸ਼ ਕੀਤੀ ਤਾਂ ਉਹ ਅਗੋਂ ਗਾਲ਼ਾਂ ਕੱਢਣ ਲੱਗ ਪਈ। ਮੁੜ ਕੇ ਕਿਸੇ ਦੀ ਹਿੰਮਤ ਹੀ ਨਾ ਪਈ। ਮਨਜੀਤ ਨੇ ਆਪਣੇ ਆਪ ਨੂੰ ਗੁਰਦਵਾਰੇ ਨਾਲ ਹੋਰ ਜੋੜ ਲਿਆ। ਉਹ ਸਵੇਰੇ ਸ਼ਾਮ ਗੁਰਦਵਾਰੇ ਕੀਰਤਨ ਕਰਨ ਚਲੇ ਜਾਂਦੀ।

ਕੁੜੀ ਦੇ ਇਵੇਂ ਘਰੋਂ ਜਾਣ ਨੇ ਕੁੰਦਨ ਦੇ ਸੁਭਾਅ ਵਿੱਚ ਇਕ ਹੋਰ ਤਬਦੀਲੀ ਲੈ ਆਂਦੀ। ਉਸ ਨੇ ਸਮਾਜ ਦੀ ਰਾਏ ਬਾਰੇ ਸੋਚਣਾ ਬੰਦ ਕਰ ਦਿਤਾ। ਉਸ ਨੇ ਇਸ ਗੱਲ ਦੀ ਪ੍ਰਵਾਹ ਕਰਨੀ ਛੱਡ ਦਿਤੀ ਕਿ ਲੋਕ ਤੁਹਾਡੇ ਬਾਰੇ ਕੀ ਸੋਚਦੇ ਹਨ। ਉਹਨਾਂ ਨੂੰ ਅਗੰਰੇਜ਼ਾਂ ਦਾ ਸਭਿਆਚਾਰ ਬਹੁਤ ਵਧੀਆ ਲੱਗਦਾ ਜਿਸ ਵਿੱਚ ਕੋਈ ਕਿਸੇ ਦੀ ਫਿਕਰ ਨਹੀਂ ਸੀ ਕਰਦਾ। ਕਦੇ ਕਦੇ ਤਾਂ ਉਸ ਨੂੰ ਲੱਗਦਾ ਕਿ ਸਾਰਾ ਜ਼ਮਾਨਾ ਹੀ ਉਸ ਦਾ ਦੁਸ਼ਮਣ ਹੈ ਪਰ ਉਹ ਅਕਸਰ ਸਾਰੀ ਸਥਿਤੀ ਨੂੰ ਤਰਕ-ਸੰਗਤ ਵੀ ਸੋਚਣ ਲਗਦਾ। ਕਦੇ ਕਦੇ ਜੇਠੂ ਤੰਗ ਕਰਦਾ ਪਰ ਉਹ ਜੇਠੂ ਨੂੰ ਸਮਝਾ ਲੈਂਦਾ। ਇਕ ਦਿਨ ਰੇਸ਼ਮ ਸਮੁੰਦਰੀ ਨੇ ਉਸ ਨੂੰ ਫੋਨ ਕੀਤਾ ਤੇ ਕਹਿਣ ਲੱਗਿਆ,

"ਕੁੰਦਨ ਸਿਆਂ, ਕੀ ਹਾਲ ਆ?"

"ਠੀਕ ਏ, ਤੂੰ ਸੁਣਾ?"

"ਮੈਂ ਵੀ ਠੀਕ ਆਂ, ਕੀ ਲਿਖਿਆ ਜਾ ਰਿਹਾ ਅੱਜ ਕੱਲ?"

"ਕੋਈ ਖਾਸ ਨਹੀਂ, ਕੁਝ ਲਿਖਣ ਦਾ ਸਾਲ਼ਾ ਬੈਹੜਿਆਂ ਦਾ ਮੂਡ ਹੀ ਨਹੀਂ ਰਿਹਾ।"

"ਏਦਾਂ ਨਾ ਕਰ, ਤੇਰੇ ਕੋਲ਼ ਤਾਂ ਏਡਾ ਵੱਡਾ ਕਲਮ ਦਾ ਹਥਿਆਰ ਐ, ਇਸ ਸਾਰੀ ਘਟਨਾ ਨੂੰ ਨਾਵਲੀ ਰੂਪ ਦੇ ਕੇ ਆਪਣੇ ਆਪ ਨੂੰ ਸੁਰਖ਼ਰੂ ਕਰ ਸਕਦੈਂ।"

6-ਕਲਪਨਾ ਦਾ ਉਡਾਰੀ

ਇਹਨਾਂ ਦਿਨਾਂ ਵਿੱਚ ਹੀ ਲੰਡਨ ਤੋਂ 'ਕਲਪਨਾ' ਨਾਂ ਦਾ ਸਾਹਿਤਕ ਪਰਚਾ ਨਿਕਲਣਾ ਸ਼ੁਰੂ ਹੋਇਆ।...

ਕੁੜੀ ਦੇ ਘਰੋਂ ਚਲੇ ਜਾਣ ਕਾਰਨ ਇਕ ਵਾਰ ਹਿੱਲ ਕੇ ਕੁੰਦਨ ਦੁਬਾਰਾ ਪੈਰੀਂ ਆ ਗਿਆ। ਉਸ ਦਾ ਮੁੰਡਾ ਪੜ੍ਹਨ ਨੂੰ ਹੁਸ਼ਿਆਰ ਨਿਕਲਿਆ ਸੀ। ਉਸ ਨੂੰ ਮੁੰਡੇ ਤੋਂ ਆਸ ਬੱਝਣ ਲੱਗੀ ਕਿ ਉਹ ਜ਼ਰੂਰ ਯੂਨੀਵਰਸਟੀ ਜਾਵੇਗਾ। ਇਹੋ ਉਸ ਲਈ ਕਾਫੀ ਸੀ। ਕੁੜੀ ਦੇ ਘਰੋਂ ਚਲੇ ਜਾਣ ਤੋਂ ਬਾਅਦ ਉਸ ਦੀ ਮਨਜੀਤ ਨਾਲ ਹਰ ਵੇਲੇ ਖਟਪਟ ਰਹਿਣ ਲੱਗੀ ਸੀ। ਕੁੜੀ ਦੇ ਘਰੋਂ ਜਾਣ ਦਾ ਗੁੱਸਾ ਇਕ ਦੂਜੇ ਉਪਰ ਕੱਢਣ ਲੱਗਦੇ। ਉਹ ਮਨਜੀਤ ਨੂੰ ਹੱਲਾ ਲੈ ਕੇ ਪੈਂਦਾ। ਉਹ ਅਗਿਓਂ ਉਸ ਦੇ ਘਟੀਆ ਪਿਛੋਕੜ ਦਾ ਮਿਹਣਾ ਮਾਰਦੀ ਤਾਂ ਜੇਠੂ ਹੁੱਸਣ ਲੱਗਦਾ, ਉਹ ਹਥਿਆਰ ਸੁੱਟ ਦਿੰਦਾ। ਜੇ ਕਦੇ ਉਹ ਅੜਦਾ ਤਾਂ ਮਨਜੀਤ ਰੁੱਸ ਕੇ ਘਰੋਂ ਚਲੇ ਜਾਂਦੀ। ਉਹ ਕਈ ਕਈ ਦਿਨ ਕਿਸੇ ਸਹੇਲੀ ਦੇ ਘਰ ਰਹਿਣ ਚਲੇ ਜਾਂਦੀ। ਤਦ ਤਕ ਨਾ ਮੁੜਦੀ ਜਦ ਤਕ ਕੁੰਦਨ ਜਾ ਕੇ ਮਿੰਨਤਾਂ ਕਰਕੇ ਵਾਪਸ ਨਾ ਲਿਆਉਂਦਾ।

ਕੁੰਦਨ ਦੇ ਮਨ ਵਿੱਚ ਕੁਝ ਹੋਰ ਅਕਾਂਖਿਆਵਾਂ ਵੀ ਸਨ। ਉਸ ਨੂੰ ਜੱਟ ਪਸੰਦ ਨਹੀਂ ਸਨ। ਉਸ ਦੇ ਖਾਸ ਦੋਸਤਾਂ ਵਿਚੋਂ ਕੋਈ ਵੀ ਜੱਟ ਨਹੀਂ ਸੀ। ਜਦ ਜੱਟ ਆਪਣੀ ਜ਼ਾਤ ਨੂੰ ਲੈ ਕੇ ਸ਼ੇਖੀਆਂ ਮਾਰਦੇ ਤਾਂ ਉਸ ਨੂੰ ਬਹੁਤ ਬੁਰੇ ਲੱਗਦੇ। ਉਹ ਜੱਟਾਂ ਉਪਰ ਕਦੇ ਯਕੀਨ ਵੀ ਨਹੀਂ ਸੀ ਕਰਿਆ ਕਰਦਾ। ਸੁੱਚਾ ਅਜ਼ਾਦ, ਰੇਸ਼ਮ ਸਮੁੰਦਰੀ, ਨਾਜ਼ਰ ਸਿੰਘ ਬਗੈਰਾ ਭਾਵੇਂ ਜੱਟ ਸਨ ਤੇ ਉਸ ਦੇ ਗਰੁੱਪ ਵਿੱਚ ਸਨ ਪਰ ਇਹ ਗਰੁੱਪ ਸਿਰਫ ਪ੍ਰਧਾਨ ਦੀ ਚੋਣ ਜਿੱਤਣ ਲਈ ਹੀ ਸੀ। ਉਹ ਉਹਨਾਂ ਨੂੰ ਆਪਣੇ ਦੋਸਤ ਨਹੀਂ ਸੀ ਮੰਨਦਾ। ਇਹਨਾਂ ਨਾਲੋਂ ਤਾਂ ਉਹ ਬਨਫੂਲ ਉਪਰ ਜ਼ਿਆਦਾ ਯਕੀਨ ਕਰਦਾ ਸੀ ਭਾਵੇਂ ਉਹ ਵਿਰੋਧੀ ਧੜੇ ਵਿੱਚ ਸੀ। ਇਸ ਦੇ ਨਾਲ ਨਾਲ ਇਕ ਗੱਲ ਇਹ ਵੀ ਸੀ ਕਿ ਸ਼ਰਾਬੀ ਹੋਇਆ ਕੁੰਦਨ ਆਪਣੇ ਆਪ ਨੂੰ ਜੱਟ ਕਹਿਣ ਲਗਦਾ ਜਾਂ ਫਿਰ ਜੱਟ-ਕੰਬੋਅ। ਇਕ ਉਸ ਨੂੰ ਦੁਆਬੀਏ ਲੋਕ ਵੀ ਬਹੁਤੇ ਪਸੰਦ ਨਹੀਂ ਸਨ। ਉਸ ਨੇ ਕੁਝ ਸਾਲ ਦੁਆਬੇ ਵਿੱਚ ਨੌਕਰੀ ਕੀਤੀ ਸੀ। ਨੌਕਰੀ ਦੁਰਮਿਆਨ ਉਸ ਨੂੰ ਦੁਆਬੀਆਂ ਬਾਰੇ ਕਈ ਮਾੜੇ ਤਜਰੁਬੇ ਹੋਏ ਸਨ। ਉਹ ਆਪਣੇ ਨਾਵਲਾਂ ਤੇ ਕਹਾਣੀਆਂ ਵਿੱਚ ਇਹ ਦੋਵੇਂ ਕਿਸਮ ਦੇ ਲੋਕਾਂ ਨੂੰ ਹੀ ਨਾਂਹ-ਪੱਖੀ ਕਿਰਦਾਰ ਬਣਾ ਕੇ ਪੇਸ਼ ਕਰਦਾ। ਇਵੇਂ ਕਿਸੇ ਨੂੰ ਕਿਰਦਾਰ ਬਣਾ ਕੇ ਆਪਣੀਆਂ ਲਿਖਤਾਂ ਵਿੱਚ ਪੇਸ਼ ਕਰਨਾ ਉਸ ਨੂੰ ਚੰਗਾ ਲੱਗਦਾ ਸੀ। ਜੇ ਉਸ ਨੂੰ ਕੋਈ ਬੰਦਾ ਚੰਗਾ ਨਾ ਲਗਦਾ ਤਾਂ ਉਹ ਆਪਣੇ ਆਪ ਨੂੰ ਕਹਿਣ ਲਗਦਾ,

"ਕੁੰਦਨ ਸਿਆਂ, ਲੱਗਦਾ ਇਹ ਸਾਲ਼ਾ ਬੈਹੜਿਆਂ ਦਾ ਤੇਰੇ ਨਾਵਲ ਦਾ ਕੋਈ ਕਿਰਦਾਰ ਬਣਨ ਨੂੰ ਫਿਰਦਾ ਏ।"

ਉਸ ਦੇ ਦੋਸਤਾਂ ਵਿੱਚੋਂ ਇਕ ਰਸ਼ਪਾਲ ਸਿੰਘ ਸੀ। ਰਸ਼ਪਾਲ ਦੀ ਕੁੰਦਨ ਨਾਲ ਟੈਕਸੀ ਕਰਦੇ ਸਮੇਂ ਦੋਸਤੀ ਹੋਈ ਸੀ। ਦੋਸਤੀ ਦਾ ਵੱਡਾ ਅਧਾਰ ਸੀ ਕਿ ਰਸ਼ਪਾਲ ਜ਼ਾਤ ਦਾ ਆਧਰਮੀ ਸੀ ਤੇ ਸੁਭਾਅ ਵਜੋਂ ਸ਼ਰੀਫ। ਕੁੰਦਨ ਦੀ ਤੱਤੀ-ਠੰਡੀ ਵੀ ਸਹਿ ਜਾਂਦਾ ਸੀ। ਰਸ਼ਪਾਲ ਗਜ਼ਲ ਲਿਖਦਾ ਸੀ ਤੇ ਲੇਖ ਜਿਹੇ ਵੀ। ਉਸ ਦੀ ਪਤਨੀ ਸੁਨੀਤਾ ਮਨਜੀਤ ਦੀ ਸਹੇਲੀ ਖਾਸ ਸਹੇਲੀ ਸੀ। ਜਦ ਮਨਜੀਤ ਕੁੰਦਨ ਨਾਲ ਰੁੱਸਦੀ ਤਾਂ ਰਸ਼ਪਾਲ ਦੇ ਘਰ ਚਲੇ ਜਾਂਦੀ। ਉਥੋਂ ਹੀ ਕੁੰਦਨ ਉਸ ਨੂੰ ਮਨਾ ਕੇ ਲਿਆਉਂਦਾ। ਉਸ ਦਾ ਇਕ ਹੋਰ ਖਾਸ ਦੋਸਤ ਸੀ; ਰਾਜਾ ਰਾਮ। ਰਾਜਾ ਰਾਮ ਗਜ਼ਲ ਲਿਖਦਾ ਸੀ ਤੇ ਗਾਉਂਦਾ ਵੀ ਸੀ। ਗਜ਼ਲ ਤਾਂ ਉਸ ਦੀ ਐਵੇਂ ਕਿਵੇਂ ਸੀ ਪਰ ਗਾ ਵਧੀਆ ਲੈਂਦਾ। ਪਾਇਲ ਦੇ ਘਰੋਂ ਦੌੜਨ ਤੇ ਉਸ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਬਾਰੇ ਰਾਜਾ ਰਾਮ ਨੂੰ ਸਭ ਕੁਝ ਪਤਾ ਸੀ ਬਲਕਿ ਉਸ ਨੇ ਤਾਂ ਕੁੰਦਨ ਦੀ ਇਸ ਕੰਮ ਵਿੱਚ ਮੱਦਦ ਵੀ ਕੀਤੀ ਸੀ। ਲੋੜ ਵੇਲੇ ਇਕ ਦੂਜੇ ਨਾਲ ਪੈਸੇ ਦਾ ਲੈਣ ਦੇਣ ਵੀ ਚੱਲਦਾ ਸੀ। ਰਾਜਾ ਰਾਮ ਨਾਲ ਦੋਸਤੀ ਤੋਂ ਪਹਿਲਾਂ ਕੁੰਦਨ ਨੇ ਪੱਕਾ ਕਰ ਲਿਆ ਸੀ ਕਿ ਉਹ ਕਿਤੇ ਜੱਟ ਤਾਂ ਨਹੀਂ ਸੀ। ਰਾਜਾ ਰਾਮ ਦੀ ਈਸਟ ਲੰਡਨ ਵਿੱਚ ਆਪਣੀ ਇਸਟੇਟ ਏਜੰਸੀ ਸੀ। ਉਹ ਘਰ ਵੇਚਣ-ਖਰੀਦਣ ਜਾਂ ਕਿਰਾਏ 'ਤੇ ਦੇਣ ਦਾ ਕੰਮ ਕਰਦਾ। ਉਹ ਆਪਣੇ ਦਫਤਰ ਵਿੱਚ ਅਕਸਰ ਕਵੀਆਂ ਦੀ ਮਹਿਫਲ ਲਾਈ ਰੱਖਦਾ। ਉਹ ਕੁੰਦਨ ਨੂੰ ਵੀ ਸੱਦਦਾ ਪਰ ਕੁੰਦਨ ਘੱਟ ਵੱਧ ਹੀ ਜਾਂਦਾ ਕਿਉਂਕਿ ਉਹ ਮਿਡਲਸੈਕਸ ਵਿੱਚ ਰਹਿੰਦਾ ਸੀ ਤੇ ਪੂਰਬੀ ਲੰਡਨ ਜਾਣਾ ਇੰਨਾ ਆਸਾਨ ਨਹੀਂ ਸੀ। ਦੋ ਘੰਟੇ ਲੱਗ ਜਾਂਦੇ ਲੰਡਨ ਦਾ ਟਰੈਫਿਕ ਪਾਰ ਕਰਦਿਆਂ। ਹਾਂ, ਜਦ ਕਦੇ ਰਾਜਾ ਰਾਮ ਵੱਡਾ ਮੁਸ਼ਇਰਾ ਕਰਾਉਂਦਾ ਤਾਂ ਕੁੰਦਨ ਜ਼ਰੂਰ ਜਾਂਦਾ। ਜਾ ਕੇ ਮੁਸ਼ਾਇਰੇ ਦੀ ਪਰਧਾਨਗੀ ਕਰਦਾ ਤੇ ਆਪਣੀਆਂ ਗਜ਼ਲਾਂ ਪੜ੍ਹਦਾ।

ਇਕ ਦਿਨ ਕੁੰਦਨ ਦਾ ਮਨ ਬਹੁਤ ਉਦਾਸ ਸੀ। ਉਸ ਨੇ ਕਾਰ ਸਟਾਟ ਕੀਤੀ ਤੇ ਰਾਜਾ ਰਾਮ ਨੂੰ ਮਿਲਣ ਤੁਰ ਪਿਆ। ਰਾਜਾ ਰਾਮ ਨੂੰ ਪਤਾ ਚੱਲਿਆ ਕਿ ਕੁੰਦਨ ਆ ਰਿਹਾ ਹੈ ਤਾਂ ਉਸ ਨੇ ਸ਼ਾਮ ਰੰਗੀਨ ਕਰਨ ਲਈ ਆਪਣੇ ਇਲਾਕੇ ਦੇ ਕੁਝ ਹੋਰ ਸ਼ਾਇਰ ਵੀ ਬੁਲਾ ਲਏ। ਪੰਜ ਕੁ ਵਜੇ ਉਸ ਨੇ ਦਫਤਰ ਬੰਦ ਕੀਤਾ ਤੇ ਦਫਤਰ ਦੇ ਪਿੱਛੇ ਬਣੇ ਇਕ ਕਮਰੇ ਵਿੱਚ ਮਹਿਫਲ ਲਾ ਲਈ। ਰਾਜਾ ਰਾਮ ਇਕ ਵੱਡੇ ਸਾਰੀ ਘੁੰਮਣ ਵਾਲੀ

ਕੁਰਸੀ 'ਤੇ ਬੈਠਾ ਸੀ ਜਿਵੇਂ ਕੋਈ ਬੌਸ ਹੋਵੇ। ਸਾਹਮਣੇ ਉਸ ਦੇ ਵੱਡ-ਅਕਾਰੀ ਮੇਜ਼ ਸੀ। ਸਾਰੇ ਕਵੀ ਸੱਜਣ ਆ ਕੇ ਮੇਜ਼ ਦੁਆਲੇ ਲੱਗੀਆਂ ਕੁਰਸੀਆਂ ਉਪਰ ਬੈਠਦੇ ਗਏ। ਕੁੰਦਨ ਨੇ ਦੇਖਿਆ ਕਿ ਰਾਜਾ ਰਾਮ ਸਭ 'ਤੇ ਛਾਇਆ ਪਿਆ ਸੀ। ਜਿਸ ਨਾਲ ਗੱਲ ਕਰਨੀ ਹੁੰਦੀ ਉਹ ਉਧਰ ਨੂੰ ਕੁਰਸੀ ਘੁਮਾ ਲੈਂਦਾ ਤੇ ਅਗਲੇ ਨਾਲ ਇਵੇਂ ਗੱਲ ਕਰਦਾ ਜਿਵੇਂ ਕੋਈ ਆਪਣੇ ਮਤਿਹਤ ਨਾਲ ਕਰਦਾ ਹੋਵੇ। ਉਸੇ ਨੇ ਅਗਲੇ ਦਿਨ ਹੀ ਆਪਣਾ ਫਰੰਟ ਰੂਮ ਵਿਹਲਾ ਕੀਤਾ। ਇਕ ਵੱਡਾ ਸਾਰਾ ਮੇਜ਼ ਲਿਆ ਰੱਖਿਆ ਜਿਸ ਨੂੰ ਉਸ ਨੇ ਆਪਣਾ ਪੜ੍ਹਨ ਮੇਜ਼ ਬਣਾ ਲਿਆ। ਇਕ ਰਿਵੌਲਵਿੰਗ-ਚੇਅਰ ਵੀ ਲੈ ਆਂਦੀ ਤੇ ਸਾਹਮਣੇ ਕੁਝ ਕੁਰਸੀਆਂ ਰੱਖ ਲਈਆਂ। ਉਸ ਨੂੰ ਮਹਿਸੂਸ ਹੋਣ ਲੱਗਿਆ ਕਿ ਹੁਣ ਉਹ ਅਸਲੀ ਮਹਿਨਿਆਂ ਵਿੱਚ ਬੌਸ ਹੈ। ਉਸ ਨੂੰ ਮਿਲਣ ਕੋਈ ਨਾ ਕੋਈ ਆ ਹੀ ਜਾਂਦਾ ਸੀ, ਕੋਈ ਗਵਾਂਢੀ, ਕੋਈ ਲੇਖਕ ਜਾਂ ਕੋਈ ਸਹਿਕਾਮਾ। ਅੱਜਕੱਲ ਉਸ ਨੇ ਕਿਤਾਬਾਂ ਦੇ ਰਿਵਿਊ ਕਰਨੇ ਸ਼ੁਰੂ ਕਰ ਦਿਤੇ ਸਨ, ਕਿਸੇ ਲੇਖਕ ਦੀ ਨਵੀਂ ਕਿਤਾਬ ਆਉਂਦੀ ਤਾਂ ਉਹ ਇਕ ਕਾਪੀ ਉਸ ਨੂੰ ਦੇਣ ਆ ਜਾਂਦਾ ਤੇ ਵਧੀਆ ਰਿਵਿਊ ਕਰਨ ਲਈ ਤਰਲਾ ਜਿਹਾ ਕਰਦਾ। ਕੁੰਦਨ ਆਪਣੀ ਕੁਰਸੀ ਤੇ ਬੈਠ, ਸਿਗਰਟ ਦੇ ਕੱਸ਼ ਖਿੱਚਦਾ ਅਗਲੇ ਨਾਲ ਪੂਰੇ ਰੋਅਬ ਨਾਲ ਗੱਲ ਕਰਦਾ। ਉਸ ਨੂੰ ਜੈਂਟਲਮੈਨ ਬਣ ਕੇ ਰਹਿਣ ਦੀ ਤਾਂ ਪਹਿਲਾਂ ਤੋਂ ਹੀ ਆਦਤ ਸੀ। ਉਹ ਹਰ ਵੇਲੇ ਸੂਟ ਪਾ ਕੇ, ਤੇ ਨਾਲ ਮੈਚਵੀਂ ਟਾਈ ਲਾ ਕੇ ਰਖਦਾ ਤੇ ਕੋਟ ਦੀ ਜੇਬ੍ਹ ਵਿੱਚੋਂ ਉਸੇ ਰੰਗ ਦਾ ਝਾਕਦਾ ਰੁਮਾਲ। ਉਸ ਦੇ ਬੂਟ ਹਰ ਵੇਲੇ ਚਮਕਦੇ ਹੁੰਦੇ। ਬਾਹਰ ਨਿਕਲਣ ਵੇਲੇ ਪੱਗ ਵੀ ਰੱਖ ਲੈਂਦਾ।

ਇਕ ਦਿਨ ਜੋਗੇਂਦਰ ਦਾ ਫੋਨ ਆਇਆ ਕਿ ਉਹ ਮਿਲਣਾ ਚਾਹੁੰਦਾ ਹੈ। ਅਸਲ ਵਿੱਚ ਉਸ ਦੀ ਕਵਿਤਾ ਦੀ ਕਿਤਾਬ ਆਈ ਸੀ, ਉਹ ਇਕ ਕਾਪੀ ਉਸ ਨੂੰ ਭੇਟ ਕਰਨੀ ਚਾਹੁੰਦਾ ਸੀ। ਉਸ ਦਾ ਮਤਲਬ ਵੀ ਰਿਵਿਊ ਕਰਾਉਣਾ ਹੀ ਸੀ। ਜੋਗੇਂਦਰ ਆਇਆ ਤਾਂ ਉਸ ਨੂੰ ਉਸ ਨੇ ਆਪਣੇ ਸਾਹਮਣੇ ਬੈਠਾਇਆ ਤੇ ਉਸ ਦੀ ਕਿਤਾਬ ਫਰੋਲਦਾ ਪੂਰੇ ਰੋਅਬ ਨਾਲ ਗੱਲ ਕਰਦਾ ਬੋਲਿਆ,

"ਜੋਗੇਂਦਰ, ਜਿਹੜੀ ਕਵਿਤਾ ਹੁੰਦੀ ਏ ਏਹਦੇ ਵਿੱਚ ਇਕ ਖੜਕਾ ਹੁੰਦਾ ਏ, ਇਕ ਡਰਾਮਾ ਜਿਹਾ, ਇਕ ਅਚੰਭਾ ਜੋ ਕਿ ਤੇਰੀ ਕਵਿਤਾ ਵਿੱਚੋਂ ਗਾਇਬ ਏ ਪਰ ਫਿਰ ਵੀ ਤੇਰੀ ਕਵਿਤਾ ਵਿੱਚ ਕੁਝ ਦਮ ਤਾਂ ਹੈ ਪਰ ਤੂੰ ਇਕ ਪਾਸਾ ਕਰ ਲੈ, ਜਾਂ ਤਾਂ ਕਹਾਣੀ ਵੱਲ ਜ਼ੋਰ ਦੇ ਜਾਂ ਫਿਰ ਕਵਿਤਾ ਵੱਲ।"

"ਕੁੰਦਨ ਜੀ, ਮੇਰੀ ਦਿਲਚਸਪੀ ਤਾਂ ਕਹਾਣੀ ਵਿੱਚ ਜ਼ਿਆਦਾ ਏ, ਇਹ ਤਾਂ ਬਸ ਕਵਿਤਾਵਾਂ ਲਿਖੀਆਂ ਪਈਆਂ ਸਨ ਤੇ ਸੋਚਿਆ ਕਿ ਕਿਉਂ ਨਾ ਸੰਭਾਲ ਲਈਆਂ ਜਾਣ, ਵੈਸੇ ਮੇਰੀ ਕਹਾਣੀਆਂ ਦੀ ਕਿਤਾਬ ਵੀ ਤਿਆਰ ਏ।"

"ਠੀਕ ਏ, ਤੂੰ ਆਪਣਾ ਦੋਸਤ ਏਂ, ਮੈਂ ਤੇਰੀ ਇਸ ਕਿਤਾਬ ਦਾ ਰਿਵਿਊ ਕਰਕੇ ਕਿਸੇ ਮੈਗਜ਼ੀਨ ਨੂੰ ਭੇਜ ਦੇਵਾਂਗਾ ਪਰ ਤੂੰ ਕਹਾਣੀ ਵੱਲ ਆ, ਕਹਾਣੀ ਵਿੱਚ ਨਵੇਂ ਲੇਖਕ ਘੱਟ ਨੇ, ਅਸੀਂ ਪਰਵਾਸੀ ਕਹਾਣੀ ਨੂੰ ਪੂਰੀ ਤਰ੍ਹਾਂ ਇਸਟੈਬਲਿਸ਼ ਕਰਨਾ ਏਂ, ਤੇਰੀ ਕਹਾਣੀ ਵਿੱਚ ਤਾਜ਼ਗੀ ਏ, ਤੇਰੇ ਵਿਸ਼ੇ ਨਵੇਂ ਨੇ।"

ਕੁੰਦਨ ਉਸ ਨੂੰ ਸਮਝਾਉਂਦਾ ਰਿਹਾ। ਜੋਗੇਂਦਰ ਨੂੰ ਉਸ ਦੀਆਂ ਗੱਲਾਂ ਤਾਂ ਚੰਗੀਆਂ ਲੱਗ ਰਹੀਆਂ ਸਨ ਭਾਵੇਂ ਪਹਿਲਾਂ ਵਾਲੀ ਅਪਣੱਤ ਗਾਇਬ ਸੀ। ਉਸ ਨੂੰ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਉਹ ਆਪਣੇ ਕਿਸੇ ਸੁਪਰਵਾਈਜ਼ਰ ਨਾਲ ਗੱਲ ਕਰ ਰਿਹਾ ਹੋਵੇ।

ਉਸ ਤੋਂ ਬਾਅਦ ਛੇਤੀ ਹੀ ਜੋਗੇਂਦਰ ਦੀ ਕਹਾਣੀਆਂ ਦੀ ਕਿਤਾਬ ਵੀ ਛੱਪ ਗਈ ਤੇ ਉਹ ਇਕ ਕਾਪੀ ਆ ਕੇ ਕੁੰਦਨ ਨੂੰ ਦੇ ਗਿਆ ਪਰ ਬਹੁਤੀ ਦੇਰ ਬੈਠਿਆ ਨਾ। ਉਸ ਨੂੰ ਕੁੰਦਨ ਦਾ ਕੁਰਸੀ ਉਪਰ ਬੈਠ ਘੁੰਮ ਘੁੰਮ ਕੇ ਗੱਲਾਂ ਕਰਨਾ ਚੰਗਾ ਨਹੀਂ ਸੀ ਲੱਗਿਆ। ਕੁੰਦਨ ਨੇ ਉਸ ਦੀ ਕਿਤਾਬ ਪੜ੍ਹ ਕੇ ਉਸ ਨੂੰ ਫੋਨ ਕਰਕੇ ਸੱਦ ਲਿਆ। ਉਹ ਆਪਣੀ ਕੁਰਸੀ ਘੁਮਾਉਂਦਾ ਕਹਿਣ ਲੱਗਿਆ,

"ਇਹ ਤੇਰੀਆਂ ਸਾਰੀਆਂ ਕਹਾਣੀਆਂ ਬਹੁਤ ਕਮਜ਼ੋਰ ਨੇ।"

"ਇਹ ਸਭ ਮੇਰੇ ਵਿਦਿਆਰਥੀ ਜੀਵਨ ਦੀਆਂ ਜਿਉਂ ਐਂ।"

"ਦੇਖ ਜੋਗੇਂਦਰ, ਕਿਤਾਬ ਛਪਵਾਉਣ ਦਾ ਸਭ ਨੂੰ ਚਾਅ ਹੁੰਦਾ ਏ, ਮੈਂ ਸਮਝਦਾਂ ਪਰ ਕਿਤਾਬ ਵਿੱਚ ਹੈ ਕੀ ਇਹ ਵੀ ਬਹੁਤ ਜ਼ਰੂਰੀ ਹੁੰਦਾ ਏ, ਤੂੰ ਆਪਣੇ ਆਪ ਨੂੰ ਵਧੀਆ ਕਹਾਣੀਕਾਰ ਦੇ ਤੌਰ 'ਤੇ ਸਥਾਪਤ ਕਰਨਾ ਏਂ ਇਸ ਲਈ ਇਹ ਕਮਜ਼ੋਰ ਕਹਾਣੀਆਂ ਵੀ ਤੇਰੇ ਖਾਤੇ ਪੈ ਜਾਣਗੀਆਂ, ਨਾਲ਼ੇ ਇਹ ਇੰਡੀਅਨ ਸੈਂਸੀਬਿਲਟੀ ਦੀਆਂ ਕਹਾਣੀਆਂ ਨੇ, ਹੁਣ ਤੂੰ ਪਰਵਾਸੀ ਕਹਾਣੀਕਾਰ ਏਂ, ਇਥੋਂ ਦੇ ਮਸਲੇ ਚੰਗੇ ਭਲੇ ਫੜ ਰਿਹਾ ਏਂ, ਇਥੋਂ ਬਾਰੇ ਲਿਖ।"

"ਮੇਰੇ ਕੋਲ ਇੰਗਲੈਂਡ ਵਿਚ ਆ ਕੇ ਲਿਖੀਆਂ ਕਹਾਣੀਆਂ ਵੀ ਕਿਤਾਬ ਜੋਗੀਆਂ ਹੈਗੀਆਂ ਨੇ।"

"ਉਹ ਛਪਵਾ।"

"ਤੁਸੀਂ ਭੂਮਿਕਾ ਲਿਖ ਦੇਵੋਂਗੇ?"

"ਕਿਉਂ ਨਹੀਂ, ਤੂੰ ਖਰੜਾ ਮੈਨੂੰ ਦੇ ਜਾ, ਮੈਂ ਪੜ੍ਹ ਲਵਾਂਗਾ ਤੇ ਲਿਖ ਵੀ ਦੇਵਾਂਗਾ।"

ਕੁੰਦਨ ਨੇ ਖੁਸ਼ੀ ਨਾਲ ਕਿਹਾ। ਉਸ ਨੂੰ ਪਹਿਲੀ ਵਾਰ ਕਿਸੇ ਦੀ ਕਿਤਾਬ ਦੀ ਭੂਮਿਕਾ ਲਿਖਣ ਦਾ ਮੌਕਾ ਮਿਲ ਰਿਹਾ ਸੀ। ਜਿਵੇਂ ਭਲਵਾਨ ਆਪਣੇ ਪੱਠੇ ਨੂੰ ਸਿਖਾਉਂਦਾ-ਸਿਖਾਉਂਦਾ ਆਪ ਵੀ ਕੁਝ ਨਾ ਕੁਝ ਸਿੱਖ ਜਾਂਦਾ ਹੈ, ਉਹ ਵੀ ਕੁਝ ਸਿੱਖ ਜਾਣਾ ਚਾਹੁੰਦਾ ਸੀ। ਜੋਗੇਂਦਰ ਨੇ ਕੁਝ ਕਹਾਣੀਆਂ ਵਰਤਮਾਨ-ਕਾਲ ਵਿੱਚ ਲਿਖੀਆਂ ਸਨ ਜਿਸ ਕਾਰਨ ਕਹਾਣੀ ਵਿੱਚ ਵਿਲੱਖਣਤਾ ਪੈਦਾ ਹੁੰਦੀ ਸੀ। ਉਸ ਨੇ ਆਪ ਵੀ ਉਹੋ ਜਿਹੀ ਸ਼ੈਲੀ ਨਾਲ ਕਹਾਣੀ ਲਿਖਣੀ ਚਾਹੀ ਪਰ ਲਿਖ ਨਾ ਸਕਿਆ। ਜੋਗੇਂਦਰ ਦੀਆਂ ਕਹਾਣੀਆਂ 'ਵਿਦੇਸ਼' ਵਿਚ ਛਪਦੀਆਂ ਸਨ। 'ਵਿਦੇਸ਼' ਵਿੱਚ ਛਪੀ

ਕਹਾਣੀ ਨੂੰ ਬਹੁਤ ਲੋਕ ਪੜ੍ਹਦੇ ਸਨ ਜਿਸ ਕਾਰਨ ਜੋਗੇਂਦਰ ਦਾ ਨਾਂ ਇੰਗਲੈਂਡ ਵਿੱਚ ਲਿਖੇ ਜਾ ਰਹੇ ਪੰਜਾਬੀ ਸਾਹਿਤ ਵਿੱਚ ਉਭਰਨ ਲੱਗਿਆ। ਕੁੰਦਨ ਦਾ ਦਿਲ ਵੀ ਕਰਦਾ ਕਿ 'ਵਿਦੇਸ਼' ਵਿਚ ਛਪੇ ਪਰ ਉਸ ਦੇ ਸੰਪਾਦਕ ਨੇ ਉਸ ਨੂੰ ਛਾਪਣਾ ਬੰਦ ਕੀਤਾ ਹੋਇਆ ਸੀ।

'ਵਿਦੇਸ਼' ਸਪਤਾਹਿਕ ਅਖ਼ਬਾਰ ਸੀ। ਮਿਡਲਸੈਕਸ ਵਿੱਚ ਛਪਦੀਆਂ ਕਈ ਅਖ਼ਬਾਰਾਂ ਵਿੱਚੋਂ ਇਹ ਇਕ ਸੀ। ਇਸ ਦਾ ਮਾਲਕ ਤਰਲੋਕ ਸਿੰਘ ਦੁਆਬੇ ਦਾ ਜੱਟ ਸੀ ਜਿਸ ਨੂੰ ਪੇਂਡੂ ਮਾਨਸਿਕਤਾ ਦੀ ਖ਼ੂਬ ਸਮਝ ਸੀ। ਉਹ ਅਜਿਹੀ ਮਾਨਸਿਕਤਾ ਨੂੰ ਚਾਰਾ ਪਾਉਂਦੀਆਂ ਖ਼ਬਰਾਂ ਹੀ ਛਾਪਦਾ। ਤਰਲੋਕ ਸਿੰਘ ਲੇਖਕਾਂ ਨਾਲ ਬਹੁਤ ਬਣਾ ਕੇ ਰਖਦਾ ਸੀ। ਉਹਨਾਂ ਨੂੰ ਆਪਣੇ ਦਫਤਰ ਵਿੱਚ ਬੁਲਾ ਕੇ ਦਾਰੂ ਪਿਲਾਉਂਦਾ ਰਹਿੰਦਾ। ਇਸੇ ਦੋਸਤੀ ਵਿੱਚ ਉਹ ਉਹਨਾਂ ਤੋਂ ਮਨਮਰਜ਼ੀ ਦਾ ਲਿਖਵਾਉਂਦਾ ਵੀ। ਪਹਿਲਾਂ ਪਹਿਲ ਉਸ ਦੀ ਕੁੰਦਨ ਨਾਲ ਵੀ ਕਾਫੀ ਬਣਦੀ ਸੀ ਪਰ ਫਿਰ ਇਕ ਦੋ ਵਾਰ ਕੁੰਦਨ ਨੇ ਸ਼ਰਾਬ ਪੀ ਕੇ ਕੁਝ ਅਜਿਹੀ ਖਰਾਬੀ ਕੀਤੀ ਕਿ ਉਸ ਨੇ ਕੁੰਦਨ ਨੂੰ ਆਪਣੇ ਦਫਤਰ ਵਿੱਚ ਬੁਲਾਉਣਾ ਹੀ ਛੱਡ ਦਿਤਾ। ਉਸ ਦੀ ਕੋਈ ਚੀਜ਼ ਛਾਪਣੀ ਵੀ ਘੱਟ ਕਰ ਦਿਤੀ ਹੋਈ ਸੀ। ਜਦ ਕਦੇ ਤਰਲੋਕ ਸਿੰਘ ਦਾ ਕੋਈ ਰਾਜਨੀਤਕ ਲੇਖ ਲਿਖਾਉਣ ਦਾ ਮਨ ਹੁੰਦਾ ਤਾਂ ਉਹ ਉਸ ਨੂੰ ਫੋਨ ਕਰ ਲੈਂਦਾ ਨਹੀਂ ਤਾਂ ਨਹੀਂ। ਭਾਵੇਂ ਕੁੰਦਨ ਨੂੰ ਹੁਣ ਕਿਸੇ ਵੀ ਪਰਚੇ ਵਿੱਚ ਛਪਣ ਦਾ ਮਸਲਾ ਨਹੀਂ ਸੀ ਪਰ ਉਹ 'ਵਿਦੇਸ਼' ਵਿੱਚ ਛਪਣਾ ਲੋਚਦਾ।

ਇਕ ਦਿਨ ਉਸ ਨੇ ਰਾਜਾ ਰਾਮ ਨਾਲ ਆਪਣੇ ਦਿਲ ਦੀ ਗੱਲ ਸਾਂਝੀ ਕਰਦਿਆਂ ਕਿਹਾ,

"ਇਹ ਸਾਲ਼ਾ ਬੈਹੜਿਆਂ ਦਾ ਤਰਲੋਕ ਇਕ ਤਾਂ ਜੱਟ ਏ ਤੇ ਦੂਜਾ ਦੁਆਬੀਆ, ...ਮੈਨੂੰ ਲਾਈਕ ਨਹੀਂ ਕਰਦਾ।"

"ਕੁੰਦਨ ਯਾਰ, ਤੂੰ ਐਵੇਂ ਮਰੀ ਜਾਨਾਂ, ਤੇਰੀ ਏਨੀ ਪੁੱਛ-ਪਰਤੀਤ ਐ, 'ਵਿਦੇਸ਼' ਵਿੱਚ ਛਪਣ ਨਾਲ ਕੀ ਫਰਕ ਪੈਂਦੈ!"

"ਇਹ ਇਥੇ ਦੀ ਮਾਸਜ਼ ਦਾ ਪੇਪਰ ਏ, ਹੁਣ ਦੇਖ ਆਹ ਜੋਗੇਂਦਰ, ਵਿਦੇਸ਼ ਵਿੱਚ ਛਪਣ ਕਰਕੇ ਈ ਇਸਟੈਬਲਿਸ਼ ਹੋ ਗਿਆ। ...ਕਿਉਂ ਨਾ ਆਪਣਾ ਈ ਪਰਚਾ ਕੱਢ ਲਈਏ!"

"ਪਰਚਾ ਕੱਢਣਾ ਬਹੁਤ ਔਖੈ, ਮੈਂ ਤਾਂ 'ਪੰਜਾਬ ਨਿਊਜ਼' ਨਾਲ ਏਨੇ ਸਾਲ ਕੰਮ ਕਰਕੇ ਦੇਖਿਆ, ਸਾਲ਼ੀ ਭੱਜ ਨੱਠ ਈ ਨਹੀਂ ਮੁਕਦੀ।"

"ਜੇ ਆਪਾਂ ਮਹੀਨੇਵਾਰ ਪਰਚਾ ਕੱਢੀਏ ਇਹ ਤਾਂ ਸੌਖਾ ਹੋਏਗਾ?"

"ਸ਼ਾਇਦ, ...ਮਹੀਨੇਵਾਰ ਤਾਂ ਚੱਲ ਸਕਦਾ, ਸਾਹਿਤਕ ਪਰਚੇ ਦੀ ਲੋੜ ਵੀ ਐ ਇਥੇ।"

"ਚੁੱਕਦੇ ਫੇਰ ਸਾਲ਼ੇ ਬਹਿੜਿਆਂ ਦੇ ਕੰਮ ਨੂੰ।"

"ਮੈਂ? ...ਮੇਰੇ ਕੋਲ ਟਾਈਮ ਕਿਥੇ ਆ, ਮੈਂ ਤਾਂ ਆਪਣੇ ਏਸ ਕੰਮ ਵਿੱਚ ਈ ਬਹੁਤ ਬੀਜ਼ੀ ਆਂ।"

"ਤੂੰ ਫਿਕਰ ਕਾਹਦਾ ਕਰਦਾਂ, ਮੈਂ ਕਰੂੰ ਸਾਰਾ ਕੰਮ, ਮੈਂ ਸਾਰਾ ਮੈਟਰ ਤਿਆਰ ਕਰੂੰ, ਪਰਿੰਟ ਇੰਡੀਆ ਤੋਂ ਕਰਾ ਲਵਾਂਗੇ, ਨਾਲੇ ਐਡ ਵੀ ਤਾਂ ਮਿਲਣਗੀਆਂ, ਏਸ ਕੰਮ ਨੂੰ ਤੂੰ ਤਕੜਾ ਹੈਂ ਈ, ਬਾਕੀ ਸਾਲ਼ੀ ਬੈਹੜਿਆ ਦੀ ਵਾਕਫੀ ਬਥੇਰੀ ਏ ਤੇਰੀ!"

ਕੁੰਦਨ ਨੇ ਹਲਾਸ਼ੇਰੀ ਦਿਤੀ। ਰਾਜਾ ਰਾਮ ਦੁਚਿੱਤੀ ਵਿੱਚ ਪੈ ਗਿਆ। ਉਸ ਨੇ ਕਦੇ ਪਰਚੇ ਬਾਰੇ ਸੋਚਿਆ ਹੀ ਨਹੀਂ ਸੀ। ਉਸ ਨੂੰ ਪਤਾ ਸੀ ਕਿ ਪਰਚਾ ਕੱਢਣ ਨਾਲ ਉਸ ਦੀ ਜ਼ਿੰਮੇਵਾਰੀ ਬਹੁਤ ਵਧ ਜਾਵੇਗੀ। ਕੁੰਦਨ ਨੂੰ ਪਰਚਾ ਕੱਢਣ ਦਾ ਅਜਿਹਾ ਭੂਤ ਸਵਾਰ ਹੋਇਆ ਕਿ ਉਹ ਰਾਜਾ ਰਾਮ ਨੂੰ ਮੁੜ ਮੁੜ ਫੋਨ ਕਰਨ ਲੱਗਦਾ। ਅਖੀਰ ਵਿੱਚ ਰਾਜਾ ਰਾਮ ਪਰਚਾ ਕੱਢਣ ਲਈ ਤਿਆਰ ਹੋ ਗਿਆ। ਪਰਚੇ ਦਾ ਨਾਂ ਰੱਖਿਆ 'ਕਲਪਨਾ'। ਇਸ ਨੂੰ ਨਿਰੋਲ ਸਾਹਿਤਕ ਰੱਖਿਆ ਗਿਆ। ਇਸ ਦੇ ਸਾਰੇ ਮੈਟਰ ਦੀ ਚੋਣ ਕੁੰਦਨ ਹੀ ਕਰਦਾ। ਇਸ ਦੇ ਪਹਿਲੇ ਅੰਕ ਵਿੱਚ ਹੀ ਸਾਰੇ ਪਾਸੇ ਕੁੰਦਨ ਦਿਸ ਰਿਹਾ ਸੀ। ਕਿਤੇ ਕੁੰਦਨ ਗਜ਼ਲ ਦਾ ਮੁਤਾਲਿਆ ਕਰ ਰਿਹਾ ਸੀ, ਕਿਤੇ ਉਹ ਕਿਤਾਬ ਦਾ ਰਿਵਿਊ ਤੇ ਕਿਤੇ ਸਵਾਲਾਂ ਦੇ ਜਵਾਬ। ਸਾਰਾ ਮੈਟਰ ਇਕੱਠਾ ਕਰਨ ਲਈ ਕੁੰਦਨ ਨੇ ਹੀ ਬਹੁਤੀ ਨੱਠ-ਭੱਜ ਕੀਤੀ। ਪੜ੍ਹਨ ਵਾਲਾ ਕਹਿੰਦਾ ਕਿ ਇਹ ਪਰਚਾ ਰਾਜਾ ਰਾਮ ਨੇ ਕੁੰਦਨ ਲਈ ਕੱਢਿਆ ਹੈ ਪਰ ਇਸ ਦਾ ਮੈਟਰ ਵਧੀਆ ਤੇ ਭਰਵਾਂ ਹੋਣ ਕਰਕੇ ਇਸ ਦੀ ਤਾਰੀਫ ਵੀ ਕਰਦੇ। ਇਸ ਪਰਚੇ ਨੇ ਪਹਿਲੇ ਅੰਕ ਵਿੱਚ ਹੀ ਪਾਠਕਾਂ-ਲੇਖਕਾਂ ਵਿਚ ਜਗਾਹ ਬਣਾ ਲਈ।...

ਕੁੰਦਨ ਨੇ ਇੰਡੀਆ ਦਾ ਇਕ ਹੋਰ ਕਾਮਯਾਬ ਗੇੜਾ ਮਾਰਿਆ। ਕਈ ਸ਼ਹਿਰਾਂ ਵਿੱਚ ਉਸ ਦੇ ਰੁਬਰੂ ਹੋਏ। ਅਖ਼ਬਾਰਾਂ ਵਿੱਚ ਖ਼ਬਰਾਂ ਲੱਗੀਆਂ। ਯੂਨੀਵਰਸਟੀਆਂ ਦੇ ਵਿਦਿਆਰਥੀਆਂ ਨੂੰ ਭਾਸ਼ਨ ਵੀ ਦਿਤੇ। ਲਾਲ ਦਸਤਾਰ ਸਜਾ, ਸੂਟ ਪਾ ਤੇ ਲਾਲ ਟਾਈ ਲਾ ਕੇ ਉਹ ਸਟੇਜ ਤੇ ਚੜ੍ਹਦਾ। ਮਾਰਕਸਵਾਦ ਉਸ ਨੇ ਨਿੱਠ ਕੇ ਪੜ੍ਹਿਆ ਹੋਇਆ ਹੀ ਸੀ ਇਸੇ ਨੂੰ ਆਧਾਰ ਬਣਾ ਕੇ ਉਹ ਆਪਣਾ ਭਾਸ਼ਨ ਸ਼ੁਰੂ ਕਰਦਾ। 'ਡਾਇਲੈਕਟੀਕਲ ਮਟੀਅਰੀਲਿਜ਼ਮ' ਦੀ ਪ੍ਰੀਭਾਸ਼ਾ ਬੰਨਣ ਵਿੱਚ ਹੀ ਕਾਫੀ ਦੇਰ ਲਗਾ ਦਿੰਦਾ। ਸਰੋਤੇ ਉਸ ਦੇ ਮੂੰਹ ਵਲ ਦੇਖਦੇ ਰਹਿ ਜਾਂਦੇ। ਕੋਈ ਸਵਾਲ ਕਰਦਾ ਤਾਂ ਉਸ ਦਾ ਵੀ ਉਹ ਤਸੱਲੀਬਖਸ਼ ਜਵਾਬ ਦਿੰਦਾ।

ਇੰਡੀਆ ਤੋਂ ਬਾਅਦ ਉਸ ਨੇ ਪਾਕਿਸਤਾਨ ਗੇੜਾ ਲਾਉਣ ਦਾ ਪਰੋਗਰਾਮ ਬਣਾਉਣ ਲੱਗਿਆ। ਪਾਕਿਸਤਾਨ ਦੇ ਕਈ ਪੰਜਾਬੀ ਲੇਖਕ ਇੰਗਲੈਂਡ ਦੀ ਫੇਰੀ ਮਾਰ ਗਏ ਸਨ, ਉਹਨਾਂ ਨਾਲ ਕੁੰਦਨ ਦੀ ਦੋਸਤੀ ਜਿਹੀ ਪੈ ਚੁੱਕੀ ਸੀ। ਉੜਦੂ ਉਸ ਨੂੰ ਥੋੜੀ-ਬਹੁਤ ਆਉਂਦੀ ਹੀ ਸੀ, ਕੁਝ ਹੋਰ ਮਿਹਨਤ ਕਰਕੇ ਉਸ ਨੇ ਉੜਦੂ ਉਪਰ ਮੁਹਾਰਤ ਜਿਹੀ ਹਾਸਲ ਕਰ ਲਈ। ਉਸ ਨੇ ਪਾਕਿਸਤਾਨ ਜਾਣ ਦਾ ਪਰੋਗਰਾਮ ਉਲੀਕ ਲਿਆ। ਉਥੋਂ ਦੇ ਦੋਸਤਾਂ ਨੂੰ ਸੂਚਿਤ ਕਰ ਦਿਤਾ। ਉਹ ਜਾਣਦਾ ਸੀ ਕਿ ਪਾਕਿਸਤਾਨ ਵਿੱਚ ਦਸਤਾਰ ਉਸ ਦੇ ਬਹੁਤ ਕੰਮ ਆਵੇਗੀ ਕਿਉਂਕਿ ਚਾਹੇ ਪਾਕਿਸਤਾਨ ਦਾ ਕੋਈ ਬੁਧੀਜੀਵੀ ਹੋਵੇ ਜਾਂ ਆਮ ਆਦਮੀ, ਸਿੱਖਾਂ ਦੀ ਬਹੁਤ ਕਦਰ ਕਰਦੇ ਹਨ। ਕੁੰਦਨ ਪਾਕਿਸਤਾਨ ਗਿਆ। ਉਸ ਦੀ ਵਾਹਵਾ

ਆਓ ਭਗਤ ਹੋਈ। ਕਈ ਸ਼ਹਿਰਾਂ ਵਿੱਚ ਉਸ ਦੇ ਮਾਣ-ਸਨਮਾਨ ਕੀਤਾ ਗਿਆ। ਸਮਾਗਮ ਕਰਾਏ ਗਏ। ਕਾਫੀ ਸਾਰੇ ਮਾਣ-ਸਨਮਾਨ ਦਿਤੇ ਗਏ। ਪਾਕਿਸਤਾਨ ਦੀ ਫੇਰੀ ਨੇ ਉਸ ਨੂੰ ਹੋਰ ਵੀ ਬੱਲ ਬਖਸ਼ ਦਿਤਾ ਸੀ।

ਪਾਕਿਸਤਾਨ ਤੋਂ ਵਾਪਸ ਆ ਕੇ ਉਸ ਨੇ ਮਿਡਲਸੈਕਸ ਵਿੱਚ ਇਕ ਸਾਹਿਤਕ ਸਮਾਗਮ ਕਰਵਾਇਆ। ਹੁਣ ਤਕ ਅਗਾਂਹਵਧੂ ਲਿਖਾਰੀ ਸਭਾ ਦੀਆਂ ਸਰਗਰਮੀਆਂ ਬਹੁਤ ਘੱਟ ਗਈਆਂ ਸਨ। ਇਸ ਦਾ ਮੁੱਖੀ ਦਵਿੰਦਰ ਸਿੰਘ ਕੌਂਸਲਰ ਚੁਣਿਆਂ ਜਾ ਚੁੱਕਿਆ ਸੀ। ਉਸ ਨੇ ਬੌਰੋ ਦੇ ਇਲਾਕੇ ਵਿੱਚ ਸਿਆਸਤਦਾਨ ਵਜੋਂ ਪੈਰ ਜਮਾ ਲਏ ਸਨ। ਸਿਆਸਤ ਦੇ ਡੂੰਘੇ ਅੰਦਰ ਜਾਂਦੇ ਕਈ ਹੋਰ ਦਰਵਾਜ਼ੇ ਉਸ ਲਈ ਖੁਲ੍ਹ ਰਹੇ ਸਨ। ਹੁਣ ਉਸ ਨੂੰ ਸਭਾ ਦੀ ਪਹਿਲੇ ਜਿਹੀ ਜ਼ਰੂਰਤ ਨਹੀਂ ਸੀ। ਇਸ ਸਾਹਿਤਕ ਸਮਾਗਮ ਵਿੱਚ ਕੁੰਦਨ ਨੇ ਆਪਣੀ ਪਾਕਿਸਤਾਨ ਯਾਤਰਾ ਬਾਰੇ ਪ੍ਰਤੀਕਰਮ ਦਿਤੇ ਤੇ ਪਾਕਿਸਤਾਨੀ ਪੰਜਾਬੀ ਸਾਹਿਤ ਬਾਰੇ ਇਕ ਪਰਚਾ ਵੀ ਪੜ੍ਹਿਆ। ਸਮਾਗਮ ਵਿੱਚ ਇੰਗਲੈਂਡ ਭਰ ਦੇ ਲੇਖਕ ਸ਼ਾਮਲ ਹੋਏ ਸਨ। ਖੱਬੇ ਪੱਖੀ ਲੇਖਕ ਜਿਹਨਾਂ ਨੇ ਕਿਸੇ ਵੇਲੇ ਆਲਮੀ ਪੰਜਾਬੀ ਕਾਨਫਰੰਸ ਦਾ ਬਾਈਕਾਟ ਕੀਤਾ ਸੀ, ਉਹ ਵੀ ਉਸ ਦੇ ਸੱਦੇ 'ਤੇ ਆਏ। ਉਸ ਲਿਖੇ ਪਰਚੇ ਨੇ ਸਭ ਨੂੰ ਪ੍ਰਭਾਵਿਤ ਕੀਤਾ।

ਹੁਣ ਇੰਗਲੈਂਡ ਭਰ ਵਿੱਚ ਸਾਹਿਤਕ ਸਮਾਗਮ ਹੁੰਦੇ ਰਹਿੰਦੇ ਸਨ, ਹਰ ਕੋਈ ਕੁੰਦਨ ਨੂੰ ਸੱਦ ਕੇ ਖੁਸ਼ ਹੁੰਦਾ। ਲੰਡਨ ਵਿੱਚ ਕਈ ਲੇਖਕ ਸਭਾਵਾਂ ਸਨ। ਈਸਟ ਲੰਡਨ ਦੀ ਸਭਾ, ਜਿਸ ਦਾ ਕਰਤਾ ਧਰਤਾ ਰਾਜਾ ਰਾਮ ਹੁੰਦਾ, ਵਿੱਚ ਕੁੰਦਨ ਦੀ ਵਿਸ਼ੇਸ਼ ਚੜ੍ਹਾਈ ਹੁੰਦੀ। ਅਗਾਂਹਵਧੂ ਲਿਖਾਰੀ ਸਭਾ ਦੇ ਪਰੋਗਰਾਮ ਵਿੱਚ ਕੁੰਦਨ ਸਿੰਘ ਨੂੰ ਸੱਦਿਆ ਜਾਂਦਾ ਸੀ। ਉਹ ਵੀ ਪਿਛਲੇ ਵੈਰ-ਵਿਰੋਧ ਭੁਲਾ ਕੇ ਹਾਜ਼ਰ ਹੋ ਜਾਂਦਾ। ਅਸਲ ਵਿੱਚ ਵੈਰ-ਵਿਰੋਧ ਉਸ ਨੇ ਭੁਲਾਏ ਨਹੀਂ ਸਨ, ਸਗੋਂ ਉਹ ਉਹਨਾਂ ਨੂੰ ਆਪਣੇ ਸਾਹਮਣੇ ਬਹੁਤ ਹੀਣੇ ਸਮਝਦਾ ਸੀ। ਇਸ ਸਭਾ ਦੇ ਸਕੱਤਰ ਬਨਫੂਲ ਨਾਲ ਉਸ ਦੀ ਦੋਸਤੀ ਜਿਉਂ ਦੀ ਤਿਓਂ ਕਾਇਮ ਸੀ ਇਸ ਲਈ ਸ਼ੁਗਲ ਵੀ ਚਲਦਾ ਰਹਿੰਦਾ ਸੀ। ਇਕ ਦਿਨ ਕੁੰਦਨ ਉਸ ਨੂੰ ਕਹਿਣ ਲਗਿਆ,

"ਯਾਰ ਬਨਫੂਲ, ਤੁਸੀਂ ਲਿਖਾਰੀ ਸਭਾ ਤਾਂ ਚਲਾਈ ਜਾਨੇ ਆਂ ਪਰ ਇਹਦੇ ਵਿੱਚ ਸਾਲ਼ਾ ਬੈਹੜਿਆਂ ਦਾ ਕੋਈ ਲੇਖਕ ਵੀ ਭਰਤੀ ਕਰ ਲਓ!"

7-ਨੌਸਟੈਲਜੀਆ ਦਾ ਹੱਲ ਇਹ

ਕੁੰਦਨ ਸਿੰਘ ਕੁੰਦਨ ਨੂੰ ਹੁਣ ਸ਼ਬਦ 'ਨੌਸਟੈਲਜੀਆ' ਬਹੁਤ ਤੰਗ ਕਰਨ ਲਗਿਆ ਸੀ। ਇਸ ਦਾ ਸਾਹਮਣਾ ਉਸ ਨੂੰ ਵਾਰ ਵਾਰ ਕਰਨਾ ਪੈਂਦਾ ਪਰ ਇਸ ਦਾ ਪੰਜਾਬੀ ਵਿੱਚ ਕੋਈ ਬਦਲ ਨਹੀਂ ਸੀ ਮਿਲ ਰਿਹਾ ਤੇ ਇਹ ਪੂਰੇ ਦਾ ਪੂਰਾ ਸ਼ਬਦ ਪੰਜਾਬੀ ਵਿੱਚ ਖੁਰ ਨਹੀਂ ਸੀ ਰਿਹਾ। ਉਸ ਦੀ ਪਰਵਾਸੀ ਸਾਹਿਤ ਦੀ ਘੜੀ ਪ੍ਰੀਭਾਸ਼ਾ ਵਿੱਚ ਨੌਸਟੈਲਜੀਆ ਬਹੁਤ ਅਹਿਮ ਕੜੀ ਸੀ। ਉਹ ਹਰ ਵੇਲੇ ਸੋਚਦਾ ਰਹਿੰਦਾ ਕਿ ਇਸ ਦਾ ਕੀ ਕੀਤਾ ਜਾਵੇ।

ਇਹਨਾਂ ਦਿਨਾਂ ਅਲਬੇਲਾ ਸਿੰਘ ਨੇ ਇਕ ਸਮਾਗਮ ਵਿੱਚ ਪੜ੍ਹਨ ਲਈ ਬਰਤਾਨਵੀ ਕਹਾਣੀ ਉਪਰ ਇਕ ਪਰਚਾ ਲਿਖਿਆ। ਜਦੋਂ ਤੋਂ ਕੁੰਦਨ ਸਿੰਘ ਨੇ ਪਰਵਾਸੀ ਸਾਹਿਤ ਨੂੰ ਪ੍ਰਚੱਲਤ ਕਰਨ ਦਾ ਕੰਮ ਸ਼ੁਰੂ ਕੀਤਾ ਸੀ ਤਾਂ ਕੁਝ ਲੋਕਾਂ ਨੇ ਬਰਤਾਨੀਆਂ ਵਿੱਚ ਲਿਖੇ ਜਾ ਰਹੇ ਸਾਹਿਤ ਨੂੰ ਨਾਕਾਰਨ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਅਲਬੇਲਾ ਸਿੰਘ ਨੈਕਸਲਾਈਟ ਲਹਿਰ ਵੇਲੇ ਦਾ ਬੰਦਾ ਸੀ। ਲਹਿਰ ਖਤਮ ਹੁੰਦੇ ਸਾਰ ਹੀ ਉਸ ਨੇ ਪੈਂਤੜਾ ਬਦਲ ਕੇ ਨੈਕਲਾਈਟਾਂ ਦੇ ਖਿਲਾਫ ਲਿਖਣਾ-ਬੋਲਣਾ ਵੀ ਸ਼ੁਰੂ ਕਰ ਦਿਤਾ ਹੋਇਆ ਸੀ। ਲਹਿਰ ਵੇਲੇ ਦੀ ਕਵਿਤਾ ਵਿੱਚ ਉਸ ਦਾ ਨਾਂ ਵਧੀਆਂ ਕਵੀਆਂ ਵਿੱਚ ਬੋਲਦਾ ਸੀ। ਜਦ ਉਸ ਮਿਡਲਸੈਕਸ ਦੇ ਇਲਾਕੇ ਵਿੱਚ ਆਇਆ ਤਾਂ ਕੁੰਦਨ ਨੇ ਆਪ ਉਸ ਨਾਲ ਤਾਲਮੇਲ ਕੀਤਾ। ਕੁੰਦਨ ਨੂੰ ਪਤਾ ਸੀ ਕਿ ਅਲਬੇਲਾ ਸਿੰਘ ਵਿਦਵਾਨ ਬੰਦਾ ਹੈ ਤੇ ਉਹ ਉਸ ਉਪਰ ਆਪਣੀ ਵਿਦਵਤਾ ਦਾ ਰੋਅਬ ਪਾਉਣਾ ਚਾਹੁੰਦਾ ਸੀ। ਕੁੰਦਨ ਨੇ ਉਸ ਨੂੰ ਪੁੱਛਿਆ,

"ਅਲਬੇਲਾ ਜੀ, ਦੱਸੋ ਮੈਂ ਕਿਹੜਾ ਨਾਵਲ ਪੜ੍ਹਾਂ, ਪੰਜਾਬੀ ਦੇ ਮੈਂ ਸਾਰੇ ਨਾਵਲ ਪੜ੍ਹੇ ਹੋਏ ਨੇ, ਹਿੰਦੀ ਦੇ ਵੀ।"

"ਤੁਸੀਂ ਅਨਵਰ ਅਲੀ ਦਾ 'ਏਕ ਗਾਇਬ ਰਾਤ' ਪੜ੍ਹੋ, ਉੜਦੂ ਵਿੱਚ ਐ ਪਰ ਹਿੰਦੀ ਵਰਸ਼ਨ ਵੀ ਮਿਲ ਜਾਂਦੈ, ਬਹੁਤ ਹੀ ਵਧੀਆ ਨਾਵਲ ਐ।"

ਅਲਬੇਲਾ ਸਿੰਘ ਨੇ ਆਪਣਾ ਤਜਰੁਬਾ ਸਾਂਝਾ ਕਰਦਿਆਂ ਕਿਹਾ। ਕੁੰਦਨ ਨੇ ਕਿਸੇ ਨਾ ਕਿਸੇ ਪਾਸਿਓਂ ਇਹ ਨਾਵਲ ਲੱਭ ਲਿਆ। ਵੱਡਾ ਨਾਵਲ ਸੀ ਪਰ ਉਸ ਨੇ ਪੜ੍ਹ ਕੇ ਹੀ ਸਾਹ ਲਿਆ। ਨਾਵਲ ਉਸ ਨੂੰ ਬਹੁਤ ਪਸੰਦ ਆਇਆ। ਉਸ ਨੇ ਇਕ ਦਮ ਅਲਬੇਲਾ ਸਿੰਘ ਨੂੰ ਫੋਨ ਕੀਤਾ ਤਾਂ ਜੋ ਇੰਨਾ ਵਧੀਆ ਨਾਵਲ ਦੱਸਣ ਲਈ ਉਸ ਦਾ ਸ਼ੁਕਰੀਆ ਅਦਾ ਕਰ ਸਕੇ। ਉਸ ਨੇ ਕਿਹਾ,

"ਅਲਬੇਲਾ ਜੀ, ਨਾਵਲ ਤਾਂ ਵਾਕਿਆ ਹੀ ਬਹੁਤ ਸੁਹਣਾ ਏ ਪਰ ਕਿਤੇ ਕਿਤੇ ਅਨੁਭਵ ਕੁਝ ਪੇਤਲ਼ਾ ਏ, ਸ਼ਾਇਦ ਲੇਖਕ ਦੀ ਉਮਰ ਨਾਵਲ ਲਿਖਣ ਵੇਲੇ ਹਾਲੇ ਛੋਟੀ ਸੀ।"

"ਪਤਾ ਨਹੀਂ ਕੁੰਦਨ ਜੀ, ਮੈਂ ਇਹ ਨਾਵਲ ਨਹੀਂ ਪੜਿਆ।"

"ਪਰ ਉਸ ਦਿਨ ਤਾਂ ਤੁਸੀਂ ਇਸ ਦੀ ਵਕਾਲਤ ਕਰ ਰਹੇ ਸੀ?"

"ਹਾਂ, ਕਿਉਂਕਿ ਮੇਰੀ ਵਾਈਫ ਨੇ ਇਹ ਪੜ੍ਹਿਐ।"

ਅਲਬੇਲਾ ਸਿੰਘ ਨੇ ਜਵਾਬ ਦਿਤਾ। ਕੁੰਦਨ ਉਸ ਦੇ ਜਵਾਬ 'ਤੇ ਹੈਰਾਨ ਹੋਇਆ ਖੜਾ ਸੀ ਕਿ ਕਿਸੇ ਦੇ ਪੜ੍ਹੇ ਨੂੰ ਹੀ ਆਪਣਾ ਪੜ੍ਹਿਆ ਦੱਸੀ ਜਾ ਰਿਹਾ ਹੈ ਪਰ ਉਹ ਚੁੱਪ ਰਿਹਾ। ਇਸੇ ਅਲਬੇਲਾ ਸਿੰਘ ਨੇ ਬਰਤਾਨਵੀ ਪੰਜਾਬੀ ਕਹਾਣੀ ਉਪਰ ਪਰਚਾ ਲਿਖ ਲਿਆ। ਉਸ ਨੇ ਇੰਗਲੈਂਡ ਦੇ ਪ੍ਰਮੁੱਖ ਕਹਾਣੀਕਾਰਾਂ ਦੀਆਂ ਕਹਾਣੀਆਂ ਲਈਆਂ। ਪਰਚੇ ਵਿੱਚ ਉਸ ਨੇ ਆਪਣੇ ਇਕ ਦੋਸਤ ਦੀ ਕਹਾਣੀ ਤੇ ਇਕ ਹੋਰ ਕਹਾਣੀ ਨੂੰ ਛੱਡ ਕੇ ਬਾਕੀ ਸਭ ਕਹਾਣੀਆਂ ਨੂੰ ਨਕਾਰ ਕੇ ਰੱਖ ਦਿਤਾ ਖਾਸ ਤੌਰ 'ਤੇ ਕੁੰਦਨ ਦੀ ਕਹਾਣੀ ਨੂੰ। ਉਸ ਨੇ ਕਿਹਾ ਕਿ ਕੁੰਦਨ ਕਹਾਣੀ ਸਿਰਜਦਾ ਨਹੀਂ ਬਲਕਿ ਮੌਕਾ-ਮੇਲ ਵਿੱਚ ਫਿੱਟ ਕਰ ਦਿੰਦਾ ਹੈ ਜੋ ਕਿ ਸਾਹਿਤ ਦਾ ਹਿੱਸਾ ਨਹੀਂ ਬਣਦੀ। ਉਸ ਦਾ ਪਰਚਾ ਪੜ੍ਹ ਕੇ ਕੁੰਦਨ ਗੁੱਸੇ ਵਿੱਚ ਪਾਗਲ ਹੋਣ ਲੱਗਿਆ। ਇਥੇ ਜੇਠੂ ਉਸ ਨੂੰ ਪਿੱਛੇ ਧੱਕ ਕੇ ਅਗੇ ਆਉਣਾ ਚਾਹੁੰਦਾ ਸੀ ਪਰ ਕੁੰਦਨ ਸੋਚਦਾ ਸੀ ਕਿ ਇਥੇ ਠਰੰਮੇ ਤੋਂ ਕੰਮ ਲੈ ਦੀ ਲੋੜ ਹੋਵੇਗੀ। ਅਜਿਹਾ ਕਦੇ ਹੋਇਆ ਹੀ ਨਹੀਂ ਸੀ ਕਿ ਉਸ ਦੇ ਲਿਖੇ ਨੂੰ ਕਿਸ ਨੇ ਇਵੇਂ ਕੱਟ ਦਿਤਾ ਹੋਵੇ। ਅਲਬੇਲਾ ਸਿੰਘ ਨੂੰ ਉਸ ਦੇ ਪਰਚੇ ਦਾ ਮੂੰਹ-ਤੋੜ ਜਵਾਬ ਦੇਣ ਦੀ ਉਹ ਉਸੇ ਸਮਾਗਮ ਵਿੱਚ ਬੋਲਣ ਦੀ ਤਿਆਰੀ ਕਰਨ ਲੱਗਿਆ। ਉਸ ਨੇ ਪਰਚੇ ਵਿੱਚ ਸ਼ਾਮਲ ਕੀਤੇ ਹੋਰ ਕਹਾਣੀਕਾਰਾਂ ਨਾਲ ਗੱਲ ਕੀਤੀ। ਅਲਬੇਲਾ ਸਿੰਘ ਨਾਲ ਕੋਈ ਵੀ ਪੰਗਾ ਲੈਣ ਨੂੰ ਤਿਆਰ ਨਹੀਂ ਸੀ। ਕੁੰਦਨ ਨੇ ਜੋਗੇਂਦਰ ਨੂੰ ਫੋਨ ਕਰ ਕੇ ਸੱਦਿਆ ਤੇ ਆਖਿਆ,

"ਦੇਖਿਆ ਸਾਲ਼ੇ ਬੈਹੜਿਆਂ ਦੇ ਅਲਬੇਲੇ ਦਾ ਪਰਚਾ?"

"ਹਾਂ ਦੇਖਿਆ ਪਰ ਓਹਨੇ ਮੇਰੀ ਕਹਾਣੀ ਤਾਂ ਲਈ ਹੀ ਨਹੀਂ!"

"ਇਹ ਵੀ ਉਹਦੀ ਬਹੁਤ ਵੱਡੀ ਭੁੱਲ ਏ ਪਰ ਨਾਲ ਦੀ ਨਾਲ ਸਾਰੀਆਂ ਕਹਾਣੀਆਂ ਨੂੰ ਬਿਨਾਂ ਕਿਸੇ ਗੱਲੋਂ ਰਿਜੈਕਟ ਕਰ ਮਾਰਿਆ ਏ, ਮੈਂ ਚਾਹੁੰਨਾ ਕਿ ਤੂੰ ਇਸ ਪਰਚੇ ਨੂੰ ਇਕ ਅਲੋਚਕ ਦੀ ਨਜ਼ਰ ਨਾਲ ਪੜ੍ਹੇਂ ਤੇ ਫੰਕਸ਼ਨ ਵਾਲੇ ਦਿਨ ਤੂੰ ਇਸ ਪਰਚੇ ਦੇ ਖਿਲਾਫ ਬੋਲੇਂ।"

"ਤੁਹਾਨੂੰ ਪਤੈ ਕੁੰਦਨ ਜੀ, ਮੇਰੇ ਕੋਲ਼ ਪੜ੍ਹਚੋਲ ਵਾਲੀ ਉਹ ਅੱਖ ਨਹੀਂ।"

"ਮੈਂ ਤੈਨੂੰ ਕੁਝ ਪੁਆਇੰਟ ਦੱਸ ਦਿੰਨਾ, ਮੇਰਾ ਮਤਲਬ ਏ ਕਿ ਮੈਂ ਅਲਬੇਲੇ ਨੂੰ ਸਟੇਜ ਉਤੋਂ ਰੁਆਉਣਾ ਏਂ, ਏਹਦੀ ਹਿੰਮਤ ਕਿਵੇਂ ਹੋ ਗਈ ਕਿ ਕੁੰਦਨ ਨਾਲ ਪੰਗਾ ਲੈ ਜਾਵੇ, ਮੈਂ ਏਨੀ ਸਟੱਡੀ ਕਰਦਾਂ ਤੇ ਇਹ ਬਿਨਾਂ ਪੜ੍ਹਿਆਂ ਹੀ ਫੈਸਲਾ ਦੇ ਜਾਵੇ!"

ਇਵੇਂ ਹੀ ਉਸ ਨੇ ਰਸ਼ਪਾਲ ਸਿੰਘ ਨੂੰ ਵੀ ਸੱਦਿਆ। ਉਹ ਤਾਂ ਸਟੇਜ ਤੋਂ ਬੋਲਣ ਦੇ ਮਾਮਲੇ ਵਿੱਚ ਜੋਗੇਂਦਰ ਤੋਂ ਵੀ ਗਿਆ ਗੁਜ਼ਰਿਆ ਸੀ। ਕੁੰਦਨ ਨੇ ਆਪ ਵੀ ਪਰਚੇ ਉਪਰ ਬੋਲਣ ਦੀ ਪੂਰੀ ਤਿਆਰੀ ਕੀਤੀ। ਸਮਾਗਮ ਵਾਲੇ ਦਿਨ ਅਲਬੇਲੇ ਨੇ ਪਰਚਾ ਪੜ੍ਹਿਆ। ਪਰਚੇ ਤੋਂ ਬਾਅਦ ਕਈ ਲੋਕ ਬੋਲੇ। ਜੋਗੇਂਦਰ ਤੇ ਰਸ਼ਪਾਲ ਵੀ ਸਟੇਜ 'ਤੇ ਆਏ ਪਰ ਕੋਈ ਖਾਸ ਗੱਲ ਨਾ ਕਰ ਸਕੇ। ਫਿਰ ਵਾਰੀ ਕੁੰਦਨ ਦੀ ਆਈ। ਉਸ ਨੇ ਆਪਣੀ ਟਾਈ ਠੀਕ ਕਰਦਿਆਂ ਰੋਅਬਦਾਰ ਆਵਾਜ਼ ਵਿੱਚ ਕਹਿਣਾ ਸ਼ੁਰੂ ਕੀਤਾ,

"ਦੋਸਤੋ, ਸਭ ਤੋਂ ਪਹਿਲਾਂ ਤਾਂ ਅਲਬੇਲਾ ਜੀ ਵਾਰ ਵਾਰ 'ਹੇਰਵਾ' ਸ਼ਬਦ ਵਰਤੀ ਜਾ ਰਹੇ ਨੇ, ਨੌਸਟੈਲਜੀਆ ਦਾ ਬਦਲ ਹੇਰਵਾ ਨਹੀਂ ਹੋ ਸਕਦਾ।"

ਇਸ 'ਤੇ ਵਿੱਚੇ ਹੀ ਅਲਬੇਲਾ ਸਿੰਘ ਬੋਲ ਪਿਆ,

"ਤੁਸੀਂ ਦੱਸ ਦਿਓ ਨੌਸਟੈਲਜੀਆ ਦਾ ਹੋਰ ਕਿਹੜਾ ਸ਼ਬਦ ਹੋ ਸਕਦੈ।"

"ਅਲਬੇਲਾ ਜੀ, ਮੈਂ ਦੱਸਾਂਗਾ, ਜ਼ਰੂਰ ਦੱਸਾਂਗਾ ਪਰ ਇਸ ਵੇਲੇ ਇਹੋ ਸੁਣ ਲਵੋ ਕਿ ਹੇਰਵਾ ਨੇੜੇ ਦੀ ਚੀਜ਼ ਹੁੰਦੀ ਹੈ ਜਿਸ ਦਾ ਅਸਰ ਛੇਤੀ ਖਤਮ ਹੋ ਜਾਂਦਾ ਹੈ ਪਰ ਨੌਸਟੈਲਜੀਆ ਸਾਰੀ ਉਮਰ ਨਹੀਂ ਜਾਂਦਾ, ਕਿਸ ਨਾ ਕਿਸੇ ਤਰੀਕੇ ਨਾਲ ਬਣਿਆਂ ਰਹਿੰਦਾ ਏ।"

"ਅੱਛਾ ਜੀ!"

ਅਲਬੇਲਾ ਸਿੰਘ ਟਿੱਚਰ ਵਿੱਚ ਬੋਲਿਆ। ਮੰਚ ਉਪਰ ਬੈਠੇ ਪਰਧਾਨ ਨੇ ਉਸ ਨੂੰ ਚੁੱਪ ਰਹਿ ਕੇ ਅਗਾਂਹ ਸੁਣਨ ਲਈ ਇਸ਼ਾਰਾ ਕੀਤਾ। ਕੁੰਦਨ ਨੇ ਵੀ ਇਕ ਵਾਰ ਅਲਬੇਲੇ ਵਲ ਬੁਰੀ ਨਜ਼ਰ ਨਾਲ ਦੇਖਿਆ ਤੇ ਉਸ ਨੇ ਅਗਾਂਹ ਬੋਲਣਾ ਸ਼ੁਰੂ ਕਰ ਦਿਤਾ,

"ਦੋਸਤੋ, ਵਧੀਆ ਸਾਹਿਤ ਸਦਾ ਫਸਟ ਹੈਂਡ ਅਨੁਭਵ ਵਿੱਚੋਂ ਨਿਕਲਦਾ ਹੈ, ਕਿਸੇ ਦੇ ਦੱਸੇ ਦਸਾਏ ਜਾਂ ਖ਼ਬਰਾਂ ਪੜ੍ਹ ਕੇ ਸਾਹਿਤ ਨਹੀਂ ਰਚਿਆ ਜਾ ਸਕਦਾ। ਅਸੀਂ ਇਥੇ ਬੈਠੇ ਜੋ ਕੁਝ ਵੀ ਲਿਖਦੇ ਹਾਂ ਇਹ ਸਾਡੇ ਅਨੁਭਵ ਵਿੱਚੋਂ ਨਿਕਲਿਆ ਹੈ, ਇਹਦੇ ਬਾਰੇ ਲਿਖਣ ਲਈ ਜਾਂ ਇਸ ਬਾਰੇ ਅਲੋਚਨਾ ਕਰਨ ਲਈ ਸਾਡੇ ਉਸ ਅਨੁਭਵ ਨੂੰ ਸਮਝਣ ਦੀ ਲੋੜ ਹੈ, ਅਲਬੇਲਾ ਸਿੰਘ ਨੇ ਇਹ ਪਰਚਾ ਕਿਸੇ ਹੋਰ ਦੇ ਅਨੁਭਵ ਤੋਂ ਲਿਖਿਆ ਹੈ, ਇਸ ਨੇ ਆਪ ਸ਼ਾਇਦ ਇਹ ਕਹਾਣੀਆਂ ਵੀ ਨਾ ਪੜ੍ਹੀਆਂ ਹੋਣ ਤੇ ਕਿਸੇ ਤੋਂ ਸੁਣ ਕੇ ਹੀ ਪਰਚਾ ਲਿਖ ਮਾਰਿਆ ਹੋਵੇ।"

ਇਸ ਗੱਲ 'ਤੇ ਅਲਬੇਲਾ ਸਿੰਘ ਤੜ੍ਹਫ ਉਠਿਆ। ਉਹ ਸਮਝਦਾ ਸੀ ਕਿ ਅਗਲੀ ਗੱਲ ਕੁੰਦਨ ਕਿਹੜੀ ਕਹਿਣ ਲੱਗਿਆ ਹੈ। ਉਹ ਰੌਲ਼ਾ ਪਾਉਣ ਲੱਗ ਪਿਆ। ਪ੍ਰਬੰਧਕਾਂ ਨੇ ਉਸ ਨੂੰ ਬੜੀ ਮੁਸ਼ਕਲ ਨਾਲ ਚੁੱਪ ਕਰਾਇਆ। ਕੁੰਦਨ ਨੇ ਫਿਰ ਕਹਿਣਾ ਸ਼ੁਰੂ ਕੀਤਾ,

"ਇਸ ਵੇਲੇ ਤੁਸੀਂ ਦੇਖ ਸਕਦੇ ਹੋ ਅਲਬੇਲਾ ਸਿੰਘ ਜੀ ਨੂੰ, ਆਪਣੀ ਇਸ ਬੌਖਲਾਹਟ ਲਈ ਇਹ ਮਸ਼ਹੂਰ ਹਨ, ਇਹਨਾਂ ਦੀ ਬੌਖਲਹਾਟ ਮੈਂ ਪਹਿਲਾਂ ਵੀ ਕਈ ਵਾਰ ਦੇਖ ਚੁੱਕਿਆ ਹਾਂ ਤੇ ਮੈਨੂੰ ਹੁਣ ਯਕੀਨ ਹੋ ਗਿਆ ਏ ਕਿ ਇਹਨਾਂ ਨੇ ਕਹਾਣੀਆਂ ਪੜ੍ਹਨ ਤੋਂ ਬਿਨਾਂ ਹੀ ਪਰਚਾ ਲਿਖ ਮਾਰਿਆ ਹੈ, ਇਸ ਦੀ ਇਕ ਉਦਾਹਰਣ ਦਿੰਦਾ ਹਾਂ ਕਿ ਇਕ ਦਿਨ ਇਹਨਾਂ ਮੈਨੂੰ ਅਨਵਰ ਅਲੀ ਦਾ ਨਾਵਲ 'ਏਕ ਗਾਇਬ ਰਾਤ' ਪੜ੍ਹਨ ਦੀ

ਸਲਾਹ ਦਿਤੀ ਸੀ, ਮੈਂ ਨਾਵਲ ਪੜ੍ਹ ਕੇ ਇਹਨਾਂ ਨਾਲ ਗੱਲ ਕੀਤੀ ਤਾਂ ਇਹ ਕਹਿਣ ਲੱਗੇ ਕਿ ਇਹਨਾਂ ਨੇ ਤਾਂ ਨਾਵਲ ਪੜ੍ਹਿਆ ਹੀ ਨਹੀਂ, ਉਸ ਨੇ ਤਾਂ ਆਪਣੀ ਪਤਨੀ ਦੇ ਕਹਿਣ 'ਤੇ ਇਹ ਰਾਏ ਬਣਾਈ ਸੀ।"

ਅਲਬੇਲਾ ਸਿੰਘ ਉਠ ਕੇ ਗਾਲ੍ਹਾਂ ਕੱਢਣ ਲੱਗ ਪਿਆ ਤੇ ਪੰਡਾਲ ਵਿੱਚੋਂ ਬਾਹਰ ਨੂੰ ਤੁਰ ਪਿਆ। ਕੁੰਦਨ ਨੇ ਸਟੇਜ ਤੋਂ ਹੀ ਫਿਰ ਕਿਹਾ,

"ਅਲਬੇਲਾ ਸਿੰਘ ਜੀ, ਇਹ ਤਾਂ ਮੈਂ ਤੁਹਾਡੇ ਪਰਚੇ ਬਾਰੇ ਓਪਰੀ ਜਿਹੀ ਰਾਏ ਹੀ ਦਿਤੀ ਏ ਪਰਚੇ ਦੀ ਚੀਰਫਾੜ ਤਾਂ ਹਾਲੇ ਕਰਨੀ ਏ ਜ਼ਰਾ ਸੁਣ ਕੇ ਜਾਣਾਂ।"

ਅਲਬੇਲਾ ਸਿੰਘ ਰੁਕ ਤਾਂ ਗਿਆ ਪਰ ਉਹ ਬੇਇਜ਼ਤੀ ਜਿਹੀ ਮਹਿਸੂਸ ਕਰਦਾ ਜਾ ਰਿਹਾ ਸੀ। ਕੁੰਦਨ ਵਿਚਾਰ ਵਿੱਚ ਆਈ ਇਕ ਇਕ ਕਹਾਣੀ ਦਾ ਜ਼ਿਕਰ ਕਰਦਿਆਂ ਦੱਸਣ ਲੱਗਿਆ ਕਿ ਕਹਾਣੀ ਵਿੱਚ ਕਹਾਣੀਕਾਰ ਕੀ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਅਲਬੇਲਾ ਸਿੰਘ ਇਸ ਨੂੰ ਕਿਵੇਂ ਲੈ ਰਿਹਾ ਹੈ। ਅਸਲ ਵਿੱਚ ਅਲਬੇਲਾ ਸਿੰਘ ਨੂੰ ਕਹਾਣੀ ਦੀ ਕੋਈ ਸਮਝ ਨਹੀਂ ਹੈ, ਉਹ ਕਵਿਤਾ ਦਾ ਬੰਦਾ ਹੈ ਤੇ ਉਸ ਨੂੰ ਕਵਿਤਾ ਦਾ ਮੁਲਾਂਕਣ ਹੀ ਕਰਨਾ ਚਾਹੀਦਾ ਹੈ। ਅਲਬੇਲਾ ਸਿੰਘ ਦਾ ਕਵਿਤਾ ਵਿੱਚ ਨਾਂ ਸੀ ਤੇ ਨਾਲੇ ਉਹ ਸਰਗਰਮ ਨੈਕਲਾਈਟ ਰਹਿ ਚੁੱਕਿਆ ਹੋਣ ਕਰਕੇ ਹਾਲੇ ਵੀ ਗਰਮ ਸੁਭਾਅ ਵਾਲਾ ਸੀ। ਉਹ ਕੁੰਦਨ ਨੂੰ ਸਿੱਧੀਆਂ ਗਾਲ੍ਹਾਂ ਕੱਢਣ ਲੱਗਿਆ। ਜਦ ਲੋਕ ਉਸ ਦੇ ਖਿਲਾਫ ਹੋ ਗਏ ਤਾਂ ਉਹ ਹਾਲ ਤੋਂ ਬਾਹਰ ਹੋ ਗਿਆ। ਕੁੰਦਨ ਦੀ ਬੱਲੇ ਬੱਲੇ ਹੋ ਗਈ। ਦਵਿੰਦਰ ਸਿੰਘ ਦਾ ਗਰੁੱਪ ਅਲਬੇਲਾ ਸਿੰਘ ਦੀ ਮੱਦਦ ਕਰ ਰਿਹਾ ਸੀ ਪਰ ਉਹਨਾਂ ਕੋਲ ਵੀ ਕੁੰਦਨ ਦੀਆਂ ਗੱਲਾਂ ਦਾ ਕੋਈ ਜਵਾਬ ਨਹੀਂ ਸੀ।

ਸਮਾਗਮ ਦੇ ਖਤਮ ਹੋਣ ਤੋਂ ਬਾਅਦ ਸਾਰੇ ਹਾਜ਼ਰ ਲੇਖਕ ਕੁੰਦਨ ਨੂੰ ਏਨੀ ਵਧੀਆ ਬਹਿਸ ਕਰਨ ਕਾਰਨ ਵਧਾਈ ਦੇ ਰਹੇ ਸਨ। ਪਹਿਲਾਂ ਹੀ ਲੋਕ ਤਾਂ ਉਸ ਨੂੰ ਨਾਵਲਕਾਰ ਵਾਂਗ ਹੀ ਵਧੀਆ ਅਲੋਚਕ ਵੀ ਮੰਨਣ ਲੱਗ ਪਏ ਸਨ। ਸੁੱਚਾ ਸਿੰਘ ਅਜ਼ਾਦ ਨੇ ਕਿਹਾ,

"ਲਗਦੈ ਤੂੰ ਹੁਣ ਨੌਸਟੈਲੀਏ ਤੇ ਕੰਮ ਕਰ ਰਿਹੈਂ?"

"ਤਿਆਰੀ ਕਰ ਰਿਹਾਂ, ਜੇ ਕਦੇ ਵਕਤ ਲਗੇ ਤਾਂ ਮੇਰੇ ਵਲ ਚੱਕਰ ਮਾਰ, ਮੈਂ ਦਿਖਾਊਂ ਕਿ ਮੈਂ ਕੀ ਕੀਤਾ ਏ।"

"ਬਣਾਉਂਨੇ ਆਂ ਕੋਈ ਪਰੋਗਰਾਮ।"

ਅਜ਼ਾਦ ਨੇ ਕਿਹਾ ਪਰ ਅੰਦਰੋਂ ਉਹ ਬਹੁਤਾ ਖੁਸ਼ ਨਹੀਂ ਸੀ। ਅੱਜ ਅਲਬੇਲੇ ਦੀ ਲੱਗੀ ਪਿੱਠ ਕਾਰਨ ਵੀ ਉਹ ਕੁਝ ਨਾਰਾਜ਼ ਸੀ ਕਿਉਂਕਿ ਅਲਬੇਲੇ ਨੇ ਆਪਣੇ ਪਰਚੇ ਵਿਚ ਉਸ ਦੀ ਕਹਾਣੀ ਦੀ ਰੱਜ ਕੇ ਤਾਰੀਫ ਕੀਤੀ ਹੋਈ ਸੀ।

ਉਸ ਦਿਨ ਤੋਂ ਬਾਅਦ ਕੁੰਦਨ ਨੇ ਸੁੱਚਾ ਅਜ਼ਾਦ ਤੇ ਰੇਸ਼ਮ ਸਮੁੰਦਰੀ ਨੂੰ ਦੋ ਕੁ ਵਾਰ ਫੋਨ ਕੀਤਾ ਕਿ ਉਹ ਉਹਨਾਂ ਨੂੰ ਨੌਸਟੈਲਜੀਏ ਬਾਰੇ ਲਿਖਿਆ ਪੇਪਰ ਸੁਣਾਉਣਾ ਚਾਹੁੰਦਾ ਹੈ ਪਰ ਦੋਨੋਂ ਹੀ ਪਾਸਾ ਵੱਟਦੇ ਰਹੇ। ਇਕ ਦਿਨ ਇਕ ਸਮਾਗਮ ਵਿੱਚ ਸੁੱਚਾ ਅਜ਼ਾਦ ਮਿਲਿਆ ਤਾਂ ਉਹ ਕੁੰਦਨ ਸਿੰਘ ਨੂੰ ਬੋਲਿਆ,

"ਤੂੰ ਬਈ ਹੁਣ ਸਾਡਾ ਮਹਾਂਰਾਥੀ ਬਣ ਗਿਐਂ, ਜੇ ਟਾਈਮ ਲਗੇ ਤਾਂ ਮੇਰੀਆਂ ਕਹਾਣੀਆਂ ਤੇ ਈ ਕੁਝ ਲਿਖ ਛੱਡ।"

"ਤੇਰੇ 'ਤੇ ਡਾਕਟਰ ਹਰੀ ਸਿੰਘ ਲਿਖ ਰਿਹਾ ਏ, ਹੋਰ ਤੈਨੂੰ ਕੀ ਚਾਹੀਦਾ ਏ।"

"ਹਾਂ, ਉਹ ਤਾਂ ਲਿਖ ਈ ਰਿਹਾ ਏ ਪਰ ਤੇਰਾ ਕੰਮ ਵੱਖਰੈ।"

ਅਜ਼ਾਦ ਨੇ ਆਖਿਆ। ਸੁੱਚਾ ਅਜ਼ਾਦ ਸਦਾ ਹੀ ਆਪਣੇ ਉਪਰ ਪੇਪਰ ਲਿਖਵਾਉਣ ਲਈ ਕਈ ਕਿਸਮ ਦੇ ਹੱਥਕੰਡੇ ਵਰਤਦਾ ਰਹਿੰਦਾ ਸੀ। ਡਾਕਟਰ ਹਰੀ ਸਿੰਘ ਉਸ ਦੀਆਂ ਕੁਝ ਕਹਾਣੀਆਂ ਨੂੰ ਲੈ ਕੇ ਇਕ ਪੂਰੀ ਕਿਤਾਬ ਲਿਖ ਰਿਹਾ ਸੀ। ਡਾਕਟਰ ਨੇ ਇੰਗਲੈਂਡ ਦੇ ਕਈ ਹੋਰ ਲੇਖਕਾਂ ਨੂੰ ਵੀ ਦਾਣਾ ਪਾਇਆ ਹੋਇਆ ਸੀ ਕਿ ਉਹ ਉਹਨਾਂ ਉਪਰ ਲਿਖ ਸਕਦਾ ਹੈ ਜੇਕਰ ਉਹ ਕੁਝ ਖਰਚਾ ਕਰਨ। ਅਜ਼ਾਦ ਤੋਂ ਬਾਅਦ ਚਾਰ ਪੰਜ ਹੋਰ ਲੇਖਕ ਵੀ ਹਰੀ ਸਿੰਘ ਮੂਹਰੇ ਕਤਾਰ ਬਣਾਈ ਖੜੇ ਸਨ।

ਕੁੰਦਨ ਨੇ ਸੁੱਚਾ ਅਜ਼ਾਦ 'ਤੇ ਕਦੇ ਇਕ ਵੀ ਸਤਰ ਨਾ ਲਿਖੀ। ਜਿਵੇਂ ਉਹ ਉਸ ਨਾਲ ਸਮਕਾਲੀ ਹੋਣ ਕਰਕੇ ਈਰਖਾ ਕਰਦਾ ਸੀ ਇਵੇਂ ਕੁੰਦਨ ਸਿੰਘ ਵੀ ਘੱਟ ਨਹੀਂ ਸੀ। ਇਕ ਉਸ ਨੂੰ ਇਹ ਵੀ ਗੁੱਸਾ ਸੀ ਕਿ ਨਾ ਅਜ਼ਾਦ ਤੇ ਨਾ ਹੀ ਰੇਸ਼ਮ ਸਮੁੰਦਰੀ ਉਸ ਦਾ ਪੇਪਰ ਸੁਣਨ ਆਏ ਸਨ। ਪਹਿਲਾਂ ਜਦ ਉਸ ਨੇ ਪਰਵਾਸੀ ਸਾਹਿਤ ਬਾਰੇ ਪਰਚਾ ਲਿਖਿਆ ਸੀ ਉਦੋਂ ਵੀ ਨਹੀਂ ਤੇ ਹੁਣ ਨੌਸਟੌਲਜੀਆ ਬਾਰੇ ਵੀ ਨਹੀਂ। ਉਸ ਨੇ ਇਕ ਦਿਨ ਜੋਗੇਂਦਰ ਨੂੰ ਫੋਨ ਕੀਤਾ ਤੇ ਪੁੱਛਿਆ,

"ਕਿਵੇਂ ਐਂ ਛੋਟੇ ਭਾਊ?"

"ਠੀਕ ਆਂ ਕੁੰਦਨ ਜੀ, ਤੁਸੀਂ ਸੁਣਾਓ, ਬਹੁਤ ਦੇਰ ਹੋ ਗਈ, ...ਮੈਂ ਦੋ ਕੁ ਵਾਰ ਫੋਨ ਵੀ ਕੀਤਾ ਸੀ!"

"ਬਸ ਏਦਾਂ ਈ ਯਾਰ, ਸਾਲ਼ਾ ਬੈਹੜਿਆਂ ਦਾ ਟਾਈਮ ਨਹੀਂ ਲਗਿਆ, ...ਕਿਸੇ ਵੇਲੇ ਵਕਤ ਹੈਗਾ ਤਾਂ ਆ ਜਾ, ਗੱਲਾਂ ਕਰਾਂਗੇ।"

"ਤੁਸੀਂ ਦੱਸੋ ਕਦੋਂ ਆਵਾਂ? ...ਮੇਰੀ ਤਾਂ ਸਗੋਂ ਕਹਾਣੀਆਂ ਦੀ ਕਿਤਾਬ ਤਿਆਰ ਐ, ਮੈਂ ਚਾਹੁੰਨਾ ਕਿ ਤੁਸੀਂ ਭੂਮਿਕਾ ਲਿਖ ਦੇਵੋਂ।"

"ਅੱਛਾ! ...ਖਰੜਾ ਲੈਂਦਾ ਆਵੀਂ, ਹੋਰ ਤੇਰੀ ਮਿਸਜ਼ ਦਾ ਕੀ ਹਾਲ ਏ?"

"ਠੀਕ ਏ।"

"ਉਹਨੂੰ ਵੀ ਲੈ ਆਵੀਂ, ਮਨਜੀਤ ਕਈ ਵਾਰੀ ਪੁੱਛ ਚੁੱਕੀ ਏ।"

ਉਹ ਜੋਗੇਂਦਰ ਦੀ ਪਤਨੀ ਦੇ ਬਹਾਨੇ ਗੋਲਡੀ ਨੂੰ ਚੇਤੇ ਕਰਨਾ ਚਾਹੁੰਦਾ ਸੀ। ਕੁਝ ਦਿਨਾਂ ਬਾਅਦ ਹੀ ਜੋਗੇਂਦਰ ਆਪਣੀ ਪਤਨੀ ਤੇ ਬੱਚੀ ਨੂੰ ਲੈ ਕੇ ਉਹਨਾਂ ਨੂੰ ਮਿਲਣ ਆ ਗਿਆ। ਮਨਜੀਤ ਕੋਰ ਰੁਚੀ ਨੂੰ ਦੇਖ ਕੇ ਬਹੁਤੀ ਖੁਸ਼ ਨਹੀਂ ਸੀ ਪਰ ਉਸ ਨੇ ਉਹਨਾਂ ਨੂੰ ਮਹਿਸੂਸ ਨਾ ਹੋਣ ਦਿਤਾ। ਕੁੰਦਨ ਸਿੰਘ ਨੇ ਚੋਰ ਨਜ਼ਰਾਂ ਨਾਲ ਦੋ ਕੁ ਵਾਰ ਰੁਚੀ ਵਲ ਦੇਖਿਆ। ਉਸ ਨੂੰ ਪਤਾ ਸੀ ਕਿ ਮਨਜੀਤ ਉਸ ਨੂੰ ਤਾੜ ਰਹੀ ਹੋਵੇਗੀ। ਉਹਨਾਂ ਚਾਹ ਦਾ ਕੱਪ ਕੱਪ ਪੀਤਾ ਤੇ ਕੁੰਦਨ ਬੋਲਿਆ,

"ਆ ਬਈ ਜੋਗੇਂਦਰ ਸਿਆਂ, ਆਪਾਂ ਮੇਰੇ ਕਮਰੇ ਵਿੱਚ ਚਲਦੇ ਆਂ, ਇਹਨਾਂ ਨੂੰ ਕਰਨ ਦੇ ਆਪਣੀਆਂ ਗੱਲਾਂ।"

ਜੋਗੇਂਦਰ ਉਸ ਦੇ ਮਗਰ ਫਰੰਟ ਰੂਮ ਵਿੱਚ ਆ ਗਿਆ। ਉਹ ਆਪਣੀ ਰਿਵੌਲਵਿੰਗ ਕੁਰਸੀ ਉਪਰ ਬੈਠ ਗਿਆ ਕਿਸੇ ਬੌਸ ਵਾਂਗ ਤੇ ਜੋਗੇਂਦਰ ਉਸ ਦੇ ਸਾਹਮਣੇ। ਜੋਗੇਂਦਰ ਨੇ ਆਪਣੀ ਕਿਤਾਬ ਦਾ ਖਰੜਾ ਉਸ ਦੇ ਸਾਹਮਣੇ ਰੱਖਿਆ ਤੇ ਕਿਹਾ,

"ਇਹ ਵੇ ਜੀ, ਮੇਰੀ ਨਵੀਂ ਕਿਤਾਬ, ਜ਼ਰਾ ਕਰੋ ਨਜ਼ਰੇ-ਇਨਾਇਤ!"

ਕੁੰਦਨ ਨੇ ਖਰੜਾ ਚੁੱਕਿਆ ਤੇ ਉਲੱਦ ਕੇ ਦੇਖਦਾ ਬੋਲਿਆ,

"ਇਕ ਤਾਂ ਤੇਰੇ ਬੱਬੇ ਤੇ ਵਾਵੇ ਦੇ ਫਰਕ ਦਾ ਨੁਕਸ ਹੁੰਦਾ, ਜਿਤਰਾਂ ਲਫਜ਼ ਏ 'ਬਾਰੇ' ਪਰ ਤੂੰ 'ਵਾਰੇ' ਲਿਖਦਾਂ, ਮੈਨੂੰ ਪਤਾ ਕਿ ਦੁਆਬੇ ਦੀ ਬੋਲੀ ਵਿੱਚ ਇਸ ਤਕਲੀਫ ਦਾ ਸਾਹਮਣਾ ਕਰਨਾ ਪੈਂਦਾ ਪਰ ਧਿਆਨ ਰੱਖਿਆ ਕਰ ਤੇ ਦੂਜੇ ਤੂੰ ਅੱਧਕ ਦੀ ਬਹੁਤ ਗਲਤੀ ਕਰਦਾਂ, ਕਈ ਥਾਂ 'ਤੇ ਅੱਧਕ ਦੀ ਲੋੜ ਹੁੰਦੀ ਏ ਪਰ ਤੂੰ ਪਾਉਂਦਾ ਨਹੀਂ।"

ਜੋਗੇਂਦਰ ਨੂੰ ਆਪਣੇ ਬੱਬੇ ਤੇ ਵਾਵੇ ਦੇ ਫਰਕ ਦੀ ਗਲਤੀ ਦਾ ਤਾਂ ਪਤਾ ਸੀ ਪਰ ਬਿਨਾਂ ਮਤਲਬ ਤੋਂ ਅੱਧਕ ਪਾਏ ਜਾਣੇ ਉਸ ਨੂੰ ਚੰਗੇ ਨਹੀਂ ਸਨ ਲਗਦੇ। ਕੁੰਦਨ ਨੇ ਖਰੜਾ ਇਕ ਪਾਸੇ ਰੱਖਦਿਆਂ ਕਿਹਾ,

"ਨਾਂ ਕੀ ਰੱਖਿਆ ਏ ਕਿਤਾਬ ਦਾ?"

"ਨਾਂ ਤਾਂ ਹਾਲੇ ਰੱਖਣਾ ਏਂ, ਤੁਸੀਂ ਕੋਈ ਸੁਜੈਸਟ ਕਰੋ।"

"ਦੇਖਲੈ, ਜਿਹੜੀ ਕਹਾਣੀ ਤੈਨੂੰ ਜ਼ਿਆਦਾ ਪਸੰਦ ਏ, ਉਹੋ ਰੱਖ ਲੈ, ਮਿਸਾਲ ਦੇ ਤੌਰ 'ਤੇ ਤੇਰੀ ਕਹਾਣੀ 'ਦੇਸੀ ਖ਼ੂਨ' ਨਵਾਂ ਸੁਆਲ ਉਠਾਉਂਦੀ ਏ।"

"ਚਲੋ ਠੀਕ ਏ ਜੀ, ਕਿਤਾਬ ਦਾ ਨਾਂ ਹੋਇਆ; ਦੇਸੀ ਖ਼ੂਨ।"

"ਠੀਕ ਮੈਂ ਇਹਨੂੰ ਪੜ੍ਹ ਕੇ ਇਹਦੀ ਭੂਮਿਕਾ ਲਿਖਾਂਗਾ।"

ਉਸ ਨੇ ਖਰੜਾ ਇਕ ਪਾਸੇ ਰੱਖਿਆ ਤੇ ਕੁਝ ਹੋਰ ਕਾਗਜ਼ ਚੁੱਕ ਲਏ ਤੇ ਆਖਣ ਲੱਗਿਆ,

"ਮੈਂ ਨੌਸਟੈਲਜੀਏ 'ਤੇ ਕੰਮ ਕੀਤਾ, ਓਦਣ ਫੰਕਸ਼ਨ ਵਿੱਚ ਅਲਬੇਲੇ ਨੇ ਮੈਨੂੰ ਚੈਲੰਜ ਕੀਤਾ ਸੀ ਕਿ ਨੌਸਟੈਲਜੀਏ ਦਾ ਪੰਜਾਬੀ ਵਿੱਚ ਸ਼ਬਦ ਦੱਸਾਂ, ਤੇਰੇ ਭਰਾ ਨੂੰ ਚੈਲੰਜ ਬਹੁਤ ਪਸੰਦ ਨੇ, ਮੈਂ ਇਹਦਾ ਸ਼ਬਦ ਘੜਿਆ ਏ, ਆਹ ਵੀਹ ਸਫੇ ਦਾ ਆਰਟੀਕਲ ਏ ਇਸ 'ਤੇ, ਇਹਨੂੰ ਪੜ੍ਹ ਕੇ ਲੋਕ ਸੁੰਨ ਨਾ ਹੋਏ ਤਾਂ ਮੈਨੂੰ ਕੁੰਦਨ ਕਿਹਨੇ ਕਿਹਣੈ!"

ਜੋਗੇਂਦਰ ਬਿਨਾਂ ਕੁਝ ਕਹੇ ਸਿਰ ਮਾਰਦਾ ਰਿਹਾ। ਕੁੰਦਨ ਨੇ ਸਿਰਗਟ ਸੁਲਘਾਈ, ਦੋ ਕੱਸ਼ ਖਿੱਚੇ ਤੇ ਸਿਗਰਟ ਦੇ ਸੁਲਘਦੇ ਫੁੱਲ ਨੂੰ ਕੈਂਚੀ ਨਾਲ ਕੱਟ ਕੇ ਸਿਗਰਟ ਐਸ਼ ਟਰੇ ਵਿੱਚ ਰੱਖ ਦਿਤੀ। ਉਸ ਨੇ ਕਹਿਣਾ ਸ਼ੁਰੂ ਕੀਤਾ,

"ਮੋਟੇ ਤੌਰ 'ਤੇ ਮੈਂ ਦਸਦਾਂ ਕਿ ਨੌਸਟੈਲਜੀਆ ਦੋ ਅੱਖਰਾਂ ਤੋਂ ਬਣਿਆਂ ਏ, ਨੌਸਟਾ ਜਮਾਂ ਏਲਜੀਆ। ਨੌਸਟਾ ਮੀਨਜ਼ ਅਤੀਤ ਵਲ ਨੂੰ, ਏਲਜੀਆ ਮੀਨਜ਼ ਹੇਰਵਾ। ਜੇ ਏਸ ਦਾ ਸਿਧਾ ਉਲਥਾ ਕਰੀਏ ਤਾਂ ਬਣੇਗਾ ਅਤੀਤ ਦਾ ਹੇਰਵਾ। ਪਰ ਇਹ ਦੋਵੇਂ ਲਫਜ਼ ਮਜ਼ਬੂਤ ਹੋਣ ਕਰਕੇ ਆਪਣਾ ਆਪਣਾ ਵਜੂਦ ਨਹੀਂ ਛੱਡਣਗੇ ਸੋ ਇਹਨਾਂ ਨੂੰ ਇਕੱਠੇ ਵਰਤਣਾ ਸਹੀ ਨਹੀਂ ਹੋਵੇਗਾ, ਮੈਂ ਲੱਭਦੇ ਲੱਭਦੇ ਨੇ ਇਸ ਦਾ ਬਦਲ ਭੂਤਕਾਲ ਦਾ ਹੇਰਵਾ ਬਣਾਇਆ ਤੇ ਫਿਰ ਇਸ ਤੋਂ ਦੋ ਲਫਜ਼ਾਂ ਨੂੰ ਇਕ ਮਿਕ ਕਰਨ ਲਈ 'ਭੂਹੇਰਵਾ' ਜਾਣੀ ਕਿ ਭੂਤਕਾਲ ਦਾ ਹੇਰਵਾ।"

"ਬਹੁਤ ਖੂਬ, ਬਹੁਤ ਢੁਕਵਾਂ ਸ਼ਬਦ ਐ।"

"ਤੂੰ ਹਾਲੇ ਮੇਰਾ ਪੂਰਾ ਲੇਖ ਸੁਣ। ਤੂੰ ਦੇਖੇਂਗਾ ਕਿ ਤੇਰੇ ਭਰਾ ਨੇ ਏਸ ਲੇਖ 'ਤੇ ਕਿੰਨੀ ਮਿਹਨਤ ਕੀਤੀ ਏ, ਮੈਂ ਕਿੰਨੀਆਂ ਕਿਤਾਬਾਂ ਪੜ੍ਹੀਆਂ ਨੇ, ਮੇਰੇ ਕੋਲ ਆਹ ਸਾਲ਼ਾ ਬੈਹੜਿਆਂ ਦਾ ਸਿਰ ਏ, ਅਲਬੇਲੇ ਵਾਂਗੂੰ ਹਦਵਾਣਾ ਨਹੀਂ!"

ਆਖਦਾ ਉਹ ਹੱਸਿਆ ਤੇ ਆਪਣਾ ਲੇਖ ਪੜ੍ਹਨ ਲੱਗਿਆ। ਲੰਮਾ ਲੇਖ ਸੀ। ਜੋਗੇਂਦਰ ਧਿਆਨ ਨਾਲ ਸੁਣਨ ਦਾ ਬਹਾਨਾ ਕਰਦਾ ਨੀਂਦ ਤੋਂ ਬਚਣ ਦੀ ਵੀ ਕੋਸ਼ਿਸ਼ ਕਰਦਾ ਰਿਹਾ। ਆਪਣੇ ਲੇਖ ਦੁਰਮਿਆਨ ਕੁੰਦਨ ਨੇ ਦੋ ਵਾਰ ਸਿਗਰਟ ਦੇ ਦੋ ਦੋ ਕੱਸ਼ ਲਏ, ਆਪਣੀ ਆਦਤ ਮੁਤਾਬਕ ਕੱਸ਼ ਲੈ ਕੇ ਸਿਗਰਟ ਦਾ ਜਲਦਾ ਹੋਇਆ ਫੁੱਲ ਕੈਂਚੀ ਨਾਲ ਕੱਟ ਦਿੰਦਾ। ਇਸ ਤਰ੍ਹਾਂ ਉਹ ਇਕ ਸਿਗਰਟ ਨੂੰ ਕਈ ਵਾਰ ਪੀ ਲੈਂਦਾ। ਪਰਚਾ ਸੁਣਾਉਂਦਾ ਉਹ ਕਈ ਵਾਰ ਰੁਕਦਾ ਤੇ ਵਰਤੀ ਹੋਈ ਕਿਸੇ ਟੂਕ ਬਾਰੇ ਗੱਲ ਕਰਦਾ ਕਿ ਉਸ ਨੇ ਕਿਥੋਂ ਲਈ ਹੈ, ਇਸ ਟੂਕ ਨੂੰ ਲੈ ਸਕਣ ਦੀ ਆਪਣੀ ਕੂਵਤ ਬਾਰੇ ਗੱਲ ਕਰਦਾ ਤੇ ਅਗੇ ਤੁਰ ਪੈਂਦਾ। ਲੇਖ ਨੂੰ ਮੁਕਾ ਕੇ ਕਹਿਣ ਲੱਗਿਆ,

"ਦੇਖੀਂ ਇਹ ਲੇਖ ਸਭ ਦੀ ਪਾੜ ਕੇ ਗਲ਼ ਵਿੱਚ ਪਾ ਦੇਊ।"

"ਤੁਹਾਡਾ ਤਾਂ ਪਰਵਾਸੀ ਸਾਹਿਤ ਦੀ ਪ੍ਰੀਭਾਸ਼ਾ ਵਾਲਾ ਲੇਖ ਵੀ ਬਹੁਤ ਸਲ਼ਹਿਆ ਗਿਆ ਸੀ।"

"ਇਹ ਵੀ ਓਨਾ ਈ ਸਲਾਹਿਆ ਜਾਊ, ਏਹ ਕੰਮ ਸਿਰਫ ਤੇਰਾ ਭਰਾ ਈ ਕਰ ਸਕਦਾ, ਪੂਰੇ ਇੰਗਲੈਂਡ ਤੇ ਇੰਡੀਆ ਵਿੱਚ ਵੀ ਹੋਰ ਕਿਸੇ ਦੀ ਏਨੀ ਸਮਰਥਾ ਨਹੀਂ ਜੇ।"

"ਇਹ ਤਾਂ ਠੀਕ ਐ, ਜਿਵੇਂ ਕਹਿੰਦੇ ਹੁੰਦੇ ਆ ਕਿ ਲੋੜ ਕਾਢ ਦੀ ਮਾਂ ਹੁੰਦੀ ਐ, ਪਹਿਲਾਂ ਕਿਸੇ ਨੂੰ ਏਸ ਲਫਜ਼ ਦੀ ਲੋੜ ਹੀ ਨਹੀਂ ਪਈ।"

"ਲੋੜ ਤਾਂ ਪਈ ਹੋਏਗੀ ਪਰ ਸਾਲ਼ਾ ਬੈਹੜਿਆਂ ਦਾ ਸਿਰ ਵੀ ਹੋਵੇ ਕਿਸੇ ਕੋਲ਼।"

ਜੋਗੇਂਦਰ ਉਸ ਦੀਆਂ ਗੱਲਾਂ ਸੁਣਦਾ ਜਾ ਰਿਹਾ ਸੀ। ਕੁੰਦਨ ਦੱਸਦਾ ਗਿਆ,

"ਅਸਲ ਵਿੱਚ ਮੇਰੀ ਜ਼ਿੰਦਗੀ ਚੈਲੰਜਾਂ ਨਾਲ ਭਰੀ ਪਈ ਏ, ਮੈਂ ਤੈਨੂੰ ਆਪਣੇ ਅਨਾਥ ਬਚਪੱਨ ਬਾਰੇ ਤਾਂ ਦੱਸਿਆ ਹੀ ਸੀ, ਮਾਂਪਿਓ ਦਾ ਸਿਰ 'ਤੇ ਸਾਇਆ ਨਾ ਹੋਣ ਕਰਕੇ ਮੈਨੂੰ ਪੈਰ ਪੈਰ 'ਤੇ ਚੈਲੰਜਾਂ ਵਿੱਚ ਦੀ ਲੰਘਣਾ ਪਿਆ ਏ, ...ਤੇ ਜੇਠੂ ਨੇ ਹਰ ਚੈਲੰਜ ਕਬੂਲ ਕੀਤਾ ਏ ਤੇ ਕਾਮਯਾਬ ਹੋਇਆ ਏ, ਨਹੀਂ ਤਾਂ ਇਕ ਅਨਾਥ ਦਾ ਏਥੇ ਤਕ ਪੁੱਜਣਾ ਕੋਈ ਸਾਧਾਰਣ ਗੱਲ ਨਹੀਂ!"

"ਇਹ ਤਾਂ ਹੈ ਜੀ।"

"ਅਲਬੇਲੇ ਨੇ ਮੈਨੂੰ ਚੈਲੰਜ ਦਿਤਾ ਤੇ ਮੈਨੂੰ ਕੰਮ ਕਰਨ ਦਾ ਮਜ਼ਾ ਆਉਣ ਲੱਗ ਪਿਆ। ਡਾਕਟਰ ਹਰੀ ਸਿੰਘ ਚੈਲੰਜ ਦੇ ਕੇ ਗਿਆ ਸੀ ਕਿ ਪਰਵਾਸੀ ਸਾਹਿਤ ਬਾਰੇ ਮੈਂ ਗੱਲ ਕਰਾਂ ਤਾਂ ਮੈਨੂੰ ਚੰਗਾ ਲਗਿਆ ਸੀ, ਦੇਖ ਹੁਣ ਸਾਰੇ ਮੇਰੇ ਮਗਰ ਮਗਰ ਤੁਰੇ ਫਿਰਦੇ ਆ ਕਿ ਮੇਰੇ 'ਤੇ ਲਿਖ, ਮੇਰੇ 'ਤੇ ਲਿਖ, ਮੈਂ ਇਹਨਾਂ ਸਾਲ਼ਿਆਂ ਬੈਹੜਿਆਂ ਦਿਆਂ ਨੂੰ ਘੰਟੇ 'ਤੇ ਨਈਂ ਮਾਰਦਾ!"

ਉਸ ਨੇ ਇਕ ਹੋਰ ਸਿਗਰਟ ਸੁਲਘਾਈ ਤੇ ਪੁੱਛਣ ਲੱਗਿਆ,

"ਤੇਰਾ ਵਿਆਹ ਜੱਟਾਂ ਦੇ ਈ ਹੋਇਆ ਏ ਨਾ?"

"ਹੋਰ ਕੀ, ...ਲਵ ਮੈਰਿਜ ਕਰਾਉਣ ਦੀ ਤਾਂ ਮੇਰੇ 'ਚ ਹਿੰਮਤ ਨਹੀਂ!"

ਆਖਦਾ ਜਗੇਂਦਰ ਹੱਸਿਆ।

ਕੁਝ ਦੇਰ ਹੋਰ ਬੈਠ ਕੇ ਜੋਗੇਂਦਰ ਤੇ ਉਸ ਦੀ ਪਤਨੀ ਨੇ ਉਹਨਾਂ ਤੋਂ ਛੁੱਟੀ ਲੈ ਲਈ। ਕੁੰਦਨ ਤੇ ਮਨਜੀਤ ਉਹਨਾਂ ਨੂੰ ਬੂਹੇ ਤਕ ਛੱਡਣ ਗਏ। ਜਦ ਉਹ ਤੁਰ ਗਏ ਤਾਂ ਮਨਜੀਤ ਬੋਲੀ,

"ਇਹ ਕੁੜੀ ਤਾਂ ਬਹੁਤ ਬੀਬੀ ਏ, ਕਿਥੇ ਉਹ ਛਿੱਟ ਗੋਲਡੀ ਤੇ ਕਿਥੇ ਇਹ ਸ਼ਰੀਫ ਕੁੜੀ!"

ਕੁੰਦਨ ਪਤਨੀ ਵੱਲ ਦੇਖਦਾ ਰਿਹਾ ਪਰ ਮੂੰਹੋ ਕੁਝ ਨਾ ਬੋਲਿਆ। ਮਨਜੀਤ ਇਕ ਪਲ ਲਈ ਰੁਕੀ ਤੇ ਫਿਰ ਬੋਲੀ,

"ਕੱਲ ਨਾਲ ਦੇ ਘਰ ਵਾਲੇ ਖੁਰਮੇ ਦੀ ਵਾਈਫ ਦਸਦੀ ਸੀ ਕਿ ਗੋਲਡੀ ਤਾਂ ਬਲਿਊ ਫਿਲਮਾਂ 'ਚ ਕੰਮ ਕਰਨ ਲੱਗ ਪਈ ਏ।"

ਮਨਜੀਤ ਕੋਰ ਇੰਨਾ ਕਹਿ ਕੇ ਦੂਜੇ ਕਮਰੇ ਵਲ ਤੁਰ ਪਈ। ਉਸ ਦੀ ਜੇ ਆਪਣੀ ਕੁੜੀ ਘਰੋਂ ਨਾ ਭੱਜੀ ਹੁੰਦੀ ਤਾਂ ਉਹਨੇ ਗੋਲਡੀ ਬਾਰੇ ਬਹੁਤ ਸਾਰੇ ਬੁਰੇ ਲਫਜ਼ ਵਰਤਣੇ ਸਨ। ਉਸ ਦੇ ਜਾਣ ਤੋਂ ਬਾਅਦ ਕੁੰਦਨ ਦਿਲ ਫੜ ਕੇ ਬੈਠ ਗਿਆ ਤੇ ਕਿੰਨੀ ਦੇਰ ਤਕ ਉਵੇਂ ਹੀ ਬੈਠਾ ਰਿਹਾ। ਫਿਰ ਉਸ ਨੇ ਕਾਰ ਦੀ ਚਾਬੀ ਚੁੱਕੀ ਤੇ ਬਰੌਡਵੇਅ ਜਾਣ ਦੇ ਬਹਾਨੇ ਉਹ ਤੁਰ ਪਿਆ। ਨਜ਼ਦੀਕ ਹੀ ਪੈਂਦੇ ਪੱਬ ਗਰੇਪਸ ਵਿੱਚ ਚਲੇ ਗਿਆ। ਆਪਣਾ ਗਲਾਸ ਭਰਾ ਕੇ ਪੱਬ ਦੇ ਇਕ ਖੂੰਜੇ ਬਹਿ ਗਿਆ। ਆਮ ਤੌਰ ਤੇ ਉਹ ਬੀਅਰ ਨਹੀਂ ਸੀ ਪੀਆ ਕਰਦਾ ਪਰ ਅੱਜ ਉਹ ਬਹੁਤ ਉਦਾਸ ਸੀ। ਗੋਲਡੀ ਨੂੰ ਇਵੇਂ ਨਹੀਂ ਸੀ ਕਰਨਾ ਚਾਹੀਦਾ। ਏਨੀ ਸੁਹਣੀ ਕੁੜੀ ਬਲਿਊ ਫਿਲਮਾਂ ਵਿੱਚ ਕੰਮ ਕਰੇ ਇਹ ਬਹੁਤ ਬੁਰੀ ਗੱਲ ਸੀ। ਉਸ ਨੂੰ ਬਹੁਤ ਦੁੱਖ ਸੀ ਕਿ ਉਹ ਗੋਲਡੀ ਦੀ ਕੋਈ ਮੱਦਦ ਨਹੀਂ ਸੀ ਕਰ ਸਕਿਆ। ਮਨਜੀਤ ਕੋਰ ਉਹਦੇ ਨਾਲ ਕੁਝ ਜ਼ਿਆਦਾ ਹੀ ਸਖਤੀ ਵਰਤ ਗਈ ਸੀ। ਉਸ ਦਾ ਸੁਭਾਅ ਅਜਿਹਾ ਸੀ ਕਿ ਕਿਸੇ ਵੀ ਗੱਲ ਦਾ ਪਰਦਾ ਨਾ ਰੱਖਦਾ। ਹਰ ਗੱਲ ਕਿਸੇ ਨਾ ਕਿਸੇ ਦੋਸਤ ਨਾਲ ਸਾਂਝੀ ਕਰ ਲਿਆ ਕਰਦਾ। ਰਾਜਾ ਰਾਮ ਨਾਲ ਜਾਂ ਫਿਰ ਰਸ਼ਪਾਲ ਨਾਲ ਜਾਂ ਨਾਇਬ ਸਿੱਧੂ। ਨਾਇਬ ਸਿੱਧੂ ਭੋਗ ਪੁਰ ਤੋਂ ਸੀ। ਭੋਗ ਪੁਰ ਦੀ ਗੰਨਾ ਮਿੱਲ ਵਿੱਚ ਕੁੰਦਨ ਨੇ ਕੁਝ ਦੇਰ ਕੰਮ ਕੀਤਾ ਸੀ। ਨਾਇਬ ਸਿੱਧੂ ਹੀ ਉਸ ਦੇ ਨਾਵਲ 'ਨਵੇਂ ਨਾਤੇ' ਦਾ ਮੁੱਖ ਕਿਰਦਾਰ ਵੀ ਸੀ। ਨਾਵਲ ਵਿੱਚ ਇਸ ਕਿਰਦਾਰ ਨੂੰ ਇਹਦਾ ਜੱਟ ਦੋਸਤ ਇੰਡੀਆ ਤੋਂ ਬੁਲਾਉਂਦਾ ਹੈ। ਇਥੇ ਆ ਕੇ ਵੀ ਉਹਨਾਂ ਦਾ ਰਿਸ਼ਤਾ ਮਾਨਸਿਕ ਤੌਰ 'ਤੇ ਜੱਟ ਤੇ ਸੀਰੀ ਵਾਲਾ ਹੀ ਰਹਿੰਦਾ ਹੈ ਪਰ ਫਿਰ ਇਸ ਕਿਰਦਾਰ ਦਾ ਮੁੰਡਾ ਜੱਟ ਦੀ ਕੁੜੀ ਨੂੰ ਪਿਆਰ ਕਰਨ ਲਗਦਾ ਹੈ ਤੇ ਰਿਸ਼ਤੇ ਬਦਲਣ ਲਗਦੇ ਹਨ। ਉਸ ਦਾ ਇਹ ਨਾਵਲ ਪੜ੍ਹਨ ਵਾਲੇ ਉਸ ਦੇ ਜੱਟ ਦੋਸਤ ਕਹਿੰਦੇ ਕਿ ਉਸ ਨੇ ਆਪਣੇ ਅੰਦਰਲੇ ਕਿਸੇ ਖਲਾਅ ਨੂੰ ਪੂਰਨ ਲਈ ਇਹ ਨਾਵਲ ਲਿਖ ਮਾਰਿਆ ਹੈ। ਜੋ ਵੀ ਸੀ ਇਸ ਨਾਵਲ ਨੇ ਉਸ ਲਈ ਵਾਹਵਾ ਚਰਚਾ ਖੱਟੀ ਸੀ। ਉਹ ਨਾਇਬ ਸਿੱਧੂ ਨਾਲ ਹਰ ਗੱਲ ਕਰ ਲੈਂਦਾ ਸੀ ਪਰ ਗੋਲਡੀ ਵਾਲੀ ਗੱਲ ਨਹੀਂ ਸੀ ਕਰ ਸਕਿਆ। ਕਿਸੇ ਨਾਲ ਵੀ ਨਹੀਂ। ਕਦੇ ਕਦੇ ਉਹ ਸੋਚਣ ਲੱਗਦਾ ਕਿ ਕਾਸ਼ ਗੋਲਡੀ ਵਾਲੀ ਕਹਾਣੀ ਕਿਸੇ ਨਾਲ ਸਾਂਝੀ ਕਰ ਸਕਦਾ ਤੇ ਮਨ ਦਾ ਬੋਝ ਹਲਕਾ ਕਰ ਸਕਦਾ। ਦੋ ਗਲਾਸ ਪੀਣ ਤੋਂ ਬਾਅਦ ਉਹ ਉਥੋਂ ਉਠਿਆ ਤੇ ਨੇੜਲੀ ਵੀਡਿਓ ਦੀ ਦੁਕਾਨ 'ਤੇ ਚਲੇ ਗਿਆ। ਉਹ ਸੋਚਦਾ ਸੀ ਕਿ ਕੁਝ ਬਲਿਊ ਫਿਲਮਾਂ ਦੇਖੇ, ਸ਼ਾਇਦ ਕਿਸੇ ਵਿੱਚ ਗੋਲਡੀ ਨਜ਼ਰ ਆ ਜਾਵੇ। ਦੁਕਾਨਦਾਰ ਨੇ ਪਰਦੇ ਜਿਹੇ ਨਾਲ ਕੁਝ ਫਿਲਮਾਂ ਉਸ ਦੇ ਸਾਹਮਣੇ ਲਿਆ ਰੱਖੀਆਂ। ਅਚਾਨਕ ਉਸ ਦੇ ਮਨ ਵਿੱਚ ਆਇਆ ਕਿ ਕਿਤੇ ਪਾਇਲ ਵੀ ਇਸੇ ਪਾਸੇ ਨਾ ਤੁਰ ਗਈ ਹੋਵੇ। ਉਸ ਨੇ ਉਹ ਫਿਲਮਾਂ ਕਾਊਂਟਰ 'ਤੇ ਪਈਆਂ ਰਹਿਣ ਦਿਤੀਆਂ ਤੇ ਉਥੋਂ ਤੁਰ ਪਿਆ।

8-ਮੈਂ ਡਾਕਟਰ

ਕੁੰਦਨ ਨੇ ਐਮ. ਏ. ਤਾਂ ਡਾਕ ਰਾਹੀਂ ਕਰ ਹੀ ਲਈ ਸੀ, ਹੁਣ ਉਸ ਦਾ ਦਿਲ ਪੀ ਐਚ. ਡੀ ਕਰਨ ਨੂੰ ਕਰਨ ਲੱਗਿਆ ਸੀ। ਉਸ ਨੇ ਇਹ ਗੱਲ ਦੋਸਤਾਂ ਨਾਲ ਸਾਂਝੀ ਕਰਨੀ ਸ਼ੁਰੂ ਕਰ ਦਿਤੀ। ਇੰਡੀਆ ਦੇ ਦੋਸਤਾਂ ਤੋਂ ਵੀ ਇਸ ਬਾਰੇ ਸਲਾਹਾਂ ਪੁੱਛਣ ਲੱਗਿਆ। ਇਸ ਵਾਰ ਕੁੰਦਨ ਇੰਡੀਆ ਗਿਆ ਤਾਂ ਅੰਮ੍ਰਿਤਸਰ ਦਾ ਇਕ ਲੇਖਕ ਉਸ ਨੂੰ ਬੋਲਿਆ,

"ਦੇਖ ਕੁੰਦਨ, ਤੂੰ ਸਾਡੇ ਇਲਾਕੇ ਦਾ ਬੰਦਾ ਏਂ, ਤੈਨੂੰ ਚਾਹੀਦਾ ਏ ਕਿ ਆਪਣਾ ਗਾਈਡ ਮੈਨੂੰ ਬਣਾਵੇਂ, ਮੈਂ ਤੈਨੂੰ ਇੰਗਲੈਂਡ ਆ ਕੇ ਵੀ ਗਾਈਡ ਕਰ ਸਕਦਾਂ।"

ਕੁੰਦਨ ਨੇ ਉਸੇ ਵਕਤ ਹੀ ਮਨ ਵਿੱਚ ਕਿਹਾ ਕਿ ਇੰਗਲੈਂਡ ਜਾਣ ਦੀ ਖਾਤਰ ਇਹ ਕਹਿ ਰਿਹਾ ਹੈ। ਉਹ ਜਿਸ ਸਮਾਗਮ ਵਿੱਚ ਵੀ ਜਾਂਦਾ ਉਥੇ ਹੀ ਕਈ ਡਾਕਟਰ ਉਸ ਦਾ ਗਾਈਡ ਬਣਨ ਨੂੰ ਤਿਆਰ ਹੋ ਜਾਂਦੇ। ਦਿੱਲੀ ਆ ਕੇ ਉਸ ਨੇ ਡਾਕਟਰ ਰੌਸ਼ਨ ਨਾਲ ਗੱਲ ਕੀਤੀ ਤਾਂ ਉਹ ਆਪ ਹੀ ਉਸ ਦਾ ਗਾਈਡ ਬਣਨਾ ਚਾਹੁੰਦਾ ਸੀ। ਕੁੰਦਨ ਹੱਸਦੇ ਹੋਏ ਆਖਿਆ,

"ਦੇਖ ਰੌਸ਼ਨ, ਮੈਂ ਚਾਹੁੰਨਾ ਕਿ ਮੇਰਾ ਗਾਈਡ ਉਹ ਬਣੇ ਜਿਹਦੇ ਪੱਲੇ ਮੇਰੇ ਨਾਲੋਂ ਜ਼ਿਆਦਾ ਹੋਵੇ, ਜਿਹਦੇ ਤੋਂ ਮੈਂ ਕੁਝ ਸਿੱਖ ਸਕਾਂ।"

"ਫੇਰ ਤੂੰ ਬਾਬੇ ਨਾਨਕ ਨੂੰ ਈ ਗਾਈਡ ਬਣਾ।"

ਰੌਸ਼ਨ ਨੇ ਮਜ਼ਾਕ ਵਿੱਚ ਕਿਹਾ। ਏਨੀ ਗੱਲ 'ਤੇ ਕੁੰਦਨ ਹੁੱਬ ਗਿਆ। ਰੌਸ਼ਨ ਨਾਲ ਲੰਮੀਆਂ ਬਹਿਸਾਂ ਕਰਦਿਆਂ ਕੁੰਦਨ ਨੇ ਉਸ ਉਪਰ ਆਪਣਾ ਰੋਅਬ ਪਾਇਆ ਹੋਇਆ ਸੀ। ਰੌਸ਼ਨ ਨਾਲ ਉਸ ਦੀ ਦੋਸਤੀ ਦਿਨੋ-ਦਿਨ ਪੀਡੀ ਹੁੰਦੀ ਜਾ ਰਹੀ ਸੀ।

ਕੁੰਦਨ ਇੰਡੀਆ ਤੋਂ ਵਾਪਸ ਆਉਂਦਾ ਹੀ ਰਾਜਾ ਰਾਮ ਨੂੰ ਮਿਲਿਆ ਤੇ ਕਹਿਣ ਲੱਗਿਆ,

"ਆਪਾਂ 'ਕਲਪਨਾ' ਦਾ ਵਿਸ਼ੇਸ਼ ਅੰਕ ਕੱਢਣਾ ਏਂ, ਦੋ ਸੌ ਪੇਜ ਦਾ।"

"ਬਹੁਤ ਮਹਿੰਗਾ ਪਏਗਾ!"

"ਸਾਲ਼ਿਆ ਬੈਹੜਿਆਂ ਦਿਆ, ਮਰਦਾਂ ਤੂੰ! ...ਏਨੇ ਪੈਸੇ ਕਮਾ ਰਿਹਾਂ! ...ਵਿਸ਼ੇਸ਼ ਅੰਕ ਲਈ ਐਡ ਵੀ ਤਾਂ ਮਿਲ਼ ਜਾਣੀ ਆਂ।"

ਕੁੰਦਨ ਦੀ ਉਸ ਨਾਲ ਦੋਸਤੀ ਹੀ ਅਜਿਹੀ ਸੀ ਕਿ ਆਪਣੀ ਕੋਈ ਗੱਲ ਸਹਿਜੇ ਹੀ ਮਨਾ ਸਕਦਾ ਸੀ। ਸੋ ਉਹ ਮੰਨ ਗਿਆ। ਕੁੰਦਨ ਨੇ ਅਗੇ ਕਿਹਾ,

"ਇਹ ਅੰਕ ਮੇਰੀ ਪੀ ਐਚ. ਡੀ. ਦਾ ਹਿੱਸਾ ਬਣਨਾ ਏਂ ਏਸ ਲਈ ਮੈਂ ਇਹਦੀ ਪੂਰੀ ਰੂਪ ਰੇਖਾ ਆਪਣੇ ਮਨ ਵਿੱਚ ਬਣਾ ਲਈ ਏ। ਪਰਵਾਸੀ ਸਾਹਿਤ ਬਾਰੇ ਮੇਰੇ ਲੇਖ ਹੋਣਗੇ, ਪਰਵਾਸੀ ਕਹਾਣੀਆਂ ਹੋਣਗੀਆਂ ਤੇ ਕਹਾਣੀਕਾਰਾਂ ਨਾਲ ਇੰਟਰਵਿਊ ਵੀ। ...ਕਹਾਣੀਕਾਰਾਂ ਨੂੰ ਐਸੇ ਐਸੇ ਸਵਾਲ ਸੁਟਾਂਗਾ ਕਿ ਉਹਨਾਂ ਦੇ ਅੰਦਰ ਬਾਹਰ ਆ ਜਾਏਗਾ।"

"ਕਿੰਨੇ ਕੁ ਕਹਾਣੀਕਾਰ ਲੈਣ ਦੀ ਸੋਚ ਰਿਹੈਂ?"

"ਪੰਦਰਾਂ-ਸੋਲਾਂ।"

"ਇੰਨੇ ਕਹਾਣੀਕਾਰ ਇੰਗਲੈਂਡ ਵਿੱਚ ਹੈਗੇ ਵੀ? ...ਮੇਰਾ ਮਤਲਬ ਚੰਗੀ ਕਹਾਣੀ ਲਿਖਣ ਵਾਲੇ ਤਾਂ ਪੰਜ ਸੱਤ ਹੋਣਗੇ।"

"ਮੈਂ ਬਰਤਾਨਵੀ ਪੰਜਾਬੀ ਕਹਾਣੀ ਉਪਰ ਪੀ ਐਚ. ਡੀ. ਕਰਨੀ ਆਂ ਏਸ ਲਈ ਮਾੜੇ ਕਹਾਣੀਕਾਰਾਂ ਨੂੰ ਵੀ ਵੱਡੇ ਬਣਾ ਕੇ ਪੇਸ਼ ਕਰਨਾ ਪਏਗਾ, ...ਸਮਝ ਰਿਹਾਂ ਨਾ ਗੱਲ? ਉਹਨਾਂ ਨੂੰ ਲੱਗੇ ਕਿ ਮੈਂ ਵੱਡੇ ਕੈਨਵਸ 'ਤੇ ਕੰਮ ਕਰ ਰਿਹਾਂ।"

ਕੁੰਦਨ ਨੇ ਦੱਸਿਆ। ਰਾਜਾ ਰਾਮ ਸੋਚਣ ਲੱਗਿਆ ਕਿ ਇਵੇਂ ਤਾਂ ਪਰਚਾ ਦੋ ਸੌ ਸਫੇ ਤੋਂ ਵੀ ਵੱਡਾ ਹੋ ਜਾਵੇਗਾ। ਇਕ ਲੇਖਕ ਦੀ ਇਕ ਕਹਾਣੀ ਤੇ ਨਾਲ ਇੰਟਰਵਿਊ ਬਹੁਤ ਸਫੇ ਘੇਰ ਜਾਵੇਗੀ, ਨਾਲ ਹੀ ਕੁੰਦਨ ਦੇ ਲੇਖ ਤੇ ਸੰਪਾਦਕੀ ਵੀ ਤੇ ਮਸ਼ਹੂਰੀਆਂ ਦੇ ਸਫੇ ਵੀ ਕਾਫੀ ਹੋਣਗੇ। ਉਸ ਨੂੰ ਸੋਚਾਂ ਵਿੱਚ ਪਏ ਨੂੰ ਦੇਖ ਕੇ ਕੁੰਦਨ ਬੋਲਿਆ,

"ਘਬਰਾਈ ਕਿਉਂ ਜਾਨਾਂ! ਮੈਂ ਚੱਲਾਂਗਾ ਤੇਰੇ ਨਾਲ ਐਡ ਇਕੱਠੀਆਂ ਕਰਨ। ਮਿਡਲਸੈਕਸ ਦੇ ਇਲਾਕੇ ਵਿੱਚੋਂ ਮੈਂ ਐਡ ਲੈ ਦੇਵਾਂਗਾ, ਏਨੀ ਵਾਕਫੀ ਏ ਮੇਰੀ, ਤੂੰ ਜਾਣਦਾ ਈ ਏਂ।"

"ਕਿਹੜੇ ਕਿਹੜੇ ਕਹਾਣੀਕਾਰਾਂ ਦੀ ਇੰਟਰਵਿਊ ਲੈਣ ਬਾਰੇ ਸੋਚ ਰਿਹਾਂ?"

"ਅਜਾਦ, ਗੁਰਮੁਖ ਸੰਧੂ, ਗੁਰਦਿਆਲ ਵਿਰਕ, ਜੋਗੇਂਦਰ...।"

ਨਾਂ ਗਿਣਦਾ ਕੁੰਦਨ ਸੋਚਣ ਲਗ ਪਿਆ। ਰਾਜਾ ਰਾਮ ਕਹਿਣ ਲਗਿਆ,

"ਬਸ ਪੰਜ ਇਹ ਤੇ ਛੇਵਾਂ ਤੂੰ, ਹੋਰ ਕਿਹੜਾ ਕਹਾਣੀਕਾਰ ਐ ਇੰਗਲੈਂਡ ਵਿੱਚ!"

"ਜਿਹਦੀ ਇਕ ਵੀ ਕਿਤਾਬ ਛਪੀ ਏ, ਚਾਹੇ ਕਿੰਨੀ ਵੀ ਬਕਵਾਸ ਹੋਵੇ ਬਸ ਆਪਾਂ ਓਹਦੀ ਬੱਲੇ ਬੱਲੇ ਕਰਾ ਦੇਣੀ ਆਂ, ਗੱਲ ਸਿਰਫ ਏਨੀ ਆਂ ਕਿ ਕਹਾਣੀ ਉਪਰ ਪਰਵਾਸੀ ਚੇਤਨਾ ਤੇ ਪਰਵਾਸੀ ਸੰਵੇਦਨਾ ਫਿੱਟ ਬਹਿੰਦੀ ਹੋਵੇ।"

"ਉਹ ਤਾਂ ਜੇ ਫਿੱਟ ਨਹੀਂ ਵੀ ਬਹਿੰਦੀ ਤੂੰ ਬਹਾ ਹੀ ਦੇਣੀ ਆਂ।"

ਆਖਦਾ ਰਾਜਾ ਰਾਮ ਹੱਸਿਆ। ਫਿਰ ਉਸ ਨੂੰ ਅਚਾਨਕ ਚੇਤੇ ਆਇਆ ਤੇ ਕਹਿਣ ਲੱਗਿਆ,

"ਤੂੰ 'ਵਿਦੇਸ਼' ਵਿੱਚ ਸੰਘੇ ਦਾ ਲੇਖ ਪੜ੍ਹਿਆ?"

"ਜਿਹਦੇ ਵਿੱਚ ਉਹਨੇ ਮੇਰੇ ਸ਼ਬਦ 'ਭੁਹੇਰਵੇ' ਦਾ ਮਜ਼ਾਕ ਉਡਾਇਆ ਹੋਇਆ?"

"ਹਾਂ ਉਹੀ, ਕਹਿੰਦਾ ਇਹ ਕਿਹੜੀ ਭੂਆ ਦਾ ਹੇਰਵਾ ਹੋਇਆ!"

"ਰਾਜਾ ਰਾਮ, ਇਹ ਅਨਪੜ੍ਹ ਬੰਦੇ, ਇਹਨਾਂ ਨੂੰ ਕਿਸੇ ਗੱਲ ਦਾ ਕੀ ਪਤਾ, ਸੰਘਾ ਜੇ ਕੋਈ ਕਿਤਾਬ ਪੜ੍ਹੇ ਤਾਂ ਉਹਨੂੰ ਪਤਾ ਲਗੇ ਕਿ ਦੁਨੀਆਂ ਕਿਥੇ ਖੜੀ ਏ ਪਰ ਤੂੰ ਦੇਖਦਾ ਜਾਹ, ਮੈਂ ਏਹਨੂੰ ਵੀ ਕਹਾਣੀਕਾਰ ਬਣਾ ਕੇ ਏਹਦੇ ਕੋਲੋਂ ਹੀ ਕਹਾਵਾਂਗਾ ਕਿ ਇਹ ਕੁਝ ਨਹੀਂ ਪੜ੍ਹਦਾ, ਬਸ ਲੇਖਾਂ ਵਿੱਚ ਸਾਲ਼ਾ ਬੈਹੜਿਆਂ ਦਾ ਮਸ਼ਕਰੀਆਂ ਜਿਹੀਆਂ ਕਰੀ ਜਾਂਦਾ।"

ਕੁੰਦਨ ਨੇ ਕਚੀਚੀ ਵੱਟਦਿਆਂ ਕਿਹਾ।...

ਰਾਜਾ ਰਾਮ ਉਸੇ ਦਿਨ ਤੋਂ ਹੀ ਕਲਪਨਾ ਦੇ ਵਿਸ਼ੇਸ਼ ਅੰਕ ਦੀ ਤਿਆਰੀ ਵਿੱਚ ਰੁੱਝ ਗਿਆ। ਉਸ ਨੂੰ ਇਹ ਵੀ ਚਾਅ ਸੀ ਕਿ ਕੁੰਦਨ ਸਿੰਘ ਦੇ ਨਾਲ ਨਾਲ ਉਸ ਨੂੰ ਵੀ ਫਾਇਦਾ ਹੋਣਾ ਸੀ। ਜਦੋਂ ਤੋਂ ਉਸ ਨੇ ਕਲਪਨਾ ਕੱਢਣਾ ਸ਼ੁਰੂ ਕੀਤਾ ਸੀ, ਉਸ ਦਾ ਵਿਸ਼ੇਸ਼ ਰੋਅਬ ਜਿਹਾ ਬਣਿਆਂ ਹੋਇਆ ਸੀ। ਸੰਪਾਦਕ ਨੂੰ ਲਿਖੀਆਂ ਚਿੱਠੀਆਂ ਵਿੱਚ ਉਸ ਦੀਆਂ ਤਾਰੀਫਾਂ ਦੇ ਪੁੱਲ ਬੰਨੇ ਹੋਏ ਹੁੰਦੇ। ਹਰ ਲੇਖਕ ਕਲਪਨਾ ਵਿੱਚ ਛਪਣਾ ਚਾਹੁੰਦਾ, ਇਸ ਲਈ ਜੀ-ਹਜ਼ੂਰੀ ਵਾਲੀ ਚਿੱਠੀ ਲਿਖਦਾ। ਹਰ ਸਾਹਿਤਕ ਸਮਾਗਮ ਵਿੱਚ ਉਸ ਨੂੰ ਪਰਧਾਨਗੀ ਦੀ ਕੁਰਸੀ ਮਿਲਦੀ, ਉਸ ਦੀ ਗਜ਼ਲ ਲਈ ਖਾਸ ਦਾਦ ਮਿਲਦੀ, ਹਾਲਾਂਕਿ ਉਸ ਨੇ ਗਜ਼ਲ ਵਿੱਚ ਅੰਗਰੇਜ਼ੀ ਦੇ ਵੀ ਕਈ ਸ਼ਬਦ ਵਰਤੇ ਹੋਏ ਹੁੰਦੇ।

ਕੁੰਦਨ ਮੁੜ ਇੰਡੀਆ ਜਾਣ ਦੀ ਤਿਆਰੀ ਕਰ ਰਿਹਾ ਸੀ। ਇਕ ਤਾਂ ਉਸ ਨੇ ਪੀ ਐਚ. ਡੀ. ਲਈ ਆਪਣਾ ਨਾਂ ਤੇ ਵਿਸ਼ਾ ਮਨਜ਼ੂਰ ਕਰਾਉਣਾ ਸੀ, ਗਾਈਡ ਵੀ ਚੁਣਨਾ ਸੀ, ਅਗੋਂ ਗਾਈਡ ਨੂੰ ਵੀ ਸਭ ਮਨਜ਼ੂਰ ਹੋਣਾ ਚਾਹੀਦਾ ਸੀ। ਇਹਨਾਂ ਦਿਨਾਂ ਵਿੱਚ ਹੀ ਈਸਟ ਲੰਡਨ ਦੀ ਲਿਖਾਰੀ ਸਭਾ ਨੇ ਡਾਕਟਰ ਜਰਨੈਲ ਸਿੰਘ ਮਹਿਰੋਕ ਨੂੰ ਇਕ ਸਮਾਗਮ ਵਿੱਚ ਭਾਗ ਲੈਣ ਲਈ ਇੰਡੀਆ ਤੋਂ ਸੱਦਿਆ ਹੋਇਆ ਸੀ। ਉਸ ਦਾ ਨਾਂ ਸੁਣਦਿਆਂ ਹੀ ਕੁੰਦਨ ਦੇ ਮਨ ਦੀਆਂ ਘੰਟੀਆਂ ਖੜਕ ਗਈਆਂ ਕਿ ਕਿਉਂ ਨਾ ਉਸ ਨੂੰ ਹੀ ਆਪਣਾ ਗਾਈਡ ਬਣਾਵਾਂ। ਇਕ ਤਾਂ ਉਹ ਸ਼ਰੀਫ ਜਿਹਾ ਬੰਦਾ ਸੀ ਤੇ ਦੂਜਾ ਬਰਾਦਰੀ ਵੀ ਉਸੇ ਦੀ ਦਾ ਹੀ ਸੀ, ਪਿੱਛੋਂ ਇਲਾਕਾ ਵੀ ਅੰਮ੍ਰਿਤਸਰ। ਜਰਨੈਲ ਸਿੰਘ ਮਹਿਰੋਕ ਆ ਕੇ ਠਹਿਰਿਆ ਵੀ ਰਾਜਾ ਰਾਮ ਦੇ ਘਰ ਹੀ ਸੀ। ਕੁੰਦਨ ਉਸੇ ਵੇਲੇ ਹੀ ਉਸ ਨੂੰ ਮਿਲਣ ਚਲੇ ਗਿਆ। ਜਰਨੈਲ ਸਿੰਘ ਮਹਿਰੋਕ ਨੇ ਉਸ ਦੇ ਲੇਖ ਪੜ੍ਹੇ ਹੋਏ ਸਨ ਤੇ ਨਾਵਲ ਵੀ। ਉਹ ਕੁੰਦਨ ਤੋਂ ਬਹੁਤ ਪ੍ਰਭਾਵਿਤ ਸੀ। ਉਹ ਉਸ ਨੂੰ ਆਪਣਾ ਵਿਦਿਆਰਥੀ ਬਣਾਉਣ ਲਈ ਇਕ ਦਮ ਤਿਆਰ ਹੋ ਗਿਆ। ਕੁੰਦਨ ਪੂਰੇ ਆਤਮ-ਵਿਸ਼ਵਾਸ ਨਾਲ ਬੋਲਿਆ,

"ਡਾਕਟਰ ਸਾਹਿਬ, ਮੇਰਾ ਕੰਮ ਤਾਂ ਸਾਰਾ ਕੀਤਾ ਹੋਇਆ ਏ, ਬਸ ਹੁਣ ਤਾਂ ਡਿਗਰੀ ਈ ਲੈਣੀ ਏਂ।"

ਜਰਨੈਲ ਸਿੰਘ ਮਹਿਰੋਕ ਨੂੰ ਇਹ ਗੱਲ ਜ਼ਰਾ ਕੁ ਬੁਰੀ ਲੱਗੀ। ਉਸ ਨੇ ਕਿਹਾ,

"ਕੁੰਦਨ ਜੀ, ਡਿਗਰੀ ਲੈਣ ਲਈ ਸਾਰੇ ਰੂਲਜ਼ ਐਂਡ ਰੈਗੂਲੇਸ਼ਨ ਪੂਰੇ ਕਰਨੇ ਪੈਣਗੇ।"

"ਡਾਕਟਰ ਸਾਹਿਬ, ਤੁਸੀਂ ਦੇਖ ਲਓ, ਥੀਸਸ ਤਾਂ ਮੇਰਾ ਲਗ ਭੱਗ ਤਿਆਰ ਪਿਆ ਏ, ਬਸ ਸਬਮੈੱਟ ਈ ਕਰਨਾ ਏਂ।"

"ਕੁੰਦਨ ਜੀ, ਤਿੰਨ ਸਾਲ ਦਾ ਸਮਾਂ ਹੁੰਦਾ ਏ, ਤੁਸੀਂ ਇੰਡੀਆ ਆਓ, ਪਹਿਲਾਂ ਆਪਾਂ ਸਬਜੈਕਟ ਮਨਜ਼ੂਰ ਕਰਵਾਵਾਂਗੇ, ਆਸ ਏ ਕਿ ਜਿਵੇਂ ਤੁਸੀਂ ਕਹਿੰਦੇ ਓ, ਬਰਤਾਨਵੀ ਪੰਜਾਬੀ ਕਹਾਣੀ ਉਪਰ ਪੀ ਐਚ. ਡੀ. ਕਰਨ ਦੀ ਇਜਾਜ਼ਤ ਮਿਲ ਜਾਏਗੀ। ਫਿਰ ਅਧਿਐਨ ਸ਼ੁਰੂ ਹੋਵੇਗਾ।"

ਜਰਨੈਲ ਸਿੰਘ ਮਹਿਰੋਕ ਵਿੱਚੋਂ ਇਕ ਅਧਿਆਪਕ ਬੋਲਿਆ ਪਰ ਕੁੰਦਨ ਨੂੰ ਉਸ ਦਾ ਇਹ ਅੰਦਾਜ਼ ਚੰਗਾ ਨਹੀਂ ਸੀ ਲੱਗ ਰਿਹਾ। ਹੁਣ ਲੋਕ ਉਸ ਦੀ ਗੱਲ ਸੁਣਦੇ ਸਨ, ਉਸ ਨੂੰ ਦੱਸਦੇ ਨਹੀਂ। ਜਦੋਂ ਤੋਂ ਉਸ ਨੇ ਪੀ ਐਚ. ਡੀ. ਕਰਨ ਦਾ ਸੋਚਿਆ ਸੀ ਤਾਂ ਉਸ ਦਾ ਮਨ ਕਰਦਾ ਸੀ ਕਿ ਕੱਲ ਨੂੰ ਹੀ ਡਿਗਰੀ ਉਸ ਦੇ ਹੱਥ ਆ ਜਾਵੇ। ਉਸ ਨੇ ਦਿੱਲੀ ਨੂੰ ਰੌਸ਼ਨ ਨੂੰ ਫੋਨ ਕੀਤਾ ਤੇ ਪੁੱਛਿਆ,

"ਇਹ ਯਾਰ ਕੋਈ ਸ਼ੌਰਟ ਕੱਟ ਨਹੀਂ ਪੀ ਐਚ. ਡੀ. ਕਰਨ ਦਾ?"

"ਕੁੰਦਨ ਸਾਹਿਬ, ਤੁਸੀਂ ਡਿਗਰੀ ਕਰਨੀ ਏਂ ਕਿ ਦੁਕਾਨ ਤੋਂ ਜਲੇਬੀਆਂ ਖਰੀਦਣੀਆਂ!"

ਰੌਸ਼ਨ ਨੇ ਹੱਸਦਿਆਂ ਕਿਹਾ। ਕੁੰਦਨ ਨੂੰ ਮਜ਼ਾਕ ਨਹੀਂ ਸੀ ਸੁਝ ਰਿਹਾ, ਉਸ ਦਾ ਤਾਂ ਮਨ ਕਾਹਲਾ ਪੈ ਰਿਹਾ ਸੀ। ਉਸ ਨੇ ਕਿਹਾ,

"ਮੇਰਾ ਏਨਾ ਕੰਮ ਏਂ ਯਾਰ, ਐਡੇ ਐਡੇ ਲੇਖ ਲਿਖੇ, ਪੀ ਐਚ. ਡੀ. ਦੇ ਥੀਸਸ ਤੋਂ ਵੱਡੇ ਵੱਡੇ ਤਾਂ ਮੇਰੇ ਲੇਖ ਨੇ।"

"ਕੁੰਦਨ ਸਾਹਿਬ, ਜਿਹੜਾ ਵਕਤ ਲੱਗਣਾ ਏਂ ਉਹ ਤਾਂ ਲਾਉਣਾ ਈ ਪੈਣਾ ਏਂ, ਤੁਸੀਂ ਜਿੰਨੀ ਜਲਦੀ ਹੋ ਸਕੇ ਸਬਜੈਕਟ ਰਜਿਸਟਰ ਕਰਾਓ, ਹੋਰ ਨਹੀਂ ਤਾਂ ਏਥੇ ਦਿੱਲੀ ਆ ਜਾਓ।"

"ਮੈਂ ਜਰਨੈਲ ਸਿੰਘ ਮਹਿਰੋਕ ਨੂੰ ਆਪਣਾ ਗਾਈਡ ਬਣਾਉਣ ਦਾ ਫੈਸਲਾ ਕਰ ਲਿਆ ਏ, ਉਹ ਵੀ ਤਿਆਰ ਏ।"

"ਮਹਿਰੋਕ ਰੁੱਖਾ ਜਿਹਾ ਬੰਦਾ ਏ। ਹਾਂ, ਤੁਹਾਨੂੰ ਸ਼ੌਰਟ ਕੱਟ ਜ਼ਰੂਰ ਸਮਝਾ ਦੇਵੇਗਾ।"

ਰੌਸ਼ਨ ਨੇ ਵਿਅੰਗ ਖਿੱਚਦਿਆਂ ਹੋਇਆਂ ਕਿਹਾ।...

ਆਪਣੇ ਇੰਡੀਆ ਜਾਣ ਬਾਰੇ ਜਦ ਉਸ ਨੇ ਮਨਜੀਤ ਨਾਲ ਗੱਲ ਕੀਤੀ ਤਾਂ ਉਹ ਇਕ ਦਮ ਖਿਝਦੀ ਹੋਈ ਬੋਲੀ,

"ਕੁੰਦਨ, ਤੈਨੂੰ ਆਪਣੇ ਬਾਜੇ ਬਜਾਉਣ ਦੀ ਈ ਪਈ ਰਹਿੰਦੀ ਐ, ਕਦੇ ਕੁੜੀ ਬਾਰੇ ਵੀ ਸੋਚਿਆ?"

ਮਨਜੀਤ ਏਨਾ ਰੁੱਖਾ ਬੋਲੀ ਕਿ ਕੁੰਦਨ ਗੁੱਸੇ ਵਿੱਚ ਆ ਗਿਆ। ਉਸ ਨੇ ਆਖਿਆ,

"ਇਕ ਤਾਂ ਤੈਨੂੰ ਬੋਲਣਾ ਨਹੀਂ ਆਉਂਦਾ, ਸਾਰੀ ਦੁਨੀਆਂ ਮੈਨੂੰ ਜੀ ਜੀ ਕਰਦੀ ਏ ਪਰ ਤੂੰ ਤੂੰ-ਤੂੰ ਤੋਂ ਅਗਾਂਹ ਨਹੀਂ ਜਾਂਦੀ।"

"ਜੇ ਤੂੰ ਚੰਗਾ ਹਸਬੈਂਡ ਹੁੰਦਾ ਤਾਂ ਜ਼ਰੂਰ ਜਾਂਦੀ, ਤੈਨੂੰ ਆਪ ਪਤਾ ਤੂੰ ਕਿੱਦਾਂ ਬੋਲਦਾਂ? ...ਜਦ ਸ਼ਰਾਬੀ ਹੁੰਨਾਂ ਤਾਂ ਕਿਹੜੀ ਭਜਨ ਬੰਦਗੀ ਕਰਦਾਂ?"

ਮਨਜੀਤ ਦਾ ਗੁੱਸਾ ਵੀ ਵਧ ਰਿਹਾ ਸੀ। ਇਸ ਗੱਲੋਂ ਉਹ ਅਕਸਰ ਝਗੜ ਪੈਂਦੇ। ਕੁੰਦਨ ਚਾਹੁੰਦਾ ਕਿ ਉਹ ਉਸ ਨੂੰ 'ਜੀ' ਕਿਹਾ ਕਰੇ ਪਰ ਮਨਜੀਤ ਨਹੀਂ ਸੀ ਆਖਦੀ ਪਰ ਲੋਕਾਂ ਸਾਹਮਣੇ ਉਹ ਕੁੰਦਨ ਜੀ ਕਹਿ ਕੇ ਬੁਲਾਉਂਦੀ। ਕੁੰਦਨ ਨੇ ਅੱਗੇ ਕਿਹਾ,

"ਇਕ ਤਾਂ ਤੂੰ ਮੇਰੇ ਨਾਲ਼ ਜੈਲਸੀ ਕਰਦੀ ਏਂ, ਤੂੰ ਨਹੀਂ ਚਾਹੁੰਦੀ ਕਿ ਲੋਕ ਮੈਨੂੰ ਡਾਕਟਰ ਕੁੰਦਨ ਸਾਹਿਬ ਕਹਿਣ।"

"ਮੈਨੂੰ ਕੋਈ ਪਰਵਾਹ ਨਹੀਂ, ਤੂੰ ਡਾਕਟਰ ਛੱਡ ਕੇ ਭਾਵੇਂ ਬਰਗੇਡੀਅਰ ਕਹਾ ਪਰ ਕੁੜੀ ਬਾਰੇ ਵੀ ਸੋਚ, ਸਾਲ ਤੋਂ ਉਪਰ ਹੋ ਗਿਆ ਗਈ ਨੂੰ। ਜਿਹੜੀਆਂ ਉਹਨੇ ਤੱਦੀਆਂ ਕਰਨੀਆਂ ਸੀ ਕਰ ਲਈਆਂ, ਹੁਣ ਕਿਸੇ ਤਰ੍ਹਾਂ ਉਹਨੂੰ ਘਰ ਲੈ ਆਵੋ।"

"ਮੈਂ ਵੀ ਪਿਓ ਵਾਂ, ਮੇਰਾ ਵੀ ਦਿਲ ਕਰਦਾ ਕਿ ਕੁੜੀ ਘਰ ਆ ਜਾਵੇ ਪਰ ਹੁਣ ਉਹਦਾ ਕੁਝ ਪਤਾ ਵੀ ਹੋਵੇ।"

"ਮੈਨੂੰ ਉਹਦੇ ਨਾਲ ਪੜ੍ਹਦੀ ਅਫਰੀਣ ਕੁੜੀ ਮਿਲੀ ਸੀ, ਦੱਸਦੀ ਸੀ ਕਿ ਪਾਇਲ ਉਹਨੂੰ ਫੋਨ ਕਰਦੀ ਹੁੰਦੀ ਐ।"

"ਚੱਲ, ਆਪਾਂ ਉਹਨਾਂ ਦੇ ਘਰ ਚਲਦੇ ਆਂ ਤੇ ਪੁੱਛ ਕੇ ਦੇਖਦੇ ਆਂ। ਮੈਂ ਚਾਹੁੰਨਾ ਕਿ ਜਿਤਰਾਂ ਦੀ ਵੀ ਹੈ।"

"ਤੇ ਮੁੰਡਾ ਲੱਭ ਕੇ ਉਹਦਾ ਵਿਆਹ ਕਰ ਦੇਈਏ।"

"ਘਰ ਤਾਂ ਆਵੇ ਵਿਆਹ ਬਾਰੇ ਬਾਅਦ ਵਿੱਚ ਸੋਚਾਂਗੇ।"

ਕੁੰਦਨ ਇਕ ਵਾਰ ਫਿਰ ਧੀ ਦਾ ਫਿਕਰ ਹੋਣ ਲੱਗਿਆ। ਪਹਿਲਾਂ-ਪਹਿਲ ਉਹ ਬਹੁਤ ਤੜਫਿਆ ਸੀ। ਇਕ ਵਾਰ ਤਾਂ ਕੁੜੀ ਨੂੰ ਕੁੱਟ-ਮਾਰ ਕੇ ਵਾਪਸ ਲਿਆਉਣ ਲਈ ਵੀ ਤਿਆਰ ਹੋ ਗਿਆ ਸੀ ਪਰ ਹੁਣ ਉਸ ਨੇ ਹਾਲਾਤ ਨਾਲ ਸਮਝੌਤਾ ਕਰ ਲਿਆ ਸੀ। ਹੁਣ ਪਤਨੀ ਦੇ ਕਹਿਣ 'ਤੇ ਮਨ ਇਕ ਵਾਰ ਫਿਰ ਪਸੀਜ ਗਿਆ। ਉਹਨਾਂ ਦੀ ਰੋਡ ਦੇ ਅਖੀਰ ਵਿੱਚ ਹੀ ਅਫਰੀਕਨ ਪਰਿਵਾਰ ਰਹਿੰਦਾ ਸੀ। ਘਰ ਦਾ ਮੋਹਰੀ ਮਾਈਕਲ ਬੈਨਜ਼ੀ ਸੀ। ਪਾਇਲ ਦੀ ਇਸ ਪਰਿਵਾਰ ਵਿੱਚ ਆਉਣੀ-ਜਾਣੀ ਸੀ, ਉਹਨਾਂ ਦੀ ਕੁੜੀ ਨਸੋਰਾ ਉਸ ਦੀ ਜਮਾਤਣ ਹੋਣ ਕਰਕੇ। ਕੁੰਦਨ ਵੀ ਇਕ ਦੋ ਵਾਰ ਉਸ ਦੇ ਪਿਓ ਮਾਈਕਲ ਬੈਨਜ਼ੀ ਨੂੰ ਮਿਲ ਚੁੱਕਿਆ ਸੀ। ਉਹ ਪਤੀ-ਪਤਨੀ ਦੋਵੇਂ ਉਠ ਕੇ ਤੁਰ ਪਏ। ਨਸੋਰਾ ਘਰ ਹੀ ਸੀ। ਕੁੰਦਨ ਨੇ ਨਸੋਰਾ ਨੂੰ ਪੁੱਛਿਆ,

"ਤੇਰੇ ਪਾਸ ਪਾਇਲ ਦਾ ਫੋਨ ਨੰਬਰ ਹੈ ਵੇ?"

"ਨਹੀਂ, ਮੇਰੇ ਕੋਲ਼ ਨਹੀਂ, ਮੈਨੂੰ ਤਾਂ ਉਹਨੇ ਈ ਕੀਤਾ ਸੀ।"

"ਉਹਨੂੰ ਕਹਿ ਕਿ ਉਹਦੀ ਮੰਮੀ ਬਿਮਾਰ ਏ, ਘਰ ਨੂੰ ਆ ਜਾਵੇ। ...ਇਹ ਉਹਦੀ ਜ਼ਿੰਦਗੀ ਏ, ਜੋ ਮਰਜ਼ੀ ਕਰੇ, ਅਸੀਂ ਕੁਝ ਨਹੀਂ ਕਹਿੰਦੇ, ...ਘੱਟੋ ਘੱਟ ਆਪਣੀ ਮਾਂ ਨੂੰ ਫੋਨ ਤਾਂ ਕਰ ਲਵੇ।"

ਕੁਝ ਦਿਨਾਂ ਬਾਅਦ ਪਾਇਲ ਦਾ ਫੋਨ ਆ ਗਿਆ। ਮਨਜੀਤ ਉਸ ਦੀ ਆਵਾਜ਼ ਸੁਣ ਕੇ ਧਾਹਾਂ ਮਾਰਦੀ ਰੋਣ ਲੱਗੀ। ਉਸ ਤੋਂ ਗੱਲ ਨਹੀਂ ਸੀ ਕੀਤੀ ਜਾਂਦੀ। ਕੁੰਦਨ ਨੇ ਦਿਲ ਸਖਤ ਰੱਖਿਆ ਤੇ ਫੋਨ ਫੜ ਕੇ ਬੋਲਿਆ,

"ਪਾਇਲ, ਤੂੰ ਬਥੇਰੀ ਐਸ਼ ਕਰ ਲਈ, ਹੁਣ ਘਰ ਨੂੰ ਆ ਜਾ, ਆ ਕੇ ਆਪਣੀ ਪੜ੍ਹਾਈ ਦੁਬਾਰਾ ਸ਼ੁਰੂ ਕਰ ਜਾਂ ਕੋਈ ਕੋਰਸ ਕਰ ਲੈ।"

"ਡੈਡ, ਯੂ ਵਿਲ ਗੈੱਟ ਕਰੇਜ਼ੀ!"

"ਨਹੀਂ ਪਾਇਲ, ਪਰੌਮਿਜ਼, ਮੈਂ ਕੁਝ ਨਹੀਂ ਕਹਿੰਦਾ, ਤੂੰ ਘਰ ਆ ਜਾ।"

ਹਫਤੇ ਕੁ ਬਾਅਦ ਪਾਇਲ ਘਰ ਆ ਗਈ। ਕੁੰਦਨ ਬਹੁਤ ਖਫਾ ਸੀ ਪਰ ਉਹ ਚੁੱਪ ਰਿਹਾ ਕਿ ਸ਼ਾਇਦ ਕੁੜੀ ਮੁੜ ਸਹੀ ਰਸਤੇ ਆ ਜਾਵੇ। ਉਸ ਨੇ ਉਸ ਨੂੰ ਕੁਝ ਨਾ ਪੁੱਛਿਆ ਕਿ ਕਿਥੇ ਗਈ ਸੀ, ਕਿਸ ਨਾਲ ਗਈ ਸੀ। ਮਨਜੀਤ ਨੇ ਵੀ ਸ਼ੁਕਰ ਮਨਾਇਆ। ਪਾਇਲ ਇਕ ਦਮ ਬਦਲ ਗਈ ਹੋਈ ਸੀ। ਪੰਜਾਬੀ ਕੁੜੀਆਂ ਵਾਲੀ ਸੰਗ-ਸ਼ਰਮ ਉਸ ਨੇ ਲਾਹ ਸੁੱਟੀ ਸੀ। ਉਹ ਹੁਣ ਸ਼ਰੇਆਮ ਸਿਗਰਟਾਂ ਪੀਂਦੀ। ਮਨਜੀਤ ਰੋਕਣ ਦੀ ਕੋਸ਼ਿਸ਼ ਕਰਦੀ ਤਾਂ ਘਰੋਂ ਜਾਣ ਦੀਆਂ ਧਮਕੀਆਂ ਦੇਣ ਲੱਗਦੀ। ਇਕ ਦਿਨ ਕਿਸੇ ਦਾ ਫੋਨ ਆਇਆ। ਕੁੰਦਨ ਨੇ ਚੁੱਕਿਆ। ਦੂਜੇ ਪਾਸੇ ਕੋਈ ਆਦਮੀ ਸੀ। ਉਸ ਦੀ ਆਵਾਜ਼ ਤੋਂ ਪਤਾ ਚੱਲਦਾ ਸੀ ਕਿ ਵੈੱਸਟ-ਇੰਡੀਅਨ ਮੂਲ ਦਾ ਹੋਵੇਗਾ। ਉਸ ਆਦਮੀ ਨੇ ਆਖਿਆ,

"ਫੋਨ ਪਾਇਲ ਨੂੰ ਦਿਓ ਜ਼ਰਾ।"

"ਤੂੰ ਕੌਣ ਬੋਲ ਰਿਹੈਂ?"

"ਮੈਂ ਜੌਹਨ, ਪਾਇਲ ਨੂੰ ਬੁਲਾਓ ਜਲਦੀ।"

ਕੁੰਦਨ ਸਮਝ ਗਿਆ ਕਿ ਇਹ ਉਹੀ ਬੰਦਾ ਹੈ ਜਿਸ ਨਾਲ ਪਾਇਲ ਘਰੋਂ ਦੌੜੀ ਹੈ। ਜੇਠੂ ਮੂਹਰੇ ਆਉਂਦਾ ਗੰਦੀਆਂ ਗਾਲ਼ਾਂ ਕੱਢਣ ਲੱਗਾ। ਮੂਹਰਿਓਂ ਜੌਹਨ ਵੀ ਗੰਦੀਆਂ ਗੰਦੀਆਂ ਗਾਲ਼ਾਂ ਕੱਢਦਾ ਧਮਕੀਆਂ ਦੇਣ ਲੱਗਿਆ। ਪਾਇਲ ਨੇ ਆਪਣੇ ਪਿਓ ਨੂੰ ਏਨਾ ਖਫਾ ਹੁੰਦੇ ਨੂੰ ਦੇਖਿਆ ਤਾਂ ਉਹ ਸਾਰੀ ਗੱਲ ਸਮਝ ਗਈ। ਉਸ ਨੇ ਫੋਨ ਫੜਿਆ ਤੇ ਬੋਲੀ,

"ਹਾਓ ਯੂ ਡੇਅਰ ਟੌਕ ਟੂ ਮਾਏ ਡੈਡ ਲਾਏਕ ਦਿਸ?"

ਦੂਜੇ ਪਾਸੇ ਗੱਲ ਕਰਨ ਵਾਲਾ ਪਾਇਲ ਦੀ ਆਵਾਜ਼ ਸੁਣ ਕੇ 'ਸੌਰੀ, ਸੌਰੀ' ਕਰਨ ਲਗਿਆ। ਪਾਇਲ ਫਿਰ ਬੋਲੀ,

"ਇਟਸ ਬੈਟਰ ਟੂ ਬੀ ਸੌਰੀ!"

ਉਹ ਫੋਨ ਰੱਖਦੀ ਹੋਈ ਕੁੰਦਨ ਨੂੰ ਕਹਿਣ ਲੱਗੀ,

"ਡੈਡ, ਤੁਹਾਨੂੰ ਏਦਾਂ ਦੇ ਮੈਡ ਪੀਪਲ ਨਾਲ ਨਹੀਂ ਉਲਝਣਾ ਚਾਹੀਦਾ।"

"ਹੈ ਕੌਣ ਇਹ?"

"ਕੋਈ ਨਹੀਂ, ਡੌਂਟ ਯੂ ਵੱਰੀ!"

ਪਾਇਲ ਨੇ ਆਖਿਆ। ਕੁੰਦਨ ਨੇ ਸੋਚਿਆ ਕਿ ਸ਼ਾਇਦ ਪਾਇਲ ਮੁੜ ਪਈ ਹੈ ਤੇ ਹੁਣ ਸਿੱਧੇ ਰਸਤੇ ਆ ਜਾਵੇਗੀ ਪਰ ਅਗਲੇ ਦਿਨ ਹੀ ਉਹ ਫਿਰ ਘਰੋਂ ਗਾਇਬ ਹੋ ਗਈ। ਇਸ ਵਾਰ ਥੋੜੀ ਕੁ ਚੰਗੀ ਗੱਲ ਇਹ ਹੋਈ ਕਿ ਪਾਇਲ ਨੇ ਫੋਨ ਕਰਕੇ ਆਪਣੀ ਮਾਂ ਨੂੰ ਦੱਸ ਦਿਤਾ ਕਿ ਉਹ ਠੀਕ ਹੈ, ਉਸ ਦਾ ਫਿਕਰ ਨਾ ਕਰੇ। ਕੁੰਦਨ ਪਾਇਲ ਦੇ ਘਰੋਂ ਸਦਾ ਲਈ ਚਲੇ ਜਾਣ ਨੂੰ ਇਕ ਹੋਣੀ ਸਮਝ ਕੇ ਭੁੱਲ ਗਿਆ ਸੀ ਪਰ ਪਾਇਲ ਨੇ ਵਾਪਸ ਘਰ ਆ ਕੇ ਉਸ ਨੂੰ ਭਾਵੁਕ ਤੌਰ 'ਤੇ ਇਕ ਵਾਰ ਫਿਰ ਉਲਝਾ ਕੇ ਰੱਖ ਦਿਤਾ। ਉਸ ਦੇ ਮਨ ਨੂੰ ਇਕ ਕਲੇਸ਼ ਜਿਹਾ ਰਹਿਣ ਲੱਗਿਆ। ਵੈਸੇ ਤਾਂ ਕਲੇਸ਼ ਜਿਹਾ ਰੱਖਣਾ ਕੁੰਦਨ ਦੇ ਸੁਭਾਅ ਵਿੱਚ ਸੀ, ਜਦ ਉਸ ਦਾ ਮਨ ਵਿੱਚ ਕਿਸੇ ਦੇ ਖਿਲਾਫ ਗੁੱਸਾ ਚੱਲ ਰਿਹਾ ਹੁੰਦਾ ਜਾਂ ਕਿਸੇ ਨਾਲ ਝਗੜਾ ਚੱਲ ਰਿਹਾ ਹੁੰਦਾ ਤਾਂ ਉਸ ਦਾ ਦਿਮਾਗ ਜ਼ਿਆਦਾ ਕੰਮ ਕਰਦਾ। ਉਸ ਅੰਦਰਲੀ ਊਰਜਾ ਵਧ ਜਾਂਦੀ। ਉਹ ਆਮ ਨਾਲੋਂ ਵਧੇਰੇ ਪੜ੍ਹ-ਲਿਖ ਸਕਦਾ। ਇਕ ਕਿਸਮ ਨਾਲ ਜੇਠੂ ਸਰਗਰਮ ਰਹਿੰਦਾ। ਪਹਿਲਾਂ ਉਹ ਕਈ ਸਾਲ ਆਪਣੇ ਤਾਈ-ਤਾਏ ਦਾ ਦੁਸ਼ਮਣ ਬਣਿਆਂ ਰਿਹਾ ਸੀ ਜਿਹਨਾਂ ਨੇ ਉਸ ਨੂੰ ਬਚਪੱਨ ਵਿੱਚ ਤੰਗ ਕੀਤਾ ਸੀ। ਓਧਰੋਂ ਗੱਲ ਕੁਝ ਠੰਡੀ ਹੋਈ ਤਾਂ ਮਨਜੀਤ ਦੇ ਪਿਓ ਬਸੰਤ ਸਿੰਘ ਨੇ ਉਸ ਦੀਆਂ ਦੁਕਾਨਾਂ ਦੱਬ ਕੇ ਉਸ ਨੂੰ ਦੁਖੀ ਕਰ ਮਾਰਿਆ ਸੀ। ਮਨਜੀਤ ਦੇ ਪਿਓ ਵਾਲੀ ਗੱਲ ਕੁਝ ਸ਼ਾਂਤ ਹੋਈ ਤਾਂ ਪਾਇਲ ਵਾਲੀ ਗੱਲ ਸ਼ੁਰੂ ਹੋ ਗਈ। ਪਾਇਲ ਘਰੋਂ ਗਾਇਬ ਹੋਣ ਨੂੰ ਜਦ ਉਸ ਨੇ ਸਹਿ ਲਿਆ ਤਾਂ ਉਸ ਨੇ ਆਪਣੇ ਗਵਾਂਢੀਆਂ ਨਾਲ ਹੀ ਝਗੜਾ ਕਰ ਲਿਆ। ਪਾਇਲ ਦਾ ਘਰੋਂ ਦੁਬਾਰਾ ਜਾਣਾ ਉਸ ਦੇ ਲਿਖਣ ਵਿੱਚ ਸਹਾਈ ਵੀ ਹੋਣ ਲੱਗਿਆ ਸੀ। ਉਹ ਹਰ ਰੋਜ਼ ਕੁਝ ਸਫੇ ਜ਼ਰੂਰ ਲਿਖਦਾ। ਲਿਖਣ ਲਈ ਕੁਝ ਹੋਰ ਨਾ ਹੋਵੇ ਤਾਂ ਚਲੰਤ ਜਿਹੇ ਮਸਲੇ ਲੈ ਕੇ ਹੀ ਕੋਈ ਲਿਖ ਮਾਰਦਾ ਤੇ ਹਿੰਦੁਸਤਾਨ ਦੀ ਕਿਸੇ ਅਖ਼ਬਾਰ ਨੂੰ ਭੇਜ ਦਿੰਦਾ। 'ਵਿਦੇਸ਼' ਪਰਚੇ ਵਾਲਾ ਤਾਂ ਹੁਣ ਉਸ ਨੂੰ ਛਾਪਦਾ ਹੀ ਨਹੀਂ ਸੀ।

ਹੌਲੀ ਹੌਲੀ ਪਾਇਲ ਨੇ ਅਜਿਹਾ ਮਹੌਲ ਬਣਾ ਲਿਆ ਕਿ ਜਦ ਉਸ ਦਾ ਦਿਲ ਕਰਦਾ ਕੁਝ ਦਿਨ ਆ ਕੇ ਘਰ ਰਹਿ ਜਾਂਦੀ, ਜਦ ਚਾਹੁੰਦੀ ਮੁੜ ਜਾਂਦੀ ਪਰ ਇਹ ਨਾ ਦਸਦੀ ਕਿ ਉਹ ਰਹਿੰਦੀ ਕਿਥੇ ਹੈ। ਉਹ ਚੋਰੀ ਜਿਹੀ ਘਰ ਆਉਂਦੀ ਤੇ ਚੋਰ ਭਲਾਈ ਦੇ ਕੇ ਘਰੋਂ ਖਿਸਕ ਜਾਂਦੀ। ਕੁੰਦਨ ਪੂਰੇ ਲੰਡਨ ਦਾ ਵਾਕਫ ਸੀ ਕਿਉਂਕਿ ਉਸ ਨੇ ਕਈ ਸਾਲ ਟੈਕਸੀ ਚਲਾਈ ਸੀ। ਉਹ ਸੋਚਦਾ ਕਿ ਇਕ ਵਾਰ ਪਾਇਲ ਦੇ ਟਿਕਾਣੇ ਦਾ ਪਤਾ ਚੱਲ ਜਾਵੇ ਤਾਂ ਉਥੇ ਜਾ ਕੇ ਉਸ ਦੇ ਨਾਲ ਰਹਿੰਦੇ ਲੋਕਾਂ ਨੂੰ ਗਾਲ਼ਾਂ ਕੱਢੇ ਤੇ ਕਹੇ ਕਿ ਪਾਇਲ ਦਾ ਪਿੱਛਾ ਛੱਡ ਦਿਓ।

ਇਕ ਦਿਨ ਮਨਜੀਤ ਕਹਿਣ ਲੱਗੀ,

"ਕੁੰਦਨ, ਕਿਸੇ ਤਰ੍ਹਾਂ ਪਤਿਆ ਕੇ ਕੁੜੀ ਦਾ ਵਿਆਹ ਕਰ ਦੇ, ਸ਼ਾਇਦ ਏਦਾਂ ਇਹ ਠੀਕ ਹੋ ਜਾਵੇ।"

9-ਵਿਸ਼ੇਸ਼ ਅੰਕ

ਉਹ ਕਲਪਨਾ ਦੇ ਵਿਸ਼ੇਸ਼ ਅੰਕ ਦੀ ਤਿਆਰੀ ਪੂਰੇ ਜ਼ੋਰ ਸ਼ੋਰ ਨਾਲ ਕਰ ਰਿਹਾ ਸੀ। ਰਾਜਾ ਰਾਮ ਨਾਲੋਂ ਉਸ ਨੂੰ ਜ਼ਿਆਦਾ ਚਿੰਤਾ ਸੀ।

ਉਸ ਨੇ ਦਸ ਸਵਾਲ ਲਿਖ ਕੇ ਦਸ ਕਹਾਣੀਕਾਰਾਂ ਨੂੰ ਭੇਜ ਦਿਤੇ ਸਨ ਜਿਹਨਾਂ ਨੂੰ ਉਹ ਕਹਾਣੀਕਾਰ ਮੰਨਦਾ ਸੀ ਪਰ ਅੰਕ ਵਿੱਚ ਉਹ ਕੁਲ ਪੰਦਰਾਂ ਕਹਾਣੀਕਾਰ ਸ਼ਾਮਲ ਕਰ ਰਿਹਾ ਸੀ। ਉਸ ਨੇ ਸਮੁੱਚੀ ਪੰਜਾਬੀ ਕਹਾਣੀ ਉਪਰ ਤੇ ਬਰਤਾਨਵੀ ਪੰਜਾਬੀ ਕਹਾਣੀ ਉਪਰ ਪਰਚੇ ਲਿਖੇ। ਆਪਣੇ ਪਰਚਿਆਂ ਵਿੱਚ ਉਹ ਔਖੇ ਔਖੇ ਸ਼ਬਦ ਵਰਤਦਾ ਕਿਉਂਕਿ ਪੰਜਾਬੀ ਦੀ ਆਲੋਚਨਾ ਵਿੱਚ ਹੁਣ ਇਹੋ ਰਿਵਾਜ ਸੀ। ਆਲੋਚਨਾ ਵਿੱਚ ਅਜਿਹੇ ਲਫਜ਼ ਵਰਤੇ ਜਾਂਦੇ ਜਿਹੜੇ ਆਮ ਲੋਕਾਂ ਨੂੰ ਸਮਝ ਹੀ ਨਾ ਆਉਂਦੇ। ਇਸ ਦਾ ਕਾਰਨ ਆਲੋਚਕ ਇਹ ਦਿੰਦੇ ਕਿ ਆਲੋਚਨਾ ਦੀ ਭਾਸ਼ਾ ਬਾਕੀ ਦੇ ਸਾਹਿਤ ਨਾਲੋਂ ਅਲੱਗ ਹੋਣੀ ਚਾਹੀਦੀ ਹੈ। ਸਾਰੇ ਲੇਖਕਾਂ ਨੇ ਉਸ ਦੇ ਸਵਾਲਾਂ ਦੇ ਜਵਾਬ ਲਿਖ ਕੇ ਭੇਜ ਦਿਤੇ। ਕਹਾਣੀਆਂ ਵੀ ਇਕੱਠੀਆਂ ਕਰ ਲਈਆਂ, ਕੁਝ ਲੇਖ ਹੋਰਨਾਂ ਆਲੋਚਕਾਂ ਤੋਂ ਵੀ ਲਿਖਾਏ ਪਰ ਪੂਰੇ ਪਰਚੇ ਵਿੱਚ ਕੁੰਦਨ ਦਾ ਹੀ ਬੋਲਬਾਲਾ ਸੀ। ਇਹ ਪਰਚਾ ਕੱਢਿਆ ਹੀ ਉਸ ਲਈ ਗਿਆ ਸੀ।

ਪਰਚਾ ਛਪ ਕੇ ਆਇਆ ਤਾਂ ਇਕ ਵਾਰ ਫਿਰ ਕੁੰਦਨ ਦੀ ਚਾਰੇ ਪਾਸੇ ਬੱਲੇ ਬੱਲੇ ਹੋ ਗਈ। ਉਸ ਨੇ ਪਰਚਾ ਇੰਗਲੈਂਡ ਦੇ ਲੇਖਕਾਂ ਤੋਂ ਬਿਨਾਂ ਇੰਡੀਆ ਦੇ ਪ੍ਰਮੁੱਖ ਲੇਖਕਾਂ ਨੂੰ ਵੀ ਭੇਜਿਆ। ਹਰ ਯੂਨੀਵਰਸਟੀ ਨੂੰ ਭੇਜਿਆ ਗਿਆ ਤਾਂ ਜੋ ਉਸ ਦੀ ਭਰਵੀਂ ਹਾਜ਼ਰੀ ਲੱਗ ਸਕੇ। ਕਲਪਨਾ ਦੇ ਇਸ ਵਿਸ਼ੇਸ਼ ਅੰਕ ਨੂੰ ਦੇਖ ਕੇ ਲੋਕ ਉਸ ਨੂੰ ਨਾਵਲਕਾਰ ਨਾਲੋਂ ਆਲੋਚਕ ਜ਼ਿਆਦਾ ਮੰਨਣ ਲੱਗ ਪਏ। ਉਹ ਸਮਝਦਾ ਸੀ ਕਿ ਹੁਣ ਵਕਤ

ਹੈ ਕਿ ਇੰਡੀਆ ਜਾਇਆ ਜਾਵੇ ਤੇ ਆਪਣੀ ਨਵੀਂ ਸਫਲਤਾ ਨੂੰ ਅੱਖੀਂ ਦੇਖਿਆ ਜਾਵੇ। ਉਸ ਨੇ ਪੀ ਐਚ. ਡੀ. ਲਈ ਆਪਣਾ ਵਿਸ਼ਾ ਵੀ ਰਜਿਸਟਰ ਕਰਾਉਣਾ ਸੀ, ਡਾਕਟਰ ਮਹਿਰੋਕ ਨੂੰ ਵੀ ਮਿਲਣਾ ਸੀ।

ਇੰਡੀਆ ਜਾਣ ਲਈ ਉਸ ਨੇ ਕੰਮ ਤੋਂ ਛੁੱਟੀ ਦੀ ਅਰਜ਼ੀ ਦਿਤੀ ਤਾਂ ਉਸ ਨੂੰ ਸਿਰਫ ਦੋ ਹਫਤੇ ਦੀ ਛੁੱਟੀ ਹੀ ਮਿਲੀ। ਹਫਤਾ ਤਾਂ ਉਸ ਦਾ ਦਿੱਲੀ ਵਿੱਚ ਹੀ ਨਿਕਲ ਜਾਣਾ ਸੀ। ਰੌਸ਼ਨ ਨੇ ਉਸ ਨੂੰ ਕਿਹਾ ਸੀ ਕਿ ਇਸ ਵਾਰ ਉਹ ਦਿੱਲੀ ਯੂਨੀਵਰਸਟੀ ਵਿੱਚ ਉਸ ਦੇ ਲਗਾਤਾਰ ਲੈਕਚਰ ਕਰਵਾਉਣੇ ਚਾਹੁੰਦਾ ਸੀ ਤਾਂ ਜੋ ਵਿਦਿਆਰਥੀ ਉਸ ਤੋਂ ਕੁਝ ਸਿੱਖ ਸਕਣ। ਉਸ ਦੇ ਨਾਵਲਾਂ ਉਪਰ ਕਈ ਵਿਦਿਆਰਥੀ ਐਮ. ਫਿਲ. ਕਰ ਰਹੇ ਸਨ। ਕੁੰਦਨ ਨੇ ਵੀ ਲੈਕਚਰ ਦੇਣ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਫਿਰ ਉਹ ਪੰਜਾਬ ਯੂਨੀਵਰਸਟੀ, ਪੰਜਾਬੀ ਯੂਨੀਵਰਸਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਟੀ ਵੀ ਜਾਣਾ ਚਾਹੁੰਦਾ ਸੀ। ਅੰਮ੍ਰਿਤਸਰ ਤਾਂ ਉਸ ਨੇ ਜਾਣਾ ਹੀ ਸੀ, ਡਾਕਟਰ ਜਰਨੈਲ ਸਿੰਘ ਮਹਿਰੋਕ ਨੂੰ ਮਿਲਣ।

ਉਹ ਇੰਡੀਆ ਗਿਆ ਤਾਂ ਜਾ ਕੇ ਦੇਖਿਆ ਕਿ ਉਥੋਂ ਦੇ ਤਾਂ ਹਾਲਾਤ ਹੀ ਬਹੁਤ ਖਰਾਬ ਸਨ। ਪੰਜਾਬ ਵਿੱਚ ਹਿੰਦੂਆਂ ਨੂੰ ਬੱਸਾਂ ਵਿਚੋਂ ਕੱਢ ਕੇ ਮਾਰ ਦਿਤਾ ਜਾਂਦਾ। ਰੇਲਗੱਡੀ ਰੋਕ ਕੇ ਹਿੰਦੂਆਂ ਨੂੰ ਅਲੱਗ ਕਰਕੇ ਉਹਨਾਂ ਦਾ ਕਤਲੇ ਆਮ ਕਰਨ ਦੀਆਂ ਖ਼ਬਰਾਂ ਆ ਰਹੀਆਂ ਸਨ। ਅੰਮ੍ਰਿਤਸਰ ਵਿੱਚ ਹਾਲਾਤ ਸਭ ਤੋਂ ਵੱਧ ਖਰਾਬ ਸਨ। ਦਿੱਲੀ ਦਾ ਕੋਈ ਵੀ ਲੇਖਕ ਡਰਦਾ ਪੰਜਾਬ ਵਲ ਦਾ ਮੂੰਹ ਨਹੀਂ ਸੀ ਕਰ ਰਿਹਾ। ਕੁੰਦਨ ਦੇ ਦਿੱਲੀ ਪੁੱਜਣ ਤੋਂ ਦੂਜੇ ਦਿਨ ਹੀ ਦਿੱਲੀ ਤੋਂ ਜੰਮੂ ਜਾਣ ਵਾਲੀ ਬੱਸ ਨੂੰ ਜਲੰਧਰ ਤੋਂ ਅਗੇ ਰੋਕ ਕੇ ਉਸ ਵਿੱਚੋਂ ਪੰਦਰਾਂ ਹਿੰਦੂ ਮਾਰ ਦਿਤੇ ਸਨ। ਪੰਜਾਬ ਵਿਚ ਦਹਿਸ਼ਤ ਨੰਗਾ ਨਾਚ ਨੱਚ ਰਹੀ ਸੀ। ਅੱਤਵਾਦੀ ਬੰਦੂਕਾਂ ਲਈ ਹਰਲ ਹਰਲ ਕਰਦੇ ਫਿਰ ਰਹੇ ਸਨ। ਕੁੰਦਨ ਪੰਜਾਬ ਜਾਣ ਤੋਂ ਡਰ ਗਿਆ। ਉਸ ਨੇ ਡਾਕਟਰ ਮਹਿਰੋਕ ਨੂੰ ਫੋਨ ਕੀਤਾ ਤਾਂ ਉਸ ਨੇ ਵੀ ਇਹੋ ਕਿਹਾ ਕਿ ਹਾਲੇ ਉਹ ਪੰਜਾਬ ਨਾ ਆਵੇ।

ਦਿੱਲੀ ਵਿੱਚ ਉਹ ਦੋ ਦਿਨ ਡਾਕਟਰ ਰੌਸ਼ਨ ਦੇ ਘਰ ਠਹਿਰਿਆ ਪਰ ਫਿਰ ਉਸ ਨੇ ਇਕ ਸਸਤੇ ਜਿਹੇ ਹੋਟਲ 'ਬਾਦਸ਼ਾਹ' ਵਿੱਚ ਕਮਰਾ ਬੁੱਕ ਕਰਾ ਲਿਆ ਕਿਉਂਕਿ ਉਸ ਨੇ ਸਿਗਰਟਾਂ ਪੀਣੀਆਂ ਹੁੰਦੀਆਂ ਤੇ ਦੋਸਤਾਂ ਨਾਲ ਰਲ਼ ਪੀਤੀ ਸ਼ਰਾਬ ਖੇੜਨੀ ਵੀ ਹੁੰਦੀ ਤੇ ਇਹ ਕੁਝ ਰੌਸ਼ਨ ਦੇ ਘਰ ਨਹੀਂ ਸੀ ਕਰ ਹੁੰਦਾ। ਦਿੱਲੀ ਦੇ ਸਾਰੇ ਲੇਖਕਾਂ ਤੇ ਯੂਨੀਵਰਸਟੀ ਦੇ ਪਰੋਫੈਸਰਾਂ ਨਾਲ ਉਸ ਦੀ ਵਾਹਵਾ ਦੋਸਤੀ ਹੋ ਗਈ ਸੀ। ਰੌਸ਼ਨ ਨਾਲ ਤਾਂ ਉਸ ਦੀ ਦੋਸਤੀ ਅਜਿਹੀ ਸੀ ਕਿ ਇਕ ਦੂਜੇ ਨੂੰ ਗਾਲ੍ਹਾਂ ਵੀ ਕੱਢ ਲੈਂਦੇ। ਰੌਸ਼ਨ ਨੇ ਕਿਹਾ,

"ਤੂੰ ਕਿਥੇ ਜਾ ਕੇ ਮਹਿਰੋਕ ਕੋਲ ਫਸਣ ਨੂੰ ਫਿਰਦਾਂ, ਨਾਲ਼ੇ ਉਹ ਪਰੋਜ਼ ਦਾ ਬੰਦਾ ਨਹੀਂ, ਓਹਦਾ ਫੀਲਡ ਹੋਰ ਏ।"

"ਯਾਰ, ਮੈਂ ਓਹਦੇ ਫੀਲਡ ਤੋਂ ਕੀ ਲੈਣਾ! ਕੰਮ ਸਾਰਾ ਮੈਂ ਕਰਨਾਂ, ਮੈਨੂੰ ਤਾਂ ਸਿਰਫ ਇਕ ਨਾਂ ਚਾਹੀਦਾ ਜਿਹਨੂੰ ਮੈਂ ਆਪਣੇ ਗਾਈਡ ਦੇ ਤੌਰ ਤੇ ਵਰਤਣਾ।"

"ਪੰਜਾਬ ਦੇ ਹਾਲਾਤ ਹਾਲੇ ਠੀਕ ਨਹੀਂ ਹੋਣ ਵਾਲ਼ੇ, ਏਸ ਕਰਕੇ ਤੂੰ ਦਿੱਲੀ ਵਿੱਚੋਂ ਈ ਕੋਈ ਗਾਈਡ ਚੁਣ ਲੈ।"

"ਦਿੱਲੀ 'ਚ ਮੇਰੇ ਲੈਵਲ ਦਾ ਬੰਦਾ ਕੋਈ ਹੈ ਨਹੀਂ।"

ਕੁੰਦਨ ਨੇ ਕਿਹਾ ਪਰ ਉਸ ਦਾ ਇਵੇਂ ਕਹਿਣਾ ਰੌਸ਼ਨ ਨੂੰ ਬਿਲਕੁਲ ਚੰਗਾ ਨਾ ਲੱਗਿਆ। ਉਹ ਵੀ ਆਪਣੇ ਆਪ ਨੂੰ ਵੱਡੀ ਸ਼ੈਅ ਸਮਝਦਾ ਸੀ। ਦੁਨੀਆਂ ਭਰ ਦੀਆਂ ਥਿਊਰੀਆਂ ਉਸ ਨੇ ਪੜ੍ਹ ਰੱਖੀਆਂ ਸਨ। ਉਸ ਨੇ ਅਣਗਿਣਤ ਆਲੋਚਨਾਮਕ ਲੇਖ ਲਿਖੇ ਸਨ ਤੇ ਉਸ ਦੇ ਲਿਖੇ ਲੇਖਾਂ ਦੀ ਬਹੁਤ ਵੁੱਕਤ ਸੀ। ਪੰਜਾਬ ਭਰ ਦੀਆਂ ਯੂਨੀਵਰਸਟੀਆਂ ਵਿੱਚ ਉਸ ਦੀ ਕੁੰਦਨ ਤੋਂ ਕਿਤੇ ਵੱਧ ਭੱਲ ਸੀ। ਕੁੰਦਨ 'ਕਲਪਨਾ' ਦਾ ਵਿਸ਼ੇਸ਼ ਅੰਕ ਹਰ ਕਿਸੇ ਨੂੰ ਦਿਖਾ ਕੇ ਆਪਣੀ ਪਰਸੰਸਾ ਕਰਾਉਂਦਾ ਫਿਰਦਾ ਸੀ। ਰੌਸ਼ਨ ਨੂੰ ਉਸ ਦਾ ਕੰਮ ਤਾਂ ਪਸੰਦ ਸੀ ਪਰ ਉਸ ਦੇ ਸੁਭਾਅ ਤੋਂ ਉਹ ਬਹੁਤਾ ਖੁਸ਼ ਨਹੀਂ ਸੀ। ਫਿਰ ਵੀ ਕੁੰਦਨ ਵਿੱਚੋਂ ਉਸ ਨੂੰ ਇਕ ਵਧੀਆ ਦੋਸਤ ਦਿਸ ਰਿਹਾ ਸੀ ਜੋ ਭਵਿੱਖ ਵਿੱਚ ਉਸ ਦੇ ਕੰਮ ਆ ਸਕਦਾ ਸੀ। ਉਹ ਨੇ ਕਿਹਾ,

"ਡਾਕਟਰ ਨੂੰ ਗਾਈਡ ਬਣਾ ਲੈ।"

"ਤੇਰਾ ਮਤਲਬ ਡਾਕਟਰ ਹਰੀ ਸਿੰਘ! ...ਉਹ ਡੌਮੀਨੇਟ ਕਰਨ ਲੱਗਦਾ ਏ। ਐਡੀ ਚੀਜ਼ ਉਹ ਹੈ ਨਹੀਂ ਜਿੰਨੀ ਸਮਝੀ ਫਿਰਦਾ ਏ, ਪੱਛਮ ਦੀਆਂ ਥੀਊਰੀਆਂ ਨੂੰ ਟਰਾਂਸਲੇਟ ਕਰ ਕੇ ਪੇਸ਼ ਕਰ ਦੇਣਾ ਤਾਂ ਕੋਈ ਗੱਲ ਨਾ ਹੋਈ। ...ਬਾਬਿਓ, ਇਕ ਗੱਲ ਦੱਸਾਂ, ਜਦੋਂ ਮੇਰਾ ਦਾਅ ਲੱਗਿਆ ਤੇਰੇ ਏਸ ਹਰੀ ਸੂੰਹ ਨੂੰ ਮੈਂ ਖਿੱਚ ਦੇਣਾ, ਇਹਦਾ ਸਾਰੰਚਨਾਵਾਦ ਮੈਂ ਫੜ ਕੇ ਭਾਂਡੇ 'ਚ ਵਾੜ ਦੇਣਾਂ।"

ਕੁੰਦਨ ਪੂਰੇ ਆਤਮ ਵਿਸ਼ਵਾਸ ਨਾਲ ਬੋਲਿਆ। ਰੌਸ਼ਨ ਨੂੰ ਪਤਾ ਸੀ ਕਿ ਕੁੰਦਨ ਇਵੇਂ ਕਰ ਵੀ ਸਕਦਾ ਹੈ। ਉਸ ਨਾਲ ਘੁੰਮ ਫਿਰ ਕੇ ਉਹ ਏਨਾ ਕੁ ਸਮਝ ਗਿਆ ਸੀ ਕਿ ਕੁੰਦਨ ਬਹੁਤ ਜ਼ਹੀਨ ਹੈ, ਜਿਸ ਗੱਲ ਨੂੰ ਹੱਥ ਪਾਉਂਦਾ ਹੈ ਉਸ ਦੀਆਂ ਜੜ੍ਹਾਂ ਤਕ ਪੁੱਜਦਾ ਹੈ। ਹਰੀ ਸਿੰਘ ਤੋਂ ਰੌਸ਼ਨ ਵੀ ਖੁਸ਼ ਨਹੀਂ ਸੀ। ਭਾਵੇਂ ਹਰੀ ਸਿੰਘ ਹੀ ਉਸ ਨੂੰ ਪਟਿਆਲੇ ਤੋਂ ਦਿੱਲੀ ਲਿਆਇਆ ਸੀ ਪਰ ਉਸ ਦੀ ਸਰਵਉਚਤਾ ਤੋਂ ਰੌਸ਼ਨ ਬਹੁਤ ਖਾਰ ਖਾਂਦਾ ਸੀ। ਦਿੱਲੀ ਯੂਨੀਵਰਸਟੀ ਵਿੱਚ ਡਾਕਟਰ ਹਰੀ ਸਿੰਘ ਦੀ ਮਰਜ਼ੀ ਤੋਂ ਬਿਨਾਂ ਪੱਤਾ ਵੀ ਨਹੀਂ ਸੀ ਹਿਲਦਾ। ਦਿੱਲੀ ਯੂਨੀਵਰਸਟੀ ਹੀ ਨਹੀਂ, ਦਿੱਲੀ ਦੇ ਸਾਹਿਤਕ ਹਲਕਿਆਂ ਵਿੱਚ ਡਾਕਟਰ ਹਰੀ ਸਿੰਘ ਦੀ ਪੂਰੀ ਚੱਲਦੀ ਸੀ। ਉਸ ਕੋਲ ਤਾਕਤ ਤਾਂ ਹੈ ਹੀ ਸੀ, ਨਾਲ ਦੀ ਨਾਲ ਉਹ ਵਧੀਆ ਅਲੋਚਕ ਤੇ ਕਵੀ ਵੀ ਸੀ। ਰੌਸ਼ਨ ਦਾ ਸੁਫਨਾ ਸੀ ਕਿ ਇਕ ਦਿਨ ਡਾਕਟਰ ਹਰੀ ਸਿੰਘ ਵਾਲੀ ਤਾਕਤ ਹਾਸਲ ਕਰੇ ਪਰ ਹੌਲੀ ਹੌਲੀ। ਹਾਲੇ ਉਹ ਕਿਸੇ ਤਰ੍ਹਾਂ ਵੀ ਹਰੀ ਸਿੰਘ ਦੇ ਖਿਲਾਫ ਨਹੀਂ ਸੀ ਜਾਣਾ ਚਾਹੁੰਦਾ। ਕੁੰਦਨ ਕੁਝ ਕਰਦਾ ਤਾਂ ਉਸ ਨੂੰ ਖੁਸ਼ੀ ਹੋਣੀ ਸੀ। ਰੌਸ਼ਨ ਹੁਣ ਤਕ ਕੁੰਦਨ ਦੇ ਸੁਭਾਅ ਨੂੰ ਸਮਝ ਚੁੱਕਿਆ ਸੀ, ਜੇ ਉਹ ਚਾਹੁੰਦਾ ਤਾਂ ਉਸ ਨੂੰ ਡਾਕਟਰ ਹਰੀ ਸਿੰਘ ਦੇ ਖਿਲਾਫ ਭੁਗਤਾ ਸਕਦਾ ਸੀ, ਬਸ ਜ਼ਰਾ ਕੁ ਚਾਬੀ ਦੇਣ ਦੀ ਲੋੜ ਸੀ ਪਰ ਹਾਲੇ ਵਕਤ ਨਹੀਂ ਹੈ। ਉਸ ਦੀ ਕੁੰਦਨ ਨਾਲ ਬਹੁਤ ਨੇੜਤਾ ਹੋ ਚੁੱਕੀ ਸੀ। ਕਈ ਵਾਰ ਕੁੰਦਨ ਉਸ ਨੂੰ ਕਹਿੰਦਾ,

“ਸਾਲ਼ਿਆ ਬੈਹੜਿਆਂ ਦਿਆ, ਏਨੀਆਂ ਬੀਬੀਆਂ ਲਈ ਫਿਰਦਾਂ, ਮੈਨੂੰ ਵੀ ਟਰਕਾ ਕੋਈ।”

“ਬਾਬਿਓ, ਏਹ ਗੱਲਾਂ ਏਦਾਂ ਨਹੀਂ ਹੁੰਦੀਆਂ, ਇਹ ਤਾਂ ਆਪੋ ਆਪਣੀ ਕਮਾਈ ਏ।”

ਰੌਸ਼ਨ ਹੱਸਦੇ ਹੋਏ ਆਖਦਾ। ਅਸਲ ਵਿੱਚ ਯੂਨੀਵਰਸਟੀ ਦੇ ਡਾਕਟਰਾਂ ਤੇ ਪਰੋਫੈਸਰਾਂ ਵਿਚਕਾਰ ਸਹੇਲੀਆਂ ਰੱਖਣ ਦਾ ਆਮ ਰਿਵਾਜ ਸੀ। ਕਿਸੇ ਨਾ ਕਿਸੇ ਵਿਦਿਆਰਥਣ ਨਾਲ ਆਪਣਾ ਨੇੜ ਬਣਾਈ ਰੱਖਦੇ। ਚਾਹੇ ਉਸ ਵਿਦਿਆਰਥਣ ਨਾਲ ਕਿਹੋ ਜਿਹੇ ਵੀ ਸਬੰਧ ਹੋਣ ਪਰ ਪ੍ਰਭਾਵ ਇਹੋ ਦਿੰਦੇ ਕਿ ਉਹ ਉਸ ਦੀ ਗਰਲ-ਫਰੈਂਡ ਹੈ। ਇਵੇਂ ਉਹਨਾਂ ਦੇ ਹਉਮੈ ਨੂੰ ਚਾਰਾ ਮਿਲਦਾ ਸੀ। ਆਪਣੇ ਨਾਲ ਕਿਸੇ ਕੁੜੀ ਨੂੰ ਇਵੇਂ ਲਈ ਫਿਰਦੇ ਜਿਵੇਂ ਕਹਿ ਰਹੇ ਹੋਣ; ‘ਮੈਂ ਹਾਂ’। ਕੁੰਦਨ ਸਿੰਘ ਵੀ ਇਵੇਂ ਚਾਹੁੰਦਾ ਸੀ ਪਰ ਉਹ ਨਾ ਤਾਂ ਯੂਨੀਵਰਸਟੀ ਵਿੱਚ ਅਧਿਆਪਕ ਸੀ ਤੇ ਨਾ ਹੀ ਕਿਸੇ ਹੋਰ ਤਰੀਕੇ ਨਾਲ ਯੂਨੀਵਰਸਟੀ ਦਾ ਕੋਈ ਹਿੱਸਾ। ਉਸ ਦਾ ਕੁੜੀਆਂ ਨਾਲ ਵਾਹ ਪੈਂਦਾ ਹੀ ਨਹੀਂ ਸੀ। ਜਦ ਉਸ ਦਾ ਲੈਕਚਰ ਚੱਲ ਰਿਹਾ ਹੁੰਦਾ ਤਾਂ ਕਈ ਵਿਦਿਆਰਥਣਾਂ ਉਸ ਦੀਆਂ ਫੈਨ ਬਣ ਜਾਂਦੀਆਂ ਪਰ ਉਸ ਤਕ ਪਹੁੰਚ ਕੋਈ ਨਾ ਕਰਦੀ।

ਦਿੱਲੀ ਦੇ ਦੋਸਤਾਂ ਦੀ ਢਾਣੀ ਵਿੱਚ ਇਕ ਹੋਰ ਦੋਸਤ ਵੀ ਸੀ; ਕੁਲਵੰਤ। ਕੁਲਵੰਤ ਨਾ ਤਾਂ ਕੋਈ ਲੇਖਕ ਸੀ ਤੇ ਨਾ ਹੀ ਅਧਿਆਪਕ ਪਰ ਉਸ ਦੀ ਸਾਰੇ ਲੇਖਕਾਂ ਨਾਲ ਦੋਸਤੀ ਸੀ। ਅਸਲ ਵਿੱਚ ਉਹ ਪਬਲਿਸ਼ਰ ਸੀ, ਅੰਗਰੇਜ਼ੀ ਦੀਆਂ ਕਿਤਾਬਾਂ ਛਾਪਦਾ। ਖਾਣ-ਪੀਣ ਦਾ ਸ਼ੌਕੀਨ ਸੀ। ਰੌਸ਼ਨ ਵਾਂਗ ਹੀ ਕੁਲਵੰਤ ਵੀ ਕੁੰਦਨ ਦਾ ਦੋਸਤ ਬਣ ਗਿਆ ਸੀ। ਉਹ ਉਸ ਨੂੰ ਮਿਲਣ ਬਾਦਸ਼ਾਹ ਹੋਟਲ ਵਿੱਚ ਜਾਂਦਾ ਰਹਿੰਦਾ ਸੀ। ਉਥੇ ਹੀ ਉਹ ਵੇਸਵਾਵਾਂ ਵੀ ਮੰਗਵਾ ਲੈਂਦੇ। ਕਦੇ ਕਦੇ ਰੌਸ਼ਨ ਵੀ ਉਹਨਾਂ ਨਾਲ ਰਲ਼ ਜਾਂਦਾ। ਕੁਲਵੰਤ ਆਖਦਾ,

“ਬਾਬਿਓ, ਫਿਲਪੀਨ ਜਾਂ ਮਲੇਸ਼ੀਆ ਚੱਲੀਏ, ਮੇਰੇ ਦੋਸਤ ਸ਼ਰਮਾ ਤੇ ਦੁੱਗਲ ਜਾ ਕੇ ਆਏ ਆ, ਕਹਿੰਦੇ ਯੰਗ ਤੋਂ ਯੰਗ ਕੁੜੀਆਂ ਮਿਲ ਜਾਂਦੀਆਂ, ਜਿੰਨੇ ਦਿਨ ਮਰਜ਼ੀ ਰੱਖੋ, ਨਾਲੇ ਇਹ ਸਭ ਲੀਗਲ ਵੀ ਏ ਉਥੇ।”

ਰੌਸ਼ਨ ਉਸ ਦੀ ਗੱਲ ਦੀ ਤਈਦ ਕਰਦਾ ਬੋਲਦਾ,

“ਜੌਗਰਾਫੀ ਵਾਲਾ ਡਾਕਟਰ ਗੁਲਾਟੀ ਵੀ ਗਿਆ ਸੀ, ਦਸਦਾ ਸੀ ਕਿ ਇਹਨਾਂ ਮੁਲਕਾਂ ਵਿੱਚ ਜਾ ਕੇ ਪਿੰਡਾਂ ਵਲ ਨਿਕਲ ਜਾਓ, ਰਹਿਣ ਨੂੰ ਵੀ ਜਗ੍ਹਾ ਹੁੰਦੀ ਏ ਤੇ ਬਹੁਤ ਹੀ ਸਸਤਾ ਸੌਦਾ ਏ, ਬਣਾ ਲਓ ਪਰੋਗਰਾਮ, ਚਲੋ ਚਲਦੇ ਆਂ।”

“ਨਈਂ ਬਈ, ਮੇਰੇ ਤੋਂ ਇਸ ਵਾਰ ਤਾਂ ਨਹੀਂ ਜਾਇਆ ਜਾਣਾ, ਛੁੱਟੀ ਹੈ ਨਹੀਂ, ਅਗਲੀ ਵਾਰ ਜ਼ਰੂਰ ਚੱਲਾਂਗੇ।”

ਕੁੰਦਨ ਦੱਸਦਾ। ਕਈ ਵਾਰ ਕੁਲਵੰਤ ਉਸ ਨੂੰ ਆਖਦਾ,

“ਬਾਬਿਓ, ਤੁਸੀਂ ਤਾਂ ਗੋਰੀਆਂ ਦੇ ਦੇਸ਼ ਰਹਿੰਦੇ ਓ, ਤੁਹਾਡੀਆਂ ਤਾਂ ਮੌਜਾਂ ਈ ਮੌਜਾਂ ਹੋਣਗੀਆਂ!”

“ਕਾਹਨੂੰ ਯਾਰ, ਸਾਲ਼ੀ ਬੈਹੜਿਆਂ ਦੀ ਘਰਵਾਲੀ ਹਰ ਵੇਲੇ ਫੌੜ੍ਹਾ ਲੈ ਕੇ ਬੈਠੀ ਹੁੰਦੀ ਏ, ਜਦ ਕਦੇ ਇੰਡੀਆ ਆਈ ਹੋਵੇ ਤਾਂ ਦਾਅ ਲਗਦਾ ਏ ਨਹੀਂ ਤਾਂ ਔੜ ਹੀ ਰਹਿੰਦੀ ਏ।”

ਕਹਿੰਦਾ ਕੁੰਦਨ ਆਪਣੀ ਪਤਨੀ ਬਾਰੇ ਦੱਸਦਾ ਕਿ ਉਹ ਕਿਵੇਂ ਉਸ ਉਪਰ ਬਿਨਾਂ ਕਿਸੇ ਗੱਲ ਤੋਂ ਹਰ ਵੇਲੇ ਸ਼ੱਕ ਕਰਦੀ ਰਹਿੰਦੀ ਹੈ।

ਪੰਜਾਬ ਦੇ ਹਾਲਾਤ ਹੋਰ ਵਿਗੜ ਗਏ। ਕੁੰਦਨ ਸਵੇਰੇ ਉਠ ਕੇ ਅਖ਼ਬਾਰਾਂ ਫਰੋਲਣ ਲੱਗਦਾ। ਉਸ ਨੇ ਪੰਜਾਬ ਬਾਰੇ ਇਕ ਲੇਖ ਵੀ ਲਿਖ ਲਿਆ ਤੇ ਪੰਜਾਬੀ ਟ੍ਰਿਬਿਊਨ ਨੂੰ ਭੇਜ ਦਿਤਾ ਨਾਲ ਹੀ ਲਿਖ ਦਿਤਾ ਕਿ ਇਸ ਨੂੰ ਬਹੁਤ ਜਲਦੀ ਛਾਪਿਆ ਜਾਵੇ। ਲੇਖ ਭੇਜ ਕੇ ਉਹ ਅਗਲੇ ਦਿਨ ਹੀ ਉਡੀਕ ਕਰਨ ਲੱਗਿਆ ਕਿ ਇਸ ਨੂੰ ਛਾਪ ਦਿਤਾ ਹੋਵੇਗਾ। ਦੋ ਕੁ ਦਿਨ ਉਡੀਕ ਕੇ ਕਿ ਨਹੀਂ ਛਪਿਆ ਉਸ ਨੇ ਅਖ਼ਬਾਰ ਦੇ ਦਫਤਰ ਫੋਨ ਕੀਤਾ। ਫੋਨ ਅਗਿਓਂ ਅਖ਼ਬਾਰ ਦੇ ਸੱਬ ਐਡੀਟਰ ਬਲਬੀਰ ਸਿੰਘ ਦਾ ਜਵਾਬ ਮਿਲਿਆ ਕਿ ਉਸ ਦਾ ਇਹ ਲੇਖ ਛਪਣਯੋਗ ਨਹੀਂ ਹੈ। ਇਹ ਗੱਲ ਸੁਣ ਕੇ ਉਸ ਗੁੱਸੇ ਨਾਲ ਅੱਗ ਬਬੂਲਾ ਹੁੰਦਾ ਬੋਲਿਆ,

“ਮਿਸਟਰ ਬਲਬੀਰ ਸਿੰਘ, ਤੈਨੂੰ ਪਤਾ ਏ ਕਿ ਤੂੰ ਕਿਹਦੇ ਨਾਲ ਗੱਲ ਕਰ ਰਿਹਾਂ? ਕਿਹਨੂੰ ਕਹਿ ਰਿਹਾਂ ਕਿ ਮੇਰਾ ਲੇਖ ਛਪਣ ਯੋਗ ਨਹੀਂ ਏ?”

“ਜੀ ਕੁੰਦਨ ਜੀ, ਮੈਂ ਤੁਹਾਡਾ ਨਾਂ ਸੁਣਿਆਂ ਹੋਇਐ।”

“ਫੇਰ ਤੁਸੀਂ ਇਹ ਕਿਵੇਂ ਕਹਿ ਦਿਤਾ ਕਿ ਮੇਰਾ ਲੇਖ ਛਪਣ ਯੋਗ ਨਹੀਂ! ਮੇਰੇ ਲਿਖੇ ਇਕ ਇਕ ਸ਼ਬਦ ਦਾ ਮੁੱਲ ਪੈਂਦਾ ਏ, ਜਾਪਦਾ ਏ ਤੁਸੀਂ ਮੇਰਾ ਐਡਿਟ ਕੀਤਾ ਕਲਪਨਾ ਦਾ ਵਿਸ਼ੇਸ਼ ਅੰਕ ਨਹੀਂ ਦੇਖਿਆ।”

“ਕੁੰਦਨ ਜੀ, ਕਿਸ ਲੇਖ ਨੂੰ ਛਾਪਣਾ ਤੇ ਕਿਸ ਨੂੰ ਨਹੀਂ ਏਹ ਫੈਸਲਾ ਸੰਪਾਦਕ ਸਾਹਿਬ ਕਰਦੇ ਨੇ, ਇਸ ਲਈ ਮੇਰੇ ਨਾਲ ਔਖੇ ਨਾ ਹੋਵੋ।”

ਆਖਦਿਆਂ ਬਲਬੀਰ ਸਿੰਘ ਨੇ ਫੋਨ ਰੱਖ ਦਿਤਾ। ਗੁੱਸੇ ਵਿੱਚ ਜੇਠੂ ਛਟਪਟਾਉਣ ਲੱਗਾ। ਸ਼ਾਮ ਨੂੰ ਦੋਸਤਾਂ ਦੀ ਲੱਗੀ ਮਹਿਫਲ ਵਿੱਚ ਅਖ਼ਬਾਰ ਦੇ ਸੰਪਾਦਕ ਨੂੰ ਗਾਲ੍ਹਾਂ ਕੱਢਦਾ ਰਿਹਾ।

ਉਸ ਨੇ ਡਾਕਟਰ ਮਹਿਰੋਕ ਨੂੰ ਮਿਲਣਾ ਤੇ ਬਾਕੀ ਸਾਰੇ ਕੰਮ ਅਗਲੀ ਵੇਰ ‘ਤੇ ਛੱਡ ਦਿਤੇ। ਦਿੱਲੀ ਤੋਂ ਹੀ ਵਾਪਸ ਮੁੜ ਪਿਆ। ਪੰਜਾਬ ਦੇ ਬੁਰੇ ਹਾਲਾਤ ਦਾ ਅਸਰ ਦਿੱਲੀ ਉਪਰ ਵੀ ਸੀ। ਦਿੱਲੀ ਦੇ ਹਿੰਦੂ ਸਿੱਖਾਂ ਨੂੰ ਅਜੀਬ ਨਜ਼ਰਾਂ ਨਾਲ ਦੇਖ ਰਹੇ ਸਨ ਜਿਵੇਂ ਸਾਰੇ ਸਿੱਖ ਹੀ ਦਹਿਸ਼ਤੀ ਹੋਣ। ਉਸ ਨੂੰ ਦਿੱਲੀ ਏਅਰ ਪੋਰਟ ਉਪਰ ਵੀ ਸਖਤ ਸਕਿਉਰਟੀ ਦਾ ਸਾਹਮਣਾ ਕਰਨਾ ਪਿਆ। ਉਸ ਨੂੰ ਅਣਗਿਣਤ ਸਵਾਲ ਕੀਤੇ ਗਏ। ਉਸ ਦੇ ਪਾਸਪੋਰਟ ਨੂੰ ਅਧਿਕਾਰੀ ਬਹੁਤ ਦੇਰ ਤਕ ਨਰੀਖਦੇ ਰਹੇ। ਏਅਰ ਪੋਰਟ ਦੇ ਅਧਿਕਾਰੀਆਂ ਦਾ ਕਹਿਣਾ ਸੀ ਪੰਜਾਬ ਦੀ ਦਹਿਸ਼ਤਗਰਦੀ ਨੂੰ ਇੰਗਲੈਂਡ ਤੋਂ ਸ਼ਰੇਆਮ ਸਹਾਇਤਾ ਮਿਲ ਰਹੀ ਹੈ। ਕੁੰਦਨ ਨੂੰ ਗੁੱਸਾ ਆ ਰਿਹਾ ਸੀ। ਉਹ ਵਾਰ ਵਾਰ ਦੱਸ ਰਿਹਾ ਸੀ ਕਿ ਉਹ ਇਕ ਮਸ਼ਹੂਰ

ਲੇਖਕ ਹੈ ਪਰ ਉਸ ਦੀ ਗੱਲ ਦਾ ਕਿਸੇ ਉਪਰ ਅਸਰ ਹੀ ਨਹੀਂ ਸੀ ਹੋ ਰਿਹਾ। ਉਹ ਮਨ ਹੀ ਮਨ ਸੋਚ ਰਿਹਾ ਸੀ ਕਿ ਮੁੜ ਕੇ ਕਦੇ ਵੀ ਇੰਡੀਆ ਨਹੀਂ ਆਵੇਗਾ।

ਵਾਪਸ ਇੰਗਲੈਂਡ ਆ ਕੇ ਉਸ ਨੇ ਪੰਜਾਬ ਬਾਰੇ ਕਈ ਹੋਰ ਲੇਖ ਲਿਖ ਮਾਰੇ। ਦੋ ਲੇਖ ਲਿਖ ਕੇ ਉਹ 'ਵਿਦੇਸ਼' ਦੇ ਦਫਤਰ ਆਪਣੇ ਹੱਥੀਂ ਦੇਣ ਗਿਆ। ਤਰਲੋਕ ਸਿੰਘ ਉਸ ਨੂੰ ਦੇਖ ਕੇ ਖੁਸ਼ ਹੋ ਗਿਆ ਪਰ ਬੋਲਿਆ,

"ਕਿਤੇ ਇਹ ਕਾਮਰੇਡਾਂ ਵਾਲ਼ੇ ਲੇਖ ਤਾਂ ਨਹੀਂ?"

"ਤੈਨੂੰ ਪਤਾ ਕਿ ਮੈਂ ਮਾਰਕਿਸਵਾਦੀ ਆਂ ਤੇ ਲੇਖ ਵੀ ਉਸੇ ਨਜ਼ਰੀਏ ਤੋਂ ਈ ਹੋਣੇ ਨੇ।"

"ਨਹੀਂ ਕੁੰਦਨਾ, ਮੈਨੂੰ ਏਹ ਲੇਖ ਨਹੀਂ ਚਾਹੀਦੇ, ਇਹਨਾਂ ਲੇਖਾਂ ਨੂੰ ਮੇਰੇ ਪਰਚੇ ਵਿੱਚ ਕੌਣ ਪੜ੍ਹੇਗਾ, ਮੈਨੂੰ ਸਿੱਖ ਸਾਈਕੀ ਨਾਲ ਜੁੜੇ ਲੇਖ ਚਾਹੀਦੇ ਆ ਕਿ ਇਸ ਵੇਲੇ ਆਮ ਸਿੱਖ ਕੀ ਸੋਚ ਰਿਹਾ, ਜੇ ਲਿਖ ਸਕਦਾਂ ਤਾਂ ਲਿਖ ਦੇ।"

"ਹੁਣ ਤੂੰ ਮੈਨੂੰ ਡਿਕਟੇਟ ਕਰਕੇ ਲਿਖਾਵੇਂਗਾ?"

"ਨਹੀਂ ਲਿਖਣਾ ਤਾਂ ਤੇਰੀ ਮਰਜ਼ੀ, ਹੋਰ ਬਥੇਰੇ ਹੈਗੇ ਆ, ਅਜ਼ਾਦ, ਸੁਮੰਦਰੀ, ਨਾਜ਼ਰ, ਵਿਰਕ, ਸੰਧੂ, ...ਗੱਲ ਕੀ, ਕਿਸੇ ਨੂੰ ਵੀ ਕਹਾਂ, ਮੇਰੇ ਇਸ਼ਾਰੇ ਤੇ ਕੋਈ ਵੀ ਕੁਝ ਵੀ ਲਿਖ ਸਕਦੈ। ਤੂੰ ਖਾਲਿਸਤਾਨ ਬਣਨ ਦੀਆਂ ਸੰਭਾਵਨਾਵਾਂ ਬਾਰੇ ਲਿਖ, ਮੈਂ ਹਾਈਲਾਈਟ ਕਰ ਕੇ ਛਾਪੂੰ!"

"ਤਰਲੋਕ, ਤੂੰ ਲੋਕਾਂ ਵਿੱਚ ਜ਼ਹਿਰ ਫੈਲਾ ਰਿਹਾ ਏਂ, ਖਾਲਿਸਤਾਨ ਦਾ ਏਹ ਗਲਤ ਪਰਚਾਰ ਕਰਕੇ ਐਵੇਂ ਲੋਕ ਨਾ ਮਰਵਾਈ ਚੱਲ।"

"ਲੋਕ ਮੇਰੇ ਪਰਚਾਰ ਨਾਲ ਕੀ ਮਰਨੇ ਆਂ! ...ਖਾਲਿਸਤਾਨ ਤਾਂ ਹਿੰਦੁਸਤਾਨ ਦੀ ਸਰਕਾਰ ਈ ਬਣਾਉਣਾ ਚਾਹੁੰਦੀ ਐ, ਲੋਕ ਥੋੜੋਂ ਮੰਗਦੇ ਆ, ਤੂੰ ਏਹਦੇ ਬਾਰੇ ਲਿਖ, ਨਹੀਂ ਤਾਂ ਮੈਂ ਦੱਸਿਆ ਈ ਐ ਕਿ ਜਿਹਦੇ ਤੋਂ ਜੋ ਮਰਜ਼ੀ ਕਹਿ ਕੇ ਲਿਖਵਾ ਲਵਾਂ, ਚਾਹੇ ਭਿੰਡਰਾਂਵਾਲੇ ਨੂੰ ਕਿਸਾਨਾਂ ਦਾ ਨੇਤਾ ਕਹਾ ਲਵਾਂ ਜਾਂ ਕੁਝ ਹੋਰ।"

"ਤਰਲੋਕ ਸਿਆਂ, ਜਿਹਨਾਂ ਲੋਕਾਂ ਦੀ ਤੂੰ ਗੱਲ ਕਰਦਾਂ ਇਹਨਾਂ ਦੀ ਰੀੜ ਦੀ ਹੱਡੀ ਹੈ ਨਹੀਂ ਪਰ ਮੇਰੀ ਇਹ ਹੱਡੀ ਬਹੁਤ ਸਟਰੌਂਗ ਏ।"

ਆਖਦਿਆਂ ਕੁੰਦਨ ਨੇ ਉਸ ਵਲ ਬਹੁਤ ਬੁਰੀ ਨਜ਼ਰ ਨਾਲ ਦੇਖਿਆ। ਤਰਲੋਕ ਸਿੰਘ ਵੀ ਜ਼ਿੱਦੀ ਜਿਹੇ ਸੁਭਾਅ ਵਾਲਾ ਹੀ ਸੀ ਪਰ ਸੰਪਾਦਕ ਹੋਣ ਕਰਕੇ ਆਮ ਤੌਰ 'ਤੇ ਸਭ ਨਾਲ ਬਣਾ ਕੇ ਰੱਖਦਾ। ਕੁੰਦਨ ਉਸ ਨਾਲ ਪਹਿਲਾਂ ਵੀ ਖਹਿਬੜ ਚੁੱਕਿਆ ਸੀ। ਕੁੰਦਨ ਦੀ ਤਲਖ ਆਵਾਜ਼ ਸੁਣ ਕੇ ਤਰਲੋਕ ਬੋਲਿਆ,

"ਤੇਰੀ ਰੀੜ ਦੀ ਹੱਡੀ ਨੂੰ ਮੈਂ ਕਾਹਨੂੰ ਭੁੱਲਿਆ ਹੋਇਆਂ!"

"ਦੇਖ ਲਊਂ ਤੈਨੂੰ ਮੈਂ ਤਰਲੋਕ ਸਿੰਘਾ, ਵੱਡੇ ਖਾਲਿਸਤਾਨੀ ਨੂੰ!"

ਆਖਦਾ ਕੁੰਦਨ ਉਥੋਂ ਚੱਲ ਪਿਆ। ਉਸ ਦੇ ਜਾਂਦਿਆਂ ਤਰਲੋਕ ਸਿੰਘ ਬੁੜਬੁੜਾਉਂਦਾ ਬੋਲਿਆ,

"ਸਾਲ਼ਾ ਵੱਡਾ ਲੇਖਕ ਬਣਿਆਂ ਫਿਰਦਾ!"

ਤਰਲੋਕ ਸਿੰਘ ਨਾਲ ਬੈਠੇ ਆਪਣੇ ਇਕ ਕਾਮੇ ਨੂੰ ਕਹਿਣ ਲਗਿਆ,

"ਸਾਲ਼ਾ ਵੱਡਾ ਯੁਧਿਸ਼ਟਰ! ...ਆਪਣੀ ਧੀ ਦੀ ਸਹੇਲੀ ਨਾਲ ਸੌਂਦਾ ਰਿਹਾ ਇਹ! ...ਅਸੀਂ ਕਿਤੇ ਜਾਣਦੇ ਨਹੀ!"

10-ਆਪਣਾ ਪਰਚਾ ਜ਼ਰੂਰੀ

ਤਰਲੋਕ ਸਿੰਘ ਦੇ ਬੋਲਾਂ ਨਾਲ ਉਹ ਤੜਫ ਉਠਿਆ ਸੀ ਪਰ ਚੁੱਪ-ਚਾਪ ਆ ਗਿਆ ਸੀ। ਉਸ ਨੇ ਰਾਜਾ ਰਾਮ ਨੂੰ ਫੋਨ ਕਰਕੇ ਸਾਰੀ ਗੱਲ ਦੱਸੀ। ਰਾਜਾ ਰਾਮ ਕਹਿਣ ਲਗਿਆ,

"ਬਾਬਿਓ, ਤੁਹਾਨੂੰ ਓਹਦੇ ਸੁਭਾਅ ਦਾ ਪਤਾ ਈ ਐ, ਹੁਣ ਉਹ ਖਾਲਿਸਤਾਨ ਦੀ ਵਗਦੀ ਗੰਗਾ ਵਿੱਚੋਂ ਹੱਥ ਧੋਣ ਦੇ ਚੱਕਰ ਵਿੱਚ ਐ।"

"ਰਾਜਾ ਰਾਮ, ਇਹ ਮੌਕਾ ਏ ਇਕ ਹੋਰ ਪਰਚਾ ਕੱਢਣ ਦਾ, ਏਸ ਵੇਲੇ ਖਾਲਿਸਤਾਨ ਦੇ ਖਿਲਾਫ ਕੋਈ ਪਰਚਾ ਚਾਹੀਦਾ ਏ, ਕਿਉਂਕਿ ਬਹੁਤ ਸਾਰੇ ਲੋਕ ਖਾਲਿਸਤਾਨ ਨਹੀਂ ਚਾਹੁੰਦੇ।"

"ਬਾਬਿਓ, ਮੇਰੇ ਤਾਂ ਹੱਥ ਖੜੇ ਆ, ਮੈਂ ਤਾਂ ਹੁਣ ਕਲਪਨਾ ਵੀ ਨਹੀਂ ਕੱਢ ਸਕਦਾ, ਮੇਰੇ ਦੂਜੇ ਬਿਜ਼ਨਸ 'ਤੇ ਬਹੁਤ ਅਸਰ ਪੈ ਰਿਹਾ, ਏਦਾਂ ਕਰੋ ਤੁਸੀਂ ਮੇਰੀ ਸਾਰੀ ਮਸ਼ੀਨਰੀ ਲੈ ਜਾਓ ਤੇ ਆਪ ਈ ਕੋਈ ਪਰਚਾ ਕੱਢ ਲਓ।"

ਰਾਜਾ ਰਾਮ ਨੇ ਸਾਫ ਲਫਜ਼ਾਂ ਵਿੱਚ ਆਖ ਦਿਤਾ। ਕੁੰਦਨ ਸੋਚਾਂ ਵਿੱਚ ਪੈ ਗਿਆ। ਉਸ ਨੇ ਮਨਜੀਤ ਨਾਲ ਸਲਾਹ ਕੀਤੀ। ਉਸ ਦੀ ਆਦਤ ਸੀ ਕਿ ਉਹ ਬਾਹਰਲੀ ਹਰ ਗੱਲ ਵੀ ਉਸ ਨਾਲ ਸਾਂਝੀ ਕਰਦਾ। ਮਨਜੀਤ ਉਸ ਨੂੰ ਕਦੇ ਕਿਸੇ ਗੱਲੋਂ ਬਹੁਤਾ ਰੋਕਦੀ-ਟੋਕਦੀ ਨਹੀਂ ਸੀ। ਉਸ ਨੂੰ ਤਾਂ ਇਹੋ ਫਿਕਰ ਹੁੰਦਾ ਸੀ ਕਿ ਕੁੰਦਨ ਬਾਹਰ ਕਿਸੇ ਔਰਤ ਨਾਲ ਵਾਹ ਨਾ ਰੱਖੇ। ਕੁੰਦਨ ਨੂੰ ਵੀ ਇਸ ਗੱਲ ਦਾ ਪਤਾ ਸੀ। ਇਸੇ ਲਈ ਉਹ ਹਰ ਸਮਾਗਮ ਵਿੱਚ ਮਨਜੀਤ ਨੂੰ ਆਪਣੇ ਨਾਲ ਲੈ ਜਾਇਆ ਕਰਦਾ ਸੀ। ਸਗੋਂ ਉਸ ਨੂੰ ਮਨਜੀਤ ਦੇ ਨਾਲ ਤੁਰਨਾ ਬਹੁਤ ਚੰਗਾ ਲਗਦਾ। ਇਕ ਤਾਂ

ਉਸ ਦਾ ਰੰਗ ਗੋਰਾ ਸੀ ਤੇ ਦੂਜੇ ਉਸ ਨੂੰ ਬਣਨ-ਸੰਵਰਨ ਦਾ ਵੱਲ ਸੀ। ਗਹਿਣਿਆਂ ਨਾਲ ਲੱਦੀ ਉਹ ਬਾਹਰ ਨਿਕਲਦੀ। ਉਸ ਨੇ ਗੱਲਾਂ ਕਰਦਿਆਂ ਮਨਜੀਤ ਨੂੰ ਪਰਚਾ ਕੱਢਣ ਲਈ ਮਨਾ ਲਿਆ। ਮਨਜੀਤ ਦੇ ਨਾਂ ਉਪਰ 'ਚੜ੍ਹਦਾ ਸੂਰਜ' ਨਾਂ ਇਸ਼ਾਇਤ ਕਰਨ ਲਈ ਉਸ ਨੇ ਆਪਣੇ ਪਰ ਤੋਲਣੇ ਸ਼ੁਰੂ ਕਰ ਦਿਤੇ। ਉਹ ਮਿਡਲਸੈਕਸ ਦੇ ਸਾਰੇ ਸ਼ਹਿਰਾਂ ਦੇ ਵਿਓਪਾਰੀਆਂ ਕੋਲ ਇਸ਼ਤਿਹਾਰਾਂ ਲਈ ਪਹੁੰਚ ਕਰਨ ਲੱਗਿਆ।

ਇਹਨਾਂ ਦਿਨਾਂ ਵਿੱਚ ਹੀ ਪੰਜਾਬ ਵਿੱਚ ਖਾਲਿਸਤਾਨ ਦੀ ਲਹਿਰ ਹੋਰ ਵੀ ਜ਼ੋਰ ਫੜ ਗਈ। ਅਚਾਨਕ ਭਾਰਤੀ ਫੌਜ ਨੇ ਹਰਮੰਦਿਰ ਸਾਹਿਬ ਉਪਰ ਹਮਲਾ ਕਰ ਦਿਤਾ। ਪੰਜਾਬ ਵਿੱਚ ਕਰਫਿਊ ਲੱਗ ਗਿਆ। ਵੱਡੇ ਵੱਡੇ ਅੱਤਵਾਦੀ ਮਾਰੇ ਗਏ। ਜਿਵੇਂ ਆਟੇ ਨੂੰ ਪਲੇਥਣ ਲਗਦਾ ਹੈ ਇਵੇਂ ਹੀ ਅੱਤਵਾਦੀਆਂ ਦੇ ਨਾਲ ਹੀ ਬਹੁਤ ਸਾਰੇ ਬੇਗੁਨਾਹ ਵੀ ਮੌਤ ਦੇ ਘਾਟ ਉਤਾਰ ਦਿਤੇ ਗਏ। ਹਰਮੰਦਿਰ ਸਾਹਿਬ ਉਪਰ ਹਮਲਾ ਕਰਨ ਕਰਕੇ ਦੁਨੀਆਂ ਭਰ ਦੇ ਸਿੱਖ ਭਾਰਤੀ ਸਰਕਾਰ ਦੇ ਖਿਲਾਫ ਹੋ ਗਏ। ਸੜਕਾਂ ਉਪਰ ਖੜੇ ਲੋਕ ਧਾਹਾਂ ਮਾਰ ਮਾਰ ਰੋਣ ਲੱਗੇ। ਕੁੰਦਨ ਆਪ ਭਾਵੇਂ ਨਾਸਤਿਕ ਸੀ ਪਰ ਉਸ ਦੀ ਮਨਜੀਤ ਨੂੰ ਬਹੁਤ ਧੱਕਾ ਲੱਗਾ। ਪਿੱਛੇ ਪੰਜਾਬ ਵਿੱਚ ਉਸ ਦੇ ਪਿਤਾ ਲੌਂਗੋਵਾਲ ਅਕਾਲੀ ਦੱਲ ਦਾ ਲੀਡਰ ਹੋਣ ਕਰਕੇ ਉਹ ਕੁਝ ਕੁ ਸਿਆਸਤ ਨਾਲ ਵੀ ਜੁੜੀ ਹੋਈ ਸੀ। ਹਰਮੰਦਿਰ ਸਾਹਿਬ ਉਪਰ ਹਮਲੇ ਨੇ ਉਸ ਦੇ ਮਨ ਨੂੰ ਵੀ ਵਲੂੰਧਰ ਸੁਟਿਆ ਸੀ। ਉਹ ਆਪਣੇ ਕੰਮ ਉਪਰ ਵੀ ਤੇ ਘਰ ਵਿੱਚ ਵੀ ਇੰਦਰਾ ਗਾਂਧੀ ਦੇ ਖਿਲਾਫ ਬੋਲਦੀ ਰਹਿੰਦੀ। ਕੁੰਦਨ ਕਹਿੰਦਾ ਕਿ ਹਰਮਿੰਦਰ ਸਾਹਿਬ ਦੇ ਅੰਦਰ ਏਨੇ ਹਥਿਆਰ ਜਮ੍ਹਾਂ ਕਰ ਲਏ ਹੋਏ ਸਨ ਕਿ ਸਰਕਾਰ ਨੂੰ ਹਮਲਾ ਕਰਨਾ ਹੀ ਪੈਣਾ ਸੀ ਪਰ ਉਹ ਭਿੰਡਰਾਂਵਾਲੇ ਦੇ ਖਿਲਾਫ ਇਕ ਵੀ ਸ਼ਬਦ ਸੁਣਨ ਲਈ ਤਿਆਰ ਨਾ ਹੁੰਦੀ। ਉਹ ਆਮ ਤੌਰ 'ਤੇ ਰਾਮਗੜੀਆ ਗੁਰਦਵਾਰੇ ਜਾਇਆ ਕਰਦੀ ਸੀ ਪਰ ਰਾਮਗੜੀਆ ਗੁਰਦਵਾਰੇ ਵਿੱਚ ਖਾਲਿਸਤਾਨ ਦਾ ਕੋਈ ਰੌਲ਼ਾ ਨਹੀਂ ਸੀ ਇਸ ਲਈ ਉਸ ਨੇ ਵੱਡੇ ਗੁਰਦਵਾਰੇ ਜਾਣਾ ਸ਼ੁਰੂ ਕਰ ਦਿਤਾ ਜਿਥੇ ਅੱਤਵਾਦੀਆਂ ਦਾ ਬੋਲਬਾਲਾ ਸੀ। ਉਹ ਗੁਰਦਵਾਰੇ ਹੀ ਨਹੀਂ ਸੀ ਜਾਂਦੀ ਬਲਕਿ ਉਸ ਨੇ ਇਕ ਦਿਨ ਖਾਲਿਸਤਾਨ ਦੇ ਹੱਕ ਵਿੱਚ ਸਟੇਜ ਤੋਂ ਲੈਕਚਰ ਵੀ ਕੀਤਾ। ਕੁੰਦਨ ਨੂੰ ਇਸ ਗੱਲ ਦਾ ਇਕ ਦਮ ਤਾਂ ਪਤਾ ਨਾ ਚਲਿਆ ਪਰ ਉਸ ਦੇ ਇਕ ਕਾਮਰੇਡ ਤੋਂ ਤੀਜੇ ਕੁ ਦਿਨ ਪਤਾ ਚੱਲ ਗਿਆ। ਕੁੰਦਨ ਤਾਂ ਜਿਵੇਂ ਸਤਵੇਂ ਅਸਮਾਨੇ ਜਾ ਚੜ੍ਹਿਆ ਹੋਵੇ, ਉਸ ਨੇ ਕਿਹਾ,

"ਇਹ ਤੂੰ ਕੀ ਕੀਤਾ ਮਨਜੀਤ ਕੁਰੇ? ਮੇਰੀ ਬਣੀ ਬਣਾਈ ਇੱਜ਼ਤ ਮਿੱਟੀ ਵਿੱਚ ਰੋਲ਼ ਦਿਤੀ ਏ!"

"ਕਿਹੜੀ ਇੱਜ਼ਤ ਰੋਲ਼ ਦਿਤੀ ਏ, ਜੋ ਸੱਚ ਸੀ ਮੈਂ ਕਹਿ ਦਿਤਾ, ਹੁਣ ਖਾਲਿਸਤਾਨ ਬਣ ਕੇ ਈ ਰਹਿਣਾ, ਤੇਰੇ ਰੋਕਿਆਂ ਨਹੀਂ ਰੁਕਣਾ।"

"ਬੇਵਕੂਫ ਔਰਤ!"

"ਤੂੰ ਏਂ ਬੇਵਕੂਫ ਆਦਮੀ!"

ਏਨਾ ਕਹਿਣ 'ਤੇ ਜੇਠੂ ਉਸ ਵਲ ਅਹੁੜਿਆ। ਮਨਜੀਤ ਬੋਲੀ,

"ਹਰਾਮਜ਼ਾਦਿਆ, ਮੈਨੂੰ ਹੱਥ ਲਾ ਕੇ ਦਿਖਾ, ਜੇ ਤੈਨੂੰ ਮੁੜ ਕੇ ਅਨਾਥ ਨਾ ਬਣਾਇਆ ਤਾਂ ਮੈਨੂੰ ਕਿਹਨੇ ਬਸੰਤ ਸਿੰਘ ਦੀ ਧੀ ਕਹਿਣਾ!!"

ਕੁੰਦਨ ਥਾਵੇਂ ਹੀ ਰੁਕ ਗਿਆ ਤੇ ਚਿਹਰੇ 'ਤੇ ਇਵੇਂ ਦੋਵੇਂ ਬਾਹਾਂ ਰੱਖ ਲਈਆਂ ਜਿਵੇਂ ਆਪਣਾ ਬਚਾਅ ਕਰ ਰਿਹਾ ਹੋਵੇ।

ਇਕ ਦਿਨ ਬਨਫੂਲ ਦਾ ਫੋਨ ਆਇਆ,

"ਯਾਰ ਕੁੰਦਨ, ਆਪਣੀ ਘਰਵਾਲੀ ਨੂੰ ਸਮਝਾ, ਗੁਰਦਵਾਰੇ ਜਾ ਕੇ ਖਾਸਿਲਤਾਨ ਦੇ ਨਾਹਰੇ ਲਾਉਣ ਲਗਦੀ ਐ।"

"ਬਨਫੂਲ, ਮੈਂ ਵਿਚਾਰਾਂ ਦੀ ਅਜ਼ਾਦੀ ਦਾ ਹਾਮੀ ਆਂ। ਉਹਦੇ ਆਪਣੇ ਵਿਚਾਰ ਤੇ ਮੇਰੇ ਆਪਣੇ।"

ਕਹਿਣ ਨੂੰ ਤਾਂ ਉਸ ਨੇ ਕਹਿ ਦਿਤਾ ਪਰ ਅੰਦਰੋਂ ਬਹੁਤ ਔਖਾ ਸੀ। ਮਨਜੀਤ ਉਸ ਤੋਂ ਔਖੀ ਸੀ ਕਿ ਉਸ ਦੇ ਜਜ਼ਬਾਤ ਨੂੰ ਸਮਝ ਨਹੀਂ ਰਿਹਾ। ਉਸ ਨੂੰ ਜਦ ਵੀ ਕੋਈ ਸਹੇਲੀ ਜਾਂ ਕੋਈ ਕੁੰਦਨ ਦਾ ਵਾਕਫ ਵੀ ਮਿਲਦਾ ਤਾਂ ਉਹ ਦੱਸਣ ਲੱਗਦੀ,

"ਮੈਂ ਤਾਂ ਏਹਦੇ ਨਾਲ ਫਸੀ ਬੈਠੀ ਆਂ, ਮੈਂ ਬੀ. ਏ. ਪਾਸ ਆਂ, ਮੈਂ ਇੰਦਰਾ ਗਾਂਧੀ ਨਾਲ ਵੀ ਬਹਿਸ ਕਰ ਸਕਦੀ ਆਂ, ਬਹੁਤ ਹੀ ਘਟੀਆ ਖਾਨਦਾਨ ਦਾ ਬੰਦਾ ਇਹ, ਏਨੇ ਘਟੀਆ ਖਾਨਦਾਨ ਦਾ ਕਿ ਇਹਦੇ ਖਾਨਦਾਨ ਦਾ ਪਤਾ ਲਗਦੇ ਹੀ ਮੇਰੇ ਨਿਆਣੇ ਵੀ ਨਹੀਂ ਵਿਆਹ ਹੋਣੇ। ਮੇਰੇ ਨਿਆਣੇ ਮੇਰੇ ਪਿਓ ਤੇ ਭਰਾਵਾਂ ਦੇ ਮੂੰਹ ਨੂੰ ਵਿਆਹ ਹੋਣਗੇ। ਏਹਨੂੰ ਕਹਾਣੀਆਂ ਦੇ ਪਲਾਟ ਤਾਂ ਮੈਂ ਲਿਆ ਕੇ ਦਿੰਨੀ ਆਂ, ...ਹੋਰ ਕੀ ਦੱਸਾਂ! ...ਝੱਗਾ ਚੁੱਕਿਆਂ ਆਪਣਾ ਈ ਢਿੱਡ ਨੰਗਾ ਹੁੰਦਾ ਏ!"

ਕੁੰਦਨ ਵੀ ਆਪਣੇ ਦੋਸਤਾਂ ਨਾਲ ਗੱਲਾਂ ਕਰਦਾ ਜਾਂ ਆਪਣੀ ਡਾਇਰੀ ਵਿੱਚ ਹੀ ਲਿਖਣ ਬਹਿ ਜਾਂਦਾ,

"ਬਹੁਤ ਹੀ ਭੈੜੀ ਔਰਤ ਏ, ਇਹਦਾ ਭਰਾ ਮੇਰੀਆਂ ਦੁਕਾਨਾਂ ਖਾ ਗਿਆ, ਮੇਰੇ ਖਿਲਾਫ ਬੱਚਿਆਂ ਨੂੰ ਚੁੱਕੀ ਜਾਂਦੀ ਏ, ਆਪਣੇ ਪੁੱਤ ਨੂੰ ਪੁੱਤ ਈ ਨਹੀਂ ਸਮਝਦੀ, ਧੀ ਨੂੰ ਘਰੋਂ ਦੁੜਾਉਣ ਵਿੱਚ ਏਹਦਾ ਈ ਹੱਥ ਏ, ਮੈਂ ਤਾਂ ਏਸ ਚੁੜੇਲ ਤੋਂ ਹੁਣ ਤਲਾਕ ਲੈ ਲੈਣਾ ਏਂ।"

ਉਹਨਾਂ ਦੀ ਗੱਲ ਸੁਣਨ ਵਾਲੇ ਉਹਨਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ ਪਰ ਉਹਨਾਂ ਦੇ ਵਖਰੇਵੇਂ ਵਧਦੇ ਜਾ ਰਹੇ ਸਨ। ਸਾਂਝੇ ਦੋਸਤਾਂ ਨੂੰ ਫਿਕਰ ਸੀ ਕਿ ਗੱਲ ਤਲਾਕ ਵਲ ਵਧ ਰਹੀ ਹੈ। ਸੱਚ ਵੀ ਇਹੋ ਸੀ। ਦੋਵੇਂ ਹੀ ਆਪੋ-ਆਪਣੇ ਵਕੀਲਾਂ ਨੂੰ ਤਲਾਕ ਸਬੰਧੀ ਸਲਾਹਾਂ ਲੈਣ ਲਈ ਮਿਲੇ ਵੀ। ਇਹਨਾਂ ਦਿਨਾਂ ਵਿੱਚ ਇਕ ਖ਼ਬਰ ਸੁਣਨ ਨੂੰ ਮਿਲੀ ਕਿ ਉਸ ਦੇ ਦੋਸਤ ਰਸ਼ਪਾਲ ਦੀ ਪਤਨੀ ਸੁਨੀਤਾ ਨੇ ਰਸ਼ਪਾਲ ਉਪਰ ਤਲਾਕ ਦਾ ਕੇਸ ਕਰ ਦਿਤਾ ਹੈ। ਉਹ ਘਰ ਤੇ ਉਸ ਦਾ ਵਿਓਪਾਰ ਸਭ ਕੁਝ ਵਿੱਚੋਂ ਬਰਾਬਰ ਦਾ ਹਿੱਸਾ ਮੰਗ ਰਹੀ ਹੈ। ਸੁਨੀਤਾ ਮਨਜੀਤ ਦੀ ਖਾਸ ਸਹੇਲੀ ਸੀ। ਕੁੰਦਨ ਸੋਚਣ ਲੱਗਿਆ ਕਿ ਜੇਕਰ ਮਨਜੀਤ ਸੁਨੀਤਾ ਵਾਲੇ ਰਾਹ 'ਤੇ ਤੁਰ ਪਈ ਤਾਂ ਉਹ ਵੀ ਘਰ ਵਿੱਚੋਂ ਤੇ ਬੈਂਕ ਵਿਚ ਪਏ ਪੈਸਿਆਂ ਵਿੱਚੋਂ ਹਿੱਸਾ ਮੰਗੇਗੀ। ਉਸ ਨੇ ਸੋਚਿਆ ਕਿ ਕਿਉਂ ਨਾ ਬੈਂਕ ਵਿੱਚੋਂ ਸਾਰੇ ਪੈਸੇ ਕਢਵਾ ਕੇ ਕਿਸੇ ਹੋਰ ਪਾਸੇ ਰੱਖ ਲਵੇ। ਉਹ ਬੈਂਕ ਗਿਆ ਤਾਂ ਪਤਾ

ਚੱਲਿਆ ਕਿ ਮਨਜੀਤ ਨੇ ਵਕੀਲ ਰਾਹੀਂ ਉਸ ਦੇ ਸਾਰੇ ਅਕਾਊਂਟ ਸੀਲ ਕਰਵਾ ਦਿਤੇ ਸਨ। ਉਸ ਨੂੰ ਘਰ ਵਿੱਚੋਂ ਤੇ ਸਾਰੀ ਜਾਇਦਾਦ ਵਿੱਚੋਂ ਬਰਾਬਰ ਦਾ ਹਿੱਸਾ ਚਾਹੀਦਾ ਸੀ। ਕੁੰਦਨ ਨੂੰ ਖਾਲਿਸਤਾਨ ਵੀ ਭੁੱਲ ਗਿਆ ਤੇ ਸਾਹਿਤ ਵੀ ਤੇ ਪੀ ਐਚ ਡੀ. ਵੀ। ਉਹ ਆਪਣਾ ਘਰ ਸੰਭਾਲਣ ਵਲ ਧਿਆਨ ਦੇਣ ਲੱਗਿਆ।

ਇਕ ਦਿਨ ਉਹ ਹਾਲੇ ਕੰਮ 'ਤੇ ਪੁੱਜਿਆ ਹੀ ਸੀ ਕਿ ਰਸ਼ਪਾਲ ਉਸ ਨੂੰ ਮਿਲਣ ਆ ਗਿਆ। ਕਹਿਣ ਲਗਿਆ,

"ਸੁਨੀਤਾ ਨੇ ਮੈਨੂੰ ਘਰੋਂ ਕੱਢ ਦਿਤੈ, ਕਹਿੰਦੀ ਕਿ ਮੈਂ ਉਸ ਨੂੰ ਕੁੱਟਣ ਪੈਨਾਂ, ਪੁਲੀਸ ਆਈ ਤਾਂ ਇਹ ਕਹਿਣ ਲੱਗ ਪਈ ਕਿ ਮੈਨੂੰ ਏਸ ਬੰਦੇ ਤੋਂ ਜਾਨ ਦਾ ਖਤਰਾ। ਪੁਲੀਸ ਮੈਨੂੰ ਕਹਿੰਦੀ ਕਿ ਇਥੋਂ ਬਾਹਰ ਹੋ, ਹੁਣ ਮੈਂ ਕਿਸੇ ਦੋਸਤ ਦੀ ਗੈਰਿਜ ਵਿੱਚ ਸੌਂ ਰਿਹਾਂ।"

"ਇਹਦਾ ਮਤਲਬ ਮਨਜੀਤ ਵੀ ਏਦਾਂ ਈ ਕਰੂ।"

"ਹਰ ਔਰਤ ਇਕੋ ਜਿਹੀ ਐ ਮੇਰੇ ਭਰਾ, ਹੇਠੋਂ ਵੀ, ਉਪਰੋਂ ਵੀ ਤੇ ਵਿੱਚੋਂ ਵੀ, ਏਹਦਾ ਮਕਸਦ ਬੰਦੇ ਨੂੰ ਹਰਾਉਣਾ ਐਂ, ਬੰਦੇ ਨੂੰ ਨੀਵਾਂ ਦਿਖਾਉਣਾ ਐਂ, ਔਰਤ ਮੂਹਰੇ ਬੰਦਾ ਕਿਹੜੇ ਬਾਗ ਦੀ ਮੂਲੀ ਐ!"

ਰਸ਼ਪਾਲ ਨੇ ਹਾਰਿਆਂ ਵਾਂਗ ਕਿਹਾ। ਜੇਠੂ ਨੂੰ ਆਪਣਾ ਬਚਪਨ ਚੇਤੇ ਆ ਗਿਆ। ਉਸ ਨੂੰ ਤਾਈ ਤੇ ਮਨਜੀਤ ਦੇ ਚਿਹਰੇ ਰਲ਼ਗੱਡ ਹੁੰਦੇ ਜਾਪੇ। ਇਕ ਸ਼ਾਮ ਉਸ ਨੇ ਪਤਨੀ ਨੂੰ ਕੋਲ ਬਠਾਇਆ ਤੇ ਬੋਲਿਆ,

"ਮਨਜੀਤ ਕੁਰੇ, ਕੀ ਇਹ ਲੜਨਾ-ਭਿੜਨਾ ਚੰਗੀ ਗੱਲ ਏ?"

"ਮੈਂ ਨਹੀਂ ਕੁੰਦਨ, ਤੂੰ ਕਰਦਾਂ ਐਂ ਇਹ ਸਭ, ਤੂੰ ਤਾਂ ਬਿਲਕੁਲ ਜ਼ੀਰੋ ਬੰਦਾ ਐਂ, ਨਾ ਤਾਂ ਤੇਰੇ ਕਰਕੇ ਸਾਡੇ ਨਿਆਣੇ ਵਿਆਹ ਹੋਣੇ ਆਂ ਤੇ ਨਾ ਮੇਰੀ ਸੁਸਾਇਟੀ ਵਿੱਚ ਕੋਈ ਇੱਜ਼ਤ ਬਣਨੀ ਐਂ, ਤੇਰੇ ਗੰਦੇ ਪਿਛੋਕੜ ਨੇ ਸਭ ਸਤਿਆਨਾਸ ਕਰ ਦਿਤਾ, ਉਪਰੋਂ ਦੀ ਤੂੰ ਇੱਕੀ ਪਾ ਦਿਤੀ ਐ!"

ਕੁੰਦਨ ਨੇ ਸ਼ਾਂਤੀ ਰੱਖਦਿਆਂ ਆਖਿਆ,

"ਦੇਖ, ਆਪਣੀ ਸਮਾਜ ਵਿੱਚ ਇੱਜ਼ਤ ਏ, ਮੈਂ ਏਡਾ ਵੱਡਾ ਲੇਖਕ ਆਂ, ਏਡਾ ਮੇਰਾ ਨਾਂ! ਜ਼ਰਾ ਸੋਚ, ਆਪਾਂ ਏਦਾਂ ਲੜਦੇ ਚੰਗੇ ਲੱਗਦੇ ਆਂ? ...ਮੇਰਾ ਸਾਥ ਦੇ, ਮੈਂ ਵੀ ਤੇਰਾ ਹਰ ਕਹਿਣਾ ਮੰਨਦਾਂ।"

"ਇਹ ਸਾਰੀ ਰਿਸਪੈਕਟ ਮੇਰੇ ਕਰਕੇ ਆ ਕੁੰਦਨ!"

"ਚੱਲ ਤੇਰੇ ਕਰਕੇ ਹੀ ਸਹੀ।"

ਆਖਦਾ ਉਹ ਰੋਣ ਲੱਗ ਪਿਆ। ਮਨਜੀਤ ਜਾਣਦੀ ਸੀ ਕਿ ਇਵੇਂ ਫਿੱਸ ਪੈਣਾ ਉਸ ਦੇ ਸੁਭਾਅ ਦਾ ਅੰਗ ਸੀ ਪਰ ਉਸੇ ਵੇਲੇ ਹੀ ਅਗਲੇ ਨੂੰ ਮਾਰ ਦੇਣ ਬਾਰੇ ਵੀ ਤਿਆਰ ਬੈਠਾ ਹੁੰਦਾ। ਰੋਂਦਾ ਤਾਂ ਕੁੰਦਨ ਹੈ ਪਰ ਜੇਠੂ ਤਾਂ ਕਚੀਚੀਆਂ ਵਟਦਾ ਹੋਵੇਗਾ। ਕਈ ਦਿਨਾਂ ਦੇ ਕਲੇਸ਼ ਤੋਂ ਮਨਜੀਤ ਵੀ ਅੱਕ ਚੁੱਕੀ ਸੀ। ਉਹ ਉਸ ਦੀ ਗੱਲ ਜ਼ਰਾ ਧਿਆਨ ਨਾਲ ਸੁਣਨ ਲੱਗੀ। ਕੁੰਦਨ ਪਹਿਲਾਂ ਉਸ ਨੂੰ ਪੱਬ ਲੈ ਕੇ ਗਿਆ ਤੇ ਫਿਰ ਰੈਸਟੋਰੈਂਟ ਖਾਣੇ ਲਈ ਚਲੇ ਗਏ। ਮਨਜੀਤ ਨੂੰ ਇਹ ਬਹੁਤ ਚੰਗਾ ਲਗਿਆ। ਅਗਲੇ ਦਿਨ ਹੀ ਉਸ ਨੇ ਮਨਜੀਤ ਨੂੰ ਝੁਮਕੇ ਬਣਾ ਦਿਤੇ। ਮਨਜੀਤ ਪਿਘਲਣ ਲੱਗੀ। ਉਹ ਮੁੜ ਘਿਓ-ਖਿਚੜੀ ਹੋਣ ਲੱਗੇ। ਪਾਇਲ ਤਾਂ ਇਹਨਾਂ ਦਿਨਾਂ ਵਿੱਚ ਘਰ ਆਈ ਹੀ ਨਹੀਂ ਸੀ ਪਰ ਅਮਰਜੋਤ ਉਹਨਾਂ ਦੀ ਲੜਾਈ ਵਿੱਚ ਕਾਫੀ ਉਲਝਿਆ ਰਿਹਾ ਸੀ। ਪਿਓ ਉਸ ਉਪਰ ਜ਼ਿਆਦਾ ਦਬਾਅ ਪਾਉਣ ਲੱਗਦਾ ਤਾਂ ਉਹ ਪਿਓ ਦਾ ਪੱਖ ਲੈ ਲੈਂਦਾ, ਮਾਂ ਜ਼ਿਆਦਾ ਕੰਨ ਭਰਦੀ ਤਾਂ ਮਾਂ ਨਾਲ ਸਹਿਮਤ ਹੋ ਜਾਂਦਾ। ਉਹ ਸਤਾਰਾਂ ਸਾਲ ਦਾ ਸੀ ਪਰ ਸੋਚਦਾ ਹਾਲੇ ਵੀ ਬਾਰਾਂ ਸਾਲ ਦੇ ਬੱਚਿਆਂ ਵਾਂਗ ਸੀ। ਘਰ ਵਿੱਚ ਵੀ ਉਹ ਨਾ ਕਿਸੇ ਕੰਮ ਵਿੱਚ ਮੱਦਦ ਕਰਾਉਂਦਾ ਸੀ ਨਾ ਕੁਝ ਹੋਰ, ਸਗੋਂ ਢੇਰ ਸਾਰੇ ਕੱਪੜੇ ਧੋਣ ਲਈ ਜਮ੍ਹਾਂ ਕਰ ਦਿੰਦਾ। ਇਸ ਗੱਲ 'ਤੇ ਮਨਜੀਤ ਗੁੱਸੇ ਵਿੱਚ ਆਈ ਉਸ ਨੂੰ ਵੀ ਕਹਿ ਦਿਆ ਕਰਦੀ ਸੀ ਕਿ ਜਿਵੇਂ ਪਾਇਲ ਘਰੋਂ ਗਈ ਹੈ ਉਹ ਵੀ ਕਿਤੇ ਦੌੜ ਜਾਵੇ।

ਕੁੰਦਨ ਨੇ ਮਨਜੀਤ ਨੂੰ ਕਿਹਾ,

"ਦੇਖ ਆਪਾਂ ਕਿੰਨੇ ਦਿਨਾਂ ਬਾਅਦ ਖੁਸ਼ ਦਿਸਣ ਲੱਗੇ ਆਂ, ਏਸ ਮੁਲਕ ਵਿੱਚ ਨਿਆਣੇ ਕਦੇ ਵੀ ਆਪਣੇ ਨਹੀਂ ਹੁੰਦੇ, ...ਪਾਇਲ ਆਪਣੇ ਰਾਹ ਤੁਰ ਗਈ, ਏਸ ਅਮਰਜੋਤ ਨੇ ਵੀ ਸਾਡਾ ਨਹੀਂ ਬਣਨਾ, ਫੇਰ ਝਗੜਾ ਕਿਹੜੀ ਗੱਲ ਦਾ!"

ਮਨਜੀਤ ਕੁਝ ਨਾ ਬੋਲੀ। ਕੁੰਦਨ ਫਿਰ ਆਖਣ ਲੱਗਿਆ,

"ਦੇਖ, ਮੈਂ ਵੀ ਸਮਝਦਾਂ ਕਿ ਹਰਮੰਦਿਰ ਸਾਹਿਬ ਉਪਰ ਫੌਜ ਚੜ੍ਹ ਕੇ ਇੰਦਰਾ ਗਾਂਧੀ ਨੇ ਗਲਤੀ ਕੀਤੀ ਏ, ਮੈਂ ਤਾਂ ਇਹ ਕਹਿ ਰਿਹਾਂ ਕਿ ਕਿੰਨੇ ਬੇਗੁਨਾਹਾਂ ਦਾ ਪੰਜਾਬ ਵਿੱਚ ਕਤਲੇਆਮ ਹੋ ਰਿਹਾ ਏ ਇਹ ਸਭ ਖਾਲਿਸਤਾਨ ਮੰਗਣ ਵਾਲਿਆਂ ਨੇ ਸ਼ੁਰੂ ਕੀਤਾ ਏ, ਲੇਖਕ ਹੋਣ ਦੇ ਨਾਤੇ ਸਾਡਾ ਫਰਜ਼ ਏ ਕਿ ਉਸ ਬੰਦੇ ਨਾਲ ਖੜੀਏ ਜਿਸ ਉਪਰ ਜ਼ੁਲਮ ਹੋ ਰਿਹਾ ਏ, ਇਥੇ ਸਰਕਾਰ ਬਹੁਤ ਗਲਤ ਏ ਪਰ ਠੀਕ ਖਾਲਿਸਤਾਨ ਦੀ ਮੰਗ ਕਰਨ ਵਾਲੇ ਵੀ ਨਹੀਂ। ਮੈਨੂੰ ਪਤਾ ਏ ਕਿ ਤੇਰੇ ਪਿਤਾ ਲੌਂਗੋਵਾਲ ਗਰੁੱਪ ਦੇ ਲੀਡਰ ਨੇ ਪਰ ਇਹ ਗਰੁੱਪ ਤਾਂ ਕਦੇ ਵੀ ਖਾਲਿਸਤਾਨ ਨਹੀਂ ਮੰਗਦਾ।"

ਮਨਜੀਤ ਉਸ ਵਲ ਦੇਖਦੀ ਜਾ ਰਹੀ ਸੀ। ਉਸ ਨੂੰ ਲੱਗਣ ਲੱਗਿਆ ਕਿ ਕੁੰਦਨ ਦੀ ਗੱਲ ਠੀਕ ਹੈ। ਕੁੰਦਨ ਆਪਣੀ ਗੱਲ ਕਹਿੰਦਾ ਰਿਹਾ,

"ਲੋਕਾਂ ਵਿੱਚ ਆਪਣਾ ਪਤੀ-ਪਤਨੀ ਦਾ ਜਿਹੜਾ ਅਕਸ ਬਣਿਆਂ ਹੋਇਆ ਏ ਉਹ ਏ ਅਗਾਂਹ ਵਧੂ ਜੋੜੇ ਦਾ, ਆਪਾਂ ਫੰਡਾਮੈਂਟਲ ਲੋਕਾਂ ਦਾ ਸਾਥ ਦੇ ਕੇ ਆਪਣਾ ਅਕਸ ਨਹੀਂ ਖਰਾਬ ਕਰ ਸਕਦੇ, ਏਸ ਲਈ ਆਪਾਂ ਨੂੰ ਹਰ ਜ਼ਾਲਮ ਦੇ ਖਿਲਾਫ ਬੋਲਣਾ ਪਵੇਗਾ, ਚਾਹੇ ਉਹ ਸਰਕਾਰ

ਹੋਵੇ ਜਾਂ ਕੋਈ ਅੱਤਵਾਦੀ। ਤੂੰ ਆਪਣੇ ਪਿਤਾ ਜਾਂ ਕਿਸੇ ਭਰਾ ਨਾਲ ਗੱਲ ਕਰਕੇ ਦੇਖੇਂਗੀ ਤਾਂ ਉਹ ਵੀ ਇਹੋ ਕਹਿਣਗੇ। ਅੱਤਵਾਦੀਆਂ ਨੂੰ ਸਹੀ ਕਹਿਣ ਦਾ ਮਤਲਬ ਏ ਕਿ ਉਹਨਾਂ ਦੇ ਹੱਥ ਮਜ਼ਬੂਤ ਕਰਨੇ!"

ਹੁਣ ਮਨਜੀਤ ਨੂੰ ਮਹਿਸੂਸ ਹੋਣ ਲੱਗਿਆ ਸੀ ਕਿ ਗੁਰਦਵਾਰੇ ਵਿੱਚ ਖਾਲਿਸਤਾਨ ਦੇ ਹੱਕ ਵਿੱਚ ਬੋਲ ਕੇ ਉਸ ਨੇ ਗਲਤੀ ਕਰ ਲਈ ਹੈ। ਉਸ ਨੂੰ ਪਤਾ ਸੀ ਕਿ ਉਸ ਦਾ ਪਿਤਾ ਵੀ ਖਾਲਿਸਤਾਨ ਦੇ ਹੱਕ ਵਿੱਚ ਨਹੀਂ ਹੈ। ਉਸ ਨੂੰ ਤਾਂ ਸਗੋਂ ਅੱਤਵਾਦੀਆਂ ਵਲੋਂ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ। ਉਹ ਬੋਲੀ,

"ਕੁੰਦਨ, ਤੂੰ ਜ਼ਿਆਦਤੀ ਕਰ ਜਾਨੈਂ, ਇਹ ਗੱਲਾਂ ਆਪਾਂ ਪਹਿਲਾਂ ਵੀ ਤਾਂ ਏਦਾਂ ਪਿਆਰ ਨਾਲ ਕਰ ਸਕਦੇ ਸੀ।"

"ਚੱਲ ਹੋ ਗਿਆ ਜੋ ਹੋਣਾ ਸੀ, ਹੁਣ ਆਪਾਂ ਪਰਚਾ ਕੱਢਣ ਬਾਰੇ ਸੋਚੀਏ, ਉਸ ਦੀ ਮਾਲਕ ਤੂੰ ਹੋਵੇਂਗੀ, ਜਿਵੇਂ ਕਹੇਂਗੀ ਕਰਾਂਗੇ।"

ਮਨਜੀਤ ਕੁਝ ਨਾ ਬੋਲੀ। ਕੁੰਦਨ ਨੂੰ ਪਤਾ ਸੀ ਕਿ ਉਸ ਦੀ ਚੁੱਪ ਦੇ ਅਰਥ 'ਹਾਂ' ਹਨ। ਉਹ ਪਰਚਾ ਕੱਢਣ ਦੀ ਤਿਆਰੀ ਕਰਨ ਲੱਗਿਆ। ਉਸ ਨੇ ਰਾਜਾ ਰਾਮ ਤੇ ਹੋਰਨਾਂ ਦੋਸਤਾਂ ਤੋਂ ਇਸ ਬਾਰੇ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿਤੀ। ਇਸ਼ਤਿਹਾਰਾਂ ਲਈ ਵੀ ਬੰਦੇ ਲੱਭਣੇ ਸ਼ੁਰੂ ਕਰ ਦਿਤੇ। ਕਾਲਾ ਸਿੰਘ ਨਾਂ ਦਾ ਬੰਦਾ 'ਵਿਦੇਸ਼' ਲਈ ਇਸ਼ਤਿਹਾਰ ਇਕੱਠੇ ਕਰਨ ਦਾ ਕੰਮ ਕਰਦਾ ਸੀ। ਕੁੰਦਨ ਨੇ ਉਸ ਤਕ ਪਹੁੰਚ ਕੀਤੀ ਤੇ ਕਹਿਣ ਲਗਿਆ,

"ਸਰਦਾਰ ਕਾਲਾ ਸਿੰਘ ਜੀ, ਅਸੀਂ ਪਰਚਾ ਕੱਢਣ ਲਗੇ ਆਂ, ਜੇ ਇਸ਼ਤਿਹਾਰ ਸਾਨੂੰ ਲੈ ਦਿਓਂ ਤਾਂ ਅਸੀਂ ਕਮਿਸ਼ਨ ਜ਼ਿਆਦਾ ਦਿਆਂਗੇ।"

11-ਚੜ੍ਹਦਾ ਸੂਰਜ

ਖਾਲਿਸਤਾਨ ਦਾ ਰੌਲਾ ਵਧ ਰਿਹਾ ਸੀ। 'ਵਿਦੇਸ਼' ਦੀ ਇਸ਼ਾਇਤ ਵੀ ਦਿਨੋ ਦਿਨ ਉਪਰ ਜਾ ਰਹੀ ਸੀ। ਸਿੱਖ ਮਾਨਸਿਕਤਾ ਵਾਲਾ ਵਿਓਪਾਰੀ ਤਬਕਾ ਧੜਾਧੜ ਇਸ਼ਤਿਆਰ 'ਵਿਦੇਸ਼' ਨੂੰ ਦੇ ਰਿਹਾ ਸੀ। ਹਿੰਦੂ ਵਿਓਪਾਰੀ ਜਾਂ ਖਾਸਿਲਤਾਨ ਦੀ ਖਿਲਾਫਤ ਕਰਨ ਵਾਲੇ ਲੋਕਾਂ ਵਿੱਚੋਂ ਇਸ਼ਤਿਹਾਰ ਇਕੱਠੇ ਕਰਨ ਦੇ ਮੌਕੇ ਅਣਫਰੋਲ਼ੇ ਪਏ ਸਨ। ਕੁੰਦਨ ਆਪਣੇ ਪਰਚੇ ਲਈ ਇਹਨਾਂ ਲੋਕਾਂ ਤਕ ਪਹੁੰਚ ਕਰਨੀ ਚਾਹੁੰਦਾ ਸੀ। ਪਰਚੇ ਦਾ ਨਾਂ ਉਸ ਨੇ 'ਚੜ੍ਹਦਾ ਸੂਰਜ' ਰੱਖਿਆ ਚੜ੍ਹਦਾ ਸੂਰਜ। ਕਾਫੀ ਸਾਰਾ ਕੰਮ ਉਸ ਨੂੰ ਆਉਂਦਾ ਹੀ ਸੀ। ਉਸ ਨੇ ਰਾਜਾ ਰਾਮ ਦੀ ਮੱਦਦ ਲੈ ਲਈ ਤੇ ਬਨਵਾਰੀ ਨਾਂ ਦਾ ਇਕ ਬੰਦਾ ਕਾਫੀ ਦੇਰ 'ਪੰਜਾਬ ਨਿਊਜ਼' ਵਿਚ ਕੰਮ ਕਰਦਾ ਰਿਹਾ ਸੀ, ਉਸ ਨੇ ਇਸ ਅਖਬਾਰ ਵਿੱਚੋਂ ਇਸੇ ਕਰਕੇ ਨੌਕਰੀ ਛੱਡੀ ਸੀ ਕਿਉਂਕਿ ਇਹ ਪਰਚਾ ਖਾਲਿਸਤਾਨੀ ਹੋ ਗਿਆ ਸੀ ਤੇ ਹਿੰਦੂਆਂ ਦੇ ਖਿਲਾਫ ਜ਼ਹਿਰ ਉਗਲਣ ਲਗਿਆ ਸੀ, ਉਹ ਮੁਫਤ ਵਿੱਚ ਹੀ ਕੁੰਦਨ ਦੀ ਮੱਦਦ ਕਰਾਉਣ ਲੱਗ ਪਿਆ। ਉਸ ਨੇ ਆਪਣੀ ਗੈਰਿਜ ਵਿੱਚ ਹੀ ਮਸ਼ੀਨਾਂ ਲਗਾ ਲਈਆਂ। ਘਰਦੇ ਮੂਹਰਲੇ ਕਮਰੇ ਨੂੰ ਹੀ ਪਰਚੇ ਦਾ ਦਫਤਰ ਬਣਾ ਲਿਆ।

ਕੁੰਦਨ ਨੇ ਪਰਚਾ ਕੱਢ ਮਾਰਿਆ। ਹਾਲੇ ਉਸ ਨੇ ਇਹ ਪਰਚਾ ਪੰਦਰਾਂ ਦਿਨ ਬਾਅਦ ਕੱਢਿਆ ਕਰਨਾ ਸੀ ਤੇ ਬਾਅਦ ਵਿੱਚ ਹਫਤਾਵਾਰ ਕਰ ਦੇਣਾ ਸੀ। ਪਹਿਲਾ ਅੰਕ ਤੀਹ ਸਫੇ ਦਾ ਪਰਚਾ ਸੀ। ਪੰਜਾਬ ਦੀਆਂ ਖ਼ਬਰਾਂ ਉਹਨੇ ਇੰਡੀਆ ਤੋਂ ਆਈਆਂ ਅਖ਼ਬਾਰਾਂ ਵਿੱਚੋਂ ਫੋਟੋ ਕਾਪੀ ਕਰਕੇ ਲਾ ਦਿਤੀਆਂ। ਸਵਾਲ-ਜਵਾਬ ਵਾਲਾ ਕਾਲਮ ਖੁਦ ਲਿਖ ਲਿਆ। ਇਸ ਵਿਚਲੇ ਬਹੁਤ ਲੇਖ ਉਸ ਨੇ ਆਪ ਹੀ ਲਿਖੇ ਜਿਹੜੇ ਕਿ ਵੱਖ ਵੱਖ ਨਾਵਾਂ ਥੱਲੇ ਛਾਪ ਦਿਤੇ। ਜੋਗੇਂਦਰ ਦੀ ਕਹਾਣੀ ਲਗਾ ਲਈ। ਕਵਿਤਾਵਾਂ ਬਗੈਰਾ ਇਕੱਠੀਆਂ ਕਰਨੀਆਂ ਤਾਂ ਮੁਸ਼ਕਲ ਹੈ ਹੀ ਨਹੀਂ ਸਨ। ਬਹੁਤ ਸਾਰੇ ਲੇਖਕਾਂ ਦਾ ਉਸ ਨਾਲ ਜੁੜ ਜਾਣਾ ਸੰਭਵ ਹੈ ਹੀ ਸੀ। ਇਸ਼ਤਿਹਾਰ ਇਕੱਠੇ ਕਰਨ ਲਈ ਉਹ ਮਿਡਲਸੈਕਸ ਦੇ ਸਾਰੇ ਦੁਕਾਨਦਾਰਾਂ ਕੋਲ ਗਿਆ। ਉਸ ਨੂੰ ਪਤਾ ਸੀ ਕਿ ਖਾਲਿਸਤਾਨ ਦਾ ਪੱਤਾ ਚਲਾ ਕੇ ਹਿੰਦੂ ਮਾਨਸਿਕਤਾ ਨੂੰ ਕਿਵੇਂ ਵਰਤਣਾ ਹੈ। ਕੁਝ ਇਸ਼ਤਿਹਾਰ ਉਸ ਨੂੰ ਮਿਲ ਗਏ, ਕੁਝ ਕੁ ਉਸਨੇ ਮੁਫਤ ਵਿੱਚ ਹੀ ਲਗਾ ਦਿਤੇ। ਇਵੇਂ ਕੁਲ ਮਿਲਾ ਕੇ ਉਸ ਦਾ ਪਰਚਾ ਚੰਗਾ ਸੀ। ਭਾਵੇਂ ਇਹ 'ਵਿਦੇਸ਼' ਦੇ ਮੁਕਾਬਲੇ ਦਾ ਨਹੀਂ ਸੀ ਪਰ ਫਿਰ ਵੀ ਲੋਕਾਂ ਦੀ 'ਕੁਝ ਪੜ੍ਹਨ' ਦੀ ਭੁੱਖ ਪੂਰੀ ਕਰ ਸਕਦਾ ਸੀ। ਉਸ ਨੇ ਮਿਡਲਸੈਕਸ ਦੀਆਂ ਬਹੁਤ ਸਾਰੀਆਂ ਦੁਕਾਨਾਂ ਉਪਰ ਆਪ ਜਾ ਕੇ ਪਰਚਾ ਰੱਖ ਦਿਤਾ। ਕਿਤੇ ਪੰਜ ਕਾਪੀਆਂ ਤੇ ਕਿਤੇ ਦਸ ਕਾਪੀਆਂ।

ਇੰਗਲੈਂਡ ਦੇ ਲੇਖਕਾਂ ਵਿੱਚ ਇਸ ਪਰਚੇ ਨੇ ਖਾਸ ਹਿੱਲਜੁਲ ਪੈਦਾ ਕਰ ਦਿਤੀ। 'ਵਿਦੇਸ਼' ਦੀ ਖਾਲਿਸਤਾਨੀ ਨੀਤੀ ਤੋਂ ਬਹੁਤ ਸਾਰੇ ਲੇਖਕ ਔਖੇ ਸਨ। ਕੁੰਦਨ ਆਪ ਲੇਖਕ ਸੀ ਇਸ ਲਈ ਵੀ ਲੋਕ ਇਸ ਪਰਚੇ ਨੂੰ ਚਾਹ ਕੇ ਪੜ੍ਹਦੇ। ਇਹਨਾਂ ਦਿਨਾਂ ਵਿੱਚ ਹੀ ਕੁਝ ਹੋਰ ਪਰਚੇ ਵੀ ਖਾਲਿਸਤਾਨ ਦੇ ਵਿਰੋਧੀ ਸੁਰ ਵਾਲੇ ਮਾਰਕੀਟ ਵਿੱਚ ਆ ਗਏ। 'ਲੋਕਤਾ' ਨਾਂ ਦਾ ਇਕ ਪਰਚਾ ਪੰਦਰਵਾੜੇ ਛਪਦਾ ਜਿਸ ਨੂੰ ਮਾਰਕਸੀ ਪਾਰਟੀ ਵਾਲੇ ਛਾਪਦੇ, ਇਵੇਂ ਹੀ ਇਕ 'ਅਕਸ' ਨਾਂ ਦਾ ਪਰਚਾ ਵੀ ਛਪਣਾ ਸ਼ੁਰੂ ਹੋ ਗਿਆ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਇਸ ਦੀ ਪਿੱਠ 'ਤੇ ਭਾਰਤੀ ਸਰਕਾਰ ਹੈ। 'ਵਿਦੇਸ਼' ਦੇ ਸਿੱਧੇ ਵਿਰੋਧ ਵਿੱਚ ਵੀ ਮਾਸਿਕ ਸਾਹਿਤਕ ਪਰਚਾ ਵੀ ਨਿਕਲਣਾ ਸ਼ੁਰੂ ਹੋ ਗਿਆ। ਨਵੇਂ ਨਿਕਲੇ ਬਹੁਤੇ ਪਰਚਿਆਂ ਦਾ ਮਕਸਦ ਆਪਣੀਆਂ ਨੀਤੀਆਂ ਦਾ ਪਰਚਾਰ ਸੀ ਪਰ ਕੁੰਦਨ ਇਸ ਤੋਂ ਪੈਸੇ ਕਮਾਉਣੇ ਚਾਹੁੰਦਾ ਸੀ ਤੇ ਨਾਲ ਦੀ ਨਾਲ ਤਰਲੋਕ ਸਿੰਘ ਵਾਂਗ ਛਾ ਜਾਣਾ ਵੀ ਚਾਹੁੰਦਾ ਸੀ। ਉਸ ਦੀ ਸਾਰੀ ਸੋਚ, ਸਾਰਾ ਧਿਆਨ ਇਸ ਪਰਚੇ ਨੇ ਮੱਲ ਲਿਆ।

ਪਰਚੇ ਦੇ ਪਹਿਲੇ ਅੰਕ ਨੇ ਉਸ ਨੂੰ ਕਾਫੀ ਘਾਟਾ ਪਾਇਆ। ਜਿਥੇ ਪੰਜ ਕਾਪੀਆਂ ਰੱਖੀਆਂ ਸੀ ਚਾਰ ਮੁੜ ਆਈਆਂ, ਜਿਥੇ ਦਸ ਰੱਖੀਆਂ ਸਨ ਵਿੱਚੋਂ ਅੱਠ ਮੁੜ ਆਈਆਂ। ਇਸ਼ਤਿਹਾਰਾਂ ਦੇ ਪੈਸੇ ਵੀ ਸਾਵੇਂ ਜਿਹੇ ਹੀ ਆਏ ਸਨ। ਕੁਝ ਹੋਰ ਅੰਕ ਕੱਢੇ, ਉਸ ਦੇ ਪਰਚੇ ਦੀ ਗੱਲਬਾਤ ਤਾਂ ਵਾਹਵਾ ਤੁਰ ਪਈ ਪਰ ਜੇਬ੍ਹ ਵਿੱਚੋਂ ਖਰਚ ਬਹੁਤ ਹੋ ਰਿਹਾ ਸੀ। ਉਸ ਨੇ ਵਿਓਪਾਰਕ ਭਾਈਚਾਰੇ ਨਾਲ ਨੇੜਤਾ ਪੈਦਾ ਕਰਨ ਲਈ ਅਮਰਜੋਤ ਦਾ ਅਠਾਰਵਾਂ ਜਨਮ ਦਿਨ ਵੱਡੀ ਪੱਧਰ 'ਤੇ ਮਨਾਉਣ ਦਾ ਫੈਸਲਾ ਕਰ ਲਿਆ। ਇਸ ਕੰਮ ਲਈ ਵੱਡਾ ਸਾਰਾ ਹਾਲ ਬੁੱਕ ਕਰਾਇਆ। ਉਸ ਨੇ ਮਿਡਲਸੈਕਸ, ਹੰਸਲੋ, ਹੈਰੋ, ਈਲਿੰਗ ਗੱਲ ਕੀ ਕਿ ਸਾਰੇ ਪੱਛਮੀ ਲੰਡਨ ਦੇ ਦੁਕਾਨਦਾਰ, ਰੈਸਟੋਰੈਂਟ ਵਾਲੇ ਤੇ ਛੋਟੀਆਂ ਮੋਟੀਆਂ ਫੈਕਟਰੀਆਂ ਵਾਲੇ ਇਸ ਪਾਰਟੀ ਵਿੱਚ ਸੱਦੇ। ਡੀ. ਜੇ. ਦਾ ਇੰਤਜ਼ਾਮ ਕੀਤਾ ਗਿਆ। ਲੋਕ ਤਰ੍ਹਾਂ ਤਰ੍ਹਾਂ ਦੇ ਤੋਹਫੇ ਲਿਆਏ। ਲੈਕਚਰ ਕੀਤੇ ਗਏ। ਜਿਥੇ ਅਮਰਜੋਤ ਨੂੰ ਜਨਮ ਦਿਨ ਦੀਆਂ ਵਧਾਈਆਂ ਦਿਤੀਆਂ ਗਈਆਂ ਉਥੇ 'ਚੜ੍ਹਦਾ ਸੂਰਜ' ਦੀ ਲੰਮੀ ਉਮਰ ਦੀ ਦੁਆ ਵੀ ਕੀਤੀ ਗਈ। ਇਸ ਪਾਰਟੀ ਦਾ ਕੁੰਦਨ ਨੂੰ ਕੁਝ ਕੁ ਫਾਇਦਾ ਹੋਇਆ ਪਰ ਓਨਾ ਨਹੀਂ ਜਿੰਨੇ ਦੀ ਉਹ ਆਸ ਰੱਖਦਾ ਸੀ। ਬਹੁਤ ਥੋੜ੍ਹੇ ਨਵੇਂ ਇਸ਼ਤਿਹਾਰ ਮਿਲੇ।

ਅਮਰਜੋਤ ਦੀ ਪਾਰਟੀ ਉਪਰ ਉਸ ਨੇ ਲੇਖਕ ਬਹੁਤ ਘੱਟ ਸੱਦੇ ਸਨ। ਉਸ ਨੂੰ ਪਤਾ ਸੀ ਕਿ ਲੇਖਕ ਉਸ ਦੇ ਪਰਚੇ ਦੀ ਕੋਈ ਆਰਥਿਕ ਮੱਦਦ ਨਹੀਂ ਕਰ ਸਕਦੇ। ਹਾਂ, ਇਸ ਪਾਰਟੀ 'ਤੇ ਪਾਇਲ ਵੀ ਆਈ। ਪਾਇਲ ਹੁਣ ਸਟੀਵ ਨਾਂ ਦੇ ਅਫਰੀਕਨ ਮੁੰਡੇ ਨਾਲ ਰਹਿੰਦੀ ਸੀ। ਇੰਨੇ ਚਿਰ ਵਿੱਚ ਉਸ ਨੇ ਕਈ ਬੁਆਏ ਫਰੈਂਡ ਬਦਲ ਲਏ ਸਨ। ਉਸ ਦਾ ਸੁਭਾਅ ਵੀ ਗੁੱਸੇ ਖੋਰ ਹੋਣ ਕਰਕੇ ਕਿਸੇ ਨਾਲ ਘੱਟ ਹੀ ਬਣਦੀ ਸੀ। ਜਦ ਬੁਆਏ ਫਰੈਂਡ ਨਾਲ ਵਿਗੜ ਜਾਂਦੀ ਤਦ ਉਹ ਕੁਝ ਦਿਨਾਂ ਲਈ ਘਰ ਆ ਜਾਂਦੀ। ਕੁੰਦਨ ਨੇ ਉਸ ਨੂੰ ਕਿਸੇ ਵੀ ਗੱਲੋਂ ਟੋਕਣਾ ਛੱਡ ਦਿਤਾ ਹੋਇਆ ਸੀ। ਮਨਜੀਤ ਜ਼ਰੂਰ ਉਸ ਦੇ ਮਗਰ ਪਈ ਰਹਿੰਦੀ ਕਿ ਟਿਕ ਕੇ ਘਰ ਰਹੇ ਤੇ ਕਿਧਰੇ ਨੌਕਰੀ ਕਰੇ ਤੇ ਵਿਆਹ ਕਰਾ ਕੇ ਸੈਟਲ ਹੋ ਜਾਵੇ ਪਰ ਪਾਇਲ ਨੇ ਕਦੇ ਵੀ ਆਪਣੀ ਮਾਂ ਦੀ ਗੱਲ ਨਹੀਂ ਸੀ ਸੁਣੀ।

ਅਮਰਜੋਤ ਦੇ ਜਨਮ ਦਿਨ ਦੀ ਪਾਰਟੀ ਉਪਰ ਖਰਚ ਬਹੁਤ ਹੋ ਗਿਆ ਸੀ ਪਰ ਫਾਇਦਾ ਬਹੁਤ ਥੋੜ੍ਹਾ। ਜਦ ਕੁੰਦਨ ਹਿਸਾਬ ਕਰ ਰਿਹਾ ਸੀ ਤਾਂ ਮਨਜੀਤ ਕੋਲ ਹੀ ਬੈਠੀ ਸੀ। ਉਹ ਭੁੜਕਦੀ ਹੋਈ ਬੋਲੀ,

"ਕਿਉਂ ਅੱਡੀਆਂ ਚੁੱਕ ਕੇ ਪਰਚੇ ਦਾ ਫਾਹਾ ਲਿਆ?"

"ਹਰ ਗੱਲ ਵਿੱਚ ਫਾਇਦਾ ਹੀ ਨਹੀਂ ਸੋਚੀਦਾ।"

"ਹੋਰ ਨੁਕਸਾਨ ਸੋਚੀਦਾ? ...ਤੂੰ ਤਾਂ ਡਾਕਖਾਨੇ ਜਾਨੈਂ ਤੇ ਕੁਰਸੀ 'ਤੇ ਬੈਠ ਕੇ ਆ ਜਾਨਾ ਏਂ, ਮੈਂ ਫੈਕਟਰੀ ਵਿੱਚ ਸਾਰਾ ਦਿਨ ਮਸ਼ੀਨ 'ਤੇ ਖੜ੍ਹੇ ਪੈਰ ਕੰਮ ਕਰਦੀ ਆਂ, ਲੱਤਾਂ ਵਿੱਚ ਖੱਲੀਆਂ ਪੈ ਜਾਂਦੀਆਂ, ਪੈਰ ਪਾਥੀਆਂ ਵਰਗੇ ਹੋ ਜਾਂਦੇ ਨੇ, ਏਨੀ ਔਖ ਨਾਲ ਕਮਾਏ ਮੇਰੇ ਪੈਸੇ ਤੂੰ ਪਰਚੇ 'ਤੇ ਰੋੜੀ ਜਾਨਾਂ!"

ਮਨਜੀਤ ਗੁੱਸੇ ਵਿੱਚ ਸੀ ਪਰ ਕੁੰਦਨ ਨਰਮ ਰਿਹਾ। ਜਦੋਂ ਦਾ ਪਰਚਾ ਸ਼ੁਰੂ ਕੀਤਾ ਸੀ ਕੁੰਦਨ ਜਲਦੀ ਸਮਝੌਤੇ ਦੇ ਰੌਂਅ ਵਿੱਚ ਆ ਜਾਂਦਾ ਸੀ ਕਿਉਂਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਪਰਚਾ ਚਲਦਾ ਰੱਖਣਾ ਚਾਹੁੰਦਾ ਸੀ।

ਇਕ ਦਿਨ ਉਸ ਨੇ ਡਾਕ ਦੇਖੀ ਤਾਂ ਜੋਗੇਂਦਰ ਦਾ ਭੇਜਿਆ ਇਕ ਲਿਫਾਫਾ ਮਿਲਿਆ। ਉਹ ਸਮਝ ਗਿਆ ਕਿ ਉਸ ਨੇ ਪਰਚੇ ਲਈ ਕਹਾਣੀ ਭੇਜੀ ਹੋਵੇਗੀ। ਉਸ ਨੇ ਭੇਜਣ ਵਾਲੇ ਦੇ ਪਤੇ ਦੀ ਜਗਾਹ 'ਤੇ ਕੋਈ ਨਵਾਂ ਸਿਰਨਾਵਾਂ ਦੇਖਿਆ ਤਾਂ ਸੋਚਣ ਲੱਗਿਆ ਕਿ ਜੋਗੇਂਦਰ ਨੇ ਘਰ ਕਦੋਂ ਬਦਲਿਆ ਹੋਇਆ। ਉਸ ਨੇ ਲਿਫਾਫਾ ਖੋਹਲਿਆ। ਕਹਾਣੀ ਦੇ ਨਾਲ ਸਿਰਨਾਵਾਂ ਵੀ ਨਵਾਂ ਤੇ ਫੋਨ ਨੰਬਰ ਵੀ। ਕੁੰਦਨ ਨੇ ਉਸੇ ਵੇਲੇ ਹੀ ਉਸ ਨੂੰ ਫੋਨ ਕਰ ਲਿਆ ਤੇ ਪੁੱਛਣ ਲਗਿਆ,

"ਆਹ ਨਵੇਂ ਐਡਰੈੱਸ ਵਾਲੀ ਕੀ ਕਹਾਣੀ ਐਂ ਬਈ?"

"ਵੱਡੇ ਭਾਊ, ਗੜਬੜ ਹੋ ਗਈ, ਮੈਨੂੰ ਤੀਵੀਂ ਛੱਡਣੀ ਪਈ।"

"ਕਿਉਂ?"

"ਬਹੁਤ ਤਿੜਫਿੜ ਕਰਦੀ ਸੀ, ਹਰ ਵੇਲੇ ਸਿਰ 'ਤੇ ਚੜ੍ਹ ਕੇ ਬੈਠੀ ਰਹਿੰਦੀ ਸੀ, ਇਕ ਦਿਨ ਦੋ ਚੁਪੇੜਾਂ ਕੀ ਮਾਰ ਬੈਠਾ ਕਿ ਸਾਲ਼ੀ ਨੇ ਪੁਲੀਸ ਬੁਲਾ ਲਈ ਬੱਸ ਫਿਰ ਮੈਂ ਰੱਸਾ ਲਪੇਟ 'ਤਾ।"

ਜੋਗੇਂਦਰ ਹੁੱਬ ਕੇ ਦੱਸ ਰਿਹਾ ਸੀ। ਕੁੰਦਨ ਦੇ ਦਿਲ ਨੂੰ ਕੁਝ ਹੋਣ ਲੱਗਿਆ। ਜੋਗੇਂਦਰ ਨੇ ਫਿਰ ਕਿਹਾ,

"ਭਾਊ, ਉਹ ਹਰ ਵੇਲੇ ਡੌਮੀਨੇਟ ਕਰਨ ਦੀ ਕੋਸ਼ਿਸ਼ ਕਰਦੀ ਸੀ, ਮੇਰੇ ਕੋਲੋਂ ਬਰਦਾਸ਼ਤ ਨਹੀਂ ਸੀ ਹੁੰਦਾ, ਮਨ ਨੂੰ ਤਕਲੀਫ ਤਾਂ ਬਹੁਤ ਹੋਈ ਪਰ ਮੈਨੂੰ ਏਹ ਸਟੈੱਪ ਲੈਣਾ ਈ ਪਿਆ, ਉਹ ਵੀ ਜਿੱਦਾਂ ਅੱਡ ਹੋਣ ਨੂੰ ਉਡੀਕਦੀ ਹੋਵੇ, ਘਰ ਲੈ ਗਈ ਪਰ ਹੁਣ ਰੋਂਦੀ ਫਿਰਦੀ ਆ, ...ਭਾਊ ਤੀਵੀਂ ਨੂੰ ਸਮਝਣਾ ਬਹੁਤ ਔਖਾ!"

ਕੁੰਦਨ ਸੋਚਣ ਲੱਗਿਆ ਕਿ ਜੋਗੇਂਦਰ ਵਿੱਚ ਹਿੰਮਤ ਸੀ, ਉਸ ਨੇ ਇਹ ਕਦਮ ਚੁੱਕ ਲਿਆ ਪਰ ਉਹ ਆਪ ਏਨਾ ਕੰਮ ਨਹੀਂ ਕਰ ਸਕਿਆ। ਨਿਹਾਇਤ ਭੈੜੀ ਔਰਤ ਦੇ ਥੱਲੇ ਲੱਗਿਆ ਹੋਇਆ ਸੀ। ਉਸ ਨੇ ਪੁੱਛਿਆ,

"ਹੁਣ ਕਿਥੇ ਰਹਿੰਨਾ?"

"ਨੌਰਥ ਲੰਡਨ, ਦੁਕਾਨ ਲੈ ਲਈ ਛੋਟੀ ਜਿਹੀ।"

"ਫੇਰ ਪਰਚੇ ਲਈ ਐਡ ਦੇ।"

"ਜਿਸ ਇਲਾਕੇ ਵਿੱਚ ਦੁਕਾਨ ਆ ਇਥੇ ਆਪਣਾ ਬੰਦਾ ਕੋਈ ਨਹੀਂ, ਐਡ ਦਾ ਫਾਇਦਾ ਨਹੀਂ ਹੋਣਾ।"

"ਓਦਾਂ ਮੱਦਦ ਕਰ ਪਰਚੇ ਦੀ।"

"ਭਾਊ, ਹਾਲੇ ਦੁਕਾਨ ਨਵੀਂ ਆਂ।"

"ਕਿਸੇ ਹੋਰ ਤੋਂ ਐਡ ਦਵਾ, ਹੁਣ ਤਾਂ ਤੇਰੀ ਬਥੇਰੀ ਵਾਕਫੀ ਹੋ ਗਈ ਹੋਣੀ ਆਂ।"

"ਹਾਂ, ਹੈਗੇ ਆ, ਕੈਸ਼ ਐਂਡ ਕੈਰੀ ਤੇ ਵੇਅਰ ਹਾਊਸ ਵਾਲ਼ੇ ਜਿਥੋਂ ਮੈਂ ਮਾਲ ਚੁੱਕਦਾਂ, ਚਲੇ ਚੱਲਾਂਗੇ ਕਿਸੇ ਦਿਨ।"

ਜੋਗੇਂਦਰ ਨੇ ਉਸ ਨਾਲ ਮਿਲਣ ਦਾ ਸਮਾਂ ਤੈਅ ਕਰ ਲਿਆ। ਉਹ ਦੋਵੇਂ ਰਲ਼ ਕੇ ਕਈ ਜਗਾਹ 'ਤੇ ਗਏ ਪਰ ਕੋਈ ਵੀ ਇਸ਼ਤਿਹਾਰ ਨਾ ਮਿਲਿਆ। ਅਸਲ ਵਿੱਚ ਉਹ ਸਾਰੀਆਂ ਵੱਡੀਆਂ ਕੰਪਨੀਆਂ ਸਨ ਤੇ ਨੈਸ਼ਨਲ ਅਖ਼ਬਾਰਾਂ ਰਾਹੀਂ ਹੀ ਇਸ਼ਤਿਹਾਰਬਾਜ਼ੀ ਕਰਾਉਂਦੀਆਂ ਸਨ। ਉਸ ਸ਼ਾਮ ਕੁੰਦਨ ਜੋਗੇਂਦਰ ਦੀ ਦੁਕਾਨ 'ਤੇ ਚਲੇ ਗਿਆ। ਦੁਕਾਨ ਉਪਰ ਇਕ ਗੋਰੀ ਕੰਮ ਕਰ ਰਹੀ ਸੀ। ਜੋਗੇਂਦਰ ਨੇ ਵਾਕਫੀ ਕਰਾਉਂਦਿਆਂ ਕਿਹਾ,

"ਇਹ ਲੈਜ਼ਲੀ, ਮੇਰੀ ਦੋਸਤ ਵੀ ਤੇ ਸਹਾਇਕ ਵੀ।"

ਪਤਲੀ ਜਿਹੀ ਲੈਜ਼ਲੀ ਨੇ ਅਗੇ ਵੱਧ ਕੇ ਕੁੰਦਨ ਸਿੰਘ ਨਾਲ ਹੱਥ ਮਿਲਾਇਆ। ਕੁੰਦਨ ਸਿੰਘ ਨੇ ਅੰਗਰੇਜ਼ੀ ਵਿੱਚ ਉਸ ਦਾ ਹਾਲ ਚਾਲ ਪੁੱਛਿਆ ਤੇ ਫਿਰ ਜੋਗੇਂਦਰ ਨੂੰ ਪੁੱਛਣ ਲੱਗਿਆ,

"ਦੁਕਾਨ ਵਿੱਚ ਵੀ ਕੰਮ ਕਰਦੀ ਏ ਕਿ...?"

"ਮੇਰੇ ਨਾਲ ਈ ਰਹਿੰਦੀ ਆ, ਛੇ ਮਹੀਨੇ ਹੋ ਗਏ, ਬਹੁਤ ਪਿਆਰੀ ਕੁੜੀ ਆ, ਕੋਈ ਕੁਮਿਟਮੈਂਟ ਨਹੀਂ, ਨਿਰੋਲ ਦੋਸਤੀ ਆ, ਜਿੰਨੀ ਦੇਰ ਨਿਭੀ, ਨਿਭੀ ਨਹੀਂ ਤਾਂ ਪਰ੍ਹੇ ਹੋ ਜਾਵਾਂਗੇ।"

"ਛੋਟੇ ਭਾਊ, ਤੂੰ ਤਾਂ ਬਈ ਛਾ ਗਿਆਂ!"

ਕੁੰਦਨ ਨੇ ਹੈਰਾਨ ਹੁੰਦਿਆਂ ਕਿਹਾ। ਜੋਗੇਂਦਰ ਨੇ ਵਿਸਕੀ ਦੀ ਬੋਤਲ ਖੋਹਲ ਲਈ। ਉਸ ਨੇ ਦੋ ਪਟਿਆਲਾ ਸ਼ਾਹੀ ਪੈੱਗ ਭਰੇ ਤਾਂ ਕੁੰਦਨ ਦੀਆਂ ਵਰਾਛਾਂ ਖਿੜ ਗਈਆਂ। ਉਸ ਨੇ ਆਪਣਾ ਪੈੱਗ ਇਕੋ ਸਾਹੇ ਮੁਕਾ ਦਿਤਾ। ਜੋਗੇਂਦਰ ਨੇ ਹੋਰ ਪੈੱਗ ਪਾ ਦਿਤਾ। ਕੁੰਦਨ ਕਹਿਣ ਲੱਗਿਆ,

"ਯਾਰ, ਤੂੰ ਉਹ ਕੁੜੀ ਛੱਡ ਕੇ ਚੰਗਾ ਨਹੀਂ ਕੀਤਾ, ਬਹੁਤ ਸੁਹਣੀ ਕੁੜੀ ਸੀ।"

"ਭਾਊ, ਕਿਹਦਾ ਦਿਲ ਕਰਦਾ ਆਪਣਾ ਘਰ ਪੱਟਣ ਨੂੰ ਪਰ ਉਹ ਬਹੁਤ ਜ਼ਿਆਦਤੀ ਕਰਨ ਲੱਗ ਪਈ ਸੀ, ਉਹਨੂੰ ਪਤਾ ਸੀ ਮੈਂ ਆਪਣੀ ਕੁੜੀ ਨੂੰ, ਆਪਣੇ ਘਰ ਨੂੰ ਬਹੁਤ ਪਿਆਰ ਕਰਦਾਂ, ਉਹ ਮੇਰੇ ਉਪਰ ਇਮੋਸ਼ਨਲ ਤਸ਼ੱਦਦ ਕਰਨ ਲੱਗ ਪੈਂਦੀ ਸੀ, ਇਕ ਦਿਨ ਮੈਂ ਫੈਸਲਾ ਕਰ ਲਿਆ ਕਿ ਜੋ ਹੁੰਦਾ ਹੋ ਜਾਵੇ, ਉਹਦੇ ਸਾਹਮਣੇ ਦੋ ਰਾਹ ਰੱਖੇ ਕਿ ਜਾਂ ਤਾਂ ਸਿੱਧੀ ਹੋ ਜਾਵੇ ਜਾਂ ਫੇਰ ਆਹ ਕੁਝ ਜੋ ਹੋਇਆ।"

"ਗੱਲ ਤਾਂ ਤੇਰੀ ਠੀਕ ਏ, ਇਹ ਔਰਤਾਂ ਬੰਦੇ ਨੂੰ ਬਗੈਰ ਲਿੰਗ ਤੋਂ ਯਹਿ ਜਾਂਦੀਆਂ ਪਰ ਕੀ ਕੀਤਾ ਜਾਵੇ!"

"ਸੱਚੀ ਗੱਲ ਤਾਂ ਇਹ ਆ ਕਿ ਉਹ ਮੈਨੂੰ ਨੀਵਾਂ ਦਿਖਾਉਣ ਲਈ ਮੇਰੇ ਖਾਨਦਾਨ ਨੂੰ ਨੌਲਣ ਲੱਗਦੀ ਸੀ, ਮੈਂ ਉਹਨੂੰ ਹਰ ਗੱਲ ਵਿੱਚ ਬਰਾਬਰ ਰੱਖਦਾ ਸੀ, ਮੇਰੀ ਸ਼ਰਾਫਤ ਨੂੰ ਉਹ ਮੇਰੀ ਕਮਜ਼ੋਰੀ ਸਮਝਣ ਲੱਗੀ ਸੀ, ...ਇਕ ਦਿਨ ਮੈਂ ਖੜਕਾ 'ਤੀ!"

"ਇਹ ਹੋਈ ਨਾ ਗੱਲ! ...ਮੈਂ ਵੀ ਭਾਊ ਇਤਰਾਂ ਦਾ ਈ ਆਂ, ਜੱਟ ਏਤਰਾਂ ਈ ਕਰਦੇ ਹੁੰਦੇ ਨੇ।"

ਗੱਲ ਕਰਦੇ ਕੁੰਦਨ ਦੀ ਜ਼ੁਬਾਨ ਲੜਖੜਾ ਰਹੀ ਸੀ। ਉਸ ਨੇ ਹੋਰ ਸ਼ਰਾਬ ਨਾ ਪੀਤੀ ਕਿਉਂਕਿ ਕਾਰ ਵੀ ਚਲਾਉਣੀ ਸੀ। ਸਾਰੇ ਰਾਹ ਉਸ ਸੋਚਦਾ ਆਇਆ ਕਿ ਉਸ ਵਿੱਚ ਅਜਿਹੀ ਕਿਹੜੀ ਕਮਜ਼ੋਰੀ ਹੈ ਕਿ ਉਹ ਮਨਜੀਤ ਦੇ ਏਨਾ ਥੱਲੇ ਲੱਗਿਆ ਹੋਇਆ ਹੈ। ਘਰ ਆ ਕੇ ਉਸ ਨੇ ਇਕ ਪੈੱਗ ਵਿਸਕੀ ਦਾ ਹੋਰ ਪੀਤਾ ਤੇ ਮਨਜੀਤ ਕੋਰ ਨੂੰ ਬੋਲਿਆ,

"ਦੇਖ ਬਈ ਮੈਡਮ, ਆਪਾਂ ਇਕ ਗੱਲ ਕਰੀਏ, ਮੁੜ ਕੇ ਨਾ ਤੂੰ ਮੇਰੇ ਪਿਛੋਕੜ ਨੂੰ ਕੁਝ ਕਹਿਣਾ ਹੋਏਗਾ ਤੇ ਨਾ ਮੈਂ ਤੇਰੇ ਮਾਂਪਿਓ ਨੂੰ।"

"ਹੁਣ ਦਾਰੂ ਦੀ ਚੂਲ਼ੀ ਪੀ ਕੇ ਕੀ ਬਕਵਾਸ ਕਰਨ ਲੱਗਿਆ ਏਂ?"

"ਬਕਵਾਸ ਨਹੀਂ ਸੱਚ ਕਹਿ ਰਿਹਾਂ।"

"ਤੂੰ ਚੁੱਪ ਕਰਕੇ ਰੋਟੀ ਖਾਹ ਤੇ ਉਪਰ ਜਾ ਕੇ ਸੌਂ, ਮੈਂ ਸਵੇਰੇ ਕੰਮ 'ਤੇ ਵੀ ਜਾਣਾ ਏਂ।"

"ਤੂੰ ਕੰਮ 'ਤੇ ਜਾਹ ਜਾਂ ਨਾ ਜਾਹ ਪਰ ਜਿਹੜੀ ਗੱਲ ਮੈਂ ਕਹਿ ਰਿਹਾਂ ਉਹਦੇ ਵਲ ਧਿਆਨ ਦੇਹ।"

"ਮੈਂ ਕਦੇ ਤੇਰੇ ਪਿਛੋਕੜ ਬਾਰੇ ਗਲਤ ਨਹੀਂ ਕਿਹਾ, ਜੋ ਕਿਹਾ, ਸੱਚ ਕਿਹਾ, ਤੂੰ ਅਨਾਥ ਸੀ, ਗਰੀਬੀ ਦਾ ਮਾਰਿਆ!"

"ਤੇ ਤੇਰਾ ਪਿਓ ਕੰਜਰ ਕਿਹੜੀ ਰਿਆਸਤ ਦਾ ਰਾਜਾ ਸੀ? ...ਉਹ ਵੀ ਆਪਣੀ ਧੀ ਲਈ ਮੇਰੇ ਵਰਗੇ ਕਿਸੇ ਅਨਾਥ ਨੂੰ ਹੀ ਉਡੀਕ ਰਿਹਾ ਸੀ ਕਿ ਸਾਰੀ ਉਮਰ ਕਮਾਈ ਖਾਣ ਨੂੰ!"

"ਮੈਂ ਏਸ ਜੇਠੂ ਨੂੰ ਜਿਥੋਂ ਨਿਕਲਿਆ ਓਥੇ ਹੀ ਵਾੜ ਦੇਣਾਂ।"

"ਤੇ ਜੇਠੂ ਨੇ ਵੀ ਤੇਰੀ ਮਾਂ ਦੀ...!"

ਮਨਜੀਤ ਨੇ ਉਸ ਦੀ ਪੂਰੀ ਗੱਲ ਸੁਣੇ ਬਿਨਾ ਆਪਣਾ ਬੈਗ ਚੁੱਕਿਆ ਤੇ ਘਰੋਂ ਬਾਹਰ ਹੋ ਗਈ। ਕੁੰਦਨ ਉਥੇ ਸੈਟੀ ਉਪਰ ਹੀ ਸੌਂ ਗਿਆ। ਅਮਰਜੋਤ ਹੁਣ ਯੂਨੀਵਰਸਟੀ ਚਲੇ ਗਿਆ ਸੀ ਤੇ ਉਥੇ ਹੀ ਰਹਿੰਦਾ ਸੀ।

ਕੁੰਦਨ ਸਵੇਰੇ ਉਠਿਆ ਤਾਂ ਉਸ ਨੂੰ ਰਾਤ ਵਾਲੀ ਘਟਨਾ ਦੀਆਂ ਗੱਲਾਂ ਚੇਤੇ ਆਉਣ ਲੱਗੀਆਂ। ਉਸ ਨੂੰ ਖੁਸ਼ੀ ਹੋਈ ਕਿ ਉਸ ਨੇ ਮਨਜੀਤ ਨੂੰ ਸਖਤ ਗੱਲਾਂ ਕਹੀਆਂ ਸਨ। ਉਸ ਨੂੰ ਪਤਾ ਸੀ ਕਿ ਉਹ ਵੱਧ ਤੋਂ ਵੱਧ ਸੁਨੀਤਾ ਵਲ ਚਲੇ ਗਈ ਹੋਵੇਗੀ ਜਾਂ ਕਿਸੇ ਹੋਰ ਸਹੇਲੀ ਵਲ। ਹੁਣ ਉਸ ਨੂੰ ਜਾ ਕੇ ਮਿੰਨਤ-ਤਰਲਾ ਕਰ ਕੇ ਮਨਾਉਣਾ ਪਵੇਗਾ। ਪਹਿਲਾਂ ਵੀ ਕਈ ਵਾਰ ਇਵੇਂ ਹੋ ਜਾਇਆ ਕਰਦਾ ਸੀ। ਉਸ ਨੇ ਫੋਨ ਕਰਕੇ ਕੰਮ ਤੋਂ ਛੁੱਟੀ ਲੈ ਲਈ। ਰਸ਼ਪਾਲ ਨੂੰ ਫੋਨ ਕੀਤਾ। ਮਨਜੀਤ ਰਾਤੀਂ ਉਸ ਦੇ ਘਰ ਹੀ ਚਲੀ ਗਈ ਸੀ। ਰਸ਼ਪਾਲ ਮਿੰਨਤ ਤਰਲਾ ਕਰਕੇ ਵਾਪਸ ਸੁਨੀਤਾ ਕੋਲ ਆਪਣੇ ਘਰ ਚਲੇ ਗਿਆ ਹੋਇਆ ਸੀ। ਕੁੰਦਨ ਨੇ ਇਸ਼ਨਾਨ ਕੀਤਾ, ਨਾਸ਼ਤਾ ਬਣਾਇਆ ਤੇ ਸੋਚਣ ਲੱਗਾ ਕਿ ਮਨਜੀਤ ਨੂੰ ਮਨਾਉਣ ਹੁਣੇ ਜਾਵੇ ਕਿ ਇਕ ਅੱਧਾ ਦਿਨ ਉਥੇ ਹੀ ਰਹਿਣ ਦੇਵੇ। ਉਹ ਸੋਚ ਹੀ ਰਿਹਾ ਸੀ ਕਿ ਜੋਗੇਂਦਰ ਦਾ ਫੋਨ ਆ ਗਿਆ। ਉਹ ਪੁੱਛ ਰਿਹਾ ਸੀ ਕਿ ਘਰ ਠੀਕ ਠਾਕ ਪੁੱਜ ਗਏ ਹੋ। ਕੁੰਦਨ ਨੇ ਆਖਿਆ,

"ਯਾਰ, ਤੇਰੀ ਗੋਰੀ ਬੜੀ ਕਮਾਲ ਦੀ ਐ, ਨਿਰੀ ਸੁਲਫੇ ਦੀ ਲਾਟ!"

"ਵੱਡੇ ਭਾਊ, ਇਹਦੀ ਇਕ ਸਹੇਲੀ ਹੈਗੀ ਆ, ਸੂਜ਼ਨ, ਬਹੁਤ ਸੁਹਣੀ, ਉਹਨੇ ਆਪਣਾ ਬੁਆਏ ਫ੍ਰੈਂਡ ਛੱਡਿਆ ਹੋਇਆ, ਹੋਰ ਲੱਭ ਰਹੀ ਐ, ਕਰਾਵਾਂ ਗੱਲ?"

"ਨਾ ਓ ਨਾ! ਅੱਗੇ ਮੈਂ ਤੇਰੇ ਵਲ ਦੇਖ ਰਾਤੀਂ ਘਰ ਵਾਲੀ ਨੂੰ ਅੱਖਾਂ ਦਿਖਾ ਬੈਠਾ, ਉਹ ਰੁੱਸ ਕੇ ਚਲੇ ਗਈ।"

12-ਸੂਰਜ ਅਸਤ

ਪਰਚਾ ਬਹੁਤ ਚਾਅ ਨਾਲ ਕੱਢਿਆ ਸੀ ਪਰ ਚਾਅ ਛੇਤੀ ਹੀ ਮੱਠਾ ਪੈ ਗਿਆ। ਪਰਚੇ ਨੂੰ ਹੁੰਘਾਰਾ ਤਾਂ ਠੀਕ ਮਿਲਣ ਲੱਗ ਪਿਆ ਸੀ ਪਰ ਇਸ਼ਤਿਹਾਰ ਨਹੀਂ ਸਨ ਮਿਲ ਰਹੇ ਤੇ ਅਜਿਹੇ ਪਰਚੇ ਇਸ਼ਤਿਹਾਰਾਂ ਦੇ ਸਿਰ 'ਤੇ ਹੀ ਚੱਲਿਆ ਕਰਦੇ ਹਨ। ਕੁੰਦਨ ਜਾਣਦਾ ਸੀ ਪਰ ਉਸ ਤੋਂ ਬਹੁਤੇ ਇਸ਼ਤਿਹਾਰ ਇਕੱਠੇ ਨਹੀਂ ਸਨ ਕੀਤੇ ਜਾਂਦੇ। ਲੋਕ ਸੋਚਦੇ ਕਿ 'ਵਿਦੇਸ਼' ਦੇ ਮੁਕਾਬਲੇ ਇਹ ਪਰਚਾ ਬਹੁਤ ਛੋਟਾ ਤੇ ਨਵਾਂ ਹੈ। ਜਿਹੜੇ ਲੋਕ ਖਾਲਿਸਤਾਨ ਦੇ ਖਿਲਾਫ ਵੀ ਸਨ ਉਹ ਵੀ ਵਿਓਪਾਰਕ ਨੁਕਤਾ ਦੇਖਦੇ ਹੋਏ 'ਵਿਦੇਸ਼' ਵਿੱਚ ਹੀ ਇਸ਼ਤਿਹਾਰ ਦੇਣ ਦੀ ਕੋਸ਼ਿਸ਼ ਕਰਦੇ। ਇਕ ਗੱਲ ਹੋਰ ਵੀ ਹੋਈ ਜੋ ਕੁੰਦਨ ਦੀ ਦਿਲਚਸਪੀ ਪਰਚੇ ਵਿੱਚੋਂ ਖਤਮ ਕਰਨ ਲੱਗੀ, ਉਸ ਸੀ ਖਾਲਿਸਤਾਨੀਆਂ ਵਲੋਂ ਮਿਲਦੀ ਧਮਕੀ। ਆਏ ਦਿਨ ਉਸ ਨੂੰ ਕੋਈ ਚਿੱਠੀ ਆ ਜਾਂਦੀ ਜਾਂ ਕੋਈ ਫੋਨ ਕਿ ਉਹ ਖਾਲਿਸਤਾਨ ਲਹਿਰ ਦੇ ਖਿਲਾਫ ਪਰਚਾਰ ਨਾ ਕਰੇ। ਲੈਸਟਰ ਵਸਦੇ ਇਕ ਕਵੀ ਨੇ ਉਸ ਨੂੰ ਨਿੱਜੀ ਤੌਰ ਤੇ ਵੀ ਚੇਤੰਨ ਕਰ ਦਿਤਾ ਸੀ ਕਿ ਕੁਝ ਲੋਕ ਉਸ ਦੇ ਖਿਲਾਫ ਐਕਸ਼ਨ ਲੈਣ ਨੂੰ ਫਿਰਦੇ ਹਨ। ਇਹ ਕਵੀ ਆਪ ਵੀ ਮੁਸ਼ਇਰਿਆਂ ਵਿੱਚ ਲੋਈ ਲੈ ਕੇ ਜਾਇਆ ਕਰਦਾ ਜਿਵੇਂ ਇੰਡੀਆ ਦੇ ਅੱਤਵਾਦੀ ਲੋਈ ਦੀ ਬੁੱਕਲ ਵਿੱਚ ਏ. ਕੇ. ਫੋਰਟੀ ਸੈਵਨ ਲੁਕੋਈ ਫਿਰਦੇ ਸਨ। ਕੁੰਦਨ ਦੇ ਹੌਂਸਲੇ ਪਸਤ ਹੋਣੇ ਕੁਦਰਤੀ ਸਨ। ਇਕ ਦਿਨ ਮਨਜੀਤ ਨੇ ਲੜਦੇ ਸਮੇਂ ਉਸ ਨੂੰ ਚਿਤਾਰ ਵੀ ਦਿਤਾ ਸੀ ਕਿ ਉਸ ਦੀਆਂ ਖਾਲਿਸਤਾਨ ਦੇ ਹੱਕ ਵਿੱਚ ਦਿਤੀਆਂ ਸਪੀਚਾਂ ਹੀ ਕੁੰਦਨ ਨੂੰ ਕਿਸੇ ਖਤਰੇ ਤੋਂ ਬਚਾ ਰਹੀਆਂ ਹਨ।

ਕੁੰਦਨ ਆਪਣੇ ਪਰਚੇ ਵਿੱਚ ਪੰਜਾਬੀ ਦੇ ਅਜਿਹੇ ਲੇਖਕਾਂ ਉਪਰ ਵਿਅੰਗ ਕਸਿਆ ਕਰਦਾ ਜਿਹੜੇ ਖਾਲਿਸਤਾਨ ਦੀ ਲਹਿਰ ਦੇ ਹਾਮੀ ਸਨ। ਇਹਨਾਂ ਵਿੱਚ ਸੁੱਚਾ ਅਜ਼ਾਦ ਤੇ ਰੇਸ਼ਮ ਸਮੁੰਦਰੀ ਵੀ ਸਨ। ਰੇਸ਼ਮ ਸਮੁੰਦਰੀ ਨੇ ਆਪਣੇ ਘਰ ਭਿੰਡਰਾਂਵਾਲੇ ਦੀ ਤਸਵੀਰ ਵੀ ਲਗਾਈ ਹੋਈ ਸੀ। ਉਸ ਉਪਰ ਇਲਜ਼ਾਮ ਲਗਦਾ ਸੀ ਕਿ ਉਹ ਕਿਸੇ ਵੇਲੇ ਪੈਸੇ ਦੀ ਬਲੈਕ ਵੀ ਕਰਦਾ ਰਿਹਾ ਸੀ। ਇਸੇ ਇਲਜ਼ਾਮ ਨੂੰ ਲੈ ਕੇ ਕੁੰਦਨ ਨੇ ਰੇਸ਼ਮ ਸਮੁੰਦਰੀ ਦੇ ਖਿਲਾਫ ਇਕ ਕਾਰਟੂਨ ਬਣਾ ਕੇ ਪਰਚੇ ਵਿੱਚ ਲਾ ਦਿਤਾ। ਸਮੁੰਦਰੀ ਦਾ ਕੁੰਦਨ ਨੂੰ ਨੋਟਿਸ ਆ ਗਿਆ ਕਿ ਜੇ ਤਾਂ ਉਸ ਕੋਲ ਉਸ ਦੇ ਖਿਲਾਫ ਕੋਈ ਸਬੂਤ ਹੈ ਤਾਂ ਪੇਸ਼ ਕਰੇ ਨਹੀਂ ਤਾਂ ਉਹ ਉਸ ਦੇ ਖਿਲਾਫ ਹੱਤਕ ਦਾ ਦਾਅਵਾ ਕਰ ਦੇਵੇਗਾ। ਕੁੰਦਨ ਨੇ ਅਗਲੇ ਅੰਕ ਵਿੱਚ ਹੀ ਆਪਣੀ ਗਲਤੀ ਦੀ ਸੋਧ ਕਰਦਿਆਂ ਸਮੁੰਦਰੀ ਤੋਂ ਮੁਆਫੀ ਮੰਗ ਲਈ।

ਇਕ ਗੱਲ ਹੋਰ ਅਜਿਹੀ ਹੋਈ ਜਿਹੜੀ ਚੜ੍ਹਦੇ ਸੂਰਜ ਨੂੰ ਜਲਦੀ ਅਸਤ ਕਰਨ ਵਿੱਚ ਸਹਾਈ ਹੋਈ। ਕੁੰਦਨ ਕਈ ਅਜਿਹੇ ਇਸ਼ਤਿਹਾਰ ਵੀ ਲਗਾ ਦਿੰਦਾ ਸੀ ਜਿਹਨਾਂ ਨੂੰ ਵਿਓਪਾਰੀਆਂ ਨੇ 'ਹਾਂ' ਨਾ ਕਹੀ ਹੁੰਦੀ। ਬਾਅਦ ਵਿੱਚ ਉਹਨਾਂ ਤੋਂ ਪੈਸੇ ਮੰਗਣ ਜਾ ਖਲੋਂਦਾ। ਅਜਿਹਾ ਹੀ ਇਕ ਇਸ਼ਤਿਹਾਰ ਉਹ 'ਸ਼ਰਮਾ ਜੀਊਲਰਜ਼' ਦਾ ਲਾਇਆ ਕਰਦਾ ਸੀ। ਸ਼ਰਮਾ ਮਿਡਲਸੈਕਸ ਦਾ ਸਭ ਤੋਂ ਕਾਮਯਾਬ ਸੁਨਿਆਰਾ ਸੀ। ਲੱਖਾਂ-ਕਰੋੜਾਂ ਦਾ ਕਾਰੋਬਾਰ ਸੀ ਉਸ ਦਾ। 'ਚੜ੍ਹਦਾ ਸੂਰਜ' ਵਿੱਚ ਉਸ ਦੇ ਕਾਰੋਬਾਰ ਦਾ ਇਸ਼ਤਿਹਾਰ ਕਈ ਹਫਤੇ ਚਲਦਾ ਰਿਹਾ। ਜਦੋਂ ਕੁੰਦਨ ਪੈਸੇ ਮੰਗਦਾ ਤਾਂ ਸ਼ਰਮਾ ਕਹਿ ਦਿੰਦਾ ਕਿ ਤੈਨੂੰ ਇਸ਼ਤਿਹਾਰ ਲਗਾਉਣ ਲਈ ਕਿਸ ਨੇ ਕਿਹਾ ਹੈ। ਆਖਰ ਸ਼ਰਮੇ ਨੇ ਕੋਈ ਵੀ ਪੈਸਾ ਦੇਣ ਤੋਂ ਇਨਕਾਰ ਕਰ ਦਿਤਾ। ਬਲਕਿ ਪੈਸੇ ਮੰਗਣ ਗਏ ਕੁੰਦਨ ਨੂੰ ਘੱਟ ਵੱਧ ਬੋਲ ਕੇ ਦੁਕਾਨ ਵਿੱਚੋਂ ਹੀ ਕੱਢ ਦਿਤਾ। ਕੁੰਦਨ ਨੂੰ ਅਜਿਹਾ ਗੁੱਸਾ ਚੜਿਆ ਕਿ ਅਗਲੇ ਅੰਕ ਵਿਚ ਸ਼ਰਮੇ ਨੂੰ 'ਬੇਸ਼ਰਮਾ ਸੁਨਿਆਰਾ' ਕਹਿ ਕੇ ਭੰਡਿਆ ਤੇ ਹੋਰ ਵੀ ਗਲਤ-ਮਲਤ ਖ਼ਬਰ ਉਸ ਬਾਰੇ ਲਗਾ ਦਿਤੀ। ਸ਼ਰਮੇ ਨੂੰ ਪਤਾ ਚੱਲਿਆ ਤਾਂ ਉਸ ਨੇ ਵਕੀਲ ਰਾਹੀ ਹੱਤਕ ਦਾ ਦਾਅਵੇ ਦਾ ਨੋਟਿਸ ਭਿਜਵਾ ਦਿਤਾ। ਨੋਟਿਸ ਦੇਖ ਕੇ ਕੁੰਦਨ ਸਿੰਘ ਨੂੰ ਹੱਥਾਂ ਪੈਰਾਂ ਦੀ ਪੈ ਗਈ। ਮਨਜੀਤ ਨੇ ਨੋਟਿਸ ਦੇਖਿਆ ਤਾਂ ਉਹ ਕੁੰਦਨ ਨੂੰ ਹੀ ਬੁਰਾ ਭਲਾ ਬੋਲਣ ਲੱਗ ਪਈ। ਕੁੰਦਨ ਨੇ ਅਗਲੇ ਅੰਕ ਵਿੱਚ ਆਪਣੀ ਗਲਤੀ ਦੀ ਮੁਆਫੀ

ਮੰਗ ਲਈ ਤੇ ਦੁਕਾਨ ‘ਤੇ ਜਾ ਕੇ ਸ਼ਰਮੇ ਦੀ ਮਿੰਨਤ ਕੀਤੀ ਕਿ ਮੁਕੱਦਮਾ ਵਾਪਸ ਲੈ ਲਵੇ। ਪਰ ਸ਼ਰਮਾ ਨਾ ਮੰਨਿਆਂ। ਕਿੰਨਾ ਕੁਝ ਸੋਚਦਿਆਂ ਕੁੰਦਨ ਮਨਜੀਤ ਨੂੰ ਆਖਣ ਲੱਗਾ,

“ਮਨਜੀਤ ਕੁਰੇ, ਗੱਲ ਵੱਸੋਂ ਬਾਹਰ ਹੋ ਗਈ ਏ, ਇਤਰਾਂ ਕਰ ਕਿ ਤੂੰ ਇੰਡੀਆ ਜਾਹ ਤੇ ਆਪਣੇ ਪਿਤਾ ਨੂੰ ਕਹਿ ਕੇ ਸ਼ਰਮੇ ਦੇ ਰਿਸ਼ਤੇਦਾਰਾਂ ਪਿੱਛੇ ਅੱਤਵਾਦੀ ਪਵਾ ਦੇ, ਆਪੇ ਸਾਲ਼ੇ ਬਾਹਮਣ ਨੂੰ ਟੱਟੀਆਂ ਲੱਗਣਗੀਆਂ!”

“ਕਿਹੋ ਜਿਹੀ ਗੱਲ ਕਰਦਾ ਏਂ ਕੁੰਦਨ, ਮੇਰੇ ਪਿਤਾ ਜੀ ਕੋਈ ਇਹੋ ਜਿਹੇ ਬੰਦੇ ਨੇ!”

“ਕਿਉਂ ਨਹੀਂ, ਉਹ ਲੀਡਰ ਬੰਦਾ ਏ, ਇੰਡੀਆ ਵਿੱਚ ਬਦਮਾਸ਼ੀ ਕੀਤੇ ਬਿਨਾਂ ਕੋਈ ਲੀਡਰ ਬਣ ਈ ਕਦੋਂ ਸਕਦਾ, ਮੈਂ ਸ਼ਰਮੇ ਦੇ ਰਿਸ਼ਤੇਦਾਰਾਂ ਦਾ ਪਤਾ ਕਰ ਲਿਆ, ਜਲੰਧਰ ਵਿੱਚ ਈ ਨੇ, ਤੇ ਜੇ ਸ਼ਰਮਾ ਮੁਕੱਦਮਾ ਜਿੱਤ ਗਿਆ ਤਾਂ ਆਹ ਘਰ ਭੰਗ ਦੇ ਭਾੜੇ ਚਲੇ ਜਾਣਾ ਏਂ।”

ਕੁੰਦਨ ਦੇ ਬਹੁਤਾ ਕਹਿਣ ‘ਤੇ ਮਨਜੀਤ ਨੇ ਇੰਡੀਆ ਨੂੰ ਫੋਨ ਕਰਕੇ ਸਾਰੀ ਸਥਿਤੀ ਦੱਸੀ। ਉਸ ਦੇ ਪਿਓ ਨੇ ਸ਼ਰਮੇ ਦੇ ਰਿਸ਼ਤਦਾਰਾਂ ਨਾਲ ਗੱਲ ਕਰਨ ਦੀ ਹਾਮੀ ਤਾਂ ਭਰ ਲਈ ਪਰ ਉਹਨਾਂ ਨੂੰ ਕਿਸੇ ਕਿਸਮ ਦਾ ਡਰਾਵਾ ਦੇਣ-ਦਵਾਉਣ ਤੋਂ ਸਾਫ ਨਾਂਹ ਕਰ ਦਿਤੀ ਕਿਉਂ ਉਹ ਬੰਦੇ ਵੀ ਸ਼ਹਿਰ ਦੇ ਜਾਣੇ ਪੱਛਾਣੇ ਲੋਕ ਸਨ। ਅਖੀਰ ਕੁੰਦਨ ਨੇ ਮਿਡਲਸੈਕਸ ਦੇ ਕੁਝ ਮੋਹਤਵਾਰ ਬੰਦੇ ਵਿੱਚ ਪਾਏ। ਸ਼ਰਮੇ ਨੂੰ ਲਿਖਤੀ ਮੁਆਫੀਨਾਮਾ ਲਿਖ ਕੇ ਦਿਤਾ ਤਾਂ ਜਾ ਕੇ ਕਿਤੇ ਸ਼ਰਮਾ ਮੰਨਿਆਂ। ਹੋਰ ਬੇਇਜ਼ਤੀ ਤੋਂ ਡਰਦਿਆਂ ਕੁੰਦਨ ਨੇ ਪਰਚਾ ਹੀ ਬੰਦ ਕਰ ਦਿਤਾ।

ਪਰਚਾ ਚਲਾਉਣ ਵਿੱਚ ਵੀ ਨੁਕਸਾਨ ਸੀ ਤੇ ਬੰਦ ਕਰਨ ਨਾਲ ਵੀ ਬਹੁਤ ਨੁਕਸਾਨ ਝੱਲਣਾ ਪਿਆ। ਦਸ ਹਜ਼ਾਰ ਪੌਂਡ ਦੀ ਤਾਂ ਉਸ ਨੇ ਪਰਿੰਟਿੰਗ ਮਸ਼ੀਨ ਹੀ ਖਰੀਦੀ ਸੀ। ਹੋਰ ਵੀ ਕਿੰਨਾ ਹੀ ਸਮਾਨ ਉਸ ਦੀ ਗੈਰਿਜ ਵਿੱਚ ਪਿਆ ਸੀ ਜਿਹੜਾ ਹੁਣ ਬੇਕਾਰ ਜਾਣਾ ਸੀ ਪਰ ਫਿਰ ਵੀ ਪਰਚਾ ਬੰਦ ਕਰਕੇ ਉਸ ਨੂੰ ਚੈਨ ਦਾ ਸਾਹ ਆਇਆ। ਉਹ ਮਨ ਹੀ ਮਨ ਗਾਉਣ ਲੱਗਦਾ; ਭਲਾ ਹੋਇਆ ਮੇਰਾ ਚਰਖਾ ਟੁੱਟਾ...। ਹੁਣ ਉਹ ਨਿਰੰਤਰ ਕੰਮ ਤੇ ਵੀ ਜਾਣ ਲੱਗਿਆ ਸੀ, ਨਹੀਂ ਤਾਂ ਉਹ ਬਹੁਤੀਆਂ ਛੁੱਟੀਆਂ ਕਰ ਲੈਂਦਾ ਸੀ ਜਿਸ ਕਾਰਨ ਉਸ ਨੂੰ ਨੌਕਰੀ ਛੁੱਟ ਜਾਣ ਦਾ ਖਤਰਾ ਵੀ ਬਣ ਗਿਆ ਹੋਇਆ ਸੀ। ਦੂਜਾ ਉਸ ਨੇ ਕਾਫੀ ਦੇਰ ਪਹਿਲਾਂ ਨੋਟਿਸ ਲਏ ਨਾਵਲ ਨੂੰ ਲਿਖਣਾ ਸ਼ੁਰੂ ਕਰ ਦਿਤਾ। ‘ਨਵੀਆਂ ਕਦਰਾਂ’ ਉਸ ਨੇ ਕੁਝ ਹਫਤਿਆਂ ਵਿੱਚ ਹੀ ਲਿਖ ਲਿਆ। ਉਹ ਇਵੇਂ ਹੀ ਕਰਿਆ ਕਰਦਾ ਸੀ। ਨਾਵਲ ਨੂੰ ਤਿਆਰ ਕਰਨ ਵਿੱਚ, ਇਸ ਦੇ ਨੋਟਿਸ ਲੈਣ ਵਿੱਚ ਉਸ ਨੂੰ ਬਹੁਤ ਵਕਤ ਲਗਦਾ ਪਰ ਜਦ ਇਕ ਵਾਰ ਸਾਰੀ ਕਹਾਣੀ ਤੇ ਕਿਰਦਾਰ ਉਸ ਦੇ ਮਨ ਵਿੱਚ ਸਾਫ ਹੋ ਜਾਂਦੇ ਤਾਂ ਲਗਾਤਾਰ ਨਾਵਲ ਲਿਖਦਾ ਰਹਿੰਦਾ। ਉਸ ਦਾ ਲਿਖਿਆ ਨਾਵਲ, ਕਹਾਣੀ ਜਾਂ ਕੋਈ ਹੋਰ ਰਚਨਾ ਆਖਰੀ ਡਰਾਫਟ ਹੀ ਹੁੰਦਾ। ਇਸ ਨੂੰ ਉਹ ਬਹੁਤ ਘੱਟ ਬਦਲਦਾ।

ਨਾਵਲ ਲਿਖ ਕੇ ਉਹ ਤੇ ਮਨਜੀਤ ਦੋਵੇਂ ਹੀ ਇੰਡੀਆ ਲਈ ਚੜ੍ਹ ਗਏ। ਦਿੱਲੀ ਉਹ ਰੌਸ਼ਨ ਕੋਲ ਠਹਿਰੇ। ਉਸ ਨੇ ਆਪਣੇ ਪਬਲਿਸ਼ਰ ਨੂੰ ਨਾਵਲ ਛਪਣਾ ਦੇ ਦਿਤਾ। ਉਸ ਨੇ ਦਿੱਲੀ ਯੂਨੀਵਰਸਟੀ ਦੇ ਵਿਦਿਆਰਥੀਆਂ ਨੂੰ ਕੁਝ ਲੈਕਚਰ ਦਿਤੇ ਜਿਹਨਾਂ ਦਾ ਇੰਤਜ਼ਾਮ ਡਾਕਟਰ ਹਰੀ ਸਿੰਘ ਤੇ ਰੌਸ਼ਨ ਨੇ ਪਹਿਲਾਂ ਵਾਂਗ ਕਰਵਾ ਦਿਤਾ ਸੀ। ਦਿੱਲੀ ਤੋਂ ਬਾਅਦ ਉਹ ਪੰਜਾਬ ਚਲੇ ਗਏ। ਮਨਜੀਤ ਆਪਣੇ ਮਾਂਪਿਆਂ ਨੂੰ ਮਿਲਣ ਜਲੰਧਰ ਰੁਕ ਗਈ ਤੇ ਉਸ ਨੇ ਅੰਮ੍ਰਿਤਸਰ ਦਾ ਰੁਖ਼ ਕਰ ਲਿਆ। ਪੰਜਾਬ ਦੇ ਹਾਲਾਤ ਹਾਲੇ ਵੀ ਸੁਧਰੇ ਨਹੀਂ ਸਨ ਪਰ ਪਹਿਲਾਂ ਨਾਲੋਂ ਕੁਝ ਕਾਬੂ ਵਿੱਚ ਸਨ। ਉਹ ਜਾ ਕੇ ਡਾਕਟਰ ਮਹਿਰੋਕ ਨੂੰ ਮਿਲਿਆ। ਉਹੀ ਡਾਕਟਰ ਮਹਿਰੋਕ ਜੋ ਪੀ ਐਚ. ਡੀ. ਲਈ ਉਸ ਦਾ ਗਾਈਡ ਬਣਨ ਜਾ ਰਿਹਾ ਸੀ। ਪਰਚੇ ਨੇ ਪੀ ਐਚ. ਡੀ. ਵਲੋਂ ਉਸ ਦਾ ਧਿਆਨ ਹਟਾ ਦਿਤਾ ਸੀ। ਉਸ ਨੇ ਮਹਿਰੋਕ ਨੂੰ ਖੁਸ਼ ਕਰਨ ਲਈ ਕੁਝ ਵਿਸ਼ੇਸ਼ ਤੋਹਫੇ ਲਿਆਂਦੇ ਹੋਏ ਸਨ। ਮਹਿਰੋਕ ਨੇ ਉਸ ਨੂੰ ਲੈ ਕੇ ਉਸ ਦਾ ਸਬਜੈਕਟ ‘ਬਰਤਾਨਵੀ ਪੰਜਾਬੀ ਕਹਾਣੀ ਦਾ ਦਵੰਦਵਾਦੀ-ਪਦਾਰਥਵਾਦੀ ਅਧਿਐਨ’ ਰਜਿਸਟਰ ਕਰਵਾ ਦਿਤਾ। ਯੂਨੀਵਰਸਟੀ ਵਲੋਂ ਇਸ ਸਬਜੈਕਟ ਨੂੰ ਮਨਜ਼ੂਰ ਕਰ ਲਿਆ ਗਿਆ। ਉਸ ਦੀ ਪੀ ਐਚ. ਡੀ. ਦੇ ਵਿਦਿਆਰਥੀ ਦੇ ਤੌਰ ‘ਤੇ ਰਜਿਸਟਰੇਸ਼ਨ ਹੋ ਗਈ। ਉਹ ਬਹੁਤ ਖੁਸ਼ ਸੀ। ਉਸ ਨੇ ਹਜ਼ਾਰ ਸਫੇ ਤੋਂ ਉਪਰ ਮਹਿਰੋਕ ਦੇ ਮੂਹਰੇ ਰੱਖਦੇ ਕਿਹਾ,

“ਦੇਖੋ ਡਾਕਟਰ ਸਾਹਿਬ, ਮੇਰਾ ਥੀਸਸ, ਮੇਰੀ ਡਾਕਟਰੇਟ ਤਾਂ ਤਿਆਰ ਏ।”

ਮਹਿਰੋਕ ਨੇ ਸਾਰਾ ਥੀਸਸ ਫੋਰਲਿਆ ਤੇ ਕਿਹਾ,

“ਇਹ ਬਹੁਤ ਜ਼ਿਆਦਾ ਸਫੇ ਨੇ ਕੁੰਦਨ ਸਿੰਘ ਜੀ, ਇਹਨਾਂ ਸਫਿਆਂ ਨੂੰ ਕੰਪੈਕਟ ਕਰਨਾ ਪਵੇਗਾ, ਇਸ ਸਾਰੇ ਨੂੰ ਦੁਬਾਰਾ ਲਿਖਣਾ ਪਵੇਗਾ।”

“ਡਾਕਟਰ ਸਾਹਿਬ, ਮੈਂ ਬਰਤਾਨਵੀ ਕਹਾਣੀ ਨੂੰ ਮਾਰਕਸਵਾਦੀ ਨਜ਼ਰੀਏ ਤੋਂ ਦੇਖਿਆ ਤੇ ਜਾਵਿਆ ਏ, ਇਸ ਲਈ ਤੁਸੀਂ ਪੜ੍ਹ ਕੇ ਦੇਖੋ।”

“ਕੁੰਦਨ ਸਿੰਘ ਜੀ, ਗਾਈਡ ਮੈਂ ਹਾਂ ਨਾ ਕਿ ਤੁਸੀਂ।”

ਡਾਕਟਰ ਜਰਨੈਲ ਸਿੰਘ ਮਹਿਰੋਕ ਉਸ ਦੇ ਤਰੀਕੇ ਤੋਂ ਖਿੱਝ ਗਿਆ ਸੀ। ਕੁੰਦਨ ਨੂੰ ਉਸ ਦੀ ਗੱਲ ਚੰਗੀ ਨਾ ਲੱਗੀ ਪਰ ਉਹ ਚੁੱਪ ਰਿਹਾ। ਜਦ ਉਸ ਦੇ ਅੰਮ੍ਰਿਤਸਰ ਵਿੱਚ ਸਾਰੇ ਕੰਮ ਹੋ ਗਏ ਤਾਂ ਇਕ ਦਿਨ ਉਹ ਮਹਿਰੋਕ ਨੂੰ ਬੋਲਿਆ,

“ਡਾਕਟਰ ਸਾਹਿਬ, ਤੁਸੀਂ ਜਾਣਦੇ ਹੀ ਓ ਕਿ ਪਰਵਾਸੀ ਸਾਹਿਤ ਦੀ ਟਰਮ ਨੂੰ ਮੈਂ ਪ੍ਰਭਾਸ਼ਿਤ ਕੀਤਾ ਏ ਤੇ ਨਾਲ ਹੀ ਭੂਹੇਰਵਾ ਨਵਾਂ ਸ਼ਬਦ ਵੀ ਈਜਾਦ ਕੀਤਾ ਏ। ਹੁਣ ਪਰਵਾਸੀ ਸਾਹਿਤ ਨੇ ਪੰਜਾਬੀ ਸਾਹਿਤ ਵਿੱਚ ਇਕ ਵੱਖਰੀ ਪੱਛਾਣ ਬਣਾ ਲਈ ਏ, ਮਾਂ-ਬੋਲੀ ਮਹਿਕਮੇ ਵਲੋਂ ਪਰਵਾਸੀ ਲੇਖਕ ਨੂੰ ਹਰ ਸਾਲ ਇਨਾਮ ਵੀ ਮਿਲਣ ਲੱਗ ਪਿਆ ਏ, ਹੁਣ ਤੁਹਾਡਾ ਫਰਜ਼ ਏ ਕਿ ਇਸ ਸਾਲ ਦਾ ਇਨਾਮ ਮੈਨੂੰ ਮਿਲੇ।”

“ਕੁੰਦਨ ਸਿੰਘ ਜੀ, ਮੈਂ ਕੋਸ਼ਿਸ਼ ਕਰਾਂਗਾ।”

“ਡਾਕਟਰ ਸਾਹਿਬ, ਕੋਸ਼ਿਸ਼ ਨਹੀਂ, ਪੂਰਾ ਤਾਣ ਲਾਓਗੇ, ਆਖਰ ਮੈਂ ਤੁਹਾਨੂੰ ਆਪਣਾ ਗਾਈਡ ਬਣਾਇਆ ਏ।”

ਕੁੰਦਨ ਮਾਣ ਨਾਲ ਕਹਿ ਰਿਹਾ ਸੀ ਪਰ ਉਸ ਦੇ ਮਾਣ ਵਿਚ ਰੋਅਬ ਵੀ ਸੀ। ਡਾਕਟਰ ਮਹਿਰੋਕ ਜ਼ਰਾ ਕੁ ਗੁੱਸੇ ਵਿੱਚ ਸੀ ਪਰ ਉਸ ਨੂੰ ਖੁਸ਼ੀ ਇਸ ਗੱਲ ਦੀ ਸੀ ਕਿ ਉਸ ਦਾ ਵਿਦਿਆਰਥੀ ਬਰਤਾਨਵੀ ਸ਼ਹਿਰੀ ਹੈ, ਕਦੇ ਇੰਗਲੈਂਡ ਜਾਣਾ ਹੋਵੇਗਾ ਤਾਂ ਉਹ ਦੀ ਖ਼ੂਬ ਆਓ-ਭਗਤ ਕਰੇਗਾ। ਵੈਸੇ ਵੀ ਕੁੰਦਨ ਦਾ ਹੁਣ ਨਾਂ ਵੱਡਾ ਸੀ।

ਮਾਂ-ਬੋਲੀ ਮਹਿਕਮੇ ਦੇ ਇਨਾਮ ਦੀ ਖੱਬਤ ਹੁਣ ਉਸ ਅੰਦਰ ਇਸ ਤਰ੍ਹਾਂ ਜਾਗ ਪਈ ਹੋਈ ਸੀ ਜਿਵੇਂ ਮੀਰਾ ਅੰਦਰ ਕ੍ਰਿਸ਼ਨ ਨੂੰ ਪਾਉਣ ਲਈ। ਉਹ ਕਿਸੇ ਵੀ ਨਾਮੀ ਲੇਖਕ ਨੂੰ ਮਿਲਦਾ ਤਾਂ ਉਸ ਅੱਗੇ ਇਹੋ ਫਰਮਾਇਸ਼ ਹੀ ਰੱਖਦਾ। ਉਸ ਅੰਦਰਲੀ ਇਨਾਮਾਂ ਤੇ ਚੌਧਰ ਦੀ ਭੁੱਖ ਉਸ ਦੇ ਮਨ ਉਪਰ ਛਾਈ ਰਹਿਣ ਲੱਗੀ। ਰੌਸ਼ਨ ਤੇ ਡਾਕਟਰ ਹਰੀ ਸਿੰਘ ਨੂੰ ਤਾਂ ਉਹ ਹਰ ਮਹਿਫਲ ਵਿੱਚ ਚਿਤਾਰ ਦਿੰਦਾ ਕਿ ਇਸ ਵਾਰ ਇਹ ਇਨਾਮ ਉਸੇ ਦਾ ਹੀ ਹੋਣਾ ਚਾਹੀਦਾ ਹੈ। ਉਸ ਦੇ ਉਥੇ ਹੁੰਦੇ ਹੁੰਦੇ ਹੀ ਉਸ ਦਾ ਨਵਾਂ ਨਾਵਲ ਵੀ ਛਪ ਗਿਆ। ਰੌਸ਼ਨ ਨੇ ਉਸ ਦੇ ਨਾਵਲ ਉਪਰ ਇਕ ਵੱਡਾ ਪਰੋਗਰਾਮ ਕਰਾਇਆ। ਕਈ ਪਰਚੇ ਪੜ੍ਹੇ ਗਏ। ਅਖਬਾਰਾਂ ਵਿੱਚ ਵੱਡੀਆਂ ਵੱਡੀਆਂ ਖ਼ਬਰਾਂ ਲਗੀਆਂ। ਕੁੰਦਨ ਦਾ ਇੰਡੀਆ ਆਉਣਾ ਸਫਲ ਹੋ ਗਿਆ।...

ਮਹੀਨੇ ਬਾਅਦ ਜਦ ਪਤੀ ਪਤਨੀ ਵਾਪਸ ਆਪਣੇ ਘਰ ਪੁੱਜੇ ਤਾਂ ਕੀ ਦੇਖਦੇ ਹਨ ਕਿ ਪਾਇਲ ਘਰ ਆਈ ਬੈਠੀ ਹੈ। ਉਹ ਕਿਤੇ ਬਾਹਰ ਜਾਂਦੇ ਹੋਏ ਆਪਣੇ ਘਰ ਦੀ ਚਾਬੀ ਕੁਝ ਘਰ ਛੱਡ ਕੇ ਰਹਿੰਦੇ ਖੁਰਮਾ ਪਰਿਵਾਰ ਨੂੰ ਦੇ ਜਾਇਆ ਕਰਦੇ ਸਨ ਤਾਂ ਜੋ ਘਰ ਉਪਰ ਨਿਗਾਹ ਰੱਖੀ ਜਾ ਸਕੇ, ਅੱਜਕੱਲ ਚੋਰੀਆਂ ਵੀ ਬਹੁਤ ਹੋ ਰਹੀਆਂ ਸਨ। ਪਾਇਲ ਨੂੰ ਇਸ ਗੱਲ ਦਾ ਪਤਾ ਸੀ। ਪਾਇਲ ਨੂੰ ਦੇਖ ਕੇ ਕੁੰਦਨ ਨੂੰ ਕੁਝ ਤਸੱਲੀ ਹੋਈ। ਉਹ ਉਸ ਬਾਰੇ ਸੋਚਦਾ ਕਿ ਉਸ ਨੇ ਹੁਣ ਤਕ ਸਾਰੇ ਪੱਥਰ ਚੱਟ ਲਏ ਹਨ, ਹੁਣ ਉਸ ਨੂੰ ਮੁੜ ਆਉਣਾ ਚਾਹੀਦਾ ਹੈ। ਹੁਣ ਪਾਇਲ ਨੂੰ ਮੁੜ ਕੇ ਨਵੀਂ ਜ਼ਿੰਦਗੀ ਸ਼ੁਰੂ ਕਰ ਲੈਣੀ ਚਾਹੀਦੀ ਹੈ। ਪਾਇਲ ਨੂੰ ਦੇਖ ਕੇ ਮਨਜੀਤ ਦਾ ਮੱਥਾ ਠਣਕਿਆ। ਪਿਛਲੀ ਵਾਰ ਉਸ ਨੂੰ ਗਲਤੀ ਨਾਲ ਗਰਭ ਠਹਿਰ ਗਿਆ ਸੀ ਤੇ ਸਫਾਈ ਕਰਾਉਣ ਮਾਂ ਕੋਲ ਆ ਗਈ ਸੀ। ਅਗਲੇ ਦਿਨ ਹੀ ਮਨਜੀਤ ਕੋਰ ਦਾ ਸ਼ੱਕ ਸੱਚ ਵਿੱਚ ਬਦਲ ਗਿਆ। ਉਹ ਪਾਇਲ ਨੂੰ ਗਾਲ੍ਹਾਂ ਦੇਣ ਲੱਗੀ। ਪਾਇਲ ਕੁੰਦਨ ਕੋਲ ਸ਼ਿਕਾਇਤ ਲਾਉਂਦੀ ਬੋਲੀ,

"ਲੁਕ ਡੈਡ, ਮੌਮ ਨਹੀਂ ਚਾਹੁੰਦੀ ਕਿ ਮੈਂ ਘਰ ਆਵਾਂ।"

"ਮੌਮ ਦਾ ਫਿਕਰ ਨਾ ਕਰ, ਤੂੰ ਓਸ ਨਕਲੀ ਲਾਈਫ ਵਿੱਚੋਂ ਬਾਹਰ ਨਿਕਲ, ਟਿਕ ਕੇ ਘਰ ਬਹਿ, ਕੋਈ ਜੌਬ ਲੱਭ, ਕੋਈ ਕੋਰਸ ਹੀ ਕਰ ਲੈ।"

"ਤੇਰੀ ਲਾਡਲੀ ਨੂੰ ਤੇਰੇ ਨਾਲ ਮੋਹ ਨਹੀਂ ਜਾਗ ਪਿਆ ਕਿ ਉਹ ਆ ਗਈ, ਇਹ ਤਾਂ ਉਹ ਆਪਣੀ ਸਫਾਈ ਕਰਾਉਣ ਆਈ ਏ।"

ਪਾਇਲ ਘੁਰੇ-ਪਰੇ ਹੋਈ ਤਾਂ ਮਨਜੀਤ ਨੇ ਦੱਸਿਆ। ਸੁਣ ਕੇ ਕੁੰਦਨ ਪਲ ਕੁ ਲਈ ਤਾਂ ਘਬਰਾਇਆ ਪਰ ਫਿਰ ਬੋਲਿਆ,

"ਹੈਲਪ ਕਰ ਦੇ ਵਿਚਾਰੀ ਦੀ।"

"ਹੂੰ! ...ਵਿਚਾਰੀ ਦੀ! ...ਨਾਲੇ ਤੂੰ ਵਿਚਾਰਾ ਏਂ!"

ਮਨਜੀਤ ਕੋਰ ਗੁੱਸੇ ਵਿੱਚ ਸੀ ਪਰ ਫਿਰ ਵੀ ਉਸ ਨੇ ਡਾਕਟਰ ਨੂੰ ਫੋਨ ਕਰ ਕੇ ਮਿਲਣ ਦਾ ਸਮਾਂ ਲਿਆ ਤਾਂ ਜੋ ਇਸ ਸਬੰਧੀ ਗੱਲ ਕੀਤੀ ਜਾ ਸਕੇ।

ਕੁੰਦਨ ਨੇ ਮੁੜ ਕੇ ਕੰਮ 'ਤੇ ਜਾਣਾ ਸ਼ੁਰੂ ਕਰ ਦਿਤਾ। ਡਾਕਖਾਨੇ ਵਿੱਚ ਉਸ ਨੂੰ ਮੁਫਤ ਫੋਨ ਦੀ ਸਹੂਲਤ ਸੀ। ਉਸ ਨੇ ਸਾਰੇ ਹੀ ਦੋਸਤਾਂ ਨੂੰ ਫੋਨ ਘੁਮਾਏ ਤੇ ਆਪਣੀ ਭਾਰਤ-ਫੇਰੀ ਬਾਰੇ ਦੱਸਿਆ। ਲੇਖਕ ਦੇ ਤੌਰ 'ਤੇ ਉਹ ਸਮਝਦਾ ਸੀ ਕਿ ਉਸ ਦਾ ਕੱਦ ਹੁਣ ਹੋਰ ਵੀ ਵੱਡਾ ਹੋ ਚੁੱਕਿਆ ਹੈ। ਉਹ ਆਪਣੇ ਸਮਕਾਲੀ ਲੇਖਕਾਂ ਨੂੰ ਤਾਂ ਪਹਿਲਾਂ ਹੀ ਕੁਝ ਨਹੀਂ ਸੀ ਸਮਝਦਾ, ਹੁਣ ਤਾਂ ਉਸ ਨੂੰ ਸਾਰੇ ਹੀ ਆਪਣੇ ਸਾਹਮਣੇ ਸਿਫਰ ਲਗਦੇ ਸਨ ਪਰ ਉਹਨਾਂ ਨੂੰ ਫੋਨ ਕਰਕੇ ਉਹਨਾਂ ਨੂੰ ਚੇਤੇ ਕਰਾਉਣਾ ਕਿ ਉਹ ਉਹਨਾਂ ਤੋਂ ਬਹੁਤ ਵੱਡੀ ਸ਼ੈਅ ਹੈ, ਉਸ ਨੂੰ ਬਹੁਤ ਚੰਗਾ ਲਗਦਾ। ਆਲਮੀ ਕਾਨਫਰੰਸ ਤੋਂ ਪਹਿਲਾਂ ਸਾਰੇ ਲੇਖਕਾਂ ਵਿੱਚ ਆਪਸੀ ਮੋਹ ਬਹੁਤ ਹੁੰਦਾ ਸੀ ਪਰ ਅਲਾਮੀ ਕਾਨਫਰੰਸ ਤੋਂ ਬਾਅਦ ਸਾਰੇ ਹੀ ਇਕ ਦੂਜੇ ਦੇ ਦੁਸ਼ਮਣ ਬਣ ਗਏ ਸਨ। ਅੰਦਰੋ ਅੰਦਰ ਬਹੁਤ ਖਾਰ ਖਾਂਦੇ ਸਨ। ਕੁੰਦਨ ਸੋਚ ਰਿਹਾ ਸੀ ਕਿ ਕੋਈ ਵੱਡੀ ਪੱਧਰ ਦਾ ਸਾਹਿਤਕ ਸਮਾਗਮ ਰਚਾਵੇ ਜਿਸ ਵਿੱਚ ਉਹ ਮੇਘ ਵਾਂਗੂੰ ਛਾ ਜਾਵੇ, ਜਿਸ ਵਿੱਚ ਉਸ ਦੀ ਵਿਦਵਤਾ ਦਾ ਹੋਰ ਵੀ ਰੋਅਬ ਪਵੇ। ਇਸ ਕੰਮ ਲਈ ਉਸ ਨੂੰ ਅਜਿਹੇ ਬੰਦਿਆਂ ਦੀ ਲੋੜ ਸੀ ਜਿਹੜੇ ਉਸ ਦਾ ਪਾਣੀ ਭਰਨ ਵਾਲੇ ਹੋਣ। ਜੋਗੇਂਦਰ ਹੁਣ ਦੁਕਾਨ ਵਿੱਚ ਫਸਿਆ ਹੋਇਆ ਸੀ ਇਸ ਕਰਕੇ ਉਸ ਕੋਲ ਵਿਹਲ ਨਹੀਂ ਸੀ। ਇਵੇਂ ਹੀ ਰਸ਼ਪਾਲ ਵੀ ਉਸ ਦਾ ਮੁਰੀਦ ਸੀ ਪਰ ਉਸ ਦਾ ਆਪਣੀ ਪਤਨੀ ਨਾਲ ਇਕ ਵਾਰ ਫਿਰ ਝਗੜਾ ਏਨਾ ਵਧਿਆ ਹੋਇਆ ਸੀ ਕਿ ਉਹ ਕਿਸੇ ਨੂੰ ਮਿਲਦਾ ਹੀ ਨਹੀਂ ਸੀ। ਕਾਫੀ ਕੋਸ਼ਿਸ਼ ਤੋਂ ਬਾਅਦ ਉਸ ਨੂੰ ਇਕ ਗੁਰਦਵਾਰੀਆ ਜਿਹਾ ਬੰਦਾ ਮਿਲ ਗਿਆ; ਡਾ ਜਗਬੀਰ ਸਿੰਘ ਖਾਲਸਾ। ਜਗਬੀਰ ਸਿੰਘ ਨੇ ਆਪਣੇ ਨਾਂ ਨਾਲ ਡਾਕਟਰ ਐਵੇਂ ਹੀ ਲਾਇਆ ਹੋਇਆ ਸੀ। ਕੁੰਦਨ ਨੂੰ ਇਸ 'ਤੇ ਬਹੁਤ ਗੁੱਸਾ ਆਉਂਦਾ ਹੁੰਦਾ ਪਰ ਹੁਣ ਉਸ ਨੂੰ ਉਸ ਦੀ ਲੋੜ ਸੀ। ਉਹ ਸੋਚਦਾ ਕਿ ਜਗਬੀਰ ਸਿੰਘ ਬੁਲਾਰਾ ਵਧੀਆ ਹੈ ਤੇ ਸਟੇਜ ਤੋਂ ਉਸ ਦੀ ਧੰਨ ਧੰਨ ਕਰਵਾ ਦੇਵੇਗਾ। ਹੁਣ ਉਸ ਦੇ ਕੰਨ ਹਰ ਵੇਲੇ ਆਪਣੀ ਧੰਨ ਧੰਨ ਸੁਣਨ ਦੇ ਆਦੀ ਹੋ ਗਏ ਸਨ।...

ਮਨਜੀਤ ਕੋਰ ਬਹੁਤੀ ਖੁਸ਼ ਨਹੀਂ ਸੀ। ਜਿਸ ਦਿਨ ਪਾਇਲ ਗਰਭਪਾਤ ਕਰਵਾ ਕੇ ਹਸਪਤਾਲ ਤੋਂ ਵਾਪਸ ਮੁੜੀ ਤਾਂ ਮਨਜੀਤ ਕੋਰ ਬਹੁਤ ਰੋਈ। ਮਨ ਤਾਂ ਕੁੰਦਨ ਦਾ ਵੀ ਬਹੁਤ ਖਰਾਬ ਸੀ ਪਰ ਉਹ ਚੁੱਪ ਸੀ। ਮਨਜੀਤ ਕੋਰ ਕਹਿਣ ਲੱਗੀ,

"ਕਦੇ ਕੁਆਰੀਆਂ ਕੁੜੀਆਂ ਨੂੰ ਕੰਜਕਾਂ ਬੈਠਾਈਦਾ ਸੀ ਤੇ ਹੁਣ...!"

ਇਥੋਂ ਹੀ ਕੁੰਦਨ ਦੇ ਮਨ ਵਿੱਚ ਇਕ ਦਮ ਖਿਆਲ ਆ ਗਿਆ ਕਿ ਕਿਉਂ ਨਾ ਇਸ ਵਿਸ਼ੇ ਉਪਰ ਨਾਵਲ ਲਿਖਿਆ ਜਾਵੇ, ਇਕ ਵੱਡ-ਅਕਾਰੀ ਨਾਵਲ ਕਿ ਅਸੀਂ ਇਥੇ ਕਿਵੇਂ ਪੈਸੇ ਕਮਾਉਣ ਆਏ ਪਰ ਸਾਡੇ ਬੱਚੇ ਸਾਡੇ ਤੋਂ ਦੂਰ ਹੋ ਗਏ, ਸਾਡੀਆਂ ਕੁੜੀਆਂ ਕਾਲ਼ਿਆਂ ਤੇ ਮੁਸਲਮਾਨਾਂ ਨਾਲ ਨਿਕਲ ਗਈਆਂ, ਵੇਸਵਾਵਾਂ ਬਣ ਗਈਆਂ। ਉਸ ਨੂੰ ਗੋਲਡੀ ਵੀ ਯਾਦ ਆਉਣ ਲੱਗੀ।...

ਇਕ ਦਿਨ ਉਹ ਆਪਣੇ ਕਮਰੇ ਵਿੱਚ ਬੈਠਾ ਕੁਝ ਪੜ੍ਹ ਰਿਹਾ ਸੀ ਕਿ ਪਾਇਲ ਅੰਦਰ ਆਈ ਤੇ ਬੋਲੀ,

"ਡੈਡ, ਕੈਨ ਆਏ ਬੋਰੋਂ ਏ ਫੈਗ?"

"ਓ, ਓ..., ਸ਼ੋਅਰ!"

ਜ਼ਰਾ ਕੁ ਝਿਜਕਦਿਆਂ ਕੁੰਦਨ ਸਿੰਘ ਨੇ ਸਿਗਰਟਾਂ ਦੀ ਡੱਬੀ ਪਾਇਲ ਨੂੰ ਫੜਾ ਦਿਤੀ। ਉਸ ਨੇ ਸਿਗਰਟ ਲਾਈ ਤੇ ਕੁੰਦਨ ਸਿੰਘ ਦੇ ਸਾਹਮਣੇ ਹੀ ਕੁਰਸੀ ਤੇ ਬੈਠ ਗਈ। ਉਹ ਮੇਜ਼ ਉਪਰ ਲੱਤਾਂ ਰੱਖੀ ਪੂਰੇ ਆਤਮ ਵਿਸ਼ਵਾਸ ਨਾਲ ਕੱਸ਼ ਲੈਣ ਲੱਗੀ। ਕੱਸ਼ ਖਿੱਚ ਕੇ ਰਾਖ ਨੂੰ ਐਸ਼-ਟਰੇਅ ਵਿਚ ਝਾੜਦੀ ਬੋਲੀ,

"ਡੈਡ, ਤੁਹਾਡੀ ਸਿਹਤ ਕਿਵੇਂ?"

"ਮੈਂ ਪਰਫੈਕਟ ਆਂ, ਤੂੰ ਸੁਣਾ ਹੁਣ ਕਿਵੇਂ ਵੇਂ?"

"ਮੈਂ ਹੁਣ ਠੀਕ ਫੀਲ ਕਰਦੀ ਆਂ।"

"ਤੂੰ ਧਿਆਨ ਕਿਉਂ ਨਹੀਂ ਰੱਖਦੀ, ਕਿਉਂ ਏਸ ਪੰਗੇ ਵਿੱਚ ਵਾਰ ਵਾਰ ਪੈ ਜਾਨੀਂ ਏਂ?"

"ਸੌਰੀ ਡੈਡ, ਕਈ ਵਾਰ ਡਰਿੰਕ ਪੀ ਕੇ ਚੇਤਾ ਨਹੀਂ ਰਹਿੰਦਾ, ਗਲਤੀ ਕਰ ਹੋ ਜਾਂਦੀ ਏ ਬਟ ਆਏ ਵਿਲ ਬੀ ਮੋਰ ਕੇਅਰਫੁੱਲ ਇਨ ਫਿਊਚਰ।"

ਪਾਇਲ ਨੇ ਆਪਣੀ ਸਿਗਰਟ ਨੂੰ ਐਸ਼ਟਰੇ ਵਿੱਚ ਬੁਝਾਦਿਆਂ ਕਿਹਾ।

ਹੁਣ ਪਾਇਲ ਅਕਸਰ ਕੁੰਦਨ ਦੇ ਕਮਰੇ ਵਿੱਚ ਬੈਠ ਕੇ ਸਿਗਰਟ ਪੀਂਦੀ। ਕੁੰਦਨ ਕਮਰੇ ਵਿੱਚ ਹੋਵੇ ਜਾਂ ਨਾ। ਸਿਗਰਟਾਂ ਦੇ ਧੂੰਏਂ ਕਰਕੇ ਇਹ ਕਮਰਾ ਤਾਂ ਪਹਿਲਾਂ ਹੀ ਮਨਜੀਤ ਕੋਰ ਲਈ 'ਨੋ ਗੋ ਜ਼ੋਨ' ਏਰੀਏ ਵਾਂਗ ਸੀ। ਪਿਓ-ਧੀ ਦੀਆਂ ਸਿਗਰਟਾਂ ਦਾ ਬ੍ਰਾਂਡ ਇਕੋ ਸੀ; ਰੌਥਮਨ। ਇਸ ਲਈ ਇਕ ਦੂਜੇ ਤੋਂ ਸਿਗਰਟ ਮੰਗਣ ਦੀ ਸਹੂਲਤ ਵੀ ਰਹਿੰਦੀ। ਮਨਜੀਤ ਕੋਰ ਪਾਇਲ ਦੀ ਇਕ ਹੋਰ ਗੱਲ ਤੋਂ ਵੀ ਬਹੁਤ ਖਿੱਝਦੀ ਕਿ ਉਹ ਕਦੇ ਕਦੇ ਘਰ ਵਿੱਚ ਅੰਡਰਵੀਅਰ ਤੇ ਬਰਾ ਵਿੱਚ ਹੀ ਤੁਰੀ ਫਿਰਦੀ। ਤਿਆਰ ਹੁੰਦੀ ਹੁੰਦੀ ਇਹਨਾਂ ਦੋ ਕਪੜਿਆਂ ਵਿੱਚ ਹੀ ਸਿਟਿੰਗ ਰੂਮ ਵਿੱਚ ਆ ਜਾਂਦੀ ਜਾਂ ਕੁੰਦਨ ਦੇ ਕਮਰੇ ਵਿੱਚ ਸਿਗਰਟ ਦੇ ਸੂਟੇ ਲਾਉਣ ਚਲੇ ਜਾਂਦੀ। ਮਨਜੀਤ ਕੋਰ ਦੀ ਟੋਕ ਨੂੰ ਤਾਂ ਪਾਇਲ ਕੁਝ ਮੰਨਦੀ ਹੀ ਨਹੀਂ ਸੀ। ਕੁੰਦਨ ਨੇ ਵੀ ਦੋ ਕੁ ਵਾਰ ਉਸ ਨੂੰ ਕਿਹਾ ਪਰ ਫਿਰ ਉਹ ਕਹਿਣੋ ਹਟ ਗਿਆ, ਬਸ ਏਨਾ ਕੁ ਹੀ ਕਹਿੰਦਾ ਕਿ ਸਾਡੀ ਕੁੜੀ ਵਿਗੜੀ ਹੋਈ ਹੈ। ਵੈਸੇ ਪਾਇਲ ਨੂੰ ਕਿਤਾਬਾਂ ਨਾਲ ਵੀ ਲਗਾਵ ਸੀ। ਉਹ ਬਹੁਤ ਪੜ੍ਹਦੀ ਤੇ ਸਿਆਸਤ ਦੀ ਪੂਰੀ ਸੂਝ ਸੀ ਉਸ ਨੂੰ। ਇਹਨਾਂ ਦਿਨਾਂ ਵਿੱਚ ਹੀ ਅਮਰਜੋਤ ਯੂਨੀਵਰਸਟੀ ਤੋਂ ਘਰ ਅਇਆ। ਉਹ ਬਹੁਤ ਉਦਾਸ ਸੀ। ਪੜ੍ਹਾਈ ਵਿੱਚ ਉਹ ਪਿੱਛੇ ਪੈ ਗਿਆ ਸੀ। ਉਸ ਤੋਂ ਪੂਰੀ ਤਿਆਰੀ ਨਹੀਂ ਸੀ ਹੋ ਰਹੀ। ਕੁੰਦਨ ਉਸ ਨੂੰ ਹੌਂਸਲਾ ਦੇਣ ਦੀ ਥਾਵੇਂ ਗਾਲ੍ਹਾਂ ਕੱਢਣ ਲੱਗਿਆ। ਅਮਰਜੋਤ ਜਲਦੀ ਹੀ ਵਾਪਸ ਚਲੇ ਗਿਆ।

ਇਕ ਸ਼ਾਮ ਪਾਇਲ ਤੇ ਕੁੰਦਨ ਸਿਗਰਟਾਂ ਪੀ ਰਹੇ ਸਨ। ਕੁੰਦਨ ਨੇ ਦੋ ਪੈੱਗ ਵੀ ਲਾਏ ਹੋਏ ਸਨ। ਪਾਇਲ ਸ਼ਰਾਬ ਬਹੁਤੀ ਨਹੀਂ ਸੀ ਪੀਂਦੀ। ਉਸ ਨੇ ਪੀਣੀ ਵੀ ਹੁੰਦੀ ਤਾਂ ਇਕ ਜਾਂ ਵੱਧ ਤੋਂ ਵੱਧ ਦੋ ਪੈੱਗ ਹੀ ਲੈਂਦੀ। ਅਚਾਨਕ ਕੁੰਦਨ ਨੇ ਪਾਇਲ ਨੂੰ ਪੁੱਛਿਆ,

"ਐਨੀ ਨਿਊਜ਼ ਅਬਾਊਟ ਗੋਲਡੀ?"

ਪਾਇਲ ਜ਼ਰਾ ਕੁ ਮੁਸਕ੍ਰਾਈ ਤੇ ਕੁੰਦਨ ਨੂੰ ਅੱਖ ਮਾਰਦੀ ਬੋਲੀ,

"ਡੈਡ, ਯੂ ਮਿੱਸ ਹਰ?"

ਕੁੰਦਨ ਜ਼ਰਾ ਕੁ ਸ਼ਰਮਾਇਆ ਤੇ ਕਹਿਣ ਲੱਗਿਆ,

"ਨਹੀਂ, ਮੈਂ ਤਾਂ ਓਦਾਂ ਈ ਪੁੱਛਦਾਂ।"

"ਡੈਡ, ਮੈਨੂੰ ਪਤਾ ਤੁਸੀਂ ਓਹਨੂੰ ਬਹੁਤ ਲਾਈਕ ਕਰਦੇ ਸੀ, ਉਹ ਗੁੱਡ ਗ੍ਰਲ ਸੀ ਪਰ...।"

ਆਖਦੀ ਪਾਇਲ ਚੁੱਪ ਕਰ ਗਈ। ਉਸ ਨੇ ਦੋ ਕੁ ਡੂੰਘੇ ਕਸ਼ ਲਏ ਤੇ ਆਖਣ ਲੱਗੀ,

"ਉਹ ਇਕ ਵਾਰ ਪਾਕਿਸਤਾਨ ਗਈ ਸੀ, ਕੋਈ ਬੁਆਏ ਫਰੈਂਡ ਲੈ ਗਿਆ ਸੀ, ਮੁੜ ਕੇ ਉਹਦਾ ਪਤਾ ਨਹੀਂ ਚੱਲਿਆ।"

"ਅੱਛਾ! ...ਇਹ ਤਾਂ ਬਹੁਤ ਮਾੜਾ ਹੋਇਆ!"

"ਵੌਟ ਯੂ ਮੀਨ?"

"ਕਈ ਪਾਕਿਸਤਾਨੀ ਬਹੁਤ ਖਰਾਬ ਨੇ, ਮੈਨੂੰ ਡਰ ਏ ਕਿ ਉਹਨਾਂ ਨੇ ਗੋਲਡੀ ਲੈ ਜਾ ਕੇ ਹੀਰਾ ਮੰਡੀ ਬੈਠਾ ਦਿਤੀ ਹੋਣੀ ਏਂ!"

"ਹੀਰਾ ਮੰਡੀ ਕੀ?"

"ਇਹ ਪਾਕਿਸਤਾਨ ਦਾ ਮਸ਼ਹੂਰ ਬਰੌਥਲ ਏ!"

"ਆਏ ਸੀਅ, ਮੈਨੂੰ ਕਈ ਪਾਕਿਸਤਾਨੀ ਮਿਲਦੇ ਆ, ਕਹਿਣ ਲਗਦੇ ਆ; ਵਾਏ ਨੌਟ ਯੂ ਕਨਵਰਟ?"

"ਬਹੁਤ ਘਟਨਾਵਾਂ ਹੋਈਆਂ ਅਜਿਹੀਆਂ, ਇਹ ਸਾਡੀਆਂ ਕੁੜੀਆਂ ਨੂੰ ਮੁਸਲਮਾਨ ਬਣਾਉਣ ਦੀ ਕੋਸ਼ਿਸ਼ ਵਿਚ ਰਹਿੰਦੇ ਨੇ ਬਟ ਬੀ ਕੇਅਰਫੁੱਲ।"

ਕੁੰਦਨ ਨੇ ਕਿਹਾ ਪਰ ਉਹ ਗੋਲਡੀ ਬਾਰੇ ਸੋਚਦਾ ਬਹੁਤ ਉਦਾਸ ਹੋ ਗਿਆ। ਪਾਇਲ ਵੀ ਸਮਝ ਗਈ ਸੀ ਉਹ ਪਿਓ ਕੋਲੋਂ ਉਠ ਕੇ ਚਲੇ ਗਈ ਤਾਂ ਜੋ ਉਹ ਇਕੱਲਾ ਇਸ ਗੱਲ ਨੂੰ ਜਜ਼ਬ ਕਰ ਸਕੇ।

ਇਕ ਦਿਨ ਅਚਾਨਕ ਪਾਇਲ ਫਿਰ ਘਰੋਂ ਗਾਇਬ ਹੋ ਗਈ।

13-ਕੁਆਰੀਆਂ

ਪਾਇਲ ਬਾਰੇ ਤੇ ਗੋਲਡੀ ਬਾਰੇ ਸੋਚਦਿਆਂ ਕੁੰਦਨ ਦੇ ਜ਼ਿਹਨ ਅੰਦਰ ਇਕ ਨਾਵਲ ਉਸਰਨਾ ਸ਼ੁਰੂ ਹੋ ਗਿਆ। ਉਹ ਇਸ ਨਾਵਲ ਦਾ ਨਾਂ ਰੱਖਣਾ ਚਾਹੁੰਦਾ ਸੀ; ਕੁਆਰੀਆਂ। ਕੁਆਰੀਆਂ ਨਾਂ ਵਿਅੰਗ ਵਿੱਚ ਕਿ ਇਹ ਕੁੜੀਆਂ ਤਾਂ ਕਿਸੇ ਵੇਲੇ ਕੰਜਕਾਂ ਕਹਿਲਵਾਈਆਂ ਜਾਂਦੀਆਂ ਸਨ ਤੇ ਲੋਕ ਇਹਨਾਂ ਨੂੰ ਪੂਜਦੇ ਸਨ। ਸੋਚਦਿਆਂ ਸੋਚਦਿਆਂ ਨਾਵਲ ਦਾ ਕੈਨਵਸ ਬਹੁਤ ਵੱਡਾ ਬਣਨ ਲੱਗਿਆ। ਉਸ ਨੇ ਮਨ ਹੀ ਮਨ ਫੈਸਲਾ ਕਰ ਲਿਆ ਕਿ ਹੁਣ ਉਹ ਬਹੁਤ ਵੱਡਾ ਲੇਖਕ ਹੈ ਤੇ ਨਾਵਲ ਵੀ ਵੱਡਾ ਹੀ ਲਿਖੇਗਾ, ਪੰਜ ਛੇ ਸੌ ਸਫੇ ਦਾ ਨਾਵਲ। ਜਿੱਡਾ ਕਿ ਪੰਜਾਬੀ ਵਿਚ ਪਹਿਲਾਂ ਕਦੇ ਨਹੀਂ ਆਇਆ। ਭਾਵੇਂ ਇਸ ਨਾਵਲ ਨੂੰ ਕਿੰਨੇ ਸਾਲ ਹੀ ਕਿਉਂ ਨਾਲ ਲੱਗ ਜਾਣ। ਉਸ ਨੇ ਇਕ ਰਜਿਸਟਰ ਲਿਆ ਤੇ ਨੋਟਿਸ ਲੈਣੇ ਸ਼ੁਰੂ ਕਰ ਦਿਤੇ।...

ਜਗਬੀਰ ਸਿੰਘ ਨੂੰ ਮੂਹਰੇ ਰੱਖ ਕੇ ਉਲੀਕੇ ਹੋਏ ਸਾਹਿਤਕ ਸਮਾਗਮ ਦਾ ਪ੍ਰਬੰਧ ਕਰਨ ਲੱਗਿਆ। ਜਗਬੀਰ ਸਿੰਘ ਦਾ ਫਾਇਦਾ ਇਹ ਸੀ ਕਿ ਉਹ ਗੁਰਦਵਾਰੇ ਦਾ ਵਧੀਆ ਬੁਲਾਰਾ ਵੀ ਸੀ ਇਸ ਲਈ ਉਸ ਦੀ ਵਾਕਫੀ ਕਾਫੀ ਸੀ। ਪਰੋਗਰਾਮ ਕਰਾਉਣ ਲਈ ਉਹ ਹਾਲ ਦਾ ਇੰਤਜ਼ਾਮ ਵੀ ਕਰ ਸਕਦਾ ਸੀ ਤੇ ਖਾਣੇ ਦਾ ਵੀ। ਜਗਬੀਰ ਸਿੰਘ ਨੇ ਆਪਣੇ ਵਲੋਂ ਹੀ ਸਾਰੇ ਲੇਖਕਾਂ ਨੂੰ ਚਿੱਠੀਆਂ ਲਿਖੀਆਂ। ਕੁੰਦਨ ਸਿੰਘ ਨੇ ਇਹ ਜ਼ਾਹਰ ਨਾ ਕੀਤਾ ਕਿ ਸਭ ਕੁਝ ਉਹ ਹੀ ਕਰ ਰਿਹਾ ਹੈ ਪਰ ਫਿਰ ਵੀ ਸਾਰੇ ਸਮਝ ਹੀ ਰਹੇ ਸਨ।

ਕੁੰਦਨ ਪਰਚਾ ਪੜਿਆ; ਸਾਹਿਤ ਤੇ ਸੰਵੇਦਨਾ। ਬਹੁਤ ਜਾਣਕਾਰੀ ਭਰਿਆ ਪਰਚਾ ਸੀ। ਆਲੇ ਦੁਆਲੇ ਦੇ ਲੇਖਕ ਸਾਰੇ ਆ ਗਏ। ਗੱਲਾਂ ਵੀ ਸੁਹਣੀਆਂ ਹੋ ਗਈਆਂ। ਅਸਲ ਵਿੱਚ ਇਹ ਪਰੋਗਰਾਮ ਆਉਣ ਵਾਲੇ ਵੱਡੇ ਪਰੋਗਰਾਮ ਦੀ ਇਕ ਰਿਹ੍ਰੱਸਲ ਸੀ। ਕੁੰਦਨ ਬਰਤਾਨੀਆਂ ਭਰ ਦੇ ਲੇਖਕ ਸੱਦ ਕੇ ਆਪਣੇ ਢੋਲ ਵਜਾਉਣੇ ਚਾਹੁੰਦਾ ਸੀ। ਉਹ ਸੋਚਦਾ ਸੀ ਕਿ ਢੋਲ ਵਜਦੇ ਰਹਿਣੇ ਚਾਹੀਦੇ ਹਨ। ਉਸ ਨੇ ਆਪਣੇ ਇਸ ਪਰਚੇ ਵਿੱਚ ਬ੍ਰਤਾਨੀਆਂ ਦੇ ਬਹੁਤ ਸਾਰੇ ਲੇਖਕਾਂ ਦੀਆਂ ਲਿਖਤਾਂ ਦਾ ਜ਼ਿਕਰ ਕਰਕੇ ਉਹਨਾਂ ਨੂੰ ਇਕ ਕਿਸਮ ਨਾਲ ਆਪਣੇ ਨਾਲ ਜੋੜ ਲਿਆ ਸੀ।

ਇਹਨਾਂ ਦਿਨਾਂ ਵਿੱਚ ਦੋ ਹਾਦਸੇ ਹੋਰ ਉਸ ਦੇ ਦੇਖਣ ਵਿੱਚ ਆਏ। ਇਹ ਉਸ ਨਾਲ ਨਹੀਂ ਸਨ ਵਾਪਰੇ ਸਗੋਂ ਦੋਸਤਾਂ ਨਾਲ ਵਾਪਰੇ ਸਨ ਜਿਹਨਾਂ ਨੇ ਉਸ ਦੇ ਮਨ ਉਪਰ ਕਈ ਕਿਸਮ ਦੇ ਅਸਰ ਪਾਏ। ਇਕ ਤਾਂ ਚੰਗਾ ਹਾਦਸਾ ਇਹ ਹੋਇਆ ਕਿ ਜੋਗੇਂਦਰ ਇੰਡੀਆ ਜਾ ਕੇ ਦੁਬਾਰਾ ਵਿਆਹ ਕਰਾ ਲਿਆਇਆ। ਉਹ ਆਪਣੀ ਨਵੀਂ ਪਤਨੀ ਨੂੰ ਲੈ ਕੇ ਕੁੰਦਨ ਸਿੰਘ ਨੂੰ ਮਿਲਣ ਆਇਆ। ਕੁੰਦਨ ਸਿੰਘ ਕਦੇ ਉਸ ਵੱਲ ਦੇਖਦਾ ਤੇ ਕਦੇ ਉਸ ਦੀ ਸਾਦੀ ਜਿਹੀ ਪਤਨੀ ਵੱਲ। ਉਸ ਦੀ ਪਤਨੀ ਮਨਜੀਤ ਕੋਲ ਬੈਠੀ ਸੀ ਤੇ ਜੋਗੇਂਦਰ ਫਰੰਟ ਰੂਮ ਵਿੱਚ। ਜੋਗੇਂਦਰ ਕਹਿਣ ਲੱਗਿਆ,

"ਭਾਊ, ਮੈਂ ਤੀਵੀਂ ਦੇ ਥੱਲੇ ਨਹੀਂ ਲੱਗ ਸਕਦਾ, ਮੈਂ ਸਾਧਾਰਨ ਜਿਹੀ ਔਰਤ ਲੈ ਆਇਆਂ ਜਿਹੜੀ ਮੇਰੇ ਇਸ਼ਾਰੇ ਤੇ ਚੱਲੇ, ਜਿਹੜੀ ਮੈਨੂੰ ਦੱਸੇ ਨਾ ਕਿ ਕੀ ਕਰਨਾਂ ਸਗੋਂ ਮੇਰੇ ਤੋਂ ਸੁਣੇ ਤੇ ਕਹੇ ਕਿ ਦੱਸੋ ਜੀ, ਕੀ ਕਰਾਂ।"

"ਤੂੰ ਯਾਰ ਬਹੁਤਾ ਈ ਕਾਹਲ਼ਾ ਨਹੀਂ ਵੱਗ ਗਿਆ! ...ਗੋਰੀ ਗਰਲ ਫਰੈਂਡ ਲੈਜ਼ਲੀ ਦਾ ਕੀ ਕਰੇਂਗਾ?"

"ਉਹ ਹੈਗੀ ਜਿਥੇ ਹੈਗੀ, ਉਹਨੂੰ ਦੱਸ ਕੇ ਈ ਸਭ ਕੁਝ ਕੀਤਾ। ਫੇਰ ਸਿੰਪਲ ਤੀਵੀਂ ਦਾ ਇਹ ਫਾਇਦਾ ਵੀ ਤਾਂ ਹੋਏਗਾ ਕਿ ਉਹਨੂੰ ਵੀ ਰੱਖ ਛੱਡਾਂਗਾ ਹਾਲੇ।"

ਜੋਗੇਂਦਰ ਦੱਸ ਰਿਹਾ ਸੀ। ਜੋਗੇਂਦਰ ਤਾਂ ਚਲੇ ਗਿਆ ਪਰ ਕੁੰਦਨ ਉਸ ਨਾਲ ਈਰਖਾ ਕਰਦਾ ਸੋਚਣ ਲੱਗਿਆ ਕਿ ਕਾਸ਼, ਉਹ ਵੀ ਇਵੇਂ ਕਰ ਸਕਦਾ। ਮਨਜੀਤ ਕੋਰ ਵਰਗੀ ਮੂੰਹ-ਜ਼ੋਰ ਔਰਤ ਤੋਂ ਛੁਟਕਾਰਾ ਪਾ ਕੇ ਕਿਸੇ ਸਾਦੀ ਜਿਹੀ ਔਰਤ ਨਾਲ ਵਿਆਹ ਕਰ ਸਕਦਾ।

ਦੂਜਾ ਹਾਦਸਾ ਰਸ਼ਪਾਲ ਨਾਲ ਵਾਪਰਿਆ। ਉਸ ਦੀ ਪਤਨੀ ਸੁਨੀਤਾ ਨੇ ਖੁਦਕਸ਼ੀ ਕਰ ਲਈ। ਇਕ ਰਾਤ ਨੀਂਦ ਦੀਆਂ ਗੋਲੀਆਂ ਖਾ ਕੇ ਅਜਿਹਾ ਸੁੱਤੀ ਕਿ ਮੁੜ ਕੇ ਉਠ ਨਾ ਸਕੀ। ਹੁਣ ਰਸ਼ਪਾਲ ਰੋਂਦਾ ਫਿਰਦਾ ਸੀ ਕਿ ਹੁਣ ਉਹ ਬੱਚੇ ਕਿਵੇਂ ਪਾਲ਼ੇਗਾ। ਕੁੰਦਨ ਉਸ ਕੋਲ ਅਫਸੋਸ ਕਰਨ ਗਿਆ ਤਾਂ ਕਹਿਣ ਲਗਿਆ,

"ਰਸ਼ਪਾਲ, ਕਿਉਂ ਮਰੀਂ ਜਾਨੈਂ! ...ਤੇਰੀ ਔਰਤ ਕੋਈ ਏਡੀ ਵਧੀਆ ਔਰਤ ਨਹੀਂ ਸੀ, ਕਿੰਨੀ ਲੜ੍ਹਾਈ ਪਾਈ ਸੀ ਘਰ ਵਿੱਚ, ਠੀਕ ਏ ਮਰੇ ਇਨਸਾਨ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ ਪਰ ਏਨਾ ਵੀ ਨਾ ਮਰੂੰ ਮਰੂੰ ਕਰ, ਤੀਵੀਂ ਹੋਰ ਮਿਲ਼ ਜਾਏਗੀ, ਤੂੰ ਚੰਗੀ ਤਰ੍ਹਾਂ ਬੱਚੇ ਸੰਭਾਲ।"

"ਭਾਈ ਕੁੰਦਨ ਸਿਆਂ, ਜਿਹਦਾ ਜੀਵਨ ਸਾਥੀ ਚਲੇ ਜਾਂਦੈ, ਉਹਨੂੰ ਹੀ ਦੁੱਖ ਦਾ ਪਤਾ ਹੁੰਦੈ, ਤੈਨੂੰ ਨਿਕੇ ਨਿਕੇ ਬੱਚੇ ਪਾਲਣੇ ਪੈਣ ਤਾਂ ਪਤਾ ਚੱਲੇ।"

ਰਸ਼ਪਾਲ ਨੇ ਜ਼ਰਾ ਕੁ ਹਿਰਖ ਵਿੱਚ ਕਿਹਾ ਪਰ ਕੁੰਦਨ ਸੋਚਦਾ ਜਾ ਰਿਹਾ ਸੀ ਕਿ ਜੇ ਮਨਜੀਤ ਕੌਰ ਮਰ ਜਾਵੇ ਤਾਂ ਉਹ ਕਿੰਨਾ ਖੁਸ਼ ਹੋਵੇ। ਉਸ ਦੇ ਮਨ ਉਪਰ ਜੋਗੇਂਦਰ ਤੇ ਰਸ਼ਪਾਲ ਦੀਆਂ ਕਹਾਣੀਆਂ ਨੇ ਕਈ ਦਿਨ ਤਕ ਅਸਰ ਪਾਈ ਰੱਖਿਆ ਪਰ ਉਹ ਉਹਨਾਂ ਨਾਲ ਈਰਖਾ ਵੀ ਕਰ ਰਿਹਾ ਸੀ ਕਿ ਇਹ ਲੋਕ ਉਸ ਦੀ ਸਥਿਤੀ ਤੋਂ ਉਲਟ ਹੁਣ ਮਨਮਰਜ਼ੀਆਂ ਕਰ ਸਕਦੇ ਹਨ।...

ਇਹਨਾਂ ਦਿਨ ਵਿੱਚ ਹੀ ਪਾਇਲ ਆਪਣਾ ਸਾਰਾ ਸਮਾਨ ਚੁੱਕ ਕੇ ਘਰ ਆ ਗਈ। ਕੁੰਦਨ ਨੇ ਮਨਜੀਤ ਕੌਰ ਨੂੰ ਕਿਹਾ,

"ਹੁਣ ਜੇ ਆਈ ਏ ਤਾਂ ਟਿਕੀ ਰਹਿਣ ਦੇਵੀਂ, ਐਵੇਂ ਨਾ ਕੁੜੀ ਨੂੰ ਬੁਰਾ-ਭਲਾ ਬੋਲੀਂ, ਸ਼ਾਇਦ ਕਿਸੇ ਕੰਢੇ ਲੱਗ ਜਾਵੇ।"

"ਇਹਨੂੰ ਕਹਿ ਕਿ ਵਿਆਹ ਕਰਾ ਲਵੇ।"

"ਵਿਆਹ ਨਾਲੋਂ ਜ਼ਰੂਰੀ ਏ ਕਿ ਜੌਬ ਲੱਭੇ, ਸੈਟਲ ਹੋ ਜਾਵੇ। ਤੂੰ ਇਹਨੂੰ ਪਤਿਆ ਕੇ ਰੱਖ।"

"ਮੇਰੇ ਨਾਲ ਤਾਂ ਉਹ ਸਿੱਧੇ ਮੂੰਹ ਬੋਲਦੀ ਈ ਨਹੀਂ ਹੁੰਦੀ, ਤੇਰੇ ਨਾਲ ਈ ਅੰਦਰ ਬੈਠ ਕੇ ਗੁਰਮਤੇ ਕਰਦੀ ਹੁੰਦੀ ਆ।"

"ਮੈਂ ਪੰਜਾਹ ਵਾਰੀ ਕਿਹਾ ਕਿ ਤੂੰ ਮਾਂ ਏਂ, ਮਾਂ-ਧੀ ਦਾ ਜਿਹੜਾ ਰਿਸ਼ਤਾ ਹੁੰਦਾ ਏ ਉਹ ਪਿਓ-ਧੀ ਦਾ ਨਹੀਂ ਹੋ ਸਕਦਾ, ਤੂੰ ਵੀ ਗੱਲ ਕਰੀਂ ਤੇ ਮੈਂ ਵੀ ਕਰਾਂਗਾ।"

ਇਕ ਦਿਨ ਕੁੰਦਨ ਸਿੰਘ ਨੇ ਕਿਹਾ,

"ਦੇਖ ਪਾਇਲ, ਮੈਂ ਤੈਨੂੰ ਪਿਛਲੀ ਵਾਰ ਵੀ ਕਿਹਾ ਸੀ ਕਿ ਹੁਣ ਤੂੰ ਬਹੁਤ ਦੁਨੀਆਂ ਦੇਖ ਲਈ ਏ, ਹੁਣ ਸੈੱਟਲ ਹੋ ਜਾ, ਕੋਈ ਜੌਬ ਲੱਭ।"

"ਡੈਡ, ਜੌਬ ਮਿਲਦੀ ਨਹੀਂ, ਬਹੁਤ ਟਰਾਈ ਕੀਤੀ ਆ।"

"ਇਥੇ ਆਪਣੇ ਅਕਸਬ੍ਰਿਜ ਕਾਲਜ ਵਿੱਚ ਕਈ ਕਿਸਮ ਦੇ ਕੋਰਸ ਹੈਗੇ, ਸੋਸ਼ਲ ਸਰਵਿਸ ਦਾ ਵੀ ਹੈਗਾ ਏ, ਕੋਈ ਨਾ ਕੋਈ ਕੋਰਸ ਕਰ ਲੈ, ਅੱਜਕੱਲ ਐਡਮਿਸ਼ਨ ਚੱਲ ਰਿਹਾ ਏ, ਜੌਬ ਮਿਲ ਜਾਏਗੀ, ਆਪਣਾ ਘਰ ਲੈ ਲਵੀਂ, ਤੇਰਾ ਵਿਆਹ ਵੀ ਕਰ ਦੇਵਾਂਗੇ।"

"ਇੰਡੀਅਨ ਮੈਨ ਨਾਲ?"

"ਹੋਰ ਕਿਸੇ ਕਾਲ਼ੇ ਪੀਲ਼ੇ ਨਾਲ? ...ਮਨ ਨਹੀਂ ਭਰਿਆ ਹਾਲੇ?"

"ਡੈਡ, ਮੈਂ ਵਿਆਹ ਨਹੀਂ ਕਰਾਉਣਾ, ਮੈਂ ਜੌਬ ਕਰਨਾ ਮੰਗਦੀ ਆਂ।"

"ਠੀਕ ਏ, ਮੈਂ ਕਿਸੇ ਕੋਰਸ ਦਾ ਵੀ ਪਤਾ ਕਰਦਾਂ ਪਰ ਤੈਨੂੰ ਹੁਣ ਘਰ ਰਹਿਣਾ ਹੋਵੇਗਾ, ਪਰੌਮਿਜ਼ ਕਰ।"

"ਪਰੌਮਿਜ਼ ਡੈਡ, ਮੈਂ ਹੁਣ ਹਰ ਹਾਲਤ ਵਿਚ ਜੌਬ ਕਰਨੀ ਆਂ। ਕੱਲ ਈ ਜੌਬ ਸੈਂਟਰ ਜਾ ਕੇ ਆਵਾਂਗੀ।"

ਅਗਲੇ ਦਿਨ ਹੀ ਪਾਇਲ ਸੋਸ਼ਲ ਸਕਿਉਟੀ ਵਿੱਚ ਜਾ ਕੇ ਆਪਣਾ ਨਾਂ ਲਿਖਾ ਆਈ ਤਾਂ ਜੋ ਉਸ ਨੂੰ ਕੁਝ ਪੈਸੇ ਮਿਲਣੇ ਸ਼ੁਰੂ ਹੋ ਜਾਣ। ਜੌਬ ਸੈਂਟਰ ਵਿੱਚ ਜਾ ਕੇ ਵੀ ਹਾਜ਼ਰੀ ਲੁਆ ਆਈ। ਏਅਰ ਪੋਰਟ ਤੇ ਵੀ ਨੌਕਰੀਆਂ ਨਿਕਲਦੀਆਂ ਰਹਿੰਦੀਆਂ ਸਨ, ਉਹ ਉਥੇ ਵੀ ਆਪਣਾ ਨਾਂ ਦੇ ਆਈ। ਇਕ ਨੌਕਰੀ ਲਈ ਫਾਰਮ ਭਰ ਕੇ ਵੀ ਭੇਜ ਦਿਤੇ। ਮਨਜੀਤ ਕੌਰ ਨੂੰ ਜਾਪਿਆ ਕਿ ਕੁੜੀ ਬਦਲ ਗਈ ਹੈ। ਉਸ ਨੇ ਕੰਮ ਉਪਰ ਆਪਣੀਆਂ ਸਹੇਲੀਆਂ ਨੂੰ ਕਹਿ ਦਿਤਾ ਕਿ ਜੇ ਕੋਈ ਮੁੰਡਾ ਹੋਇਆ ਤਾਂ ਪਾਇਲ ਲਈ ਦੱਸਣ ਪਰ ਪਾਇਲ ਵਿਆਹ ਹਾਲੇ ਵਿਆਹ ਲਈ ਤਿਆਰ ਨਹੀਂ ਸੀ।

ਪਹਿਲਾਂ ਵਾਂਗ ਹੀ ਪਿਓ ਧੀ ਇਕੱਠੇ ਬੈਠ ਕੇ ਸਿਗਰਟਾਂ ਪੀਂਦੇ ਤੇ ਕਿੰਨੀ ਦੇਰ ਤਕ ਗੱਲਾਂ ਕਰਦੇ ਰਹਿੰਦੇ। ਹੁਣ ਕੁੰਦਨ ਆਪਣੇ ਨਾਵਲ ਲਈ ਵੀ ਮਸਾਲਾ ਇਕੱਠਾ ਕਰ ਰਿਹਾ ਸੀ। ਪਾਇਲ ਦੀਆਂ ਗੱਲਾਂ ਵਿੱਚੋਂ ਉਸ ਨੂੰ ਬਹੁਤ ਕੁਝ ਮਿਲ ਜਾਂਦਾ। ਕਦੇ ਕਦੇ ਉਹ ਗੋਲਡੀ ਬਾਰੇ ਵੀ ਗੱਲ ਕਰਦਾ ਪਰ ਪਾਇਲ ਨੂੰ ਉਸ ਬਾਰੇ ਕੁਝ ਨਹੀਂ ਸੀ ਪਤਾ। ਕੁੰਦਨ ਨੂੰ ਲਗਦਾ ਸੀ ਕਿ ਉਹ ਪਾਕਿਸਤਾਨ ਵਿੱਚ ਹੀ ਹੋਵੇਗੀ। ਇਹ ਸੋਚਦਿਆਂ ਉਸ ਦੇ ਮਨ ਨੂੰ ਕੁਝ ਹੋਣ ਲਗਦਾ। ਉਹ ਅਜੀਬ ਜਿਹੀ ਉਦਾਸੀ ਨਾਲ ਘਿਰਨ ਲੱਗਦਾ।

ਆਪਣੇ ਨਾਵਲ ਦਾ ਮੁੱਖ ਕਿਰਦਾਰ ਉਸ ਨੇ ਪਾਇਲ ਨੂੰ ਹੀ ਬਣਾਉਣਾ ਸੀ ਪਰ ਉਸ ਨੇ ਮਿਡਲਸੈਕਸ ਦੇ ਸਾਰੇ ਹੀ ਵਿਸ਼ੇਸ਼ ਵਿਅਕਤੀਆਂ ਨੂੰ ਇਸ ਦੇ ਕਿਰਦਾਰ ਬਣਾਉਣ ਦਾ ਫੈਸਲਾ ਕਰ ਲਿਆ। ਇਸ ਵਿੱਚ ਉਹ ਆਪ ਵੀ ਪੇਸ਼ ਹੋਵੇਗਾ, ਸਾਰੇ ਲੇਖਕ ਵੀ। ਇਵੇਂ ਸੋਚਦਿਆਂ ਉਸ ਦੇ ਮਨ ਨੂੰ ਤਸੱਲੀ ਵੀ ਹੋਣ ਲੱਗਦੀ ਕਿ ਆਪਣੇ ਸਮਕਾਲੀਆਂ ਨੂੰ ਉਹਨਾਂ ਦੇ ਅਸਲੀ ਤੇ ਘਿਨਾਉਣੇ ਰੂਪ ਵਿਚ ਪੇਸ਼ ਕਰੇਗਾ। ਜਿਹੜੀਆਂ ਔਰਤਾਂ ਨੂੰ ਉਹ ਪਸੰਦ ਨਹੀਂ ਕਰਦਾ ਉਹਨਾਂ ਦੇ ਪਾਜ ਵੀ ਆਪਣੇ ਨਾਵਲ ਵਿੱਚ ਉਧੇੜੇਗਾ। ਪਾਇਲ ਦੇ ਘਰੋਂ ਚਲੇ ਜਾਣ ਵੇਲੇ ਜਿਹੜੇ ਜਿਹੜੇ ਲੋਕ ਉਸ ਉਪਰ ਹੱਸਦੇ ਸਨ ਹੁਣ ਨਾਵਲ ਰਾਹੀਂ ਉਹ ਉਹਨਾਂ ਸਭ 'ਤੇ ਹੱਸੇਗਾ। ਉਹ ਹੁਣ ਉਠਦਾ ਬਹਿੰਦਾ ਨਵੇਂ ਨਾਵਲ ਬਾਰੇ ਸੋਚਦਾ ਰਹਿੰਦਾ।

ਅਮਰਜੋਤ ਦੇ ਨੰਬਰ ਥੋੜੇ ਆਉਣ ਕਰਕੇ ਉਸ ਦਾ ਇਕ ਸਾਲ ਖਰਾਬ ਹੋ ਗਿਆ। ਉਹ ਇਸ ਕਾਰਨ ਕੁੰਦਨ ਦੇ ਗੁੱਸੇ ਤੋਂ ਬਹੁਤ ਡਰ ਰਿਹਾ ਸੀ। ਕੁੰਦਨ ਦਾ ਸਾਰਾ ਧਿਆਨ ਹੁਣ ਨਾਵਲ ਨੇ ਮੱਲਿਆ ਹੋਇਆ ਸੀ ਉਸ ਨੂੰ ਨਾਵਲ ਲਿਖਣ ਲਈ ਊਰਜਾ ਦੀ ਲੋੜ ਸੀ, ਉਰਜਾ ਕਿਸੇ ਨਾਲ ਸਿੰਗ ਫਸਾ ਕੇ ਮਿਲਦੀ ਸੀ। ਉਸ ਨੇ ਗਵਾਂਢੀਆਂ ਨਾਲ ਸਾਂਝੀ ਫੈਂਸ ਨੂੰ ਲੈ ਕੇ ਲੜਾਈ ਵਿੱਢ ਲਈ। ਦੂਜੇ ਚੌਥੇ ਉਹਨਾਂ ਨਾਲ ਤੂੰ-ਤੂੰ ਮੈਂ-ਮੈਂ ਹੋ ਜਾਂਦੀ। ਇਸੇ ਕਾਰਨ ਹੀ ਅਮਰਜੋਤ ਵੀ ਕੁੰਦਨ ਦੇ ਗੁੱਸੇ ਤੋਂ ਬਚ ਗਿਆ ਸੀ।...

ਇਕ ਦਿਨ ਉਸ ਦਾ ਨਵਾਂ ਮੁਰੀਦ ਜਗਬੀਰ ਸਿੰਘ ਉਸ ਨੂੰ ਮਿਲਣ ਆਇਆ ਤੇ ਬੋਲਿਆ,

"ਮਹਾਂਰਾਜ, ਤੁਸੀਂ ਇਕ ਹੋਰ ਫੰਕਸ਼ਨ ਕਰਾਉਣ ਬਾਰੇ ਕਹਿੰਦੇ ਸੀ?"

14-ਮੋਹਣੀ

ਇਕ ਦਿਨ ਉਹ ਆਪਣੇ ਕੰਮ ਉਪਰ ਡਾਕਖਾਨੇ ਦੇ ਕਾਊਂਟਰ ‘ਤੇ ਬੈਠਾ ਸੀ ਕਿ ਉਸ ਨੂੰ ਸਾਹਮਣੇ ਸੁਰਜਨ ਸਿੰਘ ਆਉਂਦਾ ਦਿਸਿਆ। ਸੁਰਜਨ ਸਿੰਘ ਡਾਕਟਰ ਹਰੀ ਸਿੰਘ ਦਿੱਲੀ ਵਾਲੇ ਦਾ ਸ਼ਾਗਿਰਦ ਸੀ। ਪਿਛਲੀ ਵਾਰ ਜਦ ਡਾਕਟਰ ਇਥੇ ਆਇਆ ਸੀ ਤਾਂ ਉਸ ਨਾਲ ਹੀ ਮਿਲਿਆ ਸੀ। ਸੁਰਜਨ ਸਿੰਘ ਦੇ ਨਾਲ ਇਕ ਸੁਹਣੀ ਜਿਹੀ ਔਰਤ ਵੀ ਸੀ। ਦਿੱਖ ਤੋਂ ਜਾਪਦਾ ਸੀ ਕਿ ਕੋਈ ਇੰਡੀਆ ਤੋਂ ਆਈ ਹੋਈ ਹੈ। ਉਸ ਦੀ ਤੋਰ ਤੋਂ ਤੇ ਉਸ ਦੇ ਕਪੜਿਆਂ ਤੋਂ ਲੱਗਦਾ ਸੀ ਕਿਸੇ ਵੱਡੇ ਸ਼ਹਿਰ ਦੀ ਵਸਨੀਕ ਹੋਵੇਗੀ। ਕੁੰਦਨ ਸਿੰਘ ਆਪਣੇ ਮੈਨੇਜਰ ਨੂੰ ਦੱਸਦਾ ਹੋਇਆ ਉਠ ਕੇ ਬਾਹਰ ਆ ਗਿਆ। ਉਸ ਨੇ ਸੁਰਜਨ ਸਿੰਘ ਨਾਲ ਹੱਥ ਮਿਲਾਇਆ ਤੇ ਨਾਲ ਵਾਲੀ ਔਰਤ ਨੇ ਦੋਵੇਂ ਹੱਥ ਜੋੜ ਕੇ ‘ਸਤਿ ਸ੍ਰੀ ਅਕਾਲ’ ਕਿਹਾ। ਸੁਰਜਨ ਸਿੰਘ ਨੇ ਵਾਕਫੀ ਕਰਾਉਂਦਿਆਂ ਕਿਹਾ,

“ਕੁੰਦਨ ਸਿੰਘ ਜੀ, ਇਹ ਨੇ ਮੋਹਣੀ, ਡਾਕਟਰ ਮੋਹਣੀ, ਦਿੱਲੀ ਤੋਂ।”

ਕੁੰਦਨ ਸਿੰਘ ਨੇ ਉਸ ਔਰਤ ਵਲ ਦੇਖਿਆ, ਤੀਹ-ਪੈਂਤੀ ਕੁ ਸਾਲ ਦੀ ਸੁਹਣੀ ਜਿਹੀ ਔਰਤ ਕਿਤੇ ਦੇਖੀ ਲੱਗੀ। ਉਸ ਨੇ ਪੁੱਛਿਆ,

“ਤੁਸੀਂ ਯੂਨੀਵਰਸਟੀ ਹੁੰਦੇ ਓ?”

“ਨਹੀਂ, ਮੈਂ ਮਾਤਾ ਲਕਸ਼ਮੀ ਕਾਲਜ ਪੜ੍ਹਾਉਂਨੀ ਆਂ ਪਰ ਮੈਂ ਤੁਹਾਨੂੰ ਯੂਨੀਵਰਸਟੀ ਮਿਲੀ ਸੀ, ਕਈ ਵਾਰ ਤੁਹਾਡੇ ਲੈਕਚਰ ਸੁਣੇ ਨੇ, ਬਹੁਤ ਵਧੀਆ ਬੋਲਦੇ ਹੋ ਤੁਸੀਂ।”

“ਥੈਂਕਿਊ।”

“ਕੁੰਦਨ ਜੀ, ਇਹਨਾਂ ਨੇ ਡਾਕਟਰ ਹਰੀ ਸਿੰਘ ਨਾਲ ਡਾਕਟਰੇਟ ਕੀਤੀ ਏ।”

“ਓਹ ਆਏ ਸੀ! ਤੁਸੀਂ ਡਾਕਟਰ ਸਾਹਿਬ ਦੇ ਸਟੂਡੈਂਟ ਓ! ਤੁਹਾਨੂੰ ਮਿਲ ਕੇ ਬਹੁਤ ਖੁਸ਼ੀ ਹੋਈ, ਇੰਗਲੈਂਡ ਕਿਵੇਂ ਆਉਣਾ ਹੋਇਆ?”

“ਬੱਸ ਘੁੰਮਣ, ਹੈਰੋ ਮੇਰੇ ਰਿਸ਼ਤੇ ਵਿੱਚੋਂ ਭਰਾ ਜੀ ਰਹਿੰਦੇ ਨੇ, ਉਹਨਾਂ ਕੋਲ਼ ਆਈ ਸੀ।”

“ਅਗਲੇ ਹਫਤੇ ਸਾਡੇ ਫੰਕਸ਼ਨ ਏ, ਤੁਸੀਂ ਆਓ ਤੇ ਕੋਈ ਪਰਚਾ ਲਿਖ ਕੇ ਲਿਆਓ ਤੇ ਪੇਸ਼ ਕਰੋ, ਸਾਨੂੰ ਖੁਸ਼ੀ ਹੋਵੇਗੀ।”

“ਮੇਰੀ ਡਾਕਟਰੇਟ ਕਵਿਤਾ ‘ਤੇ ਵੇ, ਕਵਿਤਾ ਬਾਰੇ ਲਿਖ ਸਕਦੀ ਆਂ।”

“ਪਰਵਾਸੀ ਕਵਿਤਾ ‘ਤੇ ਲਿਖ ਲਓ।”

“ਪਰਵਾਸੀ ਕਵਿਤਾ ਮੈਂ ਨਹੀਂ ਪੜ੍ਹੀ, ਹਾਂ, ਸਮੁੱਚੀ ਕਵਿਤਾ ‘ਤੇ ਲਿਖ ਸਕਦੀ ਆਂ।”

“ਚੱਲੇਗਾ, ਤੁਸੀਂ ਅਗਲੇ ਸ਼ਨਿਚਰਵਾਰ ਦੁਪਿਹਰ ਇਕ ਵਜੇ ਬੇਕਨਜ਼ਫੀਲਡ ਹਾਲ ਪੁੱਜ ਜਾਣਾ, ਸੁਰਜਨ ਸਿੰਘ ਜਾਣਦੇ ਨੇ ਕਿ ਕਿਥੇ ਕੁ ਏ ਹਾਲ। ਨਹੀਂ ਤਾਂ ਸਾਡੇ ਘਰ ਆ ਜਾਣਾ, ਅਸੀਂ ਤੁਹਾਨੂੰ ਨਾਲ ਲੈਂਦੇ ਆਵਾਂਗੇ।”

ਕੁੰਦਨ ਸਿੰਘ ਨੇ ਆਪਣੇ ਘਰ ਦਾ ਸਿਰਨਾਵਾਂ ਦਿੰਦੇ ਹੋਏ ਕਿਹਾ। ਮੋਹਣੀ ਚਾਹ ਦਾ ਕੱਪ ਪੀ ਕੇ ਚਲੇ ਗਈ ਤੇ ਨਾਲ ਆਪਣਾ ਫੋਨ ਨੰਬਰ ਵੀ ਛੱਡ ਗਈ। ਕੁੰਦਨ ਆਪਣੇ ਦਿਮਾਗ ‘ਤੇ ਜ਼ੋਰ ਪਾ ਕੇ ਸੋਚਣ ਲਗਿਆ ਕਿ ਦਿੱਲੀ ਕਦੋਂ ਤੇ ਕਿਥੇ ਮਿਲੀ ਹੋਈ। ਡਾਕਟਰ ਹਰੀ ਸਿੰਘ ਤਾਂ ਹਰ ਵੇਲੇ ਕਈ ਕੁੜੀਆਂ ਆਪਣੇ ਨਾਲ ਲਈ ਫਿਰਦਾ ਹੁੰਦਾ ਸੀ। ਜਿੱਡਾ ਵੱਡਾ ਯੂਨੀਵਰਸਟੀ ਦਾ ਡਾਕਟਰ ਓਨੀਆਂ ਹੀ ਵੱਧ ਵਿਦਿਆਰਥਣਾਂ, ਨਾਲ ਨਾਲ ਪਰਛਾਵੇਂ ਵਾਂਗ।

ਮੋਹਣੀ ਸਮਾਗਮ ਵਿੱਚ ਆ ਹਾਜ਼ਰ ਹੋਈ। ਬੇਕਨਜ਼ਫੀਲਡ ਹਾਲ ਭਰਿਆ ਪਿਆ ਸੀ। ਬਰਤਾਨੀਆਂ ਭਰ ਦੇ ਪੰਜਾਬੀ ਦੇ ਲੇਖਕ ਸ਼ਾਮਲ ਸਨ ਤੇ ਸਰੋਤੇ ਵੀ। ਕੁੰਦਨ ਸਿੰਘ ਨੇ ਆਪ ਡਾਕਟਰ ਮੋਹਣੀ ਨੂੰ ਸਟੇਜ ਤੋਂ ਬਹੁਤ ਹੀ ਵਧੀਆ ਤਰੀਕੇ ਨਾਲ ਪੇਸ਼ ਕੀਤਾ। ਬਾਅਦ ਵਿੱਚ ਉਸ ਦੇ ਪਰਚੇ ਦੀ ਵੀ ਢੇਰ ਸਾਰੀ ਸਲਾਹੁਤਾ ਕੀਤੀ। ਭਾਵੇਂ ਲੋਕਾਂ ਵਲੋਂ ਮੋਹਣੀ ਦੇ ਪਰਚੇ ਦੀ ਕੁਝ ਮੁਖਾਲਫਤ ਹੋਈ ਕਿ ਉਸ ਨੇ ਇੰਗਲੈਂਡ ਦੇ ਪੰਜਾਬੀ ਕਵੀ ਪਰਚੇ ਵਿੱਚ ਸ਼ਾਮਲ ਨਹੀਂ ਸਨ ਕੀਤੇ ਪਰ ਇਥੇ ਵੀ ਕੁੰਦਨ ਸਿੰਘ ਮੋਹਣੀ ਦੇ ਪੱਖ ਪੂਰਦਿਆਂ ਕਿਹਾ ਕਿ ਉਸ ਦੇ ਪੇਪਰ ਦਾ ਵਿਸ਼ਾ ਸਿਰਫ ਇੰਡੀਆ ਦੇ ਕਵੀ ਹੀ ਸਨ। ਇਥੋਂ ਦੇ ਕਵੀਆਂ ਬਾਰੇ ਡਾਕਟਰ ਮੋਹਣੀ ਕਦੇ ਫਿਰ ਪਰਚਾ ਲਿਖਣਗੇ। ਸਾਰੇ ਸਮਾਗਮ ਵਿੱਚ ਕੁੰਦਨ ਮੋਹਣੀ ਵਲ ਹੀ ਦੇਖਦਾ ਰਿਹਾ। ਉਹ ਕਈ ਕਿਸਮ ਦੇ ਸੁਫਨੇ ਬੁਣਦਾ ਰਿਹਾ। ਉਹ ਸੋਚ ਰਿਹਾ ਸੀ ਕਿ ਜੇ ਮੋਹਣੀ ਨਾਲ ਉਸ ਦੀ ਦੋਸਤੀ ਹੋ ਜਾਵੇ ਤਾਂ ਇਕ ਵਾਰ ਬੱਲੇ-ਬੱਲੇ ਹੋ ਜਾਵੇ। ਇਕ ਤਾਂ ਮੋਹਣੀ ਡਾਕਟਰ ਸੀ, ਉਪਰੋਂ ਦਿੱਲੀ ਦੀ, ਸੁਹਣੀ ਵੀ ਸੀ ਤੇ ਉਸ ਨਾਲੋਂ ਦੱਸ ਬਾਰਾਂ ਸਾਲਾ ਛੋਟੀ ਵੀ। ਸਮਾਗਮ ਤੋਂ ਬਾਅਦ ਉਸ ਨੇ ਮੋਹਣੀ ਨੂੰ ਕਿਹਾ,

“ਡਾਕਟਰ ਮੋਹਣੀ, ਮੈਂ ਬੁਧਵਾਰ ਵਾਲੇ ਦਿਨ ਵਿਹਲਾ ਹਾਂ, ਜੇ ਤੁਸੀਂ ਚਾਹੋਂ ਤਾਂ ਮੈਂ ਤੁਹਾਨੂੰ ਲੰਡਨ ਘੁਮਾ ਸਕਦਾਂ।”

ਮੋਹਣੀ ਨੂੰ ਹੋਰ ਕੀ ਚਾਹੀਦਾ ਸੀ। ਆਪਣੇ ਜਿਹੜੇ ਰਿਸ਼ਤੇਦਾਰ ਕੋਲ ਉਹ ਠਹਿਰੀ ਹੋਈ ਸੀ, ਉਸ ਕੋਲ ਤਾਂ ਬਹੁਤਾ ਵਕਤ ਹੈ ਨਹੀਂ ਸੀ। ਬੁੱਧਵਾਰ ਸਵੇਰੇ ਉਸ ਨੇ ਮੋਹਣੀ ਨੂੰ ਉਸ ਦੀ ਰਿਹਾਇਸ਼ ਹੈਰੋ ਤੋਂ ਚੁੱਕਿਆ ਤੇ ਕਾਰ ਕੇਂਦਰੀ ਲੰਡਨ ਨੂੰ ਤੋਰ ਲਈ। ਘਰ ਮਨਜੀਤ ਕੋਰ ਨੂੰ ਉਸ ਨੇ ਨਹੀਂ ਸੀ ਦੱਸਿਆ। ਮੋਹਣੀ ਨਾਲ ਬੈਠਾ ਜਿਵੇਂ ਉਹ ਕੋਈ ਸੁਫਨਾ ਦੇਖ ਰਿਹਾ ਹੋਵੇ। ਕਿਸੇ ਔਰਤ ਨਾਲ ਉਹ ਪਹਿਲੀ ਵਾਰ ਇਵੇਂ ਘੁੰਮ ਰਿਹਾ ਸੀ। ਉਹ ਸਾਰਾ ਦਿਨ ਲੰਡਨ ਘੁੰਮਦੇ ਰਹੇ। ਸਾਹਿਤ ਦੀਆਂ ਗੱਲਾਂ ਕਰਦੇ ਰਹੇ। ਮੋਹਣੀ ਉਸ ਨੂੰ ਦੱਸ ਰਹੀ ਸੀ ਕਿ ਉਹ ਉਸ ਦੇ ਲੈਕਚਰ

ਕਿੰਨੇ ਧਿਆਨ ਨਾਲ ਸੁਣੇਂ ਹਨ। ਉਸ ਦੇ ਲੇਖਾਂ ਤੋਂ ਕਿਵੇਂ ਮੁਤਾਸਰ ਹੈ। ਡਾਕਟਰ ਮੋਹਣੀ ਨੇ ਆਪਣੀਆਂ ਲਿਖੀਆਂ ਕੁਝ ਕਵਿਤਾਵਾਂ ਸੁਣਾਈਆਂ। ਕੁੰਦਨ ਨੇ ਵੀ ਦੋ ਗਜ਼ਲਾਂ ਪੜ੍ਹੀਆਂ। ਇਕ ਭਾਰਤੀ ਰੈਸਟੋਰੈਂਟ ਵਿੱਚ ਕੇ ਖਾਣਾ ਵੀ ਖਾਧਾ। ਸ਼ਾਮ ਨੂੰ ਜਦ ਕੁੰਦਨ ਡਾਕਟਰ ਮੋਹਣੀ ਨੂੰ ਛੱਡਣ ਜਾ ਰਿਹਾ ਸੀ ਤਾਂ ਉਸ ਨੇ ਕਾਰ ਇਕ ਪੱਬ ਮੂਹਰੇ ਰੋਕ ਲਈ ਤੇ ਬੋਲਿਆ,

"ਆਓ ਡਾਕਟਰ ਮੋਹਣੀ ਜੀ, ਤੁਹਾਨੂੰ ਇਥੋਂ ਦਾ ਪੱਬ ਵੀ ਦਿਖਾਈਏ।"

ਡਾਕਟਰ ਮੋਹਣੀ ਕੁੰਦਨ ਦੇ ਮਗਰ ਮਗਰ ਪੱਬ ਵਿੱਚ ਜਾ ਵੜੀ। ਕੁੰਦਨ ਸਿੰਘ ਨੇ ਪੁੱਛਿਆ,

"ਬੀਅਰ ਲਵੋਂਗੇ ਜਾਂ ਵਾਈਨ?"

"ਕੁੰਦਨ ਜੀ, ਮੈਂ ਤਾਂ ਨਹੀਂ ਪੀਂਦੀ ਅਜਿਹਾ ਕੁਝ।"

"ਕੁਝ ਤਾਂ ਲਵੋ।"

"ਮੈਂ ਕੋਈ ਜੂਸ ਲੈ ਲਵਾਂਗੀ।"

ਕੁੰਦਨ ਆਪਣੇ ਲਈ ਬੀਅਰ ਤੇ ਉਸ ਲਈ ਜੂਸ ਲੈ ਕੇ ਆ ਗਿਆ। ਬੀਅਰ ਦੇ ਕੁਝ ਘੁੱਟ ਭਰਦਾ ਪੁੱਛਣ ਲੱਗਿਆ,

"ਡਾਕਟਰ ਮੋਹਣੀ ਜੀ, ਤੁਸੀਂ ਵਿਆਹ ਕਦੋਂ ਕਰਾ ਰਹੇ ਓ?"

ਮੋਹਣੀ ਕੁਝ ਕੁ ਸ਼ਰਮਾਈ ਤੇ ਕਹਿਣ ਲੱਗੀ,

"ਕੁੰਦਨ ਜੀ, ਪਹਿਲਾਂ ਤਾਂ ਮੈਨੂੰ ਤੁਸੀਂ ਡਾਕਟਰ ਮੋਹਣੀ ਨਾ ਕਹੋ ਕਿਉਂ ਕਿ ਉਮਰ ਵਿੱਚ ਵੀ ਤੇ ਕੰਮ ਵਿੱਚ ਮੈਂ ਤੁਹਾਡੇ ਤੋਂ ਛੋਟੀ ਹਾਂ, ਦੂਜੀ ਗੱਲ ਵਿਆਹ ਬਾਰੇ ਹਾਲੇ ਕੁਝ ਪਤਾ ਨਹੀਂ, ਹੁਣੇ ਹੁਣੇ ਇਕ ਰਿਸ਼ਤੇ ਦੀ ਟੁੱਟ-ਭੱਜ ਵਿਚੋਂ ਨਿਕਲ ਰਹੀ ਹਾਂ।"

"ਓ, ਆਏ ਸੀ! ...ਜੇ ਬੁਰਾ ਨਾ ਮਨਾਵੋਂ ਤਾਂ ਦੱਸ ਸਕਦੇ ਓ ਕਿ ਕੀ ਹੋਇਆ?"

"ਬੁਰਾ ਮਨਾਉਣ ਵਾਲੀ ਕੋਈ ਗੱਲ ਨਹੀਂ, ਸਭ ਦੋਸਤਾਂ ਨੂੰ ਪਤਾ ਈ ਸੀ, ਲੁਧਿਆਣੇ ਦੇ ਇਕ ਪਰੋਫੈਸਰ ਨਾਲ ਮੇਰੀ ਦੋਸਤੀ ਚੱਲ ਰਹੀ ਸੀ, ਅਸੀਂ ਵਿਆਹ ਵਲ ਵਧ ਰਹੇ ਸਾਂ ਕਿ ਅਚਾਨਕ ਉਸਨੇ ਕਿਸੇ ਹੋਰ ਨਾਲ ਵਿਆਹ ਕਰਾ ਲਿਆ।"

"ਆਏ 'ਮ ਸੌਰੀ!"

"ਨਹੀਂ, ਸੌਰੀ ਵਾਲੀ ਕਿਹੜੀ ਗੱਲ ਏ, ਬੱਸ ਜ਼ਿੰਦਗੀ ਦਾ ਇਕ ਵਰਤਾਰਾ ਏ।"

"ਮੋਹਣੀ ਜੀ, ਮੈਂ ਵੀ ਬਹੁਤ ਬੁਰੀ ਪਰਿਵਾਰਕ ਲਾਈਫ ਵਿੱਚ ਦੀ ਲੰਘ ਰਿਹਾਂ, ਬਹੁਤ ਗਲਤ ਕਿਸਮ ਦੀ ਪਤਨੀ ਨਾਲ ਵਾਹ ਏ ਮੇਰਾ, ਇਕ ਤਾਂ ਅਨਪੜ੍ਹ ਏ ਦੂਜੀ ਬਹੁਤ ਵੱਡੀ ਮੂਰਖ ਏ। ਬਸ, ਸਾਡਾ ਵਿਆਹ ਵੀ ਟੁੱਟਣ ਕਿਨਾਰੇ ਵੇ।"

"ਅੱਛਾ ਜੀ, ਇਹ ਤਾਂ ਕੋਈ ਚੰਗੀ ਖ਼ਬਰ ਨਹੀਂ।"

"ਬਸ ਸਮਝ ਲਓ ਕਿ ਕਿਸੇ ਵਕਤ ਵੀ ਅਲਿਹਦਗੀ ਹੋ ਸਕਦੀ ਏ।"

ਕੁੰਦਨ ਨੇ ਟੁੱਟੇ ਜਿਹੇ ਦਿਲ ਨਾਲ ਕਿਹਾ। ਮੋਹਣੀ ਤੇਜ਼ ਔਰਤ ਸੀ। ਉਸ ਨੂੰ ਪਤਾ ਸੀ ਕਿ ਮਰਦ ਲੋਕ ਨੇੜੇ ਆਉਣ ਲਈ ਅਜਿਹੀਆਂ ਕਹਾਣੀਆਂ ਘੜਦੇ ਹੀ ਹੁੰਦੇ ਹਨ। ਉਸ ਨੇ ਵੀ ਕੁੰਦਨ ਨਾਲ ਘੁੰਮਦਿਆਂ ਉਸ ਦੇ ਇਰਾਦੇ ਭਾਂਪ ਲਏ ਸਨ। ਗੱਲ ਕਰਦਾ ਕੁੰਦਨ ਭਾਵੁਕ ਹੋ ਰਿਹਾ ਸੀ। ਮੋਹਣੀ ਬੋਲੀ,

"ਹੌਂਸਲਾ ਰੱਖੋ ਕੁੰਦਨ ਜੀ, ਤੁਸੀਂ ਏਡੇ ਵੱਡੇ ਸਾਹਿਤਕਾਰ ਹੋ, ਇਸ ਨੂੰ ਚੰਗੀ ਤਰ੍ਹਾਂ ਹੈਂਡਲ ਕਰੋ।"

ਕੁੰਦਨ ਨੇ ਆਪਣਾ ਬੀਅਰ ਦਾ ਗਲਾਸ ਖਤਮ ਕੀਤਾ ਤੇ ਇਕ ਹੋਰ ਭਰਾ ਲਿਆਇਆ। ਦੂਜੇ ਗਲਾਸ ਵਿੱਚੋਂ ਦੋ ਘੁੱਟਾਂ ਭਰ ਕੇ ਉਸ ਨੇ ਕਿਹਾ,

"ਮੋਹਣੀ ਜੀ, ਮੈਨੂੰ ਵੀ ਹੁਣ ਸਾਥ ਦੀ ਲੋੜ ਏ, ...ਮੈਂ ਤੁਹਾਡੇ ਵਲ ਨੂੰ ਹੱਥ ਵਧਾਉਣਾ ਚਾਹੁੰਦਾ ਹਾਂ।"

"ਕੁੰਦਨ ਜੀ, ਮੈਨੂੰ ਇਹ ਮਨਜ਼ੂਰ ਨਹੀਂ, ...ਤੁਸੀਂ ਹੁਣ ਮੈਨੂੰ ਘਰ ਛੱਡ ਦੇਵੋ, ਬਹੁਤ ਟਾਈਮ ਹੋ ਗਿਆ ਏ।"

ਮੋਹਣੀ ਨੇ ਗੱਲ ਸਾਫ ਕਰ ਦਿਤੀ। ਕੁੰਦਨ ਨੇ ਆਪਣੀ ਬੀਅਰ ਮੁਕਾਈ ਤੇ ਕਹਿਣ ਲੱਗਿਆ,

"ਸੌਰੀ ਮੋਹਣੀ ਜੀ, ਜੇ ਮੇਰੀ ਕੋਈ ਗੱਲ ਬੁਰੀ ਲੱਗੀ ਹੋਵੇ ਤਾਂ ਮੁਆਫ ਕਰ ਦੇਣਾ।"

"ਮੈਨੂੰ ਤੁਹਾਡੀ ਕੋਈ ਗੱਲ ਬੁਰੀ ਨਹੀਂ ਲੱਗੀ, ਤੁਸੀਂ ਸਵਾਲ ਕੀਤਾ, ਮੈਂ ਉੱਤਰ ਦੇ ਦਿਤਾ।"

ਕੁੰਦਨ ਉਸ ਨੂੰ ਘਰ ਉਤਾਰ ਆਇਆ ਪਰ ਮੋਹਣੀ ਦਾ ਨਸ਼ਾ ਹਾਲੇ ਵੀ ਉਸ ਦੇ ਸਿਰ ਉਪਰ ਸਵਾਰ ਸੀ। ਮੋਹਣੀ ਦਾ ਨਸ਼ਾ ਸੀ ਜਾਂ ਕੁਝ ਹੋਰ ਅੱਜ ਉਸ ਨੂੰ ਸਿਗਰਟ ਦੀ ਤਲਬ ਨਹੀਂ ਸੀ ਹੋਈ। ਉਸ ਨੇ ਬਨਫੂਲ ਨੂੰ ਫੋਨ ਕਰਕੇ ਮੋਹਣੀ ਬਾਰੇ ਦੱਸਿਆ। ਬਨਫੂਲ ਬੋਲਿਆ,

"ਯਾਰ ਕੁੰਦਨ, ਤੇਰੀ ਘਰਵਾਲੀ ਪਹਿਲਾਂ ਈ ਹਰ ਵੇਲੇ ਤੇਰੇ 'ਤੇ ਚੜ੍ਹੀ ਰਹਿੰਦੀ ਐ ਹੁਣ ਕਿਤੇ ਹੱਡ-ਗਿੱਟੇ ਨਾ ਤੁੜਵਾ ਬੈਠੀਂ!"

"ਗੱਲ ਤਾਂ ਤੇਰੀ ਠੀਕ ਏ ਪਰ ਤੂੰ ਦੱਸ ਇਕ ਤਾਂ ਸੋਹਣੀ ਔਰਤ ਤੇ ਓਪਰੋਂ ਦੀ ਡਾਕਟਰ, ਭਲਾ ਅਜਿਹੀ ਔਰਤ ਮਿਲ ਜਾਵੇ ਤਾਂ ਬੰਦੇ ਨੂੰ ਦੁਨੀਆਂ ਵਿਚ ਹੋਰ ਕੀ ਚਾਹੀਦਾ ਏ!"

"ਭੁੱਲ ਜਾ ਏਹ ਗੱਲ, ਜਦ ਤਕ ਮਨਜੀਤ ਬੈਠੀ ਐ ਏਸ ਗੱਲ ਨੂੰ ਦਿਲੋਂ ਈ ਵਿਸਾਰ ਦੇ।"

"ਕੀ ਕਰਾਂ ਯਾਰ ਬਨਫੂਲ! ਤੂੰ ਆਪ ਸੋਚ, ਤੁਸੀਂ ਡਾਕਟਰ ਔਰਤ ਦੇ ਪਤੀ, ਇਕ ਵਾਰ ਯੂਨੀਵਰਸਟੀ ਵਿੱਚ ਦੀ ਲੰਘ ਜਾਵੋਂ ਦੁਨੀਆਂ ਤੁਹਾਡੇ ਵੱਲ ਨੂੰ ਅੱਡੀਆਂ ਚੁੱਕ ਚੁੱਕ ਕੇ ਦੇਖੇਗੀ ਕਿ ਨਹੀਂ?"

"ਦਿਲ ਬਹਿਲਾਨੇ ਕੇ ਲੀਏ ਗਾਲਿਬ ਖਿਆਲ ਅੱਛਾ ਹੈ!"

"ਕੁਝ ਕਹਿ ਲੈ ਯਾਰ ਪਰ ਰੰਨ ਸੋਹਣੀ ਏਂ ਕਿਸੇ ਕਿਸਮਤ ਵਾਲ਼ੇ ਦੇ ਈ ਜਾਊ! ਜੇ ਮਨਜੀਤ ਕੌਰ ਰਾਹ ਦਾ ਰੋੜਾ ਨਾ ਹੁੰਦੀ ਤਾਂ ਮੈਂ ਏਸ ਭਾਪਣ ਨੂੰ ਪਰੋਪੋਜ਼ ਕਰ ਦੇਣਾ ਸੀ।"

"ਤੈਨੂੰ ਕਿਵੇਂ ਪਤਾ ਕਿ ਭਾਪਣ ਐਂ?"

"ਏਨੀ ਪਿੱਲ-ਪਿਲੀ ਭਾਪਣ ਈ ਹੋ ਸਕਦੀ ਏ।"

ਆਖਦਾ ਕੁੰਦਨ ਹੱਸਣ ਲਗਿਆ।

ਇਕ ਦਿਨ ਉਸ ਨੇ ਮੋਹਣੀ ਤੇ ਉਸ ਦੇ ਭਰਾ-ਭਰਜਾਈ ਨੂੰ ਆਪਣੇ ਘਰ ਖਾਣੇ ਤੇ ਵੀ ਬੁਲਾਇਆ। ਕੁੰਦਨ ਦੀ ਪਤਨੀ ਨੇ ਸਭ ਦੀ ਖੂਬ ਸੇਵਾ ਕੀਤੀ। ਉਹ ਘਰ ਆਏ ਪਰਾਹੁਣਿਆਂ ਦੀ ਇਵੇਂ ਹੀ ਸੇਵਾ ਕਰਿਆ ਕਰਦੀ ਸੀ। ਉਸ ਨੂੰ ਪਤਾ ਸੀ ਕਿ ਇਸ ਵਿੱਚ ਕੁੰਦਨ ਦੀ ਨਹੀਂ ਉਸ ਦੀ ਆਪਣੀ ਇੱਜ਼ਤ ਬਣਨੀ ਸੀ। ਉਸ ਨੇ ਮੋਹਣੀ ਨੂੰ ਇਕ ਸੂਟ ਵੀ ਦਿਤਾ। ਕੁੰਦਨ ਦੀ ਚੰਗੀ ਭਲੀ ਪਤਨੀ ਦੇਖ ਕੇ ਮੋਹਣੀ ਇਕ ਪਲ ਲਈ ਤਾਂ ਹੈਰਾਨ ਜਿਹੀ ਹੋਈ ਸੀ ਪਰ ਉਹ ਆਦਮੀਆਂ ਦੀ ਫਿਤਰਤ ਨੂੰ ਸਮਝਦੀ ਹੀ ਸੀ।

ਮੋਹਣੀ ਲੰਡਨ ਵਸਦੇ ਕੁਝ ਹੋਰ ਲੇਖਕਾਂ ਨੂੰ ਵੀ ਮਿਲੀ। ਕਈ ਸਾਹਿਤਕ ਮਹਿਫਲਾਂ ਵਿੱਚ ਗਈ। ਉਹ ਕਵਿਤਾ ਵੀ ਲਿਖਦੀ ਸੀ ਤੇ ਗਾਉਂਦੀ ਵੀ ਬਹੁਤ ਸੁਹਣਾ ਸੀ। ਉਹ ਹਰ ਥਾਂ ਆਪਣੀ ਆਵਾਜ਼ ਨਾਲ ਰੰਗ ਬੰਨ ਦਿੰਦੀ। ਇਕ ਸਾਹਿਤ ਸਮਾਗਮ ਵਿੱਚ ਉਸ ਨੇ ਇੰਗਲੈਂਡ ਦੇ ਪੰਜਾਬੀ ਕਵੀਆਂ ਬਾਰੇ ਵੀ ਪਰਚਾ ਪੜ੍ਹਿਆ ਜਿਸ ਕਾਰਨ ਇਥੋਂ ਦੇ ਕਵੀ ਖੁਸ਼ ਹੋ ਗਏ। ਆਪਣੀ ਇਸ ਇੰਗਲੈਂਡ ਫੇਰੀ ਵਿਚ ਉਸ ਨੇ ਕਾਫੀ ਸਾਰੇ ਦੋਸਤ ਬਣਾ ਲਏ ਸਨ। ਇਕ ਦਿਨ ਕੁੰਦਨ ਤੇ ਮਨਜੀਤ ਕੌਰ ਉਸ ਨੂੰ ਮਿਲਣ ਗਏ। ਉਹਨਾਂ ਦੇ ਹੱਥ ਵਿੱਚ ਵਿਆਹ ਦਾ ਕਾਰਡ ਸੀ। ਕੁੰਦਨ ਕਾਰਡ ਮੋਹਣੀ ਨੂੰ ਦਿੰਦਾ ਬੋਲਿਆ,

"ਮੋਹਣੀ ਜੀ, ਸਾਡੀ ਬੇਟੀ ਪਾਇਲ ਦਾ ਵਿਆਹ ਏ, ਪੰਜ ਅਗਸਤ ਦਾ, ਜ਼ਰੂਰ ਆਉਣਾ।"

15-ਡਰਾਮਾ

ਹੁਣ ਪਾਇਲ ਘਰ ਹੀ ਰਹਿੰਦੀ ਸੀ। ਨੌਕਰੀ ਦੀ ਤਾਲਾਸ਼ ਵਿੱਚ ਸੀ। ਉਹ ਦੋਵੇਂ ਪਤੀ-ਪਤਨੀ ਸਮਝਦੇ ਸਨ ਕਿ ਪਾਇਲ ਦੇ ਸੁਭਾਅ ਵਿੱਚ ਠਹਿਰਾਅ ਆ ਗਿਆ ਹੈ। ਉਹ ਉਸ ਦੇ ਵਿਆਹ ਬਾਰੇ ਸੋਚਣ ਲੱਗੇ ਸਨ। ਇਕ ਦਿਨ ਕੁੰਦਨ ਆਖਣ ਲੱਗਾ,

"ਜੇ ਕੁੜੀ ਵਿਆਹ ਕਰਾ ਲਵੇ ਤਾਂ ਇਹਦੇ ਵਰਗੀ ਕੋਈ ਗੱਲ ਨਹੀਂ ਪਰ ਮੈਂ ਕਹਿੰਨਾਂ ਕਿ ਇਹਦਾ ਸੁਭਾਅ ਵਿਆਹ ਵਾਲਾ ਨਹੀਂ।"

"ਸੁਭਾਅ ਜਿਹੋ ਜਿਹੀ ਵੀ ਹੋਵੇ, ਇਕ ਵਾਰੀ ਵਿਆਹ ਜ਼ਰੂਰ ਕਰਨਾ, ਕਿਸੇ ਵੀ ਜ਼ਾਤ ਦਾ ਮੁੰਡਾ ਮਿਲ ਜਾਵੇ।"

"ਫਿਰ ਇਤਰਾਂ ਕਰ ਕਿ ਕੁੜੀ ਨੂੰ ਵਿਆਹ ਲਈ ਮਨਾ।"

"ਤੂੰ ਅੰਦਰ ਬੈਠ ਕੇ ਕੁੜੀ ਨਾਲ ਏਨੇ ਗੁਰਮਤੇ ਕਰਦਾਂ, ਇਕ ਵਿਆਹ ਲਈ ਨਹੀਂ ਮਨਾ ਸਕਦਾ? ਏਦਾਂ ਧੀ ਦੀ ਲੋਲੋ-ਪੋਪੋ ਕਰ ਕੇ ਨਹੀਂ ਸਰਨਾ, ਤੂੰ ਪਿਓ ਐਂ ਕੋਈ ਗੈਰ ਨਹੀਂ! ...ਮੁੰਡਾ ਲੱਭ ਤੇ ਕੰਨੋ ਫੜ ਕੇ ਵਿਆਹ ਕਰ ਦੇ!"

"ਕਿਤਰਾਂ ਕਰ ਦੇਵਾਂ! ਏਹ ਬ੍ਰਿਟਿਸ਼ ਕੁੜੀ ਐ, ਕਿਸੇ ਪੱਛੜੇ ਹੋਏ ਪਿੰਡ ਦੀ ਨਹੀਂ!"

"ਮੈਨੂੰ ਨਹੀਂ ਪਤਾ, ਜਿੱਦਾਂ ਮਰਜ਼ੀ ਕਰ ਪਰ ਕਰ ਕੁਝ।"

ਕੁੰਦਨ ਸੋਚਾਂ ਵਿੱਚ ਪੈ ਗਿਆ ਕਿ ਪਾਇਲ ਨੂੰ ਵਿਆਹ ਲਈ ਕਿਸ ਤਰ੍ਹਾਂ ਮੰਨਾਵੇ। ਪਾਇਲ ਭਾਰਤੀ ਸੰਸਕਾਰਾਂ ਤੋਂ ਬਹੁਤ ਦੂਰ ਜਾ ਚੁੱਕੀ ਹੈ, ਕਿਤੇ ਇਵੇਂ ਨਾ ਹੋਵੇ ਕਿ ਪਾਇਲ ਉਪਰ ਵਿਆਹ ਲਈ ਜ਼ੋਰ ਪਾ ਕੇ ਉਸ ਨੂੰ ਫਿਰ ਘਰੋਂ ਦੌੜਾ ਦੇਵੇ। ਬਹੁਤ ਸੋਚ ਸੋਚ ਕੇ ਉਸ ਨੇ ਇਕ ਦਿਨ ਪਾਇਲ ਨੂੰ ਕਿਹਾ,

"ਇਹ ਹੁਣ ਟਾਈਮ ਏ ਤੇਰਾ, ਵਿਆਹ ਕਰਾਉਣ ਦਾ।"

"ਡੈਡ, ਹੇਅਰ ਵੀ ਗੋ ਅਗੇਨ!"

"ਮੈਂ ਸੱਚ ਕਹਿ ਰਿਹਾਂ, ਤੂੰ ਗੁੱਡ ਗ੍ਰਲ ਬਣ, ਵਿਆਹ ਕਰਾ ਲੈ।"

"ਨੋ ਵੇਅ ਡੈਡ।"

ਪਾਇਲ ਨੇ ਸਾਫ ਜਵਾਬ ਦਿੰਦਿਆਂ ਕਿਹਾ। ਫਿਰ ਮਨਜੀਤ ਕੌਰ ਉਸ ਨੂੰ ਮਨਾਉਣ ਦੀ ਕੋਸ਼ਿਸ਼ ਕਰਦੀ ਰਹੀ ਪਰ ਉਹ ਨਾ ਮੰਨੀ। ਅਮਰਜੋਤ ਯੂਨੀਵਰਸਟੀ ਤੋਂ ਆਇਆ ਤਾਂ ਮਨਜੀਤ ਕੌਰ ਨੇ ਉਸ ਰਾਹੀਂ ਵੀ ਪਾਇਲ ਨੂੰ ਕਹਿਲਵਾਇਆ। ਅਮਰਜੋਤ ਯੂਨੀਵਰਸਟੀ ਜਾ ਕੇ ਵੀ

ਬਹੁਤਾ ਤੇਜ਼ ਨਹੀਂ ਸੀ ਹੋਇਆ। ਦੋ ਕੁ ਵਾਰ ਕੁੰਦਨ ਸਿੰਘ ਨੇ ਉਸ ਨੂੰ ਸ਼ਰਾਬ ਵੀ ਪਿਲਾਈ ਕਿ ਮੁੰਡਾ ਕੁਝ ਖੁਲ੍ਹੇ ਪਰ ਉਹ ਹਰ ਗੱਲ 'ਤੇ ਛੋਟੀ ਜਿਹੀ ਮੁਸਕ੍ਰਾਹਟ ਦੇ ਛੱਡਦਾ।

ਇਹਨਾਂ ਦਿਨਾਂ ਵਿੱਚ ਉਹਨਾਂ ਨੂੰ ਇਕ ਵਿਆਹ ਆ ਗਿਆ। ਪਾਇਲ ਵੀ ਵਿਆਹ ਗਈ। ਮਨਜੀਤ ਕੋਰ ਨੇ ਉਸ ਦੇ ਸਾੜੀ ਲੁਆਈ ਤੇ ਗਹਿਣਿਆਂ ਨਾਲ ਸ਼ਿੰਗਾਰ ਕੇ ਉਸ ਨੂੰ ਤਿਆਰ ਕੀਤਾ। ਵਿਆਹ ਜਾਣਾ ਪਾਇਲ ਨੂੰ ਚੰਗਾ ਲਗਿਆ। ਉਸ ਨੇ ਪਹਿਲਾਂ ਵੀ ਕਈ ਦੇਸੀ ਵਿਆਹ ਦੇਖੇ ਸਨ ਪਰ ਇਹ ਉਸ ਨੂੰ ਬਹੁਤ ਚੰਗਾ ਲਗਿਆ। ਮਨਜੀਤ ਕੋਰ ਨੇ ਉਸ ਨੂੰ ਕਿਹਾ,

"ਤੇਰੇ ਲਈ ਵੀ ਅਸੀਂ ਮੁੰਡਾ ਦੇਖ ਰਹੇ ਆਂ, ਜੇ ਤੈਨੂੰ ਪਸੰਦ ਆ ਜਾਵੇ ਤਾਂ ਤੇਰਾ ਵੀ ਏਦਾਂ ਈ ਧੂੰਮ ਧਾਮ ਨਾਲ ਵਿਆਹ ਕਰਾਂਗੇ।"

ਪਾਇਲ ਕੁਝ ਨਾ ਬੋਲੀ। ਕੁੰਦਨ ਨੇ ਵੀ ਉਸ ਨੂੰ ਵਿਆਹ ਬਾਰੇ ਕਈ ਭਾਸ਼ਨ ਦਿਤੇ। ਪਹਿਲਾਂ ਤਾਂ ਪਾਇਲ ਸੁਣਨ ਲਈ ਵੀ ਤਿਆਰ ਨਹੀਂ ਸੀ ਹੁੰਦੀ, ਹੁਣ ਉਹ ਬਹੁਤਾ ਜਵਾਬ ਨਹੀਂ ਸੀ ਦਿੰਦੀ ਪਰ ਇਕ ਕੰਨ ਪਾ ਕੇ ਦੂਜੇ ਕੰਨੋ ਕੱਢੀ ਜਾਂਦੀ ਸੀ। ਇਕ ਦਿਨ ਕੁੰਦਨ ਉਸ ਨੂੰ ਸਮਝਾ ਰਿਹਾ ਸੀ ਕਿ ਪਤੀ ਤੇ ਬੱਚਿਆਂ ਨਾਲ ਜੀਵਨ ਬਹੁਤ ਅਨੰਦ-ਦਾਈ ਹੁੰਦਾ ਹੈ, ਪਾਇਲ ਉਸ ਦੀ ਗੱਲ ਵਿਚਕਾਰੋਂ ਕੱਟਦੀ ਹੋਈ ਬੋਲੀ,

"ਡੈਡ, ਜਦ ਮੈਂ ਕਿਸੇ ਗਾਈ ਨੂੰ ਜਾਣਦੀ ਈ ਨਹੀਂ ਤਾਂ ਵਿਆਹ ਕਿੱਦਾਂ ਕਰ ਸਕਦੀ ਆਂ?"

"ਇੰਡੀਅਨ ਸੁਸਾਇਟੀ ਵਿੱਚ ਏਤਰਾਂ ਈ ਹੁੰਦਾ ਏ।"

"ਸਟੂਪਿੱਡ ਇੰਡੀਅਨ ਸੁਸਾਇਟੀ! ...ਇਨ ਕੇਸ ਮੈਨ 'ਜ਼ ਇੰਪੋਟੈਂਟ?"

"ਅਸੀਂ ਲੋਕ ਏਸ ਗੱਲ ਵਿੱਚ ਬਹੁਤ ਐਕਸਪਰਟ ਹੁੰਨੇ ਵਾਂ, ਸ਼ਕਲ ਦੇਖ ਕੇ ਦੱਸ ਦਿੰਨੇ ਆਂ ਕਿ ਬੰਦਾ...।"

ਕੁੰਦਨ ਨੇ ਹਾਲੇ ਗੱਲ ਪੂਰੀ ਨਹੀਂ ਸੀ ਕੀਤੀ ਕਿ ਪਾਇਲ ਜ਼ੋਰ ਜ਼ੋਰ ਨਾਲ ਹੱਸਣ ਲੱਗੀ। ਇਕ ਪਲ ਲਈ ਤਾਂ ਕੁੰਦਨ ਘਬਰਾਇਆ ਪਰ ਫਿਰ ਉਹ ਵੀ ਹੱਸ ਪਿਆ। ਫਿਰ ਉਹ ਦੇਸੀ ਤਰੀਕੇ ਨਾਲ ਕਰਾਏ ਵਿਆਹ ਦੇ ਫਾਇਦੇ ਗਿਣਾਉਣ ਲੱਗਿਆ। ਉਸ ਦੀ ਆਉਣ ਵਾਲੀ ਜ਼ਿੰਦਗੀ ਵਿੱਚ ਮਿਲਣ ਵਾਲੀ ਸਹਾਇਤਾ ਬਾਰੇ ਸਮਝਾਉਂਦਾ ਰਿਹਾ। ਪਾਇਲ ਉਸ ਦੀ ਗੱਲ ਕਦੇ ਗੰਭੀਰਤਾ ਨਾਲ ਸੁਣਦੀ ਰਹਿੰਦੀ ਤੇ ਕਦੇ ਠਹਾਕਾ ਮਾਰ ਕੇ ਹੱਸ ਪੈਂਦੀ ਜਿਵੇਂ ਕਿ ਉਹ ਸਭ ਝੂਠ ਸੁਣ ਰਹੀ ਹੋਵੇ। ਹੌਲੀ ਹੌਲੀ ਉਸ ਦਾ ਮਨ ਬਦਲਣ ਲੱਗਿਆ ਸੀ। ਉਹ ਨੂੰ ਜਾਪਦਾ ਕਿ ਸ਼ਾਇਦ ਉਹ ਵਿਆਹ ਕਰਾ ਕੇ ਉਸ ਦੀ ਜ਼ਿੰਦਗੀ ਵਧੀਆ ਹੋ ਜਾਵੇ।

ਇਕ ਦਿਨ ਮਨਜੀਤ ਕੋਰ ਕੰਮ ਤੋਂ ਮੁੜੀ ਤਾਂ ਇੰਡੀਆ ਤੋਂ ਆਈ ਇਕ ਚਿੱਠੀ ਦੇਖੀ। ਉਸ ਦੇ ਪਿਤਾ ਦੀ ਸੀ। ਚਿੱਠੀ ਪੜ੍ਹਦਿਆਂ ਹੀ ਉਸ ਦਾ ਮਨ ਖਿੜ ਗਿਆ। ਕੁੰਦਨ ਆਇਆ ਤਾਂ ਉਹ ਕਹਿਣ ਲੱਗੀ,

"ਬੁੱਝ ਅੱਜ ਵਾਹਿਗੁਰੂ ਨੇ ਮੇਰੀ ਕਿਹੜੀ ਮੁਰਾਦ ਪੂਰੀ ਕੀਤੀ ਐ?"

"ਅੱਜ ਤਕ ਸਾਰੀਆਂ ਈ ਕੀਤੀਆਂ ਨੇ, ਜੇ ਵਾਹਿਗੁਰੂ ਕਿਸੇ ਦੀ ਮੁਰਾਦ ਨਹੀਂ ਪੂਰੀ ਕਰਦਾ ਤਾਂ ਉਹ ਮੈਂ ਈ ਆਂ!"

"ਤੂੰ ਗੁਰਦਵਾਰੇ ਜਾਵੇਂ ਤਾਂ ਹੀ ਨਾ, ਤੂੰ ਤਾਂ ਮੇਰੇ ਕੀਤੇ ਕਰਾਏ ਤੇ ਪਾਣੀ ਫੇਰੀ ਜਾਨਾਂ, ਆਹ ਜਿਹੜੀ ਖੇਹ ਖਰਾਬੀ ਹੋਈ ਆ ਘਰ ਵਿੱਚ ਇਹ ਸਭ ਤੇਰੇ ਵਾਹਿਗੁਰੂ ਤੋਂ ਮੁਨਕਰ ਹੋਣ ਕਰਕੇ ਈ ਹੋਈ ਆ ਪਰ ਫੇਰ ਵੀ ਲੱਗਦਾ ਹੁਣ ਵਾਹਿਗੁਰੂ ਭੁੱਲ ਕੇ ਸਾਡੇ ਵਲ ਫੇਰ ਆਇਆ।"

"ਐਡੀ ਕਿਹੜੀ ਗੱਲ ਹੋ ਗਈ?"

ਮਨਜੀਤ ਕੋਰ ਹਰੇ ਰੰਗ ਦੀ ਇਕ ਚਿੱਠੀ ਦਿਖਾਉਂਦੀ ਹੋਈ ਬੋਲੀ,

"ਆਹ ਦੇਖੋ ਪਿਤਾ ਜੀ ਦੀ ਚਿੱਠੀ, ਕਹਿੰਦੇ ਬਰਮੀਘੰਮ ਇਕ ਮੁੰਡਾ ਆਇਐ ਸੈਰ ਨੂੰ, ਪਾਇਲ ਲਈ ਬਹੁਤ ਠੀਕ ਰਹੇਗਾ, ਮੁੰਡਾ ਓਹਨਾਂ ਨੇ ਦੇਖਿਆ ਹੋਇਐ ਤੇ ਲਿਖਿਆ ਕਿ ਬਹੁਤ ਸੋਹਣਾਂ।"

"ਅੱਛਾ!"

"ਸਾਡੀ ਭੂਆ ਦੀ ਨਣਾਨ ਏ ਸੁਲਤਾਨ ਪੁਰ ਲੋਧੀ ਵਾਲੀ, ਉਸੇ ਦਾ ਮੁੰਡਾ ਐ, ਆਪਣੇ ਚਾਚੇ-ਚਾਚੀ ਕੋਲ਼ ਆਇਐ, ਪਿਤਾ ਜੀ ਕਹਿੰਦੇ ਕਿ ਇਕ ਨਜ਼ਰ ਮਾਰ ਲਵੋ, ਫੋਨ ਨੰਬਰ ਤੇ ਸਿਰਨਾਵਾਂ ਵੀ ਦਿਤਾ ਐ।"

"ਮੈਂ ਅੱਜ ਈ ਪਾਇਲ ਨੂੰ ਪੁੱਛਦਾਂ।"

"ਪੁੱਛਣਾ ਨਹੀਂ ਦੱਸਣਾਂ! ਦਸਣਾ ਕਿ ਤੇਰੇ ਲਈ ਮੁੰਡਾ ਦੇਖ ਲਿਆ, ਹਾਂ ਇਕ ਵਾਰ ਉਹਨੂੰ ਦਿਖਾ ਦਿੰਨੇ ਆਂ। ਮੁੰਡੇ ਨੇ ਬਰਮੀਘੰਮ ਵਿੱਚ ਹੀ ਰਹਿਣਾ, ਪਾਇਲ ਉਥੇ ਚਲੇ ਜਾਏਗੀ ਤਾਂ ਦੇਖੀਂ ਤੂੰ ਬਦਲ ਵੀ ਜਾਏਗੀ।"

ਮਨਜੀਤ ਕੋਰ ਪੂਰੇ ਯਕੀਨ ਨਾਲ ਕਹਿ ਰਹੀ ਸੀ। ਕੁੰਦਨ ਵੀ ਸੋਚਣ ਲੱਗਿਆ ਕਿ ਖਿਆਲ ਤਾਂ ਬੁਰਾ ਨਹੀਂ ਪਰ ਪਾਇਲ ਉਪਰ ਕੋਈ ਗੱਲ ਕਿਵੇਂ ਥੋਪੀ ਜਾ ਸਕਦੀ ਸੀ। ਉਸ ਨੇ ਪਾਇਲ ਨੂੰ ਨਿੱਤ ਵਾਂਗ ਆਪਣੇ ਕੋਲ ਬੈਠਾਇਆ ਤੇ ਆਖਿਆ,

"ਅਸੀਂ ਤੇਰੇ ਲਈ ਮੁੰਡਾ ਦੇਖ ਲਿਆ ਏ, ਹੁਣ ਤੂੰ ਵਿਆਹ ਕਰਾਉਣ ਲਈ ਤਿਆਰ ਹੋ ਜਾ।"

"ਯੂ ਮੱਸਟ ਬੀ ਜੋਕਿੰਗ ਡੈਡ!"

"ਨਹੀਂ, ਮੈਂ ਸੀਰੀਅਸ ਆਂ। ਮੈਂ ਇਕ ਪਿਓ ਆਂ, ਮੈਨੂੰ ਆਪਣੀ ਔਲਾਦ ਦਾ ਖਾਸ ਤੌਰ ਤੇ ਤੇਰਾ ਹਰ ਵੇਲੇ ਫਿਕਰ ਰਹਿੰਦਾ ਏ, ਸੋ ਗਿਵ ਮੀ ਏ ਫੇਵਰ, ਵਿਆਹ ਕਰਾ ਲੈ, ਇਹ ਤੇਰੇ ਲਈ ਬਹੁਤ ਠੀਕ ਰਹੇਗਾ।"

"ਡੈਡ, ਪਾਸ ਮੀ ਏ ਫੈਗ।"

ਪਾਇਲ ਨੇ ਕਿਹਾ ਤੇ ਕੁੰਦਨ ਸਿੰਘ ਨੇ ਸਿਗਰਟਾਂ ਵਾਲੀ ਡੱਬੀ ਉਸ ਵਲ ਖਿਸਕਾ ਦਿਤੀ। ਪਾਇਲ ਨੇ ਇਕ ਸਿਗਰਟ ਲਾਈ ਤੇ ਸੋਚਾਂ ਵਿੱਚ ਪੈ ਗਈ। ਕੁਝ ਦੇਰ ਬਾਅਦ ਬੋਲੀ,

"ਡੈਡ, ਤੁਸੀਂ ਮੇਰੇ ਤੋਂ ਕੀ ਚਾਹੁੰਦੇ ਓ? ਟੈੱਲ ਮੀ ਸਟਰੇਟ ਫਾਰਵ੍ਰਡ।"

"ਮੈਂ ਚਾਹੁੰਨਾ ਕਿ ਤੇਰੇ ਕੋਲ ਆਪਣੀ ਜੌਬ ਹੋਵੇ, ਆਪਣਾ ਘਰ ਹੋਵੇ, ਇਕ ਹਸਬੈਂਡ ਹੋਵੇ ਤੇ ਬੱਚੇ ਹੋਣ।"

"ਤੁਹਾਨੂੰ ਲੱਗਦਾ ਕਿ ਇਹ ਸਭ ਪੌਸੀਬਲ ਹੋਏਗਾ?"

"ਤੂੰ ਨਹੀਂ ਚਾਹੁੰਦੀ ਇਹ ਸਭ?"

"ਬਿਲਕੁਲ ਚਾਹੁੰਨੀ ਆਂ ਪਰ ਇਹ ਇਕ ਡਰੀਮ ਜਿਹਾ ਲੱਗਦੈ।"

"ਡਰੀਮ ਨਹੀਂ, ਇਹ ਸੱਚ ਏ, ...ਹੁਣ ਮੌਕਾ ਸਾਹਮਣੇ ਖੜਾ ਏ, ਤੂੰ ਇਕ ਵਾਰ ਮੁੰਡਾ ਦੇਖ ਲੈ।"

ਕੁੰਦਨ ਗੱਲ ਕਰਕੇ ਕੁਝ ਦੇਰ ਉਸ ਵੱਲ ਦੇਖਦਾ ਰਿਹਾ। ਪਾਇਲ ਕਿਧਰੇ ਦੂਰ ਗਵਾਚੀ ਹੋਈ ਸੀ। ਕੁੰਦਨ ਨੂੰ ਉਸ ਦੀ ਸਿਗਰਟ ਦੇ ਧੂੰਏਂ ਵਿੱਚੋਂ 'ਹਾਂ' ਦਿਸ ਰਹੀ ਸੀ। ਪਾਇਲ ਦੀਆਂ ਗੱਲਾਂ ਤੋਂ ਜਾਪਣ ਲੱਗਿਆ ਸੀ ਕਿ ਉਹ ਵੀ ਹੁਣ ਟਿਕ ਕੇ ਬਹਿ ਜਾਣਾ ਚਾਹੁੰਦੀ ਹੈ। ਉਸ ਨੇ ਫਿਰ ਕਿਹਾ,

"ਪਾਇਲ, ਇਕ ਗੱਲ ਏ ਕਿ ਤੈਨੂੰ ਵਿਆਹ ਤੋਂ ਬਾਅਦ ਬਦਲਣਾ ਪਵੇਗਾ, ਜਦੋਂ ਆਪਾਂ ਕਿਸੇ ਦੂਜੇ ਵਿਅਕਤੀ ਨਾਲ ਰਹੀਏ ਤਾਂ ਉਸ ਦੇ ਜਜ਼ਬਾਤ ਦਾ ਧਿਆਨ ਵੀ ਰੱਖਣਾ ਪੈਂਦਾ ਏ।"

"ਵੌ' ਯੂ ਮੀਨ ਡੈਡ?"

"ਆਹ ਸਮੋਕਿੰਗ ਘੱਟ ਕਰਨੀ ਪਵੇਗੀ।"

"ਡੈਡ, ਸਮੋਕਿੰਗ ਤਾਂ ਮੈਂ ਵੀ ਲਾਈਕ ਨਹੀਂ ਕਰਦੀ ਪਰ ਜਦ ਮੇਰੇ 'ਤੇ ਪਰੈਸ਼ਰ ਪੈਂਦਾ ਤਾਂ ਪੀਨੀ ਆਂ।"

"ਆਹ ਜਿਹੜੀ ਤੂੰ ਘਰ ਵਿੱਚ ਬਿਨਾਂ ਗਾਊਨ ਦੇ ਤੁਰੀ ਫਿਰਦੀ ਏਂ ਇਹ ਵੀ ਛੱਡਣਾ ਪਵੇਗਾ, ਇਹ ਬਹੁਤ ਬੁਰਾ ਲੱਗਦਾ ਏ।"

ਕੁੰਦਨ ਦੇ ਕਹਿਣ 'ਤੇ ਪਾਇਲ ਹੱਸਣ ਲੱਗੀ।

ਉਸ ਨੇ ਮੁੰਡੇ ਵਾਲਿਆਂ ਨੂੰ ਆਪਣੇ ਘਰ ਹੀ ਸੱਦ ਲਿਆ ਕਿ ਆ ਕੇ ਕੁੜੀ ਦੇਖ ਜਾਣ। ਪਾਇਲ ਕੁੰਦਨ ਵਰਗੀ ਹੀ ਕਾਲੇ ਰੰਗ ਦੀ ਤੇ ਮੱਧਰੇ ਕੱਦ ਦੀ ਸੀ ਪਰ ਮੇਕ ਅੱਪ ਕੀਤਿਆਂ ਸਜਦੀ ਸੀ। ਸਿਗਰਟਾਂ ਨੇ ਉਸ ਦੀ ਆਵਾਜ਼ ਜ਼ਰਾ ਕੁ ਭਾਰੀ ਕਰ ਦਿਤੀ ਸੀ ਪਰ ਉਵੇਂ ਉਸ ਦੀ ਬੋਲਬਾਣੀ ਮਿੱਠੀ ਸੀ। ਮੁੰਡੇ ਦੇ ਆਉਣ ਤੋਂ ਪਹਿਲਾਂ ਮਨਜੀਤ ਕੌਰ ਨੇ ਪਾਇਲ ਨੂੰ ਚੰਗੀ ਤਰ੍ਹਾਂ ਸਜਾ ਦਿਤਾ। ਮੁੰਡੇ ਵਾਲੇ ਆਏ। ਮੁੰਡੇ ਦੇ ਨਾਲ ਉਸ ਦੇ ਚਾਚਾ-ਚਾਚੀ ਸਨ ਤੇ ਇਕ ਚਾਚੇ ਦੀ ਕੁੜੀ। ਮੁੰਡਾ ਛੇ ਫੁੱਟ ਲੰਮਾ ਸੀ ਤੇ ਰੰਗ ਦਾ ਵੀ ਗੋਰਾ। ਪਾਇਲ ਨੂੰ ਪਹਿਲੀ ਨਜ਼ਰ ਹੀ ਪਸੰਦ ਆ ਗਿਆ। ਉਸ ਹੁਣ ਤਕ ਕਾਲੇ ਮੁੰਡਿਆਂ ਨਾਲ ਰਹਿੰਦੀ ਆਈ ਸੀ ਪਰ ਉਸ ਦਾ ਸੁਫਨਾ ਸੀ ਕਿ ਕਿਸੇ ਗੋਰੇ ਮੁੰਡੇ ਨਾਲ ਉਸ ਦੇ ਸਬੰਧ ਜੁੜਨ। ਜਦ ਕੋਈ ਉਸ ਦਾ ਕਾਲਾ ਬੁਆਏ ਫ੍ਰੈਂਡ ਲੜ ਪੈਂਦਾ ਤਾਂ ਉਹ ਇਹੀ ਕਹਿੰਦਾ ਕਿ ਤੂੰ ਹੁਣ ਕਾਲਿਆਂ ਜੋਗੀ ਹੀ ਹੈਂ, ਗੋਰਾ ਮੁੰਡਾ ਕਦੇ ਵੀ ਤੈਨੂੰ ਪਸੰਦ ਨਹੀਂ ਕਰੇਗਾ। ਇਹ ਮੁੰਡਾ ਭਾਵੇਂ ਇੰਡੀਅਨ ਸੀ ਪਰ ਰੰਗ ਬਹੁਤ ਸਾਫ ਸੀ, ਖ਼ੂਬਸੂਰਤ-ਜਵਾਨ ਵੀ ਸੀ। ਕੁਝ ਏਧਰ ਓਧਰ ਦੀਆਂ ਗੱਲਾਂ ਹੋਈਆਂ ਤੇ ਫਿਰ ਕੁੰਦਨ ਮੁੰਡੇ ਦੇ ਚਾਚੇ ਨੂੰ ਕਹਿਣ ਲੱਗਿਆ,

"ਸਰਦਾਰ ਜੀ, ਮੇਰਾ ਖਿਆਲ ਏ ਕਿ ਮੁੰਡਾ-ਕੁੜੀ ਕੁਝ ਦੇਰ ਇਕੱਲੇ ਆਪਸ ਵਿੱਚ ਗੱਲਾਂ ਕਰ ਲੈਣ, ਜੇ ਇਕ ਦੂਜੇ ਨੂੰ ਪਸੰਦ ਕਰਦੇ ਹੋਣ ਤਾਂ ਫਿਰ ਆਪਾਂ ਨੂੰ ਕੀ ਇਤਰਾਜ਼ ਹੋ ਸਕਦਾ ਏ।"

"ਗੱਲ ਤਾਂ ਕੁੰਦਨ ਸਿੰਘ ਜੀ ਠੀਕ ਏ ਪਰ ਸਾਨੂੰ ਤਾਂ ਕੁੜੀ ਪਸੰਦ ਏ ਫਿਰ ਵੀ ਜਿਵੇਂ ਗੁਰਮੀਤ ਤੇ ਪਾਇਲ ਬੇਟੀ ਠੀਕ ਸਮਝਣ।"

ਮੁੰਡੇ ਕੁੜੀ ਨੂੰ ਇਕ ਕਮਰੇ ਵਿੱਚ ਇਕੱਲੇ ਛੱਡ ਦਿਤਾ ਗਿਆ। ਪਾਇਲ ਕੋਲ ਵੀ ਕੋਈ ਖਾਸ ਗੱਲ ਨਹੀਂ ਸੀ ਕਰਨ ਲਈ ਤੇ ਗੁਰਮੀਤ ਕੋਲ ਵੀ ਨਹੀਂ। ਇਕ ਦੂਜੇ ਦੇ ਨਾਂ ਪੁੱਛੇ ਤੇ ਫਿਰ ਬੱਸ। ਗੁਰਮੀਤ ਤਾਂ ਸੰਗੀ ਹੀ ਜਾ ਰਿਹਾ ਸੀ। ਉਹ ਸੈਰ ਲਈ ਇੰਗਲੈਂਡ ਆਇਆ ਸੀ। ਉਸ ਦਾ ਮਕਸਦ ਤਾਂ ਪੱਕੇ ਹੋਣਾ ਸੀ, ਜਿਹੋ ਜਿਹੀ ਵੀ ਕੁੜੀ ਹੁੰਦੀ ਉਸ ਨੇ ਵਿਆਹ ਕਰਾ ਲੈਣਾ ਸੀ। ਕੁਝ ਮਿੰਟਾਂ ਵਿੱਚ ਹੀ ਉਹ ਮੁੜ ਆਏ ਤੇ ਪਾਇਲ ਨੇ 'ਹਾਂ' ਕਹਿ ਦਿਤੀ। ਮਨਜੀਤ ਕੌਰ ਨੇ ਮਠਿਆਈ ਦਾ ਡੱਬਾ ਖੋਹਲ ਦਿੱਤਾ। ਇਕ ਦੂਜੇ ਨੂੰ ਵਧਾਈਆਂ ਦਿਤੀਆਂ ਤੇ ਰਿਸ਼ਤਾ ਤੈਅ ਹੋ ਗਿਆ। ਦੋ ਕੁ ਘੰਟੇ ਬੈਠ ਕੇ ਪੁਰਾਹੁਣੇ ਚਲੇ ਗਏ। ਕੁੰਦਨ ਨੇ ਪਾਇਲ ਨੂੰ ਕਿਹਾ,

"ਯੂ ਹੈਵ ਡੱਨ ਗੁੱਡ ਜੌਬ! ...ਮੈਨੂੰ ਵੀ ਮੁੰਡਾ ਬਹੁਤ ਪਸੰਦ ਏ ਪਰ ਇਕ ਗੱਲ ਸੋਚ ਲੈ ਕਿ ਜੇ 'ਨਾਂਹ' ਕਰਨੀ ਏਂ ਤਾਂ ਹੁਣੇ ਈ ਕਰਦੇ, ਯੂ ਨੋ ਆਏ'ਮ ਏ ਮੈਨ ਔਫ ਪਰੌਮਿਜ਼!"

"ਬਾਕੀ ਤਾਂ ਠੀਕ ਏ ਡੈਡ ਪਰ ਇਹ ਤਾਂ ਬਹੁਤਾ ਈ ਇੰਡੀਅਨ ਏ।"

"ਆਪੇ ਠੀਕ ਹੋ ਜਾਏਗਾ, ਜਦ ਇੰਗਲੈਂਡ ਦਾ ਪਾਣੀ ਪੀਤਾ ਤਾਂ ਬਦਲ ਜਾਏਗਾ, ਹੁਣ ਤੂੰ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਵਿਆਹ ਲਈ ਤਿਆਰ ਕਰ ਲੈ।"

ਕੁੰਦਨ ਨੇ ਆਖਿਆ। ਫਿਰ ਉਹ ਸੋਚਣ ਲੱਗਿਆ ਕਿ ਉਸ ਦੇ ਘਰ ਇਹ ਪਹਿਲਾ ਵਿਆਹ ਹੈ, ਖੂਬ ਧੂਮ-ਧਾਮ ਨਾਲ ਕਰੇਗਾ। ਸਾਰੇ ਹੀ ਲੇਖਕਾਂ ਨੂੰ ਬੁਲਾਏਗਾ ਤੇ ਹੋਰ ਦੋਸਤਾਂ ਨੂੰ ਵੀ। ਮਨਜੀਤ ਕੋਰ ਵੀ ਬਹੁਤ ਖੁਸ਼ ਸੀ। ਉਸ ਨੇ ਆਪਣੇ ਪਿਤਾ ਨੂੰ ਉਸ ਦਿਨ ਹੀ ਫੋਨ ਕਰ ਦਿਤਾ ਤੇ ਵਿਆਹ ਉਪਰ ਆਉਣ ਦਾ ਸੱਦਾ ਵੀ ਦੇ ਦਿਤਾ ਕਿ ਨਾਨਕਿਆਂ ਬਿਨਾਂ ਵਿਆਹ ਕਾਹਦਾ ਵਿਆਹ।

ਵਿਆਹ ਦੀ ਤਿਆਰੀ ਕੋਈ ਸੌਖੀ ਗੱਲ ਨਹੀਂ ਸੀ। ਹਾਲ ਬੁੱਕ ਕਰਾਉਣਾ ਸੀ, ਰੋਟੀ ਵਾਲੇ ਨੂੰ ਕਹਿਣਾ ਸੀ, ਸ਼ਰਾਬ ਖਰੀਦਣੀ ਸੀ। ਕਪੜਾ-ਲੀੜਾ ਤੇ ਗਹਿਣਾ-ਗੱਟਾ ਤਾਂ ਮਨਜੀਤ ਕੋਰ ਦੀ ਜ਼ਿੰਮੇਵਾਰੀ ਹੋਣੀ ਸੀ। ਕੁੰਦਨ ਸਿੰਘ ਨੇ ਇਸ ਲਈ ਇਕ ਰਜਿਸਟਰ ਲਾ ਲਿਆ। ਮਹਿਮਾਨਾਂ ਦੀਆਂ ਸੂਚੀਆਂ ਤਿਆਰ ਕੀਤੀਆਂ ਜਾਣ ਲੱਗੀਆਂ। ਉਹ ਸੋਚ ਰਿਹਾ ਸੀ ਕਿ ਕਿਤੇ ਇਹ ਵਿਆਹ ਉਸ ਦੇ ਪਿੰਡ ਰੋਹੜੂ ਹੋਇਆ ਹੁੰਦਾ ਤਾਂ ਕਿੰਨਾ ਚੰਗਾ ਹੁੰਦਾ। ਪਿੰਡ ਵਿੱਚ ਉਸ ਦੀ ਤੇ ਉਸ ਦੇ ਪਿਓ ਦੀ ਹਾਜ਼ਰੀ ਲੱਗ ਗਈ ਹੁੰਦੀ। ਉਸ ਨੇ ਵਿਆਹ ਦੇ ਕਾਰਡ ਛਪਣੇ ਦੇ ਦਿਤੇ ਗਏ। ਕੁੰਦਨ ਨੇ ਪਾਇਲ ਨੂੰ ਕਿਹਾ,

"ਤੂੰ ਆਪਣੀ ਕਿਸੇ ਸਹੇਲੀ ਨੂੰ ਆਪਣੇ ਵਿਆਹ 'ਤੇ ਬੁਲਾਉਣਾ ਚਾਹੇਂਗੀ?"

"ਡੈਡ, ਕੱਲ ਮੈਨੂੰ ਕਿਸੇ ਨੇ ਦਸਿਆ ਕਿ ਗੋਲਡੀ ਵਾਪਸ ਆ ਗਈ ਏ, ਕਹੋਂ ਤਾਂ ਉਹਨੂੰ ਸੱਦ ਲਵਾਂ?"

ਆਖਦਿਆਂ ਪਾਇਲ ਨੇ ਕੁੰਦਨ ਵਲ ਵਿੰਗੀ ਜਿਹੀ ਨਜ਼ਰ ਸੁੱਟੀ। ਕੁੰਦਨ ਨੇ ਉਸ ਵੱਲ ਦੇਖਿਆ ਤੇ ਸਮਝ ਗਿਆ ਕਿ ਉਹ ਮਜ਼ਾਕ ਕਰ ਰਹੀ ਹੈ। ਉਸ ਨੇ ਆਖਿਆ,

"ਤੇਰੀ ਮਰਜ਼ੀ ਏ, ਤੂੰ ਦੱਸ, ਟੋਟਲ ਤੈਨੂੰ ਕਿੰਨੇ ਕਾਰਡ ਚਾਹੀਦੇ ਨੇ।"

"ਮੈਂ ਸੋਚ ਕੇ ਦੱਸਾਂਗੀ।"

ਪਾਇਲ ਦੀਆਂ ਸਕੂਲ ਸਮੇਂ ਦੀਆਂ ਕੁਝ ਸਹੇਲੀਆਂ ਸਨ ਤੇ ਕੁਝ ਘਰੋਂ ਗਈ ਦੀਆਂ ਵੀ ਬਣੀਆਂ ਸਨ। ਉਸ ਨੇ ਲੱਭ ਲੱਭ ਕੇ ਫੋਨ ਕਰਨੇ ਸ਼ੁਰੂ ਕਰ ਦਿਤੇ। ਆਪਣੇ ਪੁਰਾਣੇ ਬੁਆਏ ਫ੍ਰੈਂਡ ਸਟੀਵ ਨੂੰ ਫੋਨ ਕਰਕੇ ਵੀ ਦੱਸਿਆ ਕਿ ਉਹ ਵਿਆਹ ਕਰਾ ਰਹੀ ਹੈ। ਫਿਰ ਉਹਨਾਂ ਦੀ ਫੋਨ ਉਪਰ ਕੁਝ ਦੇਰ ਤਕਰਾਰ ਵੀ ਹੁੰਦੀ ਰਹੀ। ਉਸ ਦੀ ਇਕ ਸਹੇਲੀ ਆਪਣੀ ਹੈਰਾਨੀ ਦਿਖਾਉਂਦੀ ਬੋਲੀ,

"ਪਾਇਲ, ਅਜੀਬ ਗੱਲ ਏ, ਤੂੰ ਓਸ ਬੰਦੇ ਨਾਲ ਵਿਆਹ ਕਰਾਉਣ ਲਈ ਤਿਆਰ ਹੋ ਗਈ ਏਂ ਜਿਹਨੂੰ ਤੂੰ ਜਾਣਦੀ ਤਕ ਨਹੀਂ!"

ਪਾਇਲ ਦਾ ਮਨ ਡੋਲਣ ਲੱਗਿਆ। ਇਕ ਦਿਨ ਉਸ ਨੇ ਕੁੰਦਨ ਨੂੰ ਆਖਿਆ,

"ਡੈਡ, ਮੇਰਾ ਦਿਲ ਨਹੀਂ ਕਰਦਾ ਵਿਆਹ ਕਰਾਉਣ ਨੂੰ।"

ਉਸ ਦੇ ਕਹਿਣ 'ਤੇ ਕੁੰਦਨ ਇਕ ਦਮ ਗੁੱਸੇ ਵਿੱਚ ਆ ਗਿਆ ਤੇ ਬੋਲਿਆ,

"ਲੁਕ ਪਾਇਲ, ਹੁਣ ਗੱਲ ਬਹੁਤ ਦੂਰ ਤਕ ਪੁੱਜ ਗਈ ਏ, ਹਾਲ ਬੁੱਕ ਹੋ ਚੁੱਕਿਆ ਏ, ਕਾਰਡ ਵੰਡੇ ਜਾ ਰਹੇ ਨੇ, ਤੂੰ ਪਹਿਲਾਂ ਈ ਘਰੋਂ ਭੱਜ ਕੇ ਮੇਰੀ ਬਹੁਤ ਬੇਇਜ਼ਤੀ ਕਰ ਚੁੱਕੀ ਏਂ, ਹੁਣ ਮੈਂ ਹੋਰ ਬਰਦਾਸ਼ਤ ਨਹੀਂ ਕਰ ਸਕਣੀ, ਤੈਨੂੰ ਮੈਂ ਉਸ ਦਿਨ ਕਿਹਾ ਸੀ ਕਿ ਮੈਂ ਬੋਲ-ਬਚਨ ਵਾਲਾ ਬੰਦਾਂ, ਜੇ ਨਾਂਹ ਕਰਨੀ ਏਂ ਤਾਂ ਹੁਣ ਕਰਦੇ।"

"ਸੌਰੀ ਡੈਡ! ਐਜ ਯੂ ਸੇਅ।"

ਪਿਓ ਦੇ ਗੁੱਸੇ ਤੋਂ ਪਾਇਲ ਡਰਦੀ ਬੋਲੀ।

ਵਿਆਹ ਦੇ ਦਿਨ ਨਜ਼ਦੀਕ ਆ ਰਹੇ ਸਨ। ਕੁੰਦਨ ਸਿੰਘ ਨੇ ਸਾਰੇ ਦੋਸਤਾਂ ਨੂੰ ਕਾਰਡ ਤਾਂ ਪਾਏ ਹੀ ਸਨ ਪਰ ਫੋਨ ਕਰਕੇ ਵੀ ਸਭ ਨੂੰ ਕਹਿ ਰਿਹਾ ਸੀ। ਡਾਕਟਰ ਮੋਹਣੀ ਨੂੰ ਤਾਂ ਦੋਵੇਂ ਪਤੀ ਪਤਨੀ ਆਪ ਜਾ ਕੇ ਕਾਰਡ ਦੇ ਕੇ ਆਏ ਸਨ। ਇੰਡੀਆ ਤੋਂ ਮਨਜੀਤ ਕੋਰ ਦਾ ਭਰਾ ਗੁਰਨਾਮ ਸਿੰਘ ਵਿਆਹ ਵਿੱਚ ਸ਼ਾਮਲ ਹੋਣ ਲਈ ਪੁੱਜ ਚੁੱਕਿਆ ਸੀ। ਅਮਰਜੋਤ ਨੂੰ ਵੀ ਬਹੁਤ ਚਾਅ ਸੀ। ਉਹ ਵਿਆਹ ਦਾ ਹਰ ਕੰਮ ਭੱਜ ਭੱਜ ਕੇ ਕਰ ਰਿਹਾ ਸੀ। ਪੰਜ ਅਗਸਤ ਨੂੰ ਵਿਆਹ ਸੀ। ਦੋ ਅਗਸਤ ਨੂੰ ਮਾਈਆਂ ਲਾਇਆ ਜਾਣਾ ਸੀ। ਸਵੇਰੇ ਜਦ ਮਨਜੀਤ ਕੋਰ ਪਾਇਲ ਨੂੰ ਜਗਾਉਣ ਉਸ ਦੇ ਕਮਰੇ ਵਿੱਚ ਗਈ ਤਾਂ ਪਾਇਲ ਗਾਇਬ ਸੀ। ਮਨਜੀਤ ਕੋਰ ਨੇ ਲੇਰ ਮਾਰਦਿਆਂ ਕਿਹਾ,

"ਵੇ ਕੁੰਦਨਾਂ, ਤੇਰੀ ਲਾਡਲੀ ਫੇਰ ਦੌੜ ਗਈ!"

16-ਸੁਰਖੁਰੂ

ਕੁੰਦਨ ਤੇ ਮਨਜੀਤ ਕੋਰ ਦੀ ਸਾਰੀ ਉਮਰ ਲੜਾਈ ਕਰਦਿਆਂ ਦੀ ਲੰਘੀ ਸੀ। ਮਨਜੀਤ ਕੋਰ ਧਾਰਮਿਕ ਬ੍ਰਿਤੀ ਵਾਲੀ ਔਰਤ ਸੀ ਤੇ ਕੁੰਦਨ ਨਾਸਤਿਕ। ਪਹਿਲਾਂ ਤਾਂ ਇਹੀ ਗੱਲ ਲੜਾਈ ਪਾਈ ਰੱਖਦੀ। ਫਿਰ ਕੁੰਦਨ ਨੇ ਵਾਲ਼ ਕਟਵਾ ਲਏ, ਇਹ ਵੀ ਕਿੰਨੀ ਦੇਰ ਤਕ ਲੜਾਈ ਦਾ ਬਹਾਨਾ ਬਣਿਆਂ ਰਿਹਾ। ਜਦ ਕੁੰਦਨ ਨੇ ਸਿਗਰਟਾਂ ਪੀਣੀਆਂ ਸ਼ੁਰੂ ਕੀਤੀਆਂ ਤਾਂ ਵੀ ਵਾਹਵਾ ਚਿਰ ਘਰ ਵਿੱਚ ਮਹਾਂਭਾਰਤ ਚਲਦਾ ਰਿਹਾ। ਪਾਇਲ ਦੀ ਸਿਗਰਟਾਂ ਪੀਣ ਦੀ ਲੱਤ ਦੀ ਜ਼ਿੰਮੇਵਾਰੀ ਵੀ ਕੁੰਦਨ ਸਿਰ ਹੀ ਪੈਂਦੀ ਸੀ। ਹੁਣ ਕੁੜੀ ਜਦ ਵਿਆਹ ਕਰਾਉਣ ਲਈ ਤਿਆਰ ਹੋ ਗਈ ਸੀ ਤਾਂ ਉਹ ਬੀਤੇ ਦੀਆਂ ਸਾਰੀਆਂ ਤਕਲੀਫਾਂ ਤੇ ਦੁੱਖ ਭੁੱਲਣ ਲੱਗੇ। ਉਹ ਇਸ ਨਵੀਂ ਖੁਸ਼ੀ ਵਿਚ ਖੁਸ਼ ਸੀ ਪਰ ਹੁਣ ਕੁੜੀ ਦਾ ਵਿਆਹ ਤੋਂ ਤਿੰਨ ਦਿਨ

ਪਹਿਲਾਂ ਗਾਇਬ ਹੋ ਜਾਣਾ ਇਕ ਵਾਰ ਫਿਰ ਉਸ ਨੂੰ ਤੋੜ ਕੇ ਰੱਖ ਗਿਆ। ਪਾਇਲ ਦਾ ਖਾਲੀ ਕਮਰਾ ਦੇਖ ਕੇ ਉਸ ਨੇ ਪਤੀ ਦੇ ਸਾਹਮਣੇ ਆਕੇ ਪਿੱਟਣਾ ਸ਼ੁਰੂ ਕਰ ਦਿਤਾ ਤੇ ਬੋਲੀ,

"ਓਹ ਚੁੜੇਲ ਚਲੇ ਗਈ! ਫੇਰ ਦੌੜ ਗਈ! ਮੈਨੂੰ ਤਾਂ ਪਹਿਲਾਂ ਈ ਸ਼ੱਕ ਸੀ ਕਿ ਕਈ ਦਿਨਾਂ ਦੀ ਫੋਨ ਨੂੰ ਈ ਚੁੰਬੜੀ ਰਹਿੰਦੀ ਸੀ। ...ਕੁੰਦਨਾ, ਜਾਹ ਲੱਭ ਕੇ ਲਿਆ, ਜੇ ਇਹ ਵਿਆਹ ਨਾ ਹੋਇਆ ਤਾਂ ਮੈਂ ਫਾਹਾ ਲੈ ਲੈਣਾਂ, ਮੈਂ ਨਹੀਂ ਜਿਊਣਾ ਫੇਰ, ਚਾਹੇ ਕੁਝ ਵੀ ਹੋ ਜਾਏ।"

ਉਹ ਗੱਲ ਕਰਦੀ ਵੈਣ ਪਾਈ ਜਾ ਰਹੀ ਸੀ। ਅਮਰਜੋਤ ਵੀ ਉਸ ਦਾ ਰੋਣਾ ਸੁਣ ਕੇ ਹੇਠਾਂ ਲੌਂਜ ਵਿੱਚ ਆ ਗਿਆ ਤੇ ਮਨਜੀਤ ਕੋਰ ਦਾ ਇੰਡੀਆ ਤੋਂ ਵਿਆਹ ਵਿੱਚ ਸ਼ਾਮਲ ਹੋਣ ਆਇਆ ਭਰਾ ਗੁਰਨਾਮ ਸਿੰਘ ਵੀ। ਕੁੰਦਨ ਉੱਚੀ ਆਵਾਜ਼ ਵਿੱਚ ਕਹਿਣ ਲੱਗਿਆ,

"ਇਹ ਸਾਰੀ ਤੇਰੀ ਗਲਤੀ ਏ, ਮੈਂ ਤੈਨੂੰ ਕਿਹਾ ਸੀ ਕਿ ਇਹ ਨਸਲ ਜਿਹੜੇ ਖੂਹ ਵਿੱਚ ਡਿਗੀ ਏ ਡਿਗੀ ਰਹਿਣ ਦੇ ਪਰ ਤੈਨੂੰ ਓਹਦੇ ਵਿਆਹ ਦੀ ਪਈ ਹੋਈ ਸੀ, ਹੁਣ ਲੈ ਲਾ ਵਿਆਹ!"

"ਮੈਂ ਤਾਂ ਉਹਦੇ ਭਲੇ ਲਈ ਈ ਕਹਿੰਦੀ ਸੀ ਨਾਲੇ ਲੋਕਾਂ ਦੇ ਮੂੰਹ ਵੀ ਬੰਦ ਕਰਨੇ ਸੀ।"

"ਲੋਕਾਂ ਨੇ ਤਾਂ ਸਾਲ਼ੇ ਬੈਹੜਿਆਂ ਦੇ ਨੇ, ਜਿਹੜਾ ਭੌਂਕਣਾ ਸੀ ਇਕ ਵਾਰ ਭੌਂਕ ਚੁੱਕੇ ਸੀ, ਹੁਣ ਦੁਬਾਰਾ ਫੇਰ ਭੌਂਕਣਗੇ, ਫੇਰ ਅੰਦਰੀਂ ਵੜ੍ਹਨਾ ਪਵੇਗਾ ਪਹਿਲਾਂ ਵਾਂਗੂੰ!"

"ਇਹ ਛੱਡ ਤੇ ਜਾਹ, ਜਾ ਕੇ ਉਹਨੂੰ ਲੱਭ ਕੇ ਲਿਆ ਨਹੀਂ ਤਾਂ ਮੈਂ ਗਈ!"

ਮਨਜੀਤ ਕੋਰ ਦਾ ਰੋਣਾ ਨਹੀਂ ਸੀ ਰੁਕ ਰਿਹਾ। ਕੁੰਦਨ ਸੋਚਾਂ ਵਿੱਚ ਪੈ ਗਿਆ ਕਿ ਹੁਣ ਕੀ ਕਰੇ, ਇਹ ਗੱਲ ਕਿਸ ਨਾਲ ਸਾਂਝੀ ਕਰੇ, ਕਿਸ ਦੀ ਮੱਦਦ ਲਵੇ। ਉਸ ਨੂੰ ਏਨਾ ਪਤਾ ਸੀ ਕਿ ਪਿਛਲੀ ਵਾਰ ਪਾਇਲ ਹੈਕਨੀ ਦੀ ਚਾਰਲੀ ਰੋਡ ਤੇ ਸਥਿਤ ਕੌਂਕੋਰਡ ਹਾਊਸ ਵਿੱਚ ਪੰਦਰਾਂ ਨੰਬਰ ਦੇ ਫਲੈਟ ਐਂਡੀ ਨਾਂ ਦੇ ਅਫਰੀਕਨ ਨਾਲ ਰਹਿੰਦੀ ਆਈ ਸੀ। ਉਸ ਕੋਲ ਫੋਨ ਨੰਬਰ ਵੀ ਹੈ ਸੀ। ਇਹ ਸਭ ਕੁੰਦਨ ਨੇ ਪਾਇਲ ਤੋਂ ਪਤਿਆ ਕੇ ਪੁੱਛਿਆ ਹੋਇਆ ਸੀ। ਜਦ ਉਹ ਆਪਣੇ ਨਾਵਲ 'ਕੁਆਰੀਆਂ' ਦਾ ਵਿੱਡ ਵਿਡ ਰਿਹਾ ਸੀ ਤਾਂ ਉਹ ਪਾਇਲ ਤੋਂ ਕਈ ਕਿਸਮ ਦੀ ਜਾਣਕਾਰੀ ਇਕੱਠੀ ਕਰਿਆ ਕਰਦਾ ਸੀ। ਉਸ ਨੇ ਅਮਰਜੋਤ ਨੂੰ ਕਿਹਾ,

"ਚੱਲ ਬਈ ਰੈਡੀ ਹੋ, ਜ਼ਰਾ ਤਕੜੇ ਹੋ ਕੇ ਹੱਥ ਪਾਉਣਾ ਪਊ, ਹਾਕੀਆਂ ਕੋਲ਼ ਲੈ ਲਾ, ਗੁਰਨਾਮ ਸਿਆਂ, ਤੂੰ ਵੀ ਚੱਲ। ਤੂੰ ਵੀ ਮਨਜੀਤ ਕੋਰੇ ਚੱਲ।"

ਉਹ ਸਾਰੇ ਹੀ ਹਥਿਆਰਬੰਦ ਹੋ ਕੇ ਕਾਰ ਵਿੱਚ ਜਾ ਬੈਠੇ ਤੇ ਈਸਟ ਲੰਡਨ ਨੂੰ ਤੁਰ ਪਏ। ਘੰਟੇ ਭਰ ਵਿੱਚ ਕੁੰਦਨ ਸਿੰਘ ਨੇ ਕਾਰ ਕੌਂਕੋਰਡ ਹਾਊਸ ਦੇ ਮੂਹਰੇ ਜਾ ਲਗਾਈ। ਮਨਜੀਤ ਕੋਰ ਕਾਰ ਵਿੱਚ ਹੀ ਬੈਠੀ ਰਹਿਣ ਦਿਤੀ ਤੇ ਉਹਨਾਂ ਤਿੰਨਾਂ ਨੇ ਪੰਦਰਾਂ ਨੰਬਰ ਦੀ ਡੋਰ ਬੈੱਲ ਕਰ ਦਿਤੀ। ਇਕ ਉੱਚੇ ਲੰਮੇ ਅਫਰੀਕਨ ਨੇ ਦਰਵਾਜ਼ਾ ਖੋਹਲਿਆ। ਸਾਹਮਣੇ ਤਿੰਨ ਬੰਦੇ ਹੱਥਾਂ ਵਿੱਚ ਹਾਕੀਆਂ ਲਈ ਖੜੇ ਦੇਖ ਇਕ ਮਿੰਟ ਲਈ ਤਾਂ ਉਹ ਝਿਜਕਿਆ ਤੇ ਫਿਰ ਬੋਲਿਆ,

"ਯੈੱਸ, ਵੌਟ 'ਜ਼ ਦਾ ਪਰੌਬਲਮ?"

"ਆਏ 'ਮ ਪਾਇਲ'ਜ਼ ਫਾਦਰ ਐਂਡ ਗੋਇੰਗ ਟੂ ਟੇਕ ਹਰ।"

ਕੁੰਦਨ ਸਿੰਘ ਉਸ ਬੰਦੇ ਵਲੋਂ ਕੋਈ ਜਵਾਬ ਉਡੀਕੇ ਬਿਨਾਂ ਅੰਦਰ ਲੰਘ ਗਿਆ। ਉਸ ਦੇ ਮਗਰ ਹੀ ਅਮਰਜੋਤ ਤੇ ਗੁਰਨਾਮ ਸਿੰਘ ਵੀ। ਪਾਇਲ ਅੰਦਰ ਹੀ ਸੀ। ਉਸ ਨੇ ਕੁੰਦਨ ਦੀ ਰੋਹ ਭਰੀ ਆਵਾਜ਼ ਸੁਣ ਲਈ ਸੀ। ਕੁੰਦਨ ਨੇ ਉਸ ਨੂੰ ਕਿਹਾ,

"ਪਾਇਲ, ਚੁੱਪ ਕਰਕੇ ਤੁਰ ਪੈ ਨਹੀਂ ਤਾਂ ਰਿਜ਼ੱਲਟ ਠੀਕ ਨਹੀਂ ਹੋਣਾ!"

"ਡੈਡ, ਆਏ ਡੌਂਟ...।"

"ਮੈਂ ਕੁਝ ਨਹੀਂ ਸੁਣਨਾ ਚਾਹੁੰਦਾ, ਮਾਏ ਰਿਸਪੈਕਟ 'ਜ਼ ਔਨ ਦਾ ਸਟੇਕ!"

ਪਿਓ ਦੇ ਚਿਹਰੇ ਦਾ ਜਲੌਅ ਦੇਖ ਕੇ ਪਾਇਲ ਡਰ ਗਈ। ਕੁੰਦਨ ਨੇ ਉਸ ਦੀ ਬਾਂਹ ਫੜੀ ਤੇ ਧੂੰਹਦਾ ਹੋਇਆ ਬਾਹਰ ਲੈ ਆਇਆ। ਕਾਲਾ ਮੁੰਡਾ ਖੜਾ ਦੇਖਦਾ ਰਿਹਾ। ਉਸ ਵਿੱਚ ਕੁਝ ਕਰ ਸਕਣ ਦੀ ਹਿੰਮਤ ਹੀ ਨਹੀਂ ਸੀ। ਬਾਹਰ ਆ ਕੇ ਕੁੰਦਨ ਨੇ ਕਾਰ ਦਾ ਦਰਵਾਜ਼ਾ ਖੋਹਲ ਕੇ ਪਾਇਲ ਨੂੰ ਅੰਦਰ ਧੱਕਾ ਦੇ ਦਿਤਾ। ਕੁੰਦਨ ਨੇ ਕਾਰ ਵਾਪਸ ਘਰ ਨੂੰ ਭਜਾ ਲਈ। ਪਾਇਲ ਨੇ ਕੁਝ ਦੇਰ ਤਾਂ ਵਿਰੋਧ ਕੀਤਾ ਪਰ ਫਿਰ ਟਿਕ ਕੇ ਬੈਠ ਗਈ ਤੇ ਸਿਰਗਟ ਲਗਾ ਲਈ। ਘਰ ਪੁੱਜ ਕੇ ਕੁੰਦਨ ਨੇ ਪਾਇਲ ਨੂੰ ਰੋਅਬਦਾਰ ਆਵਾਜ਼ ਵਿੱਚ ਕਿਹਾ,

"ਮੈਂ ਤੈਨੂੰ ਦੱਸਿਆ ਸੀ ਕਿ ਮੈਂ ਬੋਲ-ਬਚਨ ਵਾਲਾ ਬੰਦਾਂ, ਕਿਸੇ ਨਾਲ ਵਾਅਦਾ ਕਰ ਲਿਆ ਤਾਂ ਕਰ ਲਿਆ, ਤੈਨੂੰ ਓਦੋਂ ਆਖਿਆ ਸੀ ਕਿ ਸੋਚ ਕੇ 'ਹਾਂ' ਕਰੀਂ, ਮੁੜ ਕੇ 'ਨਾਂਹ' ਨਹੀਂ ਕਰ ਸਕਦੀ, ਸਮਝੀ!"

ਪਾਇਲ ਚੁੱਪ ਸੀ। ਛੇਤੀ ਹੀ ਘਰ ਵਿੱਚ ਇਵੇਂ ਹੋ ਗਿਆ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਕੁਝ ਦੇਰ ਬਾਅਦ ਕੁੰਦਨ ਨੇ ਪਾਇਲ ਨੂੰ ਆਪਣੇ ਕਮਰੇ ਵਿੱਚ ਸੱਦਿਆ। ਇਕ ਸਿਗਰਟ ਉਸ ਨੂੰ ਦਿੰਦਾ ਬੋਲਿਆ,

"ਪਾਇਲ, ਮੈਂ ਤੇਰਾ ਦੁਸ਼ਮਣ ਨਹੀਂ, ...ਤੂੰ ਪਹਿਲਾਂ ਘਰੋਂ ਗਈ ਤਾਂ ਮੈਂ ਸਭ ਟੌਲਰੇਟ ਕਰ ਲਿਆ ਸੀ ਪਰ ਇਸ ਵਾਰ ਸਿਚੂਏਸ਼ਨ ਕੁਝ ਹੋਰ ਏ, ...ਤੈਨੂੰ ਪਤਾ ਏ ਕਿ ਮੇਰਾ ਕਿੱਡਾ ਵੱਡਾ ਨਾਂ ਏ, ਲੋਕ ਮੇਰੀ ਕਹੀ ਗੱਲ ਉਪਰ ਸਹੀ ਪਾਉਂਦੇ ਨੇ, ਜਦ ਮੈਂ ਤੇਰੇ ਵਿਆਹ ਵਾਸਤੇ ਵਾਅਦਾ ਕਰ ਲਿਆ ਤਾਂ ਇਸ ਨੂੰ ਨਿਭਾਉਣ ਵਿੱਚ ਤੈਨੂੰ ਮੇਰਾ ਸਾਥ ਦੇਣਾ ਚਾਹੀਦਾ ਏ।"

ਪਾਇਲ ਕੁਝ ਬੋਲੇ ਬਿਨਾਂ ਸਿਗਰਟ ਪੀਂਦੀ ਰਹੀ। ਕੁੰਦਨ ਨੇ ਆਪਣੇ ਲਈ ਇਕ ਡਰਿੰਕ ਬਣਾਈ ਤੇ ਇਕ ਪਾਇਲ ਲਈ ਵੀ। ਪਾਇਲ ਦੇ ਹੱਥ ਵਿੱਚ ਪੈੱਗ ਦਿੰਦਾ ਬੋਲਿਆ,

"ਮੈਂ ਹੋਰਨਾਂ ਪਿਓਆਂ ਵਰਗਾ ਨਹੀਂ ਵਾਂ, ਮੈਂ ਤਾਂ ਬੱਚਿਆਂ ਦਾ ਦੋਸਤ ਆਂ ਪਰ ਹੁਣ ਪਲੀਜ਼ ਪਾਇਲ, ਮੇਰੀ ਇੱਜ਼ਤ ਰੱਖ, ਵਿਆਹ ਕਰਾ ਲੈ, ਹੁਣ ਕੋਈ ਅੜਿੱਕਾ ਨਾ ਖੜਾ ਕਰੀਂ।"

"ਓਕੇਅ ਡੈਡ!"

"ਪਰੌਮਿਜ਼?"

"ਪਰੌਮਿਜ਼!"

ਪਾਇਲ ਨੇ ਕਿਹਾ। ਪਿਓ ਧੀ ਨੇ ਜਾਮ ਖੜਕਾਏ ਤੇ ਇਕੋ ਸਾਹੇ ਪੀ ਗਏ। ਇਹ ਨਵੀਂ ਸੰਧੀ ਦੀ ਸ਼ੁਰੂਆਤ ਸੀ।...

ਪਾਇਲ ਨੇ ਰੱਖ ਵਿਖਾਈ। ਉਸ ਨੇ ਸ਼ਾਂਤੀ ਨਾਲ ਵਿਆਹ ਕਰਾ ਲਿਆ ਪਰ ਉਸ 'ਤੇ ਯਕੀਨ ਕੋਈ ਨਹੀਂ ਸੀ ਕਰ ਰਿਹਾ ਇਸ ਲਈ ਹਰ ਵੇਲੇ ਉਸ ਦਾ ਧਿਆਨ ਰੱਖਿਆ ਜਾਂਦਾ। ਵਿਆਹ ਤੋਂ ਇਕ ਦਿਨ ਪਹਿਲਾਂ ਉਹ ਕੁੰਦਨ ਨੂੰ ਕਹਿਣ ਲੱਗੀ,

"ਡੈਡ, ਉਹ ਬੁੱਕ ਦੁਆਲੇ ਰਾਊਂਡ ਰਾਊਂਡ ਵੀ ਜਾਣਾ ਪਏਗਾ?"

"ਹਾਂ, ਲਾਵਾਂ ਤਾਂ ਲੈਣੀਆਂ ਈ ਪੈਣਗੀਆਂ।"

"ਆਏ ਡੌਂਟ ਲਾਇਕ ਦੈਟ! ਏਨੀ ਦੇਰ ਕੌਣ ਬੈਠੇਗਾ!"

"ਇਹ ਤਾਂ ਵਿਆਹ ਦੀ ਰਸਮ ਦਾ ਇਕ ਹਿੱਸਾ ਏ।"

"ਜੇ ਮੈਨੂੰ ਸਿਗਰਟ ਦੀ ਤਲਬ ਹੋਈ?"

"ਸਿਗਰਟ ਨਹੀਂ ਤੂੰ ਪੀ ਸਕਦੀ।"

"ਸਿਗਰਟ ਬਿਨਾਂ ਤਾਂ ਮੈਂ ਟੁਆਇਲਟ ਵੀ ਨਹੀਂ ਜਾ ਸਕਾਂਗੀ?"

"ਇਹਦੇ ਬਾਰੇ ਹਾਲੇ ਬਹੁਤਾ ਨਾ ਸੋਚ, ਵਿਆਹ ਵਾਲੇ ਦਿਨ ਤੂੰ ਬਿਲਕੁਲ ਸਮੋਕ ਨਹੀਂ ਕਰਨਾ।"

ਕੁੰਦਨ ਨੇ ਕਿਹਾ ਪਰ ਉਸ ਨੂੰ ਪਤਾ ਸੀ ਕਿ ਪੂਰਾ ਦਿਨ ਸਿਗਰਟ ਤੋਂ ਬਿਨਾਂ ਕਿਸੇ ਤਰ੍ਹਾਂ ਵੀ ਨਹੀਂ ਰਿਹਾ ਜਾ ਸਕਦਾ। ਉਸ ਨੇ ਫਿਰ ਕਿਹਾ,

"ਆਪਣੀ ਕਿਸੇ ਸਹੇਲੀ ਦੀ ਮੱਦਦ ਲੈ ਲਈਂ ਪਰ ਬਹੁਤ ਹੀ ਪਰਦੇ ਨਾਲ..., ਓਕੇਅ!"

ਕੁੰਦਨ ਨੇ ਧੀ ਨੂੰ ਸਮਝਾ ਦਿਤਾ।

ਵਿਆਹ ਸੁੱਖ ਸਬੀਲੀ ਨਾਲ ਸਿਰੇ ਚੜ੍ਹ ਗਿਆ। ਸਭ ਖੁਸ਼ ਸਨ। ਖਾਸ ਕਰਕੇ ਮਨਜੀਤ ਕੌਰ। ਹੁਣ ਉਹ ਸਿਰ ਉੱਚਾ ਕਰਕੇ ਚੱਲ ਸਕੇਗੀ ਕਿ ਧੀ ਦਾ ਵਿਆਹ ਸਿੱਖ ਮਰਿਯਾਦਾ ਨਾਲ ਕੀਤਾ ਹੈ। ਵਿਆਹ ਤੋਂ ਬਾਅਦ ਪਾਇਲ ਤੇ ਗੁਰਮੀਤ ਸਕੌਟਲੈਂਟ ਹਨੀਮੂਨ ਲਈ ਚਲੇ ਗਏ। ਉਥੋਂ ਹੀ ਪਾਇਲ ਨੇ ਕੁੰਦਨ ਨੂੰ ਫੋਨ ਕੀਤਾ। ਕਹਿਣ ਲਗੀ,

"ਡੈਡ, ਯੂ ਵਰ ਰਾਈਟ, ਐਵਰੀ ਥਿੰਗ ਔਲ ਰਾਈਟ!"

ਕੁੰਦਨ ਸਿੰਘ ਮਨ ਹੀ ਮਨ ਹੱਸਿਆ। ਅਗਲੇ ਦਿਨ ਹੀ ਪਾਇਲ ਦਾ ਫਿਰ ਫੋਨ ਆ ਗਿਆ,

"ਡੈਡ, ਇਹ ਤਾਂ ਬਹੁਤ ਹੀ ਪਾਗਲ ਆਦਮੀ ਏ, ਏਹਨੂੰ ਤਾਂ ਕਿਸੇ ਵੀ ਗੱਲ ਦਾ ਨਹੀਂ ਪਤਾ, ਮੈਂ ਨਹੀਂ ਰਹਿ ਸਕਦੀ ਏਹਦੇ ਨਾਲ਼।"

"ਕੂਲ ਬੇਬੀ ਕੂਲ! ...ਐਵੇਂ ਗੁੱਸੇ ਨਾ ਹੋ, ਸ਼ਾਂਤ ਰਹਿ ਕੇ ਸੋਚ, ਵਿਆਹ ਵਿੱਚ ਬਹੁਤ ਕੁਝ ਐਡਜਸਟ ਕਰਨਾ ਪੈਂਦਾ।"

"ਬੱਟ ਡੈਡ...!"

"ਨੋ ਬੱਟ, ਜਸਟ ਐਡਜਸਟ! ...ਐਵਰੀਥਿੰਗ ਗੌਨਾ' ਬੀ ਔਲ ਰਾਈਟ।"

ਹਫਤੇ ਲਈ ਨਵੀਂ ਜੋੜੀ ਹਨੀਮੂਨ 'ਤੇ ਗਈ ਸੀ ਪਰ ਚੌਥੇ ਦਿਨ ਹੀ ਵਾਪਸ ਆ ਗਈ। ਪਾਇਲ ਉਥੇ ਹੋਰ ਨਹੀਂ ਸੀ ਰਹਿਣਾ ਚਾਹੁੰਦੀ। ਬਰਮੀਘੰਮ ਵਿੱਚ ਗੁਰਮੀਤ ਦੇ ਚਾਚੇ ਦੇ ਕਈ ਘਰ ਸਨ, ਇਕ ਘਰ ਉਸ ਨੇ ਇਸ ਨਵੀਂ ਜੋੜੀ ਨੂੰ ਰਹਿਣ ਲਈ ਦੇ ਦਿਤਾ। ਪਾਇਲ ਹਰ ਰੋਜ਼ ਕੁੰਦਨ ਨੂੰ ਫੋਨ ਕਰਦੀ। ਕੁੰਦਨ ਉਸ ਨੂੰ ਸ਼ਾਂਤ ਰਹਿਣ ਲਈ ਆਖਦਾ।

ਮਨਜੀਤ ਕੌਰ ਕੰਮ ਉਪਰ ਜਾਂਦੀ ਤਾਂ ਆਪਣੇ ਜੁਆਈ ਗੁਰਮੀਤ ਦੀਆਂ ਤਾਰੀਫਾਂ ਕਰਦੀ ਹੀ ਨਾ ਥੱਕਦੀ। ਦੱਸਦੀ ਫਿਰਦੀ ਕਿ ਪਾਇਲ ਕਿੰਨੀ ਖੁਸ਼ ਹੈ। ਇਵੇਂ ਹੀ ਗੁਰਦਵਾਰੇ ਬਣੀਆਂ ਸਹੇਲੀਆਂ ਨੂੰ ਵੀ ਹੁੱਬ ਹੁੱਬ ਕੇ ਦੱਸਣ ਲੱਗਦੀ ਕਿ ਕੁੜੀ ਨੂੰ ਵਿਆਹ ਕੇ ਉਹ ਸੁਰਖੁਰੂ ਹੋ ਗਈ ਹੈ ਤੇ ਕੁੜੀ ਆਪਣੇ ਘਰ ਬਹੁਤ ਹੀ ਖੁਸ਼ ਹੈ। ਇਵੇਂ ਹੀ ਕੁੰਦਨ ਵੀ ਕਿਸੇ ਨਾਲ ਗੱਲ ਕਰਦਾ ਤਾਂ ਇਹੋ ਦੱਸਦਾ ਕਿ ਕੁੜੀ ਆਪਣੇ ਘਰ ਪ੍ਰਸੰਨ ਹੈ। ਉਸ ਦਾ ਇਕ ਦੋਸਤ ਬਨਫੂਲ ਹੀ ਸੀ ਜਿਹਦੇ ਨਾਲ ਉਸ ਆਪਣਾ ਢਿੱਡ ਫਰੋਲ ਲੈਂਦਾ ਸੀ। ਬਨਫੂਲ ਆਪ ਵੀ ਅਜਿਹੀ ਹਾਲਤ ਵਿਚ ਦੀ ਹੀ ਲੰਘ ਰਿਹਾ ਸੀ। ਉਹ ਇਕ ਦਿਨ ਵਿਸ਼ੇਸ਼ ਕਰਕੇ ਕੁੰਦਨ ਨੂੰ ਮਿਲਣ ਉਸ ਦੇ ਕੰਮ 'ਤੇ ਆਇਆ ਤੇ ਕਹਿਣ ਲਗਿਆ,

"ਮੇਰੀ ਤਾਂ ਹਾਲਤ ਬਈ ਤੇਰੇ ਤੋਂ ਵੀ ਖਰਾਬ ਹੋ ਗਈ ਆ।"

"ਅੱਛਾ! ਉਹ ਕਿਤਰਾਂ?"

"ਮੇਰੀ ਵੱਡੀ ਕੁੜੀ ਵੀਨਾ ਕਹਿੰਦੀ ਕਿ ਮੈਂ ਆਪਣਾ ਬੁਆਏ ਫ੍ਰੈਂਡ ਘਰ ਲਿਆਉਣਾ!"

"ਇਹ ਨਾ ਹੋਣ ਦੇਈਂ।"

"ਕੀ ਕਰਾਂ ਕੁੰਦਨਾਂ? ...ਜਾਂ ਤਾਂ ਕੁੜੀ ਨੂੰ ਘਰੋਂ ਕੱਢ ਦੇਵਾਂ ਜਾਂ ਫੇਰ ਉਹਦੀ ਸੁਣਾਂ।"

"ਤੂੰ ਕੀ ਕਿਹਾ?"

"ਬਹੁਤ ਸੋਚ ਕੇ ਤੇ ਘਰ ਵਾਲ਼ੀ ਨਾਲ ਸਲਾਹ ਕਰਕੇ ਕਿਹਾ ਬਈ ਘਰ ਲੈ ਆ ਪਰ ਦਿਨੇ ਦਿਨੇ, ਉਹਨੂੰ ਆਪਣੇ ਕਮਰੇ ਵਿੱਚ ਨਹੀਂ ਲੈ ਜਾ ਸਕਦੀ।"

ਕੁਝ ਦਿਨਾਂ ਬਾਅਦ ਬਨਫੂਲ ਫਿਰ ਮਿਲਿਆ। ਕੁੰਦਨ ਨੇ ਹਾਲ ਚਾਲ ਪੁੱਛਿਆ ਤਾਂ ਦੱਸਣ ਲੱਗਿਆ,

"ਕੁਝ ਨਹੀਂ ਕਰ ਸਕਿਆ ਯਾਰ ਮੈਂ, ਵੀਨਾ ਆਪਣੇ ਬੁਆਏ ਫ੍ਰੈਂਡ ਨੂੰ ਆਪਣੇ ਕਮਰੇ ਵਿੱਚ ਲੈਜਾ ਵੜਦੀ ਐ, ਇਕ ਦਿਨ ਤਾਂ ਉਹ ਸਾਲ਼ਾ ਰਾਤ ਵੀ ਰਹਿ ਗਿਆ, ਦੱਸ ਯਾਰ ਏਹਦਾ ਕੀ ਇਲਾਜ ਕਰਾਂ, ਤੂੰ ਤੇ ਚੰਗਾ ਰਹਿ ਗਿਆਂ, ਕੁੜੀ ਵਿਆਹ ਕੇ ਸੁਰਖਰੂ ਹੋ ਗਿਆਂ।"

"ਭਾਊ ਬਨਫੂਲ, ਮੈਂ ਤਾਂ ਪਹਿਲਾਂ ਈ ਸੁਰਖਰੂ ਸੀ, ਸਭ ਕੁਝ ਭੁਲਾਈ ਬੈਠਾ ਸੀ, ਇਹ ਸਾਲ਼ੀ ਬੈਹੜਿਆਂ ਦੀ ਵਾਈਫ ਨਾ ਮੰਨੀ, ਅਖੇ ਕੁੜੀ ਵਿਆਹੁਣੀ ਏਂ, ਇਤਰਾਂ ਇੱਜ਼ਤ ਨਹੀਂ ਰਹਿੰਦੀ, ਸਾਲ਼ਾ ਬੈਹੜਿਆਂ ਦਾ ਦੱਸ ਹਜ਼ਾਰ ਪੌਂਡ ਲਗ ਗਿਆ ਇੱਜ਼ਤ ਰੱਖਣ ਨੂੰ!"

"ਮੈਂ ਤਾਂ ਸੁਣਿਆਂ ਸੀ ਕਿ ਤੇਰੀ ਕੁੜੀ ਆਪਣੇ ਘਰ ਖੁਸ਼ ਐ।"

"ਖੁਸ਼ ਨੂੰ ਤਾਂ ਖੁਸ਼ ਈ ਏ ਪਰ ਕੀ ਪਤਾ! ਖੁਸ਼ੀ ਨੂੰ ਗਮੀ ਵਿੱਚ ਬਦਲਣ ਨੂੰ ਕਿਹੜਾ ਟਾਈਮ ਲੱਗਦਾ, ...ਨਾਲ਼ੇ ਘਰ ਦੇ ਜੰਮੇ ਦੇ ਦੰਦ ਥੋੜੋਂ ਗਿਣੀਦੇ ਨੇ।"

ਇਕ ਦਿਨ ਪਾਇਲ ਦਾ ਫੋਨ ਆਇਆ। ਮਨਜੀਤ ਕੌਰ ਨੇ ਚੁੱਕਿਆ। ਉਸ ਨੇ ਗੱਲ ਕਰਕੇ ਕੁੰਦਨ ਨੂੰ ਫੜਾ ਦਿਤਾ। ਉਹ ਫੋਨ ਸੁਣਦਾ ਮਨਜੀਤ ਕੌਰ ਵਲ ਦੇਖਦਾ ਜਾ ਰਿਹਾ ਸੀ। ਫੋਨ ਰੱਖ ਕੇ ਕੁਝ ਕਹਿਣ ਹੀ ਲੱਗਿਆ ਸੀ ਕਿ ਘੰਟੀ ਫਿਰ ਵੱਜ ਪਈ। ਹੁਣ ਫੋਨ ਬਨਫੂਲ ਦਾ ਸੀ। ਕੁੰਦਨ ਨੇ ਹਾਲਚਾਲ ਪੁੱਛਿਆ ਤਾਂ ਉਹ ਵਿਅੰਗ ਨਾਲ ਬੋਲਿਆ,

"ਮੈਂ ਕਿਹਾ ਭਰਾ ਨੂੰ ਵਧਾਈਆਂ ਦੇ ਲਵਾਂ!"

"ਸੁੱਖ ਤਾਂ ਹੈ?"

ਕੁੰਦਨ ਬਨਫੂਲ ਦੀ ਆਵਾਜ਼ ਤੋਂ ਹੀ ਸਮਝ ਗਿਆ ਸੀ ਕਿ ਕੋਈ ਮਾੜੀ ਖ਼ਬਰ ਹੋਵੇਗੀ। ਬਨਫੂਲ ਬੋਲਿਆ,

"ਤੈਨੂੰ ਪਤੈ ਬਈ ਵੀਨਾ ਨੇ ਹੁਣ ਬੁਆਏ ਫ੍ਰੈਂਡ ਘਰ ਈ ਲੈ ਆਂਦਾ ਸੀ।"

"ਉਹ ਤਾਂ ਆਪਣੀ ਗੱਲ ਹੋਈ ਸੀ।"

"ਅਜ ਕਿਸੇ ਹੋਰ ਮੁੰਡੇ ਨੂੰ ਲੈ ਆਈ, ਅਖੇ ਮੈਂ ਬੁਆਏ ਫ੍ਰੈਂਡ ਬਦਲ ਲਿਆ, ਉਹ ਮੈਨੂੰ ਪਸੰਦ ਨਹੀਂ ਸੀ, ਕਹਿੰਦੀ ਹੁਣ ਇਹ ਮੇਰੇ ਨਾਲ ਰਹੇਗਾ, ਦੱਸ ਕਿਹੜੇ ਖੂਹ ਵਿਚ ਪੈ ਜਾਵਾਂ!"

ਕੁੰਦਨ ਨੇ ਔਖਾ ਜਿਹਾ ਸਾਹ ਭਰਿਆ ਤੇ ਆਖਣ ਲੱਗਿਆ,

"ਵਧਾਈਆਂ ਤਾਂ ਏਧਰ ਵੀ ਹੋ ਗਈਆਂ!"

"ਅੱਛਾ! ਕੀ ਹੋਇਆ?"

"ਪਾਇਲ ਆਪਣੇ ਹਸਬੈਂਡ ਨੂੰ ਛੱਡ ਕੇ ਮੁੜ ਉਸੇ ਕਾਲ਼ੇ ਕੋਲ਼ ਚਲੇ ਗਈ ਏ।"

17-ਮਨਜੀਤ ਕੌਰ

ਮਨਜੀਤ ਕੌਰ ਇੰਡੀਆ ਜਾਣ ਦੀ ਤਿਆਰੀ ਕਰ ਰਹੀ ਸੀ। ਉਹ ਸੋਚਦੀ ਕਿ ਆਪਣੇ ਭਰਾ ਗੁਰਨਾਮ ਦੇ ਨਾਲ ਹੀ ਇੰਡੀਆ ਜਾਵੇ ਤੇ ਵਿਆਹ ਦੀ ਨਿਸ਼ਾਨੀ ਰਿਸ਼ਤੇਦਾਰਾਂ ਵਿੱਚ ਵੰਡ ਆਵੇ। ਉਸ ਦੇ ਜਾਣ ਤੋਂ ਪਹਿਲਾਂ ਹੀ ਖ਼ਬਰ ਆ ਗਈ ਕਿ ਪਾਇਲ ਵਾਪਸ ਆਪਣੇ ਟਿਕਾਣੇ 'ਤੇ ਪੁੱਜ ਗਈ ਹੈ। ਹਾਲੇ ਵੀਹ ਦਿਨ ਹੀ ਹੋਏ ਸਨ ਉਸ ਦੇ ਵਿਆਹ ਨੂੰ। ਕੁੰਦਨ ਨੇ ਉਸ ਨੂੰ ਆਖਿਆ,

"ਉਹਨੂੰ ਸੁਹਾਗਣ ਬਣਾਉਣ ਦੀ ਤੇਰੀ ਜ਼ਿੱਦ ਮੈਨੂੰ ਬਹੁਤ ਮਹਿੰਗੀ ਪਈ ਏ।"

"ਹੁਣ ਏਦਾਂ ਕਰਦੇ ਆਂ ਕਿ ਕਿਸੇ ਨੂੰ ਦੱਸਦੇ ਈ ਨਹੀਂ ਕਿ ਕੁੜੀ ਵਾਪਸ ਆ ਗਈ ਆ, ਜੇ ਕੋਈ ਪੁੱਛੇ ਤਾਂ ਕਹਿ ਦੇਵਾਂਗੇ ਕਿ ਮੁੰਡਾ-ਕੁੜੀ ਅਮਰੀਕਾ ਸੈੱਟਲ ਹੋਣ ਚਲੇ ਗਏ ਨੇ।"

"ਦੇਖ, ਹੁਣ ਤੂੰ ਜਿੱਦਾਂ ਮਰਜ਼ੀ ਕਰ ਤੇ ਸੋਚ, ਮੈਂ ਜੋ ਕੁਝ ਕਰ ਸਕਦਾ ਸੀ ਕਰ ਦਿਤਾ ਏ।"

"ਕੁੰਦਨ, ਮੈਂ ਹੁਣ ਏਸ ਚੁੜੇਲ ਦਾ ਮੂੰਹ ਨਹੀਂ ਦੇਖਣਾ!"

"ਮਨਜੀਤ ਕੁਰੇ, ਗਲਤੀ ਉਹਦੀ ਨਹੀਂ, ਆਪਣੀ ਏਂ, ਉਹਨੇ ਤਾਂ ਕਹਿ ਦਿਤਾ ਸੀ ਕਿ ਵਿਆਹ ਨਹੀਂ ਕਰਾਉਣਾਂ ਪਰ ਆਪਾਂ ਹੀ ਨਹੀਂ ਹਟੇ, ...ਸਾਨੂੰ ਪਤਾ ਵੀ ਸੀ ਕਿ ਨਤੀਜਾ ਇਹੋ ਹੋਵੇਗਾ।"

"ਕੁਝ ਵੀ ਹੋਵੇ ਮੈਂ ਉਹਨੂੰ ਹੁਣ ਘਰ ਵੀ ਨਹੀਂ ਵੜ੍ਹਨ ਦੇਣਾਂ, ਉਹਦਾ ਫੋਨ ਆਵੇ ਸਹੀ ਜ਼ਰਾ, ਮਜ਼ਾ ਨਾ ਚਿਖਾਇਆ ਤਾਂ ਮੈਨੂੰ ਕਿਹਨੇ ਕਹਿਣਾ! ...ਇਹ ਸਾਰੇ ਤੇਰੇ ਲਾਡ ਕਰਕੇ ਈ ਹੋਇਐ।"

ਮਨਜੀਤ ਕੋਰ ਇਕ ਵਾਰ ਫਿਰ ਸਾਰਾ ਇਲਜ਼ਾਮ ਕੁੰਦਨ ਦੇ ਸਿਰ ਮੜ੍ਹਨ ਲੱਗੀ। ਕੁੰਦਨ ਚੁੱਪ ਰਿਹਾ। ਉਹ ਸੋਚ ਰਿਹਾ ਸੀ ਕਿ ਪਾਇਲ ਤੋਂ ਬਿਨਾਂ ਜ਼ਿੰਦਗੀ ਵਿੱਚ ਹੋਰ ਬਹੁਤ ਜ਼ਰੂਰੀ ਕੰਮ ਕਰਨ ਵਾਲੇ ਪਏ ਹਨ। ਉਸ ਨੇ ਡਾਕਟਰੇਟ ਦੀ ਡਿਗਰੀ ਕਰਨੀ ਸੀ। ਇਸ ਵਾਰ ਦੇ ਮਾਂ-ਬੋਲੀ ਮਹਿਕਮੇ ਦੇ ਇਨਾਮ ਲੈਣ ਲਈ ਹੱਥ ਪੈਰ ਮਾਰਨੇ ਸਨ। ਉਸ ਨੂੰ ਪਤਾ ਸੀ ਕਿ ਉਸ ਤੋਂ ਬਿਨਾਂ ਕੋਈ ਇਸ ਦਾ ਹੱਕਦਾਰ ਵੀ ਨਹੀਂ ਹੈ। ਉਹ ਆਪਣੀ ਨੌਕਰੀ ਵੱਲ ਵੀ ਧਿਆਨ ਦੇਣਾ ਚਾਹੁੰਦਾ ਸੀ। ਹੁਣ ਪਾਇਲ ਉਪਰ ਉਹ ਹੋਰ ਵਕਤ ਨਹੀਂ ਸੀ ਖਰਾਬ ਕਰ ਸਕਦਾ।

ਪਾਇਲ ਨੇ ਦੋ ਕੁ ਵਾਰ ਫੋਨ ਕੀਤਾ। ਮਨਜੀਤ ਨੇ ਹੀ ਚੁੱਕਿਆ ਪਰ ਉਸ ਨੇ ਗਾਲ੍ਹਾਂ ਕੱਢਦੀ ਨੇ ਫੋਨ ਕੱਟ ਦਿਤਾ। ਕੁੰਦਨ ਨਾਲ ਪਾਇਲ ਦੀ ਕੋਈ ਗੱਲ ਹੀ ਨਾ ਹੋਈ। ਕਾਫੀ ਦੇਰ ਬਾਅਦ ਕੁੰਦਨ ਨੂੰ ਪਾਇਲ ਦਾ ਕੰਮ ਉਪਰ ਫੋਨ ਆਇਆ। ਪਾਇਲ ਕਹਿਣ ਲੱਗੀ,

"ਡੈਡ, ਮੈਂ ਬਾਰਕਿੰਗ ਕੌਂਸਲ ਵਿੱਚ ਜੌਬ ਲੱਭਣ ਦੀ ਟਰਾਈ ਕਰ ਰਹੀ ਆਂ, ਤੁਸੀਂ ਰਾਜਾ ਰਾਮ ਅੰਕਲ ਨੂੰ ਕਹਿ ਕੇ ਕੋਈ ਹੈੱਲਪ ਕਰ ਦਿਓ।"

ਪਾਇਲ ਦੀ ਆਵਾਜ਼ ਸੁਣਦਿਆਂ ਇਕ ਵਾਰ ਤਾਂ ਉਸ ਨੂੰ ਗੁੱਸਾ ਆਇਆ ਪਰ ਜਦ ਉਸ ਨੇ ਨੌਕਰੀ ਲੱਭਣ ਦੀ ਗੱਲ ਕੀਤੀ ਤਾਂ ਉਸ ਨੂੰ ਜ਼ਰਾ ਕੁ ਢਿੱਲਾ ਪੈ ਗਿਆ। ਉਸ ਨੇ ਪੁੱਛਿਆ,

"ਕੀ ਜੌਬ ਏ?"

"ਕਲੈਰੀਕਲ ਜੌਬ ਏ, ਮੇਰੇ ਲਈ ਕਾਫੀ ਏ, ਪਰੋਮੋਸ਼ਨ ਦੇ ਵੀ ਚਾਂਸ ਨੇ।"

"ਲਗਦਾ ਏ ਪਾਇਲ ਤੈਨੂੰ ਅਕਲ ਆ ਚੱਲੀ ਏ।"

ਕੁੰਦਨ ਨੇ ਹੱਸਦਿਆਂ ਕਿਹਾ। ਪਾਇਲ ਬੋਲੀ,

"ਡੈਡ, ਯੂ ਨੋਅ ਮੀ!"

"ਕਿਸੇ ਦਿਨ ਘਰ ਆ ਜਾ।"

"ਨੋ ਵੇਅ ਡੈਡ, ਮੰਮ ਮੈਨੂੰ ਬਹੁਤ ਗਾਲ੍ਹਾਂ ਦਿੰਦੀ ਆ।"

"ਕੀ ਕਹਿੰਦੀ ਏ?"

"ਕੁੱਤੀ, ਹਰਾਮਦੀ, ਰੰਡੀ, ਪਤਾ ਨਹੀਂ ਹੋਰ ਕੀ ਕੀ!"

ਆਖਦੀ ਪਾਇਲ ਹੱਸਣ ਲੱਗੀ। ਉਸ ਨਾਲ ਗੱਲ ਕਰਨ ਤੋਂ ਬਾਅਦ ਕੁੰਦਨ ਨੇ ਇਕ ਦਮ ਰਾਜਾ ਰਾਮ ਨੂੰ ਫੋਨ ਕਰ ਲਿਆ। ਰਾਜਾ ਰਾਮ ਨੂੰ ਪਹਿਲਾਂ ਤਾਂ ਦੱਸਿਆ ਹੋਇਆ ਸੀ ਕਿ ਪਾਇਲ ਅਮਰੀਕਾ ਚਲੇ ਗਈ ਹੈ ਪਰ ਹੁਣ ਸੱਚ ਦੱਸਣਾ ਪਿਆ। ਰਾਜਾ ਰਾਮ ਦੀ ਉਸ ਇਲਾਕੇ ਵਿੱਚ ਕਾਫੀ ਵਾਕਫੀ ਸੀ। ਕੁੰਦਨ ਸਿੰਘ ਨੂੰ ਯਕੀਨ ਸੀ ਕਿ ਕੌਂਸਲ ਵਿੱਚ ਉਸ ਦਾ ਕੋਈ ਨਾ ਕੋਈ ਹੋਰ ਵਾਕਫ ਵੀ ਨਿਕਲ ਆਵੇਗਾ। ਉਹ ਚਾਹੁੰਦਾ ਸੀ ਕਿ ਪਾਇਲ ਨੂੰ ਜਲਦ ਤੋਂ ਜਲਦ ਨੌਕਰੀ ਮਿਲ ਜਾਵੇ ਤਾਂ ਜੋ ਉਹ ਆਪਣੇ ਪੈਰਾਂ 'ਤੇ ਖੜ੍ਹੀ ਹੋ ਸਕੇ।...

ਉਸ ਨੇ ਆਪਣੇ ਪੀ ਐਚ. ਡੀ. ਦੇ ਥੀਸਸ ਵਾਲੀ ਫਾਈਲ ਦੁਬਾਰਾ ਤਿਆਰ ਕੀਤੀ। ਸਾਰੀ ਫਾਈਲ ਫੋਟੋ ਕਾਪੀ ਵੀ ਕਰ ਲਈ। ਆਪਣਾ ਸਾਰਾ ਕੰਮ ਲੈ ਕੇ ਉਹ ਬਨਫੂਲ ਨੂੰ ਮਿਲਣ ਗਿਆ। ਬਨਫੂਲ ਨੇ ਉਸ ਦੀ ਫਾਈਲ ਦੇਖਦਿਆਂ ਕਿਹਾ,

"ਵਾਕਿਆ ਬਈ ਤੂੰ ਬਹੁਤ ਮਿਹਨਤੀ ਐਂ, ਮੈਂ ਤਾਂ ਪਹਿਲਾਂ ਈ ਕਹਿੰਦਾ ਹੁੰਦਾ ਸੀ ਬਈ ਕੁੰਦਨ ਜਿੰਨੀ ਮਿਹਨਤ ਹਰ ਕੋਈ ਨਹੀਂ ਕਰ ਸਕਦਾ।"

"ਭਾਊ ਬਨਫੂਲ, ਇਕੱਲੀ ਮਿਹਨਤ ਨਹੀਂ ਐਸ ਸਿਰ ਵਿੱਚ ਵੀ ਕੁਝ ਹੋਣਾ ਚਾਹੀਦਾ, ਬਾਬੇ ਰਾਮ ਦਾਸ ਨੇ ਇਹ ਸਿਰ ਵਰਤਣ ਲਈ ਦਿਤਾ ਏ, ਮੈਂ ਏਹਨੂੰ ਵਰਤਦਾਂ, ਹੁਣ ਤੂੰ ਦੱਸ ਭਲਾ ਇੰਗਲੈਂਡ ਦੇ ਕਿੰਨੇ ਕੁ ਲੇਖਕਾਂ ਨੂੰ ਪਤਾ ਏ ਕਿ ਡਾਇਲੈਕਟੀਕਲ ਮੈਟੀਰੀਅਲਿਜ਼ਮ ਕੀ ਹੁੰਦਾ ਏ, ਇਹ ਕਾਹਦੇ ਨਾਲ਼ ਖਾਈਦਾ ਏ! ...ਇੰਗਲੈਂਡ ਦੇ ਲੇਖਕਾਂ ਨੂੰ ਛੱਡ ਇੰਡੀਆ ਦੇ ਵੀ ਕਿੰਨੇ ਕੁ ਲੇਖਕਾਂ ਨੂੰ ਇਸ ਦਾ ਪਤਾ ਏ, ਹੋਰ ਤਾਂ ਹੋਰ, ਮੇਰੇ ਗਾਈਡ ਡਾਟਕਰ ਮੋਹਿਰੋਕ ਨੂੰ ਵੀ ਨਹੀਂ ਪਤਾ।"

"ਫੇਰ ਤੂੰ ਓਹਨੂੰ ਗਾਈਡ ਕਿਉਂ ਬਣਾਇਆ?"

"ਉਹ ਤਾਂ ਨਾਂ ਦਾ ਈ ਗਾਈਡ ਏ, ਕੰਮ ਤਾਂ ਸਾਰਾ ਮੈਂ ਕੀਤਾ ਹੋਇਆ ਏ, ਉਹਨੂੰ ਤਾਂ ਏਹਦੀ ਸਮਝ ਵੀ ਨਹੀਂ ਆਉਣੀ, ਮੈਨੂੰ ਕਹਿੰਦਾ ਕਿ ਡਾਇਲੈਕਟੀਕਲ ਮੈਟੀਅਲਿਜ਼ਮ ਦਾ ਪੰਜਾਬੀ ਸ਼ਬਦ ਲਿਖ, ਮੈਂ ਕਿਹਾ ਦਵੰਦਾਤਮਿਕ-ਪਦਾਰਥਵਾਦ, ਕਹਿੰਦਾ ਇਹ ਕੀ ਹੋਇਆ!"

ਦੱਸਦਾ ਕੁੰਦਨ ਹੱਸਣ ਲੱਗਿਆ। ਬਨਫੂਲ ਉਸ ਦੇ ਕੰਮ ਦੀ ਤਾਰੀਫ ਕਰਦਾ ਜਾ ਰਿਹਾ ਸੀ। ਉਸ ਨੂੰ ਪਤਾ ਸੀ ਇਸ ਵੇਲੇ ਕੁੰਦਨ ਇਸੇ ਕੰਮ ਹੀ ਉਸ ਕੋਲ ਆਇਆ ਹੋਵੇਗਾ। ਕੁਝ ਦੇਰ ਬਾਅਦ ਕੁੰਦਨ ਪੁੱਛਣ ਲੱਗਿਆ,

"ਤੇਰੇ ਦਵਿੰਦਰ ਸਿੰਘ ਦਾ ਕੀ ਹਾਲ ਏ?"

"ਉਹਦਾ ਹਾਲ ਠੀਕ ਏ, ਤੈਨੂੰ ਪਤਾ ਏ ਕਿ ਉਹ ਸਿਆਸਤਦਾਨ ਏ, ਹਰ ਗੱਲ ਵਿੱਚ ਸਿਆਸਤ ਕਰਨ ਲੱਗਦਾ ਏ।"

"ਮੇਰੇ ਉਹ ਕਿੰਨਾ ਕੁ ਖਿਲਾਫ ਏ? ਮਤਲਬ ਹਾਲੇ ਵੀ ਮੇਰੇ ਤੋਂ ਔਖਾ ਏ?"

"ਨਹੀਂ ਔਖਾ ਕੀ ਹੋਣਾਂ! ...ਕਦੇ ਗੱਲ ਨਹੀਂ ਹੋਈ, ਨਾਲ਼ੇ ਹੁਣ ਤੂੰ ਬਹੁਤ ਅੱਗੇ ਨਿਕਲ ਗਿਆ ਏਂ, ਪਿਛਲੇ ਪੰਜ ਸਾਲ ਵਿੱਚ ਤੂੰ ਬਹੁਤ ਤਰੱਕੀ ਕੀਤੀ ਏ, ਆਪਣਾ ਨਾਂ ਚੰਗੀ ਤਰ੍ਹਾਂ ਇਸਟੈਬਲਿਸ਼ ਕੀਤਾ ਏ, ਉਹ ਤਾਂ ਓਸ ਵੇਲੇ ਦੀਆਂ ਟੈਮਪਰੇਰੀ ਜਿਹੀਆਂ ਗੱਲਾਂ ਸਨ।"

"ਫੇਰ ਮੇਰਾ ਇਕ ਕੰਮ ਕਰਾ ਉਹਦੇ ਤੋਂ।"

"ਦੱਸ।"

"ਐਤਕੀਂ ਦਾ ਮਾਂ-ਬੋਲੀ ਮਹਿਕਮੇ ਦਾ ਇਨਾਮ ਮੈਨੂੰ ਮਿਲਣਾ ਚਾਹੀਦਾ, ਪੂਰੇ ਇੰਗਲੈਂਡ ਕੀ, ਇੰਡੀਆ ਤੋਂ ਬਾਹਰ ਪੂਰੀ ਦੁਨੀਆਂ ਵਿੱਚ ਮੇਰੇ ਬਰਾਬਰ ਕੋਈ ਲੇਖਕ ਹੈ ਨਹੀਂ। ਦੇਵਿੰਦਰ ਸਿੰਘ ਦੀ ਮਾਂ-ਬੋਲੀ ਮਹਿਕਮੇ ਵਿੱਚ ਵੀ ਵਾਕਫੀ ਏ, ਉਹ ਮੇਰੀ ਮੱਦਦ ਕਰ ਸਕਦਾ ਏ ਜੇ ਚਾਹੇ ਤਾਂ।"

"ਏਨੀ ਗੱਲ ਤਾਂ ਮੈਂ ਉਹਦੇ ਨਾਲ਼ ਕਰ ਲਵਾਂਗਾ ਤੇ ਉਹ ਮੰਨ ਵੀ ਜਾਵੇਗਾ।"

"ਫੇਰ ਠੀਕ ਏ। ਵੈਸੇ ਬਨਫੂਲ, ਮੈਂ ਐਤਕੀਂ ਇਹ ਇਨਾਮ ਲੈਣਾ ਈ ਲੈਣਾਂ, ਮੈਂ ਚੱਲਿਆਂ ਇੰਡੀਆ ਇਸੇ ਕੰਮ।"

"ਯਾਰ ਕੁੰਦਨ, ਤੂੰ ਐਵੇਂ ਵਾਧੂ ਖਫਾ ਨਹੀਂ ਹੋਈ ਜਾ ਰਿਹਾ? ...ਪੰਜ ਹਜ਼ਾਰ ਦਾ ਇਨਾਮ ਤੇਰਾ ਕੀ ਸੌਰ ਦੇਊ?"

"ਇਹ ਪਹਿਲੀ ਪੌੜੀ ਏ, ਕੋਈ ਵੀ ਇਨਾਮ ਮੇਰੇ ਲਈ ਪਹਿਲੀ ਪੌੜੀ ਏ, ਅਸਲ ਵਿੱਚ ਮੈਂ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਚਾਹੁੰਨਾ, ਮੈਂ ਇਕ ਬਹੁਤ ਵੱਡਾ ਨਾਵਲ ਲਿਖਣ ਜਾ ਰਿਹਾਂ, ਉਹਦੇ ਮੂਹਰੇ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਵੀ ਛੋਟਾ ਪੈ ਜਾਵੇਗਾ, ਇਹ ਨਾਵਲ ਮੈਨੂੰ ਨੋਬਲ ਪਰਾਈਜ਼ ਵੀ ਦਵਾ ਸਕਦਾ, ਕੋਈ ਵੱਡੀ ਗੱਲ ਨਹੀਂ। ਦੇਖੀ ਚੱਲ ਤੇਰਾ ਭਾਊ ਕੀ ਰੰਗ ਦਿਖਾਉਂਦਾ!"

ਕੁੰਦਨ ਚਮਕਦੀਆਂ ਅੱਖਾਂ ਨਾਲ ਬੋਲ ਰਿਹਾ ਸੀ। ਬਨਫੂਲ ਬੋਰ ਹੋਣ ਲੱਗ ਪਿਆ ਪਰ ਉਸ ਨੇ ਕੁੰਦਨ ਨੂੰ ਟੋਕਿਆ ਨਾ। ਕੁੰਦਨ ਆਪ ਹੀ ਦੱਸਣ ਲੱਗਿਆ,

"ਇਹ ਨਾਵਲ ਹੋਏਗਾ ਸਾਡੀ ਇਥੇ ਸੈੱਟਲ ਹੋਣ ਦੀ, ਸਾਡੇ ਸਾਰੇ ਸੰਘਰਸ਼ ਕਰਨ ਦੀ ਕਹਾਣੀ ਜਿਹੜੀ ਪਹਿਲਾਂ ਕਦੇ ਲਿਖੀ ਨਹੀਂ ਗਈ। ਮੈਂ ਏਸ ਨਾਵਲ ਵਿੱਚ ਆਪਣੇ ਸਾਰੇ ਵਿਰੋਧੀ ਪੂਛੋਂ ਫੜ ਕੇ ਘੜੀਸਣੇ ਆਂ।"

"ਫੇਰ ਤਾਂ ਮੇਰਾ ਨੰਬਰ ਵੀ ਲਾਵੇਂਗਾ?"

"ਤੂੰ ਤੇ ਮੇਰਾ ਭਾਊ ਏਂ!"

ਆਖਦਾ ਕੁੰਦਨ ਹੱਸਣ ਲੱਗਿਆ।

ਉਸ ਨੇ ਹੋਰਨਾਂ ਕੁਝ ਦੋਸਤਾਂ ਨੂੰ ਫੋਨ ਕਰਕੇ ਆਪਣੇ ਥੀਸਸ ਬਾਰੇ ਵੀ ਦੱਸਿਆ ਤੇ ਇੰਡੀਆ ਜਾਣ ਬਾਰੇ ਵੀ। ਰੇਸ਼ਮ ਸਮੁੰਦਰੀ ਕਈ ਵਾਰ ਗੱਲ ਮੂੰਹ 'ਤੇ ਕਹਿ ਜਾਇਆ ਕਰਦਾ ਸੀ, ਕੁੰਦਨ ਦੀਆਂ ਗੱਲਾਂ ਸੁਣ ਕੇ ਬੋਲਿਆ,

"ਕੁੰਦਨ ਸਿਆਂ, ਤੂੰ ਜਲਦੀ ਈ ਜ਼ੁਕਾਮ ਕਰਾ ਬਹਿਨਾਂ!"

"ਸਮੁੰਦਰੀ ਸਿਆਂ, ਜਿਹਦੇ ਵਿੱਚ ਰਾਗ ਹੋਏਗਾ ਉਹੀ ਬਾਂਸ ਬੋਲੇਗਾ, ਨਹੀਂ ਤਾਂ ਜੰਗਲ ਤਾਂ ਸਾਰਾ ਬਾਸਾਂ ਨਾਲ ਭਰਿਆ ਪਿਆ।"

"ਚੰਗਾ ਬਈ ਗੁੱਡ ਲੱਕ!"

ਕਹਿੰਦਿਆਂ ਸਮੁੰਦਰੀ ਨੇ ਗੱਲ ਮੁਕਾ ਦਿਤੀ।...

ਇੰਡੀਆ ਜਾ ਕੇ ਉਸ ਨੇ ਆਪਣੀ ਤੁਫਾਨੀ ਫੇਰੀ ਨਾਲ ਸਾਹਿਤਕ ਹਲਕਿਆਂ ਵਿੱਚ ਹਲਚਲ ਮਚਾਉਣੀ ਸ਼ੁਰੂ ਕਰ ਦਿਤੀ। ਪੰਜਾਬ ਦੇ ਹਾਲਾਤ ਹਾਲੇ ਵੀ ਖਰਾਬ ਹੀ ਸਨ ਪਰ ਉਸ ਨੇ ਆਪਣੀ ਕਾਰਵਾਈ ਜਾਰੀ ਰੱਖੀ। ਕਦੇ ਉਸ ਦਾ ਅੰਮ੍ਰਿਤਸਰ ਰੂਬਰੂ ਹੋ ਰਿਹਾ ਹੈ ਤੇ ਕਦੇ ਚੰਡੀਗੜ੍ਹ ਤੇ ਕਦੇ ਪਟਿਆਲੇ। ਕਦੇ ਜਲੰਧਰ ਤੇ ਕਦੇ ਹੁਸ਼ਿਆਰ ਪੁਰ। ਦਿੱਲੀ ਤਾਂ ਜਿਵੇਂ ਉਸ ਦਾ ਆਪਣਾ ਘਰ ਹੋਵੇ। ਉਸ ਨੂੰ ਪਤਾ ਸੀ ਕਿ ਕਿਹੜੇ ਕਿਹੜੇ ਬੰਦੇ ਪ੍ਰਭਾਵ ਰੱਖਦੇ ਹਨ, ਉਹ ਉਹਨਾਂ ਨੂੰ ਸਿੱਧਾ ਹੀ ਕਹਿ ਦਿੰਦਾ ਕਿ ਮਾਂ-ਬੋਲੀ ਮਹਿਕਮੇ ਵਾਲਾ ਇਨਾਮ ਉਸ ਨੂੰ ਚਾਹੀਦਾ ਹੈ। ਗੱਲ ਨੂੰ ਘੁਮਾ ਕੇ ਕਰਨ ਦੀ ਉਸ ਦੀ ਆਦਤ ਹੀ ਨਹੀਂ ਸੀ। ਬਹੁਤੇ ਲੋਕ ਤਾਂ ਸਮਝਦੇ ਹੀ ਸਨ ਕਿ ਮਾਂ-ਬੋਲੀ ਦੇ ਮਹਿਕਮੇ ਵਾਲੇ ਇਕ ਇਨਾਮ ਵਿਦੇਸ਼ੀ ਲੇਖਕ ਨੂੰ ਦਿੰਦੇ ਹਨ ਤੇ ਕੁੰਦਨ ਦਾ ਇਸ ਇਨਾਮ 'ਤੇ ਹੱਕ ਬਣਦਾ ਹੀ ਹੈ ਪਰ ਉਸ ਦੀ ਇਵੇਂ ਪਹੁੰਚ ਕਰਨ ਦੇ ਤਰੀਕੇ ਨੂੰ ਕੋਈ ਪਸੰਦ ਨਹੀਂ ਸੀ ਕਰਦਾ। ਜਦ ਉਸ ਨੂੰ ਪਤਾ ਚੱਲਿਆ ਕਿ ਮਾਂ-ਬੋਲੀ ਮਹਿਕਮੇ ਉਪਰ ਪਟਿਆਲੇ ਦੇ ਪਰੋਫੈਸਰਾਂ ਤੇ ਡਾਕਟਰਾਂ ਗਲਬਾ ਹੈ ਤਾਂ ਉਸ ਨੇ ਪਟਿਆਲੇ ਆ ਕੇ ਡੇਰੇ ਲਾ ਲਏ। ਇਨਾਮ ਦੇਣ ਵਾਲੀ ਕਮੇਟੀ ਦੇ ਮੈਂਬਰਾਂ ਬਾਰੇ ਪਤਾ ਕਰਕੇ ਉਸ ਨੇ ਇਕੱਲੇ ਇਕੱਲੇ ਤਕ ਪਹੁੰਚ ਕੀਤੀ। ਅਖੀਰ ਉਹ ਕਾਮਯਾਬ ਹੋ ਗਿਆ। ਇਨਾਮ ਲਈ ਉਸ ਦੇ ਨਾਂ ਦੀ ਘੋਸ਼ਣਾ ਕਰ ਦਿਤੀ ਗਈ। ਉਸ ਨੇ ਇਕ ਘੋਲ਼ ਜਿੱਤ ਲਿਆ। ਉਹ ਬਹੁਤ ਖੁਸ਼ ਸੀ ਪਰ ਇਕ ਗੱਲ ਦੀ ਕਸਰ ਰਹਿ ਗਈ ਸੀ। ਡਾਕਟਰ ਮਹਿਰੋਕ ਨੂੰ ਉਸ ਦਾ ਤਿਆਰ ਕੀਤਾ ਥੀਸਸ ਹਾਲੇ ਵੀ ਪਸੰਦ ਨਹੀਂ ਸੀ ਆ ਰਿਹਾ। ਦੂਜੀ ਗੱਲ ਕਿ ਪੀ ਐਚ. ਡੀ. ਨੂੰ ਤਿੰਨ ਸਾਲ ਲਗਣੇ ਹੀ ਲਗਣੇ ਸਨ। ਉਸ ਨੇ ਦਿੱਲੀ ਆ ਕੇ ਇਨਾਮ ਮਿਲਣ ਦੀ ਖੁਸ਼ੀ ਵਿਚ ਸਾਰੇ ਦੋਸਤਾਂ ਨੂੰ ਪਾਰਟੀ ਕੀਤੀ। ਉਥੇ ਹੀ ਡਾਕਟਰੇਟ ਨੂੰ ਵਕਤ ਲੱਗਣ ਵਾਲਾ ਦੁੱਖ ਵੀ ਡਾਕਟਰ ਰੌਸ਼ਨ ਨਾਲ ਸਾਂਝਾ ਕੀਤਾ। ਰੌਸ਼ਨ ਬੋਲਿਆ,

"ਤਿੰਨ ਸਾਲ ਦਾ ਵਕਤ ਤਾਂ ਏਹਦੀ ਮੁਢਲੀ ਸ਼ਰਤ ਐ।"

"ਯਾਰ, ਮੈਂ ਕੰਮ ਤਾਂ ਸਾਰਾ ਕਰੀ ਬੈਠਾਂ।"

"ਉਹਦੇ ਨਾਲ ਕੋਈ ਫਰਕ ਨਹੀਂ ਪੈਂਦਾ।"

"ਤੈਨੂੰ ਦੱਸਾਂ, ਏਹ ਮਹਿਰੋਕ ਗਰੰਥੀ ਜਿਹਾ ਬੰਦਾ ਏ, ਏਹਨੂੰ ਮੇਰੇ ਥੀਸਸ ਦੀ ਸਮਝ ਵੀ ਹੈ ਨਹੀਂ, ਮੈਂ ਗਾਈਡ ਨਾ ਬਦਲ ਲਵਾਂ?"

"ਨਹੀਂ, ਚਲਦੀ ਡਿਗਰੀ ਵਿੱਚ ਗਾਈਡ ਨਹੀਂ ਬਦਲੀਦਾ, ਇਹ ਬਹੁਤ ਕੰਪਲੀਕੇਟਿਡ ਹੁੰਦਾ ਏ, ਤੈਨੂੰ ਪਹਿਲਾਂ ਕਿਹਾ ਸੀ ਕਿ ਏਹਨੂੰ ਗਾਈਡ ਨਾ ਚੁਣ ਪਰ ਹੁਣ ਰਹਿਣ ਦੇ।"

ਇਕ ਦਿਨ ਨਸ਼ੇ ਵਿੱਚ ਆਇਆ ਕੁੰਦਨ ਕਹਿਣ ਲੱਗਿਆ,

"ਯਾਰ ਡਾਕਟਰ ਰੌਸ਼ਨ, ਸੱਚ ਗੱਲ ਇਹ ਵੇ ਕਿ ਮੇਰਾ ਦਿਲ ਕਰਦਾ ਕਿ ਮੈਂ ਜਲਦੀ ਤੋਂ ਜਲਦੀ ਡਾਕਟਰ ਕੁੰਦਨ ਸਿੰਘ ਕੁੰਦਨ ਬਣ ਜਾਵਾਂ।"

"ਬਣ ਜਾਵੇਂਗਾ, ਇਕ ਦਿਨ ਬਣ ਜਾਵੇਂਗਾ, ਤੇਰੇ ਵਿੱਚ ਕੂਵਤ ਤਾਂ ਹੈ ਈ, ਫਿਰ ਫਿਕਰ ਕਾਹਦਾ!"

"ਫਿਕਰ ਨਹੀਂ ਬਸ ਕਾਹਲ਼ ਏ, ਨਾਂ ਨਾਲ ਡਾਕਟਰ ਜੁੜਿਆ ਦੇਖਣ ਦੀ, ...ਜਿੱਦਣ ਮੈਂ ਡਾਕਟਰ ਬਣ ਗਿਆ, ਮੈਂ ਹਰ ਸਾਲ਼ੇ ਬੈਹੜਿਆਂ ਦੇ ਨੂੰ ਕਹਿ ਦੇਣਾਂ ਕਿ ਮੈਨੂੰ ਡਾਕਟਰ ਕੁੰਦਨ ਕਹਿ ਕੇ ਬੁਲਾਓ ਨਹੀਂ ਤਾਂ ਨਾ ਬੁਲਾਓ।"

ਰੌਸ਼ਨ ਉਸ ਦੀ ਗੱਲ ਤੋਂ ਹੱਸਣ ਲੱਗਿਆ। ਉਸ ਨੂੰ ਪਤਾ ਸੀ ਕਿ ਹਰ ਪੀ ਐਚ. ਡੀ. ਕਰਨ ਵਾਲੇ ਦੇ ਮਨ ਵਿੱਚ ਇਹ ਕਾਹਲ ਹੁੰਦੀ ਹੀ ਹੈ।...

ਕੁੰਦਨ ਵਾਪਸ ਇੰਗਲੈਂਡ ਪੁੱਜ ਗਿਆ। ਜਿਵੇਂ ਉਸ ਨੂੰ ਆਸ ਸੀ ਕਿ ਇਨਾਮ ਮਿਲਣ 'ਤੇ ਵਧਾਈਆਂ ਦੇ ਫੋਨ ਆਉਣੇ ਸ਼ੁਰੂ ਹੋ ਜਾਣਗੇ, ਅਜਿਹਾ ਕੁਝ ਵੀ ਨਹੀਂ ਹੋਇਆ। ਉਹ ਆਪ ਕਿਸੇ ਨੂੰ ਫੋਨ ਕਰਦਾ ਤਾਂ ਅਗਲਾ ਵਧਾਈ ਦੇ ਦਿੰਦਾ। ਕਈ ਦੋਸਤ ਤਾਂ ਇਸ ਇਨਾਮ ਬਾਰੇ ਬਹੁਤ ਛੁਟਿਆ ਕੇ ਗੱਲ ਕਰਨ ਲੱਗਦੇ। ਕਈ ਤਾਂ ਇਨਾਮੇ ਦੇ ਮਾਮਲੇ ਵਿੱਚ ਹੁੰਦੀਆਂ ਧਾਂਦਲੀਆਂ ਬਾਰੇ ਵੀ ਗੱਲਾਂ ਕਰਦੇ। ਉਸ ਦਾ ਮਨ ਖਰਾਬ ਹੋ ਜਾਂਦਾ। ਉਸ ਨੂੰ ਪਤਾ ਸੀ ਕਿ ਇਹ ਸਾਰੇ ਲੋਕ ਉਸ ਨਾਲ ਈਰਖਾ ਕਰ ਰਹੇ ਹਨ। ਸਭ ਨੂੰ ਪਤਾ ਸੀ ਕਿ ਕੁੰਦਨ ਇਨਾਮ ਲੈਣ ਲਈ ਹੀ ਇੰਨੇ ਦਿਨਾਂ ਦਾ ਇੰਡੀਆ ਡੇਰੇ ਲਾਈ ਬੈਠਾ ਸੀ। ਕੁੰਦਨ ਦੇ ਇਨਾਮ ਬਾਰੇ ਲੋਕ ਕੀ ਤੇ ਕਿਵੇਂ ਸੋਚਦੇ ਸਨ ਉਸ ਨੂੰ ਇਸ ਦੀ ਪ੍ਰਵਾਹ ਨਹੀਂ ਸੀ, ਉਹ ਇਸ ਵਲੇ ਇਨਾਮ-ਯਾਫਤਾ ਲੇਖਕ ਸੀ। ਉਸ ਨੇ ਆਉਂਦਿਆਂ ਹੀ ਸਾਹਿਤਕ ਪਰੋਗਰਾਮ ਕਰਾਉਣ ਦੀ ਤਿਆਰੀ ਅਰੰਭ ਦਿਤੀ। ਉਸੇ ਗੁਰਦਵਾਰੀਏ ਜਗਬੀਰ ਸਿੰਘ ਨੂੰ ਫਿਰ ਆਪਣੇ ਨਾਲ ਰਲ਼ਾਇਆ। ਇੰਗਲੈਂਡ ਭਰ ਦੇ ਲੇਖਕ ਇਕੱਠੇ ਕੀਤੇ। ਉਸ ਨੇ ਦਵੰਦਵਾਦੀ-ਪਦਾਰਥਵਾਦੀ ਸਮੀਖਿਆ ਦੇ ਨਾਂ ਹੇਠ ਪਰਚਾ ਲਿਖਿਆ ਹੋਇਆ ਸੀ। ਉਸ ਨੇ ਪਰੋਗਰਾਮ ਤੋਂ ਪਹਿਲਾਂ ਇਹ ਪਰਚਾ ਸਾਰੇ ਲੇਖਕਾਂ ਨੂੰ ਭੇਜ ਦਿਤਾ ਸੀ ਤਾਂ ਜੋ ਪਰੋਗਰਾਮ ਵਾਲੇ ਦਿਨ ਪਰਚੇ ਉਪਰ ਕਿੰਤੂ-ਪ੍ਰੰਤੂ ਹੋ ਸਕਣ। ਇਕ ਦਿਨ ਉਸ ਨੇ ਬਨਫੂਲ ਨੂੰ ਫੋਨ ਕੀਤਾ ਤੇ ਪੁੱਛਿਆ,

"ਭਾਊ, ਪਰਚਾ ਮਿਲ਼ ਗਿਆ?"

"ਹਾਂ ਬਈ ਕੁੰਦਨ, ਮਿਲ਼ ਗਿਆ ਤੇ ਪੜ੍ਹ ਵੀ ਲਿਆ।"

"ਕਿੱਤਰਾਂ ਦਾ ਲੱਗਿਆ?"

"ਵਧੀਆ, ਖੋਜ ਭਰਪੂਰ ਐ।"

"ਕੋਈ ਊਣ ਲੱਗੀ ਹੋਵੇ!"

"ਇਕ ਤਾਂ ਤੇਰੀ ਬੋਲੀ ਬਹੁਤ ਔਖੀ ਐ, ਕਈ ਲਫਜ਼ ਆਮ ਬੰਦੇ ਨੂੰ ਸਮਝ ਨਹੀਂ ਲੱਗਣੇ।"

"ਬਨਫੂਲ, ਮੈਂ ਪਹਿਲਾਂ ਵੀ ਕਿਹਾ ਸੀ ਕਿ ਅਲੋਚਨਾ ਦੀ ਬੋਲੀ ਏ। ਕ੍ਰੀਏਟਿਵ ਸਾਹਿਤ ਦੀ ਹੋਰ ਬੋਲੀ ਹੁੰਦੀ ਏ ਤੇ ਕ੍ਰਿਟੀਸਿਜ਼ਮ ਦੀ ਹੋਰ। ਹੁਣ ਡਾਇਲੈਕਟੀ ਮਟੀਅਰਲਿਜ਼ਮ ਨੂੰ ਪੰਜਾਬੀ ਵਿੱਚ ਕੀ ਕਹੇਂਗਾ?"

"ਇਹੋ ਲਫਜ਼ ਨਹੀਂ, ਹੋਰ ਵੀ ਕਈ ਆ।"

"ਗੱਲ ਦੀ ਸੈਂਸ ਬਣਦੀ ਏ ਨਾ?"

"ਸੈਂਸ ਤਾਂ ਬਣਦੀ ਐ, ਬਿਲਕੁਲ ਬਣਦੀ ਐ, ਹੁਣ ਬਾਕੀ ਦੇ ਲੇਖਕ ਪਤਾ ਨਹੀਂ ਕਿਵੇਂ ਸੋਚਦੇ ਹੋਣਗੇ!"

"ਬਾਕੀ ਦਿਆਂ ਨੇ ਕੀ ਸੋਚਣਾ ਏਂ, ਕਿਸੇ ਦੇ ਪੱਲੇ ਹੈ ਈ ਕੀ, ਮੈਂ ਤਾਂ ਤਿਆਰੀ ਈ ਏਨੀ ਕੀਤੀ ਹੋਈ ਏ ਕਿ ਕੋਈ ਬੋਲੇਗਾ ਤਾਂ ਮੈਂ ਰੋਲ਼ ਕੇ ਰੱਖ ਦੇਵਾਂਗਾ।"

ਕੁੰਦਨ ਨੇ ਕਚੀਚੀ ਵੱਟਦਿਆਂ ਕਿਹਾ। ਬਨਫੂਲ ਹੱਸਦਾ ਹੋਇਆ ਬੋਲਿਆ,

"ਤੂੰ ਡਾਕਟਰ ਬਣਦਾ ਫਿਰਦਾਂ ਐਂ ਜਾਂ ਡਿਕਟੇਟਰ?"

"ਡਾਕਟਰ ਦਾ ਕੰਮ ਡਿਕਟੇਟ ਕਰਨਾ ਈ ਹੁੰਦਾ ਏ!"

ਕੁੰਦਨ ਵੀ ਉਸ ਨਾਲ ਹੱਸਣ ਲਗਿਆ।

ਕੁੰਦਨ ਦੇ ਕਰਾਏ ਸਮਾਗਮ ਉਪਰ ਇਕ ਵਾਰ ਫਿਰ ਸਾਰੇ ਲੇਖਕ ਆ ਗਏ। ਖਾਲਿਸਤਾਨ ਦੀ ਲਹਿਰ ਨੇ ਪੰਜਾਬੀ ਲੇਖਕਾਂ ਵਿੱਚ ਕਈ ਕਿਸਮ ਦੀਆਂ ਦ੍ਰਾੜਾਂ ਪਾ ਦਿਤੀਆਂ ਸਨ। ਉਹਨਾਂ ਨੇ ਆਪਸ ਵਿੱਚ ਰਲ਼ ਕੇ ਬੈਠਣਾ ਛੱਡ ਦਿਤਾ ਹੋਇਆ ਸੀ ਪਰ ਅੰਦਰੋਂ ਅੰਦਰ ਸਮਾਗਮਾਂ ਦੀ

ਸਾਹਿਤਕ ਭੁੱਖ ਤਾਂ ਹੈ ਹੀ ਸੀ। ਭਾਵੇਂ ਕੁੰਦਨ ਦੇ ਕਰਾਏ ਪਰੋਗਰਾਮ ਦਾ ਭਾਵ ਉਸ ਦਾ ਛਾ ਜਾਣਾ ਹੁੰਦਾ ਪਰ ਫਿਰ ਵੀ ਲੇਖਕ ਆ ਜਾਂਦੇ। ਹੁਣ ਉਸ ਦੀ ਵਿਦਵਤਾ ਦੀ ਝੰਡੀ ਗੱਡੀ ਜਾ ਚੁੱਕੀ ਸੀ। ਉਸ ਦਾ ਕੰਮ ਦੇਖ ਕੇ ਹਰ ਲੇਖਕ ਚਾਹੁੰਦਾ ਸੀ ਕਿ ਕੁੰਦਨ ਉਸ ਦੀ ਕਿਤਾਬ ਉਪਰ ਪਰਚਾ ਲਿਖੇ ਪਰ ਕੁੰਦਨ ਇਸ ਮਾਮਲੇ ਵਿੱਚ ਆਕੜ ਦਿਖਾਉਣ ਲੱਗਿਆ ਸੀ।

ਹੁਣ ਕੁੰਦਨ ਇੰਗਲੈਂਡ ਦੇ ਲੇਖਕਾਂ ਨੂੰ ਆਪਣੇ ਸਾਹਮਣੇ ਹੋਰ ਵੀ ਨਿਖਿੱਧ ਸਮਝਣ ਲੱਗਿਆ ਸੀ। ਹਰ ਕਿਸੇ ਨਾਲ ਰੋਅਬ ਨਾਲ ਗੱਲ ਕਰਦਾ। ਫਿਰ ਵੀ ਇਕ ਅਜਿਹਾ ਸਖਸ਼ ਸੀ ਜਿਸ ਤੋਂ ਕੁੰਦਨ ਜ਼ਰਾ ਕੁ ਝਿਪਦਾ ਸੀ। ਉਹ ਸੀ ਲੂਟਨ ਵਾਲਾ ਚਤਰਥ ਸਿੰਘ। ਕਾਰਣ ਇਹ ਕਿ ਚਤਰਥ ਸਿੰਘ ਨੇ ਮਾਰਕਸਵਾਦ ਨੂੰ ਨਿੱਠ ਕੇ ਪੜ੍ਹਿਆ ਹੋਇਆ ਸੀ ਤੇ ਮਾਕਰਸਵਾਦੀ ਆਲੋਚਨਾ ਪ੍ਰਣਾਲੀ ਵੀ। ਉਸ ਨੇ ਇਸ ਨਜ਼ਰੀਏ ਤੋਂ ਕੁਝ ਲੇਖ ਲਿਖੇ ਵੀ ਸਨ। ਉਹ ਸੁਸਤ ਜਿਹਾ ਬੰਦਾ ਸੀ, ਬਹੁਤਾ ਕੰਮ ਨਹੀਂ ਸੀ ਕਰਦਾ। ਜੇ ਕਰਦਾ ਵੀ ਤਾਂ ਦੋਸਤੀਆਂ ਪਾਲਣ ਲਈ ਉਹਨਾਂ ਦੀਆਂ ਕਿਤਾਬਾਂ ਉਪਰ ਪਰਚੇ ਲਿਖਣ ਲੱਗਦਾ। ਪੰਜਾਬੀ ਸਾਹਿਤ ਵਿੱਚ ਉਸ ਦੇ ਆਲੋਚਨਾਮਕ ਲੇਖਾਂ ਦਾ ਵੀ ਮੁੱਲ ਪੈਂਦਾ ਸੀ। ਚਤਰਥ ਸਿੰਘ ਨੂੰ ਕੁੰਦਨ ਦੀਆਂ ਉਡਾਰੀਆਂ ਪਸੰਦ ਨਹੀਂ ਸਨ ਇਸ ਲਈ ਉਸ ਨੇ ਕੁੰਦਨ ਦੀਆਂ ਰਚਨਾਵਾਂ ਪ੍ਰਤੀ ਤਿੱਖੀ ਨੁਕਤਾਚੀਨੀ ਵਾਲਾ ਨਜ਼ਰੀਆ ਅਪਣਾਉਣ ਲੱਗਿਆ। ਇਹ ਉਹੀ ਸੀ ਜਿਹੜਾ ਆਖਦਾ ਸੀ ਕਿ ਪਰਵਾਸੀ ਸਾਹਿਤ ਵਿੱਚ ਕੁਝ ਵੀ ਕੱਢਣ ਪਾਉਣ ਨੂੰ ਨਹੀਂ ਹੈ। ਅਵੱਲ ਤਾਂ ਉਹ ਸਾਹਿਤਕ ਸਮਾਗਮਾਂ ਵਿੱਚ ਆਇਆ ਹੀ ਘੱਟ ਕਰਦਾ ਸੀ, ਜੇ ਆਉਂਦਾ ਵੀ ਤਾਂ ਕੁੰਦਨ ਦੇ ਖਿਲਾਫ ਬੋਲ ਜਾਂਦਾ। ਕੁੰਦਨ ਇਸ ਗੱਲ ਤੋਂ ਬਹੁਤ ਔਖਾ ਸੀ। ਉਸਨੇ ਚਤਰਥ ਸਿੰਘ ਨਾਲ ਦੋਸਤੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਅਗਿਓਂ ਅੜਬ ਜਿਹਾ ਹੀ ਸੀ। ਜਦ ਕੁੰਦਨ ਵਲੋਂ ਕੀਤੀ ਖੁਸ਼ਾਮਦੀ ਕੰਮ ਨਾ ਆਉਂਦੀ ਤਾਂ ਜੇਠੂ ਚਤਰਥ ਸਿੰਘ ਨੂੰ ਫੋਨ ਕਰਕੇ ਗਾਲ੍ਹਾਂ ਕੱਢਣ ਲੱਗਦਾ। ਅਗਲੇ ਦਿਨ ਫਿਰ ਸਮਝੌਤਾ ਕਰਨ ਦੇ ਯਤਨ ਕਰਨ ਲੱਗਦਾ। ਉਸ ਦੀ ਦਿਲੀ ਤਮੰਨਾ ਸੀ ਕਿ ਚਤਰਥ ਸਿੰਘ ਉਸ ਉਪਰ ਕੁਝ ਲਿਖੇ ਪਰ ਚਤਰਥ ਸਿੰਘ ਨੇ ਚੁੱਪ ਧਾਰੀ ਰੱਖੀ।...

ਇਕ ਦਿਨ ਬਨਫੂਲ ਉਸ ਨੂੰ ਪੁੱਛਣ ਲੱਗਿਆ,

"ਕੁੰਦਨ, ਮੈਂ ਮੰਨਦਾਂ ਤੂੰ ਪੀ ਐਚ. ਡੀ. ਕਰ ਰਿਹਾਂ, ਤੇਰੇ ਕੰਮ ਦੀ ਵੀ ਪੱਛਾਣ ਹੋ ਰਹੀ ਐ, ਸਾਹਿਤ ਦੀ ਦੁਨੀਆਂ ਵਿੱਚ ਤੂੰ ਦੋਸਤੀ ਵੀ ਬਹੁਤ ਕਮਾਈ ਐ ਪਰ ਤੂੰ ਲੋੜ ਤੋਂ ਜ਼ਿਆਦਾ ਨਹੀਂ ਬਦਲ ਗਿਆ?"

"ਨਹੀਂ ਬਨਫੂਲ, ਮੈਂ ਨਹੀਂ ਬਦਲਿਆ ਪਰ ਏਨਾ ਜ਼ਰੂਰ ਏ ਕਿ ਮੈਨੂੰ ਮਾਣ ਏਂ ਕਿ ਮੇਰੇ ਪੱਲੇ ਕੁਝ ਹੈਗਾ, ...ਅਸਲ ਵਿੱਚ ਤੂੰ ਖੂਹ ਦਾ ਡੱਡੂ ਏਂ, ਇਥੇ ਬੈਠਾ ਵਿਅੰਗ ਜਿਹੇ ਲਿਖੀ ਜਾਨਾ ਏਂ!"

"ਤੂੰ ਮੇਰੀ ਗੱਲ ਛੱਡ, ਆਪਣੀ ਕਰ ਕਿ ਜੇ ਪੀ ਐਚ. ਡੀ. ਕਰ ਵੀ ਲਈ ਤਾਂ ਕਿਹੜਾ ਖੋਹਣ ਖੋਹ ਲਵੇਂਗਾ?"

"ਤਾਂ ਹੀ ਤਾਂ ਮੈਂ ਕਹਿਨਾਂ ਕਿ ਤੂੰ ਖੂਹ ਦਾ ਡੱਡੂ ਏਂ, ਤੈਨੂੰ ਕੀ ਪਤਾ ਕਿ ਯੂਨੀਵਰਸਟੀ ਵਿੱਚ ਬੈਠੇ ਇਹਨਾਂ ਡਾਕਟਰਾਂ ਕੋਲ ਕਿੰਨੀ ਤਾਕਤ ਏ! ਮੈਂ ਦਿੱਲੀ ਜਾਨਾਂ, ਡਾਕਟਰ ਹਰੀ ਸਿੰਘ ਦੇ ਕਹਿਣ 'ਤੇ ਦਿੱਲੀ ਯੂਨੀਵਰਸਟੀ ਖੁਲ੍ਹਦੀ ਏ ਤੇ ਕਹਿਣ ਤੇ ਬੰਦ ਹੁੰਦੀ ਏ।"

"ਕੁੰਦਨ ਸਿਆਂ, ਓਹ ਤਾਂ ਜੰਮੇ ਈ ਯੂਨੀਆਂ ਵਿੱਚ ਆ, ਉਹਨਾਂ ਦੀਆਂ ਜੜ੍ਹਾਂ ਓਥੇ ਆ ਪਰ ਤੂੰ ਬਾਹਰੋਂ ਜਾ ਕੇ ਕੀ ਕਰੇਂਗਾ!"

"ਇਹ ਤਾਂ ਠੀਕ ਏ ਕਿ ਉਹਨਾਂ ਦੀਆਂ ਜੌਬਾਂ ਓਥੇ ਆ ਪਰ ਦਿੱਲੀ ਵਿੱਚ ਰਹਿਣ ਨਾਲ ਈ ਤੁਹਾਡੇ ਕੋਲ ਤਾਕਤ ਆ ਜਾਂਦੀ ਏ, ਸਾਰੇ ਪੰਜਾਬ ਦੇ ਲੇਖਕ ਦਿੱਲੀ ਵਲ ਦੇਖਦੇ ਰਹਿੰਦੇ ਨੇ।"

"ਹੁਣ ਤੂੰ ਦਿੱਲੀ ਜਾ ਵਸਣ ਦਾ ਪਰੋਗਰਾਮ ਤਾਂ ਨਹੀਂ ਬਣਾਈ ਫਿਰਦਾ?"

"ਮੈਂ ਤਾਂ ਬਹੁਤ ਚਾਹੁੰਨਾ ਪਰ ਘਰ ਵਾਲੀ ਨਹੀਂ ਮੰਨਦੀ, ਅਸੀਂ ਪਲੌਟ ਤਾਂ ਲਿਆ ਹੋਇਆ ਏ ਪਰ ਚੰਡੀਗੜ੍ਹ ਏ।"

ਕੁੰਦਨ ਦੇ ਬਦਲਦੇ ਇਸ ਰਵੱਈਏ ਤੋਂ ਮਨਜੀਤ ਕੋਰ ਵੀ ਔਖੀ ਸੀ। ਪਾਇਲ ਮੁੜ ਕੇ ਸਿਰਫ ਇਕ ਵਾਰ ਹੀ ਘਰ ਆਈ। ਹੁਣ ਉਹ ਨੌਕਰੀ ਕਰਦੀ ਸੀ ਤੇ ਆਪਣਾ ਫਲੈਟ ਵੀ ਖਰੀਦ ਲਿਆ ਸੀ। ਕੁੰਦਨ ਉਸ ਨੂੰ ਫੋਨ ਉਪਰ ਆਪਣੇ ਵੱਡੇ ਲੇਖਕ ਹੋਣ ਬਾਰੇ ਦਸਦਾ ਰਹਿੰਦਾ। ਉਹ ਅਮਰਜੋਤ ਨੂੰ ਬੈਠਾ ਕੇ ਕਿੰਨਾ ਕਿੰਨਾ ਚਿਰ ਆਪਣੇ ਵੱਡੇ ਲੇਖਕ ਹੋਣ ਬਾਰੇ ਲੈਕਚਰ ਦਿੰਦਾ। ਅਮਰਜੋਤ ਦੇ ਕੁਝ ਪੱਲੇ ਪੈਂਦਾ ਜਾਂ ਨਾ ਪਰ ਉਹ ਉਕਤਾ ਜ਼ਰੂਰ ਜਾਂਦਾ।...

ਇਹਨਾਂ ਦਿਨਾਂ ਵਿੱਚ ਅਚਾਨਕ ਕੁੰਦਨ ਦੀ ਜ਼ਿੰਦਗੀ ਵਿੱਚ ਅਜਿਹੀ ਘਟਨਾ ਵਾਪਰ ਗਈ ਕਿ ਉਸ ਲਈ ਸਭ ਕੁਝ ਹਮੇਸ਼ਾ ਹਮੇਸ਼ਾ ਲਈ ਬਦਲ ਗਿਆ। ਮਨਜੀਤ ਕੋਰ ਤਿੰਨ ਮਹੀਨੇ ਇੰਡੀਆ ਰਹਿ ਕੇ ਮੁੜੀ ਸੀ। ਸਾਰੀਆਂ ਬਰਸਾਤਾਂ ਉਹ ਇੰਡੀਆ ਹੀ ਰਹੀ ਸੀ। ਉਸ ਨੂੰ ਜਹਾਜ਼ ਵਿੱਚੋਂ ਉਤਰਦਿਆਂ ਹੀ ਹਲਕਾ ਜਿਹਾ ਬੁਖਾਰ ਸੀ। ਬਰਸਾਤ ਦੇ ਮੌਸਮ ਵਿੱਚੋਂ ਉਸ ਨੂੰ ਕੋਈ ਖਤਰਨਾਕ ਬਿਮਾਰੀ ਚੁੰਬੜ ਗਈ ਸੀ। ਇਥੇ ਆ ਕੇ ਬੁਖਾਰ ਘਟਣ ਦੀ ਥਾਂ ਵਧਦਾ ਹੀ ਗਿਆ। ਉਹ ਡਾਕਟਰ ਕੋਲ ਗਏ। ਡਾਕਟਰ ਨੇ ਦਵਾਈ ਦਿਤੀ ਪਰ ਬੁਖਾਰ ਨਾ ਉਤਰਿਆ। ਉਹ ਹਸਪਤਾਲ ਚਲੇ ਗਏ। ਹਸਪਤਾਲ ਵਿੱਚ ਦੋ ਦਿਨ ਬਾਅਦ ਮਨਜੀਤ ਕੋਰ ਦੀ ਮੌਤ ਹੋ ਗਈ।

18-ਇਕੱਲ ਦਾ ਸਫਰ

ਅਚਾਨਕ ਇਕ ਦਿਨ ਕੁੰਦਨ ਨੇ ਆਪਣੇ ਆਪ ਨੂੰ ਬਹੁਤ ਇਕੱਲਾ ਪਾਇਆ। ਬਚਪੱਨ ਵਿੱਚ ਉਹ ਇਕੱਲਾ ਜ਼ਰੂਰ ਸੀ ਪਰ ਉਦੋਂ ਉਸ ਨੂੰ ਇਕੱਲ ਦਾ ਅਹਿਸਾਸ ਨਹੀਂ ਸੀ। ਮਨਜੀਤ ਕੌਰ ਅਚਾਨਕ ਸਦਾ ਲਈ ਤੁਰ ਗਈ। ਅਮਰਜੋਤ ਯੂਨੀਵਰਸਟੀ ਚਲੇ ਗਿਆ ਤੇ ਪਾਇਲ ਤਾਂ ਪਹਿਲਾਂ ਹੀ ਅਲੱਗ ਰਹਿੰਦੀ ਸੀ। ਵੱਡੇ ਸਾਰੇ ਘਰ ਵਿੱਚ ਇਕੱਲਾ ਬੈਠਾ ਸੀ। ਮਨਜੀਤ ਇਵੇਂ ਤੁਰ ਜਾਵੇਗੀ, ਉਸ ਨੇ ਕਦੇ ਸੋਚਿਆ ਵੀ ਨਹੀਂ ਸੀ। ਭਾਵੇਂ ਉਹ ਮਨਜੀਤ ਤੋਂ ਅੱਕਿਆ ਉਸ ਦੀ ਮੌਤ ਚਾਹੁਣ ਲੱਗ ਪੈਂਦਾ ਸੀ ਪਰ ਇਹ ਨਹੀਂ ਸੀ ਪਤਾ ਕਿ ਸੱਚ-ਮੁੱਚ ਹੀ ਤੁਰਦੀ ਬਣੇਗੀ। ਮਨਜੀਤ ਬਿਨਾਂ ਉਸ ਦੀ ਜ਼ਿੰਦਗੀ ਹੋਰੂੰ ਦੀ ਹੋਰੂੰ ਹੋਣ ਲੱਗੀ।

ਕੰਮ ਤੋਂ ਮੁੜਿਆ ਤਾਂ ਉਸ ਨੇ ਟੈਲੀ ਚਲਾ ਲਿਆ। ਰਸੋਈ ਵਿੱਚ ਜਾ ਰੋਟੀ ਦੀ ਤਿਆਰੀ ਕਰ ਲਈ। ਫਿਰ ਆਪਣੇ ਕਮਰੇ ਵਿੱਚ ਬੈਠ ਕੁਝ ਪੜ੍ਹਨ ਲੱਗਿਆ। ਸਿਗਰਟ ਜਲ੍ਹਾ ਲਈ। ਸਿਗਰਟ ਦਿਲ ਨੂੰ ਸਹਿਲਾਉਣ ਦੀ ਥਾਂ ਉਲਝਾਉਣ ਲੱਗਦੀ। ਉਸ ਨੇ ਵਿਸਕੀ ਦੀ ਬੋਤਲ ਚੁੱਕ ਲਈ। ਇਕ ਪੈੱਗ ਪੀ, ਫਿਰ ਦੂਜਾ ਪੀ, ਫਿਰ ਤੀਜਾ। ਮਨਜੀਤ ਕੌਰ ਹੁੰਦੀ ਤਾਂ ਰੋਕਦੀ, ਬਾਹੋਂ ਖਿੱਚ ਕੇ ਡਾਈਨਿੰਗ ਟੇਬਲ 'ਤੇ ਬੈਠਾ ਕੇ ਰੋਟੀ ਖਵਾਉਂਦੀ ਤੇ ਬੈੱਡ 'ਤੇ ਪਾ ਦਿੰਦੀ ਪਰ ਅੱਜ ਕੋਈ ਨਹੀਂ ਸੀ। ਉਸ ਦੇ ਪੈੱਗ ਵਧਦੇ ਗਏ। ਬੋਤਲ ਹੇਠਾਂ ਹੁੰਦੀ ਗਈ। ਉਹ ਉਥੇ ਹੀ ਟੇਡਾ ਹੋ ਗਿਆ। ਤੜਕਸਾਰ ਹੋਸ਼ ਆਈ ਤਾਂ ਉਹ ਉਠ ਕੇ ਬਿਸਤਰ ਵਿੱਚ ਗਿਆ। ਅਲਗੇ ਦਿਨ ਵੀ ਇਵੇਂ ਹੀ ਹੋਇਆ ਤੇ ਉਸ ਤੋਂ ਅਗਲੇ ਦਿਨ ਵੀ ਪਰ ਫਿਰ ਇਹ ਰੋਜ਼ ਦਾ ਹੀ ਵਰਤਾਰਾ ਹੋਣ ਲੱਗਿਆ।...

ਮਨਜੀਤ ਕੌਰ ਨੂੰ 'ਹੈਬੀਟਾਈਟ-ਸੀ' ਨਾਂ ਦੀ ਬਿਮਾਰੀ ਹੋ ਗਈ ਸੀ। ਇਹ ਬਿਮਾਰੀ ਲਿਵਰ ਤੇ ਕਿਡਨੀਆਂ ਉਪਰ ਸਿੱਧੀ ਹਮਲਾ ਕਰਦੀ ਸੀ ਪਰ ਹਾਲੇ ਇਸ ਬਾਰੇ ਪੂਰੀ ਖੋਜ ਨਾ ਹੋਈ ਹੋਣ ਕਰਕੇ ਇਸ ਦੀ ਸਹੀ ਪੱਛਾਣ ਵੀ ਨਹੀਂ ਸੀ ਹੁੰਦੀ ਤੇ ਇਲਾਜ ਵੀ ਨਹੀਂ ਸੀ। ਦੋ ਕੁ ਦਿਨ ਵਿੱਚ ਹੀ ਚੰਗੀ ਭਲੀ ਮਨਜੀਤ ਕੌਰ ਲਾਸ਼ ਬਣ ਗਈ। ਕੁੰਦਨ ਉਸ ਦੀ ਦੇਹ ਕੋਲ ਲੁਟਿਆ ਹੋਇਆ ਖੜਾ ਸੀ। ਅਮਰਜੋਤ ਤਾਂ ਪਹਿਲਾਂ ਹੀ ਮਾਂ ਦੇ ਇੰਡੀਆ ਤੋਂ ਆਉਣ ਕਰਕੇ ਯੂਨੀਵਰਸਟੀ ਤੋਂ ਘਰ ਆਇਆ ਹੋਇਆ ਸੀ। ਪਾਇਲ ਨੂੰ ਫੋਨ ਕੀਤਾ ਤਾਂ ਉਹ ਵੀ ਆ ਗਈ। ਸਾਰਾ ਟੱਬਰ ਮਨਜੀਤ ਕੌਰ ਦੇ ਅਫਸੋਸ ਵਿੱਚ ਡੁੱਬ ਗਿਆ। ਦੋਸਤਾਂ ਨੂੰ ਪਤਾ ਚੱਲਿਆ ਤਾਂ ਦੂਰੋਂ ਦੂਰੋਂ ਅਫਸੋਸ ਕਰਨ ਆਏ। ਇੰਡੀਆ ਤਕ ਤੋਂ ਅਫਸੋਸ ਦੇ ਫੋਨ ਆਏ।

ਕੁੰਦਨ ਕੁਝ ਦਿਨ ਘੋਰ ਉਦਾਸੀ ਵਿੱਚ ਘਿਰਿਆ ਰਿਹਾ ਪਰ ਫਿਰ ਹਿੰਮਤ ਫੜਨ ਲੱਗਿਆ। ਛੇਤੀ ਹੀ ਸਿਧਾ ਹੋ ਕੇ ਖੜ ਗਿਆ ਜਿਵੇਂ ਹਨੇਰੀ ਆਉਣ ਤੋਂ ਬਾਅਦ ਖੇਤਾਂ ਦੀ ਫਸਲ ਡਿਗ ਕੇ ਉਠ ਖੜਦੀ ਹੈ। ਉਹ ਮਨਜੀਤ ਕੌਰ ਦੇ ਫਿਊਨਰਲ ਵਿੱਚ ਰੁੱਝ ਗਿਆ। ਉਹ ਚਾਹੁੰਦਾ ਸੀ ਇਹ ਇਕ ਵੱਡਾ ਮੌਕਾ ਬਣੇ। ਸਾਰੇ ਦੋਸਤ ਮਨਜੀਤ ਦੇ ਜਨਾਜ਼ੇ ਵਿੱਚ ਸ਼ਾਮਲ ਹੋਣ। ਗੁਰਦਵਾਰੇ ਜਾ ਕੇ ਵੱਡੇ ਵੱਡੇ ਭਾਸ਼ਨ ਹੋਣ। ਉਹ ਆਪ ਵੀ ਇਸ ਮੌਕੇ ਲਈ ਵਧੀਆ ਜਿਹਾ ਭਾਸ਼ਨ ਤਿਆਰ ਕਰਨ ਲੱਗ ਪਿਆ। ਇਹਨਾਂ ਦਿਨਾਂ ਵਿੱਚ ਉਸ ਨੂੰ ਇਕ ਹੋਰ ਗੱਲ ਦਾ ਅਹਿਸਾਸ ਹੋਣ ਲਗਿਆ ਕਿ ਪੂਰੇ ਘਰ ਦਾ ਹੁਣ ਉਹ ਮਾਲਕ ਆਪ ਹੈ। ਪਹਿਲਾਂ ਉਸ ਨੂੰ ਬਹੁਤੀਆਂ ਗੱਲਾਂ ਵਿੱਚ ਮਨਜੀਤ ਕੌਰ ਦੀ ਸੁਣਨੀ ਪੈਂਦੀ ਸੀ ਪਰ ਹੁਣ ਉਹ ਆਪਣੀ ਮਰਜ਼ੀ ਦਾ ਮਾਲਕ ਆਪ ਹੈ। ਉਸ ਨੂੰ ਆਪਣਾ ਆਪ ਅਜ਼ਾਦ ਜਿਹਾ ਲਗਣ ਲੱਗ ਪਿਆ। ਪਹਿਲਾਂ ਉਸ ਨੇ ਇਵੇਂ ਕਦੇ ਮਹਿਸੂਸ ਨਹੀਂ ਸੀ ਕੀਤਾ।

ਮਨਜੀਤ ਕੌਰ ਦੇ ਫਿਊਨਰਲ ਉਪਰ ਬਹੁਤ ਸਾਰੇ ਲੋਕ ਆਏ। ਇੰਨੇ ਸਾਲ ਹੋ ਗਏ ਸਨ ਉਹਨਾਂ ਨੂੰ ਮਿਡਲਸੈਕਸ ਦੇ ਇਲਾਕੇ ਵਿੱਚ ਵਸਦਿਆਂ। ਉਹ ਇਸ ਇਲਾਕੇ ਦੇ ਪਹਿਲੇ ਪੰਜਾਬੀ ਬਾਸ਼ਿੰਦਿਆਂ ਵਿੱਚੋਂ ਸਨ। ਮਨਜੀਤ ਕੌਰ ਦਾ ਮਿਲਣਸਾਰ ਸੁਭਾਅ ਸੀ ਇਸ ਕਰਕੇ ਉਸ ਦੀਆਂ ਸਾਰੀਆਂ ਜਾਣੂ ਔਰਤਾਂ ਉਸ ਦਿਨ ਉਚੇਚੇ ਤੌਰ ਤੇ ਆਈਆਂ। ਬਰਤਾਨੀਆਂ ਭਰ ਦੇ ਪੰਜਾਬੀ ਦੇ ਲੇਖਕ ਪੁੱਜੇ ਹੋਏ ਸਨ। ਕੁੰਦਨ ਦੇ ਨਾਲ ਕੰਮ ਕਰਦੇ ਲੋਕ ਵੀ ਤੇ ਇਲਾਕੇ ਦੇ ਸਭਿਆਚਾਰਕ ਕੰਮਾਂ ਨਾਲ ਜੁੜੇ ਲੋਕ ਵੀ। ਏਨੀ ਹਾਜ਼ਰੀ ਦੇਖ ਕੇ ਕੁੰਦਨ ਬਹੁਤ ਖੁਸ਼ ਹੋਇਆ। ਉਸ ਨੇ ਅਮਰਜੋਤ ਨੂੰ ਇਕ ਪਾਸੇ ਕਰਕੇ ਕਿਹਾ,

"ਮੌਤ ਹੋਵੇ ਜਾਂ ਵਿਆਹ, ਇਹ ਸਾਡੇ ਸ਼ੋਸ਼ਲ ਮੌਕੇ ਹੁੰਦੇ ਨੇ, ਇਹਨਾਂ ਮੌਕਿਆਂ ਉਪਰ ਇਕ ਦੂਜੇ ਦੇ ਸ਼ਾਮਲ ਹੋਣਾ ਬਹੁਤ ਜ਼ਰੂਰੀ ਹੁੰਦਾ ਏ, ਇਥੋਂ ਹੀ ਪਤਾ ਚਲਦਾ ਏ ਕਿ ਸਮਾਜ ਵਿੱਚ ਤੁਹਾਡੀ ਕਿੰਨੀ ਕੁ ਬਣੀ ਹੋਈ ਏ, ਦੇਖ ਆਹ ਸਾਰੇ ਲੋਕ ਮੇਰੇ ਮੂੰਹ ਨੂੰ ਆਏ ਨੇ, ਇਹ ਮੇਰੀ ਬਣੀ ਦਾ ਨਤੀਜਾ ਏ, ਤੇਰੀ ਮਾਂ ਨੇ ਕਦੇ ਮੇਰੀ ਕਦਰ ਨਹੀਂ ਪਾਈ, ...ਚਲੋ, ਉਹ ਤਾਂ ਹੁਣ ਨਹੀਂ ਰਹੀ ਪਰ ਤੂੰ ਸਮਾਜ ਦੀ ਇਹ ਰਮਜ਼ ਸਮਝ, ਇਵੇਂ ਬਣਾ ਕੇ ਰੱਖੀਦੀ ਏ।"

ਅਮਰਜੋਤ ਪਿਓ ਦੀ ਗੱਲ ਸੁਣਦਾ ਰਿਹਾ ਤੇ ਸਿਰ ਮਾਰਦਾ ਰਿਹਾ। ਮਨਜੀਤ ਕੌਰ ਦਾ ਵੱਡਾ ਭਰਾ ਗੁਰਮੇਲ ਸਿੰਘ ਵੀ ਪੁੱਜ ਗਿਆ ਹੋਇਆ ਸੀ। ਕੁੰਦਨ ਨੇ ਉਸ ਨੂੰ ਕਿਹਾ,

"ਇਹ ਸਾਰੇ ਲੋਕ ਮੇਰੇ ਕਰਕੇ ਆਏ ਨੇ।"

"ਮੈਂ ਸਮਝਦਾਂ ਕੁੰਦਨ ਸਿੰਘ ਜੀ, ਤੁਸੀਂ ਬਹੁਤ ਵੱਡੇ ਲੇਖਕ ਹੋ, ਤੁਹਾਡੀ ਜਾਣ ਪੱਛਾਣ ਤਾਂ ਦੂਰ ਤਕ ਹੋਣੀ ਹੀ ਹੋਈ।"

ਗੁਰਮੇਲ ਸਿੰਘ ਆਪਣੇ ਪਿਓ ਵਾਂਗ ਸਿਆਸੀ ਬੰਦਾ ਸੀ। ਉਸ ਨੇ ਕੁੰਦਨ ਦੀਆਂ ਦੋ ਹੋਰ ਵਡਿਆਈਆਂ ਵੀ ਕਰ ਮਾਰੀਆਂ।

ਫਿਊਨਰਲ ਵਿੱਚ ਲੇਖਕਾਂ ਦਾ ਆਪਣਾ ਅਲੱਗ ਗੁਰੱਪ ਸੀ। ਰੇਸ਼ਮ ਸਮੁੰਦਰੀ ਆਪਣੇ ਕੋਲ ਖੜੇ ਜੋਗੇਂਦਰ ਨੂੰ ਕਹਿਣ ਲਗਿਆ,

"ਮੈਨੂੰ ਡਰ ਆ ਕਿ ਕਿਤੇ ਕੁੰਦਨ ਹੁਣ ਸ਼ਰਾਬ ਜ਼ਿਆਦਾ ਨਾ ਪੀਣ ਲੱਗ ਪਏ, ਤੈਨੂੰ ਪਤਾ ਈ ਆ ਏਹਦੇ ਸੁਭਾਅ ਦਾ, ਅੱਤ-ਭਾਵੁਕ ਜਿਹਾ ਬੰਦਾ ਐ, ਆਪਣੇ ਆਪ 'ਤੇ ਕੰਟਰੋਲ ਹੈ ਨਹੀਂ, ਮਨਜੀਤ ਤਾਂ ਏਹਦੇ ਨੁਕੇਲ ਪਾ ਕੇ ਰੱਖਦੀ ਸੀ ਤਾਂ ਕਿਤੇ ਜਾ ਕੇ ਮਸਾਂ ਕਾਬੂ ਵਿਚ ਰਹਿੰਦਾ ਸੀ।"

"ਹਾਂ ਡਰ ਤਾਂ ਹੈ ਪਰ ਵੱਡੇ ਭਾਊ ਦੇ ਦਾਈਏ ਬਹੁਤ ਉਚੇ ਆ, ਅੱਜ ਕੱਲ ਦਿੱਲੀ ਜਿੱਤਣ ਦੀਆਂ ਗੱਲਾਂ ਕਰਦਾ, ਸ਼ਰਾਬ ਪੀਊ ਤਾਂ ਮਾਰਿਆ ਜਾਊ।"

"ਏਹ ਸਭ ਵੀ ਏਹਦੀ ਅੱਤ-ਭਾਵੁਕਤਾ ਵਿੱਚੋਂ ਨਿਕਲ਼ੀਆਂ ਗੱਲਾਂ ਐਂ, ਦਿੱਲੀ ਬੜੇ ਬੜੇ ਮਹਾਂਰਥੀ ਬੈਠੇ ਆ, ਭੀੜ 'ਚ ਚੱਕੀ ਰਾਹੇ ਨੂੰ ਕੌਣ ਪੁੱਛਦੈ!"

ਕੁੰਦਨ ਨੇ ਫਿਊਨਰਲ ਦੀ ਸਾਰੀ ਰਸਮ ਨੂੰ ਪੂਰੇ ਹੌਂਸਲੇ ਨਾਲ ਸਿਰੇ ਚੜ੍ਹਾਇਆ। ਉਹ ਨਿੱਕੀ ਨਿੱਕੀ ਗੱਲ ਦਾ ਬਹੁਤ ਧਿਆਨ ਰੱਖ ਰਿਹਾ ਸੀ। ਕਰੈਮਾਟੋਰੀਅਮ ਵਿੱਚ ਜਾ ਕੇ ਉਸ ਨੇ ਸੰਖੇਪ ਜਿਹਾ ਭਾਸ਼ਨ ਦਿਤਾ ਜਿਸ ਤੋਂ ਪਤਾ ਚੱਲਦਾ ਸੀ ਕਿ ਉਸ ਨੇ ਇਸ ਦੁੱਖ ਨੂੰ ਪੂਰੇ ਹੌਂਸਲੇ ਨਾਲ ਸਹਿ ਲਿਆ ਹੈ। ਕਰੈਮਾਟੋਰੀਅਮ ਵਿੱਚ ਉਹ ਸਾਰੇ ਬੰਦਿਆਂ ਵਲ ਧਿਆਨ ਨਾਲ ਦੇਖ ਰਿਹਾ ਸੀ ਕਿ ਕੌਣ ਕੌਣ ਆਇਆ ਹੈ। ਫਿਰ ਉਸ ਨੇ ਇਸ ਮੌਕੇ 'ਤੇ ਪੁੱਜੇ ਹੋਏ ਫੁੱਲਾਂ ਦੇ ਗੁਲਦਸਤੇ ਦੇਖੇ। ਇਕ ਕਾਗਜ਼ ਉਪਰ ਫੁੱਲ ਲਿਆਉਣ ਵਾਲੇ ਲੋਕਾਂ ਦੇ ਨਾਂ ਲਿਖਣ ਲੱਗਿਆ। ਨਾਲ ਦੀ ਨਾਲ ਆਪਣੇ ਪੁੱਤਰ ਨੂੰ ਕੁਝ ਦੱਸਦਾ ਵੀ ਜਾ ਰਿਹਾ ਸੀ। ਕਰੈਮਾਟੋਰੀਅਮ ਵਿੱਚ ਦਾਗਾਂ ਤੋਂ ਬਾਅਦ ਰਾਮਗੜ੍ਹੀਆ ਗੁਰਦਵਾਰੇ ਮਨਜੀਤ ਕੋਰ ਦਾ ਪਾਠ ਰੱਖਾਇਆ ਹੋਇਆ ਸੀ। ਰਾਮਗੜ੍ਹੀਆ ਗੁਰਦਵਾਰਾ ਸਦਾ ਹੀ ਸ਼ਾਂਤ ਜਿਹੇ ਮਹੌਲ ਵਾਲਾ ਗੁਰਦਵਾਰਾ ਮੰਨਿਆਂ ਜਾਂਦਾ ਸੀ ਜਦ ਕਿ ਦੂਜਾ ਗੁਰਦਵਾਰਾ ਜਿਸ ਨੂੰ ਵੱਡਾ ਗੁਰਦਵਾਰਾ ਵੀ ਕਹਿੰਦੇ ਸਨ, ਖਾਲਿਸਤਾਨੀਆਂ ਦਾ ਗੜ੍ਹ ਸੀ। ਜੇ ਮਨਜੀਤ ਕੋਰ ਦਾ ਵੱਸ ਹੁੰਦਾ ਤਾਂ ਆਪਣੀ ਅੰਤਿਮ ਅਰਦਾਸ ਉਸ ਵੱਡੇ ਗੁਰਦਵਾਰੇ ਹੀ ਕਰਵਾਉਂਦੀ। ਰਾਮਗੜ੍ਹੀਆ ਗੁਰਦਵਾਰੇ ਵਿੱਚ ਆ ਕੇ ਸਭ ਤੋਂ ਪਹਿਲਾ ਭਾਸ਼ਨ ਕੁੰਦਨ ਦਾ ਹੀ ਸੀ। ਉਸ ਨੇ ਆਦਤ ਅਨੁਸਾਰ ਆਪਣੇ ਭਾਸ਼ਨ ਦੇ ਕਾਰਡ ਜਿਹੇ ਬਣਾਏ ਹੋਏ ਸਨ। ਇਵੇਂ ਹੀ ਭਾਸ਼ਨ ਦਿਆ ਕਰਦਾ ਸੀ ਉਹ, ਭਾਸ਼ਨ ਦਿੰਦਾ ਜਾਂਦਾ ਤੇ ਤਾਸ਼ ਦੇ ਪੱਤਿਆਂ ਵਾਂਗ ਇਹਨਾਂ ਕਾਰਡਾਂ ਨੂੰ ਸ਼ੱਫਲ ਕਰਦਾ ਜਾਂਦਾ। ਵੇਸੈ ਉਹ ਘੰਟਾ ਭਰ ਤਾਂ ਬਿਨਾਂ ਕਿਸੇ ਤਿਆਰੀ ਤੋਂ ਵੀ ਬੋਲ ਸਕਦਾ ਸੀ।

ਭਾਸ਼ਨ ਖਤਮ ਹੋਏ ਤਾਂ ਕੁੰਦਨ ਨੇ ਰਸ਼ਪਾਲ ਨੂੰ ਇਸ਼ਾਰੇ ਨਾਲ ਇਕ ਪਾਸੇ ਬੁਲਾ ਲਿਆ ਤੇ ਆਹਿਸਤੇ ਜਿਹੇ ਕਹਿਣ ਲੱਗਿਆ,

"ਏਹਨੂੰ, ਮੇਰੇ ਮੋਟੂ ਸਾਲ਼ੇ ਨੂੰ ਲੰਡਨ ਈ ਘੁਮਾ ਦੇ, ਸਟਰਿਪਟੀਜ਼ ਬਗੈਰਾ ਦਿਖਾ ਦੇ, ਸਾਲ਼ਾ ਖੁਸ਼ ਹੋ ਜਾਏਗਾ।"

ਮਰਗ ਦੀਆਂ ਸਾਰੀਆਂ ਰਸਮਾਂ ਪੂਰੀਆਂ ਹੋ ਗਈਆਂ। ਅਫਸੋਸ ਕਰਨ ਵਾਲੇ ਆਉਣੋਂ ਹਟ ਗਏ। ਪਾਇਲ ਵਾਪਸ ਆਪਣੇ ਫਲੈਟ ਵਿੱਚ ਚਲੇ ਗਈ ਤੇ ਅਮਰਜੋਤ ਯੂਨੀਵਰਸਟੀ। ਕੁਝ ਦਿਨਾਂ ਬਾਅਦ ਗੁਰਮੇਲ ਸਿੰਘ ਵੀ ਵਾਪਸ ਇੰਡੀਆ ਚਲੇ ਗਿਆ ਤੇ ਰਹਿ ਗਿਆ ਕੁੰਦਨ ਇਕੱਲਾ। ਉਸ ਨੂੰ ਘਰ ਦੇ ਰੋਟੀ ਬਣਾਉਣ ਤੋਂ ਲੈ ਕੇ ਸਫਾਈ ਕਰਨ ਤਕ ਦੇ ਕੰਮ ਕਰਨ ਦੀ ਕਦੇ ਵੀ ਕੋਈ ਝਿਜਕ ਨਹੀਂ ਸੀ। ਮਨਜੀਤ ਕੋਰ ਤਾਂ ਕਈ ਕਈ ਮਹੀਨੇ ਇੰਡੀਆ ਰਹਿ ਆਇਆ ਕਰਦੀ ਸੀ, ਉਸ ਦੇ ਮਗਰੋਂ ਸਾਰਾ ਘਰ ਉਹ ਆਪ ਸੰਭਾਲ ਲਿਆ ਕਰਦਾ ਸੀ। ਹੁਣ ਉਸ ਨੂੰ ਘਰ ਨੂੰ ਨਹੀਂ ਆਪਣੇ ਆਪ ਨੂੰ ਸੰਭਾਲਣ ਵਿੱਚ ਮੁਸ਼ਕਲ ਆ ਰਹੀ ਸੀ। ਚਲਦੇ ਹਫਤੇ ਤਾਂ ਉਹ ਕੰਮ ਤੇ ਜਾਂਦਾ ਤੇ ਠੀਕ ਰਹਿੰਦਾ ਪਰ ਸਪਤਾਹ-ਅੰਤ ਤੇ ਸ਼ਰਾਬ ਪੀਣ ਬੈਠਦਾ ਤਾਂ ਜ਼ਿਆਦਾ ਪੀ ਜਾਂਦਾ। ਰੋਕਣ ਵਾਲਾ ਕੋਈ ਨਹੀਂ ਸੀ। ਅਗਲੇ ਦਿਨ ਉਹ ਸਵੇਰੇ ਹੀ ਪੀਣ ਲਗ ਜਾਂਦਾ। ਇਕ ਦਿਨ ਬਨਫੂਲ ਨੇ ਫੋਨ ਕੀਤਾ ਤਾਂ ਉਹ ਅਗਿਓਂ ਸ਼ਰਾਬੀ ਸੀ। ਬਨਫੂਲ ਉਸੇ ਵੇਲੇ ਹੀ ਉਸ ਨੂੰ ਮਿਲਣ ਆ ਗਿਆ। ਬਨਫੂਲ ਹੈਰਾਨ ਹੁੰਦਾ ਆਖਣ ਲਗਿਆ,

"ਓ, ਤੂੰ ਆਪਣੀ ਇਹ ਕੀ ਹਾਲਤ ਬਣਾਈ ਬੈਠਾਂ?"

"ਸਾਲ਼ਿਆ ਬੈਹੜਿਆਂ ਦਿਆ, ਮੇਰੀ ਮਾਂ ਮਰ ਗਈ, ਸ਼ਰਾਬ ਨਾ ਪੀਵਾਂ ਤਾਂ ਕੀ ਕਰਾਂ?"

"ਤੇਰੀ ਮਾਂ ਕਿਵੇਂ ਓਏ?"

"ਜਿਹਦਾ ਦੁੱਧ ਚੁੰਘੀਏ, ਉਹ ਮਾਂ ਈ ਹੁੰਦੀ ਏ!"

ਆਖਦਾ ਕੁੰਦਨ ਹੱਸਣ ਲੱਗਿਆ। ਬਨਫੂਲ ਨੇ ਕਿਹਾ,

"ਓ ਭਾਈ, ਤੂੰ ਹਾਲੇ ਬਹੁਤ ਕੰਮ ਕਰਨੇ ਆਂ, ਤੂੰ ਤੇ ਹੁਣੇ ਈ ਢੇਰੀ ਢਾਹੀ ਬੈਠਾਂ, ਤੂੰ ਹਾਲੇ ਡਾਕਟਰ ਬਣਨੈਂ, ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਲੈਣੈਂ, ਹਾਲੇ ਦਿੱਲੀ ਜਿੱਤਣੀ ਐਂ, ਤੇਰਾ ਕੀ ਪਤਾ ਹਾਲੇ ਵਿਆਹ ਵੀ ਹੋਰ ਕਰਾ ਲਵੇਂ।"

"ਸੱਚ!"

"ਕੀ ਪਤਾ ਰੱਬ ਦੇ ਘਰ ਦਾ!"

ਵਿਆਹ ਦੇ ਨਾਂ 'ਤੇ ਕੁੰਦਨ ਦੇ ਮਨ ਵਿੱਚ ਲੱਡੂ ਭੁਰਨ ਲੱਗੇ।

ਇਕ ਦਿਨ ਬਨਫੂਲ ਆਕੇ ਉਸ ਨੂੰ ਆਪਣੀ ਨਵੀਂ ਛਪੀ ਕਿਤਾਬ ਦੇ ਗਿਆ ਕਿ ਉਸ ਉਪਰ ਪਰਚਾ ਲਿਖੇ। ਰਾਜ ਰਾਮ ਦੀ ਵੀ ਗਜ਼ਲਾਂ ਦੀ ਕਿਤਾਬ ਆਈ ਸੀ, ਕੁੰਦਨ ਉਸ ਉਪਰ ਪਰਚਾ ਲਿਖਣ ਦੀ ਤਿਆਰੀ ਕਰਨ ਲੱਗਿਆ। ਸ਼ਰਾਬ ਤਾਂ ਉਹ ਪੀਂਦਾ ਪਰ ਉਸ ਨੇ ਇਕ ਪਾਈਆ ਰੱਖਿਆ ਹੋਇਆ ਸੀ, ਬੋਤਲ ਵਿੱਚੋਂ ਇਹ ਪਾਈਆ ਭਰਦਾ, ਰੋਟੀ ਖਾਣ ਤਕ ਇਸ ਪਾਈਏ ਦੇ ਨਿੱਕੇ ਨਿੱਕੇ ਚਾਰ ਪੈੱਗ ਬਣਾ ਕੇ ਪੀਂਦਾ ਰਹਿੰਦਾ। ਜਦ ਉਹ ਜ਼ਰਾ ਕੁ ਹਵਾ ਪਿਆਜ਼ੀ ਹੁੰਦਾ ਤਾਂ ਉਸ ਦਾ ਦਿਲ ਕਰਨ ਲੱਗਦਾ। ਉਹ ਕਿਸੇ ਨਾ ਕਿਸੇ ਦੋਸਤ ਨੂੰ ਫੋਨ ਘੁਮਾ ਲੈਂਦਾ।

ਉਸ ਦੇ ਘਰ ਉਪਰ ਜਿਹੜੀ ਵੀ ਮੌਰਟਗੇਜ ਰਹਿੰਦੀ ਸੀ ਮਨਜੀਤ ਕੋਰ ਦੀ ਮੌਤ ਕਾਰਨ ਉਹ ਸਾਰੀ ਬੀਮਾ ਕੰਪਨੀ ਨੇ ਅਦਾ ਕਰ ਦਿਤੀ। ਕੁਝ ਹੋਰ ਵੀ ਬੀਮੇ ਮਨਜੀਤ ਕੋਰ ਨੇ ਕਰਾਏ ਹੋਏ ਸਨ, ਉਹ ਪੈਸੇ ਵੀ ਉਸ ਨੂੰ ਮਿਲ ਗਏ।

ਇਕ ਦਿਨ ਪਾਇਲ ਮਿਲਣ ਆਈ ਤਾਂ ਉਹ ਦੋਵੇਂ ਕਿੰਨਾ ਚਿਰ ਇਧਰ ਓਧਰ ਦੀਆਂ ਕਰਦੇ ਰਹੇ। ਅਚਾਨਕ ਕੁੰਦਨ ਨੇ ਪੁੱਛਿਆ,

"ਗੋਲਡੀ ਦਾ ਕੁਝ ਪਤਾ ਏ?"

"ਕਿਉਂ ਡੈਡ, ਹੁਣ ਗੋਲਡੀ ਦਾ ਕਿੱਦਾਂ ਚੇਤਾ ਆ ਗਿਆ?"

"ਮੈਂ ਸੋਚਦਾਂ ਕਿ ਉਹ ਵਿਚਾਰੀ ਹਾਲਾਤ ਦੀ ਸਤਾਈ ਹੋਈ ਕੁੜੀ ਏ, ਤੁਹਾਡੀ ਮੰਮੀ ਵੀ ਉਹਨੂੰ ਨਫਰਤ ਕਰਦੀ ਸੀ, ਹੁਣ ਮੈਂ ਉਹਨੂੰ ਸ਼ੈਲਟਰ ਦੇ ਸਕਦਾਂ।"

"ਡੈਡ, ਯੂ ਗੋਨਾ ਕਰੇਜ਼ੀ!"

19-ਅਣਕਿਆਸਿਆ ਕੁਝ

ਜਿੰਦਗੀ ਵਿੱਚ ਬਹੁਤਾ ਕੁਝ ਅਣਕਿਆਸਿਆ ਹੀ ਵਾਪਰਦਾ ਹੈ, ਜਿਸ ਕਾਸੇ ਦੀ ਉਮੀਦ ਨਹੀਂ ਹੁੰਦੀ। ਕੋਈ ਹਾਦਸਾ, ਕੋਈ ਖ਼ਬਰ, ਕੋਈ ਸੁਫਨਾ ਜਾਂ ਫਿਰ ਕੋਈ ਫੋਨ ਕਾਲ, ਨਵੇਂ ਜ਼ਮਾਨੇ ਵਿੱਚ ਕੋਈ ਈਮੇਲ।

ਡਾਕਟਰ ਮੋਹਣੀ ਦੀ ਜ਼ਿਦਗੀ ਵਿੱਚ ਵੀ ਬਹੁਤਾ ਕੁਝ ਅਣਕਿਆਸਿਆ ਹੀ ਵਾਪਰਦਾ ਸੀ। ਪਿਤਾ ਦੀ ਮੌਤ ਇਵੇਂ ਅਚਾਨਕ ਹੋਈ ਜਿਵੇਂ ਅਸਮਾਨ ਤੋਂ ਬਿਜਲੀ ਆ ਡਿਗਦੀ ਹੈ। ਘਰ ਵਿੱਚ ਉਹੀ ਵੱਡੀ ਸੀ ਤੇ ਪਿਤਾ ਵਾਲੀ ਸਾਰੀ ਜ਼ਿੰਮੇਵਾਰੀ ਉਸ ਦੇ ਸਿਰ ਆ ਪਈ, ਜਿਸ ਬਾਰੇ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ। ਇਵੇਂ ਹੀ ਉਸ ਨੂੰ ਕਾਲਜ ਦੀ ਲੈਕਚਰਾਰਸ਼ਿੱਪ ਮਿਲ ਗਈ ਇਸ ਦੀ ਉਸ ਨੂੰ ਬਿਲਕੁਲ ਆਸ ਨਹੀਂ ਸੀ। ਇਵੇਂ ਹੀ ਉਸ ਦੀ ਲੁਧਿਆਣੇ ਦੇ ਇਕ ਪਰੋਫੈਸਰ ਰਣਬੀਰ ਨਾਲ ਦੋਸਤੀ ਮੁਹੱਤਬ ਵਿੱਚ ਬਦਲ ਰਹੀ ਸੀ ਤਾਂ ਇਕ ਦਿਨ ਰਣਬੀਰ ਨੇ ਉਸ ਦੇ ਸਾਹਮਣੇ ਵਿਆਹ ਦਾ ਪਸ੍ਰਤਾਵ ਰੱਖ ਦਿਤਾ ਸੀ। ਮੋਹਣੀ ਇਸ ਲਈ ਹਾਲੇ ਤਿਆਰ ਨਹੀਂ ਸੀ ਪਰ ਉਸ ਨੇ ਇਹ ਪ੍ਰਸਤਾਵ ਮਨਜ਼ੂਰ ਕਰ ਲਿਆ। ਉਹ ਬਹੁਤ ਖੁਸ਼ ਸੀ। ਉਹ ਸੋਚਦੀ ਸੀ ਕਿ ਆਖਰ ਵਿਆਹ ਹੀ ਤਾਂ ਹਰ ਕੁੜੀ ਦੀ ਮੰਜ਼ਿਲ ਹੁੰਦਾ ਹੈ। ਫਿਰ ਇਕ ਦਿਨ ਅਚਾਨਕ ਖ਼ਬਰ ਮਿਲੀ ਕਿ ਰਣਬੀਰ ਨੇ ਤਾਂ ਇਕ ਹੋਰ ਕੁੜੀ ਨਾਲ ਵਿਆਹ ਕਰਾ ਵੀ ਲਿਆ ਹੈ। ਕੁੜੀ ਵੀ ਉਸ ਨਾਲ ਜਿਹੜੀ ਨਿਤ ਨਵੀਆਂ ਦੋਸਤੀਆਂ ਲਈ ਮਸ਼ਹੂਰ ਸੀ। ਇਸ ਖ਼ਬਰ ਨੇ ਮੋਹਣੀ ਨੂੰ ਬਹੁਤ ਦੁਖੀ ਕੀਤਾ ਸੀ। ਮੋਹਣੀ ਨੇ ਝਟਕਾ ਖਾਧਾ ਪਰ ਠੀਕ ਹੋ ਗਈ। ਪਰੋਫੈਸਰ ਨੂੰ ਭੁੱਲਣ ਲੱਗੀ। ਹਾਲੇ ਉਸ ਦੇ ਜ਼ਖ਼ਮ 'ਤੇ ਅੰਗੂਰ ਆਇਆ ਹੀ ਸੀ ਕਿ ਉਹੋ ਪਰੋਫੈਸਰ ਉਸ ਦੇ ਦੁਆਰ 'ਤੇ ਦੁਬਾਰਾ ਆ ਖੜਾ ਹੋਇਆ। ਹੁਣ ਤਕ ਮੋਹਣੀ ਪੈਰਾਂ ਤੇ ਖੜ ਚੁੱਕੀ ਸੀ। ਉਸ ਨੇ ਪਰੋਫੈਸਰ ਨੂੰ ਉਹਨੀਂ ਪੈਰੀਂ ਹੀ ਵਾਪਸ ਮੋੜ ਦਿਤਾ। ਇਸ ਤੋਂ ਬਿਨਾਂ ਡਾਕਟਰ ਹਰੀ ਸਿੰਘ ਦੀ ਪੀ ਐਚ. ਡੀ. ਦੀ ਵਿਦਿਆਰਥਣ ਬਣ ਜਾਣਾ ਵੀ ਇਤਫਾਕ ਹੀ ਸੀ ਤੇ ਫਿਰ ਯੂਨੀਵਰਸਟੀ ਦੀ ਸਭ ਤੋਂ ਘੱਟ ਉਮਰ ਦੀ ਡਾਕਟਰ ਬਣ ਜਾਣਾ ਵੀ। ਇਵੇਂ ਹੋਰ ਵੀ ਬਹੁਤ ਕੁਝ ਅਜਿਹਾ ਉਸ ਨਾਲ ਵਾਪਰ ਜਾਂਦਾ ਜਿਸ ਦਾ ਉਸ ਨੇ ਸੁਫਨਾ ਵੀ ਨਾ ਲਿਆ ਹੁੰਦਾ।

ਪਰ ਇੰਗਲੈਂਡ ਗਈ ਮੋਹਣੀ ਵਲ ਜਦ ਕੁੰਦਨ ਨੇ ਦੋਸਤੀ ਦਾ ਹੱਥ ਵਧਾਇਆ ਸੀ ਤਾਂ ਇਹ ਅਚਾਨਕ ਨਹੀਂ ਸੀ ਕਿਉਂਕਿ ਅਜਿਹੀਆਂ ਗੱਲਾਂ ਅਕਸਰ ਉਸ ਨਾਲ ਵਾਪਰਦੀਆਂ ਰਹਿੰਦੀਆਂ ਸਨ। ਉਸ ਨਾਲ ਕੀ ਹਰ ਔਰਤ ਨਾਲ ਵਾਪਰਦੀਆਂ ਹਨ। ਮਰਦ ਚਾਹੇ ਵਿਆਹਿਆ ਹੋਵੇ ਜਾਂ ਕੁਆਰਾ, ਔਰਤ ਦੇਖੀ ਨਹੀਂ ਕਿ ਸਬੰਧ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਨਹੀਂ। ਮੋਹਣੀ ਨੇ ਬੜੇ ਤਰੀਕੇ ਨਾਲ ਕੁੰਦਨ ਨੂੰ ਟਰਕਾ ਦਿਤਾ ਸੀ। ਫਿਰ ਜਦ ਅਗਲੇ ਸਾਲ ਕੁੰਦਨ ਦਿੱਲੀ ਯੂਨੀਵਰਸਟੀ ਆਇਆ ਤਾਂ ਮੋਹਣੀ ਆਪਣੀ ਸਹੇਲੀ ਰਸ਼ਮੀ ਨੂੰ ਦੱਸ ਰਹੀ ਸੀ,

"ਇਹੋ ਸੀ ਜਿਹੜਾ ਮੇਰੇ 'ਤੇ ਲੱਟੂ ਹੋਇਆ ਫਿਰਦਾ ਸੀ, ਅਖੇ ਤੇਰੇ ਵਿੱਚੋਂ ਮੈਨੂੰ ਪਰਫੈਕਟ ਔਰਤ ਦਿੱਸਦੀ ਏ!"

"ਸਾਲ਼ੇ ਸਾਰੇ ਮਰਦ ਇਹੋ ਕਹਿੰਦੇ ਨੇ, ਇਹ ਤਾਂ ਮੈਨੂੰ ਬਹੁਤਾ ਈ ਫੂਕੀ ਜਿਹਾ ਲੱਗਦਾ ਏ, ਭਾਸ਼ਨ ਸੁਹਣਾ ਦਿੰਦਾ ਏ ਪਰ ਨਾਲ ਦੀ ਨਾਲ ਆਪਣੀਆਂ ਈ ਤਾਰੀਫਾਂ ਵੀ ਕਰੀ ਜਾਂਦਾ ਏ, ...ਅਗਲੇ ਵੱਲ ਐਂ ਅੱਖਾਂ ਪਾੜ ਪਾੜ ਦੇਖਦਾ ਏ ਜਿਵੇਂ ਪਹਿਲਾਂ ਔਰਤ ਦੇਖੀ ਨਾ ਹੋਵੇ, ...ਕੈਂਪਸ ਵਿੱਚ ਡਾਕਟਰ ਰੌਸ਼ਨ ਨਾਲ ਇਵੇਂ ਤੁਰਦਾ ਏ ਜਿਵੇਂ ਚਾਬੀ ਦੇ ਕੇ ਕੋਈ ਖਿਡਾਉਣਾ ਛੱਡਿਆ ਹੋਵੇ! ਨਾਲੇ ਏਹਦੀਆਂ ਅੱਖਾਂ ਦੇਖ ਜਿਵੇਂ ਡੱਡੂ ਦੀਆਂ ਬਾਹਰ ਹੀ ਪਈਆਂ ਹੁੰਦੀਆਂ ਨੇ।"

ਗੱਲ ਕਰਦੀ ਰਸ਼ਮੀ ਹੱਸਦੀ ਵੀ ਜਾ ਰਹੀ ਸੀ। ਮੋਹਣੀ ਬੋਲੀ,

"ਹਾਂ ਪਰ ਰਸ਼ਮੀ, ਇਹ ਬਹੁਤ ਹੀ ਇੰਟੈਲੀਜੈਂਟ ਬੰਦਾ ਏ, ਇਹਦੀ ਆਪਣੇ ਸਬਜੈਕਟ 'ਤੇ ਬਹੁਤ ਪਕੜ ਹੁੰਦੀ ਏ।"

"ਮੇਰੀ ਪਿਆਰੀ ਮੋਹਣੀ, ਜੇ ਏਨਾ ਈ ਇੰਟੈਲੀਜੈਂਟ ਏ ਤਾਂ ਤੂੰ ਏਹਦੀ ਦੋਸਤੀ ਮਨਜ਼ੂਰ ਕਿਉਂ ਨਹੀਂ ਕੀਤੀ?"

"ਕਿਉਂਕਿ ਇਹਦੀ ਚੰਗੀ ਭਲੀ ਖੂਬਸੂਰਤ ਪਤਨੀ ਏ, ਦੋ ਬੱਚੇ ਨੇ, ਕੁੜੀ ਤਾਂ ਭਾਵੇਂ ਆਵਾਰਾ ਜਿਹੀ ਏ ਪਰ ਮੁੰਡਾ ਯੂਨੀਵਰਸਟੀ ਵਿੱਚ ਪੜ੍ਹਦਾ ਏ, ਬੀਬਾ ਏ, ...ਮੈਨੂੰ ਤਾਂ ਇਹਦੀ ਪਤਨੀ ਨੇ ਇਕ ਸੂਟ ਵੀ ਦਿਤਾ ਸੀ।"

ਮੋਹਣੀ ਦੱਸ ਰਹੀ ਸੀ। ਦਿੱਲੀ ਆਏ ਕੁੰਦਨ ਦੇ ਲੈਕਚਰ ਚੱਲਦੇ ਰਹਿੰਦੇ ਸਨ। ਮੋਹਣੀ ਅਕਸਰ ਉਸ ਦੇ ਲੈਕਚਰ ਸੁਣਨ ਜਾਂਦੀ ਤੇ ਬਾਅਦ ਉਸ ਨੂੰ ਮਿਲ ਕੇ ਤਾਰੀਫ ਵੀ ਕਰਦੀ ਪਰ ਮੁੜ ਕੇ ਕੁੰਦਨ ਨੇ ਉਸ ਵੱਲ ਕਦੇ ਕੋਈ ਕਦਮ ਨਹੀਂ ਸੀ ਵਧਾਇਆ। ਹੁਣ ਤਕ ਮੋਹਣੀ ਦੀ ਕਵਿਤਾਵਾਂ ਦੀ ਇਕ ਕਿਤਾਬ ਆ ਚੁੱਕੀ ਸੀ ਤੇ ਹਰ ਸਾਹਿਤਕ ਮਹਿਫਲ ਵਿੱਚ ਉਹ ਆਪਣੀਆਂ ਕਵਿਤਾਵਾਂ ਪੜ੍ਹਿਆ ਕਰਦੀ, ਬਹੁਤੀ ਵਾਰ ਤਰੰਨਮ ਵਿੱਚ ਪੜ੍ਹਦੀ। ਇਵੇਂ ਮਹਿਫਲ ਵਿੱਚ ਉਸ ਦੀ ਵਿਸ਼ੇਸ਼ ਜਗਾਹ ਬਣ ਜਾਂਦੀ। ਡਾਕਟਰ ਰੌਸ਼ਨ ਉਸ ਦੀ ਬਹੁਤ ਇੱਜ਼ਤ ਕਰਦਾ ਸੀ। ਉਹ

ਨਰਮ ਜਿਹੇ ਸੁਭਾਅ ਦੀ ਮਾਲਕਣ ਸੀ ਇਸ ਲਈ ਉਸ ਦੇ ਸਾਰਿਆਂ ਨਾਲ ਹੀ ਸਬੰਧ ਠੀਕ ਸਨ। ਯੂਨੀਵਰਸਟੀ ਦੀ ਸਿਆਸਤ ਦਾ ਉਸ ਉਪਰ ਬਹੁਤਾ ਅਸਰ ਨਹੀਂ ਸੀ।...

ਫਿਰ ਇਕ ਦਿਨ ਮੋਹਣੀ ਨੂੰ ਇਕ ਅਣਕਿਆਸੀ ਕਾਲ ਆਈ। ਰਾਤ ਦੇ ਗਿਆਰਾਂ ਵੱਜ ਚੁੱਕੇ ਸਨ। ਉਹ ਸੌਣ ਦੀ ਤਿਆਰੀ ਕਰ ਰਹੀ ਸੀ। ਰਾਤ ਨੂੰ ਫੋਨ ਦੀ ਘੰਟੀ ਵੱਜਣ 'ਤੇ ਸਾਰੇ ਹੀ ਡਰ ਜਾਂਦੇ ਹਨ। ਉਹਨਾਂ ਦੇ ਘਰ ਰਾਤ ਦੇ ਵਕਤ ਕਦੇ ਵੀ ਕੋਈ ਫੋਨ ਨਹੀਂ ਸੀ ਆਇਆ। ਮੋਹਣੀ ਨੇ ਹੀ ਫੋਨ ਉਠਾਇਆ। ਦੂਜੇ ਪਾਸਿਓਂ ਭਾਰੀ ਜਿਹੀ ਆਵਾਜ਼ ਵਿੱਚ ਮਰਦ ਬੋਲਿਆ,

"ਜੀ, ਮੈਂ ਡਾਕਟਰ ਮੋਹਣੀ ਨੂੰ ਮਿਲਣਾ ਏਂ।"

"ਦੱਸੋ, ਬੋਲ ਰਹੀ ਆਂ।"

"ਮੋਹਣੀ ਜੀ, ਮੈਂ ਕੁੰਦਨ ਸਿੰਘ ਕੁੰਦਨ ਬੋਲ ਰਿਹਾਂ ਲੰਡਨ ਤੋਂ।"

"ਹੈਲੋ, ਕੁੰਦਨ ਜੀ, ਸਤਿ ਸ੍ਰੀ ਅਕਾਲ! ਕਿਵੇਂ, ਠੀਕ ਓ?"

"ਮੈਂ ਬਿਲਕੁਲ ਠੀਕ ਆਂ, ਤੁਸੀਂ ਖ਼ਬਰ ਸੁਣੀ ਏ ਕਿ ਮੇਰੀ ਪਤਨੀ ਦੀ ਡੈੱਥ ਹੋ ਗਈ ਏ?"

"ਓਹ! ਆਈ ਐਮ ਸੌਰੀ! ਮੈਨੂੰ ਨਹੀਂ ਸੀ ਪਤਾ, ਕਈ ਦਿਨ ਹੋ ਗਏ ਮੈਂ ਯੂਨੀਵਰਸਟੀ ਨਹੀਂ ਗਈ, ਕਿਸੇ ਦੋਸਤ ਨਾਲ ਮੁਲਾਕਾਤ ਵੀ ਨਹੀਂ ਹੋਈ। ...ਕੀ ਗੱਲ ਹੋ ਗਈ, ਬਿਮਾਰ ਸਨ?"

"ਬਸ ਅਚਾਨਕ ਕੁਝ ਹੋਇਆ ਕਿ ਡਾਕਟਰਾਂ ਦੀ ਸਮਝ ਵਿੱਚ ਕੁਝ ਨਹੀਂ ਆਇਆ, ਇੰਡੀਆ ਆਈ ਸੀ, ਹੈਥੋਂ ਈ ਕੋਈ ਬਿਮਾਰੀ ਲੈ ਆਈ, ਜਾਂ ਕੁਝ ਹੋਰ, ਪਤਾ ਹੀ ਨਹੀਂ ਚੱਲਿਆ ਤੇ ਸਾਨੂੰ ਸਭ ਨੂੰ ਛੱਡ ਕੇ ਤੁਰਦੀ ਬਣੀ।"

"ਕੁੰਦਨ ਜੀ, ਮੈਨੂੰ ਬਹੁਤ ਅਫਸੋਸ ਏ!"

"ਮੋਹਣੀ ਜੀ, ਮੈਂ ਤੁਹਾਨੂੰ ਵਿਆਹ ਲਈ ਪਰੋਪੋਜ਼ ਕਰਨਾ ਚਾਹੁੰਨਾ!"

ਕੁੰਦਨ ਨੇ ਕਿਹਾ ਪਰ ਮੋਹਣੀ ਦੀ ਤਾਂ ਜਿਵੇਂ ਜ਼ੁਬਾਨ ਬੰਦ ਹੋ ਗਈ ਹੋਵੇ। ਉਹ ਕਾਫੀ ਦੇਰ ਤਕ ਉਵੇਂ ਹੀ ਫੋਨ ਫੜ ਕੇ ਖੜੀ ਰਹੀ। ਇਹ ਗੱਲ ਕਦੇ ਉਸ ਨੇ ਸੋਚੀ ਵੀ ਨਹੀਂ ਸੀ ਕਿ ਕੁੰਦਨ ਉਸ ਨੂੰ ਇਵੇਂ ਪ੍ਰੋਪੋਜ਼ ਕਰੇਗਾ। ਉਸ ਨੂੰ ਕੁੰਦਨ ਬਹੁਤ ਹੀ ਅਜੀਬ ਜਿਹਾ ਬੰਦਾ ਲਗਿਆ ਕਿ ਇਕ ਪਾਸੇ ਤਾਂ ਪਤਨੀ ਦੀ ਮੌਤ ਦੀ ਖ਼ਬਰ ਸੁਣਾ ਰਿਹਾ ਹੈ ਤੇ ਦੂਜੇ ਪਾਸੇ ਵਿਆਹ ਲਈ ਪ੍ਰੋਪੋਜ਼ ਕਰ ਰਿਹਾ ਹੈ। ਕੁੰਦਨ ਫਿਰ ਬੋਲਿਆ,

"ਦੱਸੋ, ਤੁਸੀਂ 'ਹਾਂ' ਕਹਿੰਦੇ ਹੋ ਕਿ 'ਨਾਂਹ'?"

"ਕੁੰਦਨ ਜੀ, ਮੈਂ ਏਨੀ ਜਲਦੀ ਫੈਸਲਾ ਕਿਵੇਂ ਕਰ ਸਕਦੀ ਆਂ, ਹੁਣ ਤਾਂ ਸੌਣ ਦਾ ਵਕਤ ਹੋ ਰਿਹਾ ਏ, ਇਸ ਵਕਤ ਮੇਰੇ ਲਈ ਕੋਈ ਵੀ ਜਵਾਬ ਦੇਣਾ ਮੁਸ਼ਕਲ ਏ।"

"ਠੀਕ ਏ ਮੈਂ ਤੁਹਾਨੂੰ ਕੱਲ ਨੂੰ ਫੋਨ ਕਰਾਂਗਾ, ਮੈਂ ਤਾਂ ਕਹਾਂਗਾ ਕਿ 'ਹਾਂ' ਕਰੋ ਤੇ ਕੱਲ ਨੂੰ ਹੀ ਇੰਗਲੈਂਡ ਲਈ ਚੜ੍ਹ ਆਵੋ।"

"ਕੁੰਦਨ ਜੀ, ਏਨੀ ਕਾਹਲੀ ਵਿੱਚ ਮੈਂ ਕਿਸੇ ਨਤੀਜੇ ਤੇ ਨਹੀਂ ਪੁੱਜ ਸਕਦੀ, ਮੈਨੂੰ ਸੋਚਣ ਲਈ ਵਕਤ ਚਾਹੀਦਾ ਏ।"

"ਮੈਂ ਕੱਲ ਫੋਨ ਕਰਾਂਗਾ।"

ਆਖ ਕੇ ਕੁੰਦਨ ਨੇ ਫੋਨ ਰੱਖ ਦਿਤਾ। ਮੋਹਣੀ ਸੋਚਾਂ ਵਿੱਚ ਡੁੱਬ ਗਈ। ਉਸ ਦੀ ਮਾਂ ਫੋਨ ਸੁਣ ਕੇ ਜਾਗ ਪਈ ਸੀ ਤੇ ਛੋਟੀ ਭਰਜਾਈ ਵੀ। ਉਸ ਨੇ ਮਾਂ ਨੂੰ ਸਾਰੀ ਗੱਲ ਦੱਸਣ ਲੱਗੀ। ਜਦ ਤਕ ਭਰਜਾਈ ਅੰਮ੍ਰਿਤ ਵੀ ਆ ਗਈ। ਮਾਂ ਬਹੁਤ ਖੁਸ਼ ਸੀ। ਭਰਜਾਈ ਬੋਲੀ,

"ਦੀਦੀ, ਇਸ ਤੋਂ ਚੰਗਾ ਮੌਕਾ ਕਿਹੜਾ ਹੋਏਗਾ, ਕੁੰਦਨ ਦਾ ਨਾਂ ਵੀ ਵੱਡਾ ਏ ਤੇ ਇੰਗਲੈਂਡ ਵਿੱਚ ਏ, ਉਮਰ ਦਾ ਦਸ ਸਾਲ ਦਾ ਫਰਕ ਜ਼ਰੂਰ ਏ ਪਰ ਇਸ ਤੋਂ ਵਧੀਆ ਰਿਸ਼ਤਾ ਕੋਈ ਨਹੀਂ ਜੁੜਨਾ।"

ਅੰਮ੍ਰਿਤ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਂਕ ਸੀ ਤੇ ਉਹ ਕੁੰਦਨ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਮੋਹਣੀ ਅਗਲੇ ਦਿਨ ਡਾਕਟਰ ਹਰੀ ਸਿੰਘ ਨਾਲ ਸਲਾਹ ਕਰਨ ਚਲੇ ਗਈ। ਡਾਕਟਰ ਹਰੀ ਸਿੰਘ ਕੁੰਦਨ ਦੀ ਵਿਦਵਤਾ ਤੋਂ ਤਾਂ ਪ੍ਰਭਾਵਿਤ ਸੀ ਪਰ ਉਸ ਨੂੰ ਮਨੁੱਖ ਦੇ ਤੌਰ 'ਤੇ ਬਹੁਤਾ ਪਸੰਦ ਨਹੀਂ ਸੀ। ਨਾਲ ਦੀ ਨਾਲ ਉਹ ਸੋਚ ਰਿਹਾ ਸੀ ਕਿ ਮੋਹਣੀ ਦੀ ਇਹੋ ਉਮਰ ਹੈ ਵਿਆਹ ਦੀ, ਜੇ ਹੋਰ ਲੇਟ ਹੋ ਗਈ ਤਾਂ ਬਹੁਤ ਲੇਟ ਹੋ ਜਾਵੇਗੀ ਇਸ ਲਈ ਉਸ ਨੇ ਆਪਣੀ ਸਹੀ ਪਾ ਦਿਤੀ। ਫਿਰ ਉਸ ਨੇ ਡਾਕਟਰ ਰੌਸ਼ਨ ਨਾਲ ਸਲਾਹ ਕਰਨੀ ਚਾਹੀ ਕਿਉਂਕਿ ਕੁੰਦਨ ਉਸ ਕੁੰਦਨ ਉਸ ਦੇ ਬਹੁਤ ਕਰੀਬ ਸੀ। ਡਾਕਟਰ ਰੌਸ਼ਨ ਨੂੰ ਪਹਿਲਾਂ ਹੀ ਸਾਰੀ ਗੱਲ ਦੀ ਖ਼ਬਰ ਸੀ। ਅਸਲ ਵਿਚ ਕੁੰਦਨ ਨੇ ਵੀ ਕਈ ਪਾਸੇ ਸਲਾਹ ਕਰਕੇ ਹੀ ਉਸ ਨੂੰ ਇਹ ਪ੍ਰਸਤਾਵ ਰੱਖਿਆ ਸੀ।...

ਮੋਹਣੀ ਦਾ ਨਾਂ ਕੁੰਦਨ ਦੇ ਮਨ ਵਿੱਚ ਪਹਿਲਾਂ ਹੀ ਆ ਗਿਆ ਸੀ। ਉਸ ਨੂੰ ਤਾਂ ਮੋਹਣੀ ਪਹਿਲੇ ਦਿਨ ਹੀ ਪਸੰਦ ਆ ਗਈ ਸੀ। ਡਾਕਟਰ ਪਤਨੀ ਦਾ ਪਤੀ ਬਣਨਾ ਉਸ ਦੇ ਸੁਫਨਿਆਂ ਵਿੱਚ ਸ਼ਾਮਲ ਵੀ ਸੀ। ਉਹ ਬਹੁਤੀਆਂ ਸਲਾਹਾਂ ਬਨਫੂਲ ਨਾਲ ਹੀ ਕਰਿਆ ਕਰਦਾ ਸੀ। ਉਸ ਨੇ ਬਨਫੂਲ ਨੂੰ ਕਿਹਾ,

"ਲੈ ਬਈ ਸੁਫਨਾ ਪੂਰਾ ਹੁੰਦਾ ਦਿਸਦਾ, ਡਾਕਟਰ ਮੋਹਣੀ ਨੂੰ ਪਰੋਪੋਜ਼ ਬਾਰੇ ਸੋਚ ਰਿਹਾਂ।"

"ਤੂੰ ਉਹਨੂੰ ਚੰਗੀ ਤਰਾਂ ਜਾਣਦਾ ਵੀ ਐਂ?"

"ਮੈਂ ਡਾਕਟਰ ਰੌਸ਼ਨ ਰਾਹੀਂ ਪਤਾ ਕਰ ਲਿਆ ਸਾਰਾ। ਵਧੀਆ ਜੌਬ ਏ, ਬੈਂਕ ਬੈਲੈਂਸ ਵੀ ਏ ਤੇ ਰੋਹਨੀ ਦੇ ਇਲਾਕੇ ਵਿੱਚ ਫਲੈਟ ਵੀ।"

"ਫੇਰ ਪਾਧਾ ਉਡੀਕਦਾਂ?"

"ਅੜਿੱਕਾ ਇਹ ਵੇ ਕਿ ਪਹਿਲਾਂ ਉਹ ਦੋ ਕੁ ਅਸਫਲ ਜਿਹੇ ਇਸ਼ਕ ਕਰ ਚੁੱਕੀ ਏ, ਪਤਾ ਨਹੀਂ ਹੁਣ ਉਸ ਨੇ ਕਿਸੇ ਹੋਰ ਪਾਸੇ ਕੁਮੈਟਮੈਂਟ ਨਾ ਕਰ ਲਈ ਹੋਵੇ।"

"ਕੁੰਦਨ ਸਿਆਂ, ਤੂੰ ਆਪਣਾ ਆਲੂ ਰੋੜ੍ਹ ਦੇਹ, ਬਾਕੀ ਅਗਲੀ ਦੀ ਮਰਜ਼ੀ।"

"ਬਨਫੂਲ, ਜੇ ਇਹ ਗੱਲ ਬਣ ਗਈ ਤਾਂ ਮੈਂ ਗਿਆ ਫੇਰ ਦਿੱਲੀ, ਦੇਖੀਂ ਫੇਰ ਤੇਰਾ ਭਾਊ ਕਿਤਰਾਂ ਛਾਉਂਦਾ ਇਕ ਵਾਰ ਜਾ ਕੇ, ...ਇਕ ਤਾਂ ਘਰਵਾਲੀ ਡਾਕਟਰ ਤੇ ਦੂਜੇ ਹੁਣ ਮੈਂ ਵੀ ਬਣਿਆਂ ਈ ਬਣਿਆਂ!"

ਕੁੰਦਨ ਨੇ ਮੋਹਣੀ ਨਾਲ ਆਪਣੇ ਰਿਸ਼ਤੇ ਨੂੰ ਲੈ ਕੇ ਕਈ ਸੁਫਨੇ ਬੁਣਨੇ ਸ਼ੁਰੂ ਕਰ ਦਿਤੇ ਸਨ। ਉਸ ਨੂੰ ਯਕੀਨ ਸੀ ਕਿ ਮੋਹਣੀ ਕਦੇ ਨਾਂਹ ਕਰ ਹੀ ਨਹੀਂ ਸਕਦੀ। ਉਹ ਤਾਂ ਪਹਿਲਾਂ ਹੀ ਉਸ ਦੀ ਕਾਇਲ ਸੀ, ਵਿਆਹਿਆ ਹੋਣ ਕੇ ਦੂਰ ਭੱਜ ਰਹੀ ਸੀ। ਹੁਣ ਜੇ ਕਿਸੇ ਹੋਰ ਨਾਲ ਉਸ ਦੇ ਸਬੰਧ ਹੋਏ ਵੀ ਤਾਂ ਉਹਦੇ ਕਰਕੇ ਤੋੜ ਕੇ ਔਹ ਸੁਟ ਦੇਵੇਗੀ। ਉਸ ਤੋਂ ਵਧੀਆ ਪਤੀ ਮੋਹਣੀ ਨੂੰ ਹੋਰ ਕਿਥੋਂ ਮਿਲੇਗਾ। ਉਸ ਨੇ ਪਾਇਲ ਤੇ ਅਮਰਜੋਤ ਨੂੰ ਵੀ ਸਾਰੀ ਗੱਲ ਦੱਸ ਦਿਤੀ ਹੋਈ ਸੀ। ਅਮਰਜੋਤ ਤਾਂ ਕੁਝ ਬੋਲਿਆ ਹੀ ਨਹੀਂ ਸੀ ਕਰਦਾ, ਹਾਲੇ ਪਾਇਲ ਆਪਣੀਆਂ ਸਲਾਹਾਂ ਦੇਣ ਲੱਗ ਪੈਂਦੀ ਸੀ। ਪਾਇਲ ਦਿਲੋਂ ਚਾਹੁੰਦੀ ਸੀ ਕਿ ਕੁੰਦਨ ਹੋਰ ਵਿਆਹ ਨਾ ਕਰਾਵੇ ਪਰ ਉਹ ਉਸ ਦੀ ਇਕੱਲ ਨੂੰ ਵੀ ਸਮਝਦੀ ਸੀ।...

ਕੁੰਦਨ ਨੇ ਫਿਰ ਦਿੱਲੀ ਫੋਨ ਕੀਤਾ ਤੇ ਆਖਣ ਲੱਗਿਆ,

"ਜੀ, ਮੋਹਣੀ ਜੀ, ਕਦੋਂ ਆ ਰਹੇ ਓ?"

"ਕੁੰਦਨ ਜੀ, ਮੈਂ ਹਾਲੇ ਫੈਸਲਾ ਨਹੀਂ ਕਰ ਸਕੀ।"

"ਤੁਹਾਡੀ ਕਿਸੇ ਨਾਲ ਕੋਈ ਕੁਮੈਟਮੈਂਟ ਤਾਂ ਨਹੀਂ, ਮੇਰਾ ਮਤਲਬ ਕੋਈ ਸੀਰੀਅਸ ਅਫੇਅਰ ਤਾਂ ਨਹੀਂ ਚੱਲ ਰਿਹਾ?"

"ਨਹੀਂ, ਐਸੀ ਕੋਈ ਗੱਲ ਨਹੀਂ, ਉਹ ਸਭ ਬੀਤੇ ਦੀਆਂ ਗੱਲਾਂ ਨੇ।"

"ਫਿਰ ਕੀ ਸੋਚ ਰਹੇ ਓ? ...ਚੁੱਪ ਕਰਕੇ ਟਿਕਟ ਲਵੋ ਤੇ ਚੜ੍ਹ ਆਵੋ।"

ਕੁੰਦਨ ਕਾਹਲਾ ਪੈ ਰਿਹਾ ਸੀ।

ਕਾਹਲੀ ਤਾਂ ਹੁਣ ਮੋਹਣੀ ਵੀ ਪੈਣ ਲੱਗੀ ਸੀ। ਉਸ ਨੂੰ ਵੀ ਇਹ ਰਿਸ਼ਤਾ ਬਹੁਤ ਠੀਕ ਜਾਪ ਰਿਹਾ ਸੀ। ਸਭ ਨੇ ਹਾਮੀ ਭਰ ਦਿਤੀ ਸੀ। ਸਿਰਫ ਡਾਕਟਰ ਰੌਸ਼ਨ ਨੇ ਕਿਹਾ ਸੀ,

"ਸੋਚ ਲੈ ਕੁੜੀਏ, ਕੁੰਦਨ ਹੈਗਾ ਰੱਫ-ਟੱਫ ਬੰਦਾ ਤੇ ਤੂੰ ਠਹਿਰੀ ਮਲੂਕ ਜਿਹੀ!"

ਮੋਹਣੀ ਸੋਚ ਰਹੀ ਸੀ ਕਿ ਕਿੰਨਾ ਕੁ ਰੱਫ-ਟੱਫ ਹੋ ਲਵੇਗਾ! ਆਖਰ ਵਿਦਵਾਨ ਬੰਦਾ ਹੈ, ਲੇਖਕ ਹੈ, ਸੰਵੇਦਨਸ਼ੀਲ ਤਾਂ ਹੋਵੇਗਾ ਹੀ। ਉਸ ਨੇ ਕੁੰਦਨ ਦੇ ਪ੍ਰਸਤਾਵ ਨੂੰ ਮੰਨ ਲਿਆ। ਕੁੰਦਨ ਹਰ ਰੋਜ਼ ਹੀ ਫੋਨ ਕਰਨ ਲੱਗਿਆ ਕਿ ਜਲਦੀ ਤੋਂ ਜਲਦੀ ਆ ਜਾ। ਉਸ ਨੇ ਆਪਣੇ ਕਾਲਜ ਤੋਂ ਲੰਮੀ ਛੁੱਟੀ ਲਈ ਤੇ ਲੰਡਨ ਲਈ ਸੀਟ ਬੁੱਕ ਕਰਾ ਲਈ।...

ਮੋਹਣੀ ਦੇ ਆਉਣ ਦਾ ਕੁੰਦਨ ਨੂੰ ਪਤਾ ਚੱਲਿਆ ਤਾਂ ਉਹ ਚਾਅ ਵਿੱਚ ਉਡਣ ਲੱਗਿਆ। ਉਹ ਨੇ ਪਾਇਲ ਨੂੰ ਸੱਦਿਆ ਤੇ ਸਾਰੀ ਗੱਲ ਦੱਸੀ। ਮਨਜੀਤ ਦੇ ਮਰਨ ਤੋਂ ਬਾਅਦ ਪਾਇਲ ਨਾਲ ਉਸ ਦੀ ਕਾਫੀ ਨੇੜਤਾ ਹੋ ਗਈ ਸੀ। ਨਿਤ ਫੋਨ ਕਰਕੇ ਸਾਰੀ ਸਲਾਹ ਉਸ ਨਾਲ ਕਰਦਾ। ਉਹ ਇਕ ਦਮ ਬੋਲੀ,

"ਡੈਡ, ਜੇ ਮੋਹਣੀ ਆ ਗਈ ਤਾਂ ਤੁਸੀਂ ਮੈਨੂੰ ਪਹਿਲਾਂ ਜਿਹਾ ਪਿਆਰ ਨਹੀਂ ਕਰਨਾ!"

"ਇਹ ਕਿਵੇਂ ਹੋ ਜਾਊ, ਤੂੰ ਮੇਰੀ ਧੀ ਏਂ, ਉਹ ਤੇਰੇ ਤੋਂ ਮੂਹਰੇ ਤਾਂ ਨਹੀਂ ਹੋਣ ਲੱਗੀ!"

"ਤੁਹਾਨੂੰ ਇਹ ਕਿੱਦਾਂ ਪਤਾ ਚੱਲੇਗਾ ਕਿ ਉਹ ਦਿਲੋਂ ਤੁਹਾਡੇ ਨਾਲ ਰਹਿਣਾ ਚਾਹੁੰਦੀ ਐ ਕਿ ਸਿਰਫ ਇੰਗਲੈਂਡ ਖਾਤਰ ਆਈ ਐ? ...ਜਿੱਦਾਂ ਉਹ ਫਰੈਂਡ਼ੀ ਸੀ ਜਿਹਦੇ ਨਾਲ ਮੇਰਾ ਤੁਸੀਂ ਮੱਲੋ ਮੱਲੀ ਵਿਆਹ ਕਰ ਦਿਤਾ ਸੀ।"

"ਮੈਂ ਹਾਲੇ ਉਹਦੇ ਨਾਲ ਓਤਰਾਂ ਈ ਰਹਿ ਕੇ ਦੇਖਣਾ ਏਂ, ਜੇ ਉਹਦੇ ਮਨ ਵਿੱਚ ਕੋਈ ਗੜਬੜ ਹੋਈ ਤਾਂ ਪਤਾ ਚੱਲ ਜਾਏਗਾ ਤੇ ਮੈਂ ਉਹਨੂੰ ਵਾਪਸ ਤੁਰਦੀ ਕਰਾਂਗਾ, ਮੈਂ ਉਹਦੇ ਨਾਲ ਵਿਆਹ ਉਹਨੂੰ ਪੂਰੀ ਤਰ੍ਹਾਂ ਚੈੱਕ ਕਰ ਹੀ ਕਰਾਵਾਂਗਾ।"

"ਡੈਡ, ...ਬੈਟਰ, ਡੌਂਟ ਡੂ ਐਨੀ ਸੈਕਸ ਵਿਦ ਹਰ!"

20-ਦਿੱਲੀ ਦੂਰ ਨਹੀਂ

ਕੁੰਦਨ ਨੂੰ ਹੁਣ ਦਿੱਲੀ ਸਾਹਮਣੇ ਦਿੱਸਣ ਲੱਗ ਪਈ ਸੀ। ਇਕ ਦਿਨ ਉਸ ਨੇ ਬਨਫੂਲ ਨੂੰ ਆਪਣੇ ਘਰ ਸੱਦਿਆ। ਉਸ ਨੂੰ ਉਹ ਪਾਰਟੀ ਕਰਨੀ ਚਾਹੁੰਦਾ ਸੀ। ਬਨਫੂਲ ਨਾਲ ਬੈਠਾ ਬੈਠਾ ਉਹ ਕੁਝ ਜ਼ਿਆਦਾ ਹੀ ਸ਼ਰਾਬੀ ਹੋ ਗਿਆ। ਉਹ ਕਹਿਣ ਲੱਗਿਆ,

"ਭਾਊ ਬਨਫੂਲ, ਦੇਖ, ਰੋਹੜੂ ਦਾ ਜੇਠੂ, ਹੁਣ ਚੱਲਿਆਂ ਜੇ ਇੰਡੀਆ ਦੀ ਰਾਜਧਾਨੀ!"

"ਤੂੰ ਪਹਿਲਾਂ ਈ ਲੰਡਨ ਵਿੱਚ ਬੈਠਾਂ, ਲੰਡਨ ਦੁਨੀਆਂ ਦੀ ਰਾਜਧਾਨੀ ਐਂ।"

"ਸਾਡਾ ਲੰਡਨ ਵਿੱਚ ਵਸਣਾ ਕਾਹਦਾ ਵਸਣਾ! ਅਸੀਂ ਤਾਂ ਵਾਕਫ ਹੀ ਸੌ ਬੰਦੇ ਦੇ ਹੋਵਾਂਗੇ ਜਾਂ ਦੋ ਸੌ ਦੇ, ਅੰਗਰੇਜ਼ ਤਾਂ ਸਾਨੂੰ ਕੋਈ ਜਾਣਦਾ ਈ ਨਹੀਂ, ਸਾਡੀ ਛੋਟੇ ਜਿਹੇ ਭਾਈ ਚਾਰੇ ਤਕ ਹੀ ਪਹੁੰਚ ਏ, ਮੈਨੂੰ ਤਾਂ ਲੰਡਨ ਰਹਿ ਕੇ ਵੀ ਲੱਗਦਾ ਏ ਕਿ ਮੈਂ ਹਾਲੇ ਰੋਹੜੂ ਵਿੱਚ ਈ ਆਂ, ਦਿੱਲੀ ਸਾਡੀ ਅਸਲੀ ਰਾਜਧਾਨੀ ਏ।"

"ਕੁੰਦਨ ਸਿਆਂ, ਏਨੇ ਸਾਲ ਇੰਗਲੈਂਡ ਵਿੱਚ ਰਹਿ ਕੇ ਇੰਡੀਆ ਰਹਿਣਾ ਔਖਾ ਹੋ ਜਾਂਦਾ, ...ਦੇਖੀਂ ਤੂੰ ਸਿਰ 'ਤੇ ਪੈਰ ਰੱਖ ਕੇ ਵਾਪਸ ਦੌੜੇਂਗਾ!"

"ਬਨਫੂਲ, ਮੈਂ ਬਹੁਤ ਜ਼ਿੱਦੀ ਆਦਮੀ ਆਂ, ਜਿਹੜਾ ਫੈਸਲਾ ਲੈਨਾਂ ਉਹਦੇ ਤੇ ਪੂਰਾ ਉਤਰਦਾਂ, ਮਰਦਾ ਮਰ ਜਾਊਂ ਪਰ ਇਤਰਾਂ ਵਾਪਸ ਨਹੀਂ ਆਉਣ ਲੱਗਿਆ।"

"ਤੇਰੀ ਜੌਬ?"

"ਉਹ ਪਤਾ ਕਰ ਲਿਆ ਮੈਂ, ਅਰਲੀ ਰਿਟਾਇਰਮੈਂਟ ਲੈ ਲੈਣੀ ਆਂ।"

ਕੁੰਦਨ ਨੇ ਆਪਣੇ ਸੁਭਾਅ ਮੁਤਾਬਕ ਸਾਰੇ ਪਰੋਗਰਾਮ ਬਣਾ ਰੱਖੇ ਸਨ।...

ਮੋਹਣੀ ਨੇ ਚਾਰ ਵਜੇ ਸ਼ਾਮ ਏਅਰਪੋਰਟ 'ਤੇ ਪੁੱਜਣਾ ਸੀ। ਕੁੰਦਨ ਉਸ ਲਈ ਵਿਸ਼ੇਸ਼ 'ਜੀ ਆਇਆਂ' ਦਾ ਇੰਤਜ਼ਾਮ ਕਰਨਾ ਚਾਹੁੰਦਾ ਸੀ। ਉਸ ਨੇ ਪਾਇਲ ਨੂੰ ਵੀ ਸੱਦ ਲਿਆ, ਅਮਰਜੋਤ ਨੂੰ ਕ੍ਰਿਸਮਸ ਦੀਆਂ ਛੁੱਟੀਆਂ ਸਨ। ਕੁੰਦਨ ਦਾ ਉਤਸ਼ਾਹ ਦੇਖ ਕੇ ਪਾਇਲ ਬੋਲੀ,

"ਡੈਡ, ਤੁਸੀਂ ਉਸ ਔਰਤ ਨੂੰ ਜਾਣਦੇ ਵੀ ਨਹੀਂ ਫਿਰ ਏਨੀ ਤਿਆਰੀ ਕਿਉਂ ਕਰੀ ਜਾ ਰਹੇ ਓ!"

"ਉਹ ਮੇਰੀ ਹੋਣ ਵਾਲੀ ਪਤਨੀ ਏ।"

"ਤੁਹਾਨੂੰ ਕੀ ਪਤਾ ਕਿ ਉਹ ਕਿਹੋ ਜਿਹੀ ਹੋਵੇਗੀ?"

"ਆਸ ਏ ਚੰਗੀ ਈ ਹੋਵੇਗੀ ਪਰ ਉਸ ਦੀ ਆਦਰਯੋਗ ਰਿਸੈਪਸ਼ਨ ਤਾਂ ਚਾਹੀਦੀ ਹੀ ਏ।"

"ਐਜ਼ ਯੂ ਵਿਸ਼!"

ਪਾਇਲ ਨੇ ਭੈੜਾ ਜਿਹਾ ਮੂੰਹ ਬਣਾਉਂਦਿਆਂ ਆਖਿਆ।

ਕੁੰਦਨ ਨੇ ਚਾਰ ਰੰਗੇ ਫੁੱਲਾਂ ਦੇ ਵਿਸ਼ੇਸ਼ ਗੁਲਦਸਤੇ ਦਾ ਇੰਤਜ਼ਾਮ ਕੀਤਾ। ਸਿਆਲ ਹੋਣ ਕਰਕੇ ਫੁੱਲ ਬਹੁਤ ਮਹਿੰਗੇ ਸਨ। ਉਸ ਨੇ ਦੋ ਹਾਰ ਵੀ ਲੈ ਲਏ ਤਾਂ ਜੋ ਮੋਹਣੀ ਦੇ ਉਤਰਦਿਆਂ ਹੀ ਇਕ ਦੂਜੇ ਦੇ ਗਲ਼ ਵਿੱਚ ਪਾ ਦੇਣ ਤੇ ਵਿਆਹ ਦੀ ਰਸਮ ਉਥੇ ਹੀ ਹੋ ਜਾਵੇ। ਉਸ ਨੇ ਮੋਹਣੀ ਲਈ ਲਾਲ ਰੰਗ ਦੇ ਸੂਟ ਵੀ ਸੰਵਾ ਲਏ। ਸੂਟਾਂ ਦੇ ਨਾਪ ਬਾਰੇ ਉਸ ਨੇ ਅੰਦਾਜ਼ਾ ਲਗਾ ਲਿਆ ਸੀ ਕਿ ਮਨਜੀਤ ਕੌਰ ਵਰਗਾ ਡੀਲ-ਡੌਲ ਹੀ ਸੀ ਉਸਦਾ। ਪਹਿਲਾਂ ਉਹ ਸੋਚ ਰਿਹਾ ਸੀ ਕਿ ਕੁਝ ਹੋਰ ਦੋਸਤਾਂ ਨੂੰ ਏਅਰਪੋਰਟ 'ਤੇ ਨਾਲ ਲੈ ਜਾਵੇ ਪਰ ਫਿਰ ਇਰਾਦਾ ਬਦਲ ਲਿਆ। ਅਮਰਜੋਤ ਦੇ ਮਨ ਵਿੱਚ ਇਹ ਦੇਖਣ ਦੀ ਕੁਝ ਕੁ ਉਤੇਜਨਾ ਸੀ ਕਿ ਕੀ ਹੋਵੇਗਾ ਪਰ ਪਾਇਲ ਖੁਸ਼ ਨਹੀਂ ਸੀ। ਪਿਛਲੇ ਦਿਨਾਂ ਵਿੱਚ ਕੁੰਦਨ ਹਰ ਵੇਲੇ ਮੋਹਣੀ ਦੀਆਂ ਗੱਲਾਂ ਕਰਦਾ ਰਿਹਾ ਸੀ ਜਿਸ ਕਾਰਨ ਪਾਇਲ ਨੂੰ ਮੋਹਣੀ ਨਾਲ ਈਰਖਾ ਹੋਣ ਲੱਗਦੀ। ਉਹ ਤਿੰਨੇ ਚਾਰ ਵਜੇ ਹੀਥਰੋ ਪੁੱਜ ਗਏ। ਫਲਾਈਟ ਵਕਤ ਸਿਰ ਹੀ ਪੁੱਜ ਰਹੀ ਸੀ। ਦਿੱਲੀ ਤੋਂ ਆਈ ਫਲਾਈਟ ਦੀਆਂ ਸਵਾਰੀਆਂ ਬਾਹਰ ਨਿਕਲਣ ਲੱਗੀਆਂ। ਕੁਝ ਦੇਰ ਬਾਅਦ ਮੋਹਣੀ ਵੀ ਆਪਣੀ ਟਰਾਲੀ ਧਕਦੀ ਹੋਈ ਆ ਗਈ। ਉਹ ਤਿੰਨੋਂ ਹੀ ਉਸ ਵੱਲ ਅਹੁਲੇ। ਮੋਹਣੀ ਨੇ ਵੀ ਉਹਨਾਂ ਨੂੰ ਦੇਖ ਲਿਆ ਸੀ। ਕੁੰਦਨ ਨੇ ਦੋਵੇਂ ਹੱਥ ਜੋੜ ਕੇ ਮੋਹਣੀ ਨੂੰ ਸਤਿ ਸ੍ਰੀ ਆਕਾਲ ਬੁਲਾਈ, ਅਮਰਜੋਤ ਨੇ ਵੀ। ਪਾਇਲ ਨੇ ਖਾਲੀ ਹੈਲੋ ਹੀ ਕਿਹਾ। ਕੁੰਦਨ ਨੇ ਫੁੱਲਾਂ ਦਾ ਗੁਲਦਸਤਾ ਮੋਹਣੀ ਨੂੰ ਦੇ ਦਿਤਾ ਤੇ ਬੋਲਿਆ,

"ਵੈੱਲਕੰਮ ਟੂ ਲੰਡਨ!"

ਅਮਰਜੋਤ ਇਕ ਹਾਰ ਮੋਹਣੀ ਨੂੰ ਫੜਾਉਂਦਿਆਂ ਬੋਲਿਆ,

"ਇਹ ਤੁਹਾਡੇ ਲਈ ਐ, ਤੁਸੀਂ ਡੈਡ ਦੇ ਪਾ ਦਿਓ।"

ਮੋਹਣੀ ਨੂੰ ਬਹੁਤੀ ਗੱਲ ਸਮਝ ਨਹੀਂ ਸੀ ਲੱਗ ਰਹੀ। ਕੁੰਦਨ ਨੇ ਹਾਰ ਮੋਹਣੀ ਦੇ ਗਲ਼ ਵਿੱਚ ਪਾ ਦਿਤਾ ਤੇ ਅਮਰਜੋਤ ਦੇ ਦੁਬਾਰਾ ਕਹਿਣ 'ਤੇ ਮੋਹਣੀ ਨੇ ਕੁੰਦਨ ਦੇ ਗਲ਼ ਵਿੱਚ। ਅਮਰਜੋਤ ਨੇ ਦੋਨਾਂ ਨੂੰ ਵਧਾਈਆਂ ਦੇ ਦਿਤੀਆਂ। ਫਿਰ ਉਹ ਛੋਟੀਆਂ ਗੱਲਾਂ ਕਰਦੇ ਤੁਰ ਪਏ। ਕੁਝ ਮਿੰਟਾਂ ਵਿੱਚ ਹੀ ਘਰ ਆ ਗਏ। ਘਰ ਵਿੱਚ ਚਾਹ-ਪਾਣੀ ਤੇ ਨਾਲ ਸਮੋਸੇ ਤੇ ਮਠਿਆਈ ਵੀ ਰੱਖੀ ਹੋਈ ਸੀ। ਚਾਹ-ਪਾਣੀ ਪੀ ਕੇ ਕੁੰਦਨ ਮੋਹਣੀ ਨੂੰ ਕਹਿਣ ਲੱਗਿਆ,

"ਆਓ, ਤੁਹਾਨੂੰ ਮੈਂ ਘਰ ਦਿਖਾ ਦੇਵਾਂ।"

ਮੋਹਣੀ ਕੁੰਦਨ ਦੇ ਮਗਰ ਮਗਰ ਤੁਰ ਪਈ। ਕੁੰਦਨ ਨੇ ਉਪਰਲੇ ਤਿੰਨੋ ਬੈੱਡਰੂਮ ਦਿਖਾਏ, ਫਿਰ ਰਸੋਈ ਤੇ ਗਾਰਡਨ ਵੀ ਪਰ ਉਸ ਨੇ ਹੇਠਲਾ ਫਰੰਟ ਰੂਮ ਨਾ ਦਿਖਾਇਆ। ਉਸ ਵਿੱਚੋਂ ਹਾਲੇ ਵੀ ਸਿਗਰਟਾਂ ਦਾ ਮੁਸ਼ਕ ਆ ਰਿਹਾ ਹੋਵੇਗਾ। ਉਸ ਨੇ ਕਮਰੇ ਦੀ ਸਫਾਈ ਕੀਤੀ ਸੀ ਤੇ ਖਿੜਕੀ ਵੀ ਖੁਲ੍ਹੀ ਰੱਖੀ ਹੋਈ ਸੀ ਪਰ ਉਸ ਨੂੰ ਪਤਾ ਸੀ ਧੂੰਏਂ ਦਾ ਮੁਸ਼ਕ ਅਸਾਨੀ ਨਾਲ ਨਹੀਂ ਜਾਂਦਾ। ਕੁੰਦਨ ਨੇ ਮੋਹਣੀ ਤੋਂ ਇੰਡੀਆ ਨੂੰ ਉਸ ਦੇ ਪੁੱਜਣ ਦਾ ਫੋਨ ਕਰਵਾ ਦਿਤਾ ਤੇ ਆਪ ਵੀ ਮੋਹਣੀ ਦੀ ਮਾਂ ਤੇ ਭਰਾ-ਭਰਜਾਈ ਨਾਲ ਗੱਲਾਂ ਵੀ ਕੀਤੀਆਂ।

ਮੋਹਣੀ ਅਮਰਜੋਤ ਤੇ ਪਾਇਲ ਨਾਲ ਨੇੜਤਾ ਪੈਦਾ ਕਰਨ ਲਈ ਗੱਲਬਾਤ ਕਰਨ ਲੱਗੀ। ਕੁੰਦਨ ਰਸੋਈ ਵਿੱਚ ਜਾ ਕੇ ਓਵਨ ਖੋਹਲ ਕੇ ਬਣ ਰਹੇ ਕ੍ਰਿਸਮਸ-ਡਿਨਰ ਦਾ ਜਾਇਜ਼ਾ ਲਿਆ। ਫਿਰ ਉਸ ਨੇ ਡਾਈਨਿੰਗ ਟੇਬਲ ਵਾਈਨ, ਵੋਦਕੇ ਤੇ ਵਿਸਕੀ ਦੀਆਂ ਬੋਤਲਾਂ ਸਜਾਉਣੀਆਂ ਸ਼ੁਰੂ ਕਰ ਦਿਤੀਆਂ। ਅਮਰਜੋਤ ਵੀ ਉਠ ਕੇ ਉਸ ਦੀ ਮੱਦਦ ਕਰਨ ਲੱਗ ਪਿਆ। ਕੁੰਦਨ ਨੇ ਪੁੱਛਿਆ,

"ਮੋਹਣੀ ਜੀ, ਕੀ ਲਵੋਂਗੇ, ਵਾਈਨ ਜਾਂ ਕੁਝ ਹੋਰ?"

"ਕੁੰਦਨ ਜੀ, ਮੈਂ ਤਾਂ ਨਹੀਂ ਪੀਂਦੀ।"

"ਕੋਈ ਗੱਲ ਨਹੀਂ, ਥੋੜੀ ਜਿਹੀ ਵਾਈਨ ਲੈ ਲਵੋ, ਇਸ ਵਿੱਚ ਕੁਝ ਨਹੀਂ ਹੁੰਦਾ।"

ਮੋਹਣੀ ਦੇ ਜਵਾਬ ਨੂੰ ਉਡੀਕੇ ਬਿਨਾਂ ਕੁੰਦਨ ਨੇ ਉਸ ਲਈ ਵਾਈਨ ਦਾ ਇਕ ਗਲਾਸ ਬਣਾ ਦਿਤਾ। ਆਪਣੇ ਲਈ ਵਿਸਕੀ ਦਾ ਪੈੱਗ ਤੇ ਪਾਇਲ ਲਈ ਵੋਦਕੇ ਦਾ ਬਣਾ ਲਿਆ। ਅਮਰਜੋਤ ਨੇ ਪਹਿਲਾਂ ਬੀਅਰ ਪੀਣੀ ਸੀ ਤੇ ਫਿਰ ਵਿਸਕੀ ਦਾ ਇਕ ਪੈੱਗ। ਕੁੰਦਨ ਨੇ ਸਭ ਦੇ ਜਾਮ ਉਹਨਾਂ ਨੂੰ ਪਕੜਾਏ ਤੇ ਆਪਣੇ ਪੈੱਗ ਨੂੰ ਉਪਰ ਉਠਾਉਂਦਾ ਬੋਲਿਆ,

"ਮੈਰੀ ਕ੍ਰਿਸਮਸ ਟੂ ਐਵਰੀਬੋਡੀ!"

ਮੋਹਣੀ ਨੇ ਵੀ ਆਪਣਾ ਗਲਾਸ ਉਪਰ ਕਰ ਦਿਤਾ। ਫਿਰ ਉਸ ਨੇ ਇਕ ਘੁੱਟ ਭਰਿਆ। ਪਿਛਲੀ ਵਾਰੀ ਇੰਗਲੈਂਡ ਆਈ ਤਾਂ ਉਸ ਨੇ ਵਾਈਨ ਪੀਤੀ ਸੀ। ਫਿਰ ਉਹ ਸਾਰੇ ਨਿੱਕੀਆਂ ਨਿੱਕੀਆਂ ਗੱਲਾਂ ਕਰਨ ਲੱਗੇ। ਮੋਹਣੀ ਨੂੰ ਇਹ ਮਹੌਲ ਚੰਗਾ ਲਗਿਆ। ਕੁੰਦਨ ਦੋ ਕੁ ਵਾਰ ਗੁਸਲ ਜਾਣ ਦੇ ਬਹਾਨੇ ਸਿਗਰਟ ਪੀ ਆਇਆ ਸੀ। ਪਾਇਲ ਨੇ ਆਪਣਾ ਪੈੱਗ ਮੁਕਾਉਣ ਤੋਂ ਬਾਅਦ ਸਿਗਰਟ ਲਾ ਲਈ। ਮੋਹਣੀ ਨੇ ਇਕ ਵਾਰ ਉਸ ਵਲ ਹੋਰਵੇਂ ਦੇਖਿਆ ਤੇ ਫਿਰ ਸਹਿਜ ਹੋ ਗਈ। ਕੁੰਦਨ ਦੋ ਕੁ ਪੈੱਗ ਤੋਂ ਬਾਅਦ ਨਸ਼ੇ ਵਿੱਚ ਆ ਗਿਆ। ਉਸ ਨੂੰ ਪਾਇਲ ਨੇ ਸਿਗਰਟ ਫੜਾ ਦਿਤੀ ਤੇ ਉਹ ਵੀ ਸਾਹਮਣੇ ਹੀ ਪੀਣ ਲਗਿਆ। ਮੋਹਣੀ ਇਕ ਵਾਰ ਤਾਂ ਹਿੱਲ ਗਈ। ਉਸ ਨੂੰ ਨਹੀਂ ਸੀ ਪਤਾ ਕਿ ਕੁੰਦਨ ਸਿਗਰਟ ਪੀਂਦਾ ਹੈ। ਇਹ ਗੱਲ ਨਹੀਂ ਸੀ ਕਿ ਉਸ ਦੇ ਚੌਗਿਰਦੇ ਵਿਚ ਲੋਕ ਸਿਗਰਟਾਂ ਨਹੀਂ ਸਨ ਪੀਂਦੇ ਪਰ ਉਸ ਦਾ ਆਪਣਾ ਪਰਿਵਾਰ ਸਿੱਖੀ ਰਹਿਤਾਂ ਵਾਲਾ ਸੀ। ਉਹ ਆਪ ਗੁਰਦਵਾਰੇ ਦੀ ਨਿੱਤ ਨੇਮਣ ਸੀ। ਕੀਰਤਨ ਵੀ ਕਰਦੀ। ਸ਼ਬਦ ਵੀ ਗਾਇਆ ਕਰਦੀ ਸੀ। ਕਮਰੇ ਵਿੱਚ ਗੁਰੂ ਨਾਨਕ ਦੇਵ ਦੀ ਤੇ ਗੁਰੂ ਗੋਬਿੰਦ ਸਿੰਘ ਦੀ ਲਗੀ ਤਸਵੀਰ ਇਸ ਗੱਲ ਦੀ ਗਵਾਹੀ ਭਰਦੀ ਸੀ ਕਿ ਕੁੰਦਨ ਦਾ ਪਰਿਵਾਰ ਇਕ ਸਿੱਖ ਪਰਿਵਾਰ ਸੀ ਫਿਰ ਸਿਗਰਟਾਂ ਕਿਉਂ, ਇਹ ਸਵਾਲ ਉਸ ਦੇ ਮਨ ਵਿੱਚ ਪਲ ਕੁ ਲਈ ਉਠਿਆ ਪਰ ਫਿਰ ਸ਼ਾਂਤ ਹੋ ਗਿਆ।

ਅਮਰਜੋਤ ਨੇ ਰਸੋਈ ਵਿੱਚੋਂ ਆ ਕੇ ਐਲਾਨ ਕੀਤਾ ਕਿ ਟਰਕੀ ਤਿਆਰ ਹੈ। ਸਾਰੇ ਖਾਣੇ ਦੀ ਤਿਆਰੀ ਕਰਨ ਲੱਗੇ। ਅਮਰਜੋਤ ਤੇ ਕੁੰਦਨ ਨੇ ਖਾਣੇ ਮੇਜ਼ ਤੇ ਲਗਾਇਆ। ਮੋਹਣੀ ਨੇ ਉਠ ਕੇ ਉਹਨਾਂ ਦੀ ਮੱਦਦ ਕਰਨੀ ਚਾਹੀ ਪਰ ਕੁੰਦਨ ਨੇ ਉਸ ਨੂੰ ਬੈਠੇ ਰਹਿਣ ਲਈ ਕਿਹਾ। ਜਦ ਖਾਣਾ ਪਲੇਟਾਂ ਵਿੱਚ ਆ ਗਿਆ ਤਾਂ ਮੋਹਣੀ ਇਸ ਨੂੰ ਖਾਣ ਤੋਂ ਝਿਜਕ ਰਹੀ ਸੀ। ਕੁੰਦਨ ਸਮਝ ਗਿਆ ਤੇ ਕਹਿਣ ਲੱਗਿਆ,

"ਮੋਹਣੀ ਜੀ, ਇਸ ਵਿਚ ਬੀਫ ਨਹੀਂ ਏ, ਇਹ ਟਰਕੀ ਏ, ਇਹ ਚਿਕਨ ਵਰਗਾ ਜਾਨਵਰ ਹੁੰਦਾ ਏ, ਇਸ ਨੂੰ ਕ੍ਰਿਸਮਸ ਦਾ ਵੱਡਾ ਖਾਣਾ ਸਮਝਿਆ ਜਾਂਦਾ ਏ।"

"ਕੁੰਦਨ ਜੀ, ਟਰਕੀ ਦਾ ਤਾਂ ਮੈਨੂੰ ਪਤਾ ਏ, ਮੈਂ ਬੀਫ ਤੋਂ ਡਰਦੀ ਆਂ।"

"ਬੀਫ ਅਸੀਂ ਵੀ ਬਹੁਤ ਘੱਟ ਖਾਂਦੇ ਹਾਂ, ਬਰਗਰ ਬਗੈਰਾ ਹੀ। ...ਆਹ ਇਕ ਪਾਸੇ ਤੁਹਾਡੇ ਲਈ ਮਿਰਚ-ਮਸਾਲਾ ਰੱਖੇ ਹੋਏ ਨੇ ਕਿਉਂਕਿ ਅੰਗਰੇਜ਼ੀ ਖਾਣੇ ਵਿੱਚ ਇਹ ਨਹੀਂ ਵਰਤੇ ਜਾਂਦੇ।"

ਕੁੰਦਨ ਉਸ ਨੂੰ ਦੱਸ ਰਿਹਾ ਸੀ। ਉਸ ਨੇ ਮੋਹਣੀ ਨੂੰ ਇਕ ਹੋਰ ਗਲਾਸ ਭਰ ਦਿਤਾ ਪਰ ਮੋਹਣੀ ਦਾ ਇਕ ਗਲਾਸ ਨਾਲ ਹੀ ਬੁਰਾ ਹਾਲ ਹੋ ਰਿਹਾ ਸੀ ਪਰ ਉਸ ਨੂੰ ਇਹ ਸਭ ਚੰਗਾ ਚੰਗਾ ਲਗ ਰਿਹਾ ਸੀ। ਸਿਗਰਟਾਂ ਵਾਲਾ ਰੋੜ ਜ਼ਰੂਰ ਰੜਕ ਰਿਹਾ ਸੀ, ਨਹੀਂ ਤਾਂ ਇਹੋ ਹੀ ਉਹ ਚਾਹੁੰਦੀ ਸੀ ਕਿ ਇਕ ਪਰਿਵਾਰ ਵਿੱਚ ਉਹ ਇਵੇਂ ਹੀ ਬੈਠੀ ਹੋਵੇ। ਉਸ ਨੂੰ ਘਰ ਮਿਲ ਗਿਆ ਸੀ, ਏਨਾ ਜ਼ਹੀਨ ਤੇ ਵੱਡੇ ਨਾਂ ਵਾਲਾ ਪਤੀ, ਉਸ ਨੂੰ ਹੋਰ ਕੀ ਚਾਹੀਦਾ ਸੀ। ਉਹ ਕੁਝ ਦੇਰ ਹੋਰ ਬੈਠੇ। ਪਾਇਲ ਨੇ ਉਸ ਨੂੰ ਉਹ ਕਮਰਾ ਦਿਖਾ ਦਿਤਾ ਜਿਥੇ ਉਸ ਨੇ ਸੌਣਾ ਸੀ। ਕੁੰਦਨ ਬੋਲਿਆ,

"ਮੋਹਣੀ ਜੀ, ਤੁਸੀਂ ਸਫਰ ਦੇ ਥੱਕੇ ਹੋਵੋਂਗੇ, ਸੌਂ ਜਾਵੋ, ਸਵੇਰੇ ਜਲਦੀ ਉਠਾਂਗੇ ਤੇ ਗੱਲਾਂ ਕਰਾਂਗੇ।

ਸਵੇਰੇ ਪਾਇਲ ਨਾਸ਼ਤਾ ਕਰ ਕੇ ਸਭ ਨੂੰ ਅਲਵਿਦਾ ਕਹਿੰਦੀ ਇਲਫੋਰਡ ਆਪਣੇ ਫਲੈਟ ਨੂੰ ਚਲੇ ਗਈ। ਕੁੰਦਨ ਮੋਹਣੀ ਦਾ ਹੱਥ ਫੜ ਆਪਣੇ ਬੈੱਡਰੂਮ ਵਿੱਚ ਲੈ ਗਿਆ। ਇਹ ਦਿਨ ਉਸ ਦੀ 'ਸੁਹਾਗ ਰਾਤ' ਸੀ। ਜਦ ਉਸ ਨੇ ਮੋਹਣੀ ਨੂੰ ਬਾਹਾਂ ਵਿੱਚ ਲਿਆ ਤਾਂ ਉਹ ਬੋਲੀ,

"ਕੁੰਦਨ ਜੀ, ਹਾਲੇ ਤਾਂ ਆਪਣਾ ਵਿਆਹ ਵੀ ਨਹੀਂ ਹੋਇਆ!"

"ਮੋਹਣੀ ਜੀ, ਵਿਆਹ ਤਾਂ ਕੱਲ ਆਪਣਾ ਏਅਰਪੋਰਟ 'ਤੇ ਹੀ ਹੋ ਗਿਆ ਸੀ, ਜਦ ਆਪਾਂ ਇਕ ਦੂਜੇ ਦੇ ਹਾਰ ਪਾ ਲਏ ਸਨ। ਹਾਂ, ਕੋਰਟ ਮੈਰਿਜ ਆਪਾਂ ਛੁੱਟੀਆਂ ਤੋਂ ਬਾਅਦ ਇਕ ਦਮ ਕਰ ਲੈਣੀ ਏ ਤੇ ਧਾਰਮਿਕ ਵਿਆਹ ਤੁਸੀਂ ਜਦ ਕਹਿੰਦੇ ਹੋ ਕਰ ਲੈਂਦੇ ਹਾਂ, ਇਥੇ ਕਰਨਾ ਇਥੇ ਨਹੀਂ ਤਾਂ ਇੰਡੀਆ ਚਲੇ ਚੱਲਾਂਗੇ।"

ਆਖਦਾ ਕੁੰਦਨ ਹੋਰ ਅਗੇ ਵਧਣ ਲੱਗਿਆ। ਮੋਹਣੀ ਰੋਕਦੀ ਰਹੀ ਪਰ ਉਹ ਵਧਦਾ ਗਿਆ। ਮੋਹਣੀ ਨੂੰ ਵੀ ਇਹ ਸਭ ਚੰਗਾ ਲਗ ਰਿਹਾ ਸੀ। ਉਸ ਨੇ ਅਚਾਨਕ ਦੇਖਿਆ ਕਿ ਕੁੰਦਨ ਸਹਿਵਾਸ ਲਈ ਤਿਆਰ ਨਹੀਂ ਹੈ। ਉਸ ਨੂੰ ਜ਼ਰਾ ਕੁ ਹੈਰਾਨੀ ਹੋਈ ਤੇ ਡਰ ਵੀ ਲਗਿਆ ਕਿ ਕੋਈ ਗੜਬੜ ਹੀ ਨਾ ਹੋਵੇ। ਕੁੰਦਨ ਨੇ ਉਠ ਕੇ ਸਿਗਰਟ ਪੀਤੀ, ਕਮਰੇ ਵਿੱਚ ਇਕ ਗੇੜਾ ਕੱਢਿਆ ਤੇ ਮੁੜ ਬਿਸਤਰ ਵਿੱਚ ਆ ਪਿਆ।...

ਸ਼ਾਮ ਨੂੰ ਉਹ ਗੁਰਦਵਾਰੇ ਗਏ। ਕੁੰਦਨ ਤਾਂ ਕਦੇ ਕਦਾਈਂ ਹੀ ਜਾਂਦਾ ਸੀ ਪਰ ਇਹ ਮੋਹਣੀ ਦੀ ਫਰਮਾਇਸ਼ ਸੀ। ਉਹ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਪਤੀ-ਪਤਨੀ ਦੇ ਤੌਰ 'ਤੇ ਮੱਥਾ ਟੇਕਣਾ ਚਾਹੁੰਦੀ ਸੀ। ਸਾਧਾਰਣ ਹਾਲਾਤ ਵਿੱਚ ਕੁੰਦਨ ਉਸ ਨੂੰ ਰਾਮਗੜ੍ਹੀਆ ਗੁਰਦਵਾਰੇ ਲੈ ਕੇ ਜਾਂਦਾ ਪਰ ਉਥੇ ਉਸ ਦੀ ਵਾਕਫੀ ਬਹੁਤ ਸੀ। ਸਾਰੀ ਮੈਨੇਜਮੈਂਟ ਉਸ ਨੂੰ ਜਾਣਦੀ ਸੀ ਇਸ ਲਈ ਉਹ ਮੋਹਣੀ ਨੂੰ ਵੱਡੇ ਗੁਰਦਵਾਰੇ ਲੈ ਗਿਆ। ਕੁੰਦਨ ਨੇ ਵੀ ਮੋਹਣੀ ਦੇ ਨਾਲ ਹੀ ਮੱਥਾ ਟੇਕਿਆ। ਮੋਹਣੀ ਮਿੰਟ ਕੁ ਲਈ ਅੱਖਾਂ ਮੀਟ ਕੇ ਵਾਹਿਗੁਰੂ ਤੋਂ ਕੁਝ ਮੰਗਦੀ ਰਹੀ। ਵਾਪਸ ਮੁੜਦਿਆਂ ਮੋਹਣੀ ਨੇ ਅਚਾਨਕ ਪੁੱਛਿਆ,

"ਕੁੰਦਨ ਜੀ, ਤੁਹਾਡੀ ਜ਼ਾਤ ਕੀ ਏ?"

ਕੁੰਦਨ ਨੇ ਉਸ ਵਲ ਦੇਖਿਆ ਤੇ ਹੱਸਣ ਲੱਗਿਆ ਤੇ ਬੋਲਿਆ,

"ਵਾਹ! ਅਸੀਂ ਵਿਆਹ ਵੀ ਕਰਾ ਲਿਆ ਤੇ ਤੁਹਾਨੂੰ ਮੇਰੀ ਜ਼ਾਤ ਦਾ ਵੀ ਨਹੀਂ ਪਤਾ! ਅਸੀਂ ਕੰਬੋਅ-ਜੱਟ ਹੁੰਦੇ ਆਂ।"

"ਇਹ ਜੱਟ ਤਾਂ ਮੈਂ ਸੁਣਿਆਂ, ਸਾਡੇ ਗਵਾਂਡ ਸੰਧੂ ਰਹਿੰਦੇ ਨੇ ਪਰ ਕੰਬੋਅ-ਜੱਟ ਨਹੀਂ ਕਦੇ ਸੁਣਿਆਂ।"

"ਮੋਹਣੀ ਜੀ, ਜ਼ਾਤ ਨਾਲ ਤੁਹਾਨੂੰ ਕੋਈ ਫਰਕ ਪੈਂਦਾ ਏ?"

"ਬਿਲਕੁਲ ਨਹੀਂ ਪੈਂਦਾ ਜੀ, ਇਹ ਤਾਂ ਮੇਰੀ ਮਾਂ ਮੈਨੂੰ ਪੁੱਛਦੀ ਸੀ ਮੈਂ ਕਿਹਾ ਸੀ ਕਿ ਉਹਨਾਂ ਦੀ ਜ਼ਾਤ ਲੇਖਕ ਏ।"

"ਬਿਲਕੁਲ ਠੀਕ ਕਿਹਾ ਤੁਸੀਂ, ਸਾਡੀ ਜ਼ਾਤ ਲੇਖਕ ਹੀ ਏ।"

"ਇਹ 'ਕੁੰਦਨ' ਤਾਂ ਤੁਹਾਡਾ ਤਖੱਲਸ ਏ ਪਰ ਸਰਨੇਮ ਕੀ ਏ?"

"ਸਰਨੇਮ ਸਾਡਾ ਢੋਟ ਏ ਤੇ ਤੁਹਾਡਾ?"

"ਸਾਡਾ ਧੰਜਲ ਏ।"

"ਤੁਸੀਂ ਤਖਾਣ ਓ?"

"ਤੁਹਾਨੂੰ ਨਹੀਂ ਪਤਾ? ਡਾਕਟਰ ਹਰੀ ਸਿੰਘ ਸਾਡੇ ਰਿਸ਼ਤੇਦਾਰ ਨੇ।"

"ਓਹ, ਆਈ ਸੀ! ਮੈਂ ਤਾਂ ਤੁਹਾਨੂੰ ਭਾਪੇ ਹੀ ਸਮਝਦਾ ਰਿਹਾ! ...ਵਾਹ! ਕੈਸਾ ਵਿਆਹ ਏ ਸਾਡਾ ਕਿ ਸਾਨੂੰ ਇਕ ਦੂਜੇ ਦੀ ਜ਼ਾਤ-ਗੋਤ ਦਾ ਵੀ ਨਹੀਂ ਪਤਾ।"

ਉਹ ਦੋਵੇਂ ਹੀ ਇਸ ਗੱਲ ਤੇ ਹੱਸਣ ਲੱਗੇ। ਦੋਨਾਂ ਨੂੰ ਹੀ ਇਕ ਦੂਜੇ ਦੀ ਗੱਲਬਾਤ ਵਿੱਚ ਇਮਾਨਦਾਰੀ ਦਿਸੀ। ਦੋਵੇਂ ਹੀ ਇਕ ਦੂਜੇ ਦੇ ਹੋਰ ਨੇੜੇ ਆਉਣ ਲੱਗੇ। ਕੁੰਦਨ ਨੂੰ ਮੋਹਣੀ ਦੀ ਸਹਿਜਤਾ ਤੇ ਨਿਸ਼ੰਗਤਾ ਜਿਹੀ ਚੰਗੀ ਲੱਗ ਰਹੀ ਸੀ। ਮਨਜੀਤ ਵਿੱਚ ਤਾਂ ਇਹ ਗੱਲ ਹੈ ਹੀ ਨਹੀਂ ਸੀ। ਮੋਹਣੀ ਸੋਚ ਰਹੀ ਸੀ ਕਿ ਉਹ ਬਿਨਾਂ ਵਿਆਹ ਤੋਂ ਉਸ ਦੀ ਪਤਨੀ ਬਣ ਕੇ ਕੋਈ ਬੁਰਾ ਨਹੀਂ ਸੀ ਕੀਤਾ। ਭਾਵੇਂ ਆਉਣ ਵਾਲੇ ਦਿਨਾਂ ਵਿੱਚ ਹਮਬਿਸਤਰੀ ਵੇਲੇ ਸ਼ਰਾਬੀ ਹੋਏ ਕੁੰਦਨ ਦੇ ਸੁਭਾਅ ਵਿਚਲਾ ਤਸ਼ੱਦਦ ਚੰਗਾ ਨਹੀਂ ਸੀ ਲੱਗਿਆ ਪਰ ਫਿਰ ਵੀ ਉਹ ਪ੍ਰਸੰਨ ਸੀ। ਛੁੱਟੀਆਂ ਤਕ ਦਿਨ ਵਿਆਹ ਵਾਂਗ ਲੰਘੇ। ਫਿਰ ਅਮਰਜੋਤ ਵਾਪਸ ਯੂਨੀਵਰਸਟੀ ਚਲੇ ਗਿਆ ਤੇ ਕੁੰਦਨ ਨੇ ਕੰਮ ਤੇ ਜਾਣਾ ਸ਼ੁਰੂ ਕਰ ਦਿਤਾ। ਕਈ ਵਾਰੀ ਮੋਹਣੀ ਉਸ ਦੇ ਨਾਲ ਹੀ ਚਲੇ ਜਾਂਦੀ ਤੇ ਡਾਕਖਾਨੇ ਦੇ ਨਾਲ ਪੈਂਦੀ ਲਾਇਬਰੇਰੀ ਵਿੱਚ ਜਾ ਬੈਠਦੀ। ਕਈ ਵਾਰ ਘਰ ਹੀ ਰਹਿ ਜਾਂਦੀ ਤਾਂ ਜੋ ਘਰ ਦਾ ਕੰਮ ਕਰ ਸਕੇ। ਘਰ ਦੇ ਕੰਮ ਕਰਨ ਦੀ ਉਸ ਨੂੰ ਬਹੁਤੀ ਆਦਤ ਨਹੀਂ ਸੀ ਕਿਉਂਕਿ ਉਹਦੀ ਭਰਜਾਈ ਜਾਂ ਮਾਂ ਹੀ ਰੋਟੀ ਪਾਣੀ ਤੇ ਸਾਫ-ਸਫਾਈ ਦਾ ਕੰਮ ਕਰਦੀਆਂ ਸਨ, ਫਿਰ ਵੀ ਜਿੰਨਾ ਕੁ ਹੁੰਦਾ ਉਹ ਕਰ ਦਿੰਦੀ। ਜਦ ਕਦੇ ਵੀ ਕੁੰਦਨ ਨੂੰ ਵਕਤ ਮਿਲਦਾ, ਉਹ ਆਪਣੀਆਂ ਕਿਤਾਬਾਂ ਮੋਹਣੀ ਨੂੰ ਦਿਖਾਉਂਦਾ ਆਪਣੀ ਵਿਦਵਤਾ ਦਾ ਰੋਅਬ ਪਾਉਣ ਲੱਗਦਾ। ਮੋਹਣੀ ਵੀ ਉਸ ਨਾਲ ਸਾਹਿਤਕ ਵਿਸ਼ਿਆਂ ਨੂੰ ਲੈ ਕੇ ਬਹਿਸਾਂ ਕਰਦੀ। ਅਜਿਹੀਆਂ ਬਹਿਸਾਂ ਕਰਨੀਆਂ ਕੁੰਦਨ ਨੂੰ ਚੰਗੀਆਂ ਲੱਗਦੀਆਂ। ਉਸ ਨੂੰ ਡਾਕਟਰਨੀ ਨਾਲ ਵਿਆਹ ਕਰਾਉਣ ਦਾ ਮਜ਼ਾ ਆਉਣ ਲੱਗਦਾ। ਉਹ ਉਸ ਨਾਲ ਆਪਣੇ ਥੀਸਸ ਬਾਰੇ ਸਲਾਹਾਂ ਕਰਦਾ ਤੇ ਆਪਣੇ ਨਵੇਂ ਨਾਵਲ ਬਾਰੇ ਵੀ ਜਿਸ ਨੂੰ ਲਿਖਣ ਦੀ ਉਹ ਕਾਫੀ ਦੇਰ ਤੋਂ ਤਿਆਰੀ ਕਰ ਰਿਹਾ ਸੀ।

ਕੁੰਦਨ ਦੇ ਮੋਹਣੀ ਨਾਲ ਵਿਆਹ ਦੀ ਖ਼ਬਰ ਸਾਰੇ ਹੀ ਸਾਹਿਤਕ ਹਲਕਿਆਂ ਵਿੱਚ ਇਕ ਦਮ ਫੈਲ ਗਈ। ਸਾਰੇ ਲੇਖਕ ਦੋਸਤ ਹੈਰਾਨ ਵੀ ਸਨ ਤੇ ਕੁੰਦਨ ਨਾਲ ਈਰਖਾ ਵੀ ਕਰ ਰਹੇ ਸਨ। ਉਹ ਕਹਿੰਦੇ ਕਿ ਉਸ ਨੂੰ ਤਾਂ ਪਤਨੀ ਦਾ ਮਰਨਾ ਬਹੁਤ ਰਾਸ ਆ ਗਿਆ ਸੀ; ਕੁਪੱਤੀ ਪਤਨੀ ਤੋਂ ਖਹਿੜਾ ਛੁੱਟ ਗਿਆ, ਬੀਮੇ ਦੇ ਪੈਸੇ ਮਿਲ ਗਏ ਉਪਰੋਂ ਦੀ ਜਵਾਨ ਤੇ ਡਾਕਟਰ ਨਵੀਂ-ਨਕੋਰ ਪਤਨੀ ਵੀ।

ਇਕ ਦਿਨ ਕਿਸੇ ਦਾ ਫੋਨ ਆਇਆ। ਕੁੰਦਨ ਨੇ ਹੀ ਚੁੱਕਿਆ। ਦੂਜੇ ਪਾਸੇ ਔਰਤ ਦੀ ਆਵਾਜ਼ ਸੀ। ਉਹ ਬੋਲੀ,

"ਕੁੰਦਨ ਜੀ, ਮੇਰਾ ਨਾਂ ਕਮਲਜੀਤ ਏ, ਪਾਰਕ ਐਵੇਨਿਊ ਤੇ ਰਹਿੰਨੀ ਆਂ, ਮੈਂ ਮਨਜੀਤ ਦੀ ਸਹੇਲੀ ਆਂ, ਤੁਸੀਂ ਕਈ ਵਾਰੀ ਸਾਡੇ ਘਰ ਆ ਚੁੱਕੇ ਓ।"

"ਬਿਲਕੁਲ ਕਮਲਜੀਤ ਜੀ, ਮੈਨੂੰ ਯਾਦ ਏ, ਤੁਸੀਂ ਮਨਜੀਤ ਕੋਰ ਦੇ ਖਾਸ ਫ੍ਰੈਂਡ ਓ। ...ਕੀ ਹਾਲ ਏ ਤੁਹਾਡਾ?"

"ਮੇਰਾ ਹਾਲ ਤਾਂ ਠੀਕ ਏ ਪਰ ਤੁਹਾਡਾ ਹਾਲ ਠੀਕ ਨਹੀਂ ਜਾਪਦਾ!"

"ਕੀ ਮਤਲਬ ਤੁਹਾਡਾ?"

"ਤੁਸੀਂ ਵਿਆਹ ਬੇਸ਼ੱਕ ਕਰਾ ਲੈਂਦੇ ਪਰ ਮਨਜੀਤ ਦਾ ਸਿਵਾ ਤਾਂ ਠੰਡਾ ਹੋ ਲੈਣ ਦਿੰਦੇ!"

"ਤੁਸੀਂ ਕੌਣ ਹੁੰਦੇ ਓ ਮੇਰੇ ਘਰ ਵਿੱਚ ਦਖਲ ਦੇਣ ਵਾਲੇ, ਤੁਸੀਂ ਆਪ ਤਾਂ ਆਪਣੇ ਆਦਮੀ ਨੂੰ ਇੰਡੀਆ ਵਾੜ ਛੱਡਿਆ ਏ ਤੇ ਹੁਣ ਦੂਜਿਆਂ ਦੇ ਘਰਾਂ ਵਿੱਚ ਝਾਕਣ ਡਹੇ ਓ!"

ਪਹਿਲਾਂ ਕੁੰਦਨ ਨੇ ਹੌਲੀ ਆਵਾਜ਼ ਵਿੱਚ ਕਿਹਾ ਤੇ ਫਿਰ ਗਾਲ੍ਹੀਂ ਉਤਰ ਆਇਆ। ਉਸ ਔਰਤ ਨੇ ਕਾਹਲੀ ਨਾਲ ਫੋਨ ਰੱਖ ਦਿਤਾ। ਕੁੰਦਨ ਹੈਰਾਨ ਹੋਇਆ ਸੋਚਦਾ ਜਾ ਰਿਹਾ ਸੀ ਕਿ ਲੋਕ ਕਿੰਨੇ ਘੋਖੀ ਹਨ, ਕਿਵੇਂ ਦੂਜੇ ਦੀ ਗੱਲ ਵਿੱਚ ਆਪਣਾ ਨੱਕ ਵਾੜ ਦਿੰਦੇ ਹਨ। ਮੋਹਣੀ ਨੂੰ ਇਸ ਗੱਲ ਦਾ ਪਤਾ ਚੱਲਿਆ ਤਾਂ ਉਸ ਦੇ ਮਨ ਨੂੰ ਹਲਕੀ ਜਿਹੀ ਠੇਸ ਵੱਜੀ ਜਿਵੇਂ ਕਿ ਉਹ ਹੀ ਇਸ ਦੀ ਕਸੂਰਵਾਰ ਹੋਵੇ।

ਛੇਤੀ ਹੀ ਕੁੰਦਨ ਸਿੰਘ ਨੇ ਵਿਆਹ ਨੂੰ ਰਜਿਸਟਰ ਕਰਨ ਲਈ ਅਪਲਾਈ ਕਰ ਦਿਤਾ। ਇਸ ਨੂੰ ਕੁਝ ਹਫਤੇ ਲੱਗ ਜਾਣੇ ਸਨ। ਇਕ ਦਿਨ ਮੋਹਣੀ ਨੇ ਕਿਹਾ,

"ਕੁੰਦਨ ਜੀ, ਮੈਨੂੰ ਕੋਈ ਕੰਮ ਈ ਲੱਭ ਦਿਓ।"

ਇਹ ਸੁਣ ਕੇ ਕੁੰਦਨ ਹੱਸਣ ਲੱਗਿਆ ਤੇ ਬੋਲਿਆ,

"ਆਪਣੇ ਹੱਥ ਦੇਖ ਜ਼ਰਾ, ਇਹ ਕੰਮ ਕਰਨ ਵਾਲ਼ੇ ਹੈਗੇ ਨੇ ਭਲਾ!"

"ਕਿਉਂ?"

"ਇਥੇ ਕੰਮ ਬਹੁਤੇ ਫੈਕਟਰੀਆਂ ਦੇ ਨੇ, ਤੇਰੀ ਪੜ੍ਹਾਈ ਇਥੇ ਕੋਈ ਮੈਹਨੇ ਨਹੀਂ ਰਖਾਉਂਦੀ, ਇਥੇ ਡਾਕਟਰੀ ਸਿਰਫ ਰੋਅਬ ਪਾਉਣ ਲਈ ਈ ਹੁੰਦੀ ਏ।"

21-ਮੈਂ ਡਾਕਟਰ

ਢਾਈ ਸਾਲ ਤੋਂ ਉਤੇ ਹੋ ਗਏ ਸਨ ਉਸ ਨੂੰ ਪੀ ਐਚ. ਡੀ. ਲਈ ਰਜਿਸਟਰ ਹੋਇਆਂ, ਇੰਨਾ ਕੁ ਹੀ ਸਮਾਂ ਹੋ ਗਿਆ ਸੀ ਆਪਣੇ ਨਾਂ ਨਾਲ ਡਾਕਟਰ ਲਿਖਣ ਲਈ ਤੜਫਦਿਆਂ। ਹੁਣ ਮੋਹਣੀ ਨਾਲ ਵਿਆਹ ਵੀ ਹੋ ਚੁੱਕਿਆ ਸੀ। ਡਾਕਟਰ ਪਤਨੀ ਦਾ ਪਤੀ ਹੋਣ ਦਾ ਅਨੰਦ ਪੂਰੀ ਤਰ੍ਹਾਂ ਮਾਣ ਰਿਹਾ ਸੀ ਪਰ ਹੁਣ ਇਹ ਅਨੰਦ ਚੁਭਣ ਲੱਗਿਆ ਸੀ। ਜਦ ਕੋਈ ਮੋਹਣੀ ਨੂੰ ਡਾਕਟਰ ਸਾਹਿਬਾ ਕਹਿ ਕੇ ਬੁਲਾਉਂਦਾ ਤਾਂ ਕੁੰਦਨ ਨੂੰ ਕੁਝ ਹੋਣ ਲੱਗਦਾ। ਉਹ ਪੀ ਐਚ ਡੀ. ਮੁਕੰਮਲ ਕਰਨ ਲਈ ਕਾਹਲਾ ਪੈ ਜਾਂਦਾ। ਕਿੰਨਾ ਕੁਝ ਸੋਚ ਕੇ ਕੁੰਦਨ ਸਿੰਘ ਨੇ ਕੰਮ ਤੋਂ ਲੰਮੀ ਛੁੱਟੀ ਲੈ ਕੇ ਇੰਡੀਆ ਚਲੇ ਜਾਣ ਦਾ ਪਰੋਗਰਾਮ ਬਣਾ ਲਿਆ। ਉਹ ਨਾਲੇ ਤੇ ਆਪਣੀ ਡਾਕਟਰੇਟ ਪੂਰੀ ਕਰ ਲੈਣੀ ਚਾਹੁੰਦਾ ਸੀ ਤੇ ਨਾਲੇ ਦਿੱਲੀ ਰਹਿ ਕੇ ਰਾਜਧਾਨੀ ਦੇ ਮਜ਼ੇ ਵੀ ਦੇਖਣੇ ਚਾਹੁੰਦਾ ਸੀ। ਉਸ ਨੇ ਸੋਚਿਆ ਕਿ ਆਪਣਾ ਨਾਵਲ ਵੀ ਉਹ ਦਿੱਲੀ ਰਹਿ ਕੇ ਹੀ ਪੂਰਾ ਕਰੇਗਾ। ਅਮਰਜੋਤ ਇਮਤਿਹਾਨਾਂ ਤੋਂ ਪਹਿਲਾਂ ਹੋਈਆਂ ਛੁੱਟੀਆਂ ਕਾਰਨ ਘਰ ਆਇਆ ਹੋਇਆ ਸੀ। ਕੁੰਦਨ ਨੇ ਕਿਹਾ,

"ਲੈ ਬਈ ਪੁੱਤਰਾ, ਘਰ ਦੇ ਖਰਚ ਹੁਣ ਤੂੰ ਈ ਦੇਵੇਂਗਾ ਕਿਉਂਕਿ ਮੈਂ ਤਾਂ ਇੰਡੀਆ ਚੱਲਿਆਂ।"

"ਡੈਡ, ਮੈਂ ਕਿਥੋਂ ਦੇਵਾਂਗਾ? ਮੈਂ ਕਿਹੜਾ ਕੋਈ ਕੰਮ ਕਰਦਾਂ, ਮੈਂ ਤਾਂ ਹਾਲੇ ਪੜ੍ਹਦਾਂ।"

"ਦੇਖ, ਇਥੇ ਤੈਨੂੰ ਐਡਾ ਵੱਡਾ ਘਰ ਰਹਿਣ ਲਈ ਮਿਲ਼ਿਆ ਹੋਇਆ ਏ, ਜੇ ਬਾਹਰ ਕਿਰਾਏ 'ਤੇ ਰਹੇਂਗਾ ਤਾਂ ਉਥੇ ਰਹਿਣ ਦੇ ਕਿਰਾਏ ਦਾ ਵੀ ਤਾਂ ਇੰਤਜ਼ਾਮ ਕਰਨਾ ਈ ਪਏਗਾ!"

ਅਮਰਜੋਤ ਪਿਓ ਵਲ ਹੈਰਾਨੀ ਨਾਲ ਦੇਖਣ ਲੱਗਿਆ। ਉਸ ਨੇ ਪੁੱਛਿਆ,

"ਡੈਡ, ਮੈਂ ਤੁਹਾਡੀ ਗੱਲ ਸਮਝਿਆ ਨਹੀਂ। ਕੀ ਕਹਿ ਰਹੇ ਹੋ ਤੁਸੀਂ?"

"ਮੈਂ ਇਹ ਕਹਿ ਰਿਹਾਂ ਕਿ ਹੁਣ ਤੂੰ ਆਪਣਾ ਖਰਚ ਆਪ ਚਲਾ। ਨਾਲ ਦੀ ਨਾਲ ਘਰ ਦੇ ਸਾਰੇ ਖਰਚੇ ਵੀ ਤੂੰ ਹੀ ਕਰ।"

"ਤੁਹਾਡਾ ਮਤਲਬ ਕਿ ਇਹ ਘਰ ਹੁਣ ਮੇਰਾ ਨਹੀਂ ਰਿਹਾ।"

"ਘਰ ਤਾਂ ਤੇਰਾ ਹੀ ਏ ਪਰ ਇਸ ਦੇ ਖਰਚੇ ਵੀ ਤਾਂ ਚੁੱਕਣੇ ਹੋਣਗੇ। ਮੈਂ ਤਾਂ ਹੁਣ ਇੰਡੀਆ ਚੱਲਿਆਂ। ਪੜ੍ਹਾਈ ਦੇ ਨਾਲ ਨਾਲ ਕੋਈ ਜੌਬ ਵੀ ਲੱਭ।"

ਅਮਰਜੋਤ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਪਿਓ ਦੇ ਮੂੰਹੋਂ ਉਸ ਨੂੰ ਇਹ ਸ਼ਬਦ ਸੁਣਨੇ ਪੈਣਗੇ। ਆਪਣੀ ਪੜ੍ਹਾਈ ਲਈ ਉਸ ਨੇ ਕਦੇ ਵੀ ਕੁੰਦਨ ਤੋਂ ਕੋਈ ਪੈਸਾ ਨਹੀਂ ਸੀ ਲਿਆ। ਯੂਨੀਵਰਸਟੀ ਦੀ ਫੀਸ ਲਈ ਤੇ ਕੁਝ ਹੋਰ ਖਰਚਿਆਂ ਗਰਾਂਟ ਮਿਲੀ ਹੋਈ ਸੀ। ਪੜ੍ਹਨ ਲਈ ਬੈਂਕ ਤੋਂ ਉਸ ਨੇ ਵਿਆਜ ਰਹਿਤ ਕਰਜ਼ਾ ਵੀ ਲੈ ਰੱਖਿਆ ਸੀ। ਘਰ ਤਾਂ ਉਹ ਛੁੱਟੀਆਂ ਵਿੱਚ ਹੀ ਆਇਆ ਕਰਦਾ ਸੀ। ਆਪਣੇ ਪਿਓ ਦੇ ਮੂੰਹੋਂ ਨਿਕਲੀ ਇਹ ਗੱਲ ਉਸ ਨੂੰ ਚੰਗੀ ਨਾ ਲੱਗੀ। ਉਸ ਦਾ ਰੋਣ ਨਿਕਲ ਗਿਆ ਤੇ ਬੋਲਿਆ,

"ਡੈਡ, ਜੇ ਮੌਮ ਜਿਊਂਦੀ ਹੁੰਦੀ ਤਾਂ ਵੀ ਤੁਸੀਂ ਏਦਾਂ ਈ ਕਹਿੰਦੇ?"

ਇਹ ਗੱਲ ਸੁਣ ਕੇ ਕੁੰਦਨ ਦੇ ਜਿਵੇਂ ਸੱਤੀ ਕੱਪੜੀਂ ਅੱਗ ਲੱਗ ਗਈ ਹੋਵੇ। ਉਹ ਉੱਚੀ ਆਵਾਜ਼ ਵਿੱਚ ਬੋਲਣ ਲੱਗਿਆ,

"ਉਹ ਕਮੀਨੀ ਔਰਤ ਆਪ ਤਾਂ ਮਰ ਗਈ ਪਰ ਆਪਣਾ ਗੰਦ ਪਿੱਛੇ ਛੱਡ ਗਈ! ...ਤੂੰ ਕੋਈ ਦੁੱਧ ਪੀਂਦਾ ਬੱਚਾ ਨਹੀਂ ਕਿ ਆਪਣੇ ਆਪ ਦੀ ਸੰਭਾਲ ਨਾ ਕਰ ਸਕੇਂ! ...ਤੂੰ ਕਿਸਮਤ ਵਾਲ਼ਾ ਏਂ ਕਿ ਤੇਰਾ ਪਿਓ ਤਾਂ ਹਾਲੇ ਜਿਉਂਦਾ ਏ, ਮੇਰਾ ਪਿਓ ਪੰਜ ਸਾਲ ਦੀ ਉਮਰ ਵਿੱਚ ਮਰ ਗਿਆ ਸੀ ਤੇ ਮੈਨੂੰ ਹਰ ਰੋਜ਼ ਰੋਟੀ ਖਾਣ ਲਈ ਕੰਮ ਕਰਨਾ ਪੈਂਦਾ ਸੀ, ਮੈਂ ਆਪ ਕੰਮ ਕਰ ਕਰ ਕੇ ਪੜ੍ਹਿਆਂ, ਤੂੰ ਕਿਉਂ ਨਹੀਂ ਨਾਲ ਦੀ ਨਾਲ ਕੋਈ ਕੰਮ ਕਰ ਸਕਦਾ?"

"ਡੈਡ, ਤੁਹਾਡਾ ਪਿਓ ਨਹੀਂ ਮਾਂ ਵੀ ਮਰ ਗਈ ਸੀ, ...ਮੇਰਾ ਪਿਓ ਭਾਵੇਂ ਮਰ ਜਾਂਦਾ ਪਰ ਮਾਂ ਨਾ ਮਰਦੀ, ਮੈਨੂੰ ਅੱਜ ਆਹ ਗੱਲ ਤਾਂ ਨਾ ਸੁਣਨੀ ਪੈਂਦੀ!"

ਅਮਰਜੋਤ ਨੇ ਆਪਣੇ ਦਿਲ ਦੀ ਗੱਲ ਕਹਿ ਦਿਤੀ। ਯੂਨੀਵਰਸਟੀ ਜਾਣ ਤੋਂ ਬਾਅਦ ਉਸ ਵਿੱਚ ਆਤਮ ਵਿਸ਼ਵਾਸ ਆ ਗਿਆ ਸੀ। ਕੁੰਦਨ ਉਸੇ ਵੇਲੇ ਉਠ ਕੇ ਉਸ ਨੂੰ ਮਾਰਨ ਭੱਜਿਆ। ਮੋਹਣੀ ਨੇ ਦੋਨਾਂ ਦੇ ਵਿਚਕਾਰ ਪੈ ਕੇ ਬੜੀ ਮੁਸ਼ਕਲ ਨਾਲ ਲੜਾਈ ਰੋਕੀ। ਉਸ ਨੇ ਕੁੰਦਨ ਨੂੰ ਮਸਾਂ ਠੰਡਾ ਕੀਤਾ। ਰਾਤ ਨੂੰ ਸ਼ਰਾਬ ਪੀਂਦਿਆਂ ਕੁੰਦਨ ਨੇ ਅਮਰਜੋਤ ਨੂੰ ਆਪਣੀ ਯੋਜਨਾ ਬਾਰੇ ਦੱਸਦਿਆਂ ਕਿਹਾ,

"ਦੇਖ, ਆਪਣੀ ਏਨਾ ਚਿਰ ਬਹੁਤ ਵਧੀਆ ਨਿਭ ਗਈ, ਮੈਂ ਤੇਰੀ ਬਹੁਤ ਸੰਭਾਲ ਕੀਤੀ ਪਰ ਤੂੰ ਆਖਰ ਮਾਂ ਦਾ ਹੀ ਰਿਹਾ, ਮੈਂ ਤੈਨੂੰ ਪਾਲ-ਪੋਸ ਦਿਤਾ, ਵੀਹ ਸਾਲ ਦਾ ਕਰ ਦਿਤਾ ਪਰ ਹੁਣ ਤੂੰ ਆਪਣਾ ਇੰਤਜ਼ਾਮ ਆਪ ਕਰ, ਹਾਲੇ ਕੁਝ ਦੇਰ ਲਈ ਤੂੰ ਇਥੇ ਰਹਿ ਸਕਦਾਂ, ਕੁਝ ਦੇਰ ਬਾਅਦ ਮੈਂ ਵਾਪਸ ਆਵਾਂਗਾ ਤੇ ਘਰ ਨੂੰ ਕੌਂਸਲ ਜਾਂ ਕਿਸੇ ਹੋਰ ਨੂੰ ਇਹ ਘਰ ਲੰਮੇ ਸਮੇਂ ਵਾਸਤੇ ਕਿਰਾਏ 'ਤੇ ਦੇ ਦੇਣਾਂ।"

"ਡੈਡ, ਮੈਂ ਆਪਣੀ ਡਿਗਰੀ ਵਿੱਚ ਤਾਂ ਪਹਿਲਾਂ ਈ ਲੇਟ ਆਂ।"

"ਲੇਟ ਤੂੰ ਮੇਰੇ ਕਰਕੇ ਨਹੀਂ ਆਪਣੇ ਕਰਕੇ ਏਂ, ਤੇਰੇ ਵਿੱਚ ਇੰਟੈਲੀਜੈਂਸੀ ਦੀ ਘਾਟ ਏ, ਤੂੰ ਕੁੰਦਨ ਸਿੰਘ ਕੁੰਦਨ ਨਹੀਂ ਬਲਕਿ ਮਹਿਜ਼ ਅਮਰਜੋਤ ਏਂ, ਖਰ-ਦਿਮਾਗ ਮਨਜੀਤ ਕੋਰ ਦਾ ਨਿਕੰਮਾ ਪੁੱਤਰ! ...ਮੈਂ ਏਸ ਉਮਰ ਵਿੱਚ ਵੀ ਬਹੁਤ ਜਲਦੀ ਡਾਕਟਰ ਕੁੰਦਨ ਸਿੰਘ ਕੁੰਦਨ ਹੋਣਾ ਏਂ ਤੇ ਤੂੰ! ...ਤੇਰਾ ਪਤਾ ਨਹੀਂ ਕੁਝ ਹੋਵੇਂ ਵੀ ਜਾਂ ਨਹੀਂ!"

ਕੁੰਦਨ ਮੁੰਡੇ ਨੂੰ ਘੱਟ ਵੱਧ ਬੋਲਦਾ ਰਿਹਾ। ਮੋਹਣੀ ਉਸ ਨੂੰ ਚੁੱਪ ਕਰਾਉਂਦੀ ਰਹੀ ਪਰ ਉਹ ਚੁੱਪ ਨਾ ਕੀਤਾ। ਕਦੇ ਮਨਜੀਤ ਕੋਰ ਨੂੰ ਗਾਲ੍ਹਾਂ ਦੇਣ ਲਗਦਾ ਤੇ ਕਦੇ ਅਮਰਜੋਤ ਨੂੰ। ਅਗਲੀ ਸਵੇਰ ਘਰ ਵਿੱਚ ਸ਼ਾਂਤੀ ਰਹੀ। ਅਮਰਜੋਤ ਚੁੱਪ-ਚੁੱਪ ਸੀ। ਮੋਹਣੀ ਨੇ ਕੁੰਦਨ ਨੂੰ ਕਿਹਾ,

"ਤੁਸੀਂ ਰਾਤੀਂ ਮੁੰਡੇ ਨੂੰ ਬਹੁਤਾ ਬੋਲ ਗਏ, ਬਰਾਬਰ ਦਾ ਜਵਾਨ ਪੁੱਤ ਏ, ਇਵੇਂ ਨਹੀਂ ਸੀ ਬੋਲਣਾ ਚਾਹੀਦਾ।"

"ਮੋਹਣੀ, ਏਹ ਮੇਰੀ ਕਦਰ ਨਹੀਂ ਪਾਉਂਦਾ, ਏਹਦੀ ਮਾਂ ਏਹਨੂੰ ਪੰਜਾਹ ਵਾਰੀ ਘਰੋਂ ਕੱਢ ਚੁੱਕੀ ਸੀ, ਕਦੇ ਏਹਦੀ ਰੋਟੀ ਬਣਾਉਣੀ ਬੰਦ ਕਰ ਦਿੰਦੀ, ਕਦੇ ਕਪੜੇ ਧੋਣੇ ਵੀ ਪਰ ਏਹ ਫੇਰ ਵੀ ਮਾਂ ਦੇ ਈ ਗੁਣ ਗਾ ਰਿਹਾ ਏ।"

"ਕੋਈ ਗੱਲ ਨਹੀਂ, ਨਿਆਣਾ ਏਂ, ਦੇਖੋ ਕਿਵੇਂ ਉਦਾਸ ਫਿਰ ਰਿਹਾ ਏ, ਉਪਰੋਂ ਏਹਦੇ ਐਗਜ਼ਾਮ ਆਉਣ ਵਾਲੇ ਨੇ, ਤੁਸੀਂ ਆਪ ਹੀ ਉਹਨੂੰ ਬੁਲਾਓ ਤੇ ਉਹਦੇ ਮਨ ਨੂੰ ਠੰਡਾ ਕਰ ਦਿਓ।"

"ਉਹਦੇ ਮਨ ਨੂੰ ਤਾਂ ਮੈਂ ਠੰਡਾ ਕਰ ਦੇਊਂ ਪਰ ਮੇਰੇ ਨੂੰ ਕੌਣ ਕਰੇਗਾ?"

"ਤੁਸੀਂ ਏਨੇ ਕੁ ਸਾਇਕੌਲੋਜਿਸਟ ਹੈਗੇ ਓ ਕਿ ਆਪਣੀ ਥੈਰੇਪੀ ਆਪ ਕਰ ਸਕਦੇ ਓ।"

ਮੋਹਣੀ ਦੀ ਇਸ ਗੱਲ ਨਾਲ ਕੁੰਦਨ ਖੁਸ਼ ਹੋ ਗਿਆ। ਉਸ ਨੇ ਦੋ ਹਾੜੇ ਵਿਸਕੀ ਦੇ ਲਾ ਕੇ ਅਮਰਜੋਤ ਨੂੰ ਮਨਾ ਲਿਆ। ਅਮਰਜੋਤ ਹੋਰ ਕਰ ਵੀ ਸਕਦਾ ਸੀ। ਉਹ ਜਾਂਦਾ ਵੀ ਤਾਂ ਕਿਥੇ ਜਾਂਦਾ। ਮੋਹਣੀ ਨੇ ਉਸ ਨੂੰ ਵੀ ਇਕੱਲਿਆਂ ਕਰਕੇ ਆਖਿਆ,

"ਅਮਰਜੋਤ, ਹੁਣ ਤਕ ਤੈਨੂੰ ਆਪਣੇ ਡੈਡੀ ਦਾ ਕੌਅ ਪਾ ਲੈਣਾ ਚਾਹੀਦਾ ਏ, ਜਦ ਉਹ ਜ਼ਰਾ ਗੁੱਸੇ ਵਿੱਚ ਹੋਣ ਤਾਂ ਚੁੱਪ ਰਿਹਾ ਕਰ, ਆਖਰ ਤੇਰੇ ਡੈਡ ਨੇ।"

ਅਮਰਜੋਤ ਨੇ ਉਸ ਦੀ ਗੱਲ ਸੁਣ ਲਈ ਸੀ ਪਰ ਉਹ ਆਪਣੇ ਪਿਓ ਨੂੰ ਮੋਹਣੀ ਨਾਲੋਂ ਜ਼ਿਆਦਾ ਜਾਣਦਾ ਸੀ ਇਸ ਲਈ ਉਹ ਸੋਚਾਂ ਵਿੱਚ ਪਿਆ ਰਿਹਾ।

ਜਲਦੀ ਹੀ ਕੁੰਦਨ ਤੇ ਮੋਹਣੀ ਇੰਡੀਆ ਲਈ ਜਹਾਜ਼ੇ ਚੜ੍ਹ ਗਏ। ਮੋਹਣੀ ਏਨੀ ਜਲਦੀ ਮੁੜਨ ਲਈ ਤਿਆਰ ਨਹੀਂ ਸੀ। ਉਸ ਨੇ ਤਾਂ ਕਾਲਜ ਤੋਂ ਦੋ ਸਾਲ ਦੀ ਛੁੱਟੀ ਲਈ ਹੋਈ ਸੀ। ਉਹ ਸੋਚਦੀ ਕਿ ਉਸ ਦੇ ਕੁਲੀਗ ਕੀ ਕਹਿਣਗੇ। ਹੁਣ ਜਾ ਕੇ ਉਸ ਨੂੰ ਆਪਣੀ ਛੁੱਟੀ ਰੱਦ ਕਰਵਾਉਣੀ ਪਵੇਗੀ। ਫਿਰ ਸੋਚਦੀ ਕਿ ਜਦ ਐਡੇ ਮਸ਼ਹੂਰ ਬੰਦੇ ਨੂੰ ਪਤੀ ਦੇ ਤੌਰ 'ਤੇ ਸਭ ਨਾਲ ਮਿਲਾਵੇਗੀ ਤਾਂ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਣਗੇ। ਦਿੱਲੀ ਪੁੱਜ ਕੇ ਉਹ ਕੁਝ ਦਿਨ ਲਈ ਮੋਹਣੀ ਦੀ ਮਾਂ ਦੇ ਘਰ ਹੀ ਠਹਿਰੇ। ਮੋਹਣੀ ਦੇ ਫਲੈਟ ਦੀ ਤਿਆਰੀ ਹੋਣ ਵਾਲੀ ਸੀ। ਉਸ ਦੇ ਦਰਵਾਜ਼ੇ ਤੇ ਖਿੜਕੀਆਂ ਲੱਗਣ ਵਾਲੇ ਸਨ। ਮੋਹਣੀ ਦੇ ਆਕਊਂਟ ਵਿੱਚ ਸੱਠ ਹਜ਼ਾਰ ਰੁਪਏ ਪਏ ਸਨ, ਉਹ ਕਢਵਾ ਲਏ ਗਏ। ਕੁੰਦਨ ਨੇ ਆਪ ਮੂਹਰੇ ਹੋ ਕੇ ਫਲੈਟ ਦਾ ਸਾਰਾ ਕੰਮ ਕਰਵਾਇਆ। ਇਸ ਵਿੱਚ ਫਰਨੀਚਰ ਪਾ ਕੇ ਇਸ ਨੂੰ ਰਹਿਣਯੋਗ ਬਣਾ ਲਿਆ। ਦਿੱਲੀ ਵਾਲੇ ਦੋਸਤ ਪਹਿਲਾਂ ਤਾਂ ਉਸ ਨੂੰ ਬਹੁਤ ਮੋਹ ਨਾਲ ਮਿਲੇ ਪਰ ਜਦ ਪਤਾ ਲਗਿਆ ਕਿ ਉਹ ਉਥੇ ਹੀ ਰਹਿਣ ਆ ਗਿਆ ਹੈ ਤਾਂ ਸਭ ਦਾ ਵਤੀਰਾ ਬਦਲਣ ਲੱਗਿਆ। ਹੁਣ ਉਹ ਵਲੈਤੀਆ ਕੁੰਦਨ ਨਹੀਂ ਸੀ ਸਗੋਂ ਦਿੱਲੀ ਦਾ ਹੀ ਵਾਸੀ ਸੀ, ਉਹਨਾਂ ਵਿੱਚੋਂ ਹੀ ਇਕ। ਕੁੰਦਨ ਨੂੰ ਵੀ ਇਸ ਗੱਲ ਦੀ ਸਮਝ ਲੱਗ ਗਈ। ਉਸ ਨੂੰ ਪਤਾ ਸੀ ਕਿ ਵਿਸ਼ੇਸ਼ ਦੋਸਤ ਕਿਵੇਂ ਬਣਨਾ ਹੈ। ਜਿਹੜਾ ਜ਼ਿਆਦਾ ਖਲ੍ਹਾਵੇਗਾ, ਪਿਲ੍ਹਾਵੇਗਾ, ਉਹੀ ਵਿਸ਼ੇਸ਼ ਹੋਵੇਗਾ ਪਰ ਹਾਲੇ ਉਸ ਕੋਲ ਬਹੁਤ ਸਾਰੇ ਕੰਮ ਕਰਨ ਵਾਲੇ ਸਨ। ਸਭ ਤੋਂ ਪਹਿਲਾਂ ਉਸ ਨੇ ਆਪਣੇ ਘਰ ਦੇ ਦਰਵਾਜ਼ੇ ਉਪਰ ਡਾਕਟਰ ਕੁੰਦਨ ਸਿੰਘ ਕੁੰਦਨ ਦੀ ਤਖਤੀ

ਲਗਾਉਣੀ ਸੀ। ਉਸ ਨੇ ਡਾਕਟਰ ਮਹਿਰੋਕ ਨਾਲ ਤਾਲਮੇਲ ਕੀਤਾ। ਉਸ ਦੇ ਹਾਲੇ ਤਿੰਨ ਸਾਲ ਪੂਰੇ ਨਹੀਂ ਸਨ ਹੋਏ ਪਰ ਉਹ ਭੱਜ ਦੌੜ ਵਿੱਚ ਰੁਝ ਗਿਆ।

ਉਸ ਨੇ ਪੈਸੇ ਪਾਣੀ ਵਾਂਗ ਵਹਾਉਣੇ ਸ਼ੁਰੂ ਕਰ ਦਿਤੇ। ਸਭ ਨੂੰ ਕਿਹਾ ਕਿ ਉਸ ਨੂੰ ਇੰਗਲੈਂਡ ਜਲਦੀ ਮੁੜਨਾ ਪਵੇਗਾ। ਉਥੇ ਕਿਸੇ ਜ਼ਰੂਰੀ ਕੰਮ ਦੇ ਬਹਾਨੇ ਲਗਾਏ। ਭੱਜ ਦੌੜ ਕਰਕੇ ਆਪਣੇ ਮਨ-ਮਰਜ਼ੀ ਦੇ ਡਾਕਟਰਾਂ ਕੋਲੋਂ ਆਪਣਾ ਵਾਇਵਾ ਕਰਾਇਆ ਜਿਹਦੇ ਵਿੱਚ ਡਾਕਟਰ ਹਰੀ ਸਿੰਘ ਤੇ ਡਾਕਟਰ ਤਰਲੋਚਨ ਸਿੰਘ ਸ਼ਾਮਲ ਸਨ। ਉਹਨਾਂ ਨੂੰ ਅੰਮ੍ਰਿਤਸਰ ਤਕ ਦਾ ਹਵਾਈ ਟਿਕਟ ਦਿਤਾ। ਮੂਹਰੇ ਮਹਿੰਗੇ ਹੋਟਲ ਵਿੱਚ ਕਮਰੇ ਬੁੱਕ ਕਰਾਏ। ਡਾਕਟਰ ਮਹਿਰੋਕ ਨੂੰ ਵੀ ਵਿਸ਼ੇਸ਼ ਏ. ਸੀ. ਕਾਰ ਰਾਹੀਂ ਚੰਡੀਗੜ੍ਹ ਤੋਂ ਅੰਮ੍ਰਿਤਸਰ ਲਿਆਂਦਾ ਗਿਆ। ਸਮੇਂ ਤੋਂ ਇਕ ਮਹੀਨਾ ਪਹਿਲਾਂ ਸਭ ਕੁਝ ਹੋ ਗਿਆ। ਉਸ ਨੇ ਸਭ ਤੋਂ ਪਹਿਲਾ ਕੰਮ ਆਪਣੇ ਦਰਵਾਜ਼ੇ ਦੀ ਤਖਤੀ ਬਦਲਣ ਦਾ ਕੀਤਾ; ਡਾਕਟਰ ਕੁੰਦਨ ਸਿੰਘ ਕੁੰਦਨ ਤੇ ਡਾਕਟਰ ਮੋਹਣੀ ਕੁੰਦਨ। ਉਸ ਨੇ ਮੋਹਣੀ ਨੂੰ ਕਿਹਾ,

"ਲੈ ਬਈ ਹੁਣ, ਅੱਜ ਤੋਂ ਬਾਅਦ ਮੈਨੂੰ ਡਾਕਟਰ ਕਹਿ ਕੇ ਬੁਲਾਉਣਾ ਹੋਏਗਾ, ਤਾਂ ਹੀ ਹੋਰਨਾਂ ਨੂੰ ਵੀ ਆਦਤ ਪਏਗੀ, ਕੰਮ ਵਾਲੀ ਨੂੰ ਵੀ ਦੱਸ ਦੇਵੀਂ।"

ਮੋਹਣੀ ਉਸ ਵਲ ਜ਼ਰਾ ਕੁ ਹੈਰਾਨੀ ਨਾਲ ਦੇਖਣ ਲੱਗੀ। ਉਹ ਬਹੁਤ ਦਿਨਾਂ ਤੋਂ ਕੁੰਦਨ ਵਲ ਦੇਖਦੀ ਜਾ ਰਹੀ ਸੀ, ਇਹ ਉਹ ਕੁੰਦਨ ਨਹੀਂ ਸੀ ਜਿਸ ਦੇ ਉਸ ਨੇ ਲੈਕਚਰ ਸੁਣੇ ਸਨ, ਜਿਸ ਨਾਲ ਉਸ ਨੇ ਵਿਆਹ ਕੀਤਾ ਸੀ। ਇਹ ਤਾਂ ਹੋਰ ਹੀ ਬੰਦਾ ਸੀ। ਸੋਚਦੀ ਹੋਈ ਉਹ ਇਸ ਨਤੀਜੇ 'ਤੇ ਪੁੱਜੀ ਕਿ ਇਹ ਤਾਂ ਕੁੰਦਨ ਹੈ ਹੀ ਨਹੀਂ, ਇਹ ਤਾਂ ਜੇਠੂ ਹੈ। ਆਪਣੇ ਬਚਪੱਨ ਦੀ ਸਾਰੀ ਕਹਾਣੀ ਉਸ ਨੇ ਮੋਹਣੀ ਨੂੰ ਸੁਣਾਈ ਹੋਈ ਸੀ।

ਉਸ ਨੇ ਅਗਲੇ ਦਿਨ ਹੀ ਸੂਟ ਪਾ ਕੇ ਤੇ ਪਟਿਆਲਾ ਸ਼ਾਹੀ ਪੱਗ ਬੰਨ ਕੇ ਦਿੱਲੀ ਯੂਨਵਰਸਟੀ ਦਾ ਭਲਵਾਨੀ ਗੇੜਾ ਦਿਤਾ। ਹੁਣ ਉਹ ਪਹਿਲਾਂ ਨਾਲੋਂ ਵੀ ਚੌੜਾ ਹੋ ਕੇ ਤੁਰ ਰਿਹਾ ਸੀ। ਡਾਕਟਰ ਰੌਸ਼ਨ ਮਿਲਿਆ ਤਾਂ ਜੱਫੀ ਪਾ ਕੇ ਮਿਲਦਾ ਬੋਲਿਆ,

"ਵਧਾਈ ਹੋਵੇ ਡਾਕਟਰ ਕੁੰਦਨ! ਹੁਣ ਤੁਸੀਂ ਸਾਡੀ ਬਰਾਦਰੀ ਦੇ ਪੱਕੇ ਮੈਂਬਰ ਹੋ, ਤੁਹਾਡਾ ਸਵਾਗਤ ਏ।"

"ਸਾਲ਼ਿਆ ਬੈਹੜਿਆਂ ਦਿਆ ਰੌਸ਼ਨ, ਤੂੰ ਤਾਂ ਮੈਨੂੰ ਤੁਸੀਂ ਤੁਸੀਂ ਨਾ ਕਰ, ਖਾਸ ਤੌਰ ਤੇ ਜਦੋਂ ਆਪਾਂ ਇਕੱਲੇ ਹੋਈਏ, ਹਾਂ ਬਾਕੀ ਸਭ ਨੂੰ ਕਹਿ ਦੇ ਕਿ ਹੁਣ ਮੈਂ ਡਾਕਟਰ ਕੁੰਦਨ ਹਾਂ ਤੇ ਮੈਨੂੰ ਡਾਕਟਰ ਸਾਹਿਬ ਕਹਿ ਕੇ ਗੱਲ ਕਰਨ।"

ਕੁੰਦਨ ਨੇ ਆਪਣੀ ਟਾਈ ਨੂੰ ਸਿੱਧੀ ਕਰਦਿਆਂ ਕਿਹਾ। ਰੌਸ਼ਨ ਨੇ ਆਲੇ ਦੁਆਲੇ ਖੜੇ ਕੁਝ ਲੋਕਾਂ ਨਾਲ ਕੁੰਦਨ ਨੂੰ ਡਾਕਟਰ ਕੁੰਦਨ ਕਹਿ ਕੇ ਮਿਲਵਾਇਆ। ਇਸੇ ਗੱਲ ਨੂੰ ਸੁਣਨ ਲਈ ਉਸ ਦੇ ਕੰਨ ਤਰਸ ਰਹੇ ਸਨ। ਉਸ ਨੇ ਆਪਣੇ ਘਰ ਦਿੱਲੀ ਦੇ ਸਾਰੇ ਦੋਸਤਾਂ ਨੂੰ ਸੱਦ ਕੇ ਪਾਰਟੀ ਕੀਤੀ। ਸਾਰੇ ਉਸ ਨੂੰ ਡਾਕਟਰ ਕੁੰਦਨ ਕਹਿ ਕੇ ਮੁਖਾਤਿਬ ਹੁੰਦੇ। ਜੇ ਕੋਈ ਭੁੱਲ ਜਾਂਦਾ ਤਾਂ ਉਹ ਉਸੇ ਵੇਲੇ ਅਗਲੇ ਨੂੰ ਯਾਦ ਕਰਾ ਦਿੰਦਾ। ਉਹ ਬੇਹੱਦ ਖੁਸ਼ ਸੀ। ਉਸ ਨੂੰ ਜਾਪ ਰਿਹਾ ਸੀ ਜਿਵੇਂ ਸਾਰੀ ਫਿਜ਼ਾ ਵਿੱਚ 'ਡਾਕਟਰ ਕੁੰਦਨ' 'ਡਾਕਟਰ ਕੁੰਦਨ' ਦੀ ਗੂੰਜ ਪੈ ਰਹੀ ਹੋਵੇ।

ਅਗਲੇ ਦਿਨ ਹੀ ਉਹ ਆਪਣੇ ਪ੍ਰਕਾਸ਼ਕ ਕੋਲ ਗਿਆ ਤੇ ਕਹਿਣ ਲੱਗਿਆ,

"ਭਾਪਾ ਜੀ, ਤੁਹਾਨੂੰ ਪਤਾ ਚੱਲ ਗਿਆ ਨਾ ਹੁਣ ਮੈਂ ਡਾਕਟਰ ਕੁੰਦਨ ਹਾਂ।"

"ਬਿਲਕੁਲ ਜੀ, ਇਹ ਤਾਂ ਦਿੱਲੀ ਦੇ ਬੱਚੇ ਬੱਚੇ ਨੂੰ ਪਤਾ ਚੱਲ ਚੁੱਕਿਆ ਏ ਜੀ।"

ਪ੍ਰਕਾਸ਼ਕ ਕੋਲ ਵੀ ਲੇਖਕਾਂ ਰਾਹੀਂ ਕੁੰਦਨ ਦੇ ਡਾਕਟਰ ਬਣਨ ਦੀ ਖ਼ਬਰ ਪੁੱਜ ਚੁੱਕੀ ਸੀ। ਕੁੰਦਨ ਆਪਣੀਆਂ ਕਾਹਲਾਂ ਕਾਰਨ ਵੀ ਲੇਖਕਾਂ ਵਿੱਚ ਗੱਲਬਾਤ ਦਾ ਵਿਸ਼ਾ ਬਣਿਆਂ ਹੋਇਆ ਸੀ। ਕੁੰਦਨ ਨੇ ਅਗੇ ਆਖਿਆ,

"ਫੇਰ ਹੁਣ ਮੇਰੀਆਂ ਸਾਰੀਆਂ ਕਿਤਾਬਾਂ ਦੁਬਾਰਾ ਛਾਪ ਦਿਓ ਜਿਹਨਾਂ ਉਪਰ ਮੇਰਾ ਨਾਂ ਡਾਕਟਰ ਕੁੰਦਨ ਲਿਖਣਾ।"

"ਚਲੋ ਦੇਖਦੇ ਹਾਂ ਪਰ ਇਵੇਂ ਖਰਚ ਬਹੁਤ ਹੋ ਜਾਏਗਾ।"

"ਖਰਚ ਨੂੰ ਕੀ ਏ, ਹੁਣ ਤੁਸੀਂ ਡਾਕਟਰ ਕੁੰਦਨ ਦੀਆਂ ਕਿਤਾਬਾਂ ਛਾਪ ਰਹੇ ਓ, ਇਹਨਾਂ ਨੇ ਵਿਕਣਾ ਹੀ ਵਿਕਣਾ ਹੋਇਆ।"

"ਕੋਈ ਗੱਲ ਨਹੀਂ, ਸੋਚਦੇ ਹਾਂ ਡਾਕਟਰ ਸਾਹਿਬ, ਕੁਝ ਦਿਨ ਹੋਰ ਦਿਓ। ...ਤੁਸੀਂ ਆਪਣਾ ਅਗਲਾ ਨਾਵਲ ਵੀ ਦਿਓ ਨਾ, ਸੁਣਿਆਂ ਸੀ ਕਿ ਤੁਸੀਂ ਕਿਸ ਵੱਡੇ ਨਾਵਲ ਦਾ ਪਰੋਜੈਕਟ ਬਣਾਇਆ ਏ।"

"ਹਾਂ ਪਰ ਓਹਦੇ ਬਦਲੇ ਤਾਂ ਕਈ ਪ੍ਰਕਾਸ਼ਕ ਮੈਨੂੰ ਰੁਆਇਲਟੀ ਦੇਣ ਲਈ ਵੀ ਤਿਆਰ ਨੇ।"

"ਡਾਕਟਰ ਸਾਹਿਬ, ਤੁਸੀਂ ਇਹ ਸੋਚੋ ਕਿ ਓਸ ਰੁਆਇਲਟੀ ਨਾਲ ਤੁਹਾਡੇ ਕਿੰਨੇ ਪੌਂਡ ਬਣਦੇ ਨੇ ਪਰ ਜੇ ਤੁਹਾਡੀ ਕਿਤਾਬ ਵਧੀਆ ਨਾ ਛਪੀ ਤਾਂ ਥੋੜੇ ਜਿਹੇ ਪੌਂਡ ਤੁਹਾਡਾ ਕੀ ਸੰਵਾਰ ਦੇਣਗੇ, ਸਾਡੇ ਕੰਮ ਦਾ ਤਾਂ ਤੁਹਾਨੂੰ ਪਤਾ ਈ ਏ।"

ਪ੍ਰਕਾਸ਼ਕ ਨੇ ਡਾਕਟਰ ਕੁੰਦਨ ਨੂੰ ਭਰਮਾ ਲਿਆ। ਉਹ ਸੋਚ ਰਿਹਾ ਸੀ ਕਿ ਦੋ ਤਿੰਨ ਹਜ਼ਾਰ ਰੁਪਏ ਦੇ ਕਿੰਨੇ ਕੁ ਪੌਂਡ ਬਣਨੇ ਹਨ। ਉਸ ਨੇ ਉਸੇ ਨਾਲ ਹੀ ਆਪਣੇ ਅਗਲੇ ਨਾਵਲ ਦੀ ਗੱਲ ਵੀ ਕਰ ਲਈ।

ਕੁਝ ਦਿਨਾਂ ਬਾਅਦ ਅਖ਼ਬਾਰਾਂ ਵਿੱਚ ਖ਼ਬਰ ਆ ਗਈ ਕਿ ਕੁੰਦਨ ਨੂੰ ਗਲਤ ਤਰੀਕੇ ਨਾਲ ਡਿਗਰੀ ਦੇ ਦਿਤੀ ਗਈ ਹੈ। ਉਸ ਨੇ ਪੈਸੇ ਖਰਚ ਕੇ ਕਾਹਲ ਵਿੱਚ ਡਿਗਰੀ ਲੈ ਲਈ ਹੈ। ਇਸ ਗੱਲ ਨੂੰ ਕਈ ਅਖ਼ਬਾਰਾਂ ਨੇ ਬਹੁਤ ਉਛਾਲਿਆ। ਕੁਝ ਕੁ ਪੰਜਾਬੀ ਦੇ ਰਸਾਲਿਆਂ ਨੇ ਵੀ ਇਸ ਦਾ ਨੋਟਿਸ ਲਿਆ। ਲੇਖਕਾਂ ਵਿੱਚ ਇਸ ਗੱਲ ਨੂੰ ਲੈ ਕੇ ਕੁਝ ਕੁ ਲਤੀਫੇਬਾਜ਼ੀ ਵੀ ਹੋਈ। ਮਹੀਨਾ ਕੁ ਇਹ ਖ਼ਬਰ ਸਰਗਰਮ ਰਹੀ ਤੇ ਫਿਰ

ਠੰਡੀ ਪੈ ਗਈ। ਖ਼ਬਰ ਦਾ ਕਾਨੂੰਨੀ ਤੌਰ ਤੇ ਤਾਂ ਕੋਈ ਅਸਰ ਨਾ ਹੋਇਆ ਪਰ ਉਸ ਦੀ ਡਿਗਰੀ ਜ਼ਰਾ ਕੁ ਸ਼ੱਕੀ ਹੋ ਗਈ। ਕੁੰਦਨ ਨੂੰ ਇਸ ਦੀ ਕੋਈ ਪਰਵਾਹ ਨਹੀਂ ਸੀ। ਉਸ ਨੂੰ ਪਤਾ ਸੀ ਕਿ ਉਸ ਨੇ ਇਹ ਡਿਗਰੀ ਕਮਾਈ ਹੈ, ਮੁਫਤ ਵਿਚ ਨਹੀਂ ਲਈ।...

ਹੁਣ ਉਸ ਨੇ ਆਪਣਾ ਸਾਰਾ ਧਿਆਨ ਆਪਣੇ ਨਾਵਲ ਉਪਰ ਕੇਂਦਰਤ ਕਰ ਲਿਆ। ਉਸ ਦੀ ਪੂਰੀ ਤਿਆਰੀ ਸੀ, ਬਸ ਲਿਖਣਾ ਸੀ। ਉਸ ਦਾ ਲਿਖਿਆ ਆਖਰੀ ਡਰਾਫਟ ਹੀ ਹੋਣਾ ਸੀ ਭਾਵ ਛਪਣ ਲਈ ਤਿਆਰ। ਉਹ ਸਵੇਰੇ ਨਹਾ ਕੇ ਲਿਖਣ ਬੈਠ ਜਾਂਦਾ ਤੇ ਪੰਦਰਾਂ ਪੰਦਰਾਂ ਘੰਟੇ ਲਿਖਦਾ ਰਹਿਦਾ। ਵਿੱਚ ਵਿੱਚ ਨੋਟਿਸ ਦੇਖਣ ਲਈ ਰੁਕਦਾ। ਕਦੇ ਇੰਗਲੈਂਡ ਨੂੰ ਫੋਨ ਕਰਕੇ ਕੋਈ ਜਾਣਕਾਰੀ ਹਾਸਲ ਕਰਦਾ। ਬਹੁਤੇ ਫੋਨ ਉਹ ਪਾਇਲ ਨੂੰ ਹੀ ਕਰਦਾ ਜਿਸ ਦੇ ਕਿਰਦਾਰ ਨੂੰ ਉਸ ਨੇ ਕੇਂਦਰ ਵਿੱਚ ਰੱਖਿਆ ਹੋਇਆ ਸੀ। ਕੁਝ ਹੋਰ ਦੋਸਤ ਵੀ ਸਨ, ਪਰਵਾਨਾ ਜੀ ਤੇ ਬਨਫੂਲ ਵਰਗੇ ਜਿਹਨਾਂ ਨੂੰ ਉਸ ਨੇ ਵਧੀਆ ਕਿਰਦਾਰਾਂ ਦੇ ਤੌਰ ਤੇ ਵਰਤਣਾ ਸੀ, ਉਹਨਾਂ ਤੋਂ ਵੀ ਪਿਛਲੇ ਸਮੇਂ ਦੁਰਮਿਆਨ ਵਾਪਰੀਆਂ ਘਟਨਾਵਾਂ ਬਾਰੇ ਪੁੱਛਦਾ ਰਹਿੰਦਾ। ਬਾਕੀ ਦੇ ਬਹੁਤ ਸਾਰੇ ਦੋਸਤਾਂ ਤੇ ਵਾਕਫਕਾਰਾਂ ਨੂੰ ਉਹ ਵਿਪਾਤਰਾਂ ਦੇ ਤੌਰ 'ਤੇ ਪੇਸ਼ ਰਿਹਾ ਸੀ। ਸਭ ਤੋਂ ਭੈੜਾ ਕਿਰਦਾਰ ਉਹ ਮਨਜੀਤ ਕੋਰ ਦੀ ਸਹੇਲੀ ਕਮਲਜੀਤ ਦਾ ਬਣਾਉਣਾ ਚਾਹੁੰਦਾ ਸੀ ਜਿਸ ਨੇ ਉਸ ਨੂੰ ਮੋਹਣੀ ਨਾਲ ਵਿਆਹ ਕਰਾਉਣ ਸਮੇਂ ਮਿਹਣਾ ਮਾਰਿਆ ਸੀ। ਮੁਆਫ ਉਸ ਨੇ ਰੇਸ਼ਮ ਸਮੁੰਦਰੀ, ਸੁੱਚਾ ਅਜ਼ਾਦ, ਦੇਵਿੰਦਰ ਸਿੰਘ ਤੇ ਨਾਜ਼ਰ ਸਿੰਘ ਵਰਗਿਆਂ ਨੂੰ ਵੀ ਨਹੀਂ ਸੀ ਕਰਨਾ। ਇਵੇਂ ਸੋਚਦਿਆਂ ਤੇ ਕਰਦਿਆਂ ਉਹ ਮਨ ਹੀ ਮਨ ਖੁਸ਼ ਵੀ ਹੁੰਦਾ ਜਿਵੇਂ ਦੁਸ਼ਮਣਾਂ ਨੂੰ ਸਜ਼ਾ ਦੇ ਰਿਹਾ ਹੋਵੇ।

ਏਨਾ ਚਿਰ ਪੰਜਾਬ ਵਿੱਚ ਘੁੰਮਦਿਆਂ ਉਸ ਨੇ ਪੰਜਾਬੀ ਦੇ ਅਲੋਚਕਾਂ ਦੀ ਇਕ ਨਬਜ਼ ਫੜ ਲਈ ਸੀ ਕਿ ਜਿਸ ਰਚਨਾ ਵਿੱਚ ਪਰਵਾਸੀ ਲੇਖਕ ਇਹ ਪੇਸ਼ ਕਰੇ ਕਿ ਪੰਜਾਬੀ ਬੰਦੇ ਨੇ ਇੰਗਲੈਂਡ ਵਸ ਕੇ ਸਮਾਜਕ ਤੇ ਮਾਨਸਿਕ ਘਾਟੇ ਖਾਧੇ ਹਨ ਤੇ ਉਹ ਬੁਰੀ ਤਰ੍ਹਾਂ ਪਛਤਾ ਰਿਹਾ ਹੈ, ਉਸ ਰਚਨਾ ਨੂੰ ਜ਼ਿਆਦਾ ਹੁੰਘਾਰਾ ਮਿਲਦਾ ਹੈ। ਜਿਸ ਰਚਨਾ ਵਿੱਚ ਪੱਛਮੀ ਦੇਸ਼ਾਂ ਵਿੱਚ ਵਸ ਕੇ ਹਾਸਲ ਕੀਤੀ ਸਰੱਗੀ ਦੀ ਗੱਲ ਹੁੰਦੀ ਹੈ ਉਸ ਨੂੰ ਛੁੱਟਿਆ ਦਿਤਾ ਜਾਂਦਾ ਹੈ। ਕੁੰਦਨ ਨੇ ਆਪਣੇ ਨਾਵਲ ਦੀ ਸੁਰ ਇਹੋ ਰੱਖੀ ਕਿ ਅਸੀਂ ਇੰਗਲੈਂਡ ਆ ਕੇ ਸਭ ਕੁਝ ਲੁਟਾ ਚੁੱਕੇ ਹਾਂ। ਉਹ ਨੇ ਆਪ ਹੀ ਪਰਵਾਸੀ ਸਾਹਿਤ ਨੂੰ ਪ੍ਰਭਾਸ਼ਿਤ ਕਰਨ ਵੇਲੇ ਕਾਰਣ ਦਿਤੇ ਸਨ; ਨਸਲਵਾਦ, ਪੀੜ੍ਹੀ-ਪਾੜਾ, ਭੂਹੇਰਵਾ, ਰਿਸ਼ਤਿਆਂ ਦੀ ਅਜਨਬੀਅਤ, ਪੱਛਮੀ ਸਭਿਆਚਾਰ ਵਲ ਉਲਾਰਪੱਨ ਬਗੈਰਾ, ਉਸ ਨੇ ਇਹ ਸਾਰੇ ਲੱਛਣਾਂ ਨੂੰ ਨਾਵਲ ਵਿੱਚ ਪਰੋ ਲਿਆ। ਨਾਵਲ ਵਿੱਚ ਕੀ ਆਉਣਾ ਚਾਹੀਦਾ ਹੈ, ਸਭ ਉਸ ਨੇ ਪਹਿਲਾਂ ਹੀ ਤੈਅ ਕਰ ਲਿਆ ਸੀ। ਉਸ ਨੇ ਨਾਵਲ ਵਿੱਚ ਪਾਇਲ ਨਾਲ ਹੋਏ ਸੰਭਾਵਿਤ ਬਲਾਤਕਾਰਾਂ ਨੂੰ ਖਾਸ ਵਕਤ ਲਾ ਕੇ ਚਿਤਰਿਆ। ਗੋਲਡੀ ਦੇ ਕਿਰਦਾਰ ਨੂੰ ਵੀ ਉਸ ਨੇ ਪੂਰੀ ਮਿਹਨਤ ਨਾਲ ਸਿਰੇ ਚੜ੍ਹਾਇਆ। ਉਸ ਨੇ ਕੋਸ਼ਿਸ਼ ਕੀਤੀ ਕਿ ਜਿੰਨੇ ਵੀ ਹੋ ਸਕਣ ਨਾਵਲ ਦੇ ਸਫੇ ਵਧ ਜਾਣ। ਵੱਡੇ ਨਾਵਲ ਦੀ ਪੰਜਾਬੀ ਸਾਹਿਤ ਵਿੱਚ ਅਣਹੋਂਦ ਸੀ। ਵੱਡੇ ਨਾਵਲ ਦੀ ਜ਼ਿਆਦਾ ਕਦਰ ਪੈਣ ਦੀ ਆਸ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਅਲੋਚਕਾਂ ਦਾ ਵੱਡਾ ਹਿੱਸਾ ਮਾਰਕਸਵਾਦੀ ਅਲੋਚਨਾ ਪ੍ਰਣਾਲੀ ਨਾਲ ਜੁੜਿਆ ਹੋਇਆ ਹੈ ਇਸ ਲਈ ਉਸ ਨੇ ਨਾਵਲ ਲਿਖਦੇ ਸਮੇਂ ਮਾਰਕਸਵਾਦੀ ਦ੍ਰਿਸ਼ਟੀ ਕੇਂਦਰ ਵਿੱਚ ਰੱਖੀ। ਇਸ ਦੇ ਨਾਲ ਨਾਲ ਉਸ ਦੇ ਜ਼ਿਹਨ ਵਿੱਚ ਸੰਰਚਨਾਵਾਦ ਵੀ ਸੀ ਕਿਉਂਕਿ ਡਾਕਟਰ ਹਰੀ ਸਿੰਘ ਵਰਗੇ ਇਸ ਫਲਸਫੇ ਨਾਲ ਲੈਸ ਸਨ। ਉਹ ਸਭ ਨੂੰ ਖੁਸ਼ ਕਰਨਾ ਚਾਹੁੰਦਾ ਸੀ। ਉਹ ਰੋਜ਼ਾਨਾ ਵੀਹ ਸਫੇ ਲਿਖ ਲੈਂਦਾ, ਕਦੇ ਕੁਝ ਘੱਟ ਵੀ। ਕੁਲ ਮਿਲਾ ਕੇ ਨਾਵਲ ਛੇ ਸੌ ਸਫੇ ਦੇ ਕਰੀਬ ਹੋ ਗਿਆ। ਉਸ ਨੇ ਦੋ ਕੁ ਮਹੀਨੇ ਵਿੱਚ ਨਾਵਲ ਲਿਖ ਲਿਆ। ਲਿਖਾਈ ਤਾਂ ਉਸ ਦੀ ਮੋਤੀਆਂ ਵਰਗੀ ਹੈ ਹੀ ਸੀ। ਨਾਵਲ ਲਿਖ ਕੇ ਸਭ ਤੋਂ ਪਹਿਲਾਂ ਉਹ ਡਾਕਟਰ ਰੌਸ਼ਨ ਕੋਲ ਲੈ ਕੇ ਗਿਆ। ਡਾਕਟਰ ਰੌਸ਼ਨ ਨਾਵਲ ਦਾ ਸਾਈਜ਼ ਦੇਖ ਕੇ ਹੀ ਹੈਰਾਨ ਰਹਿ ਗਿਆ। ਕੁੰਦਨ ਬੋਲਿਆ,

"ਸਾਲ਼ਾ ਬੈਹੜਿਆਂ ਦਾ, ਸਾਰਾ ਖੂਨ ਜਾਲ਼ ਦਿਤਾ ਏਸ ਨਾਵਲ ਖਾਤਰ, ਨੋਬਲ ਪਰਾਈਜ਼ ਦੇ ਲੈਵਲ ਦਾ ਨਾਵਲ ਏ, ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਤਾਂ ਏਹਦੇ ਮੁਹਰੇ ਛੋਟਾ ਹੋਣਾਂ, ...ਤੂੰ ਪੜ੍ਹ ਕੇ ਦੇਖ।"

"ਠੀਕ ਏ, ਮੈਂ ਪੜ੍ਹਦਾਂ ਤੇ ਦੇਖਦਾਂ, ਜੇ ਕੁਝ ਬਦਲਣ ਵਾਲਾ ਹੋਇਆ ਤਾਂ ਦੱਸਾਂਗਾ।"

"ਬਦਲਣ ਵਾਲ਼ਾ ਏਹਦੇ ਵਿੱਚ ਕੀ ਹੋਣਾਂ ਪਰ ਤੂੰ ਪੜ੍ਹ ਤਾਂ ਸਹੀ।"

ਕੁੰਦਨ ਪੂਰੇ ਆਤਮ ਵਿਸ਼ਵਾਸ ਵਿੱਚ ਸੀ। ਉਹ ਨਾਵਲ ਡਾਕਟਰ ਰੌਸ਼ਨ ਕੋਲ ਛੱਡ ਆਇਆ। ਸ਼ਾਮ ਨੂੰ ਹੀ ਉਸ ਨੇ ਫੋਨ ਕਰਕੇ ਪੁੱਛਿਆ ਕਿ ਪੜ੍ਹਨਾ ਸ਼ੁਰੂ ਕੀਤਾ ਕਿ ਨਹੀਂ। ਅਗਲੀ ਸ਼ਾਮ ਫਿਰ। ਉਸ ਤੋਂ ਅਗਲੀ ਸਵੇਰ ਉਹ ਰੌਸ਼ਨ ਨੂੰ ਯੂਨੀਵਰਸਟੀ ਮਿਲਣ ਚਲੇ ਗਿਆ ਕਿ ਨਾਵਲ ਕਿੰਨਾ ਕੁ ਪੜ੍ਹਿਆ ਹੈ। ਰੌਸ਼ਨ ਉਸ ਤੋਂ ਉਕਤਾਉਣ ਲੱਗ ਪਿਆ। ਨਾਵਲ ਵੱਡਾ ਸੀ। ਕੁੰਦਨ ਆਪ ਵੀ ਅਲੋਚਕ ਸੀ ਪਰ ਉਹ ਇਹ ਗੱਲ ਭੁੱਲ ਹੀ ਗਿਆ ਸੀ ਕਿ ਬਹੁਤੇ ਅਲੋਚਕ ਕਦੇ ਵੀ ਪੂਰਾ ਨਾਵਲ ਨਹੀਂ ਪੜ੍ਹਦੇ। ਅਲੋਚਕ ਤਾਂ ਨਾਵਲ ਦੇ ਵਿੱਚ ਦੀ ਉਡਾਰੀ ਮਾਰਿਆ ਕਰਦੇ ਹਨ। ਏਡੇ ਵੱਡੇ ਨਾਵਲ ਵਿੱਚ ਦੀ ਉਡਾਰੀ ਮਾਰਨੀ ਵੀ ਮੁਸ਼ਕਲ ਹੁੰਦੀ ਹੈ। ਰੌਸ਼ਨ ਨੇ ਵੀ ਉਸ ਦੇ ਨਾਵਲ ਉਪਰ ਪੰਛੀ ਝਾਤ ਹੀ ਪਾਈ ਤੇ ਉਸ ਨੂੰ ਸੱਦ ਕੇ ਕੁਝ ਸਲਾਹਾਂ ਦੇ ਦਿਤੀਆਂ ਤੇ ਨਾਵਲ ਦੀ ਭੂਮਿਕਾ ਲਿਖ ਮਾਰੀ। ਭੂਮਿਕਾ ਵਿੱਚ ਉਸ ਨੇ ਲਿਖ ਦਿਤਾ ਕਿ ਇਹ ਨਾਵਲ ਪੰਜਾਬੀ ਸਾਹਿਤ ਵਿੱਚ ਅਹਿਮ ਘਟਨਾ ਹੈ। ਦੋ ਕੁ ਗੱਲਾਂ ਕੁੰਦਨ ਨੇ ਕੋਲੋਂ ਪਾ ਦਿਤੀਆਂ। ਉਸ ਨੇ ਪ੍ਰਕਾਸ਼ਕ ਦੇ ਮੁਹਰੇ ਨਾਵਲ ਸੁਟਦਿਆਂ ਕਿਹਾ,

"ਲਓ ਭਾਪਾ ਜੀ, ਆਹ ਲਓ ਪੰਜਾਬੀ ਦੀ ਸ਼ਾਹਕਾਰ ਰਚਨਾ, ਜੇ ਏਸ ਨਾਵਲ ਨੇ ਤੁਹਾਨੂੰ ਇਕ ਹੋਰ ਦੁਕਾਨ ਨਾ ਖਰੀਦ ਕੇ ਦਿਤੀ ਤਾਂ ਮੈਨੂੰ ਡਾਕਟਰ ਕੁੰਦਨ ਨਾ ਕਹਿਣਾ! ...ਮੈਂ ਜਲਦੀ ਹੀ ਇੰਗਲੈਂਡ ਜਾ ਰਿਹਾਂ, ਜਦ ਤਕ ਛਪ ਜਾਣੀ ਚਾਹੀਦੀ ਏ।"

22-ਨਵਾਂ ਬੰਦਾ

ਕੁੰਦਨ ਹੁਣ ਪਹਿਲਾਂ ਵਾਲਾ ਕੁੰਦਨ ਸਿੰਘ ਕੁੰਦਨ ਨਹੀਂ ਸੀ ਰਿਹਾ। ਸਾਰੇ ਹੈਰਾਨ ਸਨ ਕਿ ਉਹ ਇੰਨਾ ਕਿਵੇਂ ਬਦਲ ਗਿਆ। ਮੋਹਣੀ ਵਾਂਗ ਬਹੁਤ ਥੋੜੇ ਬੰਦੇ ਜਾਣਦੇ ਸਨ ਕਿ ਉਹ ਕੁੰਦਨ ਹੈ ਹੀ ਨਹੀਂ ਸੀ। ਉਹ ਤਾਂ ਜੇਠੂ ਸੀ ਪਰ ਉਸ ਇਹ ਕਦੇ ਨਹੀਂ ਸੀ ਸੋਚਿਆ ਕਿ ਉਸ ਦੇ ਜਜ਼ਬਿਆਂ ਦੀਆਂ ਛੱਲਾਂ ਏਨੀਆਂ ਉੱਚੀਆਂ-ਨੀਵੀਂਆਂ ਹੋਣਗੀਆਂ। ਸੋਚਦਿਆਂ ਸੋਚਦਿਆਂ ਉਸ ਦਾ ਸਾਹ ਘੁਟਣ ਲੱਗਦਾ। ਉਸ ਦੇ ਸਿਰ ਦਰਦ ਰਹਿਣ ਲੱਗਿਆ। ਉਸ ਨੂੰ ਹਰ ਵੇਲੇ ਗੋਲ਼ੀ ਖਾਣੀ ਪੈਂਦੀ। ਉਸ ਸਿਰ ਉਪਰ ਚੁੰਨੀ ਜਿਹੀ ਬੰਨੀ ਫਿਰਦੀ। ਕੁੰਦਨ ਉਸ ਦੇ ਸਿਰ ਦਰਦ ਨੂੰ ਲੈ ਕੇ ਉਸ ਨੂੰ ਟਿੱਚਰਾਂ ਕਰਨ ਲੱਗਦਾ।

ਕੁੰਦਨ ਨੇ ਆਪਣੇ ਮੁੰਡੇ-ਕੁੜੀ ਨਾਲ ਡਾਕਟਰੇਟ ਦੀ ਡਿਗਰੀ ਮਿਲਣ ਵਾਲੀ ਖੁਸ਼ੀ ਤਾਂ ਫੋਨ ‘ਤੇ ਹੀ ਸਾਂਝੀ ਕਰ ਲਈ ਸੀ। ਨਾਵਲ ਲਿਖਣ ਤੋਂ ਬਾਅਦ ਉਸ ਨੇ ਅਮਰਜੋਤ ਨੂੰ ਫੋਨ ਕੀਤਾ, ਕਹਿਣ ਲੱਗਿਆ,

“ਮੈਂ ਨਾਵਲ ਲਿਖਿਆ, ਜਿਹਨੂੰ ਨੋਬਲ ਪਰਾਈਜ਼ ਮਿਲਣਾ ਈ ਮਿਲਣਾ!”

“ਦੈਟ’ਸ ਗੁੱਡ।”

ਅਮਰਜੋਤ ਨੂੰ ਇਸ ਖ਼ਬਰ ਵਿੱਚ ਬਹੁਤੀ ਦਿਲਚਸਪੀ ਨਹੀਂ ਸੀ। ਉਸ ਦੇ ਠੰਡੇ ਜਵਾਬ ਨੇ ਕੁੰਦਨ ਨੂੰ ਗੁੱਸਾ ਚੜ੍ਹਾ ਦਿਤਾ। ਉਸ ਨੇ ਅਮਰਜੋਤ ਨੂੰ ਦਬਕਣ ਦਾ ਬਹਾਨਾ ਕਰਦਿਆਂ ਆਖਿਆ,

“ਮੈਨੂੰ ਪਾਇਲ ਨੇ ਦੱਸਿਆ ਕਿ ਤੇਰੀ ਪੜ੍ਹਾਈ ਠੀਕ ਨਹੀਂ ਚੱਲ ਰਹੀ। ਕੀ ਪਰੋਬਲਮ ਏ ਤੇਰੀ?”

“ਡੈਡ, ਜਿਹੜੇ ਮੁੰਡੇ ਨੂੰ ਉਸ ਦਾ ਆਪਣਾ ਹੀ ਪਿਓ ਘਰੋਂ ਕੱਢ ਦੇਣ ਦੀਆਂ ਧਮਕੀਆਂ ਦੇਵੇ, ਉਹਦੀ ਪੜ੍ਹਾਈ ਏਦਾਂ ਈ ਚਲਦੀ ਹੁੰਦੀ ਐ, ਪਰ ਫਿਕਰ ਨਾ ਕਰੋ, ਔਖੇ-ਸੌਖੇ ਮੈਂ ਆਪਣੀ ਡਿਗਰੀ ਪੂਰੀ ਕਰ ਲਵਾਂਗਾ।”

“ਤੂੰ ਨਾ ਬਦਲਿਆ ਪੁੱਤਰਾ, ਤੈਨੂੰ ਚਾਹੀਦਾ ਸੀ ਕਿ ਆਪਣੇ ਪਿਓ ਤੋਂ ਕੁਝ ਸਿਖਦਾ, ਮੈਂ ਯਤੀਮ ਸੀ, ਤੇਰੇ ਤਾਂ ਫੇਰ ਮਾਂਪਿਓ ਹੈਗੇ ਨੇ।”

“ਨਹੀਂ ਡੈਡ, ਮੈਂ ਵੀ ਯਤੀਮ ਈ ਆਂ!”

ਆਖਦਿਆਂ ਅਮਰਜੋਤ ਨੇ ਫੋਨ ਰੱਖ ਦਿਤਾ।...

ਅਮਰਜੋਤ ਨੇ ਕੁੰਦਨ ਦੇ ਜਾਣ ਤੋਂ ਬਾਅਦ ਹੀ ਪਾਇਲ ਨੂੰ ਸੱਦਿਆ ਸੀ ਤੇ ਕਿਹਾ ਸੀ,

“ਦੇਖ ਪਾਇਲ, ਡੈਡ ਮੈਨੂੰ ਘਰੋਂ ਚਲੇ ਜਾਣ ਨੂੰ ਕਹਿ ਕੇ ਗਏ ਆ, ਮੈਂ ਹੁਣ ਕਿਤੇ ਕਿਰਾਏ ਤੇ ਕਮਰਾ ਦੇਖ ਰਿਹਾਂ। ਮੈਂ ਤੈਨੂੰ ਤਾਂ ਦੱਸ ਰਿਹਾਂ ਕਿ ਮੇਰੀ ਪੜ੍ਹਾਈ ਤਾਂ ਹੁਣ ਖਰਾਬ ਹੋਣੀ ਈ ਐ, ਜੇ ਤੂੰ ਮੇਰੀ ਕੋਈ ਮੱਦਦ ਕਰ ਸਕਦੀ ਏਂ ਤਾਂ ਕਰ ਦੇ ਨਹੀਂ ਤਾਂ ਕੱਲ ਨੂੰ ਮੇਰੇ ‘ਤੇ ਕੋਈ ਅਹਿਸਾਨ ਨਹੀਂ ਦਿਖਾਉਣਾ ਹੋਵੇਗਾ।”

“ਅਮਰਜੋਤ, ਮੈਂ ਤਾਂ ਤੇਰੀ ਕੋਈ ਮੱਦਦ ਨਹੀਂ ਕਰ ਸਕਦੀ, ਮੇਰਾ ਤਾਂ ਆਪਣਾ ਗੁਜ਼ਾਰਾ ਈ ਮੁਸ਼ਕਲ ਨਾ ਹੁੰਦੈ, ਇਹ ਜੋ ਵੀ ਡੈਡ ਨੇ ਤੈਨੂੰ ਕਿਹਾ ਹੋਵੇਗਾ ਇਹ ਸਭ ਓਸ ਮੋਹਣੀ ਨੇ ਕਹਾਇਆ ਹੋਵੇਗਾ, ਨਹੀਂ ਤਾਂ ਡੈਡ ਏਦਾਂ ਦੇ ਨਹੀਂ।”

“ਡੈਡ ਤੇਰੇ ਲਈ ਏਦਾਂ ਦੇ ਨਹੀਂ ਪਰ ਮੇਰੇ ਲਈ ਸਦਾ ਏਦਾਂ ਦੇ ਈ ਰਹੇ ਆ, ਮੇਰੀ ਤਾਂ ਮੌਮ ਸੀ, ਉਹ ਮਰ ਗਈ ਤੇ ਮੈਨੂੰ ਇਕੱਲਾ ਛੱਡ ਗਈ।”

ਆਖਦਿਆਂ ਅਮਰਜੋਤ ਨੇ ਅੱਖਾਂ ਭਰ ਲਈਆਂ ਸਨ।

ਅਮਰਜੋਤ ਨੇ ਔਖੇ ਸੌਖੇ ਇਮਤਿਹਾਨ ਦਿਤੇ। ਬਹੁਤ ਵਧੀਆ ਨਹੀਂ ਸਨ। ਮਨਜੀਤ ਕੌਰ ਨੇ ਆਪਣੇ ਜੀਉਂਦੇ ਜੀ ਉਸ ਦਾ ਇਕ ਅਲੱਗ ਖਾਤਾ ਖੁਲ੍ਹਵਾਇਆ ਹੋਇਆ ਸੀ। ਜਿਸ ਵਿੱਚ ਇਸ ਵੇਲੇ ਪੰਜ ਕੁ ਹਜ਼ਾਰ ਪੌਂਡ ਪਏ ਸਨ। ਅਜਿਹਾ ਖਾਤਾ ਤਾਂ ਪਾਇਲ ਦੇ ਨਾਂ ਦਾ ਵੀ ਸੀ ਪਰ ਪਾਇਲ ਆਪਣੇ ਪੈਸੇ ਬਹੁਤ ਦੇਰ ਪਹਿਲਾਂ ਖਰਚ ਚੁੱਕੀ ਸੀ। ਅਮਰਜੋਤ ਨੇ ਉਹਨਾਂ ਪੈਸਿਆਂ ਵਿੱਚੋਂ ਇਕ ਹਜ਼ਾਰ ਪੌਂਡ ਦੀ ਕਾਰ ਖਰੀਦੀ ਤੇ ਬਾਕੀ ਦੇ ਪੈਸੇ ਡਿਪੌਜ਼ਟ ਦੇ ਕੇ ਤੀਹ ਹਜ਼ਾਰ ਪੌਂਡ ਦਾ ਅਕਸਬ੍ਰਿਜ ਰੋਡ ਉਪਰ ਸਪੈਂਸਰ ਹਾਊਸ ਵਿੱਚ ਇਕ ਫਲੈਟ ਖਰੀਦ ਲਿਆ। ਦੋ ਬੈੱਡਰੂਮ ਦਾ ਫਲੈਟ ਸੀ। ਇਕ ਸਿਟਿੰਗ ਰੂਮ ਵੀ ਸੀ। ਉਸ ਨੇ ਇਕ ਰੂਮ ਕਿਰਾਏ ‘ਤੇ ਦੇ ਦਿਤਾ ਤੇ ਇਕ ਆਪਣੇ ਲਈ ਰੱਖ ਲਿਆ। ਨਾਲ ਦੀ ਨਾਲ ਟੈਕਸੀ ਦਾ ਕੰਮ ਸ਼ੁਰੂ ਕਰ ਲਿਆ। ਯੂਨੀਵਰਸਟੀ ਖੁਲ੍ਹਣ ਤਕ ਉਹ ਟੈਕਸੀ ਚਲਾਉਂਦਾ ਰਿਹਾ। ਇਸ ਉਥਲ-ਪੁਥਲ ਕਾਰਨ ਉਸ ਦਾ ਸਾਲ ਖਰਾਬ ਹੋ ਗਿਆ। ਪਿਓ ਵਾਂਗ ਉਹ ਵੀ ਜ਼ਿਦੀਆ ਸੀ। ਉਸ ਨੇ ਧਾਰ ਲਿਆ ਸੀ ਕਿ ਜਿੰਨਾ ਵੀ ਵਕਤ ਲੱਗ ਜਾਵੇ ਪਰ ਉਹ ਆਪਣੀ ਡਿਗਰੀ ਜ਼ਰੂਰ ਪੂਰੀ ਕਰੇਗਾ।

ਕੁੰਦਨ ਨੂੰ ਪਤਾ ਚੱਲ ਗਿਆ ਸੀ ਕਿ ਅਮਰਜੋਤ ਨੇ ਆਪਣਾ ਫਲੈਟ ਲੈ ਲਿਆ ਹੈ। ਉਸ ਨੂੰ ਜ਼ਰਾ ਕੁ ਈਰਖਾ ਤਾਂ ਹੋਈ ਪਰ ਉਹ ਕਰ ਕੁਝ ਨਹੀਂ ਸੀ ਸਕਦਾ। ਇਸ ਵੇਲੇ ਤਾਂ ਉਹ ਆਪਣੇ ਨਾਵਲ ਦੀ ਪ੍ਰੋਮੋਸ਼ਨ ਵਿੱਚ ਲੱਗਿਆ ਹੋਇਆ ਸੀ। ਨਾਵਲ ਛਪ ਕੇ ਆ ਗਿਆ। ਵੱਡਾ ਨਾਵਲ ਸੀ, ਨਾਵਲ ਦੀ ਦਿੱਖ ਵੀ ਸੁਹਣੀ ਸੀ ਤੇ ਨਾਂ ਵੀ ਧਿਆਨ ਖਿੱਚਣ ਵਾਲਾ; ਕੁਆਰੀਆਂ। ਇੰਗਲੈਂਡ ਦੀਆਂ ਕੁਆਰੀਆਂ ਦੇ ਘਰੋਂ ਭੱਜਣ ਦੀ ਦਾਸਤਾਨ ਹੋਣ ਕਰਕੇ ਵੀ ਪਾਠਕ ਪੜ੍ਹਨ ਲਈ ਕਾਹਲੇ ਪੈ ਰਹੇ ਸਨ। ਕੁੰਦਨ ਨੇ ਪੰਜਾਬ ਭਰ ਦੀਆਂ ਅਖ਼ਬਾਰਾਂ ਨੂੰ ਨਾਵਲ ਭਿਜਵਾ ਦਿਤਾ ਤੇ ਸਾਰੇ ਪ੍ਰਮੁੱਖ ਰਸਾਲਿਆਂ ਨੂੰ ਵੀ। ਖਾਸ ਖਾਸ ਆਲੋਚਕਾਂ ਨੂੰ ਵੀ ਨਾਵਲ ਡਾਕ ਰਾਹੀ ਪੁੱਜ ਗਿਆ। ਨਾਵਲ ਦੀ ਬਿਨਾਂ ਪੜ੍ਹੇ ਹੀ ਚਰਚਾ ਜਿਹੀ ਛਿੜ ਪਈ। ਕੁੰਦਨ

ਵੱਡੇ ਨਾਂ ਵਾਲਾ ਲੇਖਕ ਸੀ ਇਸ ਲਈ ਉਸ ਤੋਂ ਵਧੀਆ ਨਾਵਲ ਦੀ ਆਸ ਰੱਖੀ ਹੀ ਜਾ ਰਹੀ ਸੀ। ਰੌਸ਼ਨ ਦੀ ਭੱਜ ਦੌੜ ਨਾਲ ਦਿੱਲੀ ਵਿੱਚ ਨਾਵਲ ਉਪਰ ਇਕ ਫੰਕਸ਼ਨ ਰੱਖਿਆ ਗਿਆ। ਜਿਸ ਵਿੱਚ ਪੰਜਾਬ ਭਰ ਦੇ ਵੱਡੇ ਵੱਡੇ ਡਾਕਟਰ ਤੇ ਨਾਵਲ ਦੇ ਵਿਸ਼ੇਸ਼ੱਗ ਇਕੱਠੇ ਹੋਏ। ਸਭ ਨੇ ਨਾਵਲ ਦੀਆਂ ਤਾਰੀਫਾਂ ਕੀਤੀਆਂ। ਇਕ ਡਾਕਟਰ ਨੇ ਤਾਂ ਸਟੇਜ ਤੋਂ ਇਸ ਨੂੰ ਨੋਬਲ ਪਰਾਈਜ਼ ਦੇ ਕੱਦ ਦਾ ਨਾਵਲ ਕਹਿ ਦਿਤਾ। ਹੁਣ ਕੁੰਦਨ ਕਿਸੇ ਦੇ ਲੈਣ ਦਾ ਨਹੀਂ ਸੀ। ਉਸੇ ਸ਼ਾਮ ਉਸ ਨੇ ਪਾਰਟੀ ਕੀਤੀ। ਦਿੱਲੀ ਦੇ ਸਾਰੇ ਦੋਸਤ ਬੁਲਾਏ ਗਏ। ਕੁੰਦਨ ਨੇ ਪਰੋਗਰਾਮ ਦੀ ਕਾਮਯਾਬੀ ਦੀ ਖੁਸ਼ੀ ਵਿੱਚ ਦੋ ਹਾੜੇ ਵਾਧੂ ਪੀ ਲਏ ਤੇ ਖੜਾ ਹੋ ਕੇ ਆਖਣ ਲੱਗਿਆ,

"ਦੋਸਤੋ, ਮੈਂ ਡਾਕਟਰ ਕੁੰਦਨ, ਸਦਾ ਤੁਹਾਡੇ ਨਾਲ ਖੜ੍ਹਿਆ ਵਾਂ, ਹੁਣ ਤੁਹਾਡਾ ਫਰਜ਼ ਏ ਕਿ ਮੈਨੂੰ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਦਵਾਓ।"

"ਡਾਕਟਰ ਸਾਹਬ, ਤੁਸੀਂ ਇਸ ਦੇ ਹੱਕਦਾਰ ਜੇ, ਫਿਕਰ ਕਿਉਂ ਕਰਦੇ ਓ।"

ਕਿਸੇ ਨੇ ਕਿਹਾ। ਕੁੰਦਨ ਨੇ ਰੌਸ਼ਨ ਨੂੰ ਮੁਖਾਤਿਬ ਹੋ ਕੇ ਆਖਿਆ,

"ਸਭ ਤੋਂ ਪਹਿਲਾਂ ਤਾਂ ਮੈਨੂੰ ਇਸ ਇਨਾਮ ਦੀ ਲਾਈਨ ਵਿੱਚ ਖੜਾ ਕਰੋ।"

"ਡਾਕਟਰ, ਜਿੱਦਣ ਤੂੰ ਦਿੱਲੀ ਆ ਗਿਆ ਸੀ ਓਦਣ ਈ ਲਾਈਨ ਵਿੱਚ ਖੜ ਗਿਆ ਸੈਂ, ਫਿਕਰ ਕੀ ਕਰਦਾਂ!"

"ਕੁਝ ਵੀ ਹੋਵੇ, ਐਤਕੀਂ ਇਹ ਇਨਾਮ ਮੈਨੂੰ ਮਿਲਣਾ ਚਾਹੀਦਾ ਏ।"

ਸਭ ਨੇ ਆਪਣੇ ਪੈੱਗ ਚੁੱਕਦਿਆਂ ਚੀਅਰਜ਼ ਕੀਤਾ। ਡਾਕਟਰ ਰੌਸ਼ਨ ਨੇ ਕੋਲ ਬੈਠੇ ਸੁਹੇਲ ਸਿੰਘ ਦੇ ਕੰਨ ਵਿੱਚ ਕਿਹਾ,

"ਇਹ ਬੰਦਾ ਤਾਂ ਬਈ ਬਹੁਤੀਆਂ ਆਸਾਂ ਰੱਖੀ ਬੈਠਾ!"

"ਆਸਾਂ ਨਹੀਂ ਡਾਕਟਰ ਸਾਹਿਬ, ਈਗੋ ਪਾਲ਼ੀ ਬੈਠਾ ਏ, ਇਹ ਸਾਨੂੰ ਵੀ ਮਰਵਾਏਗਾ, ਇਹਦਾ ਧਿਆਨ ਰੱਖਣਾ ਪਏਗਾ।"

ਸੁਹੇਲ ਸਿੰਘ ਨੇ ਅਗਿਓਂ ਆਪਣਾ ਫਿਕਰ ਸਾਂਝਾ ਕੀਤਾ।

ਡਾਕਟਰ ਰੌਸ਼ਨ ਦੂਰ ਦੀ ਸੋਚਣ ਵਾਲਾ ਬੰਦਾ ਸੀ। ਉਹ ਸਿਆਸਤ ਖੇਡਣ ਵਿੱਚ ਵੀ ਮਾਹਰ ਹੋ ਚੁੱਕਿਆ ਸੀ। ਡਾਕਟਰ ਹਰੀ ਸਿੰਘ ਦਾ ਭਾਵੇਂ ਉਹ ਸ਼ਾਗਿਰਦ ਸੀ ਪਰ ਉਸ ਵਾਲੀ ਤਾਕਤ ਉਪਰ ਉਸ ਦੀ ਅੱਖ ਸੀ। ਉਸ ਨੇ ਹਰੀ ਸਿੰਘ ਨੂੰ ਪੱਛਾੜ ਕੇ ਕਿਸੇ ਨਾ ਕਿਸੇ ਤਰੀਕੇ ਨਾਲ ਅੱਗੇ ਨਿਕਲਣਾ ਸੀ। ਇਕ ਦਿਨ ਉਸ ਨੇ ਕੁੰਦਨ ਨੂੰ ਕਿਹਾ,

"ਤੇਰੇ ਨਾਵਲ 'ਤੇ ਹਾਲੇ ਹੋਰ ਚਰਚਾ ਹੋਣੀ ਏਂ, ਬਲਕਿ ਹਾਲੇ ਤਾਂ ਹੋਇਆ ਈ ਕੁਝ ਨਹੀਂ, ਹਾਲੇ ਤਾਂ ਪੂਰੇ ਗੋਹੜੇ ਵਿੱਚੋਂ ਇਕ ਪੂਣੀ ਈ ਕੱਤੀ ਗਈ ਏ, ਹਾਲੇ ਡਾਕਟਰ ਹਰੀ ਸਿੰਘ ਨੇ ਇਸ ਉਪਰ ਲਿਖਣਾ ਏਂ।"

"ਮੈਂ ਉਹ ਨੂੰ ਨਾਵਲ ਤਾਂ ਸਾਲ਼ਾ ਬੈਹੜਿਆਂ ਦਾ ਦਿਤਾ ਸੀ ਪਰ ਉਹ ਸ਼ਾਇਦ ਦਿੱਲੀ ਤੋਂ ਬਾਹਰ ਗਿਆ ਹੋਇਆ ਏ।"

ਉਹਨਾਂ ਦੇ ਨਾਲ ਹੀ ਕੁਲਵੰਤ ਸਿੰਘ ਵੀ ਬੈਠਾ ਸੀ। ਪੰਜਾਬੀ ਵਿੱਚ ਕਦੇ ਕਦੇ ਕਹਾਣੀ ਵੀ ਲਿਖਦਾ ਸੀ ਪਰ ਡਾਕਟਰ ਰੌਸ਼ਨ ਦਾ ਖਾਸ ਦੋਸਤ ਸੀ। ਉਹ ਬੋਲਿਆ,

"ਡਾਕਟਰ ਹਰੀ ਸਿੰਘ ਸ਼ਾਇਦ ਏਸ ਨਾਵਲ ਬਾਰੇ ਚੁੱਪ ਹੀ ਰਹੇ।"

"ਕਿਉਂ?"

"ਕਿਉਂਕਿ ਉਹ ਸਟਰੱਕਚ੍ਰਲਿਜ਼ਮ ਦਾ ਬੰਦਾ ਐ।"

"ਨਹੀਂ ਯਾਰ, ਮੈਂ ਨਾਵਲ ਲਿਖਦੇ ਸਮੇਂ ਏਸ ਗੱਲ ਦਾ ਵੀ ਧਿਆਨ ਰੱਖਿਆ ਕਿ ਉਹਨੂੰ ਵੀ ਖੁਸ਼ ਰੱਖਾਂ, ਮੇਰੇ ਪਹਿਲੇ ਨਾਵਲਾਂ ਉਪਰ ਉਸ ਨੇ ਬਹੁਤ ਹੀ ਡਿਟੇਲਡ ਪਰਚੇ ਲਿਖੇ ਨੇ, ...ਨਾਲ਼ੇ ਉਹ ਤਾਂ ਮੋਹਣੀ ਦਾ ਗੁਰੂ ਏ, ਮੋਹਣੀ ਦੀ ਖਾਤਰ ਉਹਨੂੰ ਨਾਵਲ ਉਪਰ ਲਿਖਣਾ ਪਏਗਾ।"

"ਇਕ ਗੱਲ ਦੱਸਾਂ ਯਾਰ ਕੁੰਦਨ, ਇਹ ਹਰੀ ਸਿੰਘ ਕਿਸੇ ਦਾ ਸਕਾ ਨਹੀਂ, ਇਹ ਸਟੇਜ ਤੋਂ ਆਪਣੀ ਵਿਦਵਤਾ ਦਾ ਰੋਅਬ ਪਾ ਕੇ ਹਰ ਵੇਲੇ ਛਾਇਆ ਰਹਿੰਦਾ ਏ, ਛਾਇਆ ਰਹਿਣਾ ਹੀ ਉਸ ਦਾ ਮਕਸਦ ਏ, ਅਸੀਂ ਇਹਦੇ ਸ਼ਿੱਸ਼ ਕੁਝ ਬੋਲਦੇ ਨਹੀਂ।"

ਰੌਸ਼ਨ ਗੱਲ ਕਰਕੇ ਧਿਆਨ ਨਾਲ ਕੁੰਦਨ ਵਲ ਦੇਖਣ ਲੱਗਿਆ। ਕੁੰਦਨ ਨੇ ਆਖਿਆ,

"ਇਕ ਵਾਰੀ ਆਹ ਸਾਹਿਤ ਅਕੈਡਮੀ ਦਾ ਇਨਾਮ ਲੈ ਲਵਾਂ, ਫੇਰ ਏਹਨੂੰ ਵੀ ਦੇਖ ਲਵਾਂਗਾ।"

"ਇਨਾਮ ਕਿਤੇ ਏਹਨੇ ਦਵਾਉਣਾ ਏ! ਇਨਾਮ ਦੇਣ ਵਿੱਚ ਏਹਦੀ ਏਨੀ ਸੇਅ ਨਹੀਂ ਏ ਪਰ ਏਹਦੇ ਨਾਲ ਬਹਿਸ ਕਰਨ ਲਈ ਤੈਨੂੰ ਬਹੁਤ ਪੜ੍ਹਨਾ ਪਵੇਗਾ।"

ਰੌਸ਼ਨ ਨੇ ਆਖਿਆ। 'ਬਹੁਤ ਪੜ੍ਹਨਾ ਪਵੇਗਾ' ਕੁੰਦਨ ਨੂੰ ਇਕ ਵੰਗਾਰ ਵਾਂਗ ਜਾਪਿਆ। ਉਸ ਨੇ ਕਿਹਾ,

"ਰੌਸ਼ਨ ਭਾਊ, ਸਟਰੱਕਲਿਜ਼ਮ ਉਪਰ ਮੇਰੀ ਪੂਰੀ ਸਟੱਡੀ ਏ, ਮੈਂ ਇਹਦੇ ਖਿਲਾਫ ਬੋਲਿਆ ਤਾਂ ਹਰੀ ਸੂੰਹ ਨੂੰ ਖਿੱਚ ਕੇ ਰੱਖ ਦੇਵਾਂਗਾ।"

"ਜੇ ਇਵੇਂ ਕਰ ਦੇਵੇਂਗਾ ਤਾਂ ਇਕ ਵਾਰ ਤਾਂ ਤੇਰੀ ਬੱਲੇ ਬੱਲੇ ਹੋ ਜਾਵੇਗੀ।"

"ਠਹਿਰ ਲੈ ਹਾਲੇ, ਦੇਖਦੇ ਆਂ ਕਿ ਊਠ ਕਿਸ ਕਰਵਟ ਬੈਠਦਾ ਏ, ਜੇ ਇਹਨੇ ਮੇਰੇ 'ਕੁਆਰੀਆਂ' ਉਪਰ ਕੋਈ ਕੰਮ ਕੀਤਾ ਤਾਂ ਬਖਸ਼ ਦੇਵਾਂਗੇ, ਨਹੀਂ ਤਾਂ ਸਜ਼ਾ ਜ਼ਰੂਰ ਮਿਲੇਗੀ।"

ਕੁੰਦਨ ਫਿਲਮੀ ਅੰਦਾਜ਼ ਵਿੱਚ ਬੋਲਦਾ ਹੱਸਣ ਲੱਗਿਆ।

ਹੁਣ ਰੌਸ਼ਨ ਦੇ ਜੁੱਟ ਦੇ ਬੰਦੇ ਹਰ ਵੇਲੇ ਕੁੰਦਨ ਨੂੰ ਆਰ ਲਾਉਣ ਲੱਗੇ ਸਨ। ਇਕ ਦਿਨ ਸੁਹੇਲ ਸਿੰਘ ਬੋਲਿਆ,

"ਆਹ ਤੁਹਾਡੇ ਇੰਗਲੈਂਡ ਦੇ ਇਕ ਲੇਖਕ ਦੀਆਂ ਦੋ ਕਹਾਣੀਆਂ ਉਪਰ ਡਾਕਟਰ ਹਰੀ ਸਿੰਘ ਨੇ ਪੂਰੀ ਕਿਤਾਬ ਲਿਖ ਮਾਰੀ! ਭਲਾ ਉਹ ਕਹਾਣੀਆਂ ਤੁਹਾਡੇ ਨਾਵਲ ਤੋਂ ਅੱਗੇ ਨੇ?"

"ਮੇਰੇ ਨਾਵਲ ਤੋਂ ਅੱਗੇ ਤਾਂ ਹੁਣ ਕੋਈ ਮਾਈ ਦਾ ਲਾਲ ਜੰਮੇਗਾ ਤਾਂ ਲਿਖੇਗਾ, ਨਾਵਲਕਾਰੀ ਵਿੱਚ ਮੈਂ ਜੰਦੇ ਲਾ ਦਿਤੇ ਨੇ।"

ਕੁੰਦਨ ਕਹਿ ਰਿਹਾ ਸੀ ਪਰ ਉਸ ਦੇ ਮਨ ਵਿੱਚ ਡਾਕਟਰ ਹਰੀ ਸਿੰਘ ਘੁੰਮ ਰਿਹਾ ਸੀ।...

ਇਕ ਦਿਨ ਉਸ ਨੇ ਮੋਹਣੀ ਨੂੰ ਕਿਹਾ,

"ਦੇਖ ਲੈ, ਤੇਰੇ ਗੁਰੂ ਨੇ ਤੇਰੇ ਹਸਬੈਂਡ ਬਾਰੇ ਇਕ ਵੀ ਲਫਜ਼ ਨਹੀਂ ਲਿਖਿਆ!"

"ਡਾਕਟਰ ਸਾਹਿਬ, ਮੇਰੀ ਉਹਨਾਂ ਨਾਲ ਕੱਲ ਹੀ ਫੋਨ ਉਪਰ ਗੱਲ ਹੋਈ ਸੀ, ਕਹਿੰਦੇ ਨੇ ਕਿ ਉਹ ਜੰਮੂ ਯੂਨਵਰਸਟੀ ਵਿੱਚ 'ਕੁਆਰੀਆਂ' ਉਪਰ ਬੋਲੇ ਨੇ।"

"ਮੈਂ ਕਿਹੜਾ ਉਥੇ ਹਾਜ਼ਰ ਸੀ, ਮੇਰੀ ਹਾਜ਼ਰੀ ਵਿੱਚ ਬੋਲੇ ਨਾ ਫਿਰ ਗੱਲ ਬਣਦੀ ਏ।"

"ਡਾਕਟਰ ਸਾਹਿਬ, ਮੈਂ ਹੁਣ ਬਹੁਤਾ ਕੁਝ ਨਹੀਂ ਕਰ ਸਕਦੀ। ਮੇਰੇ ਤਾਂ ਉਹ ਗੁਰੂ ਨੇ ਇਸ ਲਈ ਮੈਂ ਉਹਨਾਂ ਨੂੰ ਆਰਡਰ ਤਾਂ ਕਰ ਨਹੀਂ ਸਕਦੀ, ਸਿਰਫ ਬੇਨਤੀ ਈ ਕਰ ਸਕਦੀ ਆਂ।"

ਮੋਹਣੀ ਆਪਣੀ ਗਰੀਬ ਜਿਹੀ ਅਵਾਜ਼ ਵਿੱਚ ਬੋਲੀ। ਇਹਨਾਂ ਦਿਨਾਂ ਵਿੱਚ ਮੋਹਣੀ ਦੀ ਹਾਲਤ ਸਭ ਤੋਂ ਅਜੀਬ ਸੀ। ਉਹ ਹਰ ਵੇਲੇ ਡਰੀ ਡਰੀ ਰਹਿੰਦੀ। ਕਿਸੇ ਨੂੰ ਦੱਸ ਵੀ ਨਾ ਸਕਦੀ ਕਿ ਉਹ ਜੇਠੂ ਨਾਲ ਰਹਿ ਰਹੀ ਹੈ। ਕਿਸੇ ਵੇਲੇ ਉਹ ਦਿੱਲੀ ਦੀ ਹਰ ਸਾਹਿਤਕ ਮਿਲਣੀ ਦਾ ਸ਼ਿੰਗਾਰ ਸਮਝੀ ਜਾਂਦੀ ਸੀ ਪਰ ਹੁਣ ਇਕ ਗੁੱਠ ਜਿਹੀ ਵਿੱਚ ਲੱਗ ਕੇ ਬੈਠੀ ਰਹਿੰਦੀ। ਕੁੰਦਨ ਉਸ ਨੂੰ ਹਰ ਮਹਿਫਲ ਵਿੱਚ ਲੈ ਕੇ ਜਾਂਦਾ ਪਰ ਮੋਹਣੀ ਉਹੀ ਕੁਝ ਬੋਲਦੀ ਜੋ ਕੁਝ ਉਹ ਉਸ ਨੂੰ ਸਿਖਾ ਕੇ ਲੈ ਗਿਆ ਹੁੰਦਾ। ਦੋਸਤਾਂ ਨੂੰ ਇਹ ਗੱਲ ਬਹੁਤ ਬੁਰੀ ਲਗਦੀ ਪਰ ਮੋਹਣੀ ਕਦੇ ਕੋਈ ਸ਼ਿਕਾਇਤ ਨਹੀਂ ਸੀ ਕਰਦੀ। ਮੋਹਣੀ ਦਾ ਸਿਰ ਦਰਦ ਹੁਣ ਪਹਿਲਾਂ ਨਾਲੋਂ ਵਧ ਗਿਆ ਸੀ। ਉਸ ਨੂੰ ਕਈ ਕਿਸਮ ਦੀਆਂ ਗੋਲੀਆਂ ਖਾਣੀਆਂ ਪੈ ਰਹੀਆਂ ਸਨ। ਕੁੰਦਨ ਮੋਹਣੀ ਨੂੰ 'ਤੂੰ-ਤਾਂ' ਕਰਕੇ ਹੀ ਬੁਲਾਉਂਦਾ ਤੇ ਮੋਹਣੀ ਉਸ ਨੂੰ 'ਡਾਕਟਰ ਸਾਹਿਬ' ਤੋਂ ਬਿਨਾਂ ਗੱਲ ਨਾ ਕਰਦੀ। ਕੁੰਦਨ ਇਹੋ ਹੀ ਚਾਹੁੰਦਾ ਸੀ। ਇਹਨਾਂ ਸਾਰੀਆਂ ਗੱਲਾਂ ਨਾਲੋਂ ਉਸ ਦਾ ਧਿਆਨ ਵੱਡੇ ਇਨਾਮ ਵੱਲ ਸੀ।

ਜਿਵੇਂ ਅਰਜੁਨ ਨੂੰ ਮੱਛੀ ਦੀ ਸਿਰਫ ਅੱਖ ਦਿਸਦੀ ਸੀ, ਕੁੰਦਨ ਨੂੰ ਸਿਰਫ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਦਿਸਦਾ ਸੀ। ਉਸ ਨੇ ਇਸ ਇਨਾਮ ਲਈ ਦੂਰ ਦੂਰ ਤਕ ਹੱਥ ਪੈਰ ਮਾਰਨੇ ਸ਼ੁਰੂ ਕਰ ਦਿਤੇ ਸਨ। ਜਿਸ ਬੰਦੇ ਦੀ ਵੀ ਇਨਾਮ ਦੇਣ ਵਾਲੀ ਜੂਰੀ ਵਿੱਚ ਆ ਜਾਣ ਦੀ ਸੰਭਾਵਨਾ ਹੁੰਦੀ ਉਹ ਉਸ ਤਕ ਆਪ ਜਾ ਕੇ ਪਹੁੰਚ ਕਰ ਲੈਂਦਾ ਤੇ ਅਗਲੇ ਨਾਲ ਸਿੱਧੀ ਗੱਲ ਕਰਦਾ। ਉਹ ਕਈਆਂ ਨੂੰ ਇਹ ਦਾਣਾ ਵੀ ਪਾਉਂਦਾ ਕਿ ਇਸ ਇਨਾਮ ਦੇ ਬਦਲੇ ਵਿੱਚ ਇੰਗਲੈਂਡ ਵਿੱਚੋਂ ਵੱਡੀ ਰਕਮ ਦਾ ਕੋਈ ਇਨਾਮ ਸ਼ੁਰੂ ਕਰਕੇ ਉਸ ਨੂੰ ਦਵਾਇਆ ਜਾਵੇਗਾ। ਇੰਗਲੈਂਡ ਦੀ ਸੈਰ ਦਾ ਵਾਅਦਾ ਵੀ ਹੁੰਦਾ। ਜਿਹੜੇ ਬੰਦੇ ਪਹਿਲਾਂ ਹੀ ਇਨਾਮ ਲਈ ਲਾਈਨ ਵਿੱਚ ਲੱਗੇ ਹੋਏ ਸਨ ਉਹ ਕੁੰਦਨ ਤੋਂ ਬਹੁਤ ਔਖੇ ਸਨ। ਦਿੱਲੀ ਦੇ ਹੋਰ ਵੀ ਕਈ ਲੇਖਕ ਕੁੰਦਨ ਦੀਆਂ ਪਾੜੀਆਂ ਤੋਂ ਤੰਗ ਪੈ ਗਏ ਸਨ। ਉਹ ਸਮਝਦਾ ਸੀ ਕਿ ਦਿੱਲੀ ਦੇ ਕੁਝ ਲੇਖਕ ਉਸ ਤੋਂ ਖੁਸ਼ ਨਹੀਂ ਹਨ। ਉਸ ਨੇ ਆਪਣੀਆਂ ਦੋਸਤੀਆਂ ਦਾ ਦਾਇਰਾ ਦਿੱਲੀ ਤਕ ਹੀ ਨਾ ਰੱਖ ਕੇ ਪੰਜਾਬ ਵੱਲ ਫੈਲਾਉਣਾ ਸ਼ੁਰੂ ਕਰ ਦਿਤਾ। ਡਾਕਟਰ ਮਹਿਰੋਕ ਜਿਸ ਕੋਲ ਉਸ ਨੇ ਡਾਕਟਰੇਟ ਕੀਤੀ ਸੀ ਹੁਣ ਉਸ ਦੇ ਦੋਸਤਾਂ ਦੀ ਸੂਚੀ ਵਿੱਚ ਨਹੀਂ ਸੀ। ਉਹ ਉਸ ਨੂੰ ਬਹੁਤ ਢਿੱਲਾ ਤੇ ਫਜ਼ੂਲ ਜਿਹਾ ਬੰਦਾ ਸਮਝਣ ਲੱਗਿਆ ਸੀ।

ਪੰਜਾਬ ਦੇ ਜਿਹਨਾਂ ਲੇਖਕਾਂ ਉਪਰ ਉਸ ਨੂੰ ਆਸ ਹੁੰਦੀ ਕਿ ਉਸ ਦੇ ਕੰਮ ਆ ਸਕਦੇ ਹਨ ਉਹਨਾਂ ਨੂੰ ਉਹ ਫੋਨ ਕਰਕੇ ਦਿੱਲੀ ਆਉਣ ਦਾ ਸੱਦਾ ਦਿੰਦਾ ਰਹਿੰਦਾ। ਉਹਨਾਂ ਦੀ ਆਓ ਭਗਤ ਵੀ ਖੂਬ ਕਰਦਾ। ਜਿਵੇਂ ਕੁੰਦਨ ਦੀ ਆਦਤ ਸੀ ਕਿ ਉਹ ਸ਼ਰਾਬ ਪੀ ਕੇ ਬਹੁਤਾ ਹੀ ਭਾਵੁਕ ਹੋ ਜਾਂਦਾ ਸੀ, ਭਾਵੁਕ ਹੋ ਕੇ ਅਗਲੇ ਨਾਲ ਦਿਲ ਦੀਆਂ ਗੱਲਾਂ ਵੀ ਕਰ ਜਾਂਦਾ। ਇਵੇਂ ਉਹ ਨਾਵਲਕਾਰ ਰਜਿੰਦਰ ਸਿੰਘ ਨਾਲ ਕਈ ਗੱਲਾਂ ਸਾਂਝੀਆਂ ਕਰ ਲੈਂਦਾ ਸੀ ਤੇ ਰਜਿੰਦਰ ਸਿੰਘ ਵੀ। ਰਜਿੰਦਰ ਸਿੰਘ ਨੂੰ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਮਿਲ ਚੁੱਕਿਆ ਸੀ। ਇਕ ਦਿਨ ਕੁੰਦਨ ਕਹਿਣ ਲਗਿਆ,

"ਪੰਜਾਬ ਦਾ ਹੋਰ ਕਿਹੜਾ ਇਨਾਮ ਏ ਜਿਹੜਾ ਲਿਆ ਜਾ ਸਕਦਾ ਏ।"

"ਇਕ ਤਾਂ ਮੈਂ ਈ ਸਮਰਾਲੇ ਤੋਂ ਕਹਾਣੀ ਨੂੰ ਦਿੰਨਾ, ਕਹੇਂ ਤਾਂ ਐਤਕੀਂ ਤੈਨੂੰ ਦੇ ਦਿੰਨਾ।"

"ਇਹ ਜ਼ਰਾ ਛੋਟਾ ਏ, ਜਾਂ ਤਾਂ ਏਹਨੂੰ ਜ਼ਰਾ ਵੱਡਾ ਬਣਾ, ਮੇਰੇ ਲੈਵਲ ਦਾ, ਫੇਰ ਮੈਨੂੰ ਦੇਹ।"

"ਮੈਂ ਵੀ ਕਿਸੇ ਬੰਦੇ ਨੂੰ ਫਸਾਇਆ ਹੋਇਐ, ਦੇਖਦਾਂ ਮੈਂ ਓਹਦੇ ਨਾਲ ਗੱਲ ਕਰਕੇ, ਨਹੀਂ ਤਾਂ ਮੈਂ ਕੋਈ ਹੋਰ ਦੇਖਦਾਂ, ਜੇ ਤੈਨੂੰ ਮਿਲ ਸਕਦਾ ਹੋਵੇ।"

ਰਜਿੰਦਰ ਸਿੰਘ ਨੇ ਉਸ ਨੂੰ ਤਸੱਲੀ ਦਿੰਦਿਆਂ ਆਖਿਆ। ਅਜਿਹੀਆਂ ਗੱਲਾਂ ਕੁੰਦਨ ਕਈਆਂ ਨਾਲ ਕਰ ਲੈਂਦਾ। ਇਕ ਇਨਾਮ ਲੁਧਿਆਣੇ ਤੋਂ ਵੀ ਮਿਲਦਾ ਸੀ। ਕੋਈ ਅਮਰੀਕਾ ਰਹਿੰਦਾ ਵਿਅਕਤੀ ਇਸ ਇਨਾਮ ਦੀ ਰਾਸ਼ੀ ਦਿਆ ਕਰਦਾ। ਲੁਧਿਆਣੇ ਤੋਂ ਆਏ ਲੇਖਕਾਂ ਤੇ ਸ਼ਾਇਰਾਂ ਨੂੰ

ਸਪੈਸ਼ਲ ਵਾਈਨ ਪਿਲਾਉਂਦਿਆਂ ਇਹ ਫਰਮਾਇਸ਼ ਉਹਨਾਂ ਦੇ ਸਾਹਮਣੇ ਰੱਖ ਦਿੰਦਾ। ਉਸ ਦੀ ਦਾਰੂ ਪੀਂਦੇ ਸਮੇਂ ਉਸ ਨੂੰ ਕੌਣ ਇਨਕਾਰੀ ਹੋ ਸਕਦਾ ਸੀ, ਅਗਲਾ ਮੁੰਡੇ ਦੇਈ ਜਾਂਦਾ।

ਡਾਕਟਰ ਰੌਸ਼ਨ ਦਾ ਜੁੱਟ ਭਾਵੇਂ ਕੁੰਦਨ ਦੀ ਕਾਰਗੁਜ਼ਾਰੀ ਤੋਂ ਬਹੁਤਾ ਖੁਸ਼ ਨਹੀਂ ਸੀ ਪਰ ਫਿਰ ਵੀ ਸਾਰੇ ਉਸ ਦੇ ਦੋਸਤ ਸਨ। ਇਕ ਆਸ ਉਹਨਾਂ ਨੂੰ ਇਹ ਵੀ ਸੀ ਕਿ ਭਵਿੱਖ ਵਿੱਚ ਕੁੰਦਨ ਇੰਗਲੈਂਡ ਵਿੱਚ ਸਾਹਿਤ ਸਮਾਗਮ ਰਚਾਏਗਾ ਤੇ ਉਹਨਾਂ ਨੂੰ ਚੌਧਰੀ ਬਣਾ ਕੇ ਸੱਦੇਗਾ। ਇਕ ਦਿਨ ਕੁਲਵੰਤ ਕਹਿਣ ਲੱਗਿਆ,

"ਕਿਉਂ ਨਾ ਆਪਾਂ ਮਲੇਸ਼ੀਆ ਚੱਲੀਏ ਤੇ ਹਫਤਾ ਦਸ ਦਿਨ ਮਜ਼ੇ ਲੁੱਟ ਕੇ ਆਈਏ!"

"ਗੱਲ ਤਾਂ ਤੁਹਾਡੀ ਠੀਕ ਏ ਪਰ ਤੁਸੀਂ ਆਪ ਸਾਰੇ ਤਾਂ ਦਿੱਲੀ ਵਿੱਚ ਈ ਮਜ਼ੇ ਲੁੱਟੀ ਜਾਂਦੇ ਓ, ਹੁਣ ਆਹ ਰੌਸ਼ਨ ਕੱਲ ਨਵੀਂ ਕੁੜੀ ਲਈ ਫਿਰਦਾ ਸੀ, ਕੌਣ ਸੀ ਉਹ ਡਾਕਟਰ?"

"ਓਹ ਬਈ ਮੇਰੀ ਨਵੀਂ ਵਿਦਿਆਰਥਣ ਸੀ, ਅਨੀਤਾ। ਬਹੁਤ ਜ਼ਹੀਨ ਕੁੜੀ ਏ, ਦੇਖਣਾ ਇਕ ਦਿਨ ਵਧੀਆ ਕਵਿਤਰੀ ਬਣੇਗੀ।"

"ਪਰ ਐਸ ਵੇਲੇ ਤਾਂ ਉਹ ਸਾਡੀ ਛੋਟੀ ਮੰਮੀ ਬਣੀ ਫਿਰਦੀ ਏ, ਤੇਰੇ ਨਾਲ ਇਵੇਂ ਲੱਗ ਕੇ ਤੁਰਦੀ ਏ ਜਿਵੇਂ ਤੀਵੀਂ ਆਦਮੀ ਸ਼ੌਪਿੰਗ ਕਰਨ ਨਿਕਲੇ ਹੋਣ।"

ਆਖਦਾ ਕੁੰਦਨ ਹੱਸਿਆ। ਕੁਲਵੰਤ ਨੇ ਕਿਹਾ,

"ਡਾਕਟਰ, ਬੜੇ ਬੰਦਿਆਂ ਦੀਆਂ ਬੜੀਆਂ ਗੱਲਾਂ, ...ਅਸੀਂ ਤਾਂ ਜ਼ਮਾਨੇ ਸਾਹਮਣੇ ਕੁਝ ਕਰਨ ਜੋਗੇ ਨਹੀਂ ਆਂ, ਏਸ ਲਈ ਲੋਕਾਂ ਦੀਆਂ ਨਜ਼ਰਾਂ ਤੋਂ ਦੂਰ ਮਲੇਸ਼ੀਆਂ ਜਾਣਾ ਪਰੈਫਰ ਕਰਦੇ ਆਂ, ਨਾਲ਼ੇ ਮਲੇਸ਼ੀਆ ਦੇ ਨਜ਼ਾਰੇ ਹੋਰ ਨੇ!"

ਬਾਕੀ ਸਾਰੇ ਮਲੇਸ਼ੀਆ ਜਾਣ ਦੀਆਂ ਸਲਾਹਾਂ ਕਰਨ ਲਗੇ ਪਰ ਕੁੰਦਨ ਨੇ ਗਰਮੀਆਂ ਵਿੱਚ ਇੰਗਲੈਂਡ ਵਾਪਸ ਜਾਣਾ ਸੀ। ਉਥੇ ਉਸ ਦੇ ਕਈ ਕੰਮ ਕਰਨ ਵਾਲੇ ਸਨ। ਡਾਕਟਰੇਟ ਦੀ ਡਿਗਰੀ ਲੈ ਕੇ ਤੇ ਆਪਣੇ ਵੱਡ-ਅਕਾਰੀ ਨਾਵਲ ਨਾਲ ਪਹਿਲੀ ਵਾਰ ਇੰਗਲੈਂਡ ਪੁੱਜਣਾ ਸੀ। ਉਸ ਨੇ ਆਪਣੇ ਪੁਰਾਣੇ ਦੋਸਤਾਂ ਉਪਰ ਰੋਅਬ ਵੀ ਪਾਉਣਾ ਸੀ।

ਇਕ ਦਿਨ ਕੁੰਦਨ ਡਾਕਟਰ ਰੌਸ਼ਨ ਨੂੰ ਮਿਲਣ ਗਿਆ। ਰੌਸ਼ਨ ਉਸ ਨੂੰ ਦੂਰੋਂ ਹੀ ਦੇਖਦਿਆਂ ਬੋਲਿਆ,

"ਅੱਜ ਈ ਖ਼ਬਰ ਆਈ ਏ ਕਿ ਲੰਡਨ ਵਿਚ ਅਗਲੇਰੇ ਮਹੀਨੇ ਸਾਹਿਤਕ ਪਰੋਗਰਾਮ ਹੋ ਰਿਹਾ।"

"ਅੱਛਾ! ਕੌਣ ਕਰਾ ਰਿਹਾ ਏ?"

"ਡਾ ਜਗਬੀਰ ਸਿੰਘ ਖਾਲਸਾ ਨਾਂ ਦਾ ਬੰਦਾ ਏ ਕੋਈ।"

"ਉਹ ਤਾਂ ਮੇਰਾ ਹੀ ਚੇਲਾ ਏ, ਮੈਂ ਹੀ ਉਹਨੂੰ ਸਮਾਗਮ ਕਰਾਉਣ ਲਈ ਕੌਂਸਲ ਤੋਂ ਪੈਸੇ ਲੈਣ ਦਾ ਢੱਬ ਦੱਸਿਆ ਸੀ।"

"ਸੁਣਿਆਂ ਤੇਰਾ ਚਹੇਤਾ ਡਾਕਟਰ ਹਰੀ ਸਿੰਘ ਵੀ ਜਾ ਰਿਹਾ ਏ।"

"ਫਿਰ ਤਾਂ ਮੈਂ ਵੀ ਉਥੇ ਈ ਹੋਵਾਂਗਾ, ...ਹੋ ਜਾਣਗੇ ਦੋ ਦੋ ਹੱਥ! ...ਆਖਰ ਇੰਗਲੈਂਡ ਮੇਰੀ ਹੋਮ-ਗਰਾਊਂਡ ਏ!"

23-ਕੱਖ-ਕਾਨ

ਕੁੰਦਨ ਮੋਹਣੀ ਨੂੰ ਲੈ ਕੇ ਵਾਪਸ ਇੰਗਲੈਂਡ ਪੁੱਜ ਗਿਆ। ਇੰਗਲੈਂਡ ਦੇ ਲੇਖਕਾਂ ਨੂੰ ਤਾਂ ਉਹ ਪਹਿਲਾਂ ਹੀ ਕੁਝ ਨਹੀਂ ਸੀ ਸਮਝਦਾ ਹੁਣ ਉਹ ਬਿਲਕੁਲ ਹੀ ਕੱਖ-ਕਾਨ ਸਮਝਣ ਲਗਿਆ ਸੀ। ਮੋਹਣੀ ਨਾਲ ਗੱਲ ਕਰਦਾ ਉਹ ਆਖਦਾ,

"ਮੈਂ ਗਿਆਨ ਦਾ ਭਰਿਆ ਦਰਿਆ ਤੇ ਇਹ ਸਾਲ਼ੇ ਬੈਹੜਿਆਂ ਦੇ ਸਾਰੇ ਕੱਖ-ਕਾਨ, ਜਿਧਰ ਨੂੰ ਮਰਜ਼ੀ ਰੋੜ ਕੇ ਲੈ ਜਾਵਾਂ!"

ਉਹਨਾਂ ਨੂੰ ਅਮਰਜੋਤ ਏਅਰਪੋਰਟ ਤੋਂ ਲੈਣ ਆਇਆ ਹੋਇਆ ਸੀ। ਉਹ ਹੁਣ ਅਮਰਜੋਤ ਨੂੰ ਅਕਸਰ ਫੋਨ ਕਰਦਾ ਰਹਿੰਦਾ ਸੀ। ਅਮਰਜੋਤ ਹੁਣ ਆਪਣੇ ਫਲੈਟ ਵਿੱਚ ਰਹਿੰਦਾ ਸੀ ਪਰ ਉਸ ਨੇ ਕੁੰਦਨ ਦੇ ਘਰ ਦੀ ਸਫਾਈ ਕਰ ਦਿਤੀ ਸੀ। ਉਸ ਦੀ ਕਾਰ ਦੀ ਸਰਵਿਸ ਵੀ ਕਰਵਾ ਰੱਖੀ ਸੀ। ਕੁੰਦਨ ਨੂੰ ਇੰਗਲੈਂਡ ਆਉਣਾ ਬਹੁਤ ਚੰਗਾ ਲੱਗਿਆ। ਦਿੱਲੀ ਦੇ ਪਰਦੂਸ਼ਣ ਤੋਂ ਉਹ ਦੁਖੀ ਹੋ ਕੇ ਮੁੜਿਆ ਸੀ। ਅਮਰਜੋਤ ਨੇ ਉਹਨਾਂ ਖਾਣ-ਪੀਣ ਦਾ ਪ੍ਰਬੰਧ ਵੀ ਕੀਤਾ। ਪਾਇਲ ਉਸ ਨੂੰ ਉਸੇ ਸ਼ਾਮ ਹੀ ਮਿਲਣ ਆ ਗਈ ਕਿਉਂਕਿ ਉਸ ਨੂੰ ਪਤਾ ਸੀ ਕਿ ਪਿਓ ਇੰਡੀਆ ਤੋਂ ਉਸ ਲਈ ਕਾਫੀ ਸਾਰੀਆਂ ਸਿਗਰਟਾਂ ਲੈ ਕੇ ਆਵੇਗਾ। ਇੰਡੀਆ ਵਿੱਚ ਇੰਗਲੈਂਡ ਦੇ ਮੁਕਾਬਲੇ ਸਿਗਰਟਾਂ ਬਹੁਤ ਸਸਤੀਆਂ ਸਨ। ਪਾਇਲ ਰਾਤ ਰਹਿ ਕੇ ਮੁੜ ਗਈ ਪਰ ਉਹ ਮੋਹਣੀ ਨੂੰ ਨੱਕ-ਬੁਲ੍ਹ ਹੀ ਕੱਢਦੀ ਰਹੀ। ਅਮਰਜੋਤ ਵੀ ਅਗਲੇ ਦਿਨ ਆਪਣੀ ਯੂਨੀਵਰਸਟੀ ਮੁੜ ਗਿਆ।

ਕੁੰਦਨ ਨੇ ਸਭ ਤੋਂ ਪਹਿਲਾਂ ਬਨਫੂਲ ਨੂੰ ਫੋਨ ਕੀਤਾ ਤੇ ਆਪਣੇ ਆਉਣ ਬਾਰੇ ਦੱਸਿਆ ਤੇ ਆਪਣੇ ਨਾਵਲ ਬਾਰੇ ਵੀ। ਉਸ ਦੇ ਨਾਵਲ ਬਾਰੇ ਸਭ ਨੂੰ ਖ਼ਬਰ ਮਿਲ ਚੁੱਕੀ ਸੀ। ਉਸ ਦੇ ਡਾਕਟਰ ਬਣਨ ਬਾਰੇ ਵੀ ਤੇ ਇਸ ਡਿਗਰੀ ਦੇ ਹੋਏ ਵਿਰੋਧ ਵਾਲੀ ਖ਼ਬਰ ਨੂੰ 'ਵਿਦੇਸ਼' ਨੇ ਮੋਟੇ ਅੱਖਰਾਂ ਵਿੱਚ ਲਾਇਆ ਸੀ। ਇਕ ਸ਼ਾਮ ਬਨਫੂਲ ਨੇ ਉਹਨਾਂ ਦੋਨਾਂ ਨੂੰ ਆਪਣੇ ਘਰ ਸ਼ਾਮ ਦੇ ਖਾਣੇ 'ਤੇ ਬੁਲਾ ਲਿਆ। ਬਨਫੂਲ ਨੇ ਬਹੁਤ ਚਾਅ ਨਾਲ ਹੱਥ ਮਿਲਾਇਆ ਤੇ ਪੁੱਛਣ ਲੱਗਿਆ,

"ਕੁੰਦਨ ਸਿਆਂ, ਕਿਵੇਂ ਰਿਹਾ ਰਾਜਧਾਨੀ ਦਾ ਸਫਰ?"

"ਪਹਿਲੀ ਗੱਲ ਤਾਂ ਬਨਫੂਲ ਜੀ, ਹੁਣ ਮੈਂ ਡਾਕਟਰ ਹੋ ਗਿਆਂ ਤੇ ਦੂਜੀ ਗੱਲ ਆਪਾਂ ਇਕ ਦੂਜੇ ਨੂੰ 'ਜੀ' ਕਹਿ ਕੇ ਬੁਲਾਈਏ ਤਾਂ ਚੰਗਾ ਏ।"

ਬਨਫੂਲ ਨੂੰ ਜਿਵੇਂ ਝਟਕਾ ਵੱਜਿਆ ਹੋਵੇ। ਉਹ ਇਕ ਪਲ ਲਈ ਚੁੱਪ ਕਰ ਗਿਆ ਤੇ ਫਿਰ ਬੋਲਿਆ,

"ਕੁੰਦਨ, ਤੂੰ ਏਨਾ ਹੋਛਾ ਨਾ ਬਣ, 'ਜੀ' ਕਹਿਣ ਨਾਲ ਦੋਸਤੀ ਵਿੱਚ ਮਠਾਸ ਨਹੀਂ ਰਹਿੰਦੀ।"

"ਯਾਰ ਸੋਚ, ਹੁਣ ਮੈਂ ਡਾਕਟਰ ਆਂ, ਸਾਰੀ ਦੁਨੀਆਂ ਮੈਨੂੰ ਡਾਕਟਰ ਸਾਹਿਬ ਕਹਿੰਦੀ ਏ, ਜੇ ਤੂੰ ਢੰਗ ਨਾਲ ਨਹੀਂ ਬੁਲਾਏਂਗਾ ਤਾਂ ਬਾਕੀ ਕਿਵੇਂ ਬੋਲਣਗੇ!"

"ਚੱਲ ਇਕ ਐਗਰੀਮੈਂਟ ਕਰ ਲੈਨੇ ਆਂ ਕਿ ਕਿਸੇ ਦੇ ਸਾਹਮਣੇ ਮੈਂ ਤੈਨੂੰ ਡਾਕਟਰ ਸਾਹਿਬ ਕਹਿ ਲਿਆ ਕਰੂੰ।"

ਹੱਸਦਿਆਂ ਬਨਫੂਲ ਬੋਲਿਆ ਪਰ ਅੰਦਰੋਂ ਉਹ ਬਹੁਤ ਔਖਾ ਸੀ। ਉਸ ਦੇ ਮਨ ਵਿੱਚ ਇਕ ਵਿਅੰਗ ਲਿਖਣ ਦਾ ਫੁਰਨਾ ਵੀ ਫੁਰ ਤੁਰਿਆ ਕਿ ਇਕ ਬੰਦਾ ਨਵਾਂ ਨਵਾਂ ਡਾਕਟਰ ਬਣਿਆਂ ਹੈ ਪਰ ਲੋਕ ਉਸ ਨੂੰ ਡਾਕਟਰ ਸਮਝ ਹੀ ਨਹੀਂ ਰਹੇ। ਉਹ ਚਾਹੁੰਦਾ ਹੈ ਕਿ ਲੋਕ ਉਸ ਨੂੰ ਡਾਕਟਰ ਕਹਿਣ। ਆਪਣੇ ਆਪ ਨੂੰ ਡਾਕਟਰ ਕਹਾਉਣ ਲਈ ਉਹ ਲੋਕਾਂ ਵਿਚ ਪੈਸੇ ਵੰਡਦਾ ਹੈ ਜਿਵੇਂ ਨੇਤਾ ਲੋਕ ਵੋਟ ਲੈਣ ਲਈ ਵੰਡਦੇ ਹਨ। ਗੱਲਾਂ ਕਰਦੇ ਕਰਦੇ ਹੀ ਉਸ ਦੇ ਮਨ ਵਿੱਚ ਵਿਅੰਗ ਦਾ ਪੂਰਾ ਖਾਕਾ ਬਣ ਗਿਆ। ਕੁੰਦਨ ਨੇ ਉਸ ਨੂੰ ਆਪਣਾ ਨਾਵਲ ਭੇਂਟ ਕੀਤਾ। ਨਾਵਲ ਦੇਖ ਕੇ ਬਨਫੂਲ ਹੈਰਾਨ ਰਹਿ ਗਿਆ ਤੇ ਬੋਲਿਆ,

"ਇਹ ਤਾਂ ਬਈ ਡਾਕਟਰ, ਤੂੰ ਪਟੜੀ ਦੀ ਛਾਲ਼ ਮਾਰੀ ਐ।"

"ਸਮਝ ਲੈ ਬਈ ਨੋਬਲ ਪ੍ਰਾਈਜ਼ ਦੇ ਮੁਕਾਬਲੇ ਦਾ ਨਾਵਲ ਏ।"

"ਡਾਕਟਰ ਤੂੰ ਬਣ ਗਿਐਂ ਪਰ ਏਨਾ ਵੀ ਉਪਰ ਨੂੰ ਨਾ ਥੁੱਕ, ਹਾਲੇ ਤੂੰ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਤਾਂ ਲੈ!"

"ਉਹ ਤਾਂ ਸਮਝ ਲੈ ਲਿਆ, ਉਹ ਤਾਂ ਹੁਣ ਆਪਣੀ ਮੁੱਠੀ ਵਿੱਚ ਈ ਸਮਝ। ਹੁਣ ਤੂੰ ਏਸ ਨਾਵਲ ਨੂੰ ਪੜ੍ਹ, ਆਪਾਂ ਇਸ ਉਪਰ ਕਿਤੇ ਵੱਡਾ ਪਰੋਗਰਾਮ ਕਰਾਉਣਾ ਏਂ।"

"ਆਹ ਹੁਣ ਫੰਕਸ਼ਨ ਆ ਹੀ ਰਿਹੈ।"

"ਇਹ ਫੰਕਸ਼ਨ ਤਾਂ ਹੋਰ ਤਰ੍ਹਾਂ ਦਾ ਏ। ਵੈਸੇ ਏਸ ਫੰਕਸ਼ਨ ਵਿੱਚ ਆਪਾਂ ਓਤਰਾਂ ਛਾਉਣਾ ਏਂ, ਮੈਨੂੰ ਪਤਾ ਏ ਕਿ ਡਾਕਟਰ ਹਰੀ ਸਿੰਘ ਆ ਰਿਹਾ ਏ। ਉਹ ਵੀ ਬੋਲੇਗਾ ਤੇ ਮੈਂ ਵੀ, ਫੈਸਲਾ ਲੋਕਾਂ ਦੇ ਹੱਥ ਹੋਵੇਗਾ।"

"ਏਸ ਨਾਵਲ ਉਪਰ ਵੀ ਕਰੌਣਾ ਕੁਝ ਏਸ ਪਰੋਗਰਾਮ ਵਿੱਚ?"

"ਨਹੀਂ, ਏਸ ਪਰੋਗਰਾਮ ਵਿੱਚ ਮੈਂ ਆਪਣੇ ਨਾਵਲ 'ਤੇ ਕੁਝ ਨਹੀਂ ਕਰਾਉਣਾ ਕਿਉਂਕਿ ਮੇਰਾ ਨਾਵਲ ਵੱਡਾ ਏ, ਪੂਰੇ ਇਕ ਦਿਨ ਦਾ ਸਮਾਗਮ ਮੇਰੇ ਨਾਵਲ ਉਪਰ ਹੋਏਗਾ।"

"ਪਰਚੇ ਕੌਣ ਲਿਖੇਗਾ ਏਡੇ ਵੱਡੇ ਨਾਵਲ 'ਤੇ?"

"ਇਕ ਪਰਚਾ ਤਾਂ ਤੂੰ ਲਿਖ ਦੇਵੀਂ।"

"ਮੈਂ?"

"ਓ ਬਨਫੂਲ, ਤੂੰ ਤੇ ਪਰਚਾ ਪੜ੍ਹਨਾ ਈ ਏ, ਲਿਖ ਤਾਂ ਮੈਂ ਦੇਵਾਂਗਾ।"

ਉਸ ਦੀ ਗੱਲ 'ਤੇ ਬਨਫੂਲ ਹੱਸ ਪਿਆ ਪਰ ਕੁੰਦਨ ਗੰਭੀਰ ਸੀ। ਉਹ ਕਾਫੀ ਦੇਰ ਤਕ ਬੈਠੇ ਗੱਲਾਂ ਕਰਦੇ ਰਹੇ। ਬਨਫੂਲ ਨੂੰ ਜਾਪਿਆ ਕਿ ਕੁੰਦਨ ਜ਼ਰਾ ਕੁ ਹਿੱਲ ਗਿਆ ਹੈ। ਉਸ ਨੇ ਮੋਹਣੀ ਨੂੰ ਪੁੱਛਿਆ,

"ਡਾਕਟਰ ਸਹਿਬਾ, ਤੁਹਾਨੂੰ ਇਹ ਨਾਵਲ ਕੈਸਾ ਲਗਿਆ?"

"ਬਹੁਤ ਵਧੀਆ, ਏਹ ਨਾਵਲ ਇਹਨਾਂ ਦਾ ਮਾਸਟਰ ਪੀਸ ਏ, ਤੁਸੀਂ ਪੜ੍ਹ ਕੇ ਦੇਖੋ, ਆਪੇ ਪਤਾ ਚੱਲ ਜਾਵੇਗਾ।"

ਮੋਹਣੀ ਤੋਤੇ ਵਾਂਗ ਬੋਲੀ।

ਕੁੰਦਨ ਨੇ ਸੁੱਚਾ ਅਜ਼ਾਦ, ਸਮੁੰਦਰੀ, ਜੋਗੇਂਦਰ ਤੇ ਰਸ਼ਪਾਲ ਨੂੰ ਵੀ ਆਪਣੇ ਨਾਵਲ ਦੀਆਂ ਕਾਪੀਆਂ ਦਿਤੀਆਂ। ਇਕ ਕਾਪੀ ਚਤਰਥ ਸਿੰਘ ਨੂੰ ਲੂਟਨ ਵੀ ਭੇਜੀ ਤੇ ਨਾਲ ਹੀ ਫੋਨ ਕਰਕੇ ਕਿਹਾ ਕਿ ਇਸ ਉਪਰ ਕੁਝ ਲਿਖੇ। ਜੋਗੇਂਦਰ ਤੇ ਰਸ਼ਪਾਲ ਨੂੰ ਉਸ ਨੇ ਨਾਵਲ ਇਸ ਲਈ ਦਿਤਾ ਕਿ ਸਟੇਜ ਤੋਂ ਇਹਨਾਂ ਤੋਂ ਆਪਣੇ ਹੱਕ ਵਿੱਚ ਬੁਲਵਾਵੇਗਾ। ਇਹ ਦੋਵੇਂ ਤਾਂ ਉਸ ਦੇ ਚੇਲੇ-ਬਾਲਕੇ ਸਨ। ਅਜ਼ਾਦ ਤੇ ਸਮੁੰਦਰੀ ਨੂੰ ਭਾਵੇਂ ਉਹ ਕੱਖ-ਕਾਨ ਹੀ ਸਮਝਦਾ ਸੀ ਪਰ ਫਿਰ ਵੀ ਉਸ ਦੇ ਸਮਕਾਲੀ ਸਨ। ਉਹਨੂੰ ਯਕੀਨ ਸੀ ਕਿ ਏਡਾ ਵੱਡਾ ਨਾਵਲ ਦੇਖ ਕੇ ਉਹ ਹੋਰ ਹੀਣੇ-ਹੀਣੇ ਮਹਿਸੂਸ ਕਰਨਗੇ। ਉਹ ਚਾਹੁੰਦਾ ਸੀ ਕਿ ਚਥਰਥ ਸਿੰਘ ਇਕ ਪਰਚਾ ਉਸ ਦੇ ਨਾਵਲ ਉਪਰ ਲਿਖ ਦੇਵੇ। ਇਕ ਦਿਨ ਉਸ ਨੇ ਅਜ਼ਾਦ ਨੂੰ ਕਿਹਾ,

"ਯਾਰ ਚਤਰਥ ਤੇਰਾ ਦੋਸਤ ਏ, ਉਹ ਨੂੰ ਕਹਿ ਮੇਰੇ ਇਸ ਨਾਵਲ 'ਤੇ ਕੁਝ ਲਿਖੇ।"

"ਤੈਨੂੰ ਪਤਾ ਕਿ ਉਹ ਬੂਝੜ ਜੱਟ ਐ, ਜੇ ਕੁਝ ਲਿਖਾਉਣਾ ਤਾਂ ਤੈਨੂੰ ਆਪ ਉਹਨੂੰ ਮਿਲਣ ਜਾਣਾ ਪੈਣਾਂ ਤੇ ਮਿੰਨਤ ਤਰਲਾ ਕਰਨਾ ਪੈਣਾਂ।"

"ਦੇਖ, ਜੇ ਤਾਂ ਸ਼ੋਅਰ ਏ ਕਿ ਉਹ ਲਿਖੇਗਾ ਤਾਂ ਮੈਂ ਲੂਟਨ ਜਾ ਕੇ ਉਹਨੂੰ ਮਿਲ਼ ਆਉਨਾਂ ਪਰ ਜੇ...।"

ਇਸ ਤੋਂ ਅੱਗੇ ਉਹ ਚੁੱਪ ਕਰ ਗਿਆ। ਉਸ ਨੂੰ ਪਤਾ ਸੀ ਕਿ ਚਤਰਥ ਸਿੰਘ ਨੇ ਅੱਜ ਤਕ ਉਸ 'ਤੇ ਇਕ ਵੀ ਅੱਖਰ ਨਹੀਂ ਸੀ ਲਿਖਿਆ, ਲੂਟਨ ਗਿਆਂ ਕਿਵੇਂ ਲਿਖ ਦੇਵੇਗਾ। ਨਾਵਲ ਭੇਜਣ ਤੋਂ ਕੁਝ ਦਿਨ ਬਾਅਦ ਉਸ ਨੇ ਆਪ ਚਤਰਥ ਸਿੰਘ ਨੂੰ ਫੋਨ ਕੀਤਾ ਤੇ ਕਹਿਣ ਲੱਗਿਆ,

"ਬੜੇ ਭਾਊ, ਤੂੰ ਸਾਡਾ ਸਭ ਦਾ ਵੱਡੇਰਾ ਏਂ, ਮੇਰੇ ਏਸ ਨਾਵਲ ਉਪਰ ਚਾਰ ਸਫੇ ਜ਼ਰੂਰ ਲਿਖ।"

"ਪਹਿਲਾਂ ਮੈਨੂੰ ਪੜ੍ਹ ਲੈਣ ਦੇ, ...ਤੂੰ ਤੇ ਸਫੇ ਈ ਬਹੁਤ ਕਾਲ਼ੇ ਕਰ ਮਾਰੇ ਆ, ਇੰਡੀਆ ਵਿੱਚ ਪੇਪਰ ਕੀ ਏਨਾ ਈ ਸਸਤਾ ਹੋ ਗਿਆ?"

"ਓ ਭਾਊ ਮੇਰੇ, ਜ਼ਰਾ ਅਕਲ ਨੂੰ ਹੱਥ ਮਾਰ, ਏਹਨੂੰ ਪੜ੍ਹ ਕੇ ਦੇਖ, ਏਹਦੇ ਵਿੱਚ ਕੁਝ ਵੀ ਵਾਧੂ ਨਹੀਂ, ਏਸ ਨਾਵਲ ਦੀਆਂ ਇੰਡੀਆ ਵਿੱਚ ਦਿੱਲੀ ਤੋਂ ਦੱਖਣ ਤਕ ਧੁੰਮਾਂ ਪੈ ਗਈਆਂ ਨੇ, ਜ਼ਰਾ ਪੜ੍ਹ ਤਾਂ ਸਹੀ!"

"ਜ਼ਰੂਰ ਪੜੂੰ ਪਰ ਤੂੰ ਆਪ ਈ ਨਾ ਧੁੰਮਾਂ ਪਾਈ ਜਾਹ, ਜ਼ਰਾ ਪਾਠਕ ਨੂੰ ਵੀ ਤਾਂ ਬੋਲਣ ਦੇ।"

"ਇਹ ਪਾਠਕਾਂ ਦਾ ਰਿਐਕਸ਼ਨ ਈ ਦੱਸ ਰਿਹਾਂ।"

"ਠੀਕ ਐ, ਮੈਂ ਪੜ੍ਹ ਕੇ ਤੈਨੂੰ ਫੋਨ ਕਰੂੰ।"

"ਮੈਨੂੰ ਤਾਂ ਲਗਦਾ ਕਿ ਤੂੰ ਪਹਿਲਾਂ ਈ ਵਾਇਸ ਹੋਈ ਫਿਰਦਾਂ।"

"ਓ ਨਹੀਂ ਕੁੰਦਨਾਂ, ਤੇਰੇ ਨਾਲ ਵਾਇਸ ਕੀ ਹੋਣਾਂ!"

ਚਤਰਥ ਸਿੰਘ ਨੇ ਕਿਹਾ ਪਰ ਕੁੰਦਨ ਸਮਝ ਗਿਆ ਕਿ ਉਹ ਇਸ ਬਾਰੇ ਕੁਝ ਨਹੀਂ ਲਿਖੇਗਾ। ਉਸ ਨੂੰ ਪਤਾ ਸੀ ਕਿ ਲੇਖਕਾਂ ਦੀ ਇਹ ਇਕ ਬਹੁਤ ਵੱਡੀ ਚਾਲ ਹੁੰਦੀ ਹੈ, ਜਿਸ ਕਿਸੇ ਰਚਨਾ ਨੂੰ ਨਾਕਾਰਨਾ ਹੁੰਦਾ ਉਸ ਬਾਰੇ ਚੁੱਪ ਕਰ ਜਾਂਦੇ। ਇਵੇਂ ਰਚਨਾ ਆਪਣੇ ਆਪ ਹੀ ਮਰ ਜਾਂਦੀ। ਉਸ ਨੇ ਚਤਰਥ ਸਿੰਘ ਤੋਂ ਕੋਈ ਆਸ ਛੱਡ ਦਿਤੀ ਤੇ ਆਪਣੇ ਆਪ ਨਾਲ ਵਾਅਦਾ ਕਰ ਲਿਆ ਕਿ ਮੁੜ ਕੇ ਉਸ ਨੂੰ ਫੋਨ ਵੀ ਨਹੀਂ ਕਰੇਗਾ। ਉਸ ਨੇ ਆਪਣੀ ਫੋਨ ਬੁੱਕ ਚੁੱਕੀ, ਉਸ ਵਿਚੋਂ ਚਤਰਥ ਸਿੰਘ ਦਾ ਨੰਬਰ ਕੱਢਿਆ ਤੇ ਉਪਰ ਟਿਪਿਕਸ ਫੇਰ ਦਿਤੀ। ਇਹ ਉਸ ਦਾ ਇਕ ਤਰੀਕਾ ਸੀ ਕਿਸੇ ਨਾਲ ਦੋਸਤੀ ਤੋੜਨ ਦਾ। ਜਿਸ ਨੂੰ ਉਹ ਪਸੰਦ ਨਹੀਂ ਸੀ ਕਰਦਾ ਉਸ ਦਾ ਨਾਂ ਹੀ ਆਪਣੀ ਐਡਰੈੱਸ-ਬੁੱਕ ਵਿੱਚੋਂ ਮਿਟਾ ਦਿੰਦਾ।

ਕੁਝ ਦਿਨਾਂ ਬਾਅਦ ਅਮਰਜੋਤ ਯੂਨੀਵਰਸਟੀ ਤੋਂ ਆ ਗਿਆ। ਉਸ ਨੇ ਕੁੰਦਨ ਨੂੰ ਫੋਨ ਕਰ ਕੇ ਆਪਣੇ ਆਉਣ ਬਾਰੇ ਦੱਸਿਆ। ਕੁੰਦਨ ਨੇ ਸੋਚਿਆ ਕਿ ਕਿਉਂ ਨਾ ਅਮਰਜੋਤ ਦਾ ਫਲੈਟ ਦੇਖ ਕੇ ਆਵੇ। ਉਹ ਮੋਹਣੀ ਨੂੰ ਨਾਲ ਲੈ ਕੇ ਫਲੈਟ ਵਿੱਚ ਚਲੇ ਗਿਆ। ਕੁੰਦਨ ਨੇ ਸਾਰਾ ਫਲੈਟ ਘੁੰਮ ਕੇ ਦੇਖਿਆ ਤੇ ਬੋਲਿਆ,

"ਫਲੈਟ ਦਾ ਸਾਈਜ਼ ਤਾਂ ਠੀਕ ਏ ਤੇਰੇ ਲਈ ਪਰ ਇਹ ਟਿਕਾਣਾ ਵਧੀਆ ਨਹੀਂ, ਏਹ ਕੌਂਸਲ ਦੇ ਫਲੈਟ ਹੋਇਆ ਕਰਦੇ ਸਨ ਏਸ ਲਈ ਘਟੀਆ ਕਿਸਮ ਦੇ ਲੋਕ ਰਹਿੰਦੇ ਨੇ, ਦੂਜੇ ਤੂੰ ਕੀਮਤ ਜ਼ਿਆਦਾ ਦੇ ਬੈਠਾਂ, ...ਜੇ ਮੇਰੀ ਸਲਾਹ ਲਈ ਹੁੰਦੀ ਤਾਂ ਸ਼ਾਇਦ ਕਿਸੇ ਬੈਟਰ ਫਲੈਟ ਵਿੱਚ ਬੈਠਾ ਹੁੰਦਾ!"

"ਡੈਡ, ਮੇਰੀ ਖਰੀਦ ਨੂੰ ਪਸੰਦ ਕਰਨ ਲਈ ਸੁਕਰੀਆ, ਮੈਨੂੰ ਪਤਾ ਸੀ ਕਿ ਤੁਸੀਂ ਇਹੋ ਕਹਿਣਾ ਸੀ, ਯਤੀਮਾਂ ਦੀ ਹਰ ਗੱਲ ਨੂੰ ਲੋਕ ਇਵੇਂ ਹੀ ਰਿਜੈਕਟ ਕਰ ਦਿੰਦੇ ਆ।"

ਗੱਲ ਕਰਦਿਆਂ ਅਮਰਜੋਤ ਦੀਆਂ ਅੱਖਾਂ ਭਰ ਆਈਆਂ ਪਰ ਕੁੰਦਨ ਨੂੰ ਗੁੱਸੇ ਵਿੱਚ ਲਾਲ-ਪੀਲਾ ਹੋਣ ਲੱਗਿਆ। ਉਸ ਨੇ ਮੋਹਣੀ ਨੂੰ ਕਿਹਾ,

"ਚੱਲ ਚਲੀਏ ਏਸ ਬਦਤਮੀਜ਼ ਦੇ ਘਰੋਂ!"

ਮੋਹਣੀ ਉਸ ਦੇ ਮਗਰ ਤੁਰ ਪਈ। ਕਾਰ ਵਿੱਚ ਬੈਠਦੀ ਬੋਲੀ,

"ਡਾਕਟਰ ਸਾਹਿਬ, ਮੈਂ ਤੁਹਾਡੀ ਕਿਸੇ ਗੱਲ ਨੂੰ ਨਹੀਂ ਟੋਕਦੀ ਪਰ ਜਵਾਨ ਪੁੱਤ ਨਾਲ ਤਾਂ ਚੰਗੀ ਤਰ੍ਹਾਂ ਗੱਲ ਕਰਿਆ ਕਰੋ।"

"ਤੈਨੂੰ ਨਹੀਂ ਨਾ ਪਤਾ, ਤੇਰੇ ਕੋਈ ਏਹੋ ਜਿਹਾ ਪੁੱਤ ਹੋਵੇ ਤਾਂ ਪਤਾ ਚੱਲੇ!"

ਦੋ ਦਿਨ ਹੀ ਲੰਘੇ ਸਨ ਕਿ ਕੁੰਦਨ ਨੇ ਅਮਰਜੋਤ ਨੂੰ ਫੋਨ ਕਰਕੇ ਘਰ ਬੁਲਾ ਲਿਆ। ਉਸ ਨੂੰ ਬੀਅਰ ਦਾ ਇਕ ਡੱਬਾ ਦਿਤਾ ਤੇ ਆਪ ਵਿਸਕੀ ਦਾ ਪੈੱਗ ਪਾ ਲਿਆ ਤੇ ਕਹਿਣ ਲੱਗਿਆ,

"ਦੇਖ, ਮੈਂ ਤੇਰਾ ਦੋਖੀ ਨਹੀਂ, ਤੇਰਾ ਪਿਓ ਆਂ। ਤੂੰ ਮੇਰੀਆਂ ਗੱਲਾਂ ਦਾ ਐਵੇਂ ਗੁੱਸਾ ਕਰ ਜਾਨਾ ਏਂ।"

"ਨਹੀਂ ਡੈਡ, ਏਦਾਂ ਦੀ ਕੋਈ ਗੱਲ ਨਹੀਂ।"

"ਦੇਖ ਹੁਣ ਧਿਆਨ ਨਾਲ ਸੁਣ, ਮੈਂ ਆਹ ਘਰ ਕੌਂਸਲ ਕੋਲ ਪੰਜ ਸਾਲ ਲਈ ਕਿਰਾਏ 'ਤੇ ਚਾੜ੍ਹਨ ਲੱਗਿਆਂ। ਮੈਂ ਸਾਰੀ ਗੱਲਬਾਤ ਕਰ ਲਈ ਏ। ਇਹ ਪੰਜ ਸਾਲ ਮੈਂ ਇੰਡੀਆ ਰਹਿਣਾ ਏਂ। ਮੈਂ ਸਾਲ ਵਿੱਚ ਦੋ ਵਾਰ ਆਇਆ ਕਰਾਂਗਾ ਤੇ ਤੇਰੇ ਕੋਲ ਈ ਰਿਹਾ ਕਰਾਂਗਾ।"

"ਡੈਡ, ਇਸੇ ਲਈ ਅੱਜ ਮੇਰਾ ਕੁਝ ਮੋਹ ਆ ਰਿਹੈ!"

ਆਖਦਾ ਅਮਰਜੋਤ ਹੱਸਣ ਲੱਗਿਆ। ਕੁੰਦਨ ਫਿਰ ਬੋਲਿਆ,

"ਰਹਿਣ ਨੂੰ ਮੇਰੇ ਲਈ ਟਿਕਾਣਿਆਂ ਦਾ ਕੋਈ ਘਾਟਾ ਨਹੀਂ, ਤੇਰੇ ਸਾਹਮਣੇ ਏਨੇ ਦੋਸਤ ਨੇ ਮੇਰੇ ਪਰ ਏਹਦੇ ਵਿੱਚ ਤੇਰੀ ਈ ਬੇਇੱਜ਼ਤੀ ਹੋਏਗੀ ਕਿ ਪੁੱਤ ਦੇ ਹੁੰਦੇ ਹੋਏ ਪਿਓ ਬਾਹਰ ਰਹਿੰਦਾ ਏ।"

"ਡੈਡ, ਤੁਸੀਂ ਮੇਰੇ ਕੋਲ ਬਿਲਕੁਲ ਰਹਿ ਸਕਦੇ ਹੋ ਪਰ ਮੇਰੀ ਬੇਇੱਜ਼ਤੀ ਦਾ ਫਿਕਰ ਨਾ ਕਰੋ, ਲੋਕਾਂ ਨੂੰ ਪਤਾ ਏ ਕਿ ਪਿਓ ਨੇ ਮੈਨੂੰ ਘਰੋਂ ਕੱਢ ਦਿਤਾ ਹੋਇਆ ਤੇ ਮੈਂ ਟੈਕਸੀ ਕਰ ਕੇ ਪੜ੍ਹ ਰਿਹਾਂ।"

"ਤੂੰ ਨਹੀਂ ਸੁਧਰਨਾ, ਤੇਰੀ ਮਾਂ ਨੇ ਤੈਨੂੰ ਸੁਧਰਨ ਜੋਗਾ ਛੱਡਿਆ ਹੀ ਨਹੀਂ!"

"ਵੈਸੇ ਡੈਡ, ਮੈਂ ਤੁਹਾਡਾ ਥੈਂਕਫੁੱਲ ਵੀ ਆਂ, ਜੇ ਤੁਸੀਂ ਮੈਨੂੰ ਏਦਾਂ ਧੱਕਾ ਨਾ ਦਿੰਦੇ, ਆਪਣੇ ਖੰਭਾਂ ਹੇਠ ਹੀ ਛੁਪਾਈ ਰੱਖਦੇ ਤਾਂ ਮੈਂ ਬੌਂਗਾ ਜਿਹਾ ਹੀ ਰਹਿਣਾ ਸੀ ਜਿਹੋ ਜਿਹਾ ਬਚਪੱਨ ਵਿੱਚ ਸਾਂ, ਕੁਝ ਨਹੀਂ ਸੀ ਸਿੱਖ ਸਕਣਾਂ।"

ਅਮਰਜੋਤ ਨੇ ਆਖਿਆ। ਕੁੰਦਨ ਨੂੰ ਉਸ ਉਪਰ ਬਹੁਤ ਗੁੱਸਾ ਆ ਰਿਹਾ ਸੀ। ਅਮਰਜੋਤ ਤਾਂ ਚਲੇ ਗਿਆ ਪਰ ਕੁੰਦਨ ਨੂੰ ਟਿਕਾਅ ਨਹੀਂ ਸੀ ਆ ਰਿਹਾ। ਸ਼ਰਾਬ ਪੀ ਕੇ ਉਹ ਸਾਰੀ ਰਾਤ ਅਮਰਜੋਤ ਨੂੰ ਗਾਲ੍ਹਾਂ ਕੱਢਦਾ ਰਿਹਾ। ਸ਼ਰਾਬੀ ਹੋਏ ਨੂੰ ਹੁਣ ਮੋਹਣੀ ਉਸ ਨੂੰ ਰੋਜ਼ ਦੇਖਦੀ ਸੀ। ਉਹ ਕਿਸੇ ਵਿਰੋਧ ਤੋਂ ਡਰਦੀ ਪਤੀ ਦੇ ਅਨੁਕੂਲ ਚੱਲਣ ਦੀ ਕੋਸ਼ਿਸ਼ ਕਰਦੀ ਰਹਿੰਦੀ। ਉਸ ਨੂੰ ਪਤਾ ਸੀ ਕਿ ਕੁੰਦਨ ਨੇ ਉਸ ਦੀ ਕੋਈ ਗੱਲ ਮੰਨਣੀ ਤਾਂ ਹੈ ਨਹੀਂ। ਅਮਰਜੋਤ ਮੋਹਣੀ ਦੀ ਸਥਿਤੀ ਸਮਝਦਾ ਸੀ ਇਸ ਲਈ ਉਹ ਉਹਦੇ ਨਾਲ ਕੁਝ ਹਮਦਰਦੀ ਵੀ ਰੱਖਦਾ ਸੀ। ਉਹ ਉਸ ਨੂੰ ਬਹੁਤ ਇੱਜ਼ਤ ਨਾਲ ਬੁਲਾਉਂਦਾ। ਪਾਇਲ ਵਾਂਗ ਉਹ ਉਸ ਨਾਲ ਖਾਰ ਨਹੀਂ ਸੀ ਖਾਂਦਾ।

ਕੁੰਦਨ ਹੁਣ ਪੱਕੇ ਤੌਰ ਤੇ ਦਿੱਲੀ ਜਾ ਵਸਣਾ ਸੀ ਇਸ ਲਈ ਉਸ ਨੇ ਜਲਦੀ ਦੀ ਰਿਟਾਇਰਮੈਂਟ ਲੈ ਲਈ ਸੀ ਤੇ ਪੈਨਸ਼ਨ ਲਗਵਾ ਲਈ।

ਇਹਨਾਂ ਦਿਨਾਂ ਵਿੱਚ ਹੀ ਮੋਹਣੀ ਦਾ ਛੋਟਾ ਭਰਾ ਨਿਰਮਲ ਉਸ ਨੂੰ ਮਿਲਣ ਆ ਗਿਆ। ਉਹ ਜਰਮਨੀ ਕਿਸੇ ਕੰਮ ਆਇਆ ਸੀ ਤੇ ਕੁਝ ਦਿਨਾਂ ਲਈ ਉਹ ਇੰਗਲੈਂਡ ਵੀ ਆ ਗਿਆ। ਨਿਰਮਲ ਸ਼ਰਾਬ ਨਹੀਂ ਸੀ ਪੀਂਦਾ। ਉਹ ਗੁਰਦਵਾਰੇ ਦਾ ਪ੍ਰੇਮੀ ਸੀ ਤੇ ਸਿੱਖੀ ਰਹਿਤਾਂ ਨੂੰ ਵੀ ਮੰਨਦਾ ਸੀ। ਕੁੰਦਨ ਤੇ ਮੋਹਣੀ ਉਸ ਨੂੰ ਚੰਗਾ ਭਲਾ ਏਅਰਪੋਰਟ ਤੋਂ ਲੈ ਕੇ ਆਏ, ਰਾਹ ਵਿੱਚ ਕੁੰਦਨ ਦੇ ਮਨ ਵਿੱਚ ਅਜਿਹਾ ਕੁਝ ਆਇਆ ਕਿ ਉਸ ਨੂੰ ਨਿਰਮਲ ਬੁਰਾ ਲੱਗਣ ਲੱਗ ਪਿਆ। ਬਹੁਤ ਦੇਰ ਪਹਿਲਾਂ ਇਕ ਵਾਰ ਨਿਰਮਲ ਨੇ ਸਾਧਾਰਣ ਲਫਜ਼ਾਂ ਵਿੱਚ ਸਿਗਰਟ ਪੀਣ ਨੂੰ ਬੁਰਾ ਕਿਹਾ ਸੀ। ਕੁੰਦਨ ਦੇ ਮਨ ਵਿੱਚ ਉਹੋ ਗੱਲ ਚੱਲਣ ਲੱਗੀ। ਕੁੰਦਨ ਆਪਣੇ ਆਪ ਉਪਰ ਬਹੁਤ ਕਾਬੂ ਪਾ ਰਿਹਾ ਸੀ ਪਰ ਉਸ ਤੋਂ ਪਾ ਨਹੀਂ ਸੀ ਹੋ ਰਿਹਾ।

ਸ਼ਾਮ ਦਾ ਵਕਤ ਸੀ। ਸਾਰੇ ਰੋਟੀ ਖਾ ਰਹੇ ਸਨ। ਅਮਰਜੋਤ ਵੀ ਉਹਨਾਂ ਦੇ ਘਰ ਹੀ ਆਇਆ ਹੋਇਆ ਸੀ। ਅਚਾਨਕ ਸ਼ਰਾਬ ਕੁੰਦਨ ਸਿੰਘ ਦੇ ਸਿਰ ਨੂੰ ਚੜ੍ਹਨ ਲਗੀ। ਉਹ ਬੋਲਿਆ,

"ਨਿਰਮਲ ਸਿੰਘਾ, ਮੈਨੂੰ ਤੇਰੀ ਦਾਹੜੀ ਚੰਗੀ ਨਹੀਂ ਲੱਗ ਰਹੀ।"

ਪਲ ਕੁ ਲਈ ਨਿਰਮਲ ਸਿੰਘ ਸਕਤੇ ਵਿੱਚ ਆਇਆ ਪਰ ਸਥਿਤੀ ਨੂੰ ਸੰਭਾਲਦਾ ਉਹ ਹੱਸਣ ਲੱਗਿਆ। ਮੋਹਣੀ ਸਮਝ ਗਈ ਕਿ ਗੱਡੀ ਗੱਲਤ ਟਰੈਕ ਤੇ ਤੁਰ ਪਈ ਹੈ। ਉਸ ਨੇ ਗੱਲ ਹੋਰ ਪਾਸੇ ਪਾਉਣ ਦੀ ਕੋਸ਼ਿਸ਼ ਕੀਤੀ ਪਰ ਕੁੰਦਨ ਆਪਣੀ ਆਈ ਤੋਂ ਕਦੋਂ ਮੁੜਨ ਵਾਲਾ ਸੀ। ਥੋੜੀ ਜਿਹੀ ਬਹਿਸ ਤੋਂ ਬਾਅਦ ਉਹ ਗੁੱਸੇ ਵਿੱਚ ਆਉਂਦਾ ਬੋਲਿਆ,

"ਸਾਲਿਆ ਬੈਹੜਿਆਂ ਦਿਆ, ਮੇਰੇ ਘਰੋਂ ਨਿਕਲ!"

ਨਿਰਮਲ ਸਿੰਘ ਦੇ ਹੱਥ ਵਿੱਚ ਫੜੀ ਗ੍ਰਾਹੀ ਹੱਥ ਵਿੱਚ ਹੀ ਰਹਿ ਗਈ। ਉਸ ਨੇ ਕਿਹਾ,

"ਭਾਜੀ, ਮੈਂ ਤੁਹਾਡਾ ਕੀ ਵਿਗਾੜਿਆ ਏ, ਦੱਸੋ ਤਾਂ ਸਹੀ ਜ਼ਰਾ?"

"ਕੁਝ ਨਹੀਂ ਵਿਗਾੜਿਆ, ਮੈਨੂੰ ਤੇਰੀ ਦਾਹੜੀ ਚੰਗੀ ਨਹੀਂ ਲੱਗਦੀ, ਜਾਂ ਤਾਂ ਏਹਨੂੰ ਕਟਾ ਦੇ ਨਹੀਂ ਤਾਂ ਮੇਰੇ ਘਰੋਂ ਨਿਕਲ!"

ਮੋਹਣੀ ਰੋਣ ਲਗੀ। ਕੁੰਦਨ ਆਪਣੀ ਗੱਲ 'ਤੇ ਅੜਿਆ ਹੋਇਆ ਸੀ। ਨਿਰਮਲ ਸਿੰਘ ਡੈਂਬਰਿਆਂ ਵਾਂਗ ਦੇਖੀ ਜਾ ਰਿਹਾ ਸੀ। ਅਮਰਜੋਤ ਉਠਿਆ ਤੇ ਬੋਲਿਆ,

"ਆਓ, ਅੰਕਲ ਜੀ, ਤੁਸੀਂ ਮੇਰੇ ਘਰ ਆ ਜਾਓ।"

ਨਿਰਮਲ ਸਿੰਘ ਅਮਰਜੋਤ ਨਾਲ ਚਲੇ ਗਿਆ। ਮੋਹਣੀ ਰੋਂਦੀ ਜਾ ਰਹੀ ਸੀ। ਉਸ ਦੇ ਮਾਂ ਦੇ ਜਾਏ ਨਾਲ ਜਿਹੜਾ ਸਲੂਕ ਹੋਇਆ ਉਹ ਉਸ ਲਈ ਅਸਹਿ ਸੀ। ਉਹ ਸਾਰੀ ਰਾਤ ਡੁਸਕਦੀ ਰਹੀ। ਉਸ ਦਾ ਸਿਰ ਦਰਦ ਨਾਲ ਪਾਟਦਾ ਜਾ ਰਿਹਾ ਸੀ। ਉਸ ਨੇ ਕਿੰਨੀਆਂ ਹੀ ਗੋਲ਼ੀਆਂ ਖਾਧੀਆਂ, ਨਾ ਉਸ ਦਾ ਸਿਰਦਰਦ ਹਟ ਰਿਹਾ ਸੀ ਤੇ ਨਾ ਹੀ ਰੋਣਾ ਰੁਕ ਰਿਹਾ ਸੀ। ਕੁੰਦਨ ਸ਼ਰਾਬ ਪੀ ਕੇ ਸਾਰੀ ਰਾਤ ਘੁਰਾੜੇ ਮਾਰਦਾ ਰਿਹਾ। ਸਵੇਰੇ ਉਠ ਕੇ ਉਹ ਇਵੇਂ ਸੀ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਮੋਹਣੀ ਨੇ ਰਾਤ ਵਾਲੀ ਘਟਨਾ ਯਾਦ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਗੱਲ ਟਾਲ਼ ਦਿਤੀ। ਕਿਸੇ ਗੱਲ ਦਾ ਪੱਛਤਾਵਾ ਕਰਨਾ ਉਸ ਦੇ ਸੁਭਾਅ ਵਿੱਚ ਨਹੀਂ ਸੀ। ਸ਼ਰਾਬ ਪੀ ਕੇ ਕਦੇ ਕਦੇ ਆਪਣੀ ਗਲਤੀ ਭਾਵੇਂ ਮੰਨ ਲਵੇ ਪਰ ਸੋਫੀ ਹਾਲਤ ਵਿੱਚ ਉਸ ਨੇ ਕਦੇ ਵੀ ਆਪਣੇ ਆਪ ਨੂੰ ਗਲਤ ਨਹੀਂ ਸੀ ਕਿਹਾ। ਉਹ ਜੋ ਵੀ ਕਰਦਾ ਉਸ ਬਾਰੇ ਸਪੱਸ਼ਟ ਹੁੰਦਾ। ਕੁਝ ਦਿਨ ਲੰਘ ਗਏ। ਮੋਹਣੀ ਦਾ ਭਰਾ ਇੰਡੀਆ ਮੁੜ ਗਿਆ। ਸਭ ਪਹਿਲਾਂ ਵਰਗਾ ਹੋ ਗਿਆ।...

ਮਿਡਲਸੈਕਸ ਵਿੱਚ ਕਰਾਇਆ ਜਾਣ ਵਾਲਾ ਸਾਹਿਤਕ ਸਮਾਗਮ ਨੇੜੇ ਆ ਰਿਹਾ ਸੀ। ਇੰਡੀਆ ਤੋਂ ਡਾਕਟਰ ਹਰੀ ਸਿੰਘ ਨੇ ਇਸ ਪਰੋਗਰਾਮ 'ਤੇ ਵਿਸ਼ੇਸ਼ ਤੌਰ 'ਤੇ ਪੁੱਜਣਾ ਸੀ। ਕੁੰਦਨ ਨੇ ਆਪ ਵਿਸ਼ੇਸ਼ ਫੋਨ ਕਰਕੇ ਡਾਕਟਰ ਹਰੀ ਸਿੰਘ ਨੂੰ ਕਿਹਾ ਕਿ ਉਹ ਇੰਗਲੈਂਡ ਆ ਕੇ ਉਹਨਾਂ ਕੋਲ ਠਹਿਰੇ। ਉਸ ਨੇ ਮੋਹਣੀ ਕੋਲੋਂ ਅਲੱਗ ਫੋਨ ਕਰਾਇਆ। ਡਾਕਟਰ ਹਰੀ ਸਿੰਘ ਦੇ ਇੰਗਲੈਂਡ ਵਿੱਚ ਬਹੁਤ ਸਾਰੇ ਵਿਦਿਆਰਥੀ ਤੇ

ਪ੍ਰਸ਼ੰਸਕ ਸਨ। ਰਹਿਣ ਦੀ ਉਸ ਨੂੰ ਕੋਈ ਸਮੱਸਿਆ ਹੀ ਨਹੀਂ ਸੀ। ਉਸ ਦਾ ਖਾਸ ਵਿਦਿਆਰਥੀ ਸੁਰਜਨ ਸਿੰਘ, ਜਿਸ ਕੋਲ ਇਕ ਵਾਰ ਮੋਹਣੀ ਵੀ ਰਹਿ ਗਈ ਸੀ, ਮਿਡਲਸੈਕਸ ਵਿੱਚ ਹੀ ਰਹਿੰਦਾ ਸੀ। ਉਸ ਨੇ ਤਾਂ ਹਰੀ ਸਿੰਘ ਲਈ ਇਕ ਅਲੱਗ ਕਮਰਾ ਬਣਾਇਆ ਹੋਇਆ ਸੀ ਪਰ ਕੁੰਦਨ ਨੇ ਅਜਿਹਾ ਜ਼ੋਰ ਪਾਇਆ ਕਿ ਹਰੀ ਸਿੰਘ ਨੂੰ ਆਪਣੇ ਕੋਲ ਰਹਿਣ ਲਈ ਮਨਾ ਲਿਆ। ਇਸ ਤੋਂ ਪਹਿਲਾਂ ਮੋਹਣੀ ਨੇ ਕੁੰਦਨ ਤੋਂ ਇਕ ਵਾਅਦਾ ਲਿਆ ਕਿ ਜਿੰਨੇ ਦਿਨ ਡਾਕਟਰ ਉਹਨਾਂ ਦੇ ਘਰ ਰਹੇਗਾ ਉਹ ਸ਼ਰਾਬ ਨਹੀਂ ਪੀਵੇਗਾ।

ਕੁੰਦਨ ਤੇ ਮੋਹਣੀ ਡਾਕਟਰ ਹਰੀ ਸਿੰਘ ਨੂੰ ਏਅਰਪੋਰਟ ਤੋਂ ਜਾ ਕੇ ਲੈ ਆਏ। ਅਗਲੇ ਦਿਨ ਹੀ ਪਰੋਗਰਾਮ ਸੀ। ਕੁੰਦਨ ਨੇ ਉਸ ਦੀ ਵਾਹਵਾ ਸੇਵਾ ਕੀਤੀ। ਉਹ ਹਰੀ ਸਿੰਘ ਨੂੰ ਖੁਸ਼ ਕਰਨਾ ਚਾਹੁੰਦਾ ਸੀ ਤਾਂ ਜੋ ਉਹ ਉਸ ਦੇ ਨਾਵਲ 'ਕੁਆਰੀਆਂ' ਬਾਰੇ ਕੁਝ ਲਿਖੇ। ਉਸ ਦੇ ਮਨ ਦੇ ਇਕ ਕੋਨੇ ਵਿੱਚ ਇਹ ਗੱਲ ਵੀ ਪਈ ਸੀ ਕਿ ਹਰੀ ਸਿੰਘ ਉਸ ਦੇ ਨਾਵਲ ਬਾਰੇ ਕੁਝ ਨਹੀਂ ਲਿਖੇਗਾ।

ਸ਼ਨਿਚਰਵਾਰ ਦਾ ਦਿਨ ਸੀ। ਸ਼ਾਮ ਦੇ ਦੋ ਵਜੇ ਬੇਕਿਨਜ਼ਫੀਲਡ ਹਾਲ ਵਿੱਚ ਪਰੋਗਰਾਮ ਸ਼ੁਰੂ ਹੋਣਾ ਸੀ। ਡਾਕਟਰ ਜਗਬੀਰ ਸਿੰਘ ਖਾਲਸਾ ਨੂੰ ਆਪਣੇ ਮਗਰ ਲਾ ਕੇ ਕੁੰਦਨ ਨੇ ਪਰੋਗਰਾਮ ਦੀ ਡੋਰ ਆਪਣੇ ਹੱਥ ਵਿੱਚ ਲੈ ਲਈ। ਪਰੋਗਰਾਮ ਦੀ ਪਰਧਾਨਗੀ ਕੁੰਦਨ ਨੇ ਕਰਨੀ ਸੀ। ਉਸ ਦੀ ਪਰਧਾਨਗੀ ਵਿੱਚ ਡਾਕਟਰ ਹਰੀ ਸਿੰਘ ਨੇ ਪਰਚਾ ਪੜ੍ਹਨਾ ਸੀ। ਪਰਚੇ ਤੋਂ ਬਾਅਦ ਹੋਰਨਾਂ ਵਿਦਵਾਨਾਂ ਨੇ ਬੋਲਣਾ ਸੀ। ਹਰੀ ਸਿੰਘ ਨੇ ਉਠੇ ਸਵਾਲਾਂ ਦੇ ਜਵਾਬ ਦੇਣੇ ਸਨ ਤੇ ਅੰਤ ਵਿੱਚ ਪਰਧਾਨ ਨੇ ਬੋਲਣਾ ਸੀ। ਰਿਵਾਇਅਤ ਅਨੁਸਾਰ ਪਰਧਾਨ ਦੇ ਲੈਕਚਰ ਤੋਂ ਬਾਅਦ ਪਰੋਗਰਾਮ ਖਤਮ ਹੋ ਜਾਣਾ ਸੀ। ਉਸ ਦੇ ਭਾਸ਼ਨ ਬਾਰੇ ਕੋਈ ਸਵਾਲ-ਜਵਾਬ ਨਹੀਂ ਸਨ ਹੋਣੇ। ਕੁੰਦਨ ਨੇ ਇਵੇਂ ਅਖੀਰ ਵਿੱਚ ਹੀ ਬੋਲਣਾ ਚੁਣਿਆਂ ਸੀ। ਜਗਬੀਰ ਸਿੰਘ ਖਾਲਸਾ ਨੂੰ ਸਟੇਜ ਦੇ ਇਹਨਾਂ ਅਸੂਲਾਂ ਬਾਰੇ ਬਹੁਤਾ ਨਹੀਂ ਸੀ ਪਤਾ।

ਪਰੋਗਰਾਮ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਤਾਂ ਸੁੱਚਾ ਅਜ਼ਾਦ ਤੇ ਰੇਸ਼ਮ ਸਮੁੰਦਰੀ ਵਰਗੇ ਬਹੁਤ ਸਾਰੇ ਲੋਕਾਂ ਨੂੰ ਇਹ ਗੱਲ ਹੀ ਹਜ਼ਮ ਨਾ ਹੋਈ ਕਿ ਡਾਕਟਰ ਹਰੀ ਸਿੰਘ ਕੁੰਦਨ ਦੀ ਪ੍ਰਧਾਨਗੀ ਵਿੱਚ ਪਰਚਾ ਪੜ੍ਹ ਰਿਹਾ ਸੀ ਕਿਉਂ ਹਰੀ ਸਿੰਘ ਦਾ ਨਾਂ ਕੁੰਦਨ ਤੋਂ ਬਹੁਤ ਵੱਡਾ ਸੀ ਤੇ ਪ੍ਰਧਾਨਗੀ ਵੀ ਉਸੇ ਨੂੰ ਹੀ ਕਰਨੀ ਚਾਹੀਦੀ ਸੀ ਪਰ ਹੁਣ ਤਾਂ ਸਟੇਜ ਤੋਂ ਇਹ ਸਭ ਨਸ਼ਰ ਕੀਤਾ ਜਾ ਚੁੱਕਿਆ ਸੀ। ਡਾਕਟਰ ਹਰੀ ਸਿੰਘ ਨੂੰ ਮਨ ਹੀ ਮਨ ਇਸ ਗੱਲ ਦਾ ਇਤਰਾਜ਼ ਤਾਂ ਸੀ ਪਰ ਹੁਣ ਉਹ ਵੀ ਕੁਝ ਨਹੀਂ ਸੀ ਕਰ ਸਕਦਾ। ਪ੍ਰਧਾਨ ਨੂੰ ਬਦਲਣ ਨਾਲ ਪੂਰਾ ਪ੍ਰੋਗਰਾਮ ਹੀ ਖਰਾਬ ਹੋ ਸਕਦਾ ਸੀ। ਸਟੇਜ ਸਕੱਤਰ ਡਾਕਟਰ ਜਗਬੀਰ ਸਿੰਘ ਖਾਲਸਾ ਨੇ ਹਰੀ ਸਿੰਘ ਨੂੰ ਪਰਚਾ ਪੜ੍ਹਨ ਦਾ ਸੱਦਾ ਦਿਤਾ। ਹਰੀ ਸਿੰਘ ਨੇ 'ਸੰਰਚਨਾਵਾਦਾ ਤੇ ਪੰਜਾਬੀ ਸਾਹਿਤ' ਨਾਂ ਦਾ ਪਰਚਾ ਪੜ੍ਹਿਆ। ਉਹ ਬਹੁਤ ਹੰਢਿਆ ਹੋਇਆ ਬੁਲਾਰਾ ਸੀ। ਉਸ ਨੇ ਸਹਿਜ ਵਿੱਚ ਸਾਰਾ ਪਰਚਾ ਪੜ੍ਹਿਆ। ਸਭ ਨੇ ਧਿਆਨ ਨਾਲ ਸੁਣਿਆਂ। ਜਦ ਹਰੀ ਸਿੰਘ ਨੇ ਪਰਚਾ ਮੁਕਾਇਆ ਤਾਂ ਸਭ ਨੇ ਤਾੜੀਆਂ ਵਜਾਈਆਂ। ਬਾਅਦ ਵਿੱਚ ਪਰਚੇ ਉਪਰ ਬਹਿਸ ਹੋਈ। ਸਭ ਨੇ ਪਰਚੇ ਦੀਆਂ ਤਾਰੀਫਾਂ ਕੀਤੀਆਂ। ਰੇਸ਼ਮ ਸਮੁੰਦਰੀ ਨੇ ਮੰਚ ਤੋਂ ਬੋਲਦਿਆਂ ਕਿਹਾ ਕਿ ਇਸ ਪਰਚੇ ਵਿੱਚੋਂ ਉਸ ਨੇ ਬਹੁਤ ਕੁਝ ਸਿਖਿਆ ਹੈ। ਸੁੱਚਾ ਅਜ਼ਾਦ ਨੇ ਕਿਹਾ ਕਿ ਸੰਰਚਨਾਵਾਦ ਦਾ ਅਧਿਅਨ ਸਾਡੇ ਸਭ ਲਈ ਜ਼ਰੂਰੀ ਹੈ। ਇਵੇਂ ਹੋਰਨਾਂ ਨੇ ਵੀ ਆਪੋ ਆਪਣੇ ਵਿਚਾਰ ਰੱਖੇ। ਡਾਕਟਰ ਹਰੀ ਸਿੰਘ ਨੇ ਪਰਚੇ ਬਾਰੇ ਉਠੇ ਸਵਾਲਾਂ ਦੇ ਬੜੇ ਵਧੀਆ ਤਰੀਕੇ ਨਾਲ ਜਵਾਬ ਦਿਤੇ। ਪ੍ਰੋਗਰਾਮ ਦੇ ਅਖੀਰ ਵਿਚ ਡਾਕਟਰ ਜਗਬੀਰ ਸਿੰਘ ਖਾਲਸਾ ਨੇ ਅਨਾਉਂਸ ਕੀਤਾ ਕਿ ਹੁਣ ਡਾਕਟਰ ਕੁੰਦਨ ਸਿੰਘ ਕੁੰਦਨ ਆਪਣਾ ਪ੍ਰਧਾਨਗੀ ਭਾਸ਼ਨ ਪੇਸ਼ ਕਰਨਗੇ। ਕੁੰਦਨ ਹੌਲੀ ਹੌਲੀ ਆਪਣੀ ਕੁਰਸੀ ਤੋਂ ਉਠਿਆ। ਸਾਰੇ ਨੋਟਿਸ ਜਿਹੜੇ ਉਹ ਲੈਂਦਾ ਰਿਹਾ ਸੀ ਉਸ ਦੇ ਹੱਥ ਵਿੱਚ ਸਨ। ਉਹ ਨੇ ਆਪਣੇ ਅੰਦਾਜ਼ ਵਿੱਚ ਸਹਿਜੇ ਸਹਿਜੇ ਬੋਲਣਾ ਸ਼ੁਰੂ ਕੀਤਾ। ਆਪਣੀ ਗੱਲ ਕਰਨ ਸਮੇਂ ਉਹ ਹਰੀ ਸਿੰਘ ਤੇ ਹੋਰ ਵਿਸ਼ੇਸ਼ ਲੋਕਾਂ ਦੇ ਨਾਂ ਲੈ ਕੇ ਮੁਖਾਤਿਬ ਹੋਇਆ। ਪਹਿਲਾਂ ਉਸ ਨੇ ਪ੍ਰੋਗਰਾਮ ਕਰਾਉਣ ਵਾਲੇ ਪ੍ਰਬੰਧਕਾਂ ਦੀਆਂ ਤਾਰੀਫਾਂ ਕੀਤੀਆਂ ਤੇ ਫਿਰ ਬਾਕੀ ਦੇ ਬੁਲਾਰਿਆਂ ਦੀਆਂ। ਉਸ ਨੇ ਡਾਕਟਰ ਹਰੀ ਸਿੰਘ ਦੇ ਪਰਚੇ ਦੀ ਸ਼ਲਾਘਾ ਕਰਦਿਆਂ ਅੱਗੇ ਵਧਿਆ ਪਰ ਫਿਰ ਇਕ ਦਮ ਮੋੜ ਕਟਦਾ ਬੋਲਿਆ,,

"...ਲੇਖਕ ਆਪਣੀ ਵਿਚਾਰਧਾਰਾ ਕਦੇ ਵੀ ਦਸਦਾ ਨਹੀਂ ਹੁੰਦਾ, ਉਸ ਦੀ ਵਿਚਾਰਧਾਰਾ ਦੇ ਉਸ ਦੀ ਰਚਨਾ ਵਿੱਚ ਛਿੱਟੇ ਦਿਤੇ ਹੋਏ ਹੁੰਦੇ ਹਨ, ਪਾਠਕ ਨੂੰ ਲੇਖਕ ਦੀ ਵਿਚਾਰਧਾਰਾ ਆਪ ਲੱਭਣੀ ਪੈਂਦੀ ਹੈ, ਸਟਰੱਕਲਿਜ਼ਮ ਜਿਸ ਦੀ ਸ਼ੁਰੂਆਤ ਸੋਸੂਅਰ ਨੇ ਕੀਤੀ, ਜਿਸ ਨੂੰ ਡਾਕਟਰ ਹਰੀ ਸਿੰਘ ਜੀ ਨੇ ਪੰਜਾਬੀ ਵਿੱਚ ਲੈ ਕੇ ਆਂਦਾ, ਇਹ ਇਸ ਦਾ ਕਰੈਡਿਟ ਜ਼ਰੂਰ ਲੈ ਰਹੇ ਹਨ ਪਰ ਇਹ ਇਹਨਾਂ ਦੀ ਕਾਢ ਬਿਲਕੁਲ ਨਹੀਂ ਹੈ, ਇਹਨਾਂ ਦਾ ਇਸ ਸਿਧਾਂਤ ਨੂੰ ਪੰਜਾਬੀ ਸਾਹਿਤ ਉਪਰ ਲਾਗੂ ਕਰਨ ਦਾ ਤਰੀਕਾ ਵੀ ਕੁਝ ਗਲਤ ਹੈ, ਮੈਂ ਤੁਹਾਨੂੰ ਕੁਝ ਉਦਾਹਰਣਾਂ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕਰਾਂਗਾ...।"

ਕੁੰਦਨ ਨੇ ਹਰੀ ਸਿੰਘ ਦਾ ਅਜਿਹਾ ਤਵਾ ਲਾਉਣਾ ਸ਼ੁਰੂ ਕੀਤਾ ਕਿ ਸਾਰੇ ਹੀ ਦੇਖਦੇ ਰਹਿ ਗਏ। ਕਿਸੇ ਨੇ ਸੋਚਿਆ ਹੀ ਨਹੀਂ ਸੀ ਕਿ ਹਰੀ ਸਿੰਘ ਨੂੰ ਵੀ ਕੋਈ ਚੁਣੌਤੀ ਦੇ ਸਕੇਗਾ ਉਹ ਵੀ ਇਵੇਂ ਨਾਕਾਰਤਾਮਕ ਤਰੀਕੇ ਨਾਲ। ਹਰੀ ਸਿੰਘ ਇਕੱਠਾ ਜਿਹਾ ਹੋਈ ਜਾ ਰਿਹਾ ਸੀ। ਕੁੰਦਨ ਗੱਲ ਕਰਦਾ ਦੋ ਕੁ ਮਿੰਟ ਬਾਅਦ ਇਕ ਜੇਤੂ ਜਿਹੀ ਤੱਕਣੀ ਹਰੀ ਸਿੰਘ ਵੱਲ ਸੁਟਦਾ। ਮੋਹਣੀ ਵੀ ਰੋਣ ਹਾਕੀ ਹੋਈ ਪਈ ਸੀ। ਕੁੰਦਨ ਨੇ ਪੂਰਾ ਘੰਟਾ ਲਾਇਆ। ਉਸ ਦੀ ਗੱਲ ਵੀ ਧਿਆਨ ਨਾਲ ਸੁਣੀ ਗਈ ਤੇ ਤਾੜੀਆਂ ਵੀ ਖੂਬ ਵੱਜੀਆਂ। ਪ੍ਰੋਗਰਾਮ ਖਤਮ ਹੋ ਗਿਆ। ਸੁੱਚਾ ਅਜ਼ਾਦ ਕੁੰਦਨ ਕੋਲ ਆਇਆ ਤੇ ਬੋਲਿਆ,

"ਡਾਕਟਰ ਦੀ ਏਨੀ ਕਾਹਨੂੰ ਵਜਾਉਣੀ ਸੀ?"

"ਜੇ ਮੇਰੀ ਕੋਈ ਗੱਲ ਗਲਤ ਏ ਤਾਂ ਉਹਨੂੰ ਕਹੋ ਜਵਾਬ ਦੇਵੇ, ਲਿਖ ਕੇ ਕਿਸੇ ਪਰਚੇ ਵਿੱਚ ਛਪਵਾ ਲਵੇ।"

ਕੁੰਦਨ ਪੂਰੀ ਆਕੜ ਵਿੱਚ ਸੀ। ਹਰੀ ਸਿੰਘ ਉਸ ਕੋਲ ਆਇਆ ਤੇ ਉਸ ਨਾਲ ਹੱਥ ਮਿਲਾਉਂਦਾ ਬੋਲਿਆ,

"ਕੁੰਦਨ ਜੀ, ਤੁਸੀਂ ਵਾਕਿਆ ਹੀ ਬਹੁਤ ਵਧੀਆ ਬੋਲੇ ਓ, ਹੁਣ ਅਸੀਂ ਤਾਂ ਬੁੱਢੇ ਹੋ ਰਹੇ ਹਾਂ, ਹੁਣ ਤੁਹਾਡਾ ਜ਼ਮਾਨਾ ਏਂ, ਸਗੋਂ ਚੰਗੀ ਗੱਲ ਏ, ਹੁਣ ਵਾਗ ਡੋਰ ਤੁਸੀਂ ਸੰਭਾਲੋ।"

ਹਰੀ ਸਿੰਘ ਦੀ ਇਸ ਦਰਿਆ-ਦਿਲੀ ਨੇ ਮਹੌਲ ਸੁਖਾਵਾਂ ਕਰ ਦਿਤਾ। ਪ੍ਰੋਗਰਾਮ ਤੋਂ ਬਾਅਦ ਹਰੀ ਸਿੰਘ ਕੁੰਦਨ ਤੇ ਮੋਹਣੀ ਨਾਲ ਹੀ ਉਹਨਾਂ ਦੇ ਘਰ ਗਿਆ ਕਿਉਂਕਿ ਉਹ ਉਥੇ ਹੀ ਠਹਿਰਿਆ ਹੋਇਆ ਸੀ। ਸ਼ਾਮ ਨੂੰ ਕੁਝ ਦੋਸਤ ਹੋਰ ਆ ਗਏ। ਉਹ ਸਾਰੇ ਹਰੀ ਸਿੰਘ ਦੇ ਚਾਹੁਣ ਵਾਲੇ ਸਨ। ਮਹਿਫਲ ਸ਼ੁਰੂ ਹੋ ਗਈ। ਕੁੰਦਨ ਨੇ ਬੋਤਲਾਂ ਮੇਜ਼ 'ਤੇ ਲਿਆ ਰੱਖੀਆਂ। ਮੋਹਣੀ ਵੀ ਉਹਨਾਂ ਵਿੱਚ ਆ ਬੈਠੀ। ਉਹ ਹਰੀ ਸਿੰਘ ਨਾਲ ਬਹੁਤਾ ਹੀ ਨੇੜ ਦਿਖਾਈ ਜਾ ਰਹੀ ਸੀ। ਉਹ ਉਸ ਦਾ ਅਧਿਆਪਕ ਵੀ ਸੀ ਤੇ ਰਿਸ਼ਤੇਦਾਰ ਵੀ। ਉਹ ਕਦੇ ਉਸ ਦੇ ਮੂਹਰੇ ਸਮੋਸੇ ਰੱਖਦੀ ਤੇ ਕਦੇ ਕੋਈ ਮਠਿਆਈ। ਕੁੰਦਨ ਨੂੰ ਇਹ ਸਭ ਚੰਗਾ ਨਹੀਂ ਸੀ ਲੱਗ ਰਿਹਾ। ਉਹ ਕਾਹਲੀ ਨਾਲ ਪੀਤੇ ਦੋ ਪੈੱਗਾਂ ਨਾਲ ਹੀ ਸ਼ਰਾਬੀ ਹੋ ਗਿਆ। ਕੁੰਦਨ ਬੋਲਿਆ,

"ਡਾਕਟਰ ਸਾਹਿਬ, ਤੁਸੀਂ ਇਹ ਦੱਸੋ ਕਿ ਤੁਹਾਡੀ ਸਮੀਖਿਆ ਪ੍ਰਣਾਲੀ ਕੀ ਏ?"

ਡਾਕਟਰ ਹਰੀ ਸਿੰਘ ਨੇ ਵੀ ਦੋ ਪੈੱਗ ਵਿਸਕੀ ਪੀਤੀ ਹੋਈ ਸੀ ਇਸ ਲਈ ਉਹ ਕਿਸੇ ਕਿਸਮ ਦੀ ਬਹਿਸ ਵਿੱਚ ਨਹੀਂ ਸੀ ਪੈਣਾ ਚਾਹੁੰਦਾ। ਉਸ ਨੇ ਮਜ਼ਾਕ ਦੇ ਰੌਂਅ ਵਿਚ ਮੋਹਣੀ ਵਲ ਹੱਥ ਕਰਦਿਆਂ ਕਿਹਾ,

"ਮੇਰੀ ਸਮੀਖਿਆ ਪ੍ਰਣਾਲੀ ਆਹ ਬੈਠੀ ਏ।"

"ਡਾਕਟਰ ਸਾਹਿਬ, ਹੁਣ ਇਹ ਮੇਰੀ ਪਤਨੀ ਏ!"

"ਕੁੰਦਨ ਜੀ, ਇਹ ਤੁਹਾਡੀ ਹੀ ਪਤਨੀ ਏ, ਮੇਰੀ ਤਾਂ ਸ਼ਿੱਸ਼ ਏ ਤੇ ਬੱਚੀ ਏ, ਜਿਹੜੀ ਸਮੀਖਿਆ ਪ੍ਰਣਾਲੀ ਮੇਰੇ ਕੋਲ ਸੀ ਇਸ ਨੂੰ ਦੇ ਦਿਤੀ ਏ।"

"ਮੈਨੂੰ ਖੂਬ ਪਤਾ ਏ ਜਿਹੜੀਆਂ ਤੁਹਾਡੀਆਂ ਸ਼ਿੱਸ਼ ਹੁੰਦੀਆਂ! ...ਸਾਰੇ ਤੁਸੀਂ ਰਖੇਲਾਂ ਰੱਖੀ ਫਿਰਦੇ ਓ ਤੇ ਕਹਿੰਦੇ ਕਿ ਤੁਹਾਡੀ ਸ਼ਿੱਸ਼ ਏ!"

ਕੁੰਦਨ ਨੇ ਕਿਹਾ। ਸਾਰੇ ਹੀ ਹੈਰਾਨ ਹੋ ਗਏ ਕਿ ਉਹ ਇਹ ਕੀ ਕਹਿ ਰਿਹਾ ਸੀ। ਇਸ ਗੱਲ 'ਤੇ ਹਰੀ ਸਿੰਘ ਨੂੰ ਵੀ ਗੁੱਸਾ ਆਉਣ ਲਗਿਆ। ਉਸ ਨੇ ਪੁੱਛਿਆ,

"ਕੁੰਦਨ ਜੀ, ਤੁਸੀਂ ਚਾਹੁੰਦੇ ਕੀ ਹੋ? ਤੁਹਾਡੇ ਮਨ ਦੀ ਗੁਲਝ ਕੀ ਏ?"

"ਡਾਕਟਰ ਹਰੀ ਸਿੰਘ, ਮੇਰੇ ਮਨ ਦੀ ਗੁਲਝ ਇਹ ਵੇ ਕਿ ਤੂੰ ਆਪਣਾ ਅਟੈਚੀ ਚੁੱਕ ਤੇ ਮੇਰੇ ਘਰੋਂ ਨਿਕਲ!"

24-ਮਿੰਨੀ-ਮਾਨਵ

ਕੁੰਦਨ ਨੂੰ ਸਾਰੇ ਹੀ ਮਿੰਨੀ -ਮਾਨਵ ਕਹਿਣ ਲੱਗੇ ਸਨ ਖਾਸ ਤੌਰ ਦੇ ਦਿੱਲੀ ਵਾਲੇ ਦੋਸਤ। ਉਹਨਾਂ ਮੁਤਾਬਕ ਉਸ ਦੀਆਂ ਹਰਕਤਾਂ ਇਕ ਛੋਟੇ ਮਨੁੱਖ ਵਾਲੀਆਂ ਸਨ।

ਹਰੀ ਸਿੰਘ ਨੂੰ ਘਰੋਂ ਕੱਢਣ ਬਾਰੇ ਨਾ ਉਸ ਨੂੰ ਕੋਈ ਪਛਤਾਵਾ ਸੀ ਤੇ ਨਾ ਹੀ ਉਸ ਨੇ ਕਿਸੇ ਤੋਂ ਖਿਮਾਂ ਮੰਗੀ। ਕੋਈ ਦੋਸਤ ਗੱਲ ਕਰਦਾ ਤਾਂ ਅਗਲੇ ਨੂੰ ਦੋ ਸੁਣਾ ਦਿੰਦਾ। ਮੋਹਣੀ ਡਿਪਰੈਸ਼ਨ ਵਿੱਚ ਚਲੇ ਗਈ। ਉਸ ਦੀ ਹਾਲਤ ਤਾਂ ਏਨੀ ਖਰਾਬ ਹੋ ਗਈ ਕਿ ਉਸ ਨੂੰ ਅਗਲੇ ਦਿਨ ਡਾਕਟਰ ਦੇ ਜਾਣਾ ਪਿਆ। ਦੋਸਤਾਂ ਨੂੰ ਮੋਹਣੀ ਦੀ ਸਿਹਤ ਦਾ ਪਤਾ ਚੱਲ ਗਿਆ ਸੀ ਪਰ ਕੁੰਦਨ ਨੂੰ ਇਸ ਬਾਰੇ ਕੋਈ ਫੋਨ ਨਹੀਂ ਸੀ ਕਰਨਾ ਚਾਹੁੰਦਾ। ਬਨਫੂਲ ਨੇ ਮੋਹਣੀ ਦੀ ਖ਼ਬਰ ਸਾਰ ਲਈ ਫੋਨ ਕੀਤਾ ਤਾਂ ਕੁੰਦਨ ਬੋਲਿਆ,

"ਐਵੇਂ ਐਵੀਂ ਸਾਲ਼ੀ ਬੈਹੜਿਆਂ ਦੀ ਪਖੰਡ ਕਰਦੀ ਏ।"

ਮੋਹਣੀ ਹੁਣ ਜਿਵੇਂ ਫਸ ਗਈ ਸੀ। ਉਹ ਕਿਸੇ ਪਾਸੇ ਜੋਗੀ ਨਹੀਂ ਸੀ ਰਹੀ। ਉਸ ਦੀ ਸਖਸ਼ੀਅਤ ਵੀ ਅਜਿਹੀ ਸੀ ਕਿ ਕੋਈ ਸਖਤ ਫੈਸਲਾ ਨਹੀਂ ਸੀ ਲੈ ਸਕਦੀ। ਜਿਵੇਂ ਸਾਰੇ ਕਹਿੰਦੇ ਸਨ ਕਿ ਉਹ ਬਹੁਤ ਹੀ ਮਲੂਕ ਜਿਹੀ ਔਰਤ ਸੀ। ਇਕ ਰਾਤ ਕੁੰਦਨ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਮੋਹਣੀ ਕੋਲ ਆਇਆ ਤੇ ਨਿੱਤ ਵਾਂਗ ਜ਼ਬਰਦਸਤੀ ਕਰਨ ਲੱਗਿਆ। ਮੋਹਣੀ ਇਕ ਦਮ ਪਰ੍ਹੇ ਹੁੰਦੀ ਬੋਲੀ,

"ਕੁੰਦਨ ਜੀ, ਮੇਰੇ ਤੋਂ ਦੂਰ ਹੋ ਜਾਓ, ਮੇਰੀ ਸਿਹਤ ਠੀਕ ਨਹੀਂ।"

"ਤੇਰੀ ਸਿਹਤ ਮੈਂ ਇਕ ਮਿੰਟ ਵਿੱਚ ਠੀਕ ਕਰ ਦੇਣੀ ਏਂ, ਜ਼ਰਾ ਦੇਖਦੀ ਜਾਹ।"

ਕੁੰਦਨ ਮੂੰਹ ਵਿੱਚੋਂ ਝੱਗ ਜਿਹੀ ਸੁੱਟਦਾ ਉਸ ਵੱਲ ਇਵੇਂ ਦੇਖ ਰਿਹਾ ਸੀ ਜਿਵੇਂ ਹੁਣੇ ਹੀ ਜ਼ਿਬਾਹ ਕਰ ਸੁਟੇਗਾ। ਮੋਹਣੀ ਨੂੰ ਡਰ ਲੱਗਣ ਲੱਗ ਪਿਆ। ਉਹ ਇਕ ਦਮ ਬੋਲੀ,

"ਨਹੀਂ ਕੁੰਦਨ ਜੀ, ਮੈਨੂੰ ਤੁਹਾਡਾ ਹਿੰਸਕ ਰਵੱਈਆ ਬਿਲਕੁਲ ਪਸੰਦ ਨਹੀਂ, ਮੇਰੇ ਨਜ਼ਦੀਕ ਆਏ ਤਾਂ ਮੈਂ ਪੁਲੀਸ ਬੁਲਾ ਲਵਾਂਗੀ।"

ਪੁਲੀਸ ਦੇ ਨਾਂ ਦੇ ਕੁੰਦਨ ਡਰ ਗਿਆ। ਮਨਜੀਤ ਕੌਰ ਵੀ ਕਈ ਵਾਰ ਉਸ ਉਪਰ ਪੁਲੀਸ ਬੁਲਾ ਚੁੱਕੀ ਸੀ। ਭਾਵੇਂ ਪੁਲੀਸ ਘਰੇਲੂ ਮਾਮਲਿਆਂ ਵਿੱਚ ਥੋੜੇ ਕੀਤੇ ਦਖਲ ਨਹੀਂ ਦਿੰਦੀ ਪਰ ਆਂਢ-ਗਵਾਂਢ ਵਿੱਚ ਪੁਲੀਸ ਦੇ ਆਉਣ ਨਾਲ ਜਿਹੜੀ ਬਦਨਾਮੀ ਹੁੰਦੀ ਹੈ, ਉਹ ਘੱਟ ਨਹੀਂ ਹੁੰਦੀ। ਇਹ ਮੋਹਣੀ ਦਾ ਪਹਿਲਾ ਵਿਦਰੋਹ ਸੀ।

ਕੁੰਦਨ ਕੁਝ ਕੁਝ ਸਮਝ ਗਿਆ ਸੀ ਕਿ ਮੋਹਣੀ ਨੂੰ ਹੁਣ ਵਲਇਤ ਦੀ ਹਵਾ ਲਗਣੀ ਸ਼ੁਰੂ ਹੋ ਗਈ ਹੈ। ਅਗਲੇ ਦਿਨ ਕੁੰਦਨ ਨੇ ਇਹ ਗੱਲ ਪਾਇਲ ਨੂੰ ਫੋਨ ਉਪਰ ਦੱਸੀ। ਪਾਇਲ ਕਾਹਲੀ ਨਾਲ ਬੋਲੀ,

"ਡੈਡ, ਮੈਂ ਦੱਸਿਆ ਸੀ ਕਿ ਏਹ ਔਰਤ ਏਨੀ ਸਿੰਪਲ ਨਹੀਂ ਜਿੰਨੀ ਤੁਸੀਂ ਸਮਝੀ ਬੈਠੇ ਓ।"...

ਕੁੰਦਨ ਵਾਪਸ ਦਿੱਲੀ ਆ ਗਿਆ। ਨਾਲ ਹੀ ਮੋਹਣੀ ਵੀ ਤੇ ਨਾਲ ਹੀ ਮੋਹਣੀ ਦਾ ਦਵਾਈਆਂ ਵਾਲਾ ਬੈਗ ਵੀ। ਹੁਣ ਉਸ ਨੂੰ ਕਈ ਕਿਸਮ ਦੀਆਂ ਗੋਲ਼ੀਆਂ ਖਾਣੀਆਂ ਪੈਂਦੀਆਂ ਸਨ। ਪਹਿਲਾਂ ਨਾਲ ਦੇ ਜੰਮੇ ਭਰਾ ਨੂੰ ਘਰੋਂ ਕੱਢੇ ਜਾਣ ਦਾ ਦੁੱਖ ਫਿਰ ਪਿਓ ਵਰਗੇ ਗੁਰੂ ਦੀ ਬੇਇਜ਼ਤੀ ਦਾ ਗਮ ਤੇ ਉਪਰੋਂ ਕੁੰਦਨ ਦਾ ਤਸ਼ੱਦਦੀ ਵਿਵਹਾਰ; ਉਹ ਅਜੀਬ ਜਿਹੀ ਸਥਿਤੀ ਵਿੱਚ ਗਰੱਸੀ ਪਈ ਸੀ। ਨਾ ਕਿਸੇ ਨੂੰ ਦੱਸ ਸਕਦੀ ਸੀ ਤੇ ਨਾ ਇਹ ਸਭ ਸਹਿ ਸਕਦੀ ਸੀ ਤੇ ਨਾ ਹੀ ਇਸ ਸਥਿਤੀ ਤੋਂ ਛੁਟਕਾਰਾ ਪਾ ਸਕਦੀ ਸੀ। ਉਹ ਹਰ ਵੇਲੇ ਬੌਂਦਲੀ ਜਿਹੀ ਤੁਰੀ ਫਿਰਦੀ।

ਲੰਡਨ ਵਿੱਚ ਜੋ ਕੁਝ ਹੋਇਆ ਉਸ ਦੀ ਖ਼ਬਰ ਦਿੱਲੀ ਪੁੱਜ ਚੁੱਕੀ ਸੀ। ਡਾਕਟਰ ਹਰੀ ਸਿੰਘ ਤਾਂ ਅਲੱਗ ਗੁੱਸੇ ਵਿੱਚ ਹੋਵੇਗਾ, ਉਸ ਦੇ ਬਾਕੀ ਦੇ ਚਹੇਤੇ ਵੀ ਕੁੰਦਨ ਨਾਲ ਬਹੁਤ ਨਾਰਾਜ਼ ਸਨ। ਡਾਕਟਰ ਰੌਸ਼ਨ ਇਥੇ ਤਕ ਤਾਂ ਖ਼ੁਸ਼ ਸੀ ਕਿ ਕੁੰਦਨ ਨੇ ਸਟੇਜ ਤੋਂ ਹਰੀ ਸਿੰਘ ਨੂੰ ਘੇਰਿਆ ਪਰ ਘਰੋਂ ਕੱਢ ਦੇਣ ਵਾਲੀ ਘਟਨਾ ਤੋਂ ਉਹ ਵੀ ਬਹੁਤ ਤੰਗ ਸੀ। ਉਹ ਸਮਝ ਗਿਆ ਕਿ ਇਹ ਬੰਦਾ ਉਹਨਾਂ ਦੀ ਜਮਾਤ ਦਾ ਨਹੀਂ ਹੈ। ਉਸ ਨੇ ਵੀ ਪਾਸਾ ਵੱਟਣਾ ਸ਼ੁਰੂ ਕਰ ਦਿਤਾ। ਜੇ ਕੁੰਦਨ ਉਸ ਨੂੰ ਮਿਲਣ ਜਾਂਦਾ ਤਾਂ ਰੌਸ਼ਨ ਹੱਸ ਕੇ ਮਿਲਦਾ ਪਰ ਇਸ ਤੋਂ ਵੱਧ ਕੁਝ ਨਹੀਂ। ਉਸ ਨੇ ਸਬੰਧ ਸੀਮਤ ਜਿਹੇ ਕਰ ਲਏ। ਕਿਸੇ ਪਾਰਟੀ ਵਿੱਚ ਇਕੱਠੇ ਹੁੰਦੇ ਤਾਂ ਦਾਰੂ ਪੀ ਕੇ ਸ਼ੁਗਲ ਕਰ ਲੈਂਦੇ ਪਰ ਰੌਸ਼ਨ ਵਿਸ਼ੇਸ਼ ਤੌਰ 'ਤੇ ਕੁੰਦਨ ਨੂੰ ਕਦੇ ਨਾ ਮਿਲਦਾ। ਇਹਨਾਂ ਦਿਨਾਂ ਵਿੱਚ ਹੀ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਦਿਤਾ ਜਾਣਾ ਸੀ। ਕੁੰਦਨ ਉਸ ਪਾਸੇ ਝਾਕ ਰਿਹਾ ਸੀ ਪਰ ਉਹ ਕਿਸੇ ਹੋਰ ਮਿਲ ਗਿਆ। ਕੁੰਦਨ ਦੇਖਦਾ ਹੀ ਰਹਿ ਗਿਆ। ਓਹ ਭੱਜਾ ਭੱਜਾ ਰੌਸ਼ਨ ਕੋਲ ਗਿਆ। ਰੌਸ਼ਨ ਨੇ ਕਿਹਾ,

"ਦੇਖ ਕੁੰਦਨ ਯਾਰ, ਮੇਰਾ ਤਾਂ ਇਸ 'ਤੇ ਕੋਈ ਕੰਟਰੋਲ ਨਹੀਂ, ਫਿਰ ਤੇਰੇ ਤੋਂ ਸੀਨੀਅਰ ਲੋਕ ਵੀ ਬੈਠੇ ਨੇ।"

"ਪਰ ਮੈਂ ਸਾਲ਼ਾ ਬੈਹੜਿਆਂ ਦਾ, ਏਨੀ ਦੇਰ ਤੋਂ ਤੁਹਾਡੇ ਨਲ਼ ਚੁੱਕ ਰਿਹਾਂ, ਮੈਂ ਕੋਈ ਫੁੱਦੂ ਆਂ?"

"ਤੂੰ ਕਿਉਂ ਨਹੀਂ ਸਮਝਦਾ ਕਿ ਇਨਾਮ ਦੇਣ ਦੇ ਕੁਝ ਅਸੂਲ ਵੀ ਨੇ, ਤੇਰੀ ਕਿਤਾਬ ਤਾਂ ਏਸ ਸਾਲ ਆਈ ਏ, ਪਹਿਲੇ ਤੇਰੇ ਨਾਵਲ ਨੂੰ ਆਇਆਂ ਕਈ ਸਾਲ ਹੋ ਗਏ।"

"ਪਹਿਲਾਂ ਨਹੀਂ ਦੱਸਿਆ? ...ਮੈਂ ਇਨਾਮ ਲਈ ਕੋਈ ਹੋਰ ਛੋਟਾ ਮੋਟਾ ਨਾਵਲ ਲਿਖ ਲੈਂਦਾ, ਇਹ ਤਾਂ ਮੇਰੇ ਖੱਬੇ ਹੱਥ ਦਾ ਕੰਮ ਸੀ।"

"ਚੱਲ ਹੁਣ ਤੂੰ ਘਬਰਾ ਨਾ, ਅਗਲੇ ਸਾਲ ਦੇਖਾਂਗੇ।"

"ਭਾਊ, ਮੇਰੇ ਤੋਂ ਏਨੀ ਉਡੀਕ ਨਹੀਂ ਜੇ ਹੁੰਦੀ!"

ਕੁੰਦਨ ਨੇ ਆਪਣੀ ਕਾਹਲ ਦੱਸੀ। ਰੌਸ਼ਨ ਆਪਣੇ ਢਿੱਡ ਵਿੱਚ ਹੱਸਣ ਲਗਿਆ।...

ਇਹਨਾਂ ਦਿਨਾਂ ਵਿੱਚ ਹੀ ਕੁਲਵੰਤ ਸਿੰਘ ਦੇ ਫਲੈਟ ਦੇ ਉਪਰਲਾ ਫਲੈਟ ਵਿਕਾਊ ਸੀ। ਮਾਲਕ ਨੂੰ ਗਾਹਕ ਚਾਹੀਦਾ ਸੀ। ਉਹ ਏਜੰਟ ਦੇ ਫਾਰ-ਸੇਲ ਲਾਉਣਾ ਚਾਹੁੰਦਾ ਸੀ। ਕੁਲਵੰਤ ਨੂੰ ਪਤਾ ਲੱਗਿਆ ਤਾਂ ਉਸ ਨੇ ਦੱਸਿਆ ਕਿ ਮੇਰੇ ਕੋਲ ਗਾਹਕ ਹੈਗਾ ਪਰ ਕਮਿਸ਼ਨ ਉਸ ਨੂੰ ਚਾਹੀਦਾ ਹੈ। ਉਸ ਨੇ ਕੁਲਵੰਤ ਨਾਲ ਇਕ ਲੱਖ ਕਮਿਸ਼ਨ ਕਰ ਲਿਆ। ਕੁਲਵੰਤ ਜਾ ਕੇ ਕੁੰਦਨ ਕੋਲ ਲਗਿਆ ਤਾਰੀਫਾਂ ਕਰਨ,

"ਡਾਕਟਰ ਸਾਹਿਬ, ਸਾਡੇ ਉਪਰਲਾ ਫਲੈਟ ਵਿਕਾਊ ਏ, ਜ਼ਰਾ ਵੱਡਾ ਵੀ ਏ ਤੇ ਉਥੇ ਮੱਛਰ ਬਿਲਕੁਲ ਨਹੀਂ ਏ, ਮੈਂ ਸਲਾਹ ਦੇਵਾਂਗਾ ਕਿ ਇਹ ਵੇਚ ਕੇ ਉਹ ਲੈ ਲਵੋ, ਤੁਸੀਂ ਫਾਇਦੇ ਵਿਚ ਰਹੋਂਗੇ, ਉਥੇ ਸਹੂਲਤਾਂ ਜ਼ਿਆਦਾ ਨੇ। ਪਾਣੀ ਵੀ ਹਰ ਵਕਤ ਰਹਿੰਦਾ ਏ ਤੇ ਬਿਜਲੀ ਵੀ।"

ਕੁੰਦਨ ਨੇ ਕੁਲਵੰਤ ਦਾ ਫਲੈਟ ਦੇਖਿਆ ਹੋਇਆ ਸੀ। ਉਸ ਨੂੰ ਇਲਾਕਾ ਪਸੰਦ ਸੀ। ਉਸ ਨੇ ਅੱਠ ਲੱਖ ਰੁਪਏ ਵਾਧੂ ਦੇ ਕੇ ਫਲੈਟ ਬਦਲ ਲਿਆ ਤੇ ਨਾਲੇ ਹੁਣ ਉਸ ਨੇ ਫਲੈਟ ਵਿੱਚ ਆਪਣਾ ਨਾਮ ਵੀ ਪੁਆ ਲਿਆ ਕਿਉਂਕਿ ਪਹਿਲਾਂ ਫਲੈਟ ਸਿਰਫ ਮੋਹਣੀ ਦੇ ਨਾਵੇਂ ਹੀ ਸੀ। ਕੁਲਵੰਤ ਨੂੰ ਕੁਝ ਕਮਿਸ਼ਨ ਤਾਂ ਮਿਲ ਗਿਆ ਪਰ ਛੇਤੀ ਹੀ ਪਤਾ ਚੱਲ ਗਿਆ ਕਿ ਕੁੰਦਨ ਗਵਾਂਡੀ ਦੇ ਤੌਰ 'ਤੇ ਵੀ ਚੰਗਾ ਨਹੀਂ। ਜਿਵੇਂ ਕੁੰਦਨ ਦਾ ਸੁਭਾਅ ਹੈ ਸੀ ਕਿ ਹਰ ਵੇਲੇ ਕਿਸੇ ਨਾ ਕਿਸੇ ਨਾ ਸਿੰਗ ਫਸਾ ਰੱਖਣੇ, ਜੇ ਕੋਈ ਹੋਰ ਨਾ ਮਿਲੇ ਤਾਂ ਗਵਾਂਡੀ ਹੀ ਸਹੀ। ਹੁਣ ਇਥੇ ਆ ਕੇ ਉਸ ਦੀ ਕਈ ਵਾਰ ਕੁਲਵੰਤ ਨਾਲ ਠਣਨ ਲੱਗਦੀ।...

ਪਹਿਲਾਂ ਕੁੰਦਨ ਨੂੰ ਕਦੇ ਕਦੇ ਯੂਨੀਵਰਸਟੀ ਵਿੱਚ ਕੁਝ ਲੈਕਚਰ ਮਿਲ ਜਾਇਆ ਕਰਦੇ ਸਨ। ਜਿਸ ਦੇ ਬਦਲੇ ਵਿੱਚ ਉਸ ਨੂੰ ਕੁਝ ਪੈਸੇ ਵੀ ਮਿਲ ਜਾਂਦੇ ਪਰ ਹੁਣ ਉਹ ਲੈਕਚਰ ਮਿਲਣੇ ਬਿਲਕੁਲ ਬੰਦ ਹੋ ਗਏ ਸਨ। ਉਸ ਨੂੰ ਲੱਗਿਆ ਕਿ ਸ਼ਾਇਦ ਇਹ ਡਾਕਟਰ ਰੌਸ਼ਨ ਦੀ ਕੋਈ ਚਾਲ ਹੈ। ਉਸ ਨੇ ਯੂਨੀਵਰਸਟੀ ਦੇ ਇਕ ਹੋਰ ਪਰੋਫੈਸਰ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਹ ਬੋਲਿਆ,

"ਡਾਕਟਰ ਕੁੰਦਨ, ਪਹਿਲਾਂ ਵੀ ਤੁਹਾਨੂੰ ਜਿਹੜੇ ਲੈਕਚਰ ਮਿਲੇ ਉਹ ਡਾਕਟਰ ਰੌਸ਼ਨ ਦੀ ਮਿਹਰਬਾਨੀ ਜਾਂ ਡਾਕਟਰ ਹਰੀ ਸਿੰਘ ਕਰਕੇ ਮਿਲੇ ਸਨ ਪਰ ਹੁਣ ਕਿਉਂਕਿ ਯੂਨੀਵਰਸਟੀ ਦੇ ਲੈਕਚਰਾਰ ਹੀ ਵਾਧੂ ਹੋਏ ਫਿਰਦੇ ਨੇ, ਤੁਹਾਡੀ ਵਾਰੀ ਕਿਵੇਂ ਆਏਗੀ?"

ਉਸ ਦੇ ਮੁਕਾਬਲੇ ਮੋਹਣੀ ਨੂੰ ਕੁਝ ਲੈਕਚਰ ਯੂਨੀਵਰਸਟੀ ਵਿੱਚ ਮਿਲ ਰਹੇ ਸਨ। ਉਸ ਦੇ ਕਾਫੀ ਸਾਰੇ ਵਿਦਿਆਰਥੀ ਵੀ ਘਰ ਮਿਲਣ ਆ ਜਾਂਦੇ। ਮੋਹਣੀ ਨੇ ਮਾਤਾ ਲਕਸ਼ਮੀ ਕਾਲਜ ਵਾਲੀ ਨੌਕਰੀ ਮੁੜ ਕੇ ਜੁਆਇਨ ਕਰ ਲਈ ਹੋਈ ਸੀ। ਕੁੰਦਨ ਨੂੰ ਪ੍ਰੋਫੈਸਰਾਂ ਵਾਲੀ ਨੌਕਰੀ ਬਹੁਤ ਚੰਗੀ ਲਗਦੀ ਸੀ। ਉਸ ਨੂੰ ਯੂਨੀਵਰਸਟੀ ਦਾ ਚੱਕਰ ਲਾਉਣਾ ਬਹੁਤ ਚੰਗਾ ਲਗਦਾ। ਉਹ ਸੋਚਦਾ ਕਿ ਜੇ ਇਥੇ ਪੱਕੀ ਨੌਕਰੀ ਲੱਗ ਜਾਵੇ ਤਾਂ ਕਿੰਨਾ ਵਧੀਆ ਹੋਵੇ। ਆਮਦਨ ਦਾ ਜ਼ਰੀਆ ਵੀ ਹੋ ਜਾਵੇ ਤੇ ਰੋਅਬ ਦਾ ਰੋਅਬ। ਪੀ ਐਚ. ਡੀ. ਕਰਨ ਤੋਂ ਬਾਅਦ ਉਹ ਲੈਕਰਚਾਰ ਦੀ ਨੌਕਰੀ ਦੇ ਕਾਬਲ ਤਾਂ ਹੈ ਹੀ ਸੀ। ਉਹ ਸੋਚਦਾ ਬਹੁਤ ਪਰ ਕੋਈ ਸਬੱਬ ਬਣ ਨਹੀਂ ਸੀ ਰਿਹਾ। ਅੱਕੇ ਹੋਏ ਕੁੰਦਨ ਨੇ ਇਕ ਦਿਨ ਰੌਸ਼ਨ ਨੂੰ ਕਿਹਾ,

"ਦੇਖ ਭਾਊ, ਸੌ ਗਜ਼ ਰੱਸਾ ਤੇ ਸਿਰੇ ਤੇ ਗੰਢ! ਮੇਰਾ ਕੁਝ ਕਰ ਰਿਹਾਂ ਕਿ ਨਹੀਂ?"

"ਕੀ ਮਤਲਬ?"

"ਮੈਨੂੰ ਕੋਈ ਜੌਬ ਬਗੈਰਾ ਦੁਆ ਰਿਹਾਂ ਕਿ ਨਹੀਂ?"

"ਮੇਰੇ ਨਾਲੋਂ ਇਹ ਸਭ ਡਾਕਟਰ ਹਰੀ ਸਿੰਘ ਦੇ ਜ਼ਿਆਦਾ ਹੱਥ ਵਿੱਚ ਏ।"

ਉਸ ਨੇ ਮਨ ਹੀ ਮਨ ਪੰਜਾਹ ਗਾਲ੍ਹਾਂ ਹਰੀ ਸਿੰਘ ਨੂੰ ਕੱਢੀਆਂ ਤੇ ਪੰਜਾਹ ਰੌਸ਼ਨ ਨੂੰ। ਢੈਲ਼ਾ ਜਿਹੇ ਪੈਂਦਿਆਂ ਫਿਰ ਕਿਹਾ,

"ਯੂਨੀਵਰਸਟੀ ਵਿੱਚ ਨਾ ਸਹੀ, ਹੋਰ ਏਨੀਆਂ ਵਧੀਆ ਨੌਕਰੀਆਂ ਨੇ ਜਿਥੇ ਤੇਰੀ ਚਲਦੀ ਏ, ਆਹ ਪੰਜਾਬੀ ਅਕੈਡਮੀ ਦਾ ਤੂੰ ਕਰਤਾ-ਧਰਤਾ ਬਣਿਆਂ ਫਿਰਦਾਂ, ਆਹ ਏਹਦੇ ਸੈਕਟਰੀ ਦੀ ਜੌਬ ਖਾਲੀ ਹੋਣ ਵਾਲੀ ਏ।"

"ਦੇਖ ਕੁੰਦਨ, ਤੇਰੀਆਂ ਉਮੀਦਾਂ ਲੋੜ ਤੋਂ ਬਹੁਤੀਆਂ ਵੱਡੀਆਂ ਨੇ, ਆਪਾਂ ਦੋਸਤ ਆਂ, ਅਸੀਂ ਤੇਰਾ ਪੂਰਾ ਧਿਆਨ ਰੱਖ ਰਹੇ ਹਾਂ, ਅਸੀਂ ਆਪਣੇ ਹੱਥ ਵੱਢ ਕੇ ਤੈਨੂੰ ਨਹੀਂ ਦੇ ਸਕਦੇ, ਅਸੀਂ ਸਾਰੇ ਦੋਸਤ ਤੇਰੇ ਲਈ ਇਨਾਮ ਦੀ ਕੋਸ਼ਿਸ਼ ਕਰ ਰਹੇ ਹਾਂ, ਹੋਰ ਦੱਸ।"

"ਡਾਕਟਰ ਰੌਸ਼ਨ, ਯਾਰ ਤੂੰ ਬਹੁਤ ਡੂੰਘਾ ਏਂ!"

"ਤੇ ਤੂੰ ਬਹੁਤ ਪੇਤਲ਼ਾ! ਸਬਰ ਵੀ ਕੋਈ ਚੀਜ਼ ਹੁੰਦੀ ਏ।"

"ਰੌਸ਼ਨ, ਮੈਂ ਪੇਤਲ਼ਾ ਨਹੀਂ, ਮੈਂ ਬਹੁਤ ਤਿੱਖਾ ਵਾਂ, ਮੈਂ ਤਖਾਣ ਨਹੀਂ, ਕੰਬੋਅ-ਜੱਟ ਆਂ, ਜਿਥੇ ਪੈ ਜਾਵਾਂ ਕਹੀ ਵਾਂਗੂੰ ਵੱਢਦਾ ਚਲੇ ਜਾਨਾਂ।"

ਕੁੰਦਨ ਨੇ ਧਮਕੀ ਦੇਣ ਵਾਂਗ ਕਿਹਾ ਪਰ ਰੌਸ਼ਨ ਨੇ ਉਸ ਨਾਲ ਬਹੁਤੀ ਗੱਲ ਕਰਨੀ ਠੀਕ ਨਾ ਸਮਝੀ, ਨਹੀਂ ਤਾਂ ਇਸ ਵੇਲੇ ਉਹ ਰਾਜਨੀਤਕ ਪ੍ਰਭਾਵ ਵਾਲਾ ਬੰਦਾ ਸੀ ਤੇ ਕੁੰਦਨ ਨੂੰ ਕਿਸੇ ਵੀ ਮੁਸੀਬਤ ਵਿਚ ਫਸਾ ਸਕਦਾ ਸੀ। ਉਸ ਦਿਨ ਦੀ ਗੱਲ ਹਊ-ਪਰੇ ਹੋ ਗਈ। ਕੁੰਦਨ ਪਰੇਸ਼ਾਨ ਰਹਿਣ ਲਗਿਆ। ਦੋ ਕੁ ਮਹਿਫਲਾਂ ਵਿੱਚ ਉਸ ਨੇ ਸ਼ਰਾਬ ਪੀ ਕੇ ਅਜਿਹੀ ਖੱਪ ਪਾਈ ਕਿ ਕਿਸੇ ਨੇ ਉਸ ਨੂੰ ਮਹਿਫਲ ਵਿੱਚ ਬੁਲਾਉਣਾ ਹੀ ਛੱਡ ਦਿਤਾ। ਉਹ ਇਕੱਲਾ ਪੈਣ ਲਗਿਆ। ਉਸ ਨੂੰ ਜਾਪ ਰਿਹਾ ਸੀ ਕਿ ਦਿੱਲੀ ਸ਼ਹਿਰ ਵਿੱਚ ਉਸ ਦਾ ਕੋਈ ਨਹੀਂ ਹੈ। ਇਕ ਦਿਨ ਉਸ ਨੇ ਬਨਫੂਲ ਨੂੰ ਫੋਨ ਕੀਤਾ ਤੇ ਸਾਰੀ ਗੱਲ ਦਸਦਿਆਂ ਕਿਹਾ,

"ਬਨਫੂਲ ਭਾਊ, ਜੇਠੂ ਦਿੱਲੀ ਵਿੱਚ ਬਹੁਤ ਇਕੱਲਾ!"

"ਡਾਕਟਰ, ਤੂੰ ਉਸ ਦਿਨ ਦਾ ਇਕੱਲਾ ਏਂ ਜਿਸ ਦਿਨ ਮਨਜੀਤ ਕੋਰ ਮਰੀ ਐ, ਉਹੀ ਤੈਨੂੰ ਸਾਂਭੀ ਫਿਰਦੀ ਸੀ, ਆਹ ਜਿਹੜਾ ਤੂੰ ਵਿਆਹ ਕੀਤਾ ਇਸ ਵੀ ਕਾਮਯਾਬ ਨਹੀਂ ਰਹਿਣਾ, ਏਸ ਔਰਤ ਤੋਂ ਜੇਠੂ ਸੰਭਾਲਿਆ ਨਹੀਂ ਜਾਣਾ ਤੇ ਅਖੀਰ ਵਿੱਚ ਤੂੰ ਆਪਣੇ ਆਪ ਨੂੰ ਈ ਡੈਮੇਜ ਕਰ ਲੈਣਾਂ ਤੇ ਹੋਰ ਇਕੱਲਾ ਹੋ ਜਾਣਾਂ।"

"ਇਹਦਾ ਹੱਲ ਕੀ ਏ?"

"ਇਕ ਤਾਂ ਤੂੰ ਕੁੰਦਨ ਹੀ ਰਹਿ ਤੇ ਦੂਜੇ ਤੇਰਾ ਚੰਗਾ ਭਲਾ ਮੁੰਡਾ ਏ, ਤੂੰ ਉਹਨੂੰ ਆਪਣੇ ਨਾਲ਼ ਰੱਖ, ਓਹਦਾ ਵਿਆਹ ਕਰ ਤੇ ਸੁਖੀ ਰਹਿ।"

"ਉਹ ਮੁੰਡਾ ਵੀ ਆਪਣੀ ਮਾਂ ਵਰਗਾ ਹਰਾਮੀ ਏ ਬਨਫੂਲ, ਤੂੰ ਨਹੀਂ ਜਾਣਦਾ!"

ਇਹਨਾਂ ਦਿਨਾਂ ਵਿੱਚ ਇਕ ਨਵੀਂ ਖ਼ਬਰ ਆਈ। ਜਿਸ ਨੇ ਮੋਹਣੀ ਨੂੰ ਤਾਂ ਉਮਰ ਭਰ ਦੇ ਚਾਵਾਂ ਨਾਲ ਭਰ ਦਿਤਾ ਪਰ ਕੁੰਦਨ ਚਿੰਤਾਵਾਂ ਦੀਆਂ ਖਾਈਆਂ ਵਿੱਚ ਜਾ ਡਿਗਿਆ। ਉਹ ਇਹ ਕਿ ਮੋਹਣੀ ਗਰਭਵਤੀ ਸੀ। ਇਸ ਗੱਲ ਬਾਰੇ ਨਾ ਕਦੇ ਕੁੰਦਨ ਨੇ ਸੋਚਿਆ ਸੀ ਤੇ ਨਾ ਹੀ ਕਦੇ ਮੋਹਣੀ ਨੇ। ਜਦ ਕੁੰਦਨ ਨੂੰ ਪਤਾ ਚੱਲਿਆ ਤਾਂ ਪਹਿਲਾਂ ਤਾਂ ਉਹ ਚੁੱਪ ਰਿਹਾ, ਫਿਰ ਉਸ ਨੇ ਪਾਇਲ ਨੂੰ ਫੋਨ ਕੀਤਾ। ਪਾਇਲ ਗੁੱਸੇ ਵਿੱਚ ਬੋਲੀ,

"ਡੈਡ, ਤੁਸੀਂ ਇਹ ਕੀ ਕੀਤਾ, ਮੈਨੂੰ ਪਹਿਲਾਂ ਈ ਪਤਾ ਸੀ ਕਿ ਏਹ ਔਰਤ ਤੁਹਾਨੂੰ ਕਿਸੇ ਨਾ ਕਿਸੇ ਤਰ੍ਹਾਂ ਫਸਾਵੇਗੀ। ਤੁਸੀਂ ਕੀ ਚਾਹੁੰਦੇ ਓ ਕਿ ਅਸੀਂ ਹੁਣ ਕਿਸੇ ਹੋਰ ਨਾਲ ਆਪਣਾ ਡੈਡ ਸ਼ੇਅਰ ਕਰੀਏ? ਜੋ ਕੁਝ ਵੀ ਸਾਡੇ ਡੈਡ ਕੋਲ ਹੈ ਵੋ ਕਿਸੇ ਹੋਰ ਨਾਲ ਸ਼ੇਅਰ ਕਰੀਏ ਆਈ ਮੀਨ ਪਰੌਪ੍ਰਟੀ?"

"ਹੁਣ ਕੀ ਕਰਾਂ?"

"ਜੱਸਟ ਗੈੱਟ ਰਿਡ ਔਫ ਦਿਸ ਬੇਬੀ!"

ਕੁੰਦਨ ਸੋਚ ਰਿਹਾ ਸੀ ਕਿ ਇਕ ਤਾਂ ਉਸ ਦੀ ਉਮਰ ਹੁਣ ਪੰਜਾਹ ਦੇ ਨੇੜੇ ਹੋ ਚੁੱਕੀ ਸੀ। ਅੱਜ ਬੱਚਾ ਪੈਦਾ ਹੋਏਗਾ ਤਾਂ ਜਦ ਉਹ ਜਵਾਨ ਹੋਵੇਗਾ ਤਾਂ ਉਹ ਆਪ ਸੱਤਰ ਦਾ ਹੋਵੇਗਾ, ਉਹ ਤਾਂ ਉਮਰ ਨਹੀਂ ਬੱਚੇ ਨੂੰ ਸੰਭਾਲਣ ਦੀ। ਫਿਰ ਮੋਹਣੀ ਵੀ ਤਾਂ ਹਰ ਵੇਲੇ ਦਵਾਈਆਂ ਖਾਈ ਜਾਂਦੀ ਹੈ ਬਲਕਿ ਉਹ ਤਾਂ ਲੱਗੀ ਹੀ ਦਵਾਈਆਂ 'ਤੇ ਹੈ। ਅਜਿਹੀ ਹਾਲਤ ਵਿਚ ਬੱਚੇ ਨੂੰ ਕੌਣ ਸੰਭਾਲੇਗਾ। ਉਹ ਪਹਿਲਾਂ ਆਪਣੇ ਮਨ ਵਿੱਚ ਬੱਚਾ

ਨਾ ਲੈਣ ਦੀਆਂ ਦਲੀਲਾਂ ਘੜਨ ਲੱਗਿਆ ਤਾਂ ਜੋ ਉਹ ਮੋਹਣੀ ਨੂੰ ਬੱਚਾ ਗਿਰਾਉਣ ਲਈ ਮਨਾ ਸਕੇ। ਉਸ ਨੇ ਮੋਹਣੀ ਨੂੰ ਆਮ ਤੋਂ ਵੱਧ ਪਿਆਰ ਕਰਨਾ ਸ਼ੁਰੂ ਕਰ ਦਿਤਾ ਤੇ ਉਸ ਨੂੰ ਬਹਾਨਾ ਬਣਾ ਕੇ ਇੰਗਲੈਂਡ ਲੈ ਗਿਆ।

ਇੰਗਲੈਂਡ ਆ ਕੇ ਉਸ ਨੇ ਮੋਹਣੀ ਨੂੰ ਬਹੁਤ ਪਿਆਰ ਨਾਲ ਆਖਿਆ,

"ਡਾਰਲਿੰਗ, ਹਾਲੇ ਆਪਾਂ ਇਹ ਬੱਚਾ ਨਹੀਂ ਲੈ ਸਕਦੇ, ਤੇਰੀ ਸਿਹਤ ਵੀ ਠੀਕ ਨਹੀਂ ਰਹਿੰਦੀ, ਮੈਂ ਨਾ ਦਿੱਲੀ ਜੋਗਾ ਰਿਹਾਂ ਤੇ ਨਾ ਲੰਡਨ ਜੋਗਾ, ਆਪਾਂ ਏਸ ਸਾਲ ਏਹ ਬੱਚਾ ਨਾ ਲਈਏ ਤੇ ਅਗਲੇ ਸਾਲ ਲੈ ਲਵਾਂਗੇ, ਕੀ ਖਿਆਲ ਏ ਤੇਰਾ?"

"ਨਹੀਂ ਡਾਕਟਰ ਸਾਹਿਬ, ਮੈਨੂੰ ਇਹ ਬੱਚਾ ਚਾਹੀਦਾ ਏ, ਮਸਾਂ ਤਾਂ ਰੱਬ ਨੇ ਮੇਰੀ ਸੁਣੀ ਏ।"

"ਇਕ ਵਾਰੀ ਸ਼ੁਰੂ ਹੋ ਗਿਆ ਰੱਬ ਤਾਂ ਹੁਣ ਹਰੇਕ ਸਾਲ ਈ ਸੁਣ ਲਵੇਗਾ, ਜੇ ਮੈਨੂੰ ਪਿਆਰ ਕਰਦੀ ਏਂ ਤਾਂ ਏਸ ਵਾਰ ਗਿਰਾ ਦੇ, ਮੁੜ ਕੇ ਮੈਂ ਤੈਨੂੰ ਕਦੇ ਨਹੀਂ ਕਹਾਂਗਾ, ਸਿਰਫ ਮੇਰੇ ਪਿਆਰ ਦੀ ਖਾਤਿਰ, ਅੱਜ ਤਕ ਮੈਂ ਤੇਰੇ ਤੋਂ ਕੁਝ ਨਹੀਂ ਮੰਗਿਆ।"

ਮੋਹਣੀ ਸੋਚਾਂ ਵਿੱਚ ਪੈ ਗਈ ਕਿ ਇਕ ਆਦਮੀ ਏਨੇ ਮੋਹ ਨਾਲ ਕਹਿ ਰਿਹਾ ਹੈ, ਬੱਚਾ ਤਾਂ ਅਗਲੇ ਸਾਲ ਵੀ ਹੋ ਸਕਦਾ ਹੈ। ਉਸ ਨੇ ਫੋਨ ਕਰਕੇ ਆਪਣੀ ਮਾਂ ਨਾਲ ਸਲਾਹ ਕੀਤੀ। ਉਸ ਦੀ ਮਾਂ ਸਿਆਣੀ ਔਰਤ ਸੀ। ਉਸ ਨੇ ਕੁੰਦਨ ਦੇ ਸੁਭਾਅ ਨੂੰ ਦੇਖਿਆ ਹੋਇਆ ਸੀ। ਉਹ ਡਰਦੀ ਸੀ ਕਿ ਉਹ ਮੋਹਣੀ ਨਾਲ ਕੋਈ ਬੁਰਾ ਵਰਤਾਵ ਹੀ ਨਾ ਕਰੇ ਇਸ ਲਈ ਉਸ ਨੇ ਕਹਿ ਦਿਤਾ ਕਿ ਜੋ ਤੇਰਾ ਪਤੀ ਕਹਿੰਦਾ ਹੈ ਉਹੀ ਕਰ। ਹੌਲੀ ਹੌਲੀ ਮੋਹਣੀ ਨੇ ਕੁੰਦਨ ਦੀ ਗੱਲ ਮੰਨ ਲਈ। ਉਹਨਾਂ ਗਰਭਪਾਤ ਕਰਵਾ ਦਿਤਾ। ਕੁੰਦਨ ਨੇ ਇਹ ਸਭ ਕੁਝ ਪਰਾਈਵੇਟ ਕਲਿਨਿਕ ਵਿੱਚ ਕਰਾਇਆ ਤਾਂ ਜੋ ਇਹ ਕੰਮ ਜਲਦੀ ਤੋਂ ਜਲਦੀ ਹੋ ਜਾਵੇ। ਕਲਿਨਿਕ ਵਿੱਚ ਜਾ ਕੇ ਗਰਭਪਾਤ ਤੋਂ ਬਾਅਦ ਮੋਹਣੀ ਨੂੰ ਪਤਾ ਚਲਿਆ ਕਿ ਇਹ ਜੁੜਵਾਂ ਮੁੰਡੇ ਸਨ। ਉਹ ਬਹੁਤ ਰੋਈ ਪਰ ਹੁਣ ਰੋਣ ਤੋਂ ਬਿਨਾਂ ਕੀਤਾ ਵੀ ਕੀ ਜਾ ਸਕਦਾ ਸੀ। ਉਸ ਨੂੰ ਆਸ ਸੀ ਕਿ ਚਲੋ ਇਹ ਨਾ ਸਹੀ, ਜਿਵੇਂ ਵੀ ਰੱਬ ਨੂੰ ਮਨਜ਼ੂਰ, ਅਗਲੇ ਸਾਲ ਫਿਰ ਰੱਬ ਬਹੁੜੇਗਾ। ਜਿਵੇਂ ਕੁੰਦਨ ਕਹਿੰਦਾ ਸੀ ਕਿ ਅਗਲੇ ਸਾਲ ਤਕ ਹਾਲਾਤ ਠੀਕ ਹੋ ਜਾਣਗੇ। ਕੁਝ ਦਿਨਾਂ ਬਾਅਦ ਕੁੰਦਨ ਨੇ ਆ ਕੇ ਦੱਸਿਆ ਕਿ ਉਸ ਨੇ ਆਪਣੀ ਨਸਬੰਦੀ ਕਰਾ ਲਈ ਹੈ ਤਾਂ ਕਿ ਬੱਚੇ ਦਾ ਰੌਲਾ ਹੀ ਨਾ ਰਹੇ। ਮੋਹਣੀ ਮੱਥਾ ਫੜ ਕੇ ਬਹਿ ਗਈ। ਕੁੰਦਨ ਦੀ ਚਾਲ ਨੂੰ ਉਹ ਪਹਿਲਾਂ ਸਮਝ ਹੀ ਨਾ ਸਕੀ। ਉਸ ਨੇ ਮਨ ਹੀ ਮਨ ਕਿਹਾ, ' ਕੁੰਦਨ ਬੰਦਿਆ, ਅਜ ਤੋਂ ਬਾਅਦ ਤੇਰੇ-ਮੇਰਾ ਕੋਈ ਵੀ ਸਰੀਰਕ ਵਾਹ ਨਹੀਂ ਰਹੇਗਾ।'

ਗਰਭਪਾਤ ਤੋਂ ਦੋ ਕੁ ਦਿਨ ਬਾਅਦ ਹੀ ਉਹ ਮੋਹਣੀ ਨੂੰ ਵਾਪਸ ਦਿੱਲੀ ਲੈ ਗਿਆ। ਮੋਹਣੀ ਦੀ ਸਿਹਤ ਹਾਲੇ ਸਫਰ ਕਰਨ ਦੇ ਕਾਬਲ ਨਹੀਂ ਸੀ ਹੋਈ ਹਾਲੇ। ਉਸ ਦੀ ਦੇਹ ਵਿੱਚੋਂ ਚੀਸਾਂ ਨਿਕਲ ਰਹੀਆਂ ਸਨ ਤੇ ਨਾਲ ਦੀ ਨਾਲ ਮਨ ਵਿੱਚੋਂ ਵੀ। ਦਿੱਲੀ ਜਾ ਕੇ ਉਸ ਨੇ ਬਿਸਤਰ ਫੜ ਲਿਆ। ਕਈ ਦਿਨ ਤਕ ਮਿੱਟੀ ਵਾਂਗ ਪਈ ਰਹੀ। ਇਕ ਦਿਨ ਉਸ ਦੀ ਸਹੇਲੀ ਰਸ਼ਮੀ ਮਿਲਣ ਆਈ। ਉਸ ਨੇ ਰਸ਼ਮੀ ਨੂੰ ਪੂਰੀ ਗੱਲ ਦੱਸੀ। ਰਸ਼ਮੀ ਉਸ ਦੇ ਗਲ਼ ਲੱਗ ਕੇ ਰੋਣ ਲਗੀ। ਰਸ਼ਮੀ ਤਾਂ ਆਪ ਬਹੁਤ ਸਾਲਾਂ ਤੋਂ ਬੱਚੇ ਲਈ ਤੜਫ ਰਹੀ ਸੀ, ਮੋਹਣੀ ਨੇ ਮਿਲੀ ਹੋਈ ਇਸ ਦਾਤ ਤੋਂ ਨਿਜਾਤ ਪਾ ਲਈ ਸੀ। ਉਹ ਮੋਹਣੀ ਨੂੰ ਕੋਸਣ ਲੱਗੀ। ਮੋਹਣੀ ਮਾਨਸਿਕ ਤੌਰ ਤੇ ਹੋਰ ਟੁੱਟ ਗਈ। ਹੌਲੀ ਹੌਲੀ ਦਿੱਲੀ ਦੇ ਦੋਸਤਾਂ ਨੂੰ ਮੋਹਣੀ ਦੀ ਸਿਹਤ ਬਾਰੇ ਪਤਾ ਲੱਗਣਾ ਸ਼ੁਰੂ ਹੋ ਗਿਆ। ਕੁੰਦਨ ਅਗਲੇ ਨੂੰ ਅਗਿਓਂ ਬਗਲਣ ਲਈ ਆਖਣ ਲੱਗਦਾ,

"ਮੈਂ ਮੋਹਣੀ ਨੂੰ ਕਿਹਾ ਕਿ ਤੇਰੀ ਆਪਣੀ ਸਿਹਤ ਤਾਂ ਠੀਕ ਨਹੀਂ ਰਹਿੰਦੀ, ਹਰ ਵੇਲੇ ਗੋਲ਼ੀਆਂ ਖਾਈ ਜਾਨੀ ਏਂ, ਬੱਚਾ ਕਿਵੇਂ ਸੰਭਾਲੇਂਗੀ ਤਾਂ ਇਹ ਬੋਲੀ ਕਿ ਬੱਚਾ ਮੈਂ ਨਹੀਂ ਸੰਭਾਲ ਸਕਣਾ, ਮੈਂ ਕਿਹਾ ਬਈ ਜੇ ਬੱਚਾ ਸੰਭਾਲ ਹੀ ਨਹੀਂ ਸਕਣਾ ਤਾਂ ਲੈਣਾ ਈ ਕਿਉਂ ਏਂ, ...ਸਭ ਕੁਝ ਏਹਦੀ ਮਰਜ਼ੀ ਨਾਲ ਈ ਹੋਇਆ ਏ, ਪੁੱਛ ਲਓ ਉਹਨੂੰ।"

ਕੁੰਦਨ ਕੁਝ ਵੀ ਕਹਿੰਦਾ ਜਾ ਰਿਹਾ ਸੀ ਪਰ ਉਸ ਦੀ ਗੱਲ ਦਾ ਕੋਈ ਯਕੀਨ ਨਹੀਂ ਸੀ ਕਰਦਾ। ਹਰ ਕਿਸੇ ਨੂੰ ਮੋਹਣੀ ਨਾਲ ਹਮਦਰਦੀ ਸੀ ਤੇ ਉਸ ਦਾ ਫਿਕਰ ਵੀ। ਹਰ ਕੋਈ ਫਿਕਰ ਕਰਨ ਲੱਗਦਾ ਕਿ ਕੁੰਦਨ ਵਰਗੇ ਬੰਦੇ ਨਾਲ ਬਾਕੀ ਦਾ ਜੀਵਨ ਉਹ ਕਿਵੇਂ ਬਤੀਤ ਕਰੇਗੀ। ਕਈ ਦੋਸਤ ਮੋਹਣੀ ਦੀ ਖ਼ਬਰ ਨੂੰ ਆਉਂਦੇ। ਕੁੰਦਨ ਸਭ ਨਾਲ ਚੰਗੀ ਤਰ੍ਹਾਂ ਬੋਲਦਾ ਪਰ ਜੇ ਕੋਈ ਮੋਹਣੀ ਨੂੰ ਸਲਾਹਾਂ ਦੇਣ ਲੱਗਦਾ ਤਾਂ ਉਹ ਉਸ ਨੂੰ ਝਾੜ ਦਿੰਦਾ। ਇਵੇਂ ਹੀ ਇਕ ਦਿਨ ਉਹ ਰਸ਼ਮੀ ਨੂੰ ਕਹਿਣ ਲੱਗਿਆ,

"ਮੈਡਮ, ਜੇ ਤੁਸੀਂ ਸਾਡੇ ਘਰ ਵਿੱਚ ਵਿਗਾੜ ਪਾਉਣਾ ਹੁੰਦਾ ਤਾਂ ਬੇਸ਼ੱਕ ਨਾ ਆਇਆ ਕਰੋ।"

"ਕੁੰਦਨ ਜੀ, ਮੈਂ ਤਾਂ ਨਹੀਂ ਆਉਂਦੀ ਪਰ ਜਿਵੇਂ ਤੁਸੀਂ ਮੋਹਣੀ ਨੂੰ ਕਿੱਕ-ਅਰਾਊਂਡ ਕਰ ਰਹੇ ਹੋ ਇਹ ਠੀਕ ਨਹੀਂ।"

"ਯੂ ਗੋ ਐਂਡ ਲੁੱਕ ਆਫਟਰ ਯੋਅਰ ਸੈਲਫ, ਡੌਂਟ ਵੱਰੀ ਅਬਾਊਟ ਮੋਹਨੀ।"

ਕੁੰਦਨ ਸਖਤ ਲਫਜ਼ਾਂ ਵਿੱਚ ਬੋਲਿਆ।...

ਕੁੰਦਨ ਦੇ ਯੂਨੀਵਰਸਟੀ ਵਿੱਚ ਤੇ ਦਿੱਲੀ ਦੇ ਸਾਹਿਤਕ ਹਲਕਿਆਂ ਵਿੱਚ ਕੁਝ ਸੈੱਲ ਸਨ ਜੋ ਉਸ ਨੂੰ ਕਈ ਖ਼ਬਰਾਂ ਲਿਆ ਦਿੰਦੇ। ਇਹ ਉਹ ਮੁੰਡੇ ਸਨ ਜਿਹੜੇ ਉਸ ਦੀਆਂ ਕਿਤਾਬਾਂ ਉਪਰ ਖੋਜ-ਕਾਰਜ ਕਰ ਰਹੇ ਸਨ। ਉਹ ਕੁੰਦਨ ਤੋਂ ਕਈ ਸਲਾਹਾਂ ਲੈਣ ਆ ਜਾਂਦੇ। ਕਈ ਵਾਰ ਇਹਨਾਂ ਨੂੰ ਕੁੰਦਨ ਦਾਰੂ ਵੀ ਪਿਲਾ ਦਿੰਦਾ। ਇਹ ਦਿਨ ਸਤਬੀਰ ਨਾਂ ਦਾ ਮੁੰਡਾ ਆ ਕੇ ਦੱਸਣ ਲਗਿਆ,

"ਡਾਕਟਰ ਸਾਹਿਬ, ਕੱਲ ਡਾਕਟਰ ਹਰੀ ਸਿੰਘ ਨੇ ਐਲਾਨ ਕੀਤਾ ਏ ਕੁੰਦਨ ਸਿੰਘ ਕੁੰਦਨ ਨੂੰ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਮਿਲਣਾ ਤਾਂ ਦੂਰ ਦੀ ਗੱਲ ਉਸ ਦਾ ਤਾਂ ਨਾਂ ਵੀ ਵਿਚਾਰਿਆ ਨਹੀਂ ਜਾ ਸਕਦਾ ਕਿਉਂਕਿ ਉਸ ਕੋਲ ਬ੍ਰਤਾਨਵੀ ਸ਼ਹਿਰੀਅਤ ਹੈ।"

25-ਬੌਖਲਾਹਟ

ਮੋਹਣੀ ਦੀ ਸਿਹਤ ਜ਼ਰਾ ਕੁ ਠੀਕ ਹੋਈ ਤਾਂ ਇਕ ਸ਼ਾਮ ਸ਼ਰਾਬੀ ਹੋਇਆ ਕੁੰਦਨ ਉਸ ਵਲ ਵਧਣ ਲੱਗਿਆ ਪਰ ਮੋਹਣੀ ਨੇ ਉਸ ਨੂੰ ਉਥੇ ਹੀ ਰੋਕਦਿਆਂ ਕਿਹਾ,

"ਨਹੀਂ ਕੁੰਦਨ ਜੀ, ਬਿਲਕੁਲ ਨਹੀਂ, ਮੇਰੇ ਅੰਦਰ ਹਾਲੇ ਵੀ ਸੋਜਿਸ਼ ਏ, ਬਹੁਤ ਦਰਦ ਹੋ ਰਿਹਾ ਏ।"

"ਪਖੰਡ ਕਰਦੀ ਏ ਸਾਲ਼ੀ ਬੈਹੜਿਆਂ ਦੀ!"

"ਕੁੰਦਨ ਜੀ, ਆਪਣੀ ਲੈਗੂੰਏਜ਼ ਤਾਂ ਜ਼ਰਾ ਠੀਕ ਕਰੋ।"

"ਮੈਂ ਜੇਠੂ ਏਤਰਾਂ ਈ ਬੋਲਦਾ ਹੁੰਨਾ, ਜੇ ਤੂੰ ਨਾਂਹ ਕਰਨੀ ਏਂ ਤਾਂ ਮੈਂ ਬਾਹਰ ਵੇਸਵਾ ਕੋਲ ਚਲੇ ਜਾਣਾ ਏਂ, ਫੇਰ ਨਾ ਕਹੀਂ!"

"ਕਿਤੇ ਜਾਓ, ਮੈਨੂੰ ਕੋਈ ਪਰਵਾਹ ਨਹੀਂ!"

ਮੋਹਣੀ ਨੇ ਕਿਹਾ। ਉਹ ਜੇਠੂ ਬਾਰੇ ਜਾਣਦੀ ਸੀ ਕਿ ਜੋ ਉਸ ਨੇ ਕਰਨਾ ਹੈ ਕਰਨਾ ਹੀ ਹੈ। ਕੁੰਦਨ ਨੇ ਬੋਤਲ ਚੁੱਕਦਿਆਂ ਵਿਅੰਗ ਵਿੱਚ ਪਤਨੀ ਵਲ ਦੇਖਿਆ। ਦੋ ਪੈੱਗ ਪੀ ਉਸ ਨੇ ਤਿਆਰ ਹੋ ਕੇ ਪੱਗ ਸਿਰ 'ਤੇ ਰੱਖੀ ਤੇ ਬਾਹਰ ਨੂੰ ਤੁਰ ਪਿਆ। ਅੱਧੀ ਰਾਤ ਵਾਪਸ ਮੁੜਿਆ। ਨਸ਼ੇ ਵਿਚ ਟੁੰਨ ਸੀ। ਡਿਗਦਾ ਢਹਿੰਦਾ ਮਸਾਂ ਹੀ ਪੁੱਜਿਆ। ਸਿਰ ਤੋਂ ਪੱਗ ਗਾਇਬ ਸੀ। ਆਉਂਦਾ ਹੀ ਬੋਲਿਆ,

"ਮੋਹਣ ਕੁਰੇ, ਮੇਰੀ ਤਾਂ ਜਿਵੇਂ ਕਿਸਮਤ ਖੁਲ੍ਹ ਗਈ ਏ, ਮੈਂ ਅੱਜ ਅਠਾਰਾਂ ਸਾਲਾਂ ਦੀ ਕੁੜੀ ਨਾਲ ਸੌਂ ਕੇ ਆਇਆਂ, ਤੇਰੀ 'ਨਾਂਹ' ਤਾਂ ਮੈਨੂੰ ਕੁੱਬੇ ਨੂੰ ਮਾਰੀ ਲੱਤ ਵਾਂਗ ਰਾਸ ਆ ਗਈ।"

ਮੋਹਣੀ ਕੁਝ ਨਾ ਬੋਲੀ। ਕੁੰਦਨ ਨਸ਼ੇ ਦੀ ਲੋਰ ਵਿੱਚ ਦੱਸਦਾ ਗਿਆ,

"ਵਾਹ, ਉਸ ਕੁੜੀ ਦੀਆਂ ਛਾਤੀਆਂ ਕਿੰਨੀਆਂ ਖੂਬਸੂਰਤ! ...ਕਿਆ ਸਡੌਲ ਤੇ ਮੁਲਾਇਮ ਜਿਸਮ ਸੀ! ...ਤੇ ਜੋ ਉਹਨੇ ਤੁਆਵਨ ਕੀਤਾ ਉਹ ਤਾਂ ਮੇਰੀ ਰੂਹ ਦੇ ਧੁਰ ਅੰਦਰ ਲਹਿ ਗਿਆ! ...ਤੇ ਦੂਜੇ ਪਾਸੇ ਤੂੰ ਨਿਰੀ ਲੋਗੜ, ਤੈਨੂੰ ਤਾਂ ਪਤਾ ਹੀ ਨਹੀਂ ਕਿ ਸੈਕਸ ਹੁੰਦਾ ਕੀ ਏ, ਮੈਂ ਤਾਂ ਹੈਰਾਨ ਆਂ ਕਿ ਏਨੇ ਇਸ਼ਕ ਕਿਵੇਂ ਕਰ ਲਏ ਤੂੰ! ਕੀ ਵਾਕਿਆ ਹੀ ਉਹ ਬੰਦੇ 'ਮਰਦ' ਸੀ?"

ਮੋਹਣੀ ਚੁੱਪ ਕਰਕੇ ਸੁਣਦੀ ਰਹੀ। ਉਹ ਕੁਝ ਕਰ ਵੀ ਨਹੀਂ ਸੀ ਸਕਦੀ। ਉਹ ਤਾਂ ਲੜਦੇ ਸਮੇਂ ਵੀ ਬਹੁਤਾ ਉੱਚੀ ਨਹੀਂ ਸੀ ਬੋਲ ਸਕਦੀ। ਹੇਠਲੀ ਮੰਜ਼ਿਲ 'ਤੇ ਕੁਲਵੰਤ ਤੇ ਉਸ ਦੀ ਪਤਨੀ ਸਤਨਾਮੀ ਰਹਿੰਦੇ ਸਨ। ਮੋਹਣੀ ਡਰਦੀ ਸੀ ਕਿ ਉਹਨਾਂ ਨੂੰ ਕਿਸੇ ਗੱਲ ਦਾ ਪਤਾ ਨਾ ਚੱਲੇ। ਕੁੰਦਨ ਨੂੰ ਉਹਨਾਂ ਦੀ ਜਾਂ ਕਿਸੇ ਹੋਰ ਦੀ ਵੀ ਕੋਈ ਪ੍ਰਵਾਹ ਨਹੀਂ ਸੀ। ਕਿਸੇ ਨਿੱਕੀ ਜਿਹੀ ਗੱਲ ਤੋਂ ਤਾਂ ਅਗਲੇ ਦੇ ਗਲ਼ ਪੈ ਜਾਂਦਾ ਸੀ। ਉਸ ਦੇ ਸੁਭਾਅ ਤੋਂ ਸਾਰੇ ਗਵਾਂਢੀ ਡਰਦੇ। ਉਸ ਦਿਨ ਤੋਂ ਬਾਅਦ ਬਾਹਰ ਵੇਸਵਾਵਾਂ ਕੋਲ ਜਾਣਾ ਕੁੰਦਨ ਲਈ ਆਮ ਜਿਹੀ ਗੱਲ ਹੋ ਗਈ ਸੀ। ਇਕ ਦਿਨ ਕੁਲਵੰਤ ਨੇ ਕਿਧਰੇ ਜਾਂਦਿਆਂ ਉਸ ਨੂੰ ਲਾਲ ਬੱਤੀ ਵਾਲੇ ਇਲਾਕੇ ਵਿੱਚ ਦੇਖਿਆ ਤਾਂ ਉਹ ਪੁੱਛਣ ਲੱਗਿਆ,

"ਡਾਕਟਰ ਸਾਹਿਬ, ਓਧਰ ਕੀ ਕੰਮ ਪੈ ਗਿਆ ਸੀ?"

"ਗੱਲ ਇਹ ਵੇ ਕੁਲਵੰਤ ਸਿਆਂ ਕਿ ਮੈਂ ਹਿੜਿਆ ਪਿਆਂ ਤੇ ਮੋਹਣੀ ਸਾਰੇ ਹਥਿਆਰ ਸੁੱਟੀ ਬੈਠੀ ਏ, ਤੂੰ ਆਪ ਦੱਸ ਕਿ ਮੈਂ ਕੀ ਕਰਾਂ?"

ਕੁੰਦਨ ਨੇ ਬੜੇ ਮਾਣ ਨਾਲ ਕਿਹਾ। ਕੁਲਵੰਤ ਚੁੱਪ ਕਰ ਗਿਆ।...

ਸਾਹਿਤਕ ਹਲਕਿਆਂ ਵਿੱਚ ਕੁੰਦਨ ਦੀ ਸ਼ਾਖ ਦਿਨੋ ਦਿਨ ਡਿਗਦੀ ਜਾ ਰਹੀ ਸੀ। ਸਾਰੇ ਉਸ ਤੋਂ ਪਾਸਾ ਵੱਟਣ ਲੱਗੇ ਸਨ। ਉਸ ਨੂੰ ਇਸ ਗੱਲ ਦਾ ਅਹਿਸਾਸ ਵੀ ਸੀ। ਜਦ ਉਸ ਨੂੰ ਪਤਾ ਚਲਿਆ ਕਿ ਡਾਕਟਰ ਹਰੀ ਸਿੰਘ ਨੇ ਉਸ ਨੂੰ ਇਨਾਮ ਨਾ-ਦੇਣ ਦਾ ਐਲਾਨ ਕਰ ਦਿਤਾ ਹੈ ਤਾਂ ਉਹ ਅੰਦਰੋ ਅੰਦਰ ਬਹੁਤ ਤੜਫਿਆ। ਸ਼ਰਾਬੀ ਹੋਇਆ ਉਹ ਹਰੀ ਸਿੰਘ ਨੂੰ ਗਾਲ੍ਹਾਂ ਕੱਢਦਾ ਰਿਹਾ। ਦੋ ਕੁ ਵਾਰੀ ਉਸ ਨੇ ਹਰੀ ਸਿੰਘ ਦੇ ਘਰ ਦਾ ਫੋਨ ਨੰਬਰ ਵੀ ਡਾਇਲ ਕਰਨ ਦੀ ਕੋਸ਼ਿਸ਼ ਕੀਤੀ ਪਰ ਥਰੂ ਨਾ ਹੋ ਸਕਿਆ। ਉਸ ਨੇ ਡਾਕਟਰ ਰੌਸ਼ਨ ਨੂੰ ਫੋਨ ਕਰਕੇ ਹਰੀ ਸਿੰਘ ਦੀ ਸ਼ਿਕਾਇਤ ਲਾਈ। ਰੌਸ਼ਨ ਨੂੰ ਪਹਿਲਾਂ ਹੀ ਸਭ ਕੁਝ ਪਤਾ ਸੀ, ਉਹ ਬੋਲਿਆ,

"ਕੁੰਦਨ, ਗੱਲ ਤਾਂ ਇਹ ਠੀਕ ਏ ਭਾਰਤੀ ਸਾਹਿਤ ਅਕੈਡਮੀ ਦੇ ਸੰਵਿਧਾਨ ਮੁਤਾਬਿਕ ਇਹ ਇਨਾਮ ਸਿਰਫ ਹਿੰਦੁਸਤਾਨ ਦੇ ਸ਼ਹਿਰੀਆਂ ਲਈ ਹੀ ਏ ਪਰ ਜੇ ਡਾਕਟਰ ਚੁੱਪ ਰਹਿੰਦਾ ਤਾਂ ਤੇਰੀ ਗੱਲ ਬਣ ਜਾਣੀ ਸੀ, ਹੁਣ ਜਾਂ ਤਾਂ ਤੂੰ ਸ਼ਹਿਰੀਅਤ ਵਾਪਸ ਇੰਡੀਅਨ ਲੈ ਲੈ।"

"ਏਹ ਤਾਂ ਨਹੀਂ ਕਰ ਹੋਣਾ।"

"ਫੇਰ ਏਸ ਇਨਾਮ ਦਾ ਖਿਆਲ ਛੱਡ ਦੇ।"

"ਏਹ ਤਾਂ ਕਮੀਨਾ ਹਰੀ ਸਿੰਘ ਡੂੰਘੀ ਚਾਲ ਚੱਲ ਗਿਆ!"

"ਉਹ ਫੇਰ ਵੀ ਹੰਢਿਆ ਹੋਇਆ ਸਿਆਸਤਦਾਨ ਏਂ, ਤੂੰ ਓਹਨੂੰ ਘਰੋਂ ਕੱਢਿਆ ਤਾਂ ਉਹਦੇ ਤੋਂ ਕੀ ਆਸ ਰੱਖਦਾਂ?"

ਰੌਸ਼ਨ ਨੇ ਆਖਿਆ। ਕੁੰਦਨ ਬੌਖਲਾਉਣ ਲਗਿਆ। ਉਹ ਕਈ ਦਿਨ ਤਕ ਘਰੋਂ ਬਾਹਰ ਹੀ ਨਾ ਨਿਕਲਿਆ। ਨਹੀਂ ਤਾਂ ਉਹ ਯੂਨੀਵਰਸਟੀ ਦਾ ਚੱਕਰ ਜ਼ਰੂਰ ਮਾਰ ਆਇਆ ਕਰਦਾ ਸੀ ਪਰ ਨਾ ਗਿਆ। ਇਹਨਾਂ ਦਿਨਾਂ ਵਿੱਚ ਯੂਨਵਰਸਟੀ ਵਿੱਚ ਕਨੈਡਾ ਤੋਂ ਆਏ ਲੇਖਕ ਸੁਰਿੰਦਰ ਸਿੰਘ

ਦੇ ਮਾਣ ਵਿੱਚ ਇਕ ਸਮਾਗਮ ਹੋਇਆ। ਦਿੱਲੀ ਭਰ ਦੇ ਲੇਖਕ ਪੁੱਜੇ ਪਰ ਕੁੰਦਨ ਸਿੰਘ ਨੂੰ ਸਦਿਆ ਹੀ ਨਾ ਗਿਆ। ਦੋ ਦਿਨ ਬਾਅਦ ਅਖ਼ਬਾਰ ਵਿੱਚੋਂ ਖ਼ਬਰ ਪੜ੍ਹ ਕੇ ਉਸ ਨੂੰ ਪਤਾ ਚੱਲਿਆ। ਉਸ ਨੇ ਉਸੇ ਵੇਲੇ ਹੀ ਰੌਸ਼ਨ ਨੂੰ ਫੋਨ ਕਰ ਲਿਆ ਤੇ ਬੋਲਿਆ,

"ਯਾਰ, ਆਹ ਕੀ ਗੁੰਡਾ ਗਰਦੀ ਏ! ਤੁਸੀਂ ਮੈਨੂੰ ਸੱਦਿਆ ਹੀ ਨਹੀਂ, ਸੁਰਿੰਦਰ ਸਿੰਘ ਤਾਂ ਮੇਰਾ ਦੋਸਤ ਵੀ ਏ।"

"ਹਾਂ, ਸੁਰਿੰਦਰ ਸਿੰਘ ਵੀ ਤੇਰੇ ਬਾਰੇ ਪੁੱਛਦਾ ਸੀ ਪਰ ਮੈਨੂੰ ਨਹੀਂ ਪਤਾ ਇਹ ਪ੍ਰੋਗਰਾਮ ਕਿਹਨੇ ਔਰਗੇਨਾਈਜ਼ ਕੀਤਾ ਸੀ, ਹੋ ਸਕਦਾ ਏ ਕਿਤੇ ਗਲਤੀ ਲੱਗ ਗਈ ਹੋਵੇ।"

ਰੌਸ਼ਨ ਨੇ ਆਪਣਾ ਪੱਖ ਸਾਫ ਕਰ ਦਿਤਾ। ਅਗਲੇ ਹਫਤੇ ਹੀ ਪੰਜਾਬੀ ਲੇਖਕ ਸਭਾ ਦਿੱਲੀ ਦੀ ਮਹੀਨੇਵਾਰ ਇਕੱਤਰਤਾ ਸੀ। ਉਸ ਵਿੱਚ ਵੀ ਕੁੰਦਨ ਨੂੰ ਨਾ ਸੱਦਿਆ ਗਿਆ। ਭਾਵੇਂ ਉਹ ਇਸ ਦਾ ਮੈਂਬਰ ਤਾਂ ਨਹੀਂ ਸੀ ਪਰ ਸਭਾ ਵਾਲੇ ਉਸ ਨੂੰ ਬੁਲਾ ਲਿਆ ਕਰਦੇ ਸਨ। ਕੁੰਦਨ ਨੇ ਸਭਾ ਦੇ ਪ੍ਰਧਾਨ ਨੂੰ ਫੋਨ ਕਰਕੇ ਕਾਰਨ ਪੁੱਛਿਆ ਤਾਂ ਉਸ ਨੇ ਵੀ ਗੱਲ ਗੋਲ-ਮੋਲ ਕਰ ਦਿਤੀ। ਦਿੱਲੀ ਵਿੱਚ ਕੁਝ ਹੋਰ ਫੰਕਸ਼ਨ ਹੋਏ ਪਰ ਕੁੰਦਨ ਨੂੰ ਉਹਨਾਂ ਵਿੱਚੋਂ ਗੈਰਹਾਜ਼ਿਰ ਰੱਖਿਆ ਗਿਆ। ਕੁਝ ਦਿਨਾਂ ਬਾਅਦ ਲੁਧਿਆਣੇ ਦੀ ਲੇਖਕ ਸਭਾ ਵਲੋਂ ਉਸ ਨੂੰ ਸੱਦਾ ਆ ਗਿਆ। ਦਿੱਲੀ ਦੇ ਲੇਖਕ ਆਮ ਤੌਰ ਤੇ ਇਕੱਠੇ ਇਕ ਕਾਰ ਵਿਚ ਜਾਇਆ ਕਰਦੇ। ਕੁੰਦਨ ਨੇ ਰੌਸ਼ਨ ਨੂੰ ਫੋਨ ਕਰ ਕੇ ਪੁੱਛਿਆ,

"ਕਿਉਂ ਬਈ ਚਲਣਾ ਏਂ ਲੁਧਿਆਣੇ?"

"ਹਾਂ, ਜਾਣਾ ਏਂ।"

"ਮੈਂ ਵੀ ਜਾਣਾਂ, ਕਾਰ ਮੈਂ ਲੈ ਚੱਲਾਂਗਾ।"

"ਸੁਹੇਲ ਨੇ ਕਾਰ ਦੀ ਕਾਰ ਏ, ਅਸੀਂ ਬੰਦੇ ਪੂਰੇ ਆਂ; ਮੈਂ, ਸੁਹੇਲ, ਸੁਰਾਇਣ, ਰਣਜੀਤ ਤੇ ਮੈਡਮ ਅਨੀਤਾ।"

"ਉਹਨੂੰ ਛੋਟੀ ਮੰਮੀ ਨੂੰ ਜ਼ਰੂਰ ਲੈ ਜਾਣਾ ਨਾਲ? ਉਹਦੀ ਜਗਾਹ ਮੈਨੂੰ ਲੈ ਚੱਲ।"

"ਤੂੰ ਦੇਖਲੈ ਜੇ ਕਿਸੇ ਨੇ ਹੋਰ ਆਉਣਾ ਹੋਵੇ ਜਾਂ ਇਕੱਲਾ ਆ ਜਾਵੀਂ।"

ਰੌਸ਼ਨ ਨੇ ਆਖਿਆ। ਕੁੰਦਨ ਹੈਰਾਨ ਹੋਇਆ ਸੋਚ ਰਿਹਾ ਸੀ ਕਿ ਕੀ ਇਹ ਉਹੀ ਰੌਸ਼ਨ ਹੈ ਜੋ ਉਸ ਤੋਂ ਬਿਨਾਂ ਦੋ ਪੈਰ ਨਹੀਂ ਸੀ ਤੁਰਦਾ ਹੁੰਦਾ ਤੇ ਹੁਣ ਜਿਵੇਂ ਉਸ ਨੂੰ ਜਾਣਦਾ ਹੀ ਨਾ ਹੋਵੇ। ਉਸ ਨੇ ਮੋਹਣੀ ਨੂੰ ਆਖਿਆ,

"ਇਹ ਸਾਲ਼ੇ ਬੈਹੜਿਆਂ ਦੇ ਮੇਰੇ ਤੋਂ ਡਰਦੇ ਨੇ, ਏਹਨਾਂ ਨੂੰ ਪਤਾ ਕਿ ਮੇਰੇ ਕੋਲ ਸਿਰ ਹੈਗਾ ਏ, ਏਹਨਾਂ ਤੋਂ ਮੇਰੀ ਕਿਸੇ ਗੱਲ ਦਾ ਜਵਾਬ ਨਹੀਂ ਦੇ ਹੋਣਾ। ਦੇਖ, ਮੇਰੇ ਨਾਵਲ ਬਾਰੇ ਵੀ ਸਭ ਨੇ ਚੁੱਪ ਧਾਰ ਲਈ ਏ, ਬਸ ਇਕ ਫੰਕਸ਼ਨ ਹੋਇਆ ਤੇ ਉਸ ਤੋਂ ਬਾਅਦ ਸਾਰੇ ਚੁੱਪ।"

ਕੁੰਦਨ ਦੇ ਨਾਵਲ 'ਕੁਆਰੀਆਂ' ਬਾਰੇ ਵੀ ਆਲੋਚਕਾਂ ਵਲੋਂ ਕੁਝ ਨਹੀਂ ਸੀ ਕੀਤਾ ਜਾ ਰਿਹਾ। ਪੰਜਾਬ ਦੇ ਦੋ ਕੁ ਪਰਚਿਆਂ ਵਿੱਚ ਸਫੇ-ਸਫੇ ਦੇ ਰਿਵਿਊ ਛਪੇ ਸਨ ਤੇ ਬੜੀ ਮੁਸ਼ਕਲ ਨਾਲ ਦੋ ਕੁ ਪਰਚੇ ਲਿਖੇ ਗਏ ਸਨ ਤੇ ਹੋਰ ਕੁਝ ਨਹੀਂ। ਉਸ ਨੂੰ ਆਸ ਸੀ ਕਿ ਹੁਣ ਤਕ ਪੰਜਾਬੀ ਦਾ ਹਰ ਰਸਾਲਾ ਉਸ ਦੇ ਨਾਵਲ ਬਾਰੇ ਵਿਸਤ੍ਰਿਤ ਪਰਚਾ ਛਾਪੇਗਾ। ਰਲਾ-ਮਿਲਾ ਕੇ ਏਨੇ ਪਰਚੇ ਹੋ ਜਾਣਗੇ ਕਿ ਦੋ ਕਿਤਾਬਾਂ ਛਪਵਾਈਆਂ ਜਾ ਸਕਣਗੀਆਂ ਪਰ ਇਵੇਂ ਹੋਇਆ ਨਹੀਂ ਸੀ। ਦਿੱਲੀ ਦੇ ਕਿਸੇ ਵੀ ਰਸਾਲੇ ਵਿੱਚ ਨਾਵਲ ਉਪਰ ਪਰਚਾ ਨਹੀਂ ਸੀ ਛਪਿਆ। ਇਕ ਦਿਨ ਰੌਸ਼ਨ ਦੇ ਨਾਲ ਪੀ ਐਚ. ਡੀ. ਕਰਦੇ ਵਿਦਿਆਰਥੀ ਦਾ ਇਕ ਆਰਟੀਕਲ ਛਪਿਆ ਜਿਸ ਵਿੱਚ ਉਸ ਨੇ ਲਿਖਿਆ ਸੀ ਕਿ ਕੁੰਦਨ ਦਾ ਇਹ ਨਾਵਲ ਸਥਿਤੀ ਤੋਂ ਬਾਹਰ ਦਾ ਨਾਵਲ ਹੈ। ਨਾਵਲ ਵਿਚਲੀ ਕਹਾਣੀ ਕਿਸੇ ਇਕ ਟੱਬਰ ਜਾਂ ਇਕ ਬੰਦੇ ਦੀ ਦਾਸਤਾਨ ਤਾਂ ਹੋ ਸਕਦੀ ਹੈ ਪਰ ਇਸ ਕਹਾਣੀ ਦਾ ਸਧਾਰਣੀਕਰਨ ਨਹੀਂ ਕੀਤਾ ਜਾ ਸਕਦਾ। ਇਹ ਆਮ ਬੰਦੇ ਦੀ ਕਹਾਣੀ ਨਹੀਂ ਹੈ। ਕੁੰਦਨ ਨੇ ਇਹ ਆਟਰੀਕਲ ਪੜ੍ਹਿਆ ਤਾਂ ਉਸ ਦੇ ਤਾਂ ਸੱਤੀਂ ਕਪੜੀ ਅੱਗ ਲੱਗ ਗਈ। ਉਸ ਨੇ ਉਸੇ ਵਕਤ ਹੀ ਰੌਸ਼ਨ ਨੂੰ ਫੋਨ ਕੀਤਾ,

"ਆਹ ਯਾਰ, ਤੇਰੇ ਚੇਲੇ ਮੱਖਣ ਨੇ ਕੀ ਕਰ ਦਿਤਾ? ਮੇਰਾ ਨਾਵਲ ਈ ਰੋਲ਼ ਕੇ ਰੱਖ ਦਿਤਾ, ਅਖੇ ਇਹ ਸਥਿਤੀ ਦਾ ਨਾਵਲ ਹੀ ਨਹੀਂ।"

"ਦੇਖ ਕੁੰਦਨ, ਮੈਂ ਕਦੇ ਕਿਸੇ ਨੂੰ ਡਿਕਟੇਟ ਨਹੀਂ ਕਰਾਉਂਦਾ ਕਿ ਕਿਸੇ ਬਾਰੇ ਕੀ ਲਿਖਣਾ ਏ, ਇਹ ਉਸ ਦੀ ਅਜ਼ਾਦਾਨਾ ਰਾਏ ਹੋ ਸਕਦੀ ਏ।"

"ਮੈਂ ਦੇਖ ਰਿਹਾਂ ਕਿ ਤੂੰ ਵੀ ਮੇਰੇ ਨਾਵਲ ਬਾਰੇ ਚੁੱਪ ਕਰ ਗਿਆ ਏਂ!"

"ਯਾਰ, ਮੈਂ ਇਹਦੇ 'ਤੇ ਏਡਾ ਵੱਡਾ ਪ੍ਰੋਗਰਾਮ ਕਰਵਾ ਦਿਤਾ, ਪਰਚੇ ਲਿਖਵਾ ਦਿਤੇ, ਦੱਸ ਹੋਰ ਕੀ ਕਰਾਂ?"

"ਇਹ ਇਨੱਫ ਨਹੀਂ ਯਾਰ, ਨਾਵਲ ਹਾਲੇ ਹੋਰ ਬਹੁਤ ਕੁਝ ਮੰਗਦਾ ਏ।"

"ਕੋਈ ਗੱਲ ਨਹੀਂ, ਸਮੇਂ ਦੇ ਨਾਲ ਨਾਲ ਕੁਝ ਨਾ ਕੁਝ ਚੱਲਦਾ ਰਹੇਗਾ, ਵੱਡਾ ਨਾਵਲ ਏ, ਇਸ਼ਟੈਬਲਿਸ਼ ਹੋਣ ਨੂੰ ਵਕਤ ਲਗੇਗਾ।"

"ਦੋ ਸਾਲ ਤਾਂ ਹੋ ਗਏ ਨਾਵਲ ਆਏ ਨੂੰ!"

"ਛੇ ਸੌ ਸਫੇ ਦਾ ਨਾਵਲ ਏ, ਦੋ ਸਾਲ ਕੀ ਮਹਿਨੇ ਰਖਾਉਂਦੇ ਨੇ!"

ਰੌਸ਼ਨ ਨੇ ਬਹੁਤ ਹੀ ਸਹਿਜ ਨਾਲ ਕਿਹਾ। ਕੁੰਦਨ ਦੀ ਬੌਖਲਾਹਟ ਤੇ ਉਸ ਦੇ ਸਵੈ-ਕੇਂਦਰਤ ਹੋਣ ਤੋਂ ਕੋਈ ਵੀ ਖੁਸ਼ ਨਹੀਂ ਸੀ। ਕੁੰਦਨ ਦਾ ਮਨ ਹੁਣ ਦਿੱਲੀ ਵਿੱਚੋਂ ਉਚਾਟ ਹੋਣ ਲੱਗਿਆ। ਕਦੇ ਕਦੇ ਉਸ ਦਾ ਦਿਲ ਕਰਦਾ ਕਿ ਵਾਪਸ ਲੰਡਨ ਮੁੜ ਜਾਵੇ ਪਰ ਲੰਡਨ ਮੁੜਨ ਵਿੱਚ ਇਕ ਅੜਿੱਕਾ ਸੀ। ਅੜਿੱਕਾ ਇਹ ਸੀ ਕਿ ਉਸ ਨੇ ਆਪਣਾ ਮਕਾਨ ਪੰਜ ਸਾਲ ਲਈ ਕੌਂਸਲ ਨੂੰ ਲਿਖ ਕੇ ਦੇ ਦਿਤਾ ਹੋਇਆ ਸੀ। ਉਸ ਨੂੰ ਲਗਾਤਾਰ

ਵਧੀਆ ਕਿਰਾਇਆ ਮਿਲ ਰਿਹਾ ਸੀ। ਜੇ ਉਹ ਪਹਿਲਾਂ ਮੁੜਦਾ ਹੈ ਤਾਂ ਉਸ ਨੂੰ ਆਪ ਕਿਰਾਏ ‘ਤੇ ਘਰ ਲੈ ਕੇ ਬਾਹਰ ਰਹਿਣਾ ਪੈਣਾ ਸੀ। ਉਸ ਨੇ ਹਿਸਾਬ ਲਾਇਆ ਹਾਲੇ ਤਿੰਨ ਸਾਲ ਹੋਰ ਪਏ ਸਨ ਮਕਾਨ ਵਾਪਸ ਮਿਲਣ ਲਈ।

ਮੂਹਰੇ ਗਰਮੀਆਂ ਆ ਰਹੀਆਂ ਸਨ। ਉਸ ਨੇ ਸੋਚਿਆ ਕਿ ਕਿਉਂ ਨਾ ਆਪਣੇ ਨਾਵਲ ਉਪਰ ਇੰਗਲੈਂਡ ਜਾ ਕੇ ਕੋਈ ਪ੍ਰੋਗਰਾਮ ਕਰਾਵੇ। ਇੰਡੀਆ ਵਿੱਚ ਤਾਂ ਹੁਣ ਕੁਝ ਨਹੀਂ ਹੋ ਰਿਹਾ, ਇੰਗਲੈਂਡ ਵਿੱਚ ਹੀ ਕੁਝ ਹੋਵੇ। ਇਸ ਉਪਰ ਕੁਝ ਸਮਾਗਮ ਹੋਣ, ਖ਼ਬਰਾਂ ਅਖ਼ਬਾਰਾਂ ਵਿੱਚ ਲੱਗਣ, ਲੋਕਾਂ ਨੂੰ ਉਸ ਦੇ ਨਾਵਲ ਬਾਰੇ ਜ਼ਰਾ ਪਤਾ ਚੱਲੇ। ਹੁਣ ਤਕ ਇੰਗਲੈਂਡ ਦੇ ਦੋਸਤਾਂ ਨੇ ਨਾਵਲ ਪੜ੍ਹ ਵੀ ਲਿਆ ਹੋਵੇਗਾ। ਉਹ ਇੰਗਲੈਂਡ ਪੁੱਜ ਗਿਆ। ਉਹ ਅਮਨਜੋਤ ਦੇ ਫਲੈਟ ਵਿੱਚ ਠਹਿਰਿਆ ਕਿਉਂ ਘਰ ਕੌਂਸਲ ਕੋਲ ਕਿਰਾਏ ‘ਤੇ ਸੀ। ਉਹ ਇਕੱਲਾ ਹੀ ਇੰਗਲੈਂਡ ਆਇਆ। ਮਿਡਲਸੈਕਸ ਪੁੱਜਦਿਆਂ ਹੀ ਉਹ ਬਨਫੂਲ ਨੂੰ ਜਾ ਕੇ ਮਿਲਿਆ। ਬਨਫੂਲ ਨੇ ਪੈਦੀ ਸੱਟੇ ਆਖਿਆ,

“ਤੂੰ ਤੇ ਬਈ ਆਪਣੇ ਨਾਵਲ ਵਿੱਚ ਕਈ ਲੋਕਾਂ ਦੀ ਫੜ ਕੇ ਘੀਸੀ ਕਰਵਾ ਦਿਤੀ ਐ, ਤੂੰ ਤਾਂ ਕਰੈਕਟਰ ਬਦਲੇ ਵੀ ਨਹੀਂ, ਹ-ਬ-ਹੂ ਓਦਾਂ ਈ ਪੇਸ਼ ਕਰ ਦਿਤੇ। ਤੇਰੇ ਤੋਂ ਲੋਕ ਬਹੁਤ ਔਖੇ ਆ।”

“ਕੀ ਝੂਠ ਲਿਖਿਆ?”

“ਝੂਠ ਨਹੀਂ ਤਾਂ ਸੱਚ ਵੀ ਨਹੀਂ, ਜੇ ਇਹ ਸੱਚ ਐ ਤਾਂ ਸਿਰਫ ਤੇਰਾ ਹੀ ਸੱਚ ਐ, ਜੋ ਵੀ ਐ ...ਜਿਹਨਾਂ ਬਾਰੇ ਲਿਖਿਆ, ਉਹ ਬਹੁਤ ਔਖੇ ਆ।”

“ਏਹਦੇ ‘ਤੇ ਪ੍ਰੋਗਰਾਮ ਕਰਾ ਯਾਰ।”

“ਏਹਦੇ ‘ਤੇ ਕੌਣ ਕਰਾਊ ਪ੍ਰੋਗਰਾਮ, ਮੈਂ ਤਾਂ ਨਹੀਂ ਕਰਾ ਸਕਦਾ।”

“ਪਰ ਤੇਰੇ ਬਾਰੇ ਤਾਂ ਮੈਂ ਕੋਈ ਮਾੜਾ ਨਹੀਂ ਲਿਖਿਆ ਤੇ ਨਾ ਹੀ ਪਰਵਾਨਾ ਜੀ ਬਾਰੇ।”

“ਉਹ ਤਾਂ ਤੇਰਾ ਥੈਂਕਿਊ ਪਰ ਬਾਕੀ ਦੇ ਲੋਕ ਏਵੇਂ ਨਹੀਂ ਸੋਚਦੇ, ਤੂੰ ਪ੍ਰੋਗਰਾਮ ਕਰਾ ਕੇ ਦੇਖ ਲੋਕਾਂ ਨੇ ਤਾਂ ਤੇਰੇ ਮਗਰ ਡੰਡੇ ਕੱਢ ਲੈਣੇ ਆਂ।”

ਬਨਫੂਲ ਗੱਲ ਕਰਦਾ ਹੱਸਿਆ। ਉਸ ਨੇ ਫਿਰ ਕਿਹਾ,

“ਜੇ ਵਕਤ ਹੈਗਾ ਤਾਂ ਦੋ ਸ਼ੇਅਰ ਸੁਣਾ ਦਿੰਨਾਂ।”

“ਛੱਡ ਯਾਰ ਸ਼ੇਅਰ ਨੂੰ, ਤੂੰ ਨਾਵਲ ‘ਤੇ ਪਰਚਾ ਲਿਖ ਤੇ ਪ੍ਰੋਗਰਾਮ ਕਰਾਉਣ ਬਾਰੇ ਸੋਚ।”

“ਹੋਰ ਗੱਲ ਸੁਣ ਲੈ, ਸਾਰਿਆਂ ਨੂੰ ਪਤਾ ਚੱਲ ਗਿਆ ਕਿ ਤੂੰ ਆਪ ਈ ਆਪਣੇ ਨਾਵਲ ‘ਤੇ ਪਰਚਾ ਲਿਖੀ ਫਿਰਦਾਂ।”

“ਇਹ ਤਾਂ ਤੂੰ ਈ ਦੱਸਿਆ ਹੋਣਾਂ!”

“ਨਹੀਂ ਯਾਰ, ਮੈਂ ਕਾਹਨੂੰ ਦੱਸਣਾ ਸੀ, ਪਤਾ ਨਹੀਂ ਕਿਵੇਂ ਖ਼ਬਰ ਲੋਕਾਂ ਕੋਲ ਨਿਕਲ ਗਈ, ਤੂੰ ਕਿਸੇ ਹੋਰ ਨੂੰ ਵੀ ਕਿਹਾ ਹੋਣਾਂ ਕਿ ਪਰਚਾ ਤੂੰ ਲਿਖ ਦੇਵੇਂਗਾ।”

ਕੁੰਦਨ ਬਨਫੂਲ ਦੀਆਂ ਗੱਲਾਂ ਸੁਣ ਕੇ ਉਦਾਸ ਹੋ ਗਿਆ। ਉਹ ਵਿਉਂਤਾਂ ਬਣਾਉਣ ਲੱਗਿਆ ਕਿ ਨਾਵਲ ‘ਤੇ ਪ੍ਰੋਗਰਾਮ ਕਿਥੇ ਕਰਾਇਆ ਜਾਵੇ, ਕੋਈ ਅਜਿਹੀ ਜਗਾਹ ਹੋਵੇ ਜਿਥੇ ਕੋਈ ਨਾਵਲ ਦੇ ਖਿਲਾਫ ਬੋਲੇ ਨਾ। ਜਗਬੀਰ ਸਿੰਘ ਖਾਲਸਾ ਅੱਜਕੱਲ ਰੇਸ਼ਮ ਸਮੁੰਦਰੀ ਦੇ ਜ਼ਿਆਦਾ ਨਜ਼ਦੀਕ ਸੀ ਤੇ ਰੇਸ਼ਮ ਨੂੰ ਉਸ ਨੇ ਨਾਵਲ ਵਿੱਚ ਬਹੁਤ ਬੁਰਾ ਕਿਰਦਾਰ ਬਣਾਇਆ ਹੋਇਆ ਸੀ। ਸੋਚ ਸੋਚ ਕੇ ਉਸ ਨੂੰ ਰਸ਼ਪਾਲ ਦਾ ਖਿਆਲ ਆਇਆ। ਉਸ ਨੇ ਫੋਨ ਰਸ਼ਪਾਲ ਨੂੰ ਫੋਨ ਕਰ ਲਿਆ। ਰਸਮੀ ਹੈਲੋ ਹੈਲੋ ਤੋਂ ਬਾਅਦ ਕੁੰਦਨ ਨੇ ਪੁੱਛਿਆ,

“ਓ ਤੇਰਾ ਦੋਸਤ ਹੁੰਦਾ ਸੀ ਸਕੌਟਲੈਂਡ, ਕੀ ਹਾਲ ਏ ਉਹਦਾ?”

“ਜਗਦੀਪ ਦਾ? ਉਹ ਠੀਕ ਐ, ਉਹਨੇ ਇਕ ਸਭਾ ਜਿਹੀ ਬਣਾਈ ਹੋਈ ਐ, ਹਫਤੇ ‘ਚ ਇਕ ਫੰਕਸ਼ਨ ਕਰਕੇ ਖ਼ਬਰ ਲਾ ਛੱਡਦਾ।”

“ਪੁੱਛਲੈ ਉਹਨੂੰ ਜੇ ਮੇਰੇ ਨਾਵਲ ‘ਤੇ ਵੀ ਪ੍ਰੋਗਰਾਮ ਕਰਾ ਦੇਵੇ।”

“ਪੁੱਛ ਲੈਂਨੇ ਆਂ, ਉਥੇ ਕੁਝ ਲੋਕਾਂ ਨੇ ਤੁਹਾਡਾ ਨਾਵਲ ਵੀ ਪੜ੍ਹਿਆ ਹੋਇਐ ਪਰ ਪਰਚਾ ਕੌਣ ਲਿਖੇਗਾ ਨਾਵਲ ‘ਤੇ।”

“ਪਰਚਾ ਮੇਰੇ ਕੋਲ ਹੈਗਾ ਇਕ, ਤੂੰ ਆਪਣੇ ਨਾਂ ਥੱਲੇ ਪੜ੍ਹ ਦੇਵੀਂ, ਹੋਰ ਕੀ!”

ਕੁੰਦਨ ਦੇ ਇਹ ਕਹਿਣ ‘ਤੇ ਰਸ਼ਪਾਲ ਇਕ ਵਾਰ ਤਾਂ ਹੋਰਵੇਂ ਹੋ ਗਿਆ ਪਰ ਫਿਰ ਅਗਲੇ ਪਲ ਉਹ ਸੋਚਣ ਲੱਗਿਆ ਕਿ ਇਹ ਕਿਹੜਾ ਕਿਸੇ ਨੂੰ ਪਤਾ ਲੱਗਣਾ ਕਿ ਪਰਚਾ ਕਿਸ ਨੇ ਲਿਖਿਆ ਹੈ। ਸਗੋਂ ਉਸ ਦੀ ਬੱਲੇ ਬੱਲੇ ਹੋ ਜਾਵੇਗੀ ਕਿ ਏਡੇ ਵੱਡੇ ਨਾਵਲ ਉਪਰ ਉਸ ਨੇ ਲਿਖਿਆ ਹੈ। ਉਸ ਨੇ ਉਸੇ ਵਕਤ ਹੀ ਜਗਦੀਪ ਨੂੰ ਫੋਨ ਕਰ ਲਿਆ। ਜਗਦੀਪ ਨੇ ਇਹ ਗੱਲ ਖੁਸ਼ੀ ਖੁਸ਼ੀ ਮੰਨ ਲਈ। ਇਸ ਨਾਲ ਉਸ ਦੀ ਸਭਾ ਦਾ ਵੀ ਨਾਂ ਹੋਣਾ ਸੀ। ਕੁੰਦਨ ਦੇ ਨਾਵਲ ਉਪਰ ਸਮਾਗਮ ਕਰਾਉਣਾ ਕੋਈ ਛੋਟੀ ਗੱਲ ਨਹੀਂ ਸੀ ਹੋਣੀ। ਜਗਦੀਪ ਬੋਲਿਆ,

“ਸਾਡੀ ਸਭਾ ਦੇ ਤਿੰਨਾਂ ਮੈਂਬਰਾਂ ਨੇ ਨਾਵਲ ਪੜ੍ਹਿਆ ਸੀ, ਦੋਂਹ ਨੂੰ ਤਾਂ ਇਹ ਬਿਲਕੁਲ ਪਸੰਦ ਨਹੀਂ ਸੀ ਪਰ ਮੈਨੂੰ ਚੰਗਾ ਲੱਗਿਆ।”

“ਚੰਗੀ ਗੱਲ ਐ, ਜਿਹਨਾਂ ਨੂੰ ਨਾਵਲ ਜਿਹੋ ਜਿਹਾ ਲੱਗਿਆ ਆਪਣੇ ਵਿਚਾਰ ਦੇ ਦੇਣ।”

ਰਸ਼ਪਾਲ ਨੇ ਕਿਹਾ। ਉਸ ਨੇ ਇਹੋ ਗੱਲ ਕੁੰਦਨ ਨੂੰ ਦੱਸੀ ਤਾਂ ਕੁੰਦਨ ਕਾਹਲੀ ਵਿੱਚ ਬੋਲਿਆ,

“ਸਕੌਟਲੈਂਡ ਵਿੱਚ ਮੇਰੇ ਨਾਵਲ ਨੂੰ ਮਾੜਾ ਕਹਿਣ ਵਾਲਾ ਕਿਹੜਾ ਜੰਮ ਪਿਆ?”

"ਪਤਾ ਨਹੀਂ, ਮੈਂ ਤਾਂ ਨਹੀਂ ਜਾਣਦਾ ਪਰ ਇਥੇ ਲੰਡਨ ਵਿੱਚ ਵੀ ਤੁਹਾਡੇ ਨਾਵਲ ਦਾ ਕਾਫੀ ਵਿਰੋਧ ਹੋ ਰਿਹੈ।"

"ਇਹ ਤਾਂ ਬਿਨਾਂ ਸਿਰ ਪੈਰਾਂ ਦੀਆਂ ਗੱਲਾਂ ਕਰੀ ਜਾਂਦੇ ਨੇ, ਤੂੰ ਮੈਨੂੰ ਜਗਦੀਪ ਦਾ ਫੋਨ ਨੰਬਰ ਦੇ, ਮੈਂ ਉਹਦੇ ਨਾਲ ਗੱਲ ਕਰਦਾਂ।"

ਕੁੰਦਨ ਨੇ ਆਪ ਜਗਦੀਪ ਨੂੰ ਫੋਨ ਕੀਤਾ। ਜਗਦੀਪ ਅਗਿਓਂ ਬੋਲਿਆ,

"ਸੁਣਾਓ ਕੁੰਦਨ ਜੀ, ਕੀ ਹਾਲ ਨੇ?"

"ਜਗਦੀਪ, ਫਾਰ ਯੋਅਰ ਇਨਫੋਰਮੇਸ਼ਨ, ਮੈਂ ਹੁਣ ਡਾਕਟਰ ਹਾਂ, ਤੁਸੀਂ ਮੈਨੂੰ ਡਾਕਟਰ ਕੁੰਦਨ ਕਹਿ ਸਕਦੇ ਹੋ।"

"ਚਲੋ ਜੀ, ਅਸੀਂ ਡਾਕਟਰ ਕੁੰਦਨ ਕਹਿ ਲੈਨੇ ਆਂ।"

"ਮੈਨੂੰ ਪਤਾ ਲਗਿਆ ਕਿ ਮੇਰਾ ਨਾਵਲ ਤੁਹਾਡੇ ਲੋਕਾਂ ਨੂੰ ਪਸੰਦ ਨਹੀਂ ਆਇਆ?"

"ਜੀ, ਡਾਕਟਰ ਜੀ, ਆਸਾ ਸਿੰਘ ਤੇ ਤਰਸੇਮ ਲਾਲ ਕੁਝ ਦੱਸ ਰਹੇ ਸੀ।"

"ਮੈਨੂੰ ਜਾਪਦਾ ਏ ਕਿ ਏਹਨਾਂ ਲੋਕਾਂ ਕੋਲ ਸਿਰ ਹੈ ਨਹੀਂ, ਮੈਨੂੰ ਜ਼ਰਾ ਉਹਨਾਂ ਦਾ ਨੰਬਰ ਦੇ, ਮੈਂ ਪੁੱਛਦਾਂ ਕਿ ਨੋਬਲ ਪਰਾਈਜ਼ ਦੇ ਲੈਵਲ ਦਾ ਮੇਰਾ ਨਾਵਲ ਏਹਨਾਂ ਨੂੰ ਪਸੰਦ ਕਿਉਂ ਨਹੀਂ ਆਇਆ!"

26-ਪਾਗਲਹਾਰ

ਇੰਗਲੈਂਡ ਤੋਂ ਵੀ ਕੁੰਦਨ ਨਿਰਾਸ਼ ਹੋ ਦਿੱਲੀ ਮੁੜ ਗਿਆ। ਨਾਵਲ ਨੂੰ ਹੁੰਘਾਰਾ ਨਾ ਮਿਲਣ ਕਰਕੇ ਤਾਂ ਦੁਖੀ ਹੈ ਹੀ ਸੀ, ਇਕ ਦਿਨ ਉਸ ਦੀ ਅਮਰਜੋਤ ਨਾਲ ਵੀ ਝੜਪ ਹੋ ਗਈ ਸੀ। ਉਹ ਅਮਰਜੋਤ ਦੀ ਕਿਸੇ ਗੱਲ ਨੂੰ ਟੋਕ ਰਿਹਾ ਸੀ ਤਾਂ ਅਮਰਜੋਤ ਨੇ ਇਕ ਦਮ ਕਹਿ ਦਿਤਾ ਸੀ,

"ਡੈਡ, ਹੁਣ ਤੁਸੀਂ ਮੇਰੇ ਘਰ ਬੈਠੇ ਓ ਐਂਡ ਡੌਂਟ ਡੇਅਰ ਟੂ ਬੁਲੀ ਮੀ!"

ਇਸੇ ਗੱਲੋਂ ਪਿਓ ਪੁਤਰ ਵਿੱਚ ਕਿਹਾ-ਸੁਣੀ ਹੋ ਗਈ ਸੀ। ਭਾਵੇਂ ਅਗਲੇ ਦਿਨ ਸੁਲਹਾ ਹੋ ਗਈ ਸੀ ਪਰ ਮਹੌਲ ਤਾਂ ਖਰਾਬ ਹੋ ਹੀ ਗਿਆ ਸੀ। ਉਸ ਨੇ ਦਿੱਲੀ ਆ ਕੇ ਸਾਰੀ ਗੱਲ ਮੋਹਣੀ ਨੂੰ ਦੱਸਦਾ ਬੋਲਿਆ,

"ਅਮਰਜੋਤ ਮੈਨੂੰ ਕਹਿਣ ਦੀ ਇਹ ਕੋਸ਼ਿਸ਼ ਕਰ ਰਿਹਾ ਸੀ ਕਿ ਮੇਰੇ ਘਰ ਰਹਿਣਾ ਤਾਂ ਮੇਰੀ ਟ੍ਰਮਜ਼ ਤੇ ਰਹਿਣਾ ਹੋਏਗਾ, ਸਾਲ਼ਾ ਬੈਹੜਿਆਂ ਦਾ ਨਾ ਹੋਵੇ ਤਾਂ! ਹਰਾਮੀ! ਇਹਨੂੰ ਇਹ ਨਹੀਂ ਪਤਾ ਬਈ ਇਹ ਗੱਲ ਕਿਹਦੇ ਨਾਲ ਕਰ ਰਿਹਾ, ਇਹ ਗੱਲ ਡਾਕਟਰ ਕੁੰਦਨ ਸਿੰਘ ਕੁੰਦਨ ਨਾਲ ਕਰ ਰਿਹਾ ਏ, ਮੈਂ ਤਾਂ ਹਾਲੇ ਪਿਓ ਹੋਣ ਕਰਕੇ ਮੁੜ ਈ ਪਵਾਂ ਪਰ ਜੇਠੂ ਕਿਸੇ ਦੀ ਈਨ ਕਿਤਰਾਂ ਮੰਨ ਜਾਏਗਾ!"

ਇਸ ਵਾਰ ਪਾਇਲ ਵੀ ਉਸ ਨੂੰ ਨਹੀਂ ਸੀ ਮਿਲੀ। ਜਦ ਉਹ ਇੰਗਲੈਂਡ ਸੀ ਤਾਂ ਪਾਇਲ ਕਿਸੇ ਹੋਰ ਮੁਲਕ ਛੁੱਟੀਆਂ ਕੱਟਣ ਚਲੇ ਗਈ ਸੀ। ਮੁੰਡੇ-ਕੁੜੀ ਤੋਂ ਜ਼ਰਾ ਦੂਰ ਹੋ ਕੇ ਹੁਣ ਉਹ ਮੋਹਣੀ ਦਾ ਮੋਹ ਆਉਣ ਲੱਗਿਆ ਸੀ। ਉਸ ਨੇ ਪੁੱਛਿਆ,

"ਤੂੰ ਸੱਚ ਦੱਸ ਯਾਰ, ਨਾਵਲ ਵਿੱਚ ਕੀ ਨੁਕਸ ਏ?"

"ਨਾਵਲ ਵਿੱਚ ਕੋਈ ਨੁਕਸ ਨਹੀਂ, ਏਨੀ ਕੁ ਗੱਲ ਏ ਕਿ ਕੁਝ ਚਿਹਰੇ ਪੱਛਾਣੇ ਜਾਂਦੇ ਹੋਣਗੇ ਪਰ ਦਸ ਸਾਲ ਬਾਅਦ ਇਹਨਾਂ ਨੂੰ ਕੌਣ ਜਾਣਨਗੇ? ਨਾਵਲ ਨੇ ਤਾਂ ਸਦਾ ਰਹਿਣਾ, ਤੁਸੀਂ ਫਿਕਰ ਨਾ ਕਰੋ ਡਾਕਟਰ ਸਾਬ, ਨਾਵਲ ਨੇ ਆਪਣੀ ਜਗਾਹ ਆਪ ਬਣਾ ਲੈਣੀ ਏਂ।"

"ਮੈਨੂੰ ਲੱਗਦਾ ਏ ਕਿ ਨਾਵਲ ਦੀ ਸਰਕੂਲੇਸ਼ਨ ਠੀਕ ਨਹੀਂ ਕੀਤੀ ਗਈ, ਇਹ ਸਹੀ ਹੱਥਾਂ ਵਿੱਚ ਨਹੀਂ ਪੁੱਜਿਆ, ਮੈਂ ਸੋਚ ਰਿਹਾਂ ਕਿ ਇਸ ਦਾ ਇਕ ਨਵਾਂ ਐਡੀਸ਼ਨ ਕੱਢਵਾਵਾਂ ਤੇ ਘੱਟੋ ਘੱਟ ਸੌ ਲੇਖਕਾਂ ਤੇ ਅਲੋਚਕਾਂ ਨੂੰ ਹੱਥੀਂ ਪੋਸਟ ਕਰਾਂ, ਤਾਂ ਜੋ ਉਹ ਪੜ੍ਹਨ ਤਾਂ ਸਹੀ।"

ਉਹ ਅਗਲੇ ਦਿਨ ਹੀ ਆਪਣੇ ਪਬਲਿਸ਼ਰ ਨੂੰ ਜਾ ਕੇ ਨਵਾਂ ਐਡੀਸ਼ਨ ਛਾਪਣ ਦਾ ਹੁਕਮ ਦੇ ਆਇਆ। ਪ੍ਰਕਾਸ਼ਕ ਨੂੰ ਕੀ ਸੀ, ਉਸ ਨੇ ਤਾਂ ਪੈਸੇ ਲੈਣੇ ਸਨ। ਵੈਸੇ ਤਾਂ ਕੁੰਦਨ ਪੈਸੇ ਖਰਚ ਕਰਨ ਵਿੱਚ ਚੀੜ੍ਹਾ ਸੀ ਪਰ ਪ੍ਰਕਾਸ਼ਕ ਨੂੰ ਪੈਸੇ ਕਢਾਉਣੇ ਆਉਂਦੇ ਸਨ। ਨਾਵਲ ਛੇਤੀਂ ਹੀ ਛੱਪ ਗਿਆ। ਟਾਈਟਲ ਵੀ ਨਵਾਂ ਬਣਾਇਆ। ਭੂਮਿਕਾ ਵੀ ਦੁਬਾਰਾ ਲਿਖੀ। ਨਾਵਲ ਬਾਰੇ ਰੌਸ਼ਨ ਦੀ ਟਿੱਪਣੀ ਵਿੱਚ ਵੀ ਕੁਝ ਸ਼ਬਦ ਹੋਰ ਆਪ ਹੀ ਜਮਾਂ ਕਰ ਲਏ। ਉਸ ਨੇ ਉਹਨਾਂ ਸੌ ਲੇਖਕਾਂ ਤੇ ਆਲੋਚਕਾਂ ਦੀ ਸੂਚੀ ਬਣਾਈ ਹੋਈ ਸੀ ਜਿਹਨਾਂ ਉਪਰ ਆਸ ਸੀ ਕਿ ਉਹ ਨਾਵਲ ਜ਼ਰੂਰ ਪੜ੍ਹਨਗੇ। ਉਹਨਾਂ ਦੇ ਸਿਰਨਾਵੇਂ ਇਕੱਠੇ ਕੀਤੇ ਹੋਏ ਸਨ। ਉਸ ਨੇ ਆਪਣੇ ਹੱਥੀਂ ਸਭ ਨੂੰ ਨਾਵਲ ਡਾਕ ਰਾਹੀਂ ਭੇਜ ਦਿਤਾ। ਨਾਵਲ ਭੇਜ ਕੇ ਉਹ ਅਗਲੇ ਦਿਨ ਹੀ ਜਵਾਬ ਦੀ ਉਡੀਕ ਕਰਨ ਲੱਗਿਆ। ਹਫਤਾ-ਦਸ ਦਿਨ ਬਾਅਦ ਚਿੱਠੀਆਂ ਆਉਣ ਲੱਗੀਆਂ। ਕੁਲ ਬਾਰਾਂ ਚਿੱਠੀਆਂ ਆਈਆਂ ਪਰ ਇਹ ਸਾਰੀਆਂ ਪਹੁੰਚ ਦੇ ਸੁਨੇਹੇ ਹੀ ਸਨ। ਕਿਸੇ ਨੇ ਪੜ੍ਹ ਕੇ ਚਿੱਠੀ ਲਿਖੀ ਤਾਂ ਉਹ ਸਿਰਫ ਇਕ ਹੀ ਚਲਾਵਾਂ ਜਿਹਾ ਆਲੋਚਕ ਸੀ, ਸੰਗਰੂਰ ਤੋਂ। ਹੋਰ ਕਿਸੇ ਦਾ ਕੋਈ ਸੁਨੇਹਾ ਜਾਂ ਚਿੱਠੀ ਨਾ ਆਈ। ਹਾਂ, ਪੰਜਾਬ ਤੋਂ ਕੋਈ ਲੇਖਕ ਦਿੱਲੀ ਆਉਂਦਾ ਤੇ ਰਾਤ ਰਹਿਣ ਉਸ ਕੋਲ ਆ ਜਾਂਦਾ, ਉਹ ਉਸ ਦੇ ਨਾਵਲ ਦੀਆਂ ਤਾਰੀਫਾਂ ਕਰਨੋਂ ਨਾ ਹਟਦਾ। ਸਮੁੱਚੇ ਤੌਰ ਤੇ ਉਹ ਇਵੇਂ ਨਾਵਲ ਭੇਜਣ ਤੋਂ ਵੀ ਨਿਰਾਸ਼ ਹੋ ਗਿਆ। ਉਹ ਮੋਹਣੀ ਕੋਲ ਆਪਣੇ ਰੋਣੇ ਲੈ ਕੇ ਬਹਿ ਜਾਂਦਾ ਕਿ ਇਹ ਸਾਰੀ ਉਸ ਦੇ ਖਿਲਾਫ ਮਿੱਥੀ ਹੋਈ ਸਾਜ਼ਿਸ਼ ਹੈ। ਮੋਹਣੀ ਦੀ ਸਿਹਤ ਹੁਣ ਅਜਿਹੀ ਸੀ ਕਿ ਉਹ ਕਿਸੇ ਫੰਕਸ਼ਨ ਵਿੱਚ ਬਹੁਤ ਘੱਟ ਜਾਇਆ ਕਰਦੀ ਸੀ। ਜੇ ਜਾਂਦੀ ਵੀ ਤਾਂ ਚੁੱਪ ਕਰਕੇ ਇਕ ਪਾਸੇ ਬੈਠੀ ਰਹਿੰਦੀ ਤੇ ਜੇ ਕਿਤੇ ਬੋਲਣਾ ਵੀ ਪੈਂਦਾ ਤਾਂ ਕੁੰਦਨ ਦੇ ਹੱਕ ਵਿੱਚ ਹੀ ਬੋਲਦੀ।

ਮੋਹਣੀ ਹਾਲੇ ਵੀ ਉਸ ਨੂੰ ਆਪਣੇ ਨੇੜੇ ਨਹੀਂ ਸੀ ਲੱਗਣ ਦਿੰਦੀ। ਉਸ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ ਤੇ ਦੂਜੇ ਉਹ ਹਾਲੇ ਵੀ ਵੇਸਵਾਵਾਂ ਕੋਲ ਜਾਂਦਾ ਸੀ। ਕਈ ਵਾਰ ਤਾਂ ਸਾਰੀ ਸਾਰੀ ਰਾਤ ਹੀ ਉਥੇ ਗੁਜ਼ਾਰਦਾ। ਸ਼ਰਾਬੀ ਹੋਇਆ ਕਿਸੇ ਕੋਠੇ 'ਤੇ ਹੀ ਪਿਆ ਰਹਿੰਦਾ। ਪੱਗ, ਘੜੀ, ਐਨਕਾਂ, ਬਟੂਆ ਆਦਿ ਸੁੱਟ ਆਉਣਾ ਤਾਂ ਉਸ ਦੀ ਆਮ ਜਿਹੀ ਗੱਲ ਸੀ। ਕੋਠੇ ਵਾਲੀਆਂ ਬਾਰੇ ਮੋਹਣੀ ਨਾਲ ਇਵੇਂ ਗੱਲ ਕਰਦਾ ਜਿਵੇਂ ਰਿਸ਼ਤੇਦਾਰ ਔਰਤਾਂ ਬਾਰੇ ਕਰ ਰਿਹਾ ਹੋਵੇ। ਮੋਹਣੀ ਕਦੇ ਨਹੀਂ ਸੀ ਟੋਕਦੀ। ਇਸ ਸਭ ਦੀ ਹੁਣ ਉਸ ਨੂੰ ਆਦਤ ਪੈ ਗਈ ਸੀ। ਇਕ ਦਿਨ ਉਹ ਕਿਸੇ ਕੋਠੇ ਤੋਂ ਵਾਪਸ ਆਇਆ ਤਾਂ ਬਹੁਤ ਉਦਾਸ ਸੀ। ਮੋਹਣੀ ਨੂੰ ਦੱਸਣ ਲੱਗਿਆ,

"ਅਜ ਮੈਂ ਇਕ ਕੁੜੀ ਬਿਲਕੁਲ ਗੋਲਡੀ ਵਰਗੀ ਦੇਖੀ, ਪਹਿਲਾਂ ਤਾਂ ਮੈਂ ਸੋਚਿਆ ਕਿ ਸ਼ਾਇਦ ਗੋਲਡੀ ਹੀ ਏ ਪਰ ਫਿਰ ਪਤਾ ਚੱਲਿਆ ਕਿ ਉਹ ਨਹੀਂ।"

"ਗੋਲਡੀ ਕੌਣ?"

"ਗੋਲਡੀ ਨੂੰ ਤੂੰ ਨਹੀਂ ਜਾਣਦੀ, ਉਹ ਪਾਇਲ ਦੀ ਕਲਾਸਫੈਲੋ ਸੀ ਪਰ ਬਹੁਤ ਭੋਲ਼ੀ ਕੁੜੀ ਸੀ, ਵਿਚਾਰੀ ਦੀ ਮਾਂ ਹੈ ਨਾ ਸੀ ਤੇ ਪਿਓ ਵਤਨ ਸਿੰਘ ਸ਼ਰਾਬੀ ਸੀ, ਗੋਲਡੀ ਗਲਤ ਰਾਹ ਤੁਰ ਪਈ, ਪਤਾ ਨਹੀਂ ਹੁਣ ਕਿਥੇ ਹੋਏਗੀ, ਸ਼ਾਇਦ ਲਹੌਰ ਦੀ ਹੀਰਾ ਮੰਡੀ ਵਿਚ ਹੋਵੇ ਜਾਂ ਸ਼ਾਇਦ ਲੰਡਨ ਵਿੱਚ ਹੀ ਕਿਧਰੇ!"

ਬੋਲਦਾ ਹੋਇਆ ਕੁੰਦਨ ਬਹੁਤ ਉਦਾਸ ਹੋ ਗਿਆ। ਮੋਹਣੀ ਸੋਚ ਰਹੀ ਸੀ ਕਿ ਇਹ ਕਿਹੜੀ ਨਵੀਂ ਗੁੱਥੀ ਖੁਲ੍ਹ ਰਹੀ ਹੈ ਪਰ ਕੁੰਦਨ ਨੇ ਮੁੜ ਕੇ ਗੋਲਡੀ ਬਾਰੇ ਕੋਈ ਗੱਲ ਨਾ ਕੀਤੀ ਤੇ ਨਾ ਹੀ ਮੋਹਣੀ ਨੇ ਕੁਝ ਪੁੱਛਿਆ।...

ਦਿੱਲੀ ਦੇ ਲੇਖਕ ਹਾਲੇ ਵੀ ਕੁੰਦਨ ਨੂੰ ਅਣਗੌਲ ਰਹੇ ਸਨ। ਇਕ ਦਿਨ ਕੇਂਦਰੀ ਲਾਇਬ੍ਰੇਰੀ ਵਿੱਚ ਸਮਾਗਮ ਸੀ। ਲਾਇਬ੍ਰੇਰੀ ਦੇ ਨੋਟਿਸ ਬੋਰਡ ਉਪਰ ਇਸ ਦੇ ਪ੍ਰੋਗਰਾਮ ਦੀ ਤਫਸੀਲ ਲਿਖੀ ਹੋਈ ਸੀ। ਕੁੰਦਨ ਆਪ ਹੀ ਸਮਾਗਮ ਵਿੱਚ ਜਾ ਹਾਜ਼ਰ ਹੋਇਆ। ਡਾਕਟਰ ਰੌਸ਼ਨ, ਸੁਹੇਲ, ਕੁਲਵੰਤ, ਸੁਰਾਇਣ ਸਿੰਘ, ਰਣਜੀਤ, ਸੋਹਨਜੀਤ ਸਾਰੇ ਹੀ ਹਾਜ਼ਰ ਸਨ। ਲੁਧਿਆਣੇ ਤੋਂ ਚਰਨਜੀਤ ਧਾਰੀਵਾਲ ਵੀ ਆਇਆ ਹੋਇਆ ਸੀ ਜਿਹੜਾ ਉਸ ਦੇ ਘਰ ਆ ਕੇ ਅਕਸਰ ਦਾਰੂ ਤੇ ਸਿਗਰਟਾਂ ਪੀਂਦਾ ਰਿਹਾ ਸੀ ਪਰ ਹੁਣ ਅੱਖ ਨਹੀਂ ਸੀ ਮਿਲਾ ਰਿਹਾ। ਕੁੰਦਨ ਇਹਨਾਂ ਸਭ ਨੂੰ ਕਾਫੀ ਦੇਰ ਬਾਅਦ ਮਿਲ ਰਿਹਾ ਸੀ ਪਰ ਉਹਨਾਂ ਦੀ ਮਿਲਣੀ ਵਿੱਚ ਕੋਈ ਨਿੱਘ ਨਹੀਂ ਸੀ। ਕੋਈ ਵੇਲਾ ਸੀ ਕਿ ਇਹ ਸਾਰੇ ਹਰ ਰੋਜ਼ ਹੀ ਮਿਲਦੇ ਸਨ। ਪ੍ਰੋਗਰਾਮ ਸ਼ੁਰੂ ਹੋਇਆ। ਕੁਝ ਵੀ ਸੀ ਪਰ ਕੁੰਦਨ ਨੂੰ ਆਸ ਸੀ ਕਿ ਪ੍ਰਧਾਨਗੀ ਤਾਂ ਉਸ ਨੂੰ ਹੀ ਮਿਲਣੀ ਹੈ, ਨਹੀਂ ਤਾਂ ਪ੍ਰਧਾਨਗੀ ਮੰਡਲ ਵਿੱਚ ਤਾਂ ਉਹ ਸ਼ਾਮਲ ਹੋਵੇਗਾ ਹੀ। ਹਰ ਫੰਕਸ਼ਨ ਵਿੱਚ ਉਸ ਨੂੰ ਕੁਰਸੀ ਮਿਲਦੀ ਰਹੀ ਸੀ। ਅਮਰਜੀਤ ਸਿੰਘ ਫੰਕਸ਼ਨ ਦੀ ਸਕੱਤਰੀ ਨਿਭਾ ਰਿਹਾ ਸੀ। ਉਸ ਨੇ ਡਾਕਟਰ ਰੌਸ਼ਨ ਨੂੰ ਪ੍ਰਧਾਨਗੀ ਕਰਨ ਲਈ ਬੁਲਾਇਆ ਤੇ ਨਾਲ ਦੋ ਬੰਦੇ ਹੋਰ ਸੱਦ ਲਏ ਪਰ ਕੁੰਦਨ ਦਾ ਨਾਂ ਤਕ ਨਹੀਂ ਲਿਆ। ਇਹ ਬਹੁਤ ਦੇਰ ਬਾਅਦ ਹੋਇਆ ਸੀ ਕਿ ਕੁੰਦਨ ਕਿਸੇ ਸਮਾਗਮ ਵਿੱਚ ਹਾਜ਼ਰ ਹੋਵੇ ਤੇ ਉਹ ਥੱਲੇ ਆਮ ਸਰੋਤਿਆਂ ਵਿੱਚ ਬੈਠਾ ਹੋਵੇ। ਉਸ ਨੇ ਦਸ ਕੁ ਮਿੰਟ ਦੇਖਿਆ ਕਿ ਸ਼ਾਇਦ ਉਸ ਨੂੰ ਬੁਲਾ ਲਿਆ ਜਾਵੇਗਾ ਪਰ ਜਦ ਨਹੀਂ ਬੁਲਾਇਆ ਤਾਂ ਉਹ ਉਠ ਕੇ ਆ ਗਿਆ। ਘਰ ਆ ਕੇ ਸ਼ਰਾਬ ਪੀ ਕੇ ਸਭ ਨੂੰ ਗਾਲ੍ਹਾਂ ਕੱਢਦਾ ਰਿਹਾ।

ਫਿਰ ਇਕ ਸਮਾਗਮ ਵਿੱਚ ਉਸ ਨੂੰ ਵਿਸ਼ੇਸ਼ ਸੱਦਿਆ ਗਿਆ। ਉਥੇ ਪ੍ਰਧਾਨਗੀ ਤਾਂ ਕੀ ਮਿਲਣੀ ਸੀ ਉਸ ਨੂੰ ਬੋਲਣ ਦਾ ਵਕਤ ਵੀ ਨਾ ਦਿਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਵੀ ਡਾਕਟਰ ਰੌਸ਼ਨ ਕਰ ਰਿਹਾ ਸੀ। ਕੁੰਦਨ ਸਮਝਦਾ ਸੀ ਕਿ ਇਹ ਸਭ ਉਸ ਨਾਲ ਜਾਣ ਬੁੱਝ ਕੇ ਹੋ ਰਿਹਾ ਹੈ। ਉਸ ਨੇ ਮੋਹਣੀ ਨੂੰ ਕਿਹਾ,

"ਇਹ ਸਭ ਮੇਰੇ ਤੋਂ ਡਰਦੇ ਨੇ, ਡਰਦੇ ਨੇ ਕਿ ਮੈਂ ਸਟੇਜ ਤੋਂ ਏਹਨਾਂ ਦੇ ਪਾਜ ਨਾ ਉਧੇੜ ਦਿਆਂ। ਇਹਨਾਂ ਨੂੰ ਪਤਾ ਕਿ ਪ੍ਰਧਾਨਗੀ ਮੇਰੇ ਹੱਥ ਆਈ ਨਹੀਂ ਤਾਂ ਏਹਨਾਂ ਦੀ ਮੈਂ ਵਜਾਈ ਨਹੀਂ, ...ਆਹ ਸਾਲ਼ਾ ਬੈਹੜਿਆਂ ਦਾ ਰੌਸ਼ਨ, ਸਟੇਜ ਤੋਂ ਕੁਝ ਹੋਰ ਬੋਲਦਾ ਏ ਤੇ ਲਿਖਦਾ ਕੁਝ ਹੋਰ। ...ਕੋਈ ਨਹੀਂ, ਜਿਸ ਦਿਨ ਮੇਰੀ ਦਾੜ੍ਹ ਹੇਠ ਆ ਗਿਆ ਤਾਂ ਚਿੱਥ ਦਿਆਂਗਾ ਏਹਨੂੰ।"

"ਡਾਕਟਰ ਸਾਹਿਬ, ਤੁਹਾਨੂੰ ਪ੍ਰਧਾਨਗੀਆਂ ਦੀ ਕੀ ਪਈ ਰਹਿੰਦੀ ਏ?"

"ਯਾਰ, ਪ੍ਰਧਾਨਗੀ ਵਿੱਚ ਇਕ ਰਿਸਪੈਕਟ ਹੁੰਦੀ ਏ, ਸਟੇਜ 'ਤੇ ਰੋਅਬ ਹੁੰਦਾ ਏ।"

ਕੁੰਦਨ ਆਪਣੀ ਦਲੀਲ 'ਤੇ ਅੜਿਆ ਰਿਹਾ। ਕਿਸੇ ਸਾਹਿਤਕ ਸਮਾਗਮ ਵਿੱਚ ਦੋ ਗੱਲਾਂ ਉਸ ਲਈ ਸਦਾ ਅਹਿਮ ਹੁੰਦੀਆਂ; ਇਕ ਤਾਂ ਕੁਰਸੀ ਤੇ ਦੂਜਾ ਬੋਲਣਾ। ਉਸ ਦਾ ਯਕੀਨ ਸੀ ਕਿ ਇਹ ਦੋ ਗੱਲਾਂ ਲੇਖਕ ਦੇ ਕੱਦ ਨੂੰ ਉੱਚਾ ਕਰਦੀਆਂ ਹਨ।

ਇਕ ਮੌਕਾ ਅਜਿਹਾ ਆ ਹੀ ਗਿਆ ਕਿ ਉਸ ਨੂੰ ਇਕ ਸਮਾਗਮ ਵਿੱਚ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਕਰ ਲਿਆ ਗਿਆ। ਉਹ ਪ੍ਰਧਾਨਗੀ ਚਾਹੁੰਦਾ ਸੀ ਤਾਂ ਜੋ ਅਖੀਰ ਵਿੱਚ ਬੋਲੇ ਤੇ ਮਨ-ਆਈਆਂ ਗੱਲਾਂ ਕਹਿ ਜਾਵੇ ਪਰ ਇਵੇਂ ਨਹੀਂ ਹੋਇਆ। ਪ੍ਰਧਾਨਗੀ ਡਾਕਟਰ ਗੁਰਜੀਤ ਸਿੰਘ ਦੀ ਸੀ। ਇਹ ਉਹੀ ਗੁਰਜੀਤ ਸਿੰਘ ਸੀ ਜਿਹੜਾ ਉਸ ਦੇ ਨਾਵਲ 'ਕੁਆਰੀਆਂ' ਉਪਰ ਬਹੁਤ ਵਧੀਆ ਬੋਲ ਕੇ ਗਿਆ ਸੀ। ਡਾਕਟਰ ਰੌਸ਼ਨ ਨੇ ਪਰਚਾ ਪੜਨਾ ਸੀ ਜਿਸ ਦਾ ਵਿਸ਼ਾ ਸੀ; ਆਧੁਨਿਕ ਸਮੀਖਿਆ ਪ੍ਰਣਾਲੀ। ਡਾਕਟਰ ਰੌਸ਼ਨ ਨੇ ਵਿਸਥਾਰ ਵਿੱਚ ਦਸਿਆ ਕਿ ਦੁਨੀਆਂ ਵਿੱਚ ਇਸ ਵੇਲੇ ਸਾਹਿਤ ਨੂੰ ਪਰਖਣ ਲਈ ਕਿਹੜੀ ਕਿਹੜੀ ਪ੍ਰਣਾਲੀ ਪ੍ਰਚੱਲਤ ਹੈ ਤੇ ਪੰਜਾਬੀ ਸਾਹਿਤ ਦੀ ਸਮੀਖਿਆ ਵਿੱਚ ਕਿਹੜੀ ਕਿਹੜੀ ਪ੍ਰਣਾਲੀ ਵਰਤੀ ਜਾ ਰਹੀ ਹੈ ਤੇ ਉਹਨਾਂ ਦੀ ਸਾਰਥਿਕਤਾ ਕੀ ਹੈ। ਉਸ ਦੇ ਪਰਚੇ ਉਪਰ ਕਈ ਵਿਦਵਾਨ ਬੋਲੇ। ਬਹੁਤੇ ਪਰਚੇ ਨੂੰ ਸਰਾਹ ਹੀ ਰਹੇ ਸਨ। ਕੁੰਦਨ ਦੀ ਵਾਰੀ ਵੀ ਆਈ। ਕੁੰਦਨ ਨੇ ਆਪਣੇ ਸੁਭਾਅ ਮੁਤਾਬਕ ਹੌਲੀ ਹੌਲੀ ਬੋਲਣਾ ਸ਼ੁਰੂ ਕੀਤਾ। ਉਸ ਨੇ ਕਿਹਾ,

"ਹਾਜ਼ਰੀਨ, ਮੈਂ ਡਾਕਟਰ ਰੌਸ਼ਨ ਦਾ ਪਰਚਾ ਬਹੁਤ ਧਿਆਨ ਨਾਲ ਸੁਣਿਆ ਏ, ਬਹੁਤ ਮਿਹਨਤ ਨਾਲ ਲਿਖਿਆ ਪਰਚਾ ਏ। ਇਹਨਾਂ ਨੇ ਅਲੋਚਨਾ ਦਾ ਪੂਰਾ ਇਤਹਾਸ ਸਾਡੇ ਸਾਹਮਣੇ ਲਿਆ ਰੱਖਿਆ ਏ, ਬਹੁਤ ਚੰਗੀ ਗੱਲ ਏ ਪਰ ਬਹੁਤ ਸਾਰੀਆਂ ਗੱਲਾਂ ਵਿੱਚ ਇਹ ਬਿਲਕੁਲ ਸਪੱਸ਼ਟ ਨਹੀਂ ਨੇ, ਮਾਰਸਕਵਾਦੀ ਪ੍ਰਣਾਲੀ ਤੇ ਸਟਰੱਕਲਿਜ਼ਮ ਨੂੰ ਇਹ ਇਕ-ਮਿਕ ਕਰ ਗਏ ਨੇ, ਇਵੇਂ ਹੀ ਆਧੁਨਿਕਵਾਦ ਦੀ ਗੱਲ ਕਰਦੇ ਕਰਦੇ ਇਤਹਾਸ ਵਿੱਚ ਬਹੁਤ ਪਿਛੇ ਚਲੇ ਗਏ ਨੇ, ਆਧੁਨਿਕ ਉਹ ਹੁੰਦਾ ਏ ਜਿਹੜਾ ਅੱਜ ਹੋ ਰਿਹਾ ਏ ਨਾ ਕਿ ਪੰਜਾਹ ਸਾਲ ਪਹਿਲੇ ਵਾਲਾ...।"

ਕੁੰਦਨ ਨੇ ਉਦਾਹਰਣਾਂ ਦੇ ਦੇ ਕੇ ਡਾਕਟਰ ਰੌਸ਼ਨ ਦੇ ਬੱਖੀਏ ਉਧੇੜਨੇ ਸ਼ੁਰੂ ਕਰ ਦਿਤੇ। ਉਹ ਕੁਝ ਅਜਿਹੀਆਂ ਗੱਲਾਂ ਵੀ ਕਰ ਗਿਆ ਜਿਹੜੀਆਂ ਪਰਚੇ ਵਿੱਚ ਨਹੀਂ ਸਨ ਪਰ ਰੌਸ਼ਨ ਨੇ ਮੂੰਹ ਜ਼ੁਬਾਨੀ ਉਸ ਨਾਲ ਕੀਤੀਆਂ ਹੋਈਆ ਸਨ। ਰੌਸ਼ਨ ਗੁੱਸੇ ਨਾਲ ਉਸ ਵਲ ਦੇਖ ਰਿਹਾ ਸੀ। ਰੌਸ਼ਨ ਦਾ ਸਾਰਾ ਗਰੁੱਪ ਹੀ ਔਖਾ ਸੀ। ਸੁਹੇਲ ਸਿੰਘ ਨੇ ਆਪਣੇ ਨਾਲ ਦੇ ਸਾਥੀ ਦੇ ਕੰਨ ਵਿੱਚ ਕਿਹਾ,

"ਸਾਡੀ ਬਿੱਲੀ ਸਾਨੂੰ ਹੀ ਮਿਆਊਂ! ਏਹਨੂੰ ਸਾਲ਼ੇ ਨੂੰ ਪ੍ਰੈੱਸ ਕਲੱਬ ਵਿੱਚ ਆਏ ਨੂੰ ਗਲ਼ੋਂ ਫੜਨਾ ਪੈਣਾਂ।"

ਸਮਾਗਮ ਖਤਮ ਹੋ ਗਿਆ ਪਰ ਨਾਲ ਹੀ ਕੁੰਦਨ ਨੂੰ ਖਤਮ ਕਰਨ ਦੀ ਮੁਹਿੰਮ ਵੀ ਸ਼ੁਰੂ ਹੋ ਗਈ। ਡਾਕਟਰ ਹਰੀ ਸਿੰਘ ਤਾਂ ਪਹਿਲਾਂ ਹੀ ਕੁੰਦਨ ਦੇ ਖਿਲਾਫ ਸੀ। ਸਭ ਤੋਂ ਪਹਿਲਾਂ ਤਾਂ ਰੌਸ਼ਨ ਦੀ ਹਰ ਮਹਿਫਲ ਵਿੱਚੋਂ ਕੁੰਦਨ ਦਾ ਬਿਲਕੁਲ ਬਾਈਕਾਟ ਕਰ ਦਿਤਾ ਗਿਆ। ਦੂਜਾ ਇਹ ਹੋ ਗਿਆ ਕਿ ਉਹ ਜਦ ਵੀ ਦਿੱਲੀ ਯੂਨੀਵਰਸਟੀ ਆਵੇ ਤਾਂ ਉਸ ਨਾਲ ਕੋਈ ਵੀ ਸਾਬ-ਕਲਾਮ ਨਾ ਕਰੇ। ਅਗਲੇ ਇਕ ਮਾਸਿਕ ਪਰਚੇ ਵਿੱਚ ਕਿਸੇ ਵਿਦਿਆਰਥੀ ਨੇ ਕੁੰਦਨ ਦੀ ਨਾਵਲ-ਕਲਾ ਨਕਾਰ ਮਾਰੀ। ਉਸ ਨੇ ਲਿਖਿਆ ਕਿ ਕੁੰਦਨ ਕੁਝ ਵੀ ਸਿਰਜਦਾ ਨਹੀਂ ਬਲਕਿ ਘੜਦਾ ਹੈ। ਉਹ ਪਹਿਲਾਂ ਹੀ ਤੈਅ ਕਰ ਲੈਂਦਾ ਹੈ ਕਿ ਕਿਸ ਚੀਜ਼ ਨੂੰ ਗਲਤ ਕਹਿਣਾ ਹੈ ਤੇ ਕਿਸ ਨੂੰ ਸਹੀ। ਇਵੇਂ ਸਹਿਜ ਵਿੱਚੋਂ ਕੁਝ ਨਹੀਂ ਨਿਕਲਦਾ। ਉਸ ਦੇ ਪਾਤਰ ਵੀ ਹੱਡ-ਮਾਸ ਦੇ ਨਹੀਂ। ਇਹੋ ਜਿਹਾ ਕੋਈ ਨਾ ਕੋਈ ਲੇਖ ਆਏ ਮਹੀਨੇ ਪਰਚਿਆਂ ਵਿੱਚ ਛਪਣ ਲੱਗਿਆ। ਕੁੰਦਨ ਅੰਦਰੋ ਅੰਦਰ ਤੜਫਦਾ, ਕੁੜਦਾ ਪਰ ਕਰ ਕੁਝ ਨਹੀਂ ਸੀ ਸਕਦਾ। ਕਿਸੇ ਲੇਖ ਦਾ ਜਵਾਬ ਦੇ ਕੇ ਕਿਸੇ ਨੌਂ-ਸਿਖੀਏ ਨਾਲ ਉਹ ਉਲਝਣਾ ਨਹੀਂ ਸੀ ਚਾਹੁੰਦਾ।

ਇਹ ਹੀ ਨਹੀਂ ਕਿਸੇ ਵੀ ਪਾਰਟੀ ਵਿੱਚ ਉਸ ਨੂੰ ਨਾ ਸੱਦਿਆ ਜਾਂਦਾ। ਜੇ ਉਹ ਕਿਸੇ ਨੂੰ ਫੋਨ ਕਰਦਾ ਤਾਂ ਅਗਲਾ ਬਹਾਨਾ ਬਣਾ ਕੇ ਇਕ ਦਮ ਰੱਖ ਦਿੰਦਾ। ਡਾਕਟਰ ਰੌਸ਼ਨ ਦੇ ਦੋਸਤਾਂ ਦਾ ਸਰਕਲ ਅਜਿਹਾ ਸੀ ਕਿ ਹਰ ਸਪਤਾਹ ਅੰਤ 'ਤੇ ਕਿਸੇ ਨਾ ਕਿਸੇ ਦੇ ਘਰ ਜਾਂ ਹੋਟਲ ਬਗੈਰਾ ਵਿੱਚ ਪਾਰਟੀ ਚਲਦੀ ਪਰ ਕੁੰਦਨ ਇਸ ਵਿੱਚੋਂ ਗਾਇਬ ਹੁੰਦਾ ਜਦ ਕਿ ਕਿਸੇ ਵੇਲੇ ਕੁੰਦਨ ਅਜਿਹੀਆਂ ਪਾਰਟੀਆਂ ਦਾ ਸ਼ਿੰਗਾਰ ਹੋਇਆ ਕਰਦਾ ਸੀ। ਇਕ ਦਿਨ ਉਸ ਨੇ ਸਾਰੇ ਦੋਸਤਾਂ ਨੂੰ ਆਪਣੇ ਘਰ ਪਾਰਟੀ ਉਪਰ ਬੁਲਾਉਣਾ ਚਾਹਿਆ ਪਰ ਬਹੁਤਿਆਂ ਨੇ ਕੋਈ ਨਾ ਕੋਈ ਬਹਾਨਾ ਕਰ ਕੇ ਉਸ ਨੂੰ ਟਰਕਾ ਦਿਤਾ। ਕੁਲਵੰਤ ਦਾ ਘਰ ਤਾਂ ਬਿਲਕੁਲ ਉਸ ਦੇ ਘਰ ਦੇ ਹੇਠਾਂ ਹੀ ਸੀ। ਉਸ ਦੇ ਘਰ ਵੀ ਉਸ ਨੂੰ ਸੱਦਿਆ ਨਾ ਜਾਂਦਾ। ਕੁਲਵੰਤ ਦੀ ਪਤਨੀ ਸਤਨਾਮੀ ਬਹੁਤ ਖੁਸ਼-ਮਿਜਾਜ਼ ਔਰਤ ਸੀ ਤੇ ਪਾਰਟੀਆਂ ਪਸੰਦ ਕਰਦੀ ਸੀ। ਕੁੰਦਨ ਨੂੰ ਹੇਠਾਂ ਪੈ ਰਹੇ ਸ਼ੋਰ ਤੋਂ ਪਤਾ ਚੱਲ ਜਾਂਦਾ ਕਿ ਹੇਠਾਂ ਕੀ ਹੋ ਰਿਹਾ ਹੈ। ਉਹ ਮਨ ਹੀ ਮਨ ਖਿਝਦਾ ਰਹਿੰਦਾ। ਸ਼ਰਾਬ ਪੀ ਕੇ ਉਹਨਾਂ ਨੂੰ ਗਾਲ੍ਹਾਂ ਕੱਢਦਾ।

ਇਕ ਦਿਨ ਇਵੇਂ ਹੀ ਕੁਲਵੰਤ ਦੇ ਘਰ ਮਹਿਫਲ ਚੱਲ ਰਹੀ ਸੀ। ਕੁਲਵੰਤ ਦੀ ਛਾਪੀ ਹੋਈ ਕਿਸੇ ਕਿਤਾਬ ਨੂੰ ਇਨਾਮ ਮਿਲਿਆ ਸੀ। ਕੁੰਦਨ ਨੇ ਇਹ ਖ਼ਬਰ ਪੜ੍ਹੀ ਸੀ। ਉਸ ਦਾ ਦਿਲ ਕਰਦਾ ਸੀ ਕਿ ਹੇਠਾਂ ਜਾ ਕੇ ਕੁਲਵੰਤ ਨੂੰ ਵਧਾਈ ਦੇ ਆਵੇ ਪਰ ਉਸ ਦਾ ਹੌਂਸਲਾ ਨਹੀਂ ਸੀ ਪਿਆ। ਕੁਲਵੰਤ ਦਾ ਨੌਕਰ ਬੀੜੀ ਪੀਣ ਲਈ ਬਾਹਰ ਨਿਕਲਿਆ ਤਾਂ ਕੁੰਦਨ ਉਸ ਨੂੰ ਜਾ ਕੇ ਪੁੱਛਣ ਲੱਗਿਆ ਕਿ ਪਾਰਟੀ ਵਿੱਚ ਕੌਣ ਕੌਣ ਹਨ। ਆਪਣੇ ਸਾਰੇ ਹੀ ਦੋਸਤਾਂ ਦੇ ਨਾਂ ਸੁਣ ਕੇ ਉਸ ਤੋਂ ਰਿਹਾ ਨਾ ਗਿਆ। ਉਸ ਨੇ ਦੋ ਪੈੱਗ ਵਿਸਕੀ ਦੇ ਲਾਏ ਤੇ ਬੇਸ਼ਰਮ ਜਿਹਾ ਬਣ ਕੇ ਕੁਲਵੰਤ ਦਾ ਦਰਵਾਜ਼ਾ ਜਾ ਖੜਕਾਇਆ। ਕੁਲਵੰਤ ਨੇ ਹੀ ਬੂਹਾ ਖੋਹਲਿਆ। ਕੁਲਵੰਤ ਨੇ ਉਸ ਨਾਲ ਹੱਥ ਮਿਲਾਇਆ। ਕੁੰਦਨ ਬੋਲਿਆ,

"ਯਾਰ ਮੈਨੂੰ ਕਿਉਂ ਇਨੋਅਰ ਕਰ ਰਹੇ ਓ, ਮੈਂ ਤੁਹਾਡੇ ਕਿਹੜੇ ਮਾਂਹ ਪੁੱਟ ਲਏ?"

"ਕੁੰਦਨ, ਤੂੰ ਸ਼ਰਾਬ ਪੀ ਕੇ ਦੋ ਕੁ ਮਹਿਫਲਾਂ ਖਰਾਬ ਕੀਤੀਆਂ ਤੇ ਦੋਸਤ ਨਹੀਂ ਚਾਹੁੰਦੇ ਕਿ ਤੂੰ ਆਵੇਂ।"

"ਸਾਲ਼ੇ ਬੈਹੜਿਆਂ ਦਿਓ, ਕਿਉਂ ਝੂਠਾ ਇਲਜ਼ਾਮ ਲਾਈ ਜਾ ਰਹੇ ਓ, ਕਿਉਂ ਮੇਰੇ ਖਿਲਾਫ ਸਾਜ਼ਿਸ਼ਾਂ ਘੜੀ ਜਾ ਰਹੇ ਓ, ਮੈਂ ਤੁਹਾਡਾ ਪੁਰਾਣਾ ਦੋਸਤ ਆਂ, ਮੈਨੂੰ ਅੰਦਰ ਆਉਣ ਦਿਓ।"

ਆਖਦਾ ਕੁੰਦਨ ਅੰਦਰ ਨੂੰ ਵਧਣ ਲੱਗਿਆ। ਕੁਲਵੰਤ ਦਾ ਛੇ ਫੁੱਟਾ ਮੁੰਡਾ ਦਰਵਾਜ਼ੇ ਵਿੱਚ ਹੁੰਦੀਆਂ ਗੱਲਾਂ ਸੁਣ ਕੇ ਆ ਗਿਆ ਤੇ ਕੁੰਦਨ ਨੂੰ ਬੋਲਿਆ,

"ਅੰਕਲ, ਚੁੱਪ ਕਰਕੇ ਚਲੇ ਜਾਹ, ਬਾਕੀਆਂ ਨੂੰ ਇੰਜੁਆਏ ਕਰਨ ਦੇ, ਨਹੀਂ ਤਾਂ...।"

ਮੁੰਡੇ ਦਾ ਗੱਲ ਕਰਨ ਦਾ ਅੰਦਾਜ਼ ਖਤਰਨਾਕ ਸੀ। ਕੁੰਦਨ ਸਮਝ ਗਿਆ ਤੇ ਵਾਪਸ ਆਪਣੇ ਫਲੈਟ ਵਿੱਚ ਆ ਗਿਆ। ਉਸ ਨੇ ਹੋਰ ਸ਼ਰਾਬ ਪੀਤੀ ਤੇ ਰੋਣ ਲੱਗਿਆ। ਸਾਰੀ ਰਾਤ ਇਕੱਲੇ ਇਕੱਲੇ ਦਾ ਨਾਂ ਲੈ ਲੈ ਕੇ ਗਾਲ੍ਹਾਂ ਕੱਢਦਾ ਰਿਹਾ। ਮੋਹਣੀ ਉਸ ਨੂੰ ਚੁੱਪ ਕਰਾਉਂਦੀ ਰਹੀ। ਅਗਲੀ ਸਵੇਰ ਉਸ ਨੇ ਫਿਰ ਪੀ ਲਈ। ਕਈ ਦਿਨ ਇਸੇ ਚੱਕਰ ਵਿੱਚ ਪਿਆ ਰਿਹਾ। ਫਿਰ ਕੁਝ ਮੋਹਣੀ ਨੇ ਕਿਹਾ ਤੇ ਕੁਝ ਉਸ ਨੇ ਆਪ ਹੀ ਹਿੰਮਤ ਕੀਤੀ ਤੇ ਇਸ ਹਾਲਤ ਵਿੱਚੋਂ ਨਿਕਲਣ ਲੱਗਿਆ।...

ਹੁਣ ਉਹ ਦਿੱਲੀ ਵਿੱਚ ਬਿਲਕੁਲ ਇਕੱਲਾ ਸੀ। ਬਹੁਤ ਸਾਰੇ ਵਾਕਫ ਸਨ ਉਸ ਦੇ ਪਰ ਨੇੜਤਾ ਕਿਸੇ ਨਾਲ ਨਹੀਂ ਸੀ। ਕਈ ਵਾਰ ਉਹ ਸੋਚਦਾ ਕਿ ਦਿੱਲੀ ਵਿੱਚ ਰਹਿਣਾ ਉਸ ਨੇ ਕਿੰਨਾ ਲੋਚਿਆ ਸੀ ਪਰ ਜੇ ਪਤਾ ਹੁੰਦਾ ਕਿ ਦਿੱਲੀ ਅਜਿਹੀ ਹੈ ਤਾਂ ਕਦੇ ਇਥੇ ਆਉਂਦਾ ਹੀ ਨਾ। ਉਸ ਨੇ ਪਰਵਾਸੀ ਸਾਹਿਤ ਦੇ ਲੱਛਣਾਂ ਬਾਰੇ ਲਿਖਦਿਆਂ ਰਿਸ਼ਤਿਆਂ ਦੀ ਬੇਗਾਨਗੀ ਵੀ ਇਕ ਲੱਛਣ ਬਣਾਇਆ ਸੀ ਪਰ ਜਿੰਨੀ ਬੇਗਾਨਗੀ ਉਹ ਦਿੱਲੀ

ਵਿੱਚ ਰਹਿੰਦਾ ਮਹਿਸੂਸ ਕਰ ਰਿਹਾ ਸੀ ਏਨੀ ਕਦੇ ਉਸ ਨੇ ਇੰਗਲੈਂਡ ਵਿੱਚ ਵੀ ਨਹੀਂ ਸੀ ਕੀਤੀ। ਹੁਣ ਉਸ ਨੂੰ ਦਿੱਲੀ ਦੀ ਹਰ ਚੀਜ਼ ਬੁਰੀ ਲੱਗਦੀ ਸੀ; ਇਥੋਂ ਦਾ ਮੌਸਮ, ਇਥੋਂ ਦਾ ਪ੍ਰਦੂਸ਼ਤ ਵਾਤਾਵਰਣ, ਇਥੋਂ ਦਾ ਟਰੈਫਿਕ, ਇਥੋਂ ਦੀ ਅਫਸਰਸ਼ਾਹੀ, ਇਥੋਂ ਦੇ ਲੋਕ। ਮੋਹਣੀ ਨਾਲ ਗੱਲਾਂ ਕਰਦਾ ਉਹ ਵਾਰ-ਵਾਰ ਇੰਗਲੈਂਡ ਦੀ ਤਾਰੀਫ ਕਰਦਾ ਤੇ ਇਕ ਦਮ ਵਾਪਸ ਮੁੜ ਜਾਣਾ ਚਾਹੁੰਦਾ। ਵਾਪਸ ਮੁੜਨਾ ਤਾਂ ਚਾਹੁੰਦਾ ਸੀ ਪਰ ਹਾਲੇ ਉਹ ਜਾ ਨਹੀਂ ਸੀ ਸਕਦਾ। ਕੌਂਸਲ ਨਾਲ ਹਾਲੇ ਉਸ ਦਾ ਦੋ ਸਾਲ ਦਾ ਹੋਰ ਕੰਟਰੈਕਟ ਪਿਆ ਸੀ। ਦੋ ਸਾਲ ਉਸ ਨੇ ਹਾਲੇ ਇਸੇ ਹਾਲ ਵਿੱਚ ਕੱਢਣੇ ਸਨ।

ਉਹ ਏਨੀਆਂ ਉਖੜੀਆਂ-ਉਖੜੀਆਂ ਗੱਲਾਂ ਕਰਦਾ ਕਿ ਮੋਹਣੀ ਡਰ ਜਾਂਦੀ। ਉਸ ਨੂੰ ਲੱਗਦਾ ਕਿ ਉਸ ਦਾ ਦਿਮਾਗ ਹੀ ਨਾ ਹਿੱਲ ਗਿਆ ਹੋਵੇ। ਇਕ ਗੱਲੋਂ ਮੋਹਣੀ ਨੂੰ ਕੁਝ ਤਸੱਲੀ ਵੀ ਸੀ ਕਿ ਕੁੰਦਨ ਦੀ ਸਾਰੀ ਊਰਜਾ ਬਾਹਰ ਦੋਸਤਾਂ ਉਪਰ ਖਰਚੀ ਜਾ ਰਹੀ ਸੀ ਨਹੀਂ ਤਾਂ ਉਹ ਨੇ ਉਹਦੇ ਦੁਆਲੇ ਹੋਇਆ ਰਹਿਣਾ ਸੀ। ਉਂਝ ਹੁਣ ਮੋਹਣੀ ਪਹਿਲਾਂ ਨਾਲੋਂ ਕੁਝ ਹੁਸ਼ਿਆਰ ਵੀ ਹੋ ਰਹੀ ਸੀ। ਉਸ ਦੀਆਂ ਸਹੇਲੀਆਂ ਤੇ ਉਸ ਦੀ ਭਰਜਾਈ ਆਖਦੀਆਂ ਕਿ ਬੰਦੇ ਦਾ ਸਾਹਮਣਾ ਕਰਨਾ ਜ਼ਰੂਰੀ ਹੁੰਦਾ ਹੈ ਨਹੀਂ ਤਾਂ ਬੰਦਾ ਹੋਰ ਤੇ ਹੋਰ ਦਬਾਉਂਦਾ ਜਾਂਦਾ ਹੈ। ਕੁੰਦਨ ਨੇ ਨਵੇਂ ਦੋਸਤ ਬਣਾਉਣ ਦੀ ਅਸਫਲ ਜਿਹੀ ਕੋਸ਼ਿਸ਼ ਵੀ ਕੀਤੀ। ਉਸ ਦੀ ਇਕ ਸਮੱਸਿਆ ਇਹ ਵੀ ਸੀ ਕਿ ਉਹ ਹਰ ਬੰਦੇ ਨਾਲ ਗੱਲ ਵੀ ਨਹੀਂ ਸੀ ਕਰ ਸਕਦਾ ਤੇ ਹਰ ਬੰਦੇ ਨੂੰ ਆਪਣੇ ਨਾਲ ਗੱਲ ਕਰਨ ਦੇ ਯੋਗ ਵੀ ਨਹੀਂ ਸੀ ਸਮਝਦਾ।

ਇਕ ਦਿਨ ਉਸ ਨੇ ਰੱਜ ਕੇ ਦਾਰੂ ਪੀਤੀ ਤੇ ਰੌਸ਼ਨ ਨੂੰ ਫੋਨ ਘੁਮਾ ਦਿਤਾ। ਰੌਸ਼ਨ ਬਹੁਤ ਪਿਆਰ ਨਾਲ ਬੋਲਿਆ ਪਰ ਕੁੰਦਨ ਨੇ ਕਿਹਾ,

"ਡਾਕਟਰ ਰੌਸ਼ਨ, ਮੈਂ ਜੇਠੂ ਬੋਲ ਰਿਹਾਂ, ਤੈਨੂੰ ਚੈਲੰਜ ਕਰਦਾਂ ਕਿ ਮੈਂ ਤਾਂ ਹਾਲੇ ਦਿੱਲੀ ਵਿੱਚ ਈ ਰਹਿਣਾ ਪਰ ਤੂੰ ਮੇਰੇ ਹੁੰਦੇ ਹੋਏ ਇੰਗਲੈਂਡ ਵੜ੍ਹ ਕੇ ਦਿਖਾਈਂ!"

27-ਵਾਪਸੀ

ਉਸ ਨੇ ਬੇਕਜ਼ਫੀਲਡ ਹਾਲ ਦੇ ਬਾਹਰ ਕਾਰ ਰੋਕੀ ਤੇ ਕਾਰ ਖੜੀ ਕਰਨ ਲਈ ਜਗਾਹ ਲੱਭਣ ਲੱਗਿਆ। ਭਰੇ ਹੋਏ ਕਾਰ ਪਾਰਕ ਤੋਂ ਜਾਪਦਾ ਸੀ ਕਿ ਅੰਦਰ ਵਾਹਵਾ ਗਿਣਤੀ ਵਿੱਚ ਲੋਕ ਇਕੱਠੇ ਹੋਏ ਸਨ। ਉਸ ਨੂੰ ਜ਼ਰਾ ਕੁ ਦੂਰ ਇਕ ਗਲੀ ਵਿੱਚ ਜਗਾਹ ਮਿਲ ਗਈ। ਉਹ ਆ ਕੇ ਹਾਲ ਦੇ ਬਾਹਰ ਖੜ ਗਿਆ ਕਿ ਸ਼ਾਇਦ ਕੋਈ ਵਾਕਫ ਇਥੇ ਹੀ ਮਿਲ ਪਵੇ। ਉਸ ਨੂੰ ਇਸ ਸਮਾਗਮ ਦਾ ਸੱਦਾ ਨਹੀਂ ਸੀ ਆਇਆ ਪਰ ਉਹ ਸਮਝਦਾ ਸੀ ਕਿ ਇੰਗਲੈਂਡ ਦੇ ਲੋਕ ਇੰਨੇ ਨਿਰਮੋਹੇ ਨਹੀਂ ਹੋਏ ਕਿ ਤੁਹਾਨੂੰ ਸੱਦੇ ਦੀ ਲੋੜ ਪਏ। ਇੰਗਲੈਂਡ ਦੇ ਲੇਖਕਾਂ ਵਿੱਚ ਹਾਲੇ ਦਿਲ ਹੈਨ। ਹਾਲ ਵਿੱਚੋਂ ਸਟੇਜ ਤੋਂ ਕਿਸੇ ਦੇ ਬੋਲਣ ਦੀ ਆਵਾਜ਼ ਬਾਹਰ ਤਕ ਸੁਣ ਰਹੀ ਸੀ। ਉਹ ਸਮਝ ਗਿਆ ਕਿ ਇਹ ਚਤਰਥ ਸਿੰਘ ਹੈ। 'ਵਿਦੇਸ਼' ਦੀ ਖ਼ਬਰ ਅਨੁਸਾਰ ਚਤਰਥ ਸਿੰਘ ਨੇ ਦੇਵਿੰਦਰ ਸਿੰਘ ਦੀ ਲੇਖਾਂ ਦੀ ਕਿਤਾਬ ਉਪਰ ਪਰਚਾ ਪੜ੍ਹਨਾ ਸੀ। ਕੁੰਦਨ ਨੇ ਨਾ ਤਾਂ ਕਿਤਾਬ ਪੜ੍ਹੀ ਸੀ ਤੇ ਨਾ ਹੀ ਪਰਚਾ। ਉਸ ਨੂੰ ਪਤਾ ਸੀ ਕਿ ਜੇ ਸਟੇਜ ਸਕੱਤਰ ਨੇ ਉਸ ਨੂੰ ਅੰਦਰ ਦੇਖ ਲਿਆ ਤਾਂ ਕੁਝ ਬੋਲਣ ਲਈ ਸਟੇਜ 'ਤੇ ਸੱਦ ਹੀ ਲੈਣ ਸੀ। ਇਹ ਦੋਸਤ ਦਿੱਲੀ ਵਾਲੀ ਜ਼ਿਹਨੀਅਤ ਵਾਲੇ ਨਹੀਂ ਸਨ। ਇਹ ਭਾਵੇਂ ਉਸ ਨੂੰ ਕਿਸੇ ਗੱਲੋਂ ਪਸੰਦ ਨਾ ਕਰਨ ਪਰ ਉਸ ਦੀ ਵੁੱਕਤ ਸਮਝਦੇ ਸਨ। ਉਸ ਨੂੰ ਮਹਿਸੂਸ ਹੋ ਰਿਹਾ ਸੀ ਕਿ ਇੰਗਲੈਂਡ ਦੇ ਲੇਖਕ ਉਸ ਦੇ ਆਪਣੇ ਹਨ, ਜੇ ਉਸ ਨੂੰ ਵੱਢਣਗੇ ਵੀ ਤਾਂ ਵੱਢ ਕੇ ਛਾਵੇਂ ਸੁਟਣਗੇ। ਉਹ ਹਾਲ ਦੇ ਬਾਹਰ ਏਧਰ ਓਧਰ ਘੁੰਮਣ ਲੱਗਿਆ। ਅਚਾਨਕ ਉਸ ਨੇ ਦੇਖਿਆ ਕਿ ਸਾਹਮਣੇ ਜੋਗੇਂਦਰ ਤੁਰਿਆ ਆ ਰਿਹਾ ਹੈ। ਜੋਗੇਂਦਰ ਉਸ ਵੱਲ ਹੱਥ ਕੱਢਦਾ ਹੋਇਆ ਕਾਹਲੀ ਨਾਲ ਆ ਗਿਆ ਤੇ ਬੋਲਿਆ,

"ਓ ਵੱਡੇ ਭਾਊ, ਤੁਸੀਂ ਕਦੋਂ ਆਏ?"

"ਦੋ ਕੁ ਦਿਨ ਹੀ ਹੋਏ ਨੇ।"

"ਅੰਦਰ ਆਓ।"

"ਨਹੀਂ ਹਾਲੇ, ਆਹ ਪੇਪਰ ਖਤਮ ਹੋ ਲਵੇ, ਅਗਲੇ ਸੈਸ਼ਨ ਵਿੱਚ ਸਹੀ।"

"ਭਾਊ, ਤੁਹਾਨੂੰ ਹੋਇਆ ਕੀ ਐ? ...ਤੁਹਾਡੀਆਂ ਤਾਂ ਅੱਖਾਂ ਬਿਲਕੁਲ ਖਾਲੀ ਐ, ਸਿਹਤ ਤਾਂ ਠੀਕ ਐ?"

ਜੋਗੇਂਦਰ ਨੇ ਕੁੰਦਨ ਦੀਆਂ ਅੱਖਾਂ ਵਿੱਚ ਦੇਖਦਿਆਂ ਪੁੱਛਿਆ। ਕੁੰਦਨ ਨੂੰ ਚੰਗਾ ਲਗਿਆ ਕਿ ਕਿਸੇ ਨਾ ਤਾਂ ਉਸ ਦਾ ਫਿਕਰ ਕੀਤਾ। ਉਹ ਬੋਲਿਆ,

"ਛੋਟੇ ਭਾਊ, ਦਿੱਲੀ ਤੋਂ ਜੇਠੂ ਪਾਗਲ ਹੋ ਕੇ ਮੁੜਿਆ, ਬਸ ਸੰਗਲ਼ ਈ ਨਹੀਂ ਲਗੇ, ਜੇ ਉਹਨਾਂ ਦਾ ਵੱਸ ਹੁੰਦਾ ਤਾਂ ਇਹ ਵੀ ਲਾ ਦਿੰਦੇ।"

ਕਹਿ ਕੇ ਕੁੰਦਨ ਫੋਕਾ ਜਿਹਾ ਹਾਸਾ ਹੱਸਿਆ। ਜੋਗੇਂਦਰ ਹੈਰਾਨ ਸੀ ਕਿ ਕੁੰਦਨ ਤਾਂ ਅਜਿਹਾ ਹਾਸਾ ਕਦੇ ਨਹੀਂ ਸੀ ਹੱਸਿਆ ਕਰਦਾ। ਉਸ ਨੇ ਕਿਹਾ,

"ਆ ਜਾ ਭਾਊ, ਆਪਾਂ ਗਲਾਸੀ ਲਾਉਨੇ ਆਂ, ਮੇਰੀ ਕਾਰ ਵਿਚ ਹੈਗੀ ਐ।"

"ਗਲਾਸੀ ਮੈਂ ਘਰ ਜਾ ਕੇ ਲਾਊਂ, ਕਾਰ ਵੀ ਚਲਾਉਣੀ ਏਂ।"

"ਨਹੀਂ ਭਾਊ, ...ਆਹ ਨਿਰਾਸ਼ਾ ਤਾਂ ਜ਼ਰਾ ਦੂਰ ਹੋਵੇ, ਦਿੱਲੀ ਦੀ ਐਸੀ ਕੀ ਤੈਸੀ!"

ਜੋਗੇਂਦਰ ਨੇ ਉਸ ਦਾ ਹੌਂਸਲਾ ਵਧਾਉਣ ਲਈ ਕਿਹਾ ਤੇ ਉਸ ਦਾ ਹੱਥ ਫੜ ਆਪਣੀ ਕਾਰ ਵਲ ਲੈ ਤੁਰਿਆ। ਉਹ ਕਾਰ ਵਿਚ ਬੈਠ ਗਏ। ਜੋਗੇਂਦਰ ਨੇ ਦੋ ਪੈੱਗ ਬਣਾਏ। ਇਕ ਗਲਾਸ ਕੁੰਦਨ ਦੇ ਹੱਥ ਵਿੱਚ ਫੜਾਉਂਦਾ ਬੋਲਿਆ,

"ਭਾਊ, ਵੈਲਕੰਮ ਬੈਕ!"

"ਇਕ ਗੱਲ ਤਾਂ ਯਾਰ, ਤੂੰ ਮੈਨੂੰ ਡਾਕਟਰ ਸਾਬ ਕਹਿ ਕੇ ਐਡਰਸ ਕਰ।"

"ਠੀਕ ਡਾਕਟਰ ਸਾਹਿਬ, ਆਪਣੀ ਗਲਾਸੀ ਚੁੱਕੋ, ਜ਼ਰਾ ਗਮ ਨੂੰ ਛੰਡੋ!"

ਕੁੰਦਨ ਨੇ ਇਕੋ ਸਾਹੇ ਆਪਣੀ ਗਲਾਸੀ ਪੀ ਲਈ। ਮੁੱਛਾਂ ਸੰਵਾਰਦਾ ਬੋਲਿਆ,

"ਥੈਂਕਿਊ ਤੇਰੇ ਪਿਆਰ ਦਾ, ਏਹ ਮੋਹ ਸਾਲ਼ਾ ਬੈਹੜਿਆਂ ਦਾ ਦਿੱਲੀ ਵਿੱਚ ਹੈ ਨਹੀਂ!"

"ਹੁਣ ਕੀ ਵਿਚਾਰ ਐ, ਵਾਪਸ ਚਲੇ ਜਾਣਾ ਕਿ ਰਹਿਣਾ ਇਥੇ?"

ਜੋਗੇਂਦਰ ਨੇ ਇਹ ਸਵਾਲ ਮਜ਼ਾਕ ਵਿੱਚ ਪੁੱਛਿਆ ਸੀ ਕਿਉਂਕਿ ਜਦੋਂ ਉਹ ਦਿੱਲੀ ਜਾ ਰਿਹਾ ਸੀ ਤਾਂ ਕੁੰਦਨ ਕਹਿੰਦਾ ਹੁੰਦਾ ਸੀ ਕਿ ਇੰਗਲੈਂਡ ਵਿੱਚ ਉਸ ਦੇ ਕਰਨ ਲਈ ਹੁਣ ਕੁਝ ਨਹੀਂ ਬਚਿਆ। ਕੁੰਦਨ ਕੰਨਾਂ ਨੂੰ ਹੱਥ ਲਾਉਂਦਾ ਬੋਲਿਆ,

"ਮੇਰੀ ਤੋਬਾ, ਮੇਰੇ ਬਾਪ ਦੀ ਤੋਬਾ, ਪੂਰੇ ਖਾਨਦਾਨ ਦੀ ਤੋਬਾ! ...ਸਾਲ਼ਾ ਬੈਹੜਿਆਂ ਦਾ ਹੋਊ ਜਿਹੜਾ ਮੁੜ ਕੇ ਦਿੱਲੀ ਜਾਊ!"

ਆਖਦਾ ਉਹ ਹੱਸਿਆ। ਜੋਗੇਂਦਰ ਨੇ ਇਕ ਗਲਾਸੀ ਹੋਰ ਪਾਈ। ਉਹ ਦੋਵੇਂ ਹੀ ਸੁਰ ਸਿਰ ਹੋ ਗਏ। ਵਾਪਸ ਹਾਲ ਵਿੱਚ ਆ ਗਏ। ਚਤਰਥ ਸਿੰਘ ਦੇ ਪਰਚੇ ਉਪਰ ਬਹਿਸ ਚੱਲ ਰਹੀ ਸੀ। ਦੇਵਿੰਦਰ ਸਿੰਘ ਦੀ ਕਿਤਾਬ ਬਾਰੇ ਕਈ ਲੋਕਾਂ ਨੂੰ ਕਿੰਤੂ-ਪ੍ਰੰਤੂ ਸਨ। ਕੁੰਦਨ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਸੀ। ਉਸ ਨੇ ਤਾਂ ਦੋਸਤਾਂ ਨੂੰ ਮਿਲਣਾ ਸੀ। ਪਹਿਲਾ ਸੈਸ਼ਨ ਖਤਮ ਹੋ ਗਿਆ। ਚਾਹ-ਪਾਣੀ ਲਈ ਲੋਕ ਇਕੱਠੇ ਹੋਣ ਲਗੇ। ਕੁੰਦਨ ਸਭ ਨਾਲ ਹੱਥ ਮਿਲਾ ਰਿਹਾ ਸੀ। ਦੋ ਗਲਾਸੀਆਂ ਦਾ ਸਰੂਰ ਸੀ। ਉਹ ਹਰ ਇਕ ਨਾਲ ਪੂਰੇ ਮੋਹ ਨਾਲ ਹੱਥ ਘੁੱਟ ਕੇ ਮਿਲਦਾ। ਉਸ ਨੂੰ ਦੇਖ ਕੇ ਕਈ ਹੈਰਾਨ ਵੀ ਸਨ ਤੇ ਖੁਸ਼ ਵੀ। ਅਗਲੇ ਸੈਸ਼ਨ ਵਿੱਚ ਕਵੀ ਦਰਬਾਰ ਹੋਇਆ। ਸਕੱਤਰ ਨੇ ਇੱਜ਼ਤ ਨਾਲ ਕੁੰਦਨ ਨੂੰ ਕਵਿਤਾ ਪੜ੍ਹਨ ਲਈ ਸਟੇਜ ਤੇ ਸੱਦਿਆ। ਕੁੰਦਨ ਨੇ ਬਾਹਾਂ ਮਾਰ ਮਾਰ ਕੇ ਆਪਣੀ ਨਵੀਂ ਲਿਖੀ ਗਜ਼ਲ ਪੜ੍ਹੀ। ਪ੍ਰੋਗਰਾਮ ਤੋਂ ਬਾਅਦ ਚੰਡੀਗੜ ਤੋਂ ਆਇਆ ਇਕ ਡਾਕਟਰ ਹਰਬਚਨ ਨੇ ਕੁੰਦਨ ਨੂੰ ਆਖਿਆ,

"ਕੁੰਦਨ ਜੀ, ਕਦੇ ਮਿਲਦੇ ਨਹੀਂ, ਮੈਨੂੰ ਕਈ ਦਿਨ ਹੋ ਗਏ ਆਏ ਨੂੰ, ਤੁਹਾਨੂੰ ਦੇਖਿਆ ਹੀ ਨਹੀਂ?"

"ਭਾਈ ਸਾਹਿਬ, ਇੰਡੀਆ ਵੀ ਤਾਂ ਆਪਾਂ ਏਤਰਾਂ ਹੀ ਮਿਲਦੇ ਹੁੰਦੇ ਆਂ, ਕਦੇ ਪ੍ਰੋਗਰਾਮ ਵਿੱਚ ਤੇ ਕਦੇ ਸੜਕ ਦੇ ਜਾਂਦੇ ਹੋਏ।"

"ਕੁੰਦਨ ਜੀ, ਫੇਰ ਵੀ ਇਹ ਤੁਹਾਡਾ ਮੁਲਕ ਏ!"

"ਇਹ ਗੱਲ ਚੰਗੀ ਏ, ਉਥੇ ਜਾਈਏ ਤਾਂ ਵੀ ਉਹ ਸਾਡਾ ਮੁਲਕ ਤੇ ਇਥੇ ਤੁਸੀਂ ਆਓ ਤਾਂ ਇਹ ਸਾਡਾ ਮੁਲਕ, ਫਿਰ ਤੁਹਾਡਾ ਕਿਹੜਾ ਮੁਲਕ ਹੋਇਆ?"

ਕੁੰਦਨ ਦੇ ਵਿਅੰਗ ਨੂੰ ਡਾਕਟਰ ਹਰਬਚਨ ਸਮਝ ਗਿਆ ਤੇ ਕੰਨ ਲਪੇਟਦਾ ਤੁਰ ਗਿਆ। ਕੁੰਦਨ ਕੋਲ ਖੜੇ ਜੋਗੇਂਦਰ ਨੂੰ ਦੱਸਣ ਲੱਗਿਆ,

"ਬੜਾ ਭੈੜਾ ਬੰਦਾ ਇਹ! ...ਜੇਸ ਥਾਲ਼ੀ ਵਿਚ ਖਾਂਦਾ, ਓਹਦੇ ਵਿਚ ਈ ਛੇਕ ਕਰਦਾ, ਜੇਸ ਘਰ ਜਾਂਦਾ ਓਹਦੇ ਬਾਰੇ ਹੀ ਇੰਡੀਆ ਜਾ ਕੇ ਉਲਟਾ-ਸਿੱਧਾ ਲਿਖਣ ਲੱਗ ਪੈਂਦਾ, ...ਉਪਰੋਂ ਦੀ ਪੈਸੇ ਵੀ ਮੰਗਦਾ ਫਿਰਦਾ, ਕਦੇ ਪਰਚਾ ਕੱਢਣ ਦੇ ਬਹਾਨੇ ਤੇ ਕਿਸੇ ਹੋਰ ਤਰੀਕੇ ਨਾਲ।"

"ਪਿੱਛੇ ਜਿਹੇ ਇਹ ਮੈਨੂੰ ਵੀ ਲੋਦਾ ਲਾ ਗਿਆ ਸੀ!"

"ਇਹ ਸਾਰੇ ਇੰਡੀਅਨ ਹੀ ਇਕੋ ਰੱਸੇ ਬੰਨਣ ਵਾਲੇ ਨੇ, ਜਦੋਂ ਅਸੀਂ ਇੰਡੀਆ ਜਾਈਏ ਤਾਂ ਵੀ ਏਹਨਾਂ ਦੀ ਸੇਵਾ ਕਰੀਏ ਤੇ ਇਥੇ ਆਇਆਂ ਦੀ ਤਾਂ ਕਰਨੀ ਹੀ ਹੋਈ। ਓ ਕਹਿੰਦੇ ਹੁੰਦੇ ਆ ਨਾ ਕਿ ਮੇਰੇ ਆਵੇਂਗਾ ਤਾਂ ਕੀ ਲਿਆਵੇਂਗਾ ਤੇ ਮੈਂ ਅਵਾਂਗਾ ਤਾਂ ਕੀ ਦੇਵੇਂਗਾ। ਬਸ, ਮੈਂ ਏਹੋ ਜਿਹੇ ਲੋਕਾਂ ਦੀ ਮੈਂਟੈਲਟੀ ਵਿੱਚ ਘਿਰ ਗਿਆ ਸੀ, ਇਥੇ ਆ ਕੇ ਜ਼ਰਾ ਸਾਹ ਆਇਆ, ਅਜ ਦੋਸਤਾਂ ਨੂੰ ਮਿਲ ਕੇ ਵੀ ਮਜ਼ਾ ਆ ਗਿਆ।"

ਕੁੰਦਨ ਨੂੰ ਇਸ ਪ੍ਰੋਗਰਾਮ ਵਿੱਚ ਆਉਣਾ ਬਹੁਤ ਚੰਗਾ ਲੱਗਿਆ। ਜਦੋ ਦਾ ਉਹ ਮੁੜਿਆ ਸੀ ਉਸ ਨੂੰ ਇੰਗਲੈਂਡ ਦੀ ਹਰ ਗੱਲ ਹੀ ਚੰਗੀ ਲੱਗ ਰਹੀ ਸੀ ਤੇ ਸੋਚਦਾ ਹੋਇਆ ਹੈਰਾਨ ਹੋਣ ਲੱਗਦਾ ਕਿ ਇੰਨੇ ਸਾਲ ਉਸ ਨੇ ਦਿੱਲੀ ਵਿੱਚ ਕਿਵੇਂ ਕੱਢ ਲਏ ਸਨ।...

ਦਿੱਲੀ ਵਿੱਚ ਰਹਿਣਾ ਉਸ ਲਈ ਬਹੁਤ ਮੁਸ਼ਕਲ ਹੋ ਗਿਆ ਸੀ। ਹੁਣ ਉਹ ਵਾਪਸ ਜਾਣ ਲਈ ਕਾਹਲਾ ਪੈਣ ਲੱਗਾ। ਇਕ ਦਿਨ ਉਸ ਨੇ ਮੋਹਣੀ ਨੂੰ ਕਿਹਾ,

"ਇਤਰਾਂ ਕਰ, ਤੂੰ ਆਪਣੇ ਭਰਾ ਦੇ ਘਰ ਚਲੇ ਜਾਹ, ਮੈਂ ਵਾਪਸ ਲੰਡਨ ਜਾ ਰਿਹਾਂ।"

"ਤੇ ਮੈਂ?"

"ਤੂੰ ਬਾਅਦ ਵਿੱਚ ਆ ਜਾਵੀਂ, ਹਾਂ ਆਪਣੀ ਨੌਕਰੀ ਛੱਡ ਦੇਵੀਂ ਕਿਉਂਕਿ ਹੁਣ ਆਪਾਂ ਵਾਪਸ ਇੰਡੀਆ ਨਹੀਂ ਆਉਣਾ।"

ਮੋਹਣੀ ਨੂੰ ਸਮਝ ਨਾ ਲੱਗੇ ਕਿ ਭਰਾ ਦੇ ਘਰ ਜਾਣ ਲਈ ਕਿਉਂ ਕਹਿ ਰਿਹਾ ਹੈ ਜਦ ਕਿ ਉਹ ਚੰਗੀ ਭਲੀ ਫਲੈਟ ਵਿੱਚ ਹੀ ਰਹਿ ਸਕਦੀ ਸੀ। ਇੰਨੇ ਸਾਲ ਨਾਲ ਰਹਿ ਕੇ ਵੀ ਉਹ ਕੁੰਦਨ ਨੂੰ ਸਮਝ ਨਹੀਂ ਸੀ ਸਕੀ। ਅਸਲ ਵਿੱਚ ਕੁੰਦਨ ਫਲੈਟ ਉਪਰ ਆਪਣਾ ਕਬਜ਼ਾ ਕਰਨਾ ਚਾਹੁੰਦਾ ਸੀ। ਉਹ ਸੋਚ ਰਿਹਾ ਸੀ ਕਿ ਉਸ ਦੇ ਜਾਣ ਤੋਂ ਬਾਅਦ ਮੋਹਣੀ ਕਿਤੇ ਫਲੈਟ ਆਪਣੇ ਭਰਾ ਨੂੰ ਹੀ ਨਾ ਦੇ ਦੇਵੇ ਕਿਉਂਕਿ ਕਦੇ ਕਦੇ ਉਹ ਗੱਲ

ਕਰਿਆ ਕਰਦੀ ਸੀ ਕਿ ਉਸ ਦੇ ਭਰਾ ਦਾ ਘਰ ਉਸ ਦੇ ਬੱਚਿਆਂ ਲਈ ਬਹੁਤ ਛੋਟਾ ਹੈ। ਉਸ ਨੇ ਮੋਹਣੀ ਨੂੰ ਭਰਾ ਦੇ ਘਰ ਭੇਜ ਕੇ ਫਲੈਟ ਨੂੰ ਪੱਕੇ ਜਿੰਦਰੇ ਲਗਵਾ ਦਿਤੇ।

ਕੁੰਦਨ ਕੁਝ ਦਿਨ ਅਮਰਜੋਤ ਦੇ ਫਲੈਟ ਵਿੱਚ ਰਿਹਾ ਜਦ ਤਕ ਉਸ ਦਾ ਘਰ ਵੀ ਵਿਹਲਾ ਹੋ ਗਿਆ ਤੇ ਉਹ ਆਪਣੇ ਘਰ ਚਲੇ ਗਿਆ। ਅਮਨਜੋਤ ਹੁਣ ਨੌਕਰੀ ਕਰਦਾ ਸੀ। ਕੁੰਦਨ ਆਪਣੇ ਵੱਡੇ ਸਾਰੇ ਘਰ ਵਿੱਚ ਇਕੱਲਾ ਸੀ। ਅਮਨਜੋਤ ਕਦੇ ਕਦਾਈਂ ਹੀ ਮਿਲਣ ਆਉਂਦਾ ਤੇ ਪਾਇਲ ਵੀ ਫੋਨ ਨਾਲ ਹੀ ਕੰਮ ਚਲਾ ਲੈਂਦੀ। ਕੁਝ ਦਿਨ ਤਾਂ ਉਸ ਦੇ ਸੋਹਣੇ ਲੰਘੇ ਪਰ ਫਿਰ ਉਸ ਨੂੰ ਇਕੱਲ ਮਹਿਸੂਸ ਹੋਣ ਲੱਗੀ। ਉਹ ਸੋਚਦਾ ਕਿ ਜੇ ਮੋਹਣੀ ਇਥੇ ਹੋਵੇਗੀ ਤਾਂ ਕੋਈ ਗੱਲ ਕਰਨ ਵਾਲਾ ਤਾਂ ਹੋਵੇਗਾ। ਮੋਹਣੀ ਨਾਲ ਸਾਹਿਤਕ ਬਹਿਸ ਕਰਕੇ ਉਸ ਨੂੰ ਅਜੀਬ ਜਿਹੀ ਸੰਤੁਸ਼ਟੀ ਵੀ ਮਿਲਦੀ। ਫਿਰ ਜਿਹੜਾ ਵੀ ਦੋਸਤ ਮਿਲਦਾ ਉਹ ਮੋਹਣੀ ਬਾਰੇ ਹੀ ਪੁੱਛਦਾ। ਮਹੀਨੇ ਕੁ ਬਾਅਦ ਮੋਹਣੀ ਵੀ ਇੰਗਲੈਂਡ ਆ ਗਈ। ਦੋਵੇਂ ਇਕ ਵਾਰ ਫਿਰ ਇੰਗਲੈਂਡ ਦੇ ਸਾਹਿਤਕ ਹਲਕਿਆਂ ਵਿੱਚ ਵਿਚਰਨ ਲੱਗੇ। ਪਰ ਇਕ ਗੱਲ ਕੁੰਦਨ ਨੂੰ ਬਹੁਤ ਚੁੱਭਦੀ ਸੀ ਕਿ ਹਰ ਮਹਿਫਲ ਵਿੱਚ ਮੋਹਣੀ ਦੀ ਕਦਰ ਬਹੁਤੀ ਪੈਂਦੀ। ਮੋਹਣੀ ਵਿੱਚ ਇਕ ਤਬਦੀਲੀ ਆ ਗਈ ਸੀ ਕਿ ਉਸ ਵਿੱਚ ਪਹਿਲਾਂ ਨਾਲੋਂ ਕੁਝ ਜ਼ਿਆਦਾ ਆਤਮ ਵਿਸਵਾਸ਼ ਆ ਗਿਆ ਸੀ। ਕਦੇ ਕਦੇ ਉਹ ਕੁੰਦਨ ਨਾਲ ਆਹਡਾ ਵੀ ਲੈ ਲੈਂਦੀ ਸੀ। ਇਕ ਦਿਨ ਅਚਾਨਕ ਕੁੰਦਨ ਤੇ ਮੋਹਣੀ ਵਿਚਕਾਰ ਕਿਸੇ ਗੱਲੋਂ ਕਿਹਾ-ਸੁਣੀ ਹੋ ਗਈ। ਮੋਹਣੀ ਵੀ ਬਾਹ ਕੱਢ ਕੇ ਲੜ੍ਹਨ ਲੱਗੀ। ਇਕ ਤਾਂ ਕੁੰਦਨ ਇੰਗਲੈਂਡ ਆ ਕੇ ਆਪਣੇ ਆਪ ਨੂੰ ਦਿੱਲੀ ਨਾਲੋਂ ਜ਼ਿਆਦਾ ਤਾਕਤਵਰ ਸਮਝਦਾ ਸੀ ਤੇ ਦੂਜੇ ਕੁੰਦਨ ਦੀ ਹੁਣ ਇਹ ਆਦਤ ਨਹੀਂ ਸੀ ਰਹੀ ਕਿ ਕੋਈ ਵੀ ਉਸ ਦੇ ਮੋਹਰੇ ਬੋਲੇ। ਉਹ ਮੋਹਣੀ 'ਤੇ ਚੀਕਦਾ ਹੋਇਆ ਬੋਲਿਆ,

"ਨਿਕਲ ਮੇਰੇ ਘਰੋਂ, ਸਾਲ਼ੀ ਬੈਹੜਿਆਂ ਦੀ, ਬਰਾਬਰ ਬੋਲਦੀ ਏ! ...ਇਹ ਤੇਰੀ ਦਿੱਲੀ ਨਹੀਂ, ਸਮਝੀ!"

ਜਿਵੇਂ ਇਹ ਗੱਲ ਉਸ ਨੇ ਮੋਹਣੀ ਨੂੰ ਨਹੀਂ ਸਾਰੀ ਦਿੱਲੀ ਨੂੰ ਕਹੀ ਹੋਵੇ।

ਮੋਹਣੀ ਨੂੰ ਵੀ ਗੁੱਸਾ ਆ ਗਿਆ। ਉਸ ਨੇ ਆਪਣਾ ਬੈਗ ਚੁੱਕਿਆ ਤੇ ਦਰੋਂ ਬਾਹਰ ਨਿਕਲ ਗਈ। ਬਾਹਰ ਮੀਂਹ ਪੈ ਰਿਹਾ ਸੀ। ਠੰਡ ਵੀ ਲੋਹੜੇ ਦੀ ਸੀ। ਉਸ ਨੇ ਕੋਈ ਭਾਰਾ ਕਪੜਾ ਵੀ ਨਹੀਂ ਸੀ ਚੁੱਕਿਆ। ਉਹ ਤੁਰ ਪਈ ਪਰ ਕਿਧਰ ਨੂੰ ਉਸ ਨੂੰ ਕੁਝ ਨਹੀਂ ਸੀ ਪਤਾ। ਪਾਲ਼ੇ ਨਾਲ ਉਹ ਠੁਰ-ਠੁਰ ਕਰ ਰਹੀ ਸੀ। ਕੁਝ ਦੂਰ ਉਸ ਨੂੰ ਫੋਨ ਬੌਕਸ ਦਿਸਿਆ। ਮੀਂਹ ਤੋਂ ਬਚਣ ਲਈ ਉਹ ਫੋਨ ਬੌਕਸ ਵਿੱਚ ਜਾ ਵੜੀ। ਉਹ ਸੋਚਣ ਲੱਗੀ ਕਿ ਜਾਵੇ ਤਾਂ ਜਾਵੇ ਕਿੱਥੇ। ਨਾ ਕੋਈ ਦੋਸਤ ਤੇ ਨਾ ਹੀ ਕੋਈ ਵਾਕਫ, ਦਿੱਲੀ ਨਾਲੋਂ ਵੀ ਵੱਡਾ ਲੰਡਨ ਤੇ ਇਕ ਦਮ ਓਪਰਾ। ਬਹੁਤ ਸਾਰੇ ਲੇਖਕ ਲੰਡਨ ਵਿੱਚ ਰਹਿੰਦੇ ਸਨ ਪਰ ਉਹ ਕੁੰਦਨ ਦੇ ਹੀ ਜ਼ਿਆਦਾ ਦੋਸਤ ਸਨ। ਜਿਹੜਾ ਦੂਰ ਨੇੜੇ ਦਾ ਇਕ ਭਰਾ ਹੈਰੋ ਰਹਿੰਦਾ ਸੀ ਅੱਜਕੱਲ ਉਸ ਦਾ ਵੀ ਨਹੀਂ ਸੀ ਪਤਾ ਕਿ ਕਿਥੇ ਰਹਿ ਰਿਹਾ ਹੈ। ਫਿਰ ਉਸ ਨੂੰ ਕੁੰਦਨ ਦੇ ਇਕ ਪਰਿਵਾਰਕ ਦੋਸਤ ਦਾ ਚੇਤਾ ਆਇਆ। ਜਿਸ ਤੋਂ ਉਹ ਡਰਾਈਵਿੰਗ ਲੈੱਸਨ ਵੀ ਲੈਂਦੀ ਰਹੀ ਸੀ। ਉਸ ਦਾ ਨੰਬਰ ਉਸ ਨੂੰ ਯਾਦ ਸੀ। ਉਸ ਨੇ ਬਾਜਵੇ ਨੂੰ ਫੋਨ ਕੀਤਾ। ਬਾਜਵੇ ਨੇ ਅਗਿਓਂ ਫੋਨ ਚੁੱਕਿਆ ਤਾਂ ਮੋਹਣੀ ਨੇ ਸਾਰੀ ਗੱਲ ਦੱਸੀ। ਬਾਜਵਾ ਉਸ ਨੂੰ ਆਪਣੇ ਘਰ ਲੈ ਗਿਆ।...

ਜਦ ਦੋ ਕੁ ਦਿਨ ਮੋਹਣੀ ਨਾ ਆਈ ਤਾਂ ਕੁੰਦਨ ਨੂੰ ਫਿਕਰ ਹੋਣ ਲੱਗਾ ਕਿ ਕਿਧਰੇ ਬਾਹਰ ਕੋਈ ਉਲਟੀ ਪੱਟੀ ਹੀ ਨਾ ਪੜ੍ਹਾ ਦੇਵੇ ਤੇ ਮੋਹਣੀ ਉਸ ਦੇ ਘਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰੇ। ਇਹ ਗੱਲ ਖਤਰਨਾਕ ਸਿੱਧ ਹੋ ਸਕਦੀ ਹੈ। ਉਸ ਨੇ ਮੋਹਣੀ ਦੀ ਤਾਲਾਸ਼ ਸ਼ੁਰੂ ਕਰ ਦਿਤੀ। ਉਸ ਨੇ ਬਨਫੂਲ ਨੂੰ ਫੋਨ ਕੀਤਾ ਤੇ ਫਿਰ ਪਰਵਾਨਾ ਜੀ ਨੂੰ। ਉਹ ਦੋਵੇਂ ਇੰਡੀਆ ਗਏ ਦਿੱਲੀ ਉਹਨਾਂ ਦੇ ਘਰ ਰਹਿ ਆਏ ਸਨ। ਉਸ ਨੇ ਉਹਨਾਂ ਨੂੰ ਸਿੱਧੇ ਨਾ ਦੱਸਿਆ ਕਿ ਮੋਹਣੀ ਘਰੋਂ ਚਲੇ ਗਈ ਹੈ ਬਸ ਤਰੀਕੇ ਤਰੀਕੇ ਨਾਲ ਟੋਹਣ ਲੱਗਿਆ ਪਰ ਮੋਹਣੀ ਉਥੇ ਨਹੀਂ ਸੀ। ਸ਼ਾਮ ਤਕ ਬਾਜਵੇ ਦਾ ਫੋਨ ਆ ਗਿਆ। ਕੁੰਦਨ ਨੇ ਸੁੱਖ ਦਾ ਸਾਹ ਲਿਆ। ਉਸ ਨੂੰ ਪਤਾ ਸੀ ਕਿ ਬਾਜਵਾ ਚੰਗਾ ਬੰਦਾ ਸੀ, ਉਸ ਨੇ ਮੋਹਣੀ ਨੂੰ ਗਲਤ ਰਾਹੇ ਨਹੀਂ ਸੀ ਲਾਉਣਾ। ਉਸ ਨੇ ਮੋਹਣੀ ਨੂੰ ਹਾਲ ਦੀ ਘੜੀ ਬਾਜਵੇ ਦੇ ਘਰ ਹੀ ਰਹਿਣ ਦਿਤਾ।

ਮੋਹਣੀ ਨੂੰ ਨਿਰਮਲ ਨਾਕਸ ਦਾ ਚੇਤਾ ਆਇਆ। ਉਹ ਵਿਲਨਹਾਲ ਦੀ ਲਿਖਾਰੀ ਸਭਾ ਦਾ ਪਰਧਾਨ ਸੀ। ਇਹ ਪੰਜਾਬੀ ਲੇਖਕ ਸਭਾ ਵਿਲਨਹਾਲ ਮਿਡਲੈਂਡ ਦੀ ਸਭ ਤੋਂ ਵੱਡੀ ਲਿਖਾਰੀ ਸਭਾ ਸੀ। ਨਿਰਮਲ ਨਾਕਸ ਨੂੰ ਸਾਰੇ ਹੀ ਬਹੁਤ ਸ਼ਰੀਫ ਬੰਦਾ ਸਮਝਦੇ ਸਨ। ਕੁੰਦਨ ਵੀ ਉਸ ਦੀ ਕਦਰ ਕਰਦਾ ਸੀ। ਨਿਰਮਲ ਨਾਕਸ ਨੇ ਕੁਝ ਇਕ ਵਾਰ ਮੋਹਣੀ ਨੂੰ ਕਵੀ ਦਰਬਾਰ ਵਿੱਚ ਸੱਦਿਆ ਹੋਇਆ ਸੀ। ਮੋਹਣੀ ਉਸ ਨੂੰ ਇਕ ਜ਼ਿੰਮੇਵਾਰ ਵਿਅਕਤੀ ਸਮਝਦੀ ਸੀ। ਉਸ ਨੇ ਨਿਰਮਲ ਨਾਕਸ ਨੂੰ ਫੋਨ ਕਰਕੇ ਸਾਰੀ ਗੱਲ ਦੱਸੀ। ਨਿਰਮਲ ਨਾਕਸ ਉਹਨਾਂ ਦੋਨਾਂ ਦਾ ਵਿਚੋਲਾ ਬਣਿਆਂ ਤੇ ਦੋਨਾਂ ਨੂੰ ਸਮਝਾਉਂਦਿਆਂ ਹੋਇਆ ਉਹਨਾਂ ਦਾ ਸਮਝੌਤਾ ਕਰਾ ਕੇ ਉਹ ਮੋਹਣੀ ਨੂੰ ਵਾਪਸ ਕੁੰਦਨ ਕੋਲ ਛੱਡ ਗਿਆ। ਕੁੰਦਨ ਨੂੰ ਵੀ ਜਾਪਿਆ ਕਿ ਹੁਣ ਉਸ ਨੇ ਮੋਹਣੀ ਤੋਂ ਪਿੱਛਾ ਨਹੀਂ ਛੁਡਵਾ ਸਕਣਾ। ਇਹਨਾਂ ਦਿਨਾਂ ਵਿੱਚ ਹੀ ਪਾਇਲ ਕਈ ਦਿਨ ਤਕ ਉਸ ਨੂੰ ਮਿਲਣ ਨਾ ਆਈ ਤੇ ਨਾ ਹੀ ਫੋਨ ਕੀਤਾ। ਕੁੰਦਨ ਦੀ ਅਮਰਜੋਤ ਨਾਲ ਵੀ ਇਹਨਾਂ ਦਿਨਾਂ ਵਿੱਚ ਝੜਪ ਹੋ ਗਈ। ਸੋ ਇਕ ਵਾਰ ਫਿਰ ਉਸ ਦਾ ਸਾਰਾ ਝੁਕਾਅ ਮੋਹਣੀ ਵਲ ਹੋ ਗਿਆ।

ਕਈ ਵਾਰ ਕੁੰਦਨ ਬ੍ਰੌਡਵੇਅ ਦਾ ਗੇੜਾ ਮਾਰਨ ਨਿਕਲਦਾ। ਉਹ ਮੋਹਣੀ ਨੂੰ ਨਾਲ ਲੈ ਜਾਂਦਾ ਜਿਵੇਂ ਕਿਸੇ ਵੇਲੇ ਮਨਜੀਤ ਕੋਰ ਨੂੰ ਨਾਲ ਲੈ ਜਾਇਆ ਕਰਦਾ ਸੀ। ਵੈਸੇ ਉਹਨਾਂ ਦੇ ਆਪਸ ਵਿੱਚ ਕਿਹੋ ਜਿਹੇ ਵੀ ਸਬੰਧ ਸਨ ਪਰ ਮੋਹਣੀ ਸਜਦੀ-ਫਬਦੀ ਸੀ ਤੇ ਨਾਲ ਤੁਰੀ ਜਾਂਦੀ ਵੀ ਸੁਹਣੀ ਲਗਦੀ ਸੀ। ਉਸ ਵਿੱਚ ਹਰ ਬੰਦੇ ਨਾਲ ਗੱਲ ਕਰਨ ਦਾ ਆਤਮ ਵਿਸਵਾਸ਼ ਵੀ ਸੀ। ਮੋਹਣੀ ਨੂੰ ਵੀ ਉਸ ਨਾਲ ਇਵੇਂ ਜਾਣਾ ਚੰਗਾ ਲਗਦਾ।

ਕਦੇ ਕਦੇ ਉਹ ਕਿਸੇ ਨਾ ਕਿਸੇ ਦੋਸਤ ਦੇ ਘਰ ਵੀ ਚਲੇ ਜਾਂਦੇ। ਇਕ ਦਿਨ ਉਹ ਬਨਫੂਲ ਦੇ ਘਰ ਗਏ ਤਾਂ ਗੱਲਾਂ ਚੱਲ ਪਈਆਂ। ਬਨਫੂਲ ਆਖਣ ਲੱਗਾ,

"ਹੁਣ ਸਾਹਿਤਕ ਸਭਾਵਾਂ ਦਾ ਕੰਮ ਤਾਂ ਖਤਮ ਹੀ ਹੋ ਗਿਆ। ਮਿਡਲਸੈਕਸ ਵਿੱਚ ਕੋਈ ਵੀ ਸਰਗਰਮੀ ਨਹੀਂ, ਸਾਡੀ ਸਭਾ ਤਾਂ ਹੁਣ ਡੈੱਡ ਜਿਹੀ ਐ।"

"ਕੋਈ ਨਵੀਂ ਸਭਾ ਬਣਾ ਲਓ ਤੇ ਕੰਮ ਕਰੋ, ਕੁਝ ਕਰਨ ਲਈ ਵੀ ਹੋਏਗਾ।"

ਮੋਹਣੀ ਨੇ ਕਿਹਾ ਤੇ ਕੁੰਦਨ ਇਕ ਦਮ ਬਨਫੂਲ ਨੂੰ ਬੋਲਿਆ,

"ਚੱਲ ਭਾਊ ਆਪਾਂ ਲਿਖਾਰੀ ਸਭ ਬਣਾਈਏ, ਤੂੰ ਸੈਕਟਰੀ ਤੇ ਮੈਂ ਪਰਧਾਨ।"

"ਭਾਈ ਕੁੰਦਨ, ਤੇਰੇ ਨਾਲ਼ ਕੌਣ ਤੁਰੇ? ਇਕ ਤਾਂ ਤੂੰ ਪਹਿਲਾਂ ਈ ਡੌਮੀਨੇਟ ਕਰਨ ਦੇ ਚੱਕਰ ਵਿੱਚ ਹੁੰਦਾ ਸੀ, ਹੁਣ ਜਿਵੇਂ ਗਧੀ ਤਸੀਲੋਂ ਮੁੜਨ ਤੋਂ ਬਾਅਦ ਸਭ ਨੂੰ ਟਿੱਚ ਸਮਝਦੀ ਐ, ...ਤੂੰ ਵੀ ਤੇ ਦਿੱਲੀ ਤੋਂ ਮੁੜਿਐਂ!"

"ਤੂੰ ਯਾਰ ਮੈਨੂੰ ਈ ਟਿੱਚਰਾਂ ਕਰਨ ਡਹਿ ਪਿਆਂ, ਮੇਰਾ ਮਕਸਦ ਤਾਂ ਇਹ ਵੇ ਕਿ ਕੋਈ ਕੰਮ ਹੋਵੇ, ਸਾਰੇ ਪਾਸੇ ਸਾਹਿਤ ਵਿੱਚ ਚੁੱਪ ਛਾਈ ਪਈ ਏ।"

"ਏਨੀ ਵੀ ਚੁੱਪ ਨਹੀਂ, ਆਹ ਹੁਣੇ ਜਿਹੇ ਈ ਜੋਗੇਂਦਰ ਦੀ ਨਵੀਂ ਕਿਤਾਬ 'ਤੇ ਸਾਊਥ ਲੰਡਨ ਵਿੱਚ ਪ੍ਰੋਗਰਾਮ ਸੀ, ਤੈਨੂੰ ਨਹੀਂ ਸੀ ਸੱਦਿਆ ਓਹਨੇ?"

"ਸੱਦਿਆ ਤਾਂ ਸੀ ਪਰ ਇਕ ਤਾਂ ਉਹ ਦੂਰ ਬਹੁਤ ਸੀ ਤੇ ਦੂਜੇ ਜੋਗੇਂਦਰ ਕਿਹੜਾ ਕੋਈ ਐਡਾ ਰਾਈਟਰ ਏ!"

"ਨਹੀਂ, ਉਹਨੇ ਇਹਨਾਂ ਦੋ ਕੁ ਸਾਲਾਂ ਵਿੱਚ ਆਪਣੀ ਖਾਸ ਥਾਂ ਬਣਾਈ ਐ, ਉਹਦੀ ਇਸ ਕਿਤਾਬ ਦੀਆਂ ਕਹਾਣੀਆਂ ਵੀ ਠੀਕ ਐਂ।"

"ਅੱਛਾ! ਮੈਨੂੰ ਵੀ ਲਗਦਾ ਸੀ ਕਿ ਮੁੰਡਾ ਮਿਹਨਤੀ ਏ।"

28-ਸਮਾਜਕ ਜ਼ਿੰਮੇਵਾਰੀ

ਇਕ ਦਿਨ ਅਚਾਨਕ ਉਸ ਨੂੰ ਹਾਈ ਸਟ੍ਰੀਟ 'ਤੇ ਜੋਗਿੰਦਰ ਮਿਲ ਪਿਆ। ਉਸ ਦੇ ਦੋਵੇਂ ਬੱਚੇ ਵੀ ਨਾਲ ਸਨ। ਕੁੰਦਨ ਨੂੰ ਬੱਚੇ ਬਹੁਤ ਪਿਆਰੇ ਲੱਗੇ। ਕਦੇ ਪਾਇਲ ਤੇ ਅਮਨਜੋਤ ਵੀ ਇਵੇਂ ਹੀ ਨਿਕੇ ਨਿਕੇ ਹੋਇਆ ਕਰਦੇ ਸਨ। ਉਸ ਦਾ ਦਿਲ ਕੀਤਾ ਕਿ ਅਮਨਜੋਤ ਦੇ ਵੀ ਜਲਦੀ ਤੋਂ ਜਲਦੀ ਬੱਚੇ ਹੋ ਜਾਣ ਤੇ ਘਰ ਵਿੱਚ ਇਕ ਵਾਰ ਫਿਰ ਰੌਣਕਾਂ ਲੱਗ ਜਾਣ। ਕਦੇ ਕਦੇ ਉਸ ਨੂੰ ਡਰ ਲਗਣ ਲਗਦਾ ਕਿ ਅਮਨਜੋਤ ਕੋਲ ਕੋਈ ਦੋਸਤ-ਕੁੜੀ ਨਹੀਂ ਹੈ ਕਿਤੇ ਗੇਅ ਹੀ ਨਾ ਹੋਵੇ। ਕੁਝ ਦਿਨਾਂ ਦੇ ਗੁੱਸੇ ਬਾਅਦ ਅੱਜਕੱਲ ਦੋਵਾਂ ਦੀ ਸੁਲਾਹ ਚਲ ਰਹੀ ਸੀ। ਇਕ ਦਿਨ ਦੋਵੇਂ ਇਕੱਠੇ ਬੈਠੇ ਸ਼ਰਾਬ ਪੀ ਰਹੇ ਸਨ। ਹੁਣ ਅਮਨਜੋਤ ਵੀ ਵਾਹਵਾ ਦਾਰੂ ਪੀਣ ਲੱਗਾ ਸੀ। ਕੁੰਦਨ ਨੇ ਕਿਹਾ,

"ਅਮਨਜੋਤ, ਜਲਦੀ ਵਿਆਹ ਕਰਾ, ਮੈਨੂੰ ਪੋਤੇ-ਪੋਤੀਆਂ ਚਾਹੀਦੇ ਨੇ, ਚਾਹੀਦੇ ਵੀ ਪੂਰੇ ਚਾਰ ਨੇ, ਮੈਂ ਦੋ ਹੀ ਰੱਖੇ, ਜੇ ਮੇਰੇ ਤਿੰਨ ਬੱਚੇ ਹੁੰਦੇ ਤਾਂ ਸ਼ਾਇਦ ਤੀਜਾ ਹੀ ਚੰਗਾ ਹੁੰਦਾ।"

ਅਮਨਜੋਤ ਦੇ ਮਨ ਹੀ ਮਨ ਖੁਸ਼ ਹੋਣ ਲੱਗਾ। ਕੁੰਦਨ ਨੇ ਫਿਰ ਆਖਿਆ,

"ਮੈਂ ਦੇਖਦਾਂ ਕਿ ਤੇਰੇ ਕੋਲ ਕੋਈ ਗਰਲ ਫ੍ਰੈਂਡ ਨਹੀਂ, ਤੈਨੂੰ ਔਰਤ ਦੀ ਤਲਬ ਨਹੀਂ ਜਾਗਦੀ?"

ਅਮਨਜੋਤ ਸ਼ਰਮਾ ਗਿਆ। ਕੁੰਦਨ ਫਿਰ ਕਹਿਣ ਲੱਗਾ,

"ਦੇਖ, ਮੇਰੇ ਪੱਲੇ ਵੀ ਆਹ ਬਿਮਾਰੀ ਜਿਹੀ ਪਈ ਹੋਈ ਏ, ਮੈਂ ਵੀ ਤੇਰੇ ਵਾਂਗੂ ਇਕੱਲਾ ਈ ਆਂ, ਚੱਲ ਪੈਸੇ ਤੂੰ ਖਰਚ ਕੋਈ ਔਰਤ ਲਿਆਉਂਨੇ ਆਂ।"

ਅਮਰਜੋਤ ਹੁਣ ਗੱਲ ਕਰ ਸਕਣ ਜੋਗੇ ਨਸ਼ੇ ਵਿੱਚ ਉਹ ਆ ਚੁੱਕਿਆ ਸੀ। ਉਸ ਨੇ ਆਖਿਆ,

"ਮੋਹਣੀ ਹਰ ਵੇਲੇ ਘਰ ਹੁੰਦੀ ਐ, ਇਹ ਅਗੇ ਰੌਲ਼ਾ ਪਾਏਗੀ, ਮੇਰੇ ਦੋਸਤ ਕੀ ਕਹਿਣਗੇ।"

"ਵੈਸੇ ਤਾਂ ਮੈਨੂੰ ਏਹਦੀ ਕੋਈ ਪਰਵਾਹ ਨਹੀਂ ਪਰ..., ਏਤਰਾਂ ਕਰਾਂਗੇ ਕਿ ਅਕਸਬ੍ਰਿਜ ਰੋਡ 'ਤੇ ਇਕ ਬ੍ਰੌਥਲ ਹੈਗਾ, ਮੈਂ ਪਤਾ ਕਰਦਾਂ, ਉਥੇ ਚੱਲਾਂਗੇ, ...ਪਰ ਪੈਸੇ ਤੈਨੂੰ ਖਰਚਣੇ ਪੈਣਗੇ, ਤੈਨੂੰ ਪਤਾ ਕਿ ਮੈਂ ਪੈਨਸ਼ਨਰ ਆਂ, ਮੇਰੇ ਕੋਲ ਤਾਂ ਪੈਸੇ ਹੈ ਨਹੀਂ।"

"ਨਹੀਂ ਡੈਡ, ਪੈਸੇ ਆਪੋ ਆਪਣੇ।"

"ਸਾਲ਼ਿਆ ਬੈਹੜਿਆਂ ਦਿਆ, ਮੈਂ ਤੇਰਾ ਪਿਓ ਆਂ, ਤੈਨੂੰ ਟਰੇਨਿੰਗ ਦੇ ਰਿਹਾਂ, ਥੋੜੇ ਜਿਹੇ ਪੈਸੇ ਖਰਚਦਾਂ ਤੂੰ ਮਰਦਾਂ?"

ਇਵੇਂ ਪੈਸੇ ਖਚਰਣ ਲਈ ਕੁੰਦਨ ਨੇ ਅਮਰਜੋਤ ਨੂੰ ਮਨਾ ਲਿਆ। ਇਕ ਦਿਨ ਘਰੋਂ ਬਹਾਨਾ ਕਰਕੇ ਦੋਵੇਂ ਖਿਸਕ ਗਏ। ਕੁੰਦਨ ਨੇ ਬ੍ਰੌਥਲ ਦੀ ਮੈਡਮ ਨਾਲ ਪਹਿਲਾਂ ਹੀ ਫੋਨ ਉਪਰ ਗੱਲ ਕਰ ਲਈ ਹੋਈ ਸੀ।

ਮੈਡਮ ਦਿਓਂ ਵਾਪਸ ਮੁੜ ਕੇ ਆਇਆ ਤਾਂ ਕੁੰਦਨ ਨੇ ਅਮਰਜੋਤ ਨੂੰ ਪੁੱਛਿਆ,

"ਠੀਕ ਸੀ ਸਭ? ...ਲਾਈਕ ਕੀਤਾ?"

"ਹਾਂ, ਠੀਕ ਸੀ।"

"ਬਸ ਏਨਾ ਈ ਕੰਮ ਹੁੰਦਾ, ਹੁਣ ਇਹ ਜਗਾਹ ਚੇਤੇ ਰੱਖੀਂ, ਜਦੋਂ ਦਿਲ ਕਰੇ ਜਾ ਆਇਆ।"

ਗੱਲ ਕਰਦਾ ਕੁੰਦਨ ਬਹੁਤ ਖੁਸ਼ ਸੀ।...

ਇਕ ਦਿਨ ਕੁੰਦਨ ਕਹਿਣ ਲੱਗਾ,

"ਅਮਨਜੋਤ, ਤੇਰੇ ਵਿਆਹ ਕਰਾਉਣ ਦਾ ਵਕਤ ਆ ਗਿਆ, ਜੇ ਕੋਈ ਕੁੜੀ ਹੈ ਤਾਂ ਦੱਸ ਨਹੀਂ ਤਾਂ ਮੈਂ ਲੱਭਦਾਂ।"

"ਨਹੀਂ ਡੈਡ, ਮੇਰੇ ਕੋਲ ਕੋਈ ਗਰਲ ਫ੍ਰੈਂਡ ਨਹੀਂ।"

"ਫੇਰ ਗੱਲ ਮੇਰੇ 'ਤੇ ਛੱਡਦੇ।"

ਕੁੰਦਨ ਮੁੰਡੇ ਦੇ ਵਿਆਹ ਲਈ ਗੰਭੀਰ ਹੋ ਗਿਆ। ਉਸ ਨੂੰ ਕੁਝ ਕਰਨ ਨੂੰ ਮਿਲ ਗਿਆ ਸੀ। ਉਸ ਨੇ ਸਾਰੇ ਦੋਸਤਾਂ ਵਿੱਚ ਇਹ ਗੱਲ ਫੈਲਾ ਦਿਤੀ ਸੀ ਕਿ ਉਸ ਨੇ ਆਪਣੇ ਮੁੰਡੇ ਦਾ ਰਿਸ਼ਤਾ ਕਰਨਾ ਹੈ। ਇਕ ਤਾਂ ਮੁੰਡਾ ਸੁਹਣਾ ਸੀ ਦੂਜੇ ਉਹ ਅਕਾਊਂਟੈਂਟ ਸੀ। ਤਨਖਾਹ ਚੰਗੀ ਲੈ ਰਿਹਾ ਸੀ। ਕੁੰਦਨ ਨੇ ਟੈਲੀਫੋਨਾਂ ਵਾਲੀ ਡਾਇਰੀ ਚੁੱਕ ਲਈ ਤਾਂ ਜੋ ਪੁਰਾਣੇ ਦੋਸਤਾਂ ਨੂੰ ਦੱਸੇ ਕਿ ਉਸ ਦਾ ਮੁੰਡਾ ਵਿਆਹੁਣ ਵਾਲਾ ਹੈ। ਉਸ ਨੂੰ ਮੁੰਡਾ ਵਿਆਹੁਣ ਦਾ ਚਾਅ ਵੀ ਚੜ੍ਹ ਰਿਹਾ ਸੀ। ਡਾਇਰੀ ਵਿੱਚੋਂ ਇਕ ਇਕ ਨੰਬਰ ਲੱਭ ਕੇ ਉਹ ਫੋਨ ਕਰਨ ਲੱਗਿਆ। ਬਹੁਤੇ ਨੰਬਰਾਂ ਉਪਰ ਤਾਂ ਉਸ ਨੇ ਆਪਣੇ ਸੁਭਾਅ ਅਨੁਸਾਰ ਟਿਪਿਕਸ ਫੇਰ ਕੇ ਉਹਨਾਂ ਨੂੰ ਮਿਟਾ ਦਿਤਾ ਹੋਇਆ ਸੀ। ਉਸ ਨੇ ਈਸਟ ਲੰਡਨ ਦੇ ਇਕ ਕੌਂਸਲਰ ਜਿੰਦਰ ਸਿੰਘ ਨੂੰ ਫੋਨ ਕੀਤਾ ਉਸ ਨੂੰ ਪਤਾ ਸੀ ਕਿ ਉਹ ਵੀ ਕੰਬੋਅ ਬਰਾਦਰੀ ਵਿੱਚੋਂ ਹੀ ਸੀ। ਜਿੰਦਰ ਸਿੰਘ ਨੇ ਆਖਿਆ,

"ਕੁੰਦਨ ਜੀ, ਮੇਰੀ ਤਾਂ ਆਪਣੀ ਬੇਟੀ ਵਿਆਹੁਣ ਵਾਲੀ ਏ, ਜਿਹੜੇ ਗੁਣ ਤੁਸੀਂ ਆਪਣੇ ਬੇਟੇ ਵਿੱਚ ਦੱਸ ਰਹੇ ਹੋ ਅਜਿਹਾ ਹੀ ਮੁੰਡਾ ਸਾਨੂੰ ਚਾਹੀਦਾ ਏ, ਸਾਡੀ ਕੁੜੀ ਵੀ ਘੱਟ ਨਹੀਂ, ਲੋਕਲ ਟੀਵੀ ਦੇ ਇਕ ਚੈਨਲ ਉਪਰ ਖ਼ਬਰਾਂ ਪੜ੍ਹਦੀ ਏ।"

"ਲਓ ਜਿੰਦਰ ਸਿੰਘ ਜੀ, ਅਸੀਂ ਪੁਰਾਣੇ ਦੋਸਤ ਆਂ, ਜਲਦੀ ਮਿਲੀਏ ਤੇ ਬੱਚਿਆਂ ਦਾ ਵਿਆਹ ਕਰ ਦੇਈਏ।"

ਕੁੰਦਨ ਪ੍ਰਸੰਨ ਹੋ ਗਿਆ। ਉਹ ਅਮਰਜੋਤ ਨੂੰ ਕਿਹਾ,

"ਇਹ ਨੇ ਤੇਰੇ ਪਿਓ ਦੀ ਬਣੀ ਦੀਆਂ ਗੱਲਾਂ, ਦੇਖ ਪੈਂਦੀ ਸੱਟੇ ਹੀ ਕੌਂਸਲਰ ਦੀ ਧੀ ਦਾ ਰਿਸ਼ਤਾ ਆ ਗਿਆ, ਕੁੜੀ ਵੀ ਬਹੁਤ ਸੁਹਣੀ ਏਂ, ਟੈਲੀ ਦੀ ਅਨਾਊਂਸਰ ਹੋਈ, ਸੋਹਣੀ ਤਾਂ ਹੋਏਗੀ ਈ!"

ਅਮਰਜੋਤ ਦੇ ਮਨ ਵਿੱਚ ਲੱਡੂ ਭੁਰਨ ਲੱਗੇ। ਅਗਲੇ ਹਫਤੇ ਉਹ ਤਿਆਰ ਹੋ ਕੇ ਕੁੜੀ ਦੇਖਣ ਗਏ। ਮੋਹਣੀ ਨੂੰ ਜਾਣ ਕੇ ਉਹ ਨਾਲ ਨਹੀਂ ਸਨ ਲੈ ਕੇ ਗਏ। ਉਹ ਸਿੱਧੇ ਜਿੰਦਰ ਸਿੰਘ ਦੇ ਘਰ ਹੀ ਚਲੇ ਗਏ। ਜਿੰਦਰ ਸਿੰਘ ਤੇ ਉਸ ਦੀ ਪਤਨੀ ਉਹਨਾਂ ਨੂੰ ਬਹੁਤ ਪਿਆਰ ਨਾਲ ਮਿਲੇ। ਉਹਨਾਂ ਨੂੰ ਫਰੰਟ ਰੂਮ ਵਿੱਚ ਬੈਠਾਇਆ ਗਿਆ। ਅਮਰਜੋਤ ਨੂੰ ਦੋਸਤਾਂ ਤੋਂ ਕੁਝ ਕੁਝ ਪਤਾ ਚੱਲ ਚੁੱਕਿਆ ਸੀ ਕਿ ਮੁੰਡਾ ਕੁੜੀ ਇਕ ਦੂਜੇ ਨੂੰ ਕਿਵੇਂ ਦੇਖਦੇ ਹਨ। ਉਸ ਨੇ ਕੁਝ ਸਵਾਲ ਤਿਆਰ ਕੀਤੇ ਹੋਏ ਸਨ ਪਰ ਉਹ ਕਿਸੇ ਕੁੜੀ ਨਾਲ ਪਹਿਲੀ ਵਾਰ ਇੰਨੀ ਨੇੜਿਓਂ ਗੱਲ ਕਰਨ ਜਾ ਰਿਹਾ ਸੀ। ਯੂਨੀਵਰਸਟੀ ਵਿੱਚ ਕਿਸੇ ਕੁੜੀ ਨਾਲ ਗੱਲ ਕਰਨ ਦੀ ਉਸ ਦੀ ਹਿੰਮਤ ਹੀ ਨਹੀਂ ਸੀ ਹੁੰਦੀ। ਜਿੰਦਰ ਸਿੰਘ ਦੀ ਪਤਨੀ ਤੇ ਇਕ ਹੋਰ ਕੁੜੀ ਆ ਕੇ ਅਮਰਜੋਤ ਨੂੰ ਲੈ ਗਈਆਂ। ਉਸ ਨੂੰ ਕੁੜੀ ਮਿਲਾਉਂਦਿਆਂ ਕਿਹਾ,

"ਇਹ ਸਾਡੀ ਇੰਦਰਪ੍ਰੀਤ ਏ, ਤੁਸੀਂ ਹੁਣ ਆਪਸ ਵਿੱਚ ਗੱਲਾਂ ਕਰ ਲਓ।"

ਇੰਦਰਪ੍ਰੀਤ ਉਸ ਨੂੰ ਇਕ ਕਮਰੇ ਵਲ ਲੈ ਤੁਰੀ। ਪਹਿਲੀ ਨਜ਼ਰੇ ਹੀ ਅਮਰਜੋਤ ਨੂੰ ਕੁੜੀ ਪਸੰਦ ਆ ਗਈ। ਕਮਰੇ ਵਿੱਚ ਦੋ ਕੁਰਸੀਆਂ ਪਈਆਂ ਸਨ। ਅਮਰਜੋਤ ਨਰਵਸ ਹੋਣ ਲੱਗ ਪਿਆ। ਉਸ ਦੇ ਬੁਲ੍ਹ ਕੰਬ ਰਹੇ ਸਨ। ਇੰਦਰਪ੍ਰੀਤ ਨੇ ਉਸ ਦਾ ਨਾਂ ਪੁੱਛਿਆ ਤਾਂ ਉਹ ਥਥਲਾਉਣ ਲੱਗਿਆ। ਦੋ ਕੁ ਗੱਲਾਂ ਵਿੱਚ ਹੀ ਇੰਦਰਪ੍ਰੀਤ ਉਠ ਖੜੀ ਹੋਈ। ਉਸ ਨੇ ਅਮਰਜੋਤ ਨੂੰ ਕਿਹਾ,

"ਮੈਨੂੰ ਲੱਗਦਾ ਏ ਅੱਜ ਤੁਹਾਡੀ ਸਿਹਤ ਠੀਕ ਨਹੀਂ, ਆਪਾਂ ਫਿਰ ਕਿਸੇ ਦਿਨ ਮਿਲਾਂਗੇ।"

ਜਿੰਦਰ ਸਿੰਘ ਨੇ ਕੁੰਦਨ ਨੂੰ ਖੁਸ਼ੀ ਖੁਸ਼ੀ ਵਿਦਾ ਕੀਤਾ ਕਿ ਮੁੰਡਾ-ਕੁੜੀ ਦੋ ਕੁ ਦਿਨ ਸੋਚ ਕੇ ਆਪਣੀ ਰਾਏ ਦੇ ਦੇਣ। ਜੇ ਇਕ ਦੂਜੇ ਨੂੰ ਪਸੰਦ ਕਰਦੇ ਹੋਏ ਤਾਂ ਇਕ ਵਾਰ ਇਹਨਾਂ ਨੂੰ ਫਿਰ ਮਿਲਾ ਦਿਤਾ ਜਾਵੇਗਾ। ਉਹ ਪਿਓ-ਪੁੱਤ ਉਠ ਕੇ ਬਹਾਰ ਆ ਗਏ। ਕੁੰਦਨ ਜਾਨਣ ਲਈ ਕਾਹਲਾ ਸੀ ਕਿ ਅੰਦਰ ਕੀ ਕੀ ਗੱਲ ਹੋਈ। ਅਮਰਜੋਤ ਨੇ ਕਿਹਾ,

"ਡੈਡ, ਮੈਨੂੰ ਲਗਦੈ ਕਿ ਕੁੜੀ ਮੇਰੇ ਲਈ ਟੂ-ਮੱਚ ਐ।"

"ਕੋਈ ਕੁੜੀ ਟੂ-ਮੱਚ ਨਹੀਂ ਹੁੰਦੀ, ਕੁੜੀ ਨੂੰ ਇਕੋ ਚੀਜ਼ ਚਾਹੀਦੀ ਹੁੰਦੀ ਏ, ਬਹੁਤੀ ਗੱਲ ਹੋਏਗੀ ਤਾਂ ਡਾਕਟਰ ਤੋਂ ਵਿਆਗਰਾ ਲਿਖਵਾ ਦੇਵਾਂਗਾ। ...ਡਰ ਨਾ!"

ਉਹ ਘਰ ਪਹੁੰਚੇ ਤਾਂ ਜਿੰਦਰ ਸਿੰਘ ਦਾ ਫੋਨ ਆ ਗਿਆ। ਉਹ ਆਖਣ ਲੱਗਿਆ,

"ਕੁੰਦਨ ਜੀ, ਗੁੱਸਾ ਨਾ ਕਰਨਾ, ਕੁੜੀ ਮੰਨੀ ਨਹੀਂ, ਮੇਰੀ ਨਜ਼ਰ ਵਿੱਚ ਇਕ ਦੋ ਹੋਰ ਕੁੜੀਆਂ ਵੀ ਨੇ।"

"ਨੈਵਰ ਮਾਈਂਡ ਜਿੰਦਰ ਸਿੰਘ ਜੀ, ਐਨੀਵੇਅ ਥੈਂਕਿਊ!"

ਕੁੰਦਨ ਨੇ ਫੋਨ ਰੱਖ ਦਿਤਾ ਤੇ ਗੁੱਸੇ ਵਿੱਚ ਆਉਣ ਲੱਗਿਆ। ਉਸ ਨੇ ਵਿਸਕੀ ਦੇ ਦੋ ਪੈੱਗ ਲਾਏ ਤੇ ਜਿੰਦਰ ਸਿੰਘ ਤੇ ਉਸ ਦੀ ਕੁੜੀ ਨੂੰ ਗਾਲ੍ਹਾਂ ਕੱਢਣ ਲੱਗ ਪਿਆ,

"ਹੀਰੇ ਵਰਗਾ ਮੇਰਾ ਮੁੰਡਾ, ਹੋਰ ਸਾਲ਼ੀ ਬੈਹੜਿਆਂ ਦੀ ਨੂੰ ਕੀ ਚਾਹੀਦਾ ਸੀ, ਇਹ ਸਾਲ਼ੀ ਔਰਤ ਜ਼ਾਤ ਹੀ ਘਟੀਆ ਹੁੰਦੀ ਏ!"

ਮੋਹਣੀ ਹੈਰਾਨ ਹੁੰਦੀ ਸੁਣੀ ਜਾ ਰਹੀ ਸੀ ਕਿ ਏਡਾ ਵੱਡਾ ਲੇਖਕ ਇਹ ਕੀ ਬਿਆਨ ਦੇ ਰਿਹਾ ਸੀ। ਉਸ ਨੂੰ ਕਾਣਤ ਜਿਹੀ ਆਉਣ ਲੱਗੀ ਪਰ ਉਹ ਚੁੱਪ ਰਹੀ। ਕਾਫੀ ਦਿਨਾਂ ਤੋਂ ਘਰ ਵਿੱਚ ਸੁਲਾਹ ਜਿਹੀ ਚੱਲੀ ਆ ਰਹੀ ਸੀ ਤੇ ਉਹ ਇਸੇ ਤਰ੍ਹਾਂ ਚੱਲਦੀ ਰਹਿਣ ਦੇਣਾ ਚਾਹੁੰਦੀ ਸੀ।

ਆਪਣੇ ਆਪ ਨੂੰ ਨਾਕਾਰ ਦਿਤੇ ਜਾਣ ਤੋਂ ਬਾਅਦ ਅਮਰਜੋਤ ਨੂੰ ਹੀਣ ਭਾਵਨਾ ਮਹਿਸੂਸ ਹੋ ਰਹੀ ਸੀ। ਪਹਿਲੀ ਕੁੜੀ ਦੇਖੀ ਤੇ ਉਸੇ ਨੇ ਹੀ ਸਿਰ ਫੇਰ ਦਿਤਾ। ਉਹ ਬਹੁਤ ਦੁਖੀ ਸੀ। ਮੋਹਣੀ ਅਮਰਜੋਤ ਦੇ ਮੋਢੇ 'ਤੇ ਹੱਥ ਰੱਖਦੀ ਬੋਲੀ,

"ਐਵੇਂ ਦਿਲ ਨੂੰ ਨਾ ਲਾ, ਤੇਰੇ ਵਰਗੇ ਸੁਹਣੇ ਮੁੰਡੇ ਨੂੰ ਕੁੜੀਆਂ ਦਾ ਕੋਈ ਘਾਟਾ ਨਹੀਂ!"

ਕੁੰਦਨ ਉਸ ਵੱਲ ਦੇਖਦਾ ਬੋਲ ਉਠਿਆ,

"ਸਾਲ਼ੀਏ ਬੈਹੜਿਆਂ ਦੀਏ, ਤੂੰ ਵੀ ਏਦਾਂ ਦੀ ਈ ਏਂ, ਸਾਰੀ ਔਰਤ ਜ਼ਾਤ ਈ ਏਦਾਂ ਦੀ ਏ, ਮੇਰਾ ਹੀਰੇ ਵਰਗਾ ਮੁੰਡਾ ਓਸ ਸ਼ਿੱਟ ਨੇ ਇਕ ਮਿੰਟ ਵਿਚ ਰਿਜੈਕਟ ਕਰ ਦਿਤਾ!"

ਮੋਹਣੀ ਉਠ ਕੇ ਆਪਣੇ ਕਮਰੇ ਵਿੱਚ ਚਲੇ ਗਈ। ਦੋਵੇਂ ਪਿਓ-ਪੁੱਤਰ ਸ਼ਰਾਬੀ ਹੋਏ ਥੱਲੇ ਕਾਰਪੈੱਟ ਉਪਰ ਹੀ ਟੇਡੇ ਹੋ ਗਏ।...

ਕੁੰਦਨ ਨੇ ਸਵੇਰੇ ਉਠ ਕੇ ਅਮਰਜੋਤ ਨੂੰ ਹੌਂਸਲਾ ਦਿਤਾ ਤੇ ਆਪ ਵੀ ਦੋ ਹਾੜੇ ਲਾ ਕੇ ਰੁਕ ਸਿਰ ਹੋ ਗਿਆ। ਹੁਣ ਅਮਨਜੋਤ ਨੇ ਆਪਣਾ ਫਲੈਟ ਕਿਰਾਏ ਉਪਰ ਦੇ ਦਿਤਾ ਤੇ ਕੁੰਦਨ ਨਾਲ ਹੀ ਰਹਿਣ ਲੱਗਾ। ਕਿਸੇ ਹੋਰ ਦੋਸਤ ਨੇ ਇਕ ਕੁੜੀ ਦੀ ਦੱਸ ਪਾਈ ਪਰ ਉਹ ਕੁੜੀ ਅਮਰਜੋਤ ਨੂੰ ਪਸੰਦ ਨਾ ਆਈ। ਫਿਰ ਇਹੋ ਚੱਕਰ ਚੱਲ ਪਿਆ, ਕਦੇ ਅਮਰਜੋਤ ਨੂੰ ਕੁੜੀ ਪਸੰਦ ਨਾ ਆਉਂਦੀ ਤੇ ਕਦੇ ਕੁੜੀ ਨੂੰ ਅਮਰਜੋਤ। ਪੰਦਰਾਂ ਰਿਸ਼ਤੇ ਦੇਖੇ ਹੋਣਗੇ ਪਰ ਕੋਈ ਵੀ ਸਿਰੇ ਨਾ ਚੜ੍ਹਿਆ। ਕੁੰਦਨ ਉਦਾਸ ਰਹਿਣ ਲੱਗਿਆ ਤੇ ਅਮਰਜੋਤ ਉਸ ਤੋਂ ਵੀ ਵੱਧ। ਕੁੰਦਨ ਨੂੰ ਇਸ ਵਿੱਚ ਆਪਣੀ ਹਾਰ ਜਾਪਦੀ ਇਸ ਲਈ ਉਹ ਜ਼ਿਆਦਾ ਖਿਝਦਾ। ਜ਼ਾਤ-ਪਾਤ ਦੀ ਪ੍ਰਵਾਹ ਕੀਤੇ ਬਿਨਾਂ ਉਸ ਨੇ ਕਈ ਕੁੜੀਆਂ ਤਕ ਪਹੁੰਚ ਕੀਤੀ ਪਰ ਗੱਲ ਨਹੀਂ ਸੀ ਬਣ ਰਹੀ। ਉਸ ਨੇ ਆਪਣੀ ਡਾਇਰੀ ਵਿਚੋਂ ਬਹੁਤ ਸਾਰੇ ਮਿਟਾਏ ਹੋਏ ਨੰਬਰਾਂ ਨੂੰ ਦੁਬਾਰਾ ਲੱਭ ਕੇ ਵੀ ਫੋਨ ਕੀਤੇ ਪਰ ਸਭ ਕੁਝ ਅਸਫਲ ਰਹਿ ਰਿਹਾ ਸੀ। ਅਮਰਜੋਤ ਉਦਾਸ ਹੋਣ ਲੱਗਦਾ ਤਾਂ ਕੁੰਦਨ ਆਖਦਾ,

"ਓ ਪੁੱਤਰਾ, ਤੂੰ ਫਿਕਰ ਕਿਉਂ ਕਰਦਾਂ, ਹਾਲੇ ਸਾਰਾ ਇੰਡੀਆ ਪਿਆ ਐਕਪਲੋਰ ਕਰਨ ਵਾਲਾ, ਹਾਲੇ ਮੈਂ ਆਪਣੇ ਪਿੰਡ ਰੋਹੜੂ ਵੀ ਜਾ ਕੇ ਤੇਰੇ ਲਈ ਰਿਸ਼ਤਾ ਲੱਭ ਸਕਦਾਂ, ਹਾਲੇ ਮੈਂ ਜਲੰਧਰ ਦੇ ਠੱਗਾਂ, ਤੇਰੇ ਨਾਨਕਿਆਂ ਕੋਲ ਵੀ ਜਾ ਸਕਦਾਂ, ਹਾਲੇ ਮੇਰੇ ਹਜ਼ਾਰਾਂ ਦੋਸਤ ਪਏ ਨੇ, ਤੂੰ ਘਬਰਾ ਨਾ।"...

ਇਕ ਦਿਨ ਉਹ 'ਵਿਦੇਸ਼' ਦਾ ਦਿਵਾਲੀ-ਵਿਸ਼ੇਸ਼ ਅੰਕ ਦੇਖ ਰਿਹਾ ਸੀ ਕਿ ਜੋਗੇਂਦਰ ਦੀ ਕਹਾਣੀ ਛਪੀ ਹੋਈ ਸੀ। ਉਹ ਇਕ ਦਮ ਪੜ੍ਹਨ ਲੱਗਿਆ। ਕਹਾਣੀ ਉਸ ਨੂੰ ਬਹੁਤ ਪਸੰਦ ਆਈ। ਉਸ ਨੇ ਮੋਹਣੀ ਨੂੰ ਕਿਹਾ ਕਿ ਕਹਾਣੀ ਪੜ੍ਹੇ। ਮੋਹਣੀ ਨੇ ਵੀ ਕਹਾਣੀ ਪੜ੍ਹੀ ਤੇ ਉਹ ਕਾਫੀ ਦੇਰ ਤਕ ਕਹਾਣੀ ਨੂੰ ਵਿਚਾਰਦੇ ਰਹੇ। ਮੋਹਣੀ ਨੂੰ ਕੁੰਦਨ ਦੇ ਸਾਥ ਵਿੱਚੋਂ ਇਕੋ ਗੱਲ ਲੱਭੀ ਸੀ; ਸਾਹਿਤਕ ਵਿਚਾਰ ਚਰਚਾ। ਜੋਗੇਂਦਰ ਦੀ ਗੱਲ ਕਰਦਿਆਂ ਮੋਹਣੀ ਨੇ ਆਖਿਆ,

"ਕਿਉਂ ਨਹੀਂ ਉਸ ਨੂੰ ਫੋਨ ਕਰਦੇ, ਤੁਹਾਡੀ ਕਿੰਨੀ ਇੱਜ਼ਤ ਕਰਦਾ ਏ ਉਹ! ਨਾਲ਼ੇ ਸ਼ਾਇਦ ਅਮਰਜੋਤ ਦੇ ਰਿਸ਼ਤੇ ਵਿੱਚ ਸਹਾਈ ਹੋ ਜਾਵੇ।"

"ਉਹ ਮੁੰਡਾ ਤਾਂ ਚੰਗਾ ਏ ਪਰ ਜੱਟ ਏ।"

"ਤੁਸੀਂ ਵੀ ਤਾਂ ਜੱਟ ਈ ਓ!"

"ਹਾਂ, ਹਾਂ ਹੈਗੇ ਤਾਂ ਅਸੀਂ ਵੀ ਜੱਟ ਪਰ...., ਹਾਂ, ਉਹਨੂੰ ਫੋਨ ਕਰਦਾਂ ਕਿਸੇ ਵੇਲੇ।"

ਕੁੰਦਨ ਨੇ ਜੋਗੇਂਦਰ ਨੂੰ ਫੋਨ ਕਰਕੇ ਉਸ ਨੂੰ ਵਧੀਆ ਕਹਾਣੀ ਲਿਖਣ ਲਈ ਵਧਾਈ ਦਿਤੀ ਤੇ ਕਦੇ ਮਿਲਣ ਆਉਣ ਲਈ ਕਿਹਾ। ਜੋਗੇਂਦਰ ਦੋ ਕੁ ਦਿਨਾਂ ਬਾਅਦ ਹੀ ਮਿਲਣ ਆ ਗਿਆ। ਸਾਹਿਤਕ ਗੱਲਾਂ ਹੋਈਆਂ। ਉਹਨਾਂ ਨੂੰ ਰਲ-ਗੱਡ ਹੋ ਗੱਲਾਂ ਕਰਦਿਆਂ ਦੇਖ ਅਚਾਨਕ ਮੋਹਣੀ ਜੋਗੇਂਦਰ ਨੂੰ ਕਹਿਣ ਲਗੀ,

"ਤੁਹਾਡੀ ਆਪਸ ਵਿੱਚ ਏਨੀ ਬਣਦੀ ਏ ਕਿਉਂ ਨਹੀਂ ਰਲ਼ ਕੇ ਇਕ ਲਿਖਾਰੀ ਸਭਾ ਬਣਾ ਲੈਂਦੇ, ਜਿਹੜੀ ਡਾਕਟਰ ਸਾਹਿਬ ਨੂੰ ਬਿਜ਼ੀ ਵੀ ਰੱਖੇ ਤੇ ਸਾਹਿਤਕ ਵਿਚਾਰ ਵਟਾਂਦਰਾ ਵੀ ਹੋਵੇ।"

"ਮੈਂ ਤਿਆਰ ਹਾਂ।"

ਜੋਗੇਂਦਰ ਨੇ ਝੱਟ ਆਖ ਦਿਤਾ। ਉਹ ਵੀ ਅੰਦਰੋ-ਅੰਦਰ ਸਾਹਿਤਕ ਭੁੱਖ ਨਾਲ ਤੜਫਿਆ ਪਿਆ ਸੀ। ਸਾਹਿਤਕ ਮਿਲਣੀਆਂ ਲੱਗਭਗ ਖਤਮ ਸਨ। ਅਸਲ ਵਿੱਚ ਇੰਗਲੈਂਡ ਦੇ ਤਕਰੀਬਨ ਸਾਰੇ ਲੇਖਕ ਹੀ ਹੁਣ ਠੰਡੇ ਪੈ ਚੁੱਕੇ ਸਨ। ਜੋਗੇਂਦਰ ਅਗਲੀ ਪੀੜ੍ਹੀ ਦਾ ਲੇਖਕ ਹੋਣ ਕਰਕੇ ਉਸ ਅੰਦਰ ਹਾਲੇ ਬਹੁਤ ਅੱਗ ਸੀ। ਉਹ ਉਤਰੀ ਲੰਡਨ ਵਿੱਚ ਰਹਿੰਦਾ ਸੀ ਪਰ ਇੰਗਲੈਂਡ ਭਰ ਵਿੱਚ ਕਿਤੇ ਕੋਈ ਸਾਹਿਤਕ ਇਕੱਠ ਹੁੰਦਾ ਤਾਂ ਉਹ ਜ਼ਰੂਰ ਪੁੱਜਦਾ। ਉਸ ਦਾ ਬਹੁਤ ਦਿਲ ਕਰਦਾ ਕਿ ਲੰਡਨ ਦੀ ਹੀ ਕੋਈ ਸਭਾ ਸਰਗਰਮ ਹੋ ਜਾਵੇ ਜਿਥੇ ਉਹ ਜਾ ਸਕਿਆ ਕਰੇ। ਹੁਣ ਤਕ

ਉਸ ਦੀਆਂ ਚਾਰ ਕਿਤਾਬਾਂ ਆ ਚੁੱਕੀਆਂ ਸਨ। ਉਸ ਦਾ ਪੰਜਾਬੀ ਸਾਹਿਤ ਵਿੱਚ ਕੁਝ ਕੁ ਨਾਂ-ਥਾਂ ਬਣ ਚੁੱਕਿਆ ਸੀ ਪਰ ਉਹ ਕਿਸੇ ਵੀ ਸਭਾ ਦਾ ਮੈਂਬਰ ਨਹੀਂ ਸੀ। ਹੁਣ ਜਦ ਮੋਹਣੀ ਨੇ ਇਹ ਗੱਲ ਕੀਤੀ ਤਾਂ ਉਸ ਨੇ ਇਕ ਦਮ ਬੋਚ ਲਈ। ਕੁੰਦਨ ਨੇ ਕਿਹਾ,

"ਗੱਲ ਇਹ ਵੇ ਜੋਗੇਂਦਰ ਕਿ ਤੂੰ ਰਹਿੰਨਾ ਏਂ ਨੌਰਥ ਲੰਡਨ ਤੇ ਲਿਖਾਰੀ ਸਭਾ ਹੋਣੀ ਚਾਹੀਦੀ ਏ ਮਿਡਲਸੈਕਸ ਜਾਂ ਇਸ ਦੇ ਨੇੜੇ ਦੇ ਕਿਸੇ ਇਲਾਕੇ ਵਿੱਚ।"

"ਵੈਸੇ ਮੈਂ ਤਾਂ ਨੌਰਥ ਲੰਡਨ ਵਿੱਚੋਂ ਵੀ ਪੁੱਜ ਜਾਇਆ ਕਰਾਂਗਾ ਪਰ ਮੈਂ ਛੇਤੀ ਹੀ ਗਰੀਨਫੋਰਡ ਮੂਵ ਹੋਣ ਦੀ ਕੋਸ਼ਿਸ਼ ਵਿੱਚ ਹਾਂ।"

ਜੋਗੇਂਦਰ ਨੇ ਕਿਹਾ। ਮੋਹਣੀ ਇਕ ਦਮ ਬੋਲੀ,

"ਫਿਰ ਤੇ ਸਭਾ ਬਣ ਗਈ, ਤੁਸੀਂ ਇਧਰ ਆ ਜਾਓ, ਡਾਕਟਰ ਸਾਹਿਬ ਪ੍ਰਧਾਨ ਤੇ ਤੁਸੀਂ ਸਕੱਤਰ, ਠੀਕ ਏ?"

"ਬਿਲਕੁਲ ਠੀਕ।"

ਜੋਗੇਂਦਰ ਖੁਸ਼ ਸੀ ਕਿ ਉਸ ਨੂੰ ਸਿੱਧੀ ਸਕੱਤਰੀ ਮਿਲ ਰਹੀ ਸੀ। ਮੋਹਣੀ ਨੇ ਆਖਿਆ,

"ਫਿਰ ਕਿਸੇ ਦਿਨ ਇਕੱਠੇ ਹੋ ਕੇ ਸਭਾ ਦਾ ਐਲਾਨ ਕਰ ਦਿਓ, ਹੋਰ ਕੀ ਚਾਹੀਦਾ ਏ! ਨਾਂ ਕੀ ਰਖੋਂਗੇ?"

"ਨਾਂ ਸਿੱਧਾ ਜਿਹਾ ਹੀ, ਪੰਜਾਬੀ ਲਿਖਾਰੀ ਸਭਾ, ਮਿਡਲਸੈਕਸ।"

ਕੁੰਦਨ ਦੀਆਂ ਅੱਖਾਂ ਵਿੱਚ ਵੀ ਪ੍ਰਧਾਨ ਬਣ ਜਾਣ ਦੀ ਚਮਕ ਸੀ।...

ਇਕ ਦਿਨ ਵਿਲਨਹਾਲ ਤੋਂ ਸੁਖਚੈਨ ਸਿੰਘ ਦਾ ਫੋਨ ਆਇਆ। ਉਹ ਕਵਿਤਾ ਲਿਖਦਾ ਸੀ ਤੇ ਨਾਲ ਹੀ ਸਕੂਲ ਵਿੱਚ ਪੰਜਾਬੀ ਦਾ ਅਧਿਆਪਕ ਵੀ ਸੀ। ਕੁੰਦਨ ਤਾਂ ਉਸ ਦਾ ਪਹਿਲਾਂ ਹੀ ਵਾਕਫ ਸੀ, ਕਵੀ ਦਰਬਾਰਾਂ ਵਿੱਚ ਜਾਣ ਕਰਕੇ ਮੋਹਣੀ ਵੀ ਉਸ ਦੀ ਜਾਣਕਾਰ ਬਣ ਗਈ ਸੀ, ਖਾਸ ਕਰ ਕੇ ਉਸ ਦੀ ਪਤਨੀ ਬਲਦੇਵ ਕੋਰ ਦੀ। ਫੋਨ ਕੁੰਦਨ ਨੇ ਉਠਾਇਆ। ਸੁਖਚੈਨ ਸਿੰਘ ਬੋਲਿਆ,

"ਕੁੰਦਨ ਜੀ, ਸਾਡੇ ਇਕ ਅਸਾਮੀ ਨਿਕਲੀ ਏ ਜੇ ਤੁਸੀਂ ਚਾਹੋਂ ਤਾਂ ਮੋਹਣੀ ਜੀ ਨੂੰ ਨੌਕਰੀ ਮਿਲ ਸਕਦੀ ਏ।"

"ਕਿਉਂ ਨਹੀਂ, ਕੰਮ ਤਾਂ ਆਖਰ ਕਰਨਾ ਈ ਏ, ਏਸ ਮੁਲਕ ਵਿੱਚ ਵਿਹਲੇ ਰਹਿ ਕੇ ਤਾਂ ਕੰਮ ਨਹੀਂ ਚਲਦਾ, ਕੈਸੀ ਆਸਾਮੀ ਏ?"

"ਇਹ ਕਿਸੇ ਦਿਨ ਅਸੀਂ ਆ ਜਾਨੇ ਆਂ ਤੇ ਪੂਰੀ ਤਫਸੀਲ ਨਾਲ ਦੱਸਾਂਗੇ, ਜੇ ਤੁਹਾਨੂੰ ਮਨਜ਼ੂਰ ਹੋਇਆ ਤਾਂ ਪਰ ਇਕ ਗੱਲ ਏ ਕਿ ਜੇ ਕੁਮਿਟਮੈਂਟ ਕਰ ਲਈ ਤਾਂ ਪੂਰੀ ਕਰਨੀ ਪਵੇਗੀ।"

"ਸੁਖਚੈਨ ਜੀ, ਤੁਸੀਂ ਮੈਨੂੰ ਏਨੇ ਸਾਲਾਂ ਤੋਂ ਜਾਣਦੇ ਓ, ਮੈਂ ਵਾਅਦਾ ਕਰਕੇ ਕਦੇ ਪਿੱਛੇ ਹਟਿਆਂ ਅੱਜ ਤਕ। ਤੁਸੀਂ ਆ ਜਾਵੋ, ਬੈਠ ਕੇ ਡਿਸਕਸ ਕਰ ਲਵਾਂਗੇ।"

ਅਗਲੇ ਸ਼ਨਿਚਰਵਾਰ ਹੀ ਸੁਖਚੈਨ ਸਿੰਘ ਤੇ ਉਸ ਦੀ ਪਤਨੀ ਆ ਗਏ। ਉਸ ਦੀ ਪਤਨੀ ਵੀ ਟੀਚਰ ਹੋਣ ਕਰਕੇ ਪਤੀ ਦੇ ਸਾਰੇ ਕੰਮਾਂ ਵਿੱਚ ਦਿਲਚਸਪੀ ਲੈਂਦੀ ਸੀ। ਸੁਖਚੈਨ ਸਿੰਘ ਦੱਸਣ ਲੱਗਿਆ,

"ਕੁੰਦਨ ਜੀ ਤੇ ਮੋਹਣੀ ਜੀ, ਅਸੀਂ ਵਿਲਨਹਾਲ ਦੇ ਕਾਲਜ ਵਿੱਚ ਪੰਜਾਬ ਦੀ ਇਕ ਯੂਨੀਵਰਸਟੀ ਨਾਲ ਰਲ਼ ਕੇ ਬੀ. ਏ. ਤੇ ਐਮ. ਏ. ਦੀਆਂ ਕਲਾਸਾਂ ਸ਼ੁਰੂ ਕਰਨ ਜਾ ਰਹੇ ਹਾਂ, ਸਾਨੂੰ ਤਜਰਬੇਕਾਰ ਪ੍ਰੋਫੈਸਰ ਦੀ ਲੋੜ ਏ, ਨਿਰਮਲ ਨਾਕਸ ਜੀ ਨੇ ਸੋਚਿਆ ਕਿ ਮੋਹਣੀ ਜੀ ਤੋਂ ਵਧੀਆ ਕੈਂਡੀਡੇਟ ਕਿਹੜਾ ਹੋ ਸਕਦਾ ਏ, ਇਸ ਲਈ ਤੁਹਾਡੀ ਦੋਹਾਂ ਦੀ ਸਲਾਹ ਲੈਣ ਅਸੀਂ ਆਏ ਹਾਂ, ਜੇ ਮਨਜ਼ੂਰ ਏ ਤਾਂ ਦੱਸੋ, ਅਸੀਂ ਜੌਬ ਵਾਸਤੇ ਫਾਰਮ ਵੀ ਲਿਆਏ ਹਾਂ, ਭਰ ਦੇਵੋ।"

ਮੋਹਣੀ ਬਹੁਤ ਖੁਸ਼ ਸੀ। ਉਹ ਤਾਂ ਜਿਵੇਂ ਹਵਾ ਵਿੱਚ ਉਡਣ ਲੱਗੀ ਹੋਵੇ। ਏਨੇ ਦਿਨਾਂ ਦੀ ਸੋਚਦੀ ਸੀ ਕਿ ਕੋਈ ਕੰਮ ਮਿਲ ਜਾਵੇ ਪਰ ਮਿਲ ਨਹੀਂ ਸੀ ਰਿਹਾ। ਉਹ ਆਪ ਜਾ ਕੇ 'ਵਿਦੇਸ਼' ਦੇ ਦਫਤਰ ਵਿਚ ਪੁੱਛ ਆਈ ਸੀ ਪਰ ਗੱਲ ਨਹੀਂ ਸੀ ਬਣੀ। ਕੁੰਦਨ ਨੇ ਪੁੱਛਿਆ,

"ਤਨਖਾਹ ਕਿੰਨੀ ਹੋਵੇਗੀ?"

"ਦੇਖੋ, ਹਾਲੇ ਤਾਂ ਬੇਸਿਕ ਰੇਟ ਹੀ ਹੋਵੇਗਾ ਪਰ ਜੌਬ ਪੱਕੀ ਹੁੰਦੇ ਹੀ ਪੂਰੀ ਤਨਖਾਹ ਮਿਲੇਗੀ।"

ਗੱਲ ਕਰਦਿਆਂ ਸੁਖਚੈਨ ਸਿੰਘ ਨੇ ਫਾਰਮ ਕੱਢ ਕੇ ਮੋਹਣੀ ਦੇ ਸਾਹਮਣੇ ਰੱਖ ਦਿਤੇ। ਕੁੰਦਨ ਸਿੰਘ ਨੇ ਫਾਰਮ ਦੇਖੇ। ਮੋਹਣੀ ਇਹਨਾਂ ਨੂੰ ਭਰਨ ਲੱਗੀ। ਭਰ ਕੇ ਤੇ ਦਸਤਖਤ ਕਰਕੇ ਉਸ ਨੇ ਵਾਪਸ ਸੁਖਚੈਨ ਨੂੰ ਫੜਾ ਦਿਤੇ। ਫਾਰਮ ਆਪਣੇ ਬੈਗ ਵਿਚ ਪਾਉਂਦਾ ਸੁਖਚੈਨ ਸਿੰਘ ਬੋਲਿਆ,

"ਲਓ ਮੋਹਣੀ ਜੀ, ਤੁਹਾਡੀ ਨੌਕਰੀ ਪੱਕੀ, ਤੁਸੀਂ ਅਗਲੇ ਮਹੀਨੇ ਦੇ ਪਹਿਲੇ ਮੰਡੇ ਜੁਆਇਨ ਕਰ ਲਿਓ, ਵੀਕ-ਡੇਜ਼ ਵਿੱਚ ਤੁਹਾਨੂੰ ਉਥੇ ਰਹਿਣਾ ਪਵੇਗਾ ਤੇ ਵੀਕਐਂਡ ਤੇ ਤੁਸੀਂ ਘਰ ਆ ਸਕਦੇ ਹੋ।"

29-ਵਿਲਨਹਾਲ

ਵਿਲਨਹਾਲ ਮਿਡਲੈਂਡ ਦਾ ਛੋਟਾ ਜਿਹਾ ਕਸਬਾ ਹੈ। ਬ੍ਰਮੀਘੰਮ ਤੇ ਵੁਲਵਰਹੈਂਪਨ ਦੇ ਵਿਚਕਾਰ ਜਿਹੇ ਪੈਂਦਾ ਕਸਬਾ। ਇਸ ਨੇ ਪਿਛਲੇ ਕੁਝ ਸਮੇਂ ਤੋਂ ਬਹੁਤ ਤਰੱਕੀ ਕੀਤੀ ਹੈ। ਬਹੁਤ ਸਾਰੇ ਨਵੇਂ ਘਰ ਬਣੇ ਹਨ। ਘਰ ਵਧੀਆ ਤੇ ਸਸਤੇ ਹਨ ਇਸ ਲਈ ਮਿਡਲੈਂਡ ਦੇ ਬਹੁਤ ਸਾਰੇ ਪੰਜਾਬੀ ਇਸ ਕਸਬੇ ਵਿੱਚ ਮੂਵ ਕਰ ਗਏ ਹਨ। ਵਿਲਨਹਾਲ ਦੇਖਦੇ ਹੀ ਦੇਖਦੇ ਕਸਬੇ ਤੋਂ ਸ਼ਹਿਰ ਬਣ ਗਿਆ ਤੇ ਹੁਣ ਇਸ ਦਾ ਰੁਤਬਾ ਵੱਡੇ ਸ਼ਹਿਰਾਂ ਵਿੱਚ ਆ ਚੁੱਕਾ ਹੈ। ਇਵੇਂ ਹੀ ਇਸ ਦਾ ਕਾਊਂਟੀ ਕਾਲਜ ਇਲਾਕੇ ਵਿੱਚ ਇਕ ਮਸ਼ਹੂਰ ਕਾਲਜ ਦੇ ਤੌਰ ਤੇ ਉਭਰਨ ਲੱਗਿਆ। ਇਥੇ ਹੀ ਨਿਰਮਲ ਨਾਕਸ ਪੜਾਉਂਦਾ ਸੀ ਤੇ ਨਾਲ ਹੀ ਸੁਖਚੈਨ ਸਿੰਘ ਵੀ। ਨਿਰਮਲ ਨਾਕਸ ਪੰਜਾਬੀ ਦਾ ਸਟੇਜੀ ਕਵੀ ਸੀ ਪਰ ਖੱਬੀ ਸੋਚ ਦਾ ਧਾਰਨੀ ਹੋਣ ਕਰਕੇ ਉਸ ਦੀ ਕਵਿਤਾ ਵਿੱਚ ਗੰਭੀਰਤਾ ਵੀ ਸੀ। ਪੁਰਾਣਾ ਬੰਦਾ ਹੋਣ ਕਰਕੇ ਉਸ ਦੀ ਪੰਜਾਬ ਦੀਆਂ ਸਾਰੀਆਂ ਹੀ ਯੂਨੀਵਰਸਟੀਆਂ ਵਿੱਚ ਵਾਹਵਾ ਜਾਣ ਪੱਛਾਣ ਸੀ। ਉਹ ਕਿਸੇ ਨਾ ਕਿਸੇ ਯੂਨੀਵਰਸਟੀ ਦੇ ਮੁਖੀ ਨੂੰ ਆਪਣੇ ਕਾਲਜ ਵਿੱਚ ਸੱਦੀ ਹੀ ਰੱਖਦਾ। ਇਵੇਂ ਹੀ ਇਕ ਯੂਨੀਵਰਸਟੀ ਦੇ ਨਾਲ ਗੱਠ-ਜੋੜ ਕਰਕੇ ਉਸ ਨੇ ਕਾਊਂਟੀ ਕਾਲਜ ਤੋਂ ਬੀ. ਏ. ਤੇ ਐਮ. ਏ. ਪੰਜਾਬੀ ਕਰਨ ਦੀ ਵਿਵਸਥਾ ਕਾਇਮ ਕਰ ਲਈ ਸੀ। ਜਦ ਇਹ ਵਿਵਸਥਾ ਬਣੀ ਤਾਂ ਹੋਰ ਅਜਿਹੇ ਅਧਿਆਪਕਾਂ ਦੀ ਵੀ ਲੋੜ ਪੈਣੀ ਸੀ ਜਿਹਨਾਂ ਨੇ ਐਮ. ਏ. ਦੀਆਂ ਕਲਾਸਾਂ ਨੂੰ ਪੜ੍ਹਾਇਆ ਹੋਵੇ ਇਸ ਲਈ ਮੋਹਣੀ ਦੀ ਚੋਣ ਕੀਤੀ ਗਈ ਸੀ। ਉਸ ਤੋਂ ਵੱਧ ਢੁਕਵਾਂ ਵਿਅਕਤੀ ਪੂਰੇ ਇੰਗਲੈਂਡ ਵਿੱਚ ਨਹੀਂ ਸੀ।

ਵਿਦਿਆਰਥੀ ਤਾਂ ਹਾਲੇ ਬਹੁਤੇ ਨਹੀਂ ਸਨ ਮਿਲੇ ਪਰ ਨਿਰਮਲ ਨਾਕਸ ਕਲਾਸਾਂ ਸ਼ੁਰੂ ਕਰਨ 'ਤੇ ਤੁਲਿਆ ਹੋਇਆ ਸੀ। ਉਸ ਨੂੰ ਇੰਗਲੈਂਡ ਦੇ ਵਿਦਿਅਕ-ਅਧਿਕਾਰੀਆਂ ਵਲੋਂ ਇਸ ਦੀ ਇਜਾਜ਼ਤ ਵੀ ਸਹਿਜੇ ਹੀ ਮਿਲ ਗਈ ਸੀ। ਉਸ ਨੂੰ ਪਤਾ ਸੀ ਕਿ ਅਜਿਹੀਆਂ ਡਿਗਰੀਆਂ ਨੇ ਇਸ ਮੁਲਕ ਵਿੱਚ ਕਿਸੇ ਕੰਮ ਨਹੀਂ ਆਉਣਾ ਪਰ ਫਿਰ ਵੀ ਕਲਾਸਾਂ ਸ਼ੁਰੂ ਹੋ ਰਹੀਆਂ ਸਨ। ਦਸ ਕੁ ਵਿਦਿਆਰਥੀ ਬੀ. ਏ. ਦੇ ਸਨ ਤੇ ਦੋ ਐਮ. ਏ. ਦੇ। ਉਹ ਵੀ ਵਿਹਲੇ ਜਿਹੇ ਲੋਕ ਸਨ, ਜਿਹਨਾਂ ਨੂੰ ਕੁਝ ਹੋਰ ਕਰਨ ਨੂੰ ਨਹੀਂ ਸੀ, ਕਾਲਜ ਜਾਣ ਲੱਗ ਪਏ ਸਨ। ਇਹਨਾਂ ਕਲਾਸਾਂ ਦਾ ਕਿਸੇ ਹੋਰ ਨੂੰ ਕੋਈ ਫਾਇਦਾ ਹੋਵੇ ਜਾਂ ਨਾ ਪਰ ਮੋਹਣੀ ਨੂੰ ਬਹੁਤ ਹੋਇਆ। ਇਕ ਤਾਂ ਨੌਕਰੀ ਮਿਲ ਗਈ, ਦੂਜੇ ਕੁੰਦਨ ਦੀਆਂ ਗਾਲ੍ਹਾਂ, ਸਿਗਰਟਾਂ ਤੇ ਸ਼ਰਾਬ ਤੋਂ ਕਿਸੇ ਹੱਦ ਤਕ ਛੁੱਟਕਾਰਾ ਹੋ ਗਿਆ। ਨਵੇਂ ਨਵੇਂ ਲੋਕ ਮਿਲਣ ਲੱਗੇ। ਉਹ ਆਪਣੇ ਖੋਲ ਵਿੱਚੋਂ ਬਾਹਰ ਆ ਮੁੜ ਟਹਿਕਣ ਲੱਗ ਪਈ। ਹੁਣ ਉਸ ਦੀਆਂ ਗੋਲ਼ੀਆਂ ਦੀ ਮਿਕਦਾਰ ਵੀ ਘੱਟਣ ਲੱਗੀ।

ਸਭ ਤੋਂ ਵੱਡਾ ਲਾਭ ਮੋਹਣੀ ਨੂੰ ਇਹ ਹੋਇਆ ਕਿ ਬਲਦੇਵ ਕੋਰ ਵਰਗੀ ਸਹੇਲੀ ਮਿਲ ਗਈ। ਬਲਦੇਵ ਕੋਰ, ਸੁਖਚੈਨ ਸਿੰਘ ਦੀ ਪਤਨੀ ਦਾ ਮੋਹਣੀ ਨਾਲ ਕਰੂਰਾ ਇਕ ਦਮ ਰਲਣ ਲੱਗ ਪਿਆ ਸੀ। ਜਦ ਮੋਹਣੀ ਨੇ ਆਪਣੀ ਰਾਮ ਕਹਾਣੀ ਬਲਦੇਵ ਕੋਰ ਤੇ ਸਖਚੈਨ ਸਿੰਘ ਨੂੰ ਸੁਣਾਈ ਤੇ ਉਹਨਾਂ ਨੂੰ ਉਸ ਨਾਲ ਹੋਰ ਵੀ ਹਮਦਰਦੀ ਹੋ ਆਈ। ਉਸ ਨੂੰ ਉਹਨਾਂ ਨੇ ਆਪਣੇ ਘਰ ਹੀ ਇਕ ਕਮਰਾ ਵੀ ਰਹਿਣ ਲਈ ਦੇ ਦਿਤਾ। ਹੋਰ ਮੋਹਣੀ ਨੂੰ ਕੀ ਚਾਹੀਦਾ ਸੀ। ਉਹ ਸੋਮਵਾਰ ਸਵੇਰੇ ਪਹਿਲੀ ਬੱਸ ਲੈ ਕੇ ਵਿਲਨਹਾਲ ਪੁੱਜ ਜਾਂਦੀ ਤੇ ਸ਼ੁਕਰਵਾਰ ਸ਼ਾਮ ਨੂੰ ਬਸ ਫੜ ਵਾਪਸ ਮਿਡਲਸੈਕਸ ਆ ਜਾਂਦੀ।

ਕੁੰਦਨ ਉਸ ਨੂੰ ਨੌਕਰੀ ਮਿਲਣ 'ਤੇ ਜ਼ਰਾ ਕੁ ਈਰਖਾ ਕਰਨ ਲੱਗਿਆ ਪਰ ਖੁਸ਼ ਵੀ ਸੀ ਕਿ ਇਕ ਤਨਖਾਹ ਘਰ ਆਵੇਗੀ। ਉਸ ਨੇ ਨਿਰਮਲ ਨਾਕਸ ਨੂੰ ਫੋਨ ਕੀਤਾ ਤੇ ਬੋਲਿਆ,

"ਨਾਕਸ ਜੀ, ਮੈਂ ਵੀ ਡਾਕਟਰ ਆਂ ਤੇ ਦਿੱਲੀ ਯੂਨੀਵਰਸਟੀ ਵਿੱਚ ਕਲਾਸਾਂ ਵੀ ਲੈਂਦਾ ਰਿਹਾਂ, ਮੈਨੂੰ ਵੀ ਐਡਜਸਟ ਕਰੋ।"

"ਕੁੰਦਨ ਜੀ, ਸਾਡੇ ਕਾਲਜ ਵਿੱਚ ਤਾਂ ਨਹੀਂ, ਹਾਂ ਮੈਂ ਕੋਸ਼ਿਸ਼ ਕਰਕੇ ਦੇਖਦਾਂ ਕਿ ਸਾਡੇ ਕਾਲਜ ਨਾਲ ਜੁੜ ਕੇ ਤੁਸੀਂ ਮਿਡਲਸੈਕਸ ਵਿੱਚ ਹੀ ਕਲਾਸਾਂ ਲਗਾ ਲਓਂ ਤਾਂ। ਮਿਡਲਸੈਕਸ ਤਾਂ ਆਪਣੇ ਲੋਕਾਂ ਨਾਲ ਭਰਿਆ ਪਿਐ। ...ਤੁਸੀਂ ਸਟੂਡੈਂਟ ਲੱਭਣੇ ਸ਼ੁਰੂ ਕਰੋ।"

ਨਾਕਸ ਦੀ ਇਸ ਗੱਲ ਨਾਲ ਕੁੰਦਨ ਨਵੇਂ ਉਤਸ਼ਾਹ ਨਾਲ ਭਰ ਗਿਆ। ਕੁੰਦਨ ਭਵਿੱਖ ਵਿੱਚ ਆਪਣੇ ਆਪ ਨੂੰ ਵੀ ਪ੍ਰੋਫੈਸਰ ਬਣਿਆਂ ਦੇਖ ਰਿਹਾ ਸੀ। ਉਸ ਨੇ ਸਭ ਤੋਂ ਪਹਿਲਾਂ ਜੋਗੇਂਦਰ ਨੂੰ ਹੀ ਫੋਨ ਕੀਤਾ ਤੇ ਸਾਰੀ ਗੱਲ ਦਸਦਿਆਂ ਐਮ. ਏ. ਕਰਨ ਲਈ ਤਿਆਰ ਕਰਨ ਲਗਿਆ। ਜੋਗੇਂਦਰ ਨੇ ਇਨਕਾਰ ਕਰਦਿਆਂ ਕਿਹਾ,

"ਡਾਕਟਰ ਸਾਬ, ਮੈਂ ਕਾਫੀ ਬੀਜ਼ੀ ਆਂ, ਹੁਣ ਐਮ. ਏ. ਕਰਕੇ ਕੀ ਕਰੂੰਗਾ! ...ਜਿਹੜੇ ਵਣ ਵਧਣੇ ਸੀ ਵਧੇ ਹੋਏ ਆ!"

"ਓ ਐਮ. ਏ. ਦਾ ਬਹੁਤ ਫਾਇਦਾ ਏ। ਐਮ. ਏ. ਕਰੇਂਗਾ ਤੇ ਪੀ ਐਚ. ਡੀ. ਕਰ ਲਵੇਂਗਾ, ਇੰਡੀਆ ਜਾਏਂਗਾ ਤਾਂ ਤੇਰਾ ਰੋਅਬ ਪਏਗਾ ਕਿ ਆ ਗਿਆ ਜੋਗੇਂਦਰ ਪੀਐਚ. ਡੀ। ...ਲੋਕ ਤੇਰੇ ਅਗੇ ਪਿੱਛੇ ਤੁਰੇ ਫਿਰਨਗੇ।"

"ਤੇ ਇੰਡੀਆ ਦੇ ਲੋਕ ਪਾਗਲਹਾਰ ਵੀ ਕਰ ਦੇਣਗੇ!"

ਆਖਦਾ ਜੋਗੇਂਦਰ ਹੱਸਿਆ। ਕੁੰਦਨ ਸਮਝ ਗਿਆ ਤੇ ਬੋਲਿਆ,

"ਓ ਛੋਟੇ ਭਾਊ, ਇਹ ਜੇਠੂ ਨਾਲ ਹੀ ਇਤਰਾਂ ਹੋ ਗਈ, ਮੈਂ ਉਹਨਾਂ ਨੂੰ ਪਿਓ ਬਣ ਕੇ ਜਿਉਂ ਟਕਰਿਆ ਸੀ, ਤੂੰ ਸ਼ਰੀਫ ਬੰਦਾਂ, ਤੇਰੇ ਨਾਲ ਕੋਈ ਇਤਰਾਂ ਨਹੀਂ ਕਰਨ ਲੱਗਿਆ।"

ਕਹਿੰਦਾ ਕੁੰਦਨ ਹੱਸਿਆ ਤੇ ਸਮਝ ਵੀ ਗਿਆ ਕਿ ਜੋਗੇਂਦਰ ਐਮ. ਏ. ਨਹੀਂ ਕਰੇਗਾ ਪਰ ਇਸ ਗੱਲ ਨਾਲ ਉਹ ਹੌਸਲਾ ਨਹੀਂ ਸੀ ਹਾਰਿਆ। ਉਸ ਨੂੰ ਪਤਾ ਸੀ ਕਿ ਮਿਡਲਸੈਕਸ ਵਿੱਚ ਏਨੇ ਪੰਜਾਬੀ ਰਹਿੰਦੇ ਹਨ, ਕਲਾਸਾਂ ਜੋਗੇ ਵਿਦਿਆਰਥੀ ਮਿਲ ਹੀ ਜਾਣਗੇ। ਪਹਿਲਾਂ ਜ਼ਰਾ ਨਿਰਮਲ ਨਾਕਸ ਵਿਲਨਹਾਲ ਵਿੱਚ ਕਲਾਸਾਂ ਪੱਕੀਆਂ ਕਰ ਲਵੇ। ਇਕ ਅੱਧੀ ਕਲਾਸ ਦੇ ਇਮਤਿਹਾਨ ਹੋ ਜਾਣ ਤੇ ਵਿਦਿਆਰਥੀ ਪਾਸ ਹੋ ਜਾਣ ਜਿਸ ਨਾਲ ਬਾਕੀਆਂ ਨੂੰ ਵੀ ਹੌਂਸਲਾ ਮਿਲੇਗਾ। ਤਨਖਾਹ ਦੇ ਲਾਲਚ ਵਿੱਚ ਕੁੰਦਨ ਵਿਦਿਆਰਥੀ ਇਕੱਠੇ ਕਰਨ ਲਈ ਹੱਥ-ਪੈਰ ਮਾਰਨੇ ਹੀ ਸਨ।

ਡਾਕਖਾਨੇ ਵਿੱਚੋਂ ਤਾਂ ਉਸ ਨੇ ਕਦੋਂ ਦੀ ਰਿਟਾਇਰਮੈਂਟ ਲੈ ਲਈ ਹੋਈ ਸੀ। ਬੇਸ਼ੱਕ ਉਸ ਦਾ ਗੁਜ਼ਾਰਾ ਪੈਨਸ਼ਨ ਨਾਲ ਵਧੀਆ ਚੱਲ ਰਿਹਾ ਸੀ ਪਰ ਇਕ ਹੋਰ ਤਨਖਾਹ ਕਿਸ ਨੂੰ ਮਾੜੀ ਲੱਗਦੀ ਹੈ। ਤਨਖਾਹ ਤਾਂ ਹੁਣ ਮੋਹਣੀ ਦੀ ਵੀ ਸ਼ੁਰੂ ਹੋਜਾਣੀ ਸੀ।

ਪਹਿਲੇ ਸ਼ੁਕਰਵਾਰ ਮੋਹਣੀ ਘਰ ਆਈ ਤਾਂ ਕੁੰਦਨ ਨੇ ਪਹਿਲਾ ਸਵਾਲ ਇਹੋ ਕੀਤਾ ਕਿ ਤਨਖਾਹ ਮਿਲੀ ਪਰ ਮੋਹਣੀ ਨੇ ਕੰਮ 'ਤੇ ਨਾ ਤਾਂ ਤਨਖਾਹ ਬਾਰੇ ਕੁਝ ਪੁੱਛਿਆ ਸੀ ਤੇ ਨਾ ਹੀ ਕਿਸੇ ਨੇ ਦੱਸਿਆ ਸੀ। ਅਗਲੇ ਹਫਤੇ ਮੋਹਣੀ ਫਿਰ ਆਈ ਤਾਂ ਕੁੰਦਨ ਨੇ ਤਨਖਾਹ ਬਾਰੇ ਪੁੱਛਿਆ ਤਾਂ ਮੋਹਣੀ ਨੇ ਸਿਰ ਫੇਰ ਦਿਤਾ। ਕੁੰਦਨ ਬੋਲਿਆ,

"ਕਿਉਂ ਨਹੀਂ ਪੁੱਛਿਆ? ਮੁਫਤ ਵਿੱਚ ਢੂਹਾ ਰਗੜਾਉਣ ਦਾ ਇਰਾਦਾ ਏ?"

"ਦੇਖੋ ਕੁੰਦਨ ਜੀ, ਉਹ ਸਾਰੇ ਮੈਨੂੰ ਏਨਾ ਮੋਹ ਕਰਦੇ ਨੇ, ਕੀ ਮੈਂ ਇਕ ਨਿਗੂਣੀ ਜਿਹੀ ਤਨਖਾਹ ਨੂੰ ਲੈ ਕੇ ਸਬੰਧ ਖਰਾਬ ਕਰ ਲਵਾਂ?"

"ਏਸ ਦੁਨੀਆਂ ਵਿੱਚ ਮੋਹ ਦਾ ਕੋਈ ਸਬੰਧ ਨਹੀਂ ਹੁੰਦਾ। ਸਾਰੇ ਸਬੰਧ ਪੈਸੇ ਦੇ ਹੁੰਦੇ ਨੇ, ਸਭ ਕੁਝ ਆਰਥਿਕਤਾ ਦੁਆਲੇ ਘੁੰਮਦਾ ਏ, ਏਸ ਲਈ ਅਗਲੀ ਵਾਰ ਤਨਖਾਹ ਬਾਰੇ ਜ਼ਰੂਰ ਪੁੱਛੀਂ।"

ਮੋਹਣੀ ਨੇ ਆਪਣੇ ਮਨ ਨੂੰ ਕਠੋਰ ਕਰਕੇ ਨਿਰਮਲ ਨਾਕਸ ਨੂੰ ਤਨਖਾਹ ਬਾਰੇ ਪੁੱਛ ਹੀ ਲਿਆ ਤਾਂ ਉਹ ਅਗੋਂ ਹੱਸਦਾ ਹੋਇਆ ਬੋਲਿਆ,

"ਕੁੰਦਨ ਨੂੰ ਤਾਂ ਪਤਾ ਏ ਕਈ ਸਰਕਾਰੀ ਅਦਾਰਿਆਂ ਵਿੱਚ ਮਹੀਨਾਵਾਰ ਤਨਖਾਹ ਵੀ ਮਿਲਦੀ ਏ, ਉਹਨੂੰ ਪੋਟਸਟ ਆਫਿਸ ਵਿੱਚ ਵੀ ਇਵੇਂ ਹੀ ਮਿਲਦੀ ਹੋਵੇਗੀ।"

ਮੋਹਣੀ ਨੇ ਆ ਕੇ ਕੁੰਦਨ ਨਾਲ ਗਿਲਾ ਕੀਤਾ ਕਿ ਤਨਖਾਹ ਬਾਰੇ ਪੁੱਛ ਕੇ ਉਸ ਨੂੰ ਸ਼ਰਮਿੰਦੇ ਕਿਉਂ ਕਰਾਇਆ ਪਰ ਉਹ ਬਾਰੇ ਹੀ ਨਹੀਂ ਸੀ ਆਉਣ ਦੇ ਰਿਹਾ। ਮਹੀਨੇ ਬਾਅਦ ਮੋਹਣੀ ਨੂੰ ਤਨਖਾਹ ਮਿਲ ਗਈ। ਉਸ ਨੇ ਲਿਆ ਕੇ ਕੁੰਦਨ ਦੇ ਹੱਥ 'ਤੇ ਰੱਖ ਦਿਤੀ ਤੇ ਉਹ ਖੁਸ਼ ਹੋ ਗਿਆ। ਤਨਖਾਹ ਹੱਥ ਆਉਣ ਤੋਂ ਬਾਅਦ ਕੁੰਦਨ ਨੂੰ ਮੋਹਣੀ ਨਾਲ ਪਿਆਰ ਜਿਹਾ ਜਾਗਣ ਲੱਗ ਪਿਆ। ਉਸ ਨੇ ਸੋਚਿਆ ਕਿ ਹੋਰ ਕਿਸੇ ਕੰਮ ਦੀ ਤਾਂ ਉਹ ਹੈ ਨਹੀਂ, ਚਲੋ ਚਾਰ ਪੈਸੇ ਹੀ ਆਉਣਗੇ। ਮੋਹਣੀ ਤਾਂ ਹੁਣ ਸ਼ਨਿਚਰ-ਐਤ ਹੀ ਘਰ ਹੁੰਦੀ ਸੀ, ਬਾਕੀ ਦਿਨਾਂ ਵਿੱਚ ਜਦ ਉਸ ਨੂੰ ਲੋੜ ਮਹਿਸੂਸ ਹੁੰਦੀ ਤਾਂ ਕਿਸੇ ਕਾਲ-ਗਰਲ ਨੂੰ ਘਰ ਬੁਲਾ ਲੈਂਦਾ। ਇਸ ਖੇਤਰ ਵਿੱਚ ਉਸ ਦੀ ਵਾਹਵਾ ਜਾਣ-ਪੱਛਾਣ ਬਣ ਚੁੱਕੀ ਸੀ। ਉਹ ਅਕਸਰ ਅਮਰਜੋਤ ਦਾ ਹਿੱਸਾ ਵੀ ਪੁਆ ਲੈਂਦਾ ਪਰ ਕਈ ਵਾਰ ਪਿਓ-ਪੁੱਤ ਦਾ ਆਪਸ-ਵਿੱਚ ਪੈਸਿਆਂ ਨੂੰ ਲੈ ਕੇ ਰੌਲਾ ਵੀ ਪੈ ਜਾਂਦਾ।...

ਇਕ ਸ਼ਨਿਚਰਵਾਰ ਮੋਹਣੀ ਵੀ ਆਈ ਹੋਈ ਸੀ ਤੇ ਪਾਇਲ ਵੀ ਆ ਗਈ। ਮੋਹਣੀ ਤਨਖਾਹ ਲੈ ਕੇ ਆਈ ਹੋਣ ਕਰਕੇ ਕੁੰਦਨ ਉਸ ਨਾਲ ਜ਼ਰਾ ਜ਼ਿਆਦਾ ਹੀ ਨੇੜ ਦਿਖਾ ਰਿਹਾ ਸੀ। ਪਾਇਲ ਨੂੰ ਇਹ ਚੰਗਾ ਨਹੀਂ ਲੱਗਿਆ। ਉਹ ਬੋਲੀ,

"ਡੈਡ, ਤੁਸੀਂ ਮੈਨੂੰ ਇਗਨੋਅਰ ਕਰੀ ਜਾ ਰਹੇ ਓ, ਉਹ ਵੀ ਓਸ ਔਰਤ ਖਾਤਰ ਜਿਹੜੀ ਕੱਲ ਆਈ ਏ।"

ਆਖਦਿਆਂ ਪਾਇਲ ਨੇ ਮੋਹਣੀ ਵੱਲ ਦੇਖਿਆ। ਮੋਹਣੀ ਹੈਰਾਨ ਹੋਈ ਪਾਇਲ ਵਲ ਤੱਕਣ ਲੱਗੀ। ਕੁੰਦਨ ਨੇ ਇਕ ਦਮ ਉਠ ਕੇ ਪਾਇਲ ਨੂੰ ਕਲਾਵੇ ਵਿੱਚ ਲਿਆ ਤੇ ਬੋਲਿਆ,

"ਤੂੰ ਤੇ ਮੇਰੀ ਧੀ ਏਂ, ਭਲਾ ਤੇਰੇ ਤੋਂ ਪਹਿਲਾਂ ਮੈਨੂੰ ਕੋਈ ਹੋ ਸਕਦਾ ਏ!"

ਪਾਇਲ ਜੇਤੂ ਨਜ਼ਰਾਂ ਨਾਲ ਮੋਹਣੀ ਵਲ ਦੇਖ ਰਹੀ ਸੀ। ਮੋਹਣੀ ਤੋਂ ਵੀ ਇਹ ਬੇਇਜ਼ਤੀ ਸਹੀ ਨਾ ਗਈ। ਉਹ ਬੋਲੀ,

"ਪਾਇਲ, ਤੂੰ ਧੀ ਏਂ, ਸਭ ਤੋਂ ਪਹਿਲਾਂ ਤੂੰ ਹੀ ਏਂ ਪਰ ਤੂੰ ਹੁਣ ਵੱਡੀ ਹੋ ਚੁੱਕੀ ਏਂ, ਤੇਰੀ ਆਪਣੀ ਲਾਈਫ ਏ, ਅਸੀਂ ਪਤੀ-ਪਤਨੀ ਆਂ ਤੇ ਇਸ ਲਈ ਕੁਦਰਤੀ ਸਾਨੂੰ ਕਲੋਜ਼ ਹੋਣਾ ਚਾਹੀਦਾ ਏ।"

"ਤੂੰ ਕਾਹਦੀ ਪਤਨੀ ਏਂ, ਡੈਡ ਨਾਲ ਤੂੰ ਸੌਂਦੀ ਤਾਂ ਹੈ ਨਹੀਂ?"

"ਤੈਨੂੰ ਇਸ ਗੱਲ ਨਾਲ ਕੀ? ...ਇਹ ਸਾਡੇ ਪਤੀ-ਪਤਨੀ ਵਿਚਕਾਰ ਦੀ ਗੱਲ ਏ।"

"ਇਹ ਮੇਰਾ ਡੈਡ ਏ ਇਸ ਕਰਕੇ ਮੈਂ ਏਹਦੀ ਹਰ ਗੱਲ ਨਾਲ ਕਨਸਰਨੱਡ ਆਂ।"

"ਨਹੀਂ, ਤੇਰੇ ਮਨ ਵਿੱਚ ਕੋਈ ਗੁਲਝ ਏ, ਤੂੰ ਮੇਰੇ ਨਾਲ ਜੈਲਸੀ ਕਰਦੀ ਏਂ, ਕਿਉਂ?"

"ਤੇਰੀ ਇਹ ਮਜ਼ਾਲ ਹਰਾਮਜ਼ਾਦੀ ਪਾਗਲ ਔਰਤ!"

ਆਖਦੀ ਪਾਇਲ ਮਾਰਨ ਲਈ ਮੋਹਣੀ ਵਲ ਵਧੀ ਪਰ ਕੁੰਦਨ ਨੇ ਉਸ ਨੂੰ ਫੜ ਲਿਆ। ਮੋਹਣੀ ਰੋਂਦੀ ਹੋਈ ਆਪਣੇ ਕਮਰੇ ਵਿੱਚ ਚਲੇ ਗਈ। ਪਾਇਲ ਤਾਂ ਅਗਲੀ ਸਵਰੇ ਚਲੇ ਗਈ ਪਰ ਉਹਨਾਂ ਦੇ ਘਰ ਵਿੱਚ ਲੜਾਈ ਪੈ ਗਈ। ਕੁਝ ਦੇਰ ਤੋਂ ਸ਼ਾਂਤ ਚਲਦਾ ਮਹੌਲ ਗੜਬੜਾ ਗਿਆ। ਇਸੇ ਲੜਾਈ ਵਿੱਚ ਹੀ ਮੋਹਣੀ ਸੋਮਵਾਰ ਸਵੇਰ ਵਿਲਨਹਾਲ ਚਲੇ ਗਈ। ਅਗਲੇ ਸ਼ੁਕਰਵਾਰ ਆਈ ਤਾਂ ਕੁੰਦਨ ਨੇ ਫਿਰ ਕਹਿਣ ਸ਼ੁਰੂ ਕਰ ਦਿਤਾ,

"ਦੇਖ ਮੋਹਣੀ, ਤੈਨੂੰ ਮੇਰੀ ਧੀ ਦਾ ਪੂਰਾ ਸਤਿਕਾਰ ਕਰਨਾ ਪਏਗਾ।"

"ਮੈਂ ਤਾਂ ਕਰਦੀ ਆਂ ਪਰ ਉਹਨੂੰ ਵੀ ਕਹੋ ਕਿ ਮੇਰਾ ਵੀ ਕਰੇ, ਉਸ ਨੂੰ ਕਿਉਂ ਨਹੀਂ ਮਨਜ਼ੂਰ ਹੋ ਰਿਹਾ ਕਿ ਮੈਂ ਤੁਹਾਡੀ ਪਤਨੀ ਆਂ! ਤੁਸੀਂ ਕਿਉਂ ਨਹੀਂ ਉਸ ਨੂੰ ਸਮਝਾਉਂਦੇ ਕਿ ਮੈਂ ਘਰ ਵਿੱਚ ਆਈ ਹੋਈ ਕੋਈ ਮਹਿਮਾਨ ਨਹੀਂ?"

ਹੁਣ ਮੋਹਣੀ ਕੁੰਦਨ ਦੀ ਬਰਾਬਰੀ ਕਰਨ ਲਈ ਤਿਆਰ ਸੀ। ਮਿਲਦੀ ਤਨਖਾਹ ਨਾਲ ਬੱਲ ਮਿਲ ਰਿਹਾ ਸੀ। ਬਲਦੇਵ ਕੋਰ ਨੇ ਵੀ ਉਸ ਨੂੰ ਮਜ਼ਬੂਤ ਬਣਾ ਦਿਤਾ ਹੋਇਆ ਸੀ। ਬਲਦੇਵ ਕੋਰ ਨੂੰ ਜਦ ਪਤਾ ਚੱਲਿਆ ਕਿ ਕੁੰਦਨ ਉਸ ਨਾਲ ਕਿਵੇਂ ਜ਼ਿਆਦਤੀਆਂ ਕਰਦਾ ਰਿਹਾ ਹੈ ਤਾਂ

ਬਲਦੇਵ ਕੋਰ ਨੇ ਕਿਹਾ ਸੀ ਕਿ ਇਹ ਤੇਰੀ ਆਪਣੀ ਲੜਾਈ ਹੈ, ਤੈਨੂੰ ਆਪ ਹੀ ਤਾਕਤਵਰ ਹੋਣਾ ਪਵੇਗਾ ਨਹੀਂ ਤਾਂ ਕੋਈ ਵੀ ਤੇਰੀ ਮੱਦਦ ਨਹੀਂ ਕਰ ਸਕਦਾ। ਬਲਦੇਵ ਕੋਰ ਨੇ ਉਸ ਨੂੰ ਇਸ ਮੁਲਕ ਵਿੱਚ ਪਤਨੀ ਦੇ ਹੱਕਾਂ ਬਾਰੇ ਵੀ ਜਾਗਰੂਕ ਕਰ ਦਿਤਾ ਸੀ। ਮੋਹਣੀ ਦੇ ਇਵੇਂ ਮੂਹਰੇ ਬੋਲਣ ਕਰਕੇ ਕੁੰਦਨ ਬਹੁਤ ਹੀ ਗੁੱਸੇ ਵਿੱਚ ਸੀ ਤੇ ਪੂਰਾ ਸਪਤਾਹ-ਅੰਤ ਘਰ ਵਿੱਚ ਕਲੇਸ਼ ਪਿਆ ਰਿਹਾ। ਉਸ ਤੋਂ ਅਗਲੇ ਹਫਤੇ ਆ ਕੇ ਪਾਇਲ ਲੜਾਈ ਹੋਰ ਤਿੱਖੀ ਕਰ ਗਈ। ਪਾਇਲ ਇਥੋਂ ਤਕ ਕਹਿ ਗਈ ਕਿ ਜੇ ਇਹ ਔਰਤ ਇਸ ਘਰ ਵਿੱਚ ਰਹੇਗੀ ਤਾਂ ਮੈਂ ਨਹੀਂ ਆਵਾਂਗੀ। ਮੋਹਣੀ ਨੇ ਕੁੰਦਨ ਨੂੰ ਪੁੱਛਿਆ,

"ਹੁਣ ਦੱਸੋ ਤੁਸੀਂ ਕੀ ਚਾਹੁੰਦੇ ਓ?"

"ਮੈਂ ਚਾਹੁੰਨਾ ਕਿ ਜੇ ਤੂੰ ਮੇਰੇ ਨਾਲ ਰਹਿਣਾ ਤਾਂ ਮੇਰੀ ਧੀ ਨੂੰ ਝੱਲ।"

"ਜੇ ਉਹ ਮੈਨੂੰ ਨਹੀਂ ਝੱਲਦੀ ਤਾਂ ਫਿਰ ਕੀ ਇਲਾਜ ਏ?"

"ਦੇਖ, ਮੈਨੂੰ ਬਹੁਤੀਆਂ ਗੱਲਾਂ ਨਹੀਂ ਆਉਂਦੀਆਂ ਜੇ ਤੂੰ ਏਸ ਘਰ ਵਿੱਚ ਰਹਿਣਾ ਤਾਂ ਤੈਨੂੰ ਮੇਰੀ ਕੁੜੀ ਨੂੰ...।"

"ਨਹੀ ਤਾਂ?"

"ਨਹੀਂ ਤਾਂ ਮੇਰੇ ਘਰੋਂ ਬਾਹਰ ਹੋ, ...ਹੁਣੇ, ਇਸੇ ਵਕਤ!"

ਐਤਵਾਰ ਦਾ ਦਿਨ ਸੀ। ਮੋਹਣੀ ਆਪਣਾ ਸਮਾਨ ਬੰਨਣ ਲਗੀ। ਕੁੰਦਨ ਨੇ ਉਸ ਨੂੰ ਨਾ ਰੋਕਿਆ। ਉਸ ਨੇ ਟੈਕਸੀ ਸੱਦੀ ਤੇ ਬਸ ਸਟੌਪ ਤੇ ਜਾ ਕੇ ਵਿਲਨਹਾਲ ਲਈ ਬੱਸ ਲੈ ਲਈ।...

ਵਿਲਨਹਾਲ ਵਿੱਚ ਵੀ ਲਿਖਾਰੀ ਸਭਾ ਬਣੀ ਹੋਈ ਸੀ। ਇਸ ਦੇ ਕਈ ਮੈਂਬਰ ਸਨ। ਬਲਬੀਰ ਬਾਵਰਾ ਦਾ ਥੋੜਾ ਬਹੁਤ ਨਾਂ ਸੀ ਜਿਸ ਦੇ ਕੁਝ ਨਾਵਲ ਛਪ ਚੁੱਕੇ ਸਨ ਤੇ ਉਹਨਾਂ ਉਪਰ ਖੋਜ ਕਾਰਜ ਵੀ ਹੋ ਰਿਹਾ ਸੀ। ਇਵੇਂ ਹੀ ਹਰਮੇਸ਼ ਸਿੰਘ ਤੇ ਕਈ ਹੋਰ ਵੀ ਅਜਿਹੇ ਲੇਖਕ ਸਨ ਜਿਹਨਾਂ ਦੀਆਂ ਰਚਨਾਵਾਂ ਇਥੇ ਤੇ ਇੰਡੀਆ ਦੇ ਰਸਾਲਿਆਂ-ਅਖ਼ਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਸਨ। ਇਸ ਸਭਾ ਦੀ ਹਰ ਮਹੀਨੇ ਬੈਠਕ ਹੋਇਆ ਕਰਦੀ ਸੀ। ਮੋਹਣੀ ਨੂੰ ਹੋਰ ਕੀ ਚਾਹੀਦਾ ਸੀ। ਮਿਡਲਸੈਕਸ ਵਿੱਚ ਤਾਂ ਹੁਣ ਸਾਹਿਤਕ ਮਹਿਫਲਾਂ ਬਹੁਤ ਘੱਟ ਲੱਗਦੀਆਂ ਸਨ। ਜੋਗੇਂਦਰ ਤੇ ਕੁੰਦਨ ਦੀ ਬਣਾਈ ਸਭਾ ਵੀ ਹਾਲੇ ਸੁਸਤ ਹੀ ਸੀ। ਵਿਲਨਹਾਲ ਦੀ ਲਿਖਾਰੀ ਸਭਾ ਨੇ ਮੋਹਣੀ ਨੂੰ ਭਰਵਾਂ ਜੀ ਆਇਆਂ ਕਿਹਾ। ਉਹ ਵਧੀਆ ਕਵਿੱਤਰੀ ਸੀ, ਗਾਇਕਾ ਸੀ, ਵਕਤਾ ਸੀ ਤੇ ਅਲੋਚਕ ਵੀ। ਉਸ ਦੀ ਕੂਵਤ ਦੇਖਦਿਆਂ ਉਸ ਨੂੰ ਸਭਾ ਦਾ ਸਹਾਇਕ ਸਕੱਤਰ ਵੀ ਬਣਾ ਦਿਤਾ ਗਿਆ। ਉਸ ਦਾ ਦਿਲ ਇਸ ਨਵੇਂ ਸ਼ਹਿਰ ਵਿੱਚ ਲੱਗ ਗਿਆ। ਛੇਤੀ ਹੀ ਵਿਲਨਹਾਲ ਉਸ ਨੂੰ ਦਿੱਲੀ ਵਾਂਗ ਹੀ ਆਪਣਾ ਆਪਣਾ ਜਾਪਣ ਲੱਗ ਪਿਆ। ਸਾਰੇ ਹੀ ਉਸ ਦੀ ਬਹੁਤ ਇੱਜ਼ਤ ਕਰਦੇ ਤੇ ਮਾਣ ਵੀ। ਸਭਾ ਦੇ ਆਉਣ ਵਾਲੇ ਸਮਾਗਮ ਵਿੱਚ 'ਬ੍ਰਤਾਨਵੀ ਪੰਜਾਬੀ ਕਵਿਤਾ' ਉਪਰ ਪਰਚਾ ਲਿਖਣ ਦੀ ਉਸ ਦੀ ਜ਼ਿੰਮੇਵਾਰੀ ਲੱਗ ਗਈ। ਉਸ ਨੂੰ ਬਹੁਤ ਚੰਗਾ ਚੰਗਾ ਮਹਿਸੂਸ ਹੋ ਰਿਹਾ ਸੀ। ਉਹ ਕੁੰਦਨ ਤੋਂ ਦੂਰ ਰਹਿ ਕੇ ਉਂਜ ਹੀ ਬਹੁਤ ਖੁਸ਼ ਸੀ। ਨਿੱਤ ਦੇ ਕਲੇਸ਼ ਤੋਂ ਖਹਿੜਾ ਛੁੱਟ ਗਿਆ ਸੀ। ਕੁੰਦਨ ਦਾ ਦੋ ਕੁ ਵਾਰ ਸ਼ਰਾਬੀ ਹੋਏ ਦਾ ਉਸ ਨੂੰ ਫੋਨ ਆਇਆ ਪਰ ਉਸ ਕੋਲ ਗਾਲ੍ਹਾਂ ਕੱਢਣ ਤੋਂ ਬਿਨਾਂ ਕਰਨ ਵਾਲੀ ਹੋਰ ਕੋਈ ਗੱਲ ਨਾ ਹੁੰਦੀ। ਮੋਹਣੀ ਨੇ ਤਾਂ ਮੁੜ ਕੇ ਮਿਡਲਸੈਕਸ ਵਲ ਨੂੰ ਮੂੰਹ ਹੀ ਨਾ ਕੀਤਾ।

ਛੇਤੀ ਹੀ ਵਿਲਨਹਾਲ ਲਿਖਾਰੀ ਸਭਾ ਨੇ ਆਪਣਾ ਸਾਲਾਨਾ ਸਮਾਗਮ ਕਰਾਇਆ। ਸਮਾਗਮ ਦੀ ਪ੍ਰਧਾਨਗੀ ਡਾਕਟਰ ਮੋਹਣੀ ਨੇ ਕੀਤੀ। ਕੁੰਦਨ ਵੀ ਆਇਆ ਪਰ ਉਸ ਨੂੰ ਸਿਰਫ ਪ੍ਰਧਾਨਗੀ ਮੰਡਲ ਵਿੱਚ ਹੀ ਸ਼ਾਮਲ ਕੀਤਾ ਗਿਆ। ਇਹ ਕੁੰਦਨ ਲਈ ਨਮੋਸ਼ੀ ਵਾਲੀ ਗੱਲ ਸੀ। ਇਸ ਸਮਾਗਮ ਵਿੱਚ ਸ਼ਾਮਲ ਹੋਣ ਵੇਲੇ ਉਸ ਨੂੰ ਯਕੀਨ ਸੀ ਕਿ ਪ੍ਰਧਾਨਗੀ ਉਸੇ ਨੂੰ ਹੀ ਮਿਲੇਗੀ। ਇਕ ਵਾਰ ਤਾਂ ਉਸ ਦਾ ਦਿਲ ਕੀਤਾ ਕਿ ਉਠ ਕੇ ਚਲੇ ਜਾਵੇ ਪਰ ਇਸ ਤਰ੍ਹਾਂ ਉਸ ਦੀ ਬੇਇਜ਼ਤੀ ਹੋ ਜਾਣੀ ਸੀ। ਵੈਸੇ ਮੋਹਣੀ ਉਸ ਨੂੰ ਬੜੇ ਆਦਰ ਨਾਲ ਮਿਲੀ। ਕੁੰਦਨ ਸਮਝਦਾ ਸੀ ਕਿ ਮੋਹਣੀ ਨੂੰ ਨਵੇਂ ਆਸਰੇ ਮਿਲ ਗਏ ਹਨ। ਉਸ ਨੂੰ ਨਿਰਮਲ ਨਾਕਸ ਉਪਰ ਗੁੱਸਾ ਵੀ ਆ ਰਿਹਾ ਸੀ ਜਿਸ ਨੇ ਮੋਹਣੀ ਨੂੰ ਨੌਕਰੀ ਦਵਾਈ ਸੀ ਪਰ ਨਿਰਮਲ ਨਾਕਸ ਦੀ ਉਹ ਕਦਰ ਵੀ ਕਰਦਾ ਸੀ। ਕਿਸੇ ਵੇਲੇ ਉਸ ਦੀ ਵਾਧੂ ਪਈ ਪਰਿੰਟਿੰਗ ਦੀ ਮਸ਼ੀਨ ਨਾਕਸ ਨੇ ਹੀ ਵਿਕਵਾਈ ਸੀ ਤੇ ਉਸ ਦੇ ਇਕ ਕਿਸਮ ਨਾਲ ਮਰੇ ਹੋਏ ਪੈਸੇ ਹਰੇ ਹੋ ਗਏ ਸਨ। ਇਵੇਂ ਹੀ ਇਕ ਵਾਰ ਉਸ ਕੋਲ ਇਕ ਵਾਧੂ ਜਿਹਾ ਕੰਪਿਊਟਰ ਪਿਆ ਸੀ, ਉਹ ਕੰਪਿਊਟਰ ਵੀ ਨਾਕਸ ਨੇ ਹੀ ਆਪਣੇ ਕਾਲਜ ਲਈ ਖਰੀਦ ਲਿਆ ਸੀ। ਇਸ ਤਰ੍ਹਾਂ ਨਾਕਸ ਦੇ ਅਹਿਸਾਨਾਂ ਕਰਕੇ ਉਹ ਉਸ ਦੇ ਵਿਰੁਧ ਨਹੀਂ ਸੀ ਬੋਲਦਾ।

ਉਸ ਦਿਨ ਦੇ ਸਮਾਗਮ ਵਿੱਚ ਜਦੋਂ ਕੁੰਦਨ ਨੇ ਦੋ ਕੁ ਗਲਾਸੀਆਂ ਪੀ ਲਈਆਂ ਤਾਂ ਉਹ ਮੋਹਣੀ ਕੋਲ ਚਲੇ ਗਿਆ। ਉਸ ਨੂੰ ਇਸ ਨਵੀਂ ਸ਼ੁਰੂਆਤ ਦੀਆਂ ਵਧਾਈਆਂ ਦੇਣ ਲੱਗਿਆ। ਮੋਹਣੀ ਨੂੰ ਪਤਾ ਸੀ ਕਿ ਸ਼ਰਾਬੀ ਹੋਇਆ ਉਹ ਹੋਰ ਬੰਦਾ ਹੁੰਦਾ ਹੈ। ਮੋਹਣੀ ਨੇ ਉਸ ਨਾਲ ਬਹੁਤੀ ਗੱਲਬਾਤ ਨਾ ਕੀਤੀ ਤੇ ਬਹਾਨਾ ਬਣਾ ਕੇ ਕਿਸੇ ਹੋਰ ਕੰਮ ਨੂੰ ਜਾ ਲੱਗੀ।...

ਇਕ ਦਿਨ ਨਾਕਸ ਨੇ ਆਖਿਆ,

"ਮੋਹਣੀ ਜੀ, ਤੁਸੀਂ ਕਿਰਾਏ ਤੇ ਕਦੋਂ ਤਕ ਰਹੋਗੇ, ਕਿਉਂ ਨਹੀਂ ਆਪਣਾ ਫਲੈਟ ਮੁੱਲ ਹੀ ਲੈ ਲੈਂਦੇ।"

"ਅੱਛਾ ਜੀ! ...ਕਿਵੇਂ ਕਰਨਾ ਏ ਸਭ ਕੁਝ, ਮੈਨੂੰ ਤਾਂ ਕੁਝ ਨਹੀਂ ਪਤਾ!"

ਨਾਕਸ ਨੇ ਉਸ ਲਈ ਇਕ ਫਲੈਟ ਲੱਭ ਦਿਤਾ। ਇਥੇ ਲੰਡਨ ਨਾਲੋਂ ਘਰਾਂ ਦੀਆਂ ਕੀਮਤਾਂ ਬਹੁਤ ਸਸਤੀਆਂ ਸਨ। ਪੱਚੀ ਹਜ਼ਾਰ ਦਾ ਫਲੈਟ ਸੀ ਤੇ ਤਿੰਨ ਕੁ ਹਜ਼ਾਰ ਡਿਪੌਜ਼ਟ ਦੇ ਕੇ ਮਿਲ ਗਿਆ। ਹੁਣ ਮੋਹਣੀ ਕੋਲ ਆਪਣਾ ਘਰ ਸੀ। ਉਸ ਨੇ ਸੋਚਿਆ ਹੀ ਨਹੀਂ ਸੀ ਕਿ ਇੰਗਲੈਂਡ

ਵਿੱਚ ਇਕ ਦਿਨ ਉਸ ਦਾ ਆਪਣਾ ਘਰ ਵੀ ਹੋਵੇਗਾ। ਉਸ ਨੂੰ ਤਾਂ ਲਗਦਾ ਸੀ ਕਿ ਬਾਕੀ ਦੀ ਉਮਰ ਕੁੰਦਨ ਦੇ ਰਹਿਮੋ-ਕਰਮ 'ਤੇ ਹੀ ਕੱਢਣੀ ਪਵੇਗੀ। ਉਹ ਆਪਣੇ ਫਲੈਟ ਵਿੱਚ ਪੂਰੀ ਤਰ੍ਹਾਂ ਸੈਟਲ ਹੋ ਗਈ। ਉਹ ਆਪਣੇ ਮਨ ਮਰਜ਼ੀ ਦੇ ਦੋਸਤਾਂ ਨੂੰ ਘਰ ਬੁਲਾਉਣਾ ਸ਼ੁਰੂ ਕਰ ਦਿਤਾ। ਉਸ ਨੂੰ ਜੀਉਣ ਦਾ ਮਜ਼ਾ ਆਉਣ ਲਗਿਆ।...

ਕੁੰਦਨ ਦੂਰੋਂ ਬੈਠਾ ਸਭ ਕੁਝ ਦੇਖ ਰਿਹਾ ਸੀ। ਇਕ ਦਿਨ ਉਸ ਨੇ ਨਿਰਮਲ ਨਾਕਸ ਨੂੰ ਫੋਨ ਕੀਤਾ, ਬੋਲਿਆ,

"ਨਾਕਸ ਜੀ, ਤੁਸੀਂ ਮੇਰਾ ਮੋਹਣੀ ਨਾਲ ਸਮਝੌਤਾ ਕਰਾ ਕੇ ਤਲਾਕ ਕਰਾ ਦਿਓ।"

"ਮੈਂ ਤਾਂ ਕਹਾਂਗਾ ਕੁੰਦਨ ਜੀ, ਤੁਸੀਂ ਇਕ ਦੂਜੇ ਤੋਂ ਅਲੱਗ ਰਹਿ ਕੇ ਦੇਖ ਚੁੱਕੇ ਹੋ ਹੁਣ ਦੁਬਾਰਾ ਇਕੱਠੇ ਹੋ ਜਾਓ।"

"ਨਹੀਂ ਨਾਕਸ ਜੀ, ਸਾਡੀ ਆਪਸ ਵਿੱਚ ਨਹੀਂ ਬਣ ਸਕਣੀ, ਤੁਸੀਂ ਏਤਰਾਂ ਕਰੋ ਕਿ ਇਹ ਸਮਝੌਤਾ ਕਰਾ ਦਿਓ ਕਿ ਦਿੱਲੀ ਵਾਲਾ ਘਰ ਉਹ ਰੱਖ ਲਵੇ ਤੇ ਮਿਡਲਸੈਕਸ ਵਾਲਾ ਮੈਂ ਰੱਖ ਲੈਂਦਾ ਹਾਂ, ਹੁਣ ਉਹਦੇ ਕੋਲ ਆਪਣਾ ਫਲੈਟ ਤਾਂ ਹੈ ਹੀ।"

30-ਘਰ ਦੀ ਲਿਖਾਰੀ ਸਭਾ

ਪੰਜਾਬੀ ਲਿਖਾਰੀ ਸਭਾ ਮਿਡਲਸੈਕਸ ਦੀ ਸ਼ੁਰੂਆਤ ਬਹੁਤ ਸੁਸਤ ਸੀ। ਇਸ ਦਾ ਕਾਰਨ ਜੋਗੇਂਦਰ ਉਤਰੀ ਲੰਡਨ ਵਿੱਚ ਰਹਿੰਦਾ ਸੀ। ਜਦ ਉਹ ਗਰੀਨਫੋਰਡ ਆ ਵਸਿਆ ਤਾਂ ਸਭਾ ਵੀ ਜਾਨ ਫੜ੍ਹਨ ਲੱਗੀ। ਹੁਣ ਜੋਗੇਂਦਰ ਵਿਹਲਾ ਜਿਹਾ ਹੀ ਸੀ। ਉਹ ਅਕਸਰ ਕੁੰਦਨ ਦੇ ਘਰ ਆ ਜਾਂਦਾ। ਉਸ ਨੂੰ ਕੁੰਦਨ ਨਾਲ ਗੱਲਾਂ ਕਰਨੀਆਂ ਬਹੁਤ ਚੰਗਾ ਲਗਦਾ ਕਿਉਂਕਿ ਕੁੰਦਨ ਦੀਆਂ ਗੱਲਾਂ ਵਿੱਚ ਸਿੱਖਣ ਲਈ ਬਹੁਤ ਕੁਝ ਹੁੰਦਾ। ਕੁੰਦਨ ਸਾਹਿਤ ਦੇ ਸਿਧਾਤਾਂ ਦੀਆਂ ਨਵੀਂਆਂ ਨਵੀਆਂ ਗੱਲਾਂ ਉਸ ਨੂੰ ਦੱਸਦਾ। ਇਵੇਂ ਕੁੰਦਨ ਦਾ ਵੀ ਦਿਲ ਲਗਿਆ ਹੋਇਆ ਸੀ। ਨਹੀਂ ਤਾਂ ਇਕੱਲਤਾ ਹੀ ਹਰ ਵੇਲੇ ਉਸ ਨੂੰ ਘੇਰੀ ਰੱਖਦੀ। ਹੁਣ ਉਹ ਦੋਵੇਂ ਰਲ਼ ਕੇ ਸਾਹਿਤਕ ਸਮਾਗਮ ਰਚਾਉਣ ਦੀਆਂ ਵਿਓਂਤਾ ਬਣਾਉਣ ਲੱਗੇ ਤਾਂ ਜੋ ਉਹਨਾਂ ਦੀ ਸਭਾ ਦੀ ਸਾਹਿਤਕ ਹਲਕਿਆਂ ਵਿੱਚ ਹਾਜ਼ਰੀ ਪੈ ਸਕੇ। ਕੁੰਦਨ ਨੇ ਆਖਿਆ,

"ਆਪਾਂ ਐਸਾ ਪ੍ਰੋਗਰਾਮ ਕਰਾਈਏ ਕਿ ਸਾਰੇ ਦੇਖਦੇ ਰਹਿ ਜਾਣ। ਤੈਨੂੰ ਆਪਣੇ ਭਾਊ ਦੇ ਸਿਰ ਦਾ ਪਤਾ ਹੀ ਏ, ਮੈਂ ਪਰਚਾ ਅਜਿਹਾ ਲਿਖਾਂਗਾ ਕਿ ਕਿਸੇ ਤੋਂ ਜਵਾਬ ਈ ਨਾ ਦੇ ਹੋਏਗਾ!"

"ਡਾਕਟਰ ਸਾਹਿਬ, ਗੱਲ ਤੁਹਾਡੀ ਠੀਕ ਏ ਪਰ ਅਜਿਹਾ ਪ੍ਰੋਗਰਾਮ ਹੋਵੇ ਕਿ ਆਪਾਂ ਸਾਰੇ ਲੇਖਕਾਂ ਨੂੰ ਸੱਦੀਏ ਤੇ ਸਾਰੇ ਹੀ ਆਉਣ 'ਤੇ ਆਪਣੇ ਆਪ ਨੂੰ ਪ੍ਰੋਗਰਾਮ ਦਾ ਹਿੱਸਾ ਵੀ ਸਮਝਣ।"

"ਉਹ ਕਿਵੇਂ?"

"ਪਰਚਾ ਇਹੋ ਜਿਹਾ ਹੋਵੇ ਕਿ ਕਿਸੇ ਨਾ ਕਿਸੇ ਤਰ੍ਹਾਂ ਸਭ ਨੂੰ ਹੀ ਜਮ੍ਹਾਂ ਕਰ ਲਿਆ ਜਾਵੇ। ...ਆਪਣਾ ਮਕਸਦ ਸਭ ਨੂੰ ਜੋੜਨਾ ਹੋਵੇ, ਭੂਰ-ਚੂਰ ਨਾਲ ਜੁੜੀ ਰਹੇਗੀ ਤਾਂ ਅਸੀਂ ਵੱਡੇ ਬਣਾਂਗੇ।"

"ਗੱਲ ਤੇਰੀ ਠੀਕ ਏ ਛੋਟੇ ਭਾਊ, ਤੇਰੇ ਤੋਂ ਵਧੀਆ ਇੰਗਲੈਂਡ ਵਿੱਚ ਕਹਾਣੀਕਾਰ ਹੈ ਨਈਂ ਤੇ ਮੇਰੇ ਤੋਂ ਉਪਰ ਨਾਵਲਕਾਰ, ...ਸਾਲਾ ਬੈਹੜਿਆਂ ਦਾ ਬਲਵੀਰ ਬਾਵਰਾ? ...ਮੋਹਣੀ ਉਹਨੂੰ ਐਵੇਂ ਹੀ ਚੁੱਕਣ ਲੱਗ ਪਈ ਏ, ...ਅਸਲ ਵਿੱਚ ਤੈਨੂੰ ਦੱਸਾਂ, ਮੋਹਣੀ ਦੀ ਇਕ ਪ੍ਰੌਬਲਮ ਏ ਕਿ ਉਹ ਹਰ ਵੇਲੇ ਇਕ ਬੰਦੇ ਦੀ ਵਡਿਆਈ ਕਰਦੀ ਰਹਿੰਦੀ ਏ, ਅੱਜਕੱਲ ਉਹਨੂੰ ਇਹ ਕਮੀਨਾ ਬਾਵਰਾ ਲੱਭ ਪਿਆ, ਮੈਂ ਤਾਂ ਇਹਦੇ ਫੋਨ ਨੰਬਰ 'ਤੇ ਈ ਚਿੱਟੀ ਸਿਆਹੀ ਫੇਰ ਦਿਤੀ!"

"ਹੁਣ ਡਾਕਟਰ ਸਾਹਿਬ, ਸੋਚੋ ਕਿ ਪਰਚਾ ਕਿਹੜੇ ਸਬਜੈਕਟ 'ਤੇ ਲਿਖਣਾਂ।"

ਕੁੰਦਨ ਸਿੰਘ ਨੇ ਸਿਗਰਟ ਲਾ ਲਈ, ਦੋ ਕੁ ਮਿੰਟ ਸੋਚ ਕੇ ਬੋਲਿਆ,

"ਨਾਂ ਹੋਵੇ 'ਪਰਵਾਸੀ ਕਹਾਣੀ ਦੇ ਬ੍ਰਿਤਾਂਤ ਦੇ ਨਵੇਂ ਜਾਵੀਏ।' ਮਤਲਬ ਕਿ ਮੇਰੇ ਇਸ ਸਿਧਾਂਤ ਨੂੰ ਦਿਤਿਆਂ ਅੱਠ ਸਾਲ ਹੋ ਗਏ ਤੇ ਅੱਠਾਂ ਸਾਲਾਂ ਵਿੱਚ ਕਾਫੀ ਕੁਝ ਬਦਲ ਗਿਆ ਏ, ਅੱਪਗ੍ਰੇਡ ਕਰਨ ਵਾਲਾ ਏ, ਇਸੇ ਬਹਾਨੇ ਹੋ ਵੀ ਜਾਏਗਾ।"

"ਇਹਦਾ ਮਤਲਬ ਤੁਹਾਨੂੰ ਸਾਰੀਆਂ ਕਹਾਣੀਆਂ ਦੁਬਾਰਾ ਪੜ੍ਹਨੀਆਂ ਪੈਣਗੀਆਂ।"

"ਓਹ ਨਹੀਂ, ਪੜ੍ਹਨੀਆਂ ਮੋਇਆਂ ਦਾ ਸਿਰ! ...ਸਭ ਕੁਝ ਮੇਰੇ ਇਥੇ ਹੈਗਾ ਏ, ਤੂੰ ਫਿਕਰ ਨਾ ਕਰ!"

ਕੁੰਦਨ ਨੇ ਆਪਣੇ ਸਿਰ ਨੂੰ ਹੱਥ ਲਾਉਂਦਿਆਂ ਕਿਹਾ। ਜੋਗੇਂਦਰ ਕੁਝ ਸੋਚਦੇ ਬੋਲਿਆ,

"ਮੈਂ ਤਾਂ ਪਹਿਲਾਂ ਕਦੇ ਕੋਈ ਪ੍ਰੋਗਰਾਮ ਔਰਗੇਨਾਈਜ਼ ਨਹੀਂ ਕੀਤਾ, ਕੀ ਪਰੋਸੀਜ਼ਰ ਹੁੰਦੈ?"

"ਕੋਈ ਖਾਸ ਨਹੀਂ, ਤੂੰ ਸਭ ਨੂੰ ਏਜੰਡੇ ਦੀ ਤਫਸੀਲ ਦੱਸਦੇ ਹੋਏ ਚਿੱਠੀਆਂ ਕੱਢ ਦੇ, ਜੇ ਕਿਸੇ ਲੇਖਕ ਦਾ ਸਿਰਨਾਵਾਂ ਨਾ ਮਿਲੇ ਤਾਂ ਦੱਸ ਦੇਵੀਂ ਮੈਂ ਲੱਭ ਦੇਵਾਂਗਾ। ਪ੍ਰੋਗਰਾਮ ਦੇ ਨੇੜੇ ਜਾ ਕੇ ਇਕ ਵਾਰੀ ਸਭ ਨੂੰ ਫੋਨ ਕਰ ਦੇਵੀਂ, ਜੇ ਆਪਾਂ ਪ੍ਰੋਗਰਾਮ ਬੇਕਨਫੀਡਲ ਹਾਲ ਵਿੱਚ ਕਰਾਈਏ ਤਾਂ ਮਹਿੰਗਾ ਪਵੇਗਾ, ਇਸ ਨਾਲੋਂ ਤਾਂ ਬਿਹਤਰ ਆਪਾਂ ਕਾਮਰੇਡਾਂ ਦੇ ਦਫਤਰ ਵਿੱਚ ਕਰਾ ਲਈਏ, ਚਾਲੀ ਕੁ ਬੰਦੇ ਉਥੇ ਬੈਠ ਜਾਂਦੇ ਨੇ, ਇੰਨੇ ਕੁ ਲੋਕ ਬਹੁਤ ਹੁੰਦੇ ਨੇ ਸਾਹਿਤਕ ਪ੍ਰੋਗਰਾਮ ਲਈ।"

ਕਾਮਰੇਡ ਇਕਬਾਲ ਸਿੰਘ ਨੇ ਆਪਣਾ ਇਕ ਘਰ ਪਾਰਟੀ ਦੇ ਕੰਮਾਂ ਲਈ ਰੱਖਿਆ ਹੋਇਆ ਸੀ। ਇਕਬਾਲ ਦੀ ਰਿਹਾਇਸ਼ ਕੁੰਦਨ ਦੇ ਘਰ ਦੇ ਨਜ਼ਦੀਕ ਹੀ ਸੀ। ਪੁਰਾਣੇ ਦੋਸਤ ਸਨ। ਕੁੰਦਨ ਨੇ ਇਕਬਾਲ ਨੂੰ ਫੋਨ ਕੀਤਾ ਤਾਂ ਉਸ ਨੇ ਇਕ ਦਮ 'ਹਾਂ' ਕਰ ਦਿਤੀ। ਉਹਨਾਂ ਤਰੀਕ ਤੈਅ ਕਰਕੇ ਪ੍ਰੋਗਰਾਮ ਉਲੀਕ ਲਿਆ ਤੇ ਖ਼ਬਰ ਸਾਰੀਆਂ ਅਖ਼ਬਾਰਾਂ ਨੂੰ ਭੇਜ ਦਿਤੀ ਗਈ। ਜੋਗੇਂਦਰ ਇੰਗਲੈਂਡ ਭਰ ਦੇ ਲੇਖਕਾਂ ਦਾ ਵਾਕਫ ਹੈ ਹੀ ਸੀ। ਉਸ ਨੇ ਤਕਰੀਬਨ ਅੱਸੀ ਚਿੱਠੀਆਂ ਲਿਖੀਆਂ। ਉਹ ਸੋਚਦਾ ਸੀ ਕਿ ਜੇ ਚਾਲੀ ਲੋਕ ਵੀ ਆ ਗਏ ਤਾਂ ਬਹੁਤ ਹੋਣਗੇ। ਪ੍ਰੋਗਰਾਮ ਦੇ ਨਜ਼ਦੀਕ ਜਾ ਕੇ ਜੋਗੇਂਦਰ ਨੇ ਸਭ ਨੂੰ ਫੋਨ ਕਰ ਦਿਤੇ। ਇਵੇਂ ਲੇਖਕਾਂ ਨਾਲ ਸਿੱਧਾ ਰਾਬਤਾ ਜੋੜਨਾ ਜੋਗੇਂਦਰ ਨੂੰ ਚੰਗਾ ਚੰਗਾ ਲੱਗ ਰਿਹਾ ਸੀ। ਇਕ ਦਿਨ ਕੁੰਦਨ ਨੇ ਪੁੱਛਿਆ,

"ਮੋਹਣੀ ਨੂੰ ਵੀ ਪਾਈ ਏ ਚਿੱਠੀ?"

"ਹਾਂ ਪਾਈ ਐ, ਕਿਉਂ, ਪਾਉਣੀ ਨਹੀਂ ਸੀ?"

"ਕਿਉਂ ਨਹੀਂ ਪਾਉਣੀ, ਸਭ ਨੂੰ ਪਾ ਪਰ ਜਿਹੜਾ ਮੇਰੇ ਮੂਹਰੇ ਅਟਕਿਆ, ਸੋ ਮੈਂ ਝਟਕਿਆ!"

ਆਖਦਾ ਕੁੰਦਨ ਹੱਸਿਆ।...

ਇਕ ਦਿਨ ਕੁੰਦਨ ਨੇ ਜੋਗੇਂਦਰ ਨੂੰ ਫੋਨ ਕਰ ਕੇ ਆਖਿਆ,

"ਮੈਂ ਪਰਚਾ ਲਿਖ ਲਿਆ, ਆ ਜਾ, ਤੈਨੂੰ ਸੁਣਾਵਾਂ।"

ਜੋਗੇਂਦਰ ਗਿਆ। ਕੁੰਦਨ ਨੇ ਪਰਚਾ ਸੁਣਾਇਆ। ਜੋਗੇਂਦਰ ਤਾਂ ਪਹਿਲਾਂ ਹੀ ਉਸ ਦੀ ਵਿਦਵਤਾ ਦਾ ਕਾਇਲ ਸੀ। ਇਸ ਪਰਚੇ ਵਿੱਚ ਉਸ ਦੇ ਸਿੱਖਣ ਲਈ ਬਹੁਤ ਸਾਰੀਆਂ ਗੱਲਾਂ ਸਨ। ਕਹਾਣੀ ਲਿਖਣ ਸਮੇਂ ਖਾਸ ਮਸਲੇ ਨੂੰ ਕਿਵੇਂ ਉਭਾਰਨਾ ਹੈ ਤੇ ਸਹਾਇਕ ਮਸਲਿਆਂ ਨੂੰ ਕਿਵੇਂ ਪਿੱਛੇ ਰੱਖਦੇ ਹੋਏ ਵੀ ਪਾਠਕ ਦੀ ਨਜ਼ਰ ਵਿੱਚ ਲਿਆਉਣਾ ਹੈ, ਪਾਠਕ ਨੂੰ ਕਹਾਣੀ ਪੜ੍ਹਦੇ ਰਹਿਣ ਲਈ ਕਿਵੇਂ ਉਤੇਜਿਤ ਕਰਨਾ ਹੈ। ਜੋਗੇਂਦਰ ਸੋਚ ਰਿਹਾ ਸੀ ਕਿ ਕੋਈ ਹੋਰ ਇਸ ਪਰਚੇ ਤੋਂ ਸਿੱਖੇ ਜਾਂ ਨਾ ਪਰ ਉਸ ਦਾ ਘਰ ਪੂਰਾ ਹੋ ਗਿਆ। ਉਸ ਦੀ ਅਗਲੀ ਕਹਾਣੀ ਲਈ ਇਹ ਗੱਲਾਂ ਬਹੁਤ ਸਹਾਈ ਹੋਣੀਆਂ ਸਨ।

ਪੂਰਾ ਗੱਜ-ਵੱਜ ਕੇ ਸਮਾਗਮ ਹੋਇਆ। ਮੋਹਣੀ ਤੋਂ ਬਿਨਾਂ ਸਾਰੇ ਹੀ ਆਏ। ਕੁੰਦਨ ਨੇ ਆਪਣੇ ਪਰਚੇ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਇੰਗਲੈਂਡ ਦੇ ਸਾਰੇ ਕਹਾਣੀਕਾਰਾਂ ਦਾ ਜ਼ਿਕਰ ਕੀਤਾ ਸੀ, ਇਸ ਲਈ ਸਾਰੇ ਖੁਸ਼ ਸਨ। ਨਾਲ ਹੀ ਇਹ ਵੀ ਐਲਾਨ ਕਰ ਦਿਤਾ ਸੀ ਕਿ ਅਗਲੇ ਪ੍ਰੋਗਰਾਮ ਵਿੱਚ ਬ੍ਰਤਾਨਵੀ ਕਵਿਤਾ ਵਿਚਾਰੀ ਜਾਵੇਗੀ। ਸ਼ਰਾਬ ਦਾ ਇੰਤਜ਼ਾਮ ਜੋਗੇਂਦਰ ਨੇ ਕਰ ਲਿਆ ਸੀ ਤੇ ਨਾਲ ਦੇ ਰੈਸਟੋਰੈਂਟ ਤੋਂ ਖਾਣਾ ਵੀ ਮੰਗਵਾ ਲਿਆ ਸੀ। ਕੁਲ ਮਿਲਾ ਕੇ ਸਾਰੇ ਲੇਖਕ ਇਸ ਪ੍ਰੋਗਰਾਮ ਤੋਂ ਪ੍ਰਸੰਨ ਮੁੜੇ। ਸਭ ਨੇ ਇਸ ਨੂੰ ਇਕ ਕਾਮਯਾਬ ਸਮਾਗਮ ਦੱਸਿਆ। ਕੁੰਦਨ ਨੇ ਇਸ ਦੀ ਰਿਪੋਟ ਆਪ ਤਿਆਰ ਕੀਤੀ। ਖੂਬ ਫੁੰਮਣ ਲਾ ਕੇ ਅਖ਼ਬਾਰਾਂ ਨੂੰ ਭੇਜੀ। ਇੰਗਲੈਂਡ ਤੇ ਇੰਡੀਆ ਦੇ ਸਾਹਿਤਕ ਹਲਕਿਆਂ ਵਿੱਚ ਵੀ ਇਸ ਸਮਾਗਮ ਦੀਆਂ ਗੱਲਾਂ ਹੋਣ ਲੱਗੀਆਂ। ਕੁੰਦਨ ਖੁਸ਼ ਸੀ। ਉਸ ਨੇ ਮੁੜ ਕੇ ਇੰਗਲੈਂਡ ਵਿੱਚ ਆਪਣੀ ਝੰਡੀ ਗੱਡ ਦਿਤੀ ਸੀ। ਜੋਗੇਂਦਰ ਵੀ ਖੁਸ਼ ਸੀ, ਨਾਲ ਦੀ ਨਾਲ ਉਸ ਦੀ ਵੀ ਬੱਲੇ-ਬੱਲੇ ਹੋ ਰਹੀ ਸੀ। ਕੁੰਦਨ ਨੇ ਆਪਣੇ ਪਰਚੇ ਵਿੱਚ ਉਸ ਦੇ ਨਾਂ ਦਾ ਜ਼ਿਕਰ ਕਈ ਵਾਰ ਕੀਤਾ ਸੀ। ਕਈ ਲੇਖਕ ਇਹ ਵੀ ਕਹਿ ਰਹੇ ਸਨ ਕਿ ਕੁੰਦਨ ਨਵਾਂ ਚੇਲਾ ਪਾਲ਼ ਰਿਹਾ ਹੈ।

ਇਸ ਤੋਂ ਤਿੰਨ ਕੁ ਮਹੀਨੇ ਬਾਅਦ ਹੀ ਉਹਨਾਂ ਨੇ ਕਵਿਤਾ ਉਪਰ ਪ੍ਰੋਗਰਾਮ ਕਰਵਾ ਦਿਤਾ। ਪਹਿਲੇ ਪ੍ਰੋਗਰਾਮ ਵਾਂਗ ਹੀ ਇਸ ਵਿੱਚ ਵੀ ਇੰਗਲੈਂਡ ਭਰ ਦੇ ਲੇਖਕ ਆਏ। ਐਤਕੀਂ ਤਾਂ ਮੋਹਣੀ ਵੀ ਆਈ। ਜੋਗੇਂਦਰ ਨੇ ਮੋਹਣੀ ਨੂੰ ਖਾਸ ਤੌਰ ਤੇ ਫੋਨ ਕੀਤਾ ਸੀ। ਨਾਲ ਹੀ ਨਾਕਸ ਤੇ ਬਲਵੀਰ ਬਾਵਰੇ ਨੂੰ ਵੀ। ਕੁੰਦਨ ਨੇ ਸਾਰੇ ਕਵੀਆਂ ਨੂੰ ਸ਼ਾਮਲ ਕੀਤਾ ਤੇ ਉਹਨਾਂ ਦੀ ਕਵਿਤਾ ਦਾ ਵਿਸਥਾਰ ਵਿੱਚ ਨਰੀਖਣ ਵੀ ਕੀਤਾ। ਮੋਹਣੀ ਇਸ ਪਰਚੇ ਦੇ ਹੱਕ ਵਿੱਚ ਬੋਲੀ। ਪਰਚਾ ਸਭ ਨੂੰ ਪਸੰਦ ਸੀ। ਕੁਝ ਲੋਕਾਂ ਨੇ ਐਵੇਂ ਖਾਹਮ-ਖਾਹ ਦੀਆਂ ਟਿਪਣੀਆਂ ਕੀਤੀਆਂ ਜਿਹਨਾਂ ਦਾ ਵੱਡਾ ਮਕਸਦ ਨਹੀਂ ਸੀ। ਕੁਝ ਫਜ਼ੂਲ ਜਿਹੇ ਸਵਾਲ ਵੀ ਉਠਾਏ।

ਇਹਨਾਂ ਦੋ ਪ੍ਰੋਗਰਾਮਾਂ ਨਾਲ ਉਹਨਾਂ ਦੀ ਇਹ ਸਭਾ ਚੱਲ ਪਈ। ਹੁਣ ਜੋਗੇਂਦਰ ਅਕਸਰ ਕੁੰਦਨ ਦੇ ਘਰ ਚਲੇ ਜਾਂਦਾ ਤੇ ਉਥੇ ਹੀ ਉਹ ਦਾਰੂ ਪੀਂਦੇ, ਦੁਨੀਆਂ ਭਰ ਦੀਆਂ ਗੱਲਾਂ ਕਰਦੇ। ਕੁੰਦਨ ਹੀਰੋ ਬਣਦਾ ਤੇ ਜੋਗੇਂਦਰ ਉਸ ਦੀ ਹਰ ਗੱਲ 'ਤੇ ਫੁੱਲ ਚੜ੍ਹਾ ਰਿਹਾ ਹੁੰਦਾ। ਹੁਣ ਕੁਝ ਹੋਰ ਦੋਸਤ ਵੀ ਉਹਨਾਂ ਨਾਲ ਜੁੜਨਾ ਚਾਹੁੰਦੇ ਸਨ। ਇਕ ਦਿਨ ਕੁੰਦਨ ਨੇ ਆਖਿਆ,

"ਕਿਉਂ ਨਾ ਆਪਾਂ ਕੁਝ ਮੈਂਬਰ ਭਰਤੀ ਕਰ ਲਈਏ ਤਾਂ ਜੋ ਪ੍ਰੋਗਰਾਮ ਕਰਾਉਣ ਸਮੇਂ ਖਰਚਾ ਵੀ ਕੁਝ ਵੰਡਿਆ ਜਾਵੇ ਤੇ ਸਾਡੀ ਸਭਾ ਵੀ ਭਰੀ ਭਰੀ ਲੱਗੇ।"

"ਡਾਕਟਰ ਸਾਹਿਬ, ਤੁਹਾਨੂੰ ਚੇਤਾ ਐ ਕਿ ਇਕ ਵਾਰ ਤੁਸੀਂ ਪ੍ਰਧਾਨ ਬਣਨ ਲਈ ਕਿੰਨੇ ਪਾਪੜ ਵੇਲੇ ਸੀ ਪਰ ਪ੍ਰਧਾਨਗੀ ਤਾਂ ਇਕ ਪਾਸੇ ਤੁਹਾਨੂੰ ਮੈਂਬਰ ਦੇ ਤੌਰ ਤੇ ਵੀ ਸਭਾ ਵਿੱਚੋਂ ਕੱਢ ਦਿਤਾ ਗਿਆ ਸੀ।"

ਸੁਣ ਕੇ ਕੁੰਦਨ ਹੱਸਣ ਲੱਗਿਆ ਤੇ ਬੋਲਿਆ,

"ਬੜਾ ਚੇਤਾ ਬਈ ਤੇਰਾ! ...ਸਾਲ਼ਿਆਂ ਬੈਹੜਿਆਂ ਦਿਆਂ ਨੇ ਸਾਨੂੰ ਕੱਢ ਕੇ ਔਹ ਮਾਰਿਆ!"

"ਹੁਣ ਤੁਹਾਡੇ ਹੱਥ ਪ੍ਰਧਾਨਗੀ ਆਈ ਹੋਈ ਐ ਤੇ ਮੇਰੇ ਹੱਥ ਸਕੱਤਰੀ, ਆਪਾਂ ਹੋਰ ਮੈਂਬਰ ਭਰਤੀ ਕਰ ਲਏ ਤਾਂ ਸਾਡੇ ਦੋਹਾਂ ਕੋਲ ਇਹ ਨਹੀਂ ਰਹਿਣੀਆਂ! ...ਸੋਚ ਲਓ!"

"ਛੱਡ ਯਾਰ, ਸਾਨੂੰ ਨਹੀਂ ਹੋਰ ਮੈਂਬਰ ਚਾਹੀਦੇ, ਹਾਂ ਏਤਰਾਂ ਕਰਦੇ ਆਂ ਕਿ ਕੁਝ ਨਾਂ ਘੜ ਲੈਨੇ ਆਂ, ਜਦ ਵੀ ਆਪਣੀ ਕਿਸੇ ਮੀਟਿੰਗ ਦੀ ਰਿਪੋਟਿੰਗ ਕਰਨੀ ਹੋਵੇ ਤਾਂ ਉਹ ਨਾਂ ਪਾ ਦਿਤੇ।"

"ਇਹ ਹੋਈ ਨਾ ਡਾਕਟਰਾਂ ਵਾਲੀ ਗੱਲ, ਸਾਨੂੰ ਇਵੇਂ ਹੀ ਕਰਨਾ ਚਾਹੀਦਾ ਏ, ਅਸੀਂ ਮੀਣੇ ਨੂੰ ਕਾਣਾ ਵਲ਼ ਪਾ ਕੇ ਮਿਲ਼ ਹੋਏ ਆਂ ਤੇ ਏਦਾਂ ਈ ਕੰਮ ਚੱਲੀ ਜਾਣ ਦਿਓ।"

"ਅੱਛਾ! ਇਹ ਗੱਲ ਏ ਤਾਂ ਪਾ ਇਕ ਇਕ ਪਟਿਆਲਾ-ਸ਼ਾਹੀ!"

ਜੋਗੇਂਦਰ ਨੇ ਬਹੁਤਾ ਸਮਾਂ ਸ਼ਰਾਬ ਦੀ ਦੁਕਾਨ ਹੀ ਕੀਤੀ ਸੀ ਇਸ ਲਈ ਉਸ ਨੂੰ ਇਸ ਕਾਰੋਬਾਰ ਦੀ ਕਾਫੀ ਸਮਝ ਸੀ। ਉਸ ਨੂੰ ਸ਼ਰਾਬ ਸਹੀ ਕੀਮਤ 'ਤੇ ਮਿਲ ਜਾਂਦੀ ਸੀ। ਕੁੰਦਨ ਵੀ ਹੁਣ ਕਈ ਵਾਰੀ ਪੂਰੀ ਪੇਟੀ ਹੀ ਇਕੱਠੀ ਖਰੀਦ ਲੈਂਦਾ। ਇਵੇਂ ਸਸਤੀ ਪੈਂਦੀ ਸੀ। ਜੋਗੇਂਦਰ ਸ਼ਰਾਬ ਦਾ ਬਕਸਾ ਉਹਦੇ ਘਰ ਲਿਆ ਰੱਖਦਾ ਤਾਂ ਉਹ ਕਹਿੰਦਾ,

"ਦੇਖ ਛੋਟੇ ਭਾਊ, ਤੂੰ ਅਮਰਜੋਤ ਨੂੰ ਨਾ ਦੱਸੀ ਕਿ ਪੂਰੀ ਪੇਟੀ ਗੈਰਜ ਵਿੱਚ ਪਈ ਏ ਨਹੀਂ ਤਾਂ ਸਾਲ਼ੇ ਬੈਹੜਿਆਂ ਦੇ ਨੇ ਸਾਰੀ ਈ ਪੀ ਜਾਣੀ ਏਂ।"

ਜੋਗੇਂਦਰ ਹੁਣ ਅਮਰਜੋਤ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਸੀ ਤੇ ਕਈ ਵਾਰ ਪਾਇਲ ਨੂੰ ਵੀ ਮਿਲ ਚੁਕਿਆ ਸੀ ਪਰ ਜਦ ਉਸ ਨੂੰ ਪਤਾ ਹੁੰਦਾ ਕਿ ਪਾਇਲ ਉਸ ਨੂੰ ਮਿਲਣ ਆਈ ਹੋਈ ਹੈ ਤਾਂ ਉਹ ਨਹੀਂ ਸੀ ਆਉਂਦਾ, ਜੇ ਉਸ ਦੇ ਆਏ ਤੇ ਅਚਾਨਕ ਆ ਜਾਂਦੀ ਤਾਂ ਉਹ ਜਲਦੀ ਉਠ ਜਾਂਦਾ ਸੀ। ਕੁੰਦਨ ਇਕੱਠੀ ਸ਼ਰਾਬ ਲੈ ਕੇ ਅਮਰਜੋਤ ਤੋਂ ਲੁਕਾਉਂਦਾ ਫਿਰਦਾ ਪਰ ਜਦ ਆਪ ਦੋ ਹਾੜੇ ਪੀ ਲੈਂਦਾ ਤਾਂ ਕਹਿਣ ਲੱਗਦਾ,

"ਲੈ ਬਈ ਅਮਰਜੋਤ, ਤੇਰੇ ਅੰਕਲ ਨੇ ਪੇਟੀ ਲੈ ਦਿਤੀ ਬਹੁਤ ਸਸਤੀ ਪਰ ਤੂੰ ਓਹਦੇ ਵਿਚੋਂ ਸਿਰਫ ਇਕ ਬੋਤਲ ਹੀ ਲੈਣੀ ਹੋਊ, ਮੈਂ ਗੈਰਿਜ ਦੇ ਖੱਬੇ ਕੋਨੇ ਲੁਕੋ ਕੇ ਰੱਖੀ ਏ, ਓ ਕੇਅ!"

ਅਮਰਜੋਤ ਜਾ ਕੇ ਸਿਰਫ ਇਕ ਬੋਤਲ ਹੀ ਕੱਢਦਾ। ਉਹ ਸ਼ਰਾਬ ਦਾ ਲਾਲਚੀ ਨਹੀਂ ਸੀ। ਹੁਣ ਉਸ ਨੂੰ ਯਕੀਨ ਸੀ ਕਿ ਕੁੰਦਨ ਉਸ ਦਾ ਵਿਆਹ ਕਰਵਾ ਦੇਵੇਗਾ ਇਸ ਲਈ ਉਹ ਪਿਓ ਦੀ ਤੱਤੀ-ਠੰਡੀ ਵੀ ਸਹਿ ਜਾਂਦਾ ਸੀ।...

ਕੁੰਦਨ ਅਮਨਜੋਤ ਦੇ ਵਿਆਹ ਲਈ ਲਗਾਤਾਰ ਹੱਥ-ਪੈਰ ਮਾਰ ਰਿਹਾ ਸੀ। ਉਹ ਹਰ ਜਾਣਕਾਰ ਤਕ ਪਹੁੰਚ ਕਰ ਰਿਹਾ ਸੀ। ਕਈ ਕੁੜੀਆਂ ਦੇਖ ਚੁੱਕੇ ਸਨ ਪਰ ਗੱਲ ਬਣ ਨਹੀਂ ਸੀ ਰਹੀ। ਉਹ ਚਾਹੁੰਦਾ ਸੀ ਕਿ ਅਮਨਜੋਤ ਦੇ ਬੱਚੇ ਹੋਣ ਤੇ ਘਰ ਵਿੱਚ ਰੌਣਕ ਲੱਗੇ ਪਰ ਅਮਨਜੋਤ ਤੋਂ ਉਹ ਬਹੁਤਾ ਖੁਸ਼ ਨਹੀਂ ਸੀ। ਉਸ ਸੋਚਦਾ ਕਿ ਅਮਰਜੋਤ ਇਸ ਘਰ ਨੂੰ ਆਪਣਾ ਘਰ ਬਿਲਕੁਲ ਨਹੀਂ ਸੀ ਸਮਝਦਾ। ਨਾ ਕਦੇ ਉਹ ਨੇ ਘਰ ਦੀ ਸਫਾਈ ਵਲ ਧਿਆਨ ਦਿਤਾ ਸੀ ਤੇ ਨਾ ਹੀ ਘਰ ਦੀਆਂ ਚੀਜ਼ਾਂ ਵਲ। ਖਾਣ ਪੀਣ ਦੀ ਸਾਰੀ ਸ਼ੌਪਿੰਗ ਅਮਰਜੋਤ ਕਰ ਦਿੰਦਾ ਸੀ ਪਰ ਰਹਿਣ ਦਾ ਕਿਰਾਇਆ ਨਹੀਂ ਸੀ ਦਿੰਦਾ ਜਦ ਕਿ ਉਸ ਨੂੰ ਉਸ ਦੇ ਫਲੈਟ ਦਾ ਚੰਗਾ ਭਲਾ ਕਿਰਾਇਆ ਆ ਰਿਹਾ ਸੀ। ਉਸ ਦੇ ਕਮਰੇ ਦੇ ਪਰਦੇ ਬਦਲਣ ਵਾਲੇ ਸਨ, ਕੁੰਦਨ ਦੇ ਕਿੰਨੀ ਵਾਰ ਕਹਿਣ ਤੇ ਉਹ ਨਵੇਂ ਲੈ ਕੇ ਆਇਆ ਸੀ। ਇਵੇਂ ਹੀ ਕਾਰਪੈਟ ਵੀ ਬੜੀ ਮੁਸ਼ਕਲ ਨਾਲ ਬਦਲੀ ਸੀ। ਇਕ ਦਿਨ ਕੁੰਦਨ ਨੇ ਆਖਿਆ,

"ਅਮਰਜੋਤ, ਘਰ ਦੀ ਨਵੀ ਵਿੰਡੋ-ਗਲੇਜ਼ਿੰਗ ਹੋਣ ਵਾਲੀ ਏ।"

"ਹਾਂ ਡੈਡ, ਮੈਂ ਵੀ ਫੀਲ ਕਰ ਰਿਹਾਂ।"

"ਫਿਰ ਕਿਉਂ ਨਹੀਂ ਤੂੰ ਕਰਾ ਲੈਂਦਾ?"

"ਡੈਡ, ਇਹ ਤੁਹਾਡਾ ਘਰ ਐ, ਤੁਸੀਂ ਕਰਾਓ।"

"ਮੇਰੇ ਤੋਂ ਬਾਅਦ ਇਹ ਤੇਰਾ ਈ ਤਾਂ ਏ।"

"ਡੈਡ, ਯੂ ਮਸਟ ਬੀ ਜੋਕਿੰਗ, ਏਸ ਘਰ ਵਿੱਚ ਅੱਧ ਤਾਂ ਮੋਹਣੀ ਦਾ ਐ।..."

ਸ਼ਨਿਚਰਵਾਰ ਦਾ ਦਿਨ ਸੀ। ਜੋਗੇਂਦਰ ਤੇ ਕੁੰਦਨ ਬ੍ਰੌਡਵੇਅ ਉਪਰ ਘੁੰਮਣ ਦਾ ਨਿਕਲ ਤੁਰੇ। ਇਵੇਂ ਉਹ ਕਦੇ ਕਦੇ ਕਰਦੇ ਸਨ। ਬ੍ਰੌਡਵੇਅ ਤੇ ਗੇੜਾ ਮਾਰਨ ਨਾਲ ਕਈ ਜਾਣੂੰ ਮਿਲ ਜਾਇਆ ਕਰਦੇ ਸਨ। ਇਵੇਂ ਹੀ ਕੁਝ ਪੁਰਾਣੇ ਦੋਸਤ ਉਹਨਾਂ ਨੂੰ ਘੁੰਮਦੇ ਫਿਰਦੇ ਮਿਲ ਪਏ। ਫਿਰ ਉਹ ਨਹਿਰ ਕੰਢਲੇ ਪੱਬ ਵਿੱਚ ਜਾ ਬੈਠੇ। ਉਸ ਦਿਨ ਵੀ ਕੁਝ ਪੱਛਾਣੂ ਬੈਠੇ ਦਿਸ ਪਏ ਸਨ। ਕੁੰਦਨ ਸਭ ਨਾਲ ਦੋ ਦੋ ਗੱਲਾਂ ਕਰਕੇ ਪ੍ਰਸੰਨ ਚਿੱਤ ਹੋ ਗਿਆ। ਪੱਬ ਵਿਚੋਂ ਉਠ ਜਦ ਜੋਗੇਂਦਰ ਘਰ ਨੂੰ ਜਾਣ ਲਈ ਤੁਰਿਆ ਤਾਂ ਕੁੰਦਨ ਬੋਲਿਆ,

"ਆ ਜਾਹ, ਮੇਰੇ ਵਲ ਈ ਚਲਦੇ ਆਂ, ਅਮਰਜੋਤ ਲੈਂਬ ਬਣਾ ਰਿਹਾ ਏ, ਦੋਨੋਂ ਭਰਾ ਦੋ ਦੋ ਗਲਾਸੀਆਂ ਲਾਵਾਂਗੇ ਤੇ ਨਾਲ ਦੋ ਦੋ ਪੀਸ ਲੈਂਬ ਦੇ।"

"ਡਾਕਟਰ ਸਾਹਿਬ, ਮੈਂ ਜ਼ਰਾ ਵਾਈਫ ਨੂੰ ਲੈ ਕੇ ਕਿਤੇ ਜਾਣਾਂ।"

"ਓਹ ਘੰਟਾ ਠਹਿਰ ਕੇ ਚਲੇ ਜਾਈਂ, ਕਿਹੜੇ ਕਿਸੇ ਕਾਹਲੀ ਦੇ ਕੰਮ ਜਾਣਾਂ!"

ਉਹ ਦੋਵੇਂ ਹੀ ਕੁੰਦਨ ਦੇ ਘਰ ਆ ਗਏ। ਹਾਲੇ ਅੱਧਾ ਕੁ ਘੰਟਾ ਹੀ ਬੈਠਿਆਂ ਨੂੰ ਹੋਇਆ ਸੀ ਕਿ ਪਾਇਲ ਆ ਗਈ। ਜੋਗੇਂਦਰ ਬੋਲਿਆ,

"ਚੰਗਾ ਡਾਕਟਰ ਸਾਹਿਬ, ਮੈਂ ਚਲਦਾਂ, ਤੁਸੀਂ ਹੁਣ ਬੈਠੋ।"

"ਨਹੀਂ ਯਾਰ, ਤੂੰ ਵੀ ਸਾਡਾ ਫੈਮਿਲੀ ਮੈਂਬਰ ਈ ਐਂ, ਓਨਾ ਤਾਂ ਮੈਨੂੰ ਇਹਨਾਂ ਦੋਨਾਂ 'ਤੇ ਯਕੀਨ ਨਹੀਂ ਜਿੰਨਾ ਤੇਰੇ 'ਤੇ ਏ।"

ਕੁੰਦਨ ਨੇ ਜੋਗੇਂਦਰ ਦਾ ਹੱਥ ਫੜ ਕੇ ਬੈਠਾ ਲਿਆ। ਪਾਇਲ ਨੂੰ ਉਹ ਪਹਿਲਾਂ ਵੀ ਮਿਲ ਚੁੱਕਿਆ ਸੀ। ਉਸ ਦੀ ਬੋਲਬਾਣੀ ਵਧੀਆ ਸੀ। ਪੰਜਾਬੀ ਵੀ ਸੁਹਣੀ ਬੋਲ ਲੈਂਦੀ ਸੀ। ਉਸ ਨੇ ਕਪੜੇ ਹਮੇਸ਼ਾ ਦੀ ਤਰ੍ਹਾਂ ਅਜੀਬ ਜਿਹੇ ਪਾਏ ਹੋਏ ਸਨ, ਲੱਕ ਤਕ ਜੰਪਰ ਤੇ ਲੱਤਾਂ ਵਿੱਚ ਕਾਲੇ ਰੰਗ ਦੀਆਂ ਟਾਈਟਸ। ਪਾਇਲ ਤੇ ਅਮਰਜੋਤ ਦੂਜੇ ਕਮਰੇ ਵਿੱਚ ਸਨ ਤੇ ਕਿਸੇ ਗੱਲੋਂ ਲੜਨ ਲੱਗੇ। ਕੁੰਦਨ ਜੋਗੇਂਦਰ ਨੂੰ ਦੱਸਣ ਲੱਗਿਆ,

"ਇਹ ਮੁੰਡਾ ਆਪਣੀ ਭੈਣ ਨੂੰ ਭੋਰਾ ਨਹੀਂ ਝੱਲਦਾ।"

ਪਾਇਲ ਉਹਨਾਂ ਕੋਲ ਆ ਕੇ ਬੈਠ ਗਈ ਤੇ ਕੁੰਦਨ ਨੂੰ ਬੋਲੀ,

"ਡੈਡ, ਤੁਸੀਂ ਫੇਰ ਸ਼ਰਾਬ ਪੀ ਲਈ, ਮੈਂ ਤੁਹਾਨੂੰ ਰੋਕਿਆ ਸੀ, ਫੇਰ ਕਿਉਂ?"

"ਕੋਈ ਗੱਲ ਨਹੀਂ ਕੁੜੀਏ, ਅੱਜ ਤੇਰਾ ਅੰਕਲ ਆ ਗਿਆ ਏਸ ਕਰਕੇ।"

ਪਾਇਲ ਜੋਗੇਂਦਰ ਵਲ ਦੇਖਦੀ ਚੁੱਪ ਕਰ ਗਈ। ਕੁੰਦਨ ਨੇ ਇਕ ਪੈੱਗ ਪਾਇਲ ਲਈ ਬਣਾਇਆ ਤੇ ਫੜਾਉਂਦਾ ਬੋਲਿਆ,

"ਮੇਰੀ ਕੁੜੀ ਬਹੁਤ ਵਿਗੜੀ ਹੋਈ ਏ, ਬਹੁਤ ਨੌਟੀ ਏ! ਛੋਟੀ ਹੁੰਦੀ ਤਾਂ ਬਹੁਤ ਈ ਸ਼ਰਾਰਤੀ ਹੁੰਦੀ ਸੀ!"

"ਡੈਡ, ਤੁਸੀਂ ਵੀ ਘੱਟ ਨਹੀਂ ਸੀ ਹੁੰਦੇ, ਕਹੋਂ ਤਾਂ ਤੁਹਾਡੀ ਕੋਈ ਸ਼ਰਾਰਤ ਚੇਤੇ ਕਰਾਵਾਂ?"

"ਨਹੀਂ, ਅੱਜ ਰਹਿਣ ਦੇ, ਫੇਰ ਕਿਸੇ ਦਿਨ ਸਹੀ।"

ਹੱਸਦੇ ਹੋਇਆ ਕੁੰਦਨ ਨੇ ਕਿਹਾ ਤੇ ਫਿਰ ਪੁੱਛਿਆ,

"ਅਮਰਜੋਤ ਕਿਉਂ ਲੜ੍ਹਦਾ ਏ?"

ਪਾਇਲ ਨੇ ਇਕ ਵਾਰੀ ਜੋਗੇਂਦਰ ਵੱਲ ਦੇਖਿਆ ਕਿ ਘਰ ਦੀ ਕੋਈ ਗੱਲ ਉਸ ਦੇ ਸਾਹਮਣੇ ਕੀਤੀ ਜਾਵੇ ਜਾਂ ਨਾ। ਉਸ ਨੂੰ ਪਤਾ ਸੀ ਕਿ ਕੁੰਦਨ ਹਰ ਵੇਲੇ ਹੀ ਜੋਗੇਂਦਰ ਦੀਆਂ ਗੱਲਾਂ ਕਰਦਾ ਰਹਿੰਦਾ ਸੀ, ਇਸ ਲਈ ਹੁਣ ਉਹ ਕੋਈ ਓਪਰਾ ਨਹੀਂ ਸੀ। ਉਹ ਬੋਲੀ,

"ਕਹਿੰਦੈ ਕਿ ਡੈਡੀ ਮੇਰੇ ਵਿਆਹ ਲਈ ਫਿਕਰਵੰਦ ਨਹੀਂ।"

"ਓ ਯਾਰ, ਮੈਂ ਬਹੁਤ ਫਿਕਰਵੰਦ ਆਂ, ਪਿਓ ਆਂ ਆਖਰ, ਹੁਣ ਮੈਂ ਆਪ ਤਾਂ ਇਹਦੇ ਲਈ ਲਾਲ ਸੂਟ ਪਾਉਣੋਂ ਰਿਹਾ!"

ਉਸ ਦੀ ਗੱਲ ਸੁਣ ਕੇ ਅਮਰਜੋਤ ਵੀ ਆ ਗਿਆ। ਉਸ ਨੇ ਕਿਹਾ,

"ਡੈਡ, ਮੈਂ ਇਹ ਗੱਲ ਨਹੀਂ ਕਹਿੰਦਾ, ਮੈਂ ਕਹਿੰਨਾਂ ਕਿ ਜੇ ਮੌਮ ਜੀਉਂਦੀ ਹੁੰਦੀ ਤਾਂ ਹੁਣ ਤਕ ਮੇਰਾ ਵਿਆਹ ਹੋ ਗਿਆ ਹੋਣਾ ਸੀ।"

"ਓ ਸਾਲ਼ਿਆ ਬੇਹੜਿਆਂ ਦਿਆ, ਤੂੰ ਓਸ ਗੰਦੀ ਜਨਾਨੀ ਨੂੰ ਹਾਲੇ ਵੀ ਚੇਤੇ ਕਰਦਾ ਏਂ, ਓਹ ਤਾਂ ਤੇਰੀ ਪੱਕੀ ਦੁਸ਼ਮਣ ਸੀ, ਯਾਦ ਭੁੱਲ ਗਿਆ! ਮਹੀਨਾ ਮਹੀਨਾ ਭਰ ਤਾਂ ਉਹ ਤੇਰੀ ਰੋਟੀ ਨਹੀਂ ਸੀ ਬਣਾਉਂਦੀ, ਕਪੜੇ ਨਹੀਂ ਸੀ ਧੋਂਦੀ, ਭੁੱਲ ਗਿਆਂ?"

ਕੁੰਦਨ ਦਾ ਗੁੱਸਾ ਵਧ ਰਿਹਾ ਸੀ। ਉਹ ਕਹਿੰਦਾ ਜਾ ਰਿਹਾ ਸੀ,

"ਤੂੰ ਤਾਂ ਮੇਰਾ ਕੀਤਾ ਕਰਾਇਆ ਖੂਹ ਵਿੱਚ ਪਾ ਦਿਤਾ, ਕਿੰਨੇ ਰਿਸ਼ਤੇ ਤੈਨੂੰ ਆਏ, ਤੂੰ ਠਕਰਾਉਂਦਾ ਰਿਹਾਂ, ਸਾਲ਼ਿਆ ਬੇਹੜਿਆਂ ਦਿਆ, ਤੇਰੀ ਸ਼ਕਲ ਹੈਗੀ ਗੁਲਸ਼ਨ ਗਰੋਵਰ ਵਰਗੀ ਤੇ ਸਮਝਦਾ ਤੂੰ ਆਪਣੇ ਆਪ ਨੂੰ ਹੀਰੋ ਏਂ, ...ਬਈ ਬੰਦਾ ਜਿਹੋ ਜਿਹੀ ਕੁੜੀ ਮਿਲ ਗਈ ਵਿਆਹ ਕਰਾ ਕੇ ਵਿਹਲਾ ਹੋਵੇ, ਹੁਣ ਨੂੰ ਤਾਂ ਦੋ ਨਿਆਣਿਆਂ ਦਾ ਪਿਓ ਹੁੰਦਾ!"

ਕੁੰਦਨ ਉੱਚੀ ਆਵਾਜ਼ ਵਿੱਚ ਬੋਲ ਰਿਹਾ ਸੀ। ਹੁਣ ਅਮਰਜੋਤ ਵੀ ਉਸ ਦੇ ਬਰਾਬਰ ਬੋਲਣ ਲੱਗਿਆ ਤੇ ਪੁਰਾਣੇ ਤਾਹਨੇ ਮਿਹਣੇ ਦੇਣ ਰਿਹਾ ਸੀ। ਜੋਗੇਂਦਰ ਕੁੰਦਨ ਨੂੰ ਉਠਾ ਕੇ ਦੂਜੇ ਕਮਰੇ ਵਿੱਚ ਲੈ ਗਿਆ ਤੇ ਪਾਇਲ ਅਮਰਜੋਤ ਨੂੰ ਚੁੱਪ ਕਰਾਉਣ ਲੱਗੀ। ਜੋਗੇਂਦਰ ਨੇ ਕਿਹਾ,

"ਇੰਡੀਆ ਤੋਂ ਕੁੜੀ ਲੱਭਣ ਦੀ ਕੋਸ਼ਿਸ਼ ਕਰੋ, ਬਹੁਤ ਮਿਲ ਜਾਣਗੀਆਂ।"

"ਪਰ ਇਹ ਸਾਲ਼ਾ ਬੇਹੜਿਆਂ ਦਾ ਕਹਿੰਦਾ ਕਿ ਫ੍ਰੈੱਸ਼ੀ ਨਹੀਂ ਚਾਹੀਦੀ।"

"ਹੁਣ ਏਹਨੇ ਮੰਨ ਜਾਣਾਂ, ਇਹਨੇ ਇਥੇ ਬਥੇਰੀ ਟਰਾਈ ਮਾਰ ਲਈ ਐ।"

"ਜਿੰਦਾਂ ਇਹ ਮੂਹਰੇ ਬੋਲਦਾ, ਮੇਰਾ ਨਹੀਂ ਦਿਲ ਕਰਦਾ ਕਿ ਏਹਦੇ ਲਈ ਕੁਝ ਵੀ ਕਰਾਂ।"

"ਡਾਕਟਰ ਸਾਹਿਬ, ਫੇਰ ਵੀ ਤੁਹਾਡਾ ਹੀ ਪੁੱਤਰ ਐ, ਕੋਈ ਗੱਲ ਨਹੀਂ, ਜ਼ਰਾ ਜਿਗਰੇ ਤੋਂ ਕੰਮ ਲਵੋ।"

ਆਖਦਾ ਜੋਗੇਂਦਰ ਚਲੇ ਗਿਆ।

ਉਸ ਦੇ ਜਾਣ ਤੋਂ ਬਾਅਦ ਕੁੰਦਨ ਫਿਰ ਅਮਰਜੋਤ ਨਾਲ ਲੜ੍ਹਨ ਲੱਗਿਆ। ਉਹ ਬੋਲਿਆ,

"ਨਾ ਤੂੰ ਘਰ ਦਾ ਕੋਈ ਕੰਮ ਕਰ ਕੇ ਖੁਸ਼ ਏਂ, ਨਾ ਤੂੰ ਏਸ ਘਰ ਦੀ ਕਿਸੇ ਮੁਰੰਮਤ ਵਲ ਧਿਆਨ ਦਿੰਦਾ ਏਂ।"

"ਡੈਡ, ਮੈਂ ਪਹਿਲਾਂ ਕਈ ਵਾਰ ਕਹਿਣ ਚੁੱਕਿਆਂ ਕਿ ਇਹ ਘਰ ਮੇਰਾ ਨਹੀਂ, ਮੋਹਣੀ ਦਾ ਏ।"

"ਉਹਨੂੰ ਦਿੱਲੀ ਵਾਲਾ ਫਲੈਟ ਦੇ ਦੇਣਾ ਏਂ।"

"ਦਿੱਲੀ ਵਾਲੇ ਫਲੈਟ ਦੀ ਕੀਮਤ ਕੁਝ ਨਹੀਂ, ਏਸ ਕਰਕੇ ਮੋਹਣੀ ਉਹ ਨਹੀਂ ਲੈਣ ਲੱਗੀ, ਜੇ ਤੁਸੀਂ ਏਸ ਘਰ ਨੂੰ ਬਚਾਉਣਾ ਚਾਹੁੰਦੇ ਓ ਤਾਂ ਏਹ ਮੇਰੇ ਨਾਂ ਕਰਾ ਦਿਓ।"

"ਤੂੰ ਸਾਲ਼ਿਆ ਬੇਹੜਿਆਂ ਦਿਆ, ਮੁਫਤ ਵਿੱਚ ਮੇਰੇ ਤੋਂ ਘਰ ਹੜੱਪਣਾ ਚਾਹੁੰਨਾਂ! ਤੂੰ ਕੀ ਮੈਨੂੰ ਪਾਗਲ ਸਮਝਿਆ ਏ?"

ਅਮਰਜੋਤ ਆਪਣੇ ਕਮਰੇ ਵਿੱਚ ਚਲੇ ਗਿਆ ਪਰ ਕੁੰਦਨ ਸਾਰੀ ਰਾਤ ਉਸ ਨੂੰ ਗਾਲ੍ਹਾਂ ਕੱਢਦਾ ਰਿਹਾ। ਇਸੇ ਗੁੱਸੇ ਵਿੱਚ ਉਹ ਅਗਲੇ ਦਿਨ ਵੀ ਸ਼ਰਾਬ ਪੀਂਦਾ ਰਿਹਾ। ਸਵੇਰੇ ਉਠ ਕੇ ਉਸ ਨੇ ਡਾਕਟਰ ਮਹਿਰੋਕ ਦਾ ਨੰਬਰ ਲੱਭਣਾ ਸ਼ੁਰੂ ਕਰ ਦਿਤਾ। ਇਹ ਮਹਿਰੋਕ ਉਹੀ ਸੀ ਜਿਸ ਨਾਲ ਉਸ ਨੇ ਆਪਣੀ ਡਾਕਟਰੇਟ ਕੀਤੀ ਸੀ ਪਰ ਬਾਅਦ ਵਿੱਚ ਉਸ ਦੇ ਫੋਨ ਨੰਬਰ ਉਪਰ ਟਿਪਕਸ ਫੇਰ ਮਾਰੀ ਸੀ। ਹੁਣ ਉਸ ਦੇ ਨੰਬਰ ਦੀ ਜ਼ਰੂਰਤ ਪੈ ਗਈ ਸੀ। ਉਹ ਸੋਚਦਾ ਸੀ ਕਿ ਇਸ ਵੇਲੇ ਮਹਿਰੋਕ ਉਸ ਦੇ ਕੰਮ ਆ ਸਕਦਾ ਹੈ। ਉਹ ਪਰਿਵਾਰਕ ਜਿਹਾ ਬੰਦਾ ਸੀ ਤੇ ਉਸ ਦੀਆਂ ਦੂਰ ਤਕ ਰਿਸ਼ਤੇਦਾਰੀਆਂ ਵੀ ਸਨ। ਅਮਰਜੋਤ ਨੂੰ ਰਿਸ਼ਤਾ ਕਰਵਾਉਣ ਲਈ ਉਹ ਸਭ ਤੋਂ ਢੁਕਵਾਂ ਵਿਅਕਤੀ ਸੀ। ਉਸ ਨੇ ਕਈ ਹੋਰ ਦੋਸਤਾਂ ਨੂੰ ਫੋਨ ਕਰਕੇ ਮਹਿਰੋਕ ਦਾ ਨੰਬਰ ਲੱਭਿਆ ਤੇ ਸਾਰੀ ਗੱਲ ਉਸ ਨੂੰ ਦੱਸੀ। ਮਹਿਰੋਕ ਬੋਲਿਆ,

"ਕੁੰਦਨ ਜੀ, ਮੇਰੀ ਨਜ਼ਰ ਵਿੱਚ ਇਸ ਵੇਲੇ ਕੋਈ ਰਿਸ਼ਤਾ ਨਹੀਂ ਏ ਪਰ ਇਕ ਵਾਰ ਤੁਸੀਂ ਅਖ਼ਬਾਰ ਵਿੱਚ ਦੇ ਦਿਓ, ਬਹੁਤ ਸਾਰੇ ਰਿਸ਼ਤੇ ਉਠ ਖੜਨਗੇ, ਤੁਹਾਡੇ ਬੇਟੇ ਜਿੰਨੇ ਪੜ੍ਹੇ ਲਿਖੇ ਤੇ ਚੰਗੀ ਨੌਕਰੀ ਵਾਲੇ ਮੁੰਡਿਆਂ ਨੂੰ ਰਿਸ਼ਤਿਆਂ ਦਾ ਕੋਈ ਘਾਟਾ ਨਹੀਂ ਏ।"

ਕੁੰਦਨ ਚਾਹੁੰਦਾ ਸੀ ਕਿ ਇਥੇ ਬੈਠੇ ਬੈਠਾਏ ਹੀ ਕੁਝ ਹੋ ਜਾਵੇ। ਮੁੰਡੇ ਦੇ ਰਿਸ਼ਤੇ ਲਈ ਇੰਡੀਆ ਜਾਣ ਤੋਂ ਉਹ ਕੁਝ ਝਿਜਕਦਾ ਸੀ ਵੈਸੇ ਉਹ ਬਹੁਤ ਕਾਹਲਾ ਸੀ ਕਿ ਜਲਦੀ ਤੋਂ ਜਲਦੀ ਅਮਨਜੋਤ ਦਾ ਵਿਆਹ ਹੋ ਜਾਵੇ ਤਾਂ ਜੋ ਉਹ ਕੋਈ ਮਿਹਣਾ ਨਾ ਮਾਰ ਸਕੇ।...

ਕੁਝ ਦਿਨ ਬਾਅਦ ਹੀ ਨੌਨੀਟਨ ਲਿਖਾਰੀ ਸਭਾ ਵਲੋਂ ਸਾਹਿਤਕ ਸਮਾਗਮ ਪ੍ਰੋਗਰਾਮ ਕਰਾਇਆ ਜਾ ਰਿਹਾ ਸੀ। ਜੋਗੇਂਦਰ ਨਹੀਂ ਸੀ ਜਾਣਾ ਚਾਹੁੰਦਾ ਪਰ ਕੁੰਦਨ ਕਰਕੇ ਜਾਣਾ ਪਿਆ। ਕੁੰਦਨ ਨੇ ਆਖਿਆ,

"ਉਥੇ ਮੋਹਣੀ ਵੀ ਆਈ ਹੋਣੀ ਏਂ, ਸਾਲ਼ੀ ਬੈਹੜਿਆਂ ਦੀ ਬਿਮਾਰ ਔਰਤ! ਚੱਲ ਓਹਨੂੰ ਈ ਦੇਖ ਲਵਾਂਗੇ, ਦੇਖੀਂ ਤੂੰ ਓਹਦਾ ਬੈਗ ਚ' ਮਾੜੇ ਕੈਮਿਸਟ ਜਿੰਨੀਆਂ ਦਵਾਈਆਂ ਹੁੰਦੀਆਂ, ਰੇੜੀਆਂ ਵਾਂਗੂੰ ਤਾਂ ਗੋਲ਼ੀਆਂ ਚੱਬਦੀ ਏ ਉਹ।"

ਸਮਾਗਮ ਉਪਰ ਸਾਰੇ ਹੀ ਲੇਖਕ ਆਏ ਹੋਏ ਸਨ। ਵਿਲਨਹਾਲ ਵਾਲੀ ਸਾਰੀ ਸਭਾ ਦੋ ਕਾਰਾਂ ਵਿਚ ਆਈ ਸੀ। ਮੋਹਣੀ ਨੇ ਸਾੜ੍ਹੀ ਲਾ ਰੱਖੀ ਸੀ। ਬਹੁਤ ਸੁਹਣੀ ਲੱਗ ਰਹੀ ਸੀ। ਕੁੰਦਨ ਨੇ ਉਸ ਨੂੰ ਜਾ ਕੇ 'ਸਤਿ ਸ੍ਰੀ ਆਕਾਲ' ਬੁਲਾਈ। ਮੋਹਣੀ ਨੇ ਪਿਆਰ ਨਾਲ ਜਵਾਬ ਦਿਤਾ। ਮੋਹਣੀ ਨੇ ਸਟੇਜ ਤੋਂ ਕਵਿਤਾ ਬਾਰੇ ਪਰਚਾ ਪੜ੍ਹਿਆ। ਕੁੰਦਨ ਨੇ ਪਰਚੇ ਉਪਰ ਸਵਾਲ ਉਠਾਉਂਦਿਆਂ ਕਿਹਾ,

"ਮੋਹਣੀ ਜੀ ਕਹਿ ਰਹੇ ਨੇ ਕਿ ਕਵਿਤਾ ਲਿਖਣ ਤੋਂ ਪਹਿਲਾਂ ਹੀ ਲਿਖੀ ਪਈ ਹੁੰਦੀ ਏ, ਕਿੰਨੀ ਅਜੀਬ ਗੱਲ ਏ! ਜਿਸ ਚੀਜ਼ ਦਾ ਹਾਲੇ ਜਨਮ ਹੀ ਨਹੀਂ ਹੋਇਆ ਉਹ ਕਿਵੇਂ ਜੰਮੀ ਪਈ ਹੋਈ?"

ਮੋਹਣੀ ਦੀ ਦੁਬਾਰਾ ਬੋਲਣ ਦੀ ਵਾਰੀ ਆਈ ਤਾਂ ਕਹਿਣ ਲੱਗੀ,

"ਮੈਂ ਇਹ ਗੱਲ ਸਿੱਧ ਕਰ ਸਕਦੀ ਹਾਂ ਕਿ ਕਵਿਤਾ ਪੇਪਰ 'ਤੇ ਉਤਰਨ ਤੋਂ ਪਹਿਲਾਂ ਜਨਮ ਧਾਰ ਚੁੱਕੀ ਹੁੰਦੀ ਏ...।"

ਉਹ ਆਪਣੀ ਗੱਲ ਦੇ ਹੱਕ ਵਿੱਚ ਦਲੀਲਾਂ ਦੇਣ ਲੱਗੀ। ਸਾਰੇ ਸਰੋਤੇ ਉਹਨਾਂ ਦੋਨਾਂ ਦੇ ਆਪਸ ਵਿੱਚ ਫਸਣ ਕਰਕੇ ਹੈਰਾਨ ਵੀ ਸਨ ਤੇ ਖੁਸ਼ ਵੀ। ਸਮਾਗਮ ਤੋਂ ਬਾਅਦ ਖਾਣ-ਪੀਣ ਦਾ ਦੌਰ ਚੱਲਿਆ। ਕੁੰਦਨ ਆਪਣਾ ਪੈੱਗ ਪੀਂਦਾ ਜੋਗੇਂਦਰ ਨੂੰ ਬੋਲਿਆ,

"ਤੇਰੀ ਭਰਜਾਈ ਤਾਂ ਬਈ ਹੁਣ ਪੈਂਦੀ ਏ!"

ਵਾਪਸ ਮੁੜਦੇ ਸਮੇਂ ਕੁੰਦਨ ਕੁਝ ਵਧੇਰੇ ਹੀ ਪੀ ਗਿਆ ਸੀ। ਕਾਰ ਵਿੱਚ ਬੈਠਦਿਆਂ ਹੀ ਉਹ ਅਚਾਨਕ ਰੋਣ ਲਗਿਆ ਤੇ ਬੋਲਿਆ,

"ਛੋਟੇ ਭਾਊ, ਇਹ ਔਰਤ ਜੇਠੂ ਦੇ ਨਲ਼ ਫੜੀ ਬੈਠੀ ਏ, ਯਾਰ ਛੁਡਾ ਕਿਸੇ ਤਰਾਂ!"

31-ਅਮਰਜੋਤ

"ਡੈਡ, ਅਸਲ ਵਿੱਚ ਤੁਹਾਡੀ ਇਕ ਪਰੌਬਲਮ ਐ, ਤੁਹਾਨੂੰ ਕਿੱਕ ਅਰਾਊਂਡ ਕਰਨ ਲਈ ਹਰ ਵੇਲੇ ਇਕ ਬੰਦਾ ਚਾਹੀਦਾ ਏ, ਮੌਮ ਤੋਂ ਬਾਅਦ ਤੁਹਾਡਾ ਇਹ ਸੁਭਾਅ ਬਣ ਗਿਐ।"

"ਕੀ ਮਤਲਬ ਤੇਰਾ?"

"ਪਹਿਲਾਂ ਇਥੇ ਕਿਸੇ ਨਾ ਕਿਸੇ ਲੇਖਕ ਨਾਲ ਤੁਹਾਡਾ ਪੰਗਾ ਪਿਆ ਰਹਿੰਦਾ ਸੀ, ਫੇਰ ਦਿੱਲੀ ਜਾ ਕੇ ਵੀ, ਫੇਰ ਕਿੱਕ ਅਰਾਊਂਡ ਕਰਨ ਲਈ ਮੋਹਣੀ ਆ ਗਈ, ਮੋਹਣੀ ਤਾਂ ਆਪਣੀ ਜਾਨ ਬਚਾ ਕੇ ਵਿਲਨਹਾਲ ਜਾ ਵੜੀ ਤੇ ਹੁਣ ਤੁਸੀਂ ਮੈਨੂੰ ਘੇਰ ਲਿਆ, ਪੈਰ ਪੈਰ ਤੇ ਮੈਨੂੰ ਕੋਸੀ ਜਾ ਰਹੇ ਓ, ਕਿਉਂ?"

"ਤੈਨੂੰ ਆਪਣੇ ਪਿਓ ਦੀ ਇੰਪੌਰਟੈਂਸ ਦਾ ਪਤਾ ਈ ਨਹੀਂ,?"

"ਡੈਡ, ਅਸਲ ਵਿੱਚ ਤੁਹਾਨੂੰ ਆਪਣੇ ਪੁੱਤ ਦੀਆਂ ਫੀਲਿੰਗਜ਼ ਦੀ ਬਿਲਕੁਲ ਪ੍ਰਵਾਹ ਨਹੀਂ।"

"ਸਾਲ਼ਿਆ ਬੈਹੜਿਆਂ ਦਿਆ, ਮੈਂ ਹਰ ਵੇਲੇ ਸੋਚਦਾ ਰਹਿੰਨਾਂ ਕਿ ਤੇਰਾ ਜਲਦੀ ਤੋਂ ਜਲਦੀ ਨਾਲ ਵਿਆਹ ਹੋ ਜਾਵੇ। ਤੇਰੀ ਖਾਤਰ ਮੈਂ ਉਹ ਬੂਹੇ ਵੀ ਖੜਕਾਉਨਾ ਜਿਹਨਾਂ ਦੇ ਮੈਂ ਕਦੇ ਮੂਹਰ ਦੀ ਵੀ ਨਾ ਲੰਘਾਂ, ਤੂੰ ਕਹਿਨਾਂ ਕਿ ਮੈਨੂੰ ਤੇਰੀ ਪ੍ਰਵਾਹ ਨਹੀਂ!"

ਹੁਣ ਅਜਿਹੀ ਤਕਰਾਰ ਪਿਓ-ਪੁੱਤਰ ਵਿਚਕਾਰ ਰੋਜ਼ਾਨਾ ਚਲਦੀ ਰਹਿੰਦੀ। ਅਮਨਜੋਤ ਨੂੰ ਵਹਿਮ ਹੋ ਗਿਆ ਸੀ ਕਿ ਉਸ ਦਾ ਵਿਆਹ ਨਹੀਂ ਹੋਣਾ। ਉਹ ਬਹੁਤ ਸਾਰੀਆਂ ਕੁੜੀਆਂ ਦੇਖ ਚੁੱਕੇ ਸਨ। ਕਿਧਰੇ ਵੀ ਗੱਲ ਨਹੀਂ ਸੀ ਬਣ ਰਹੀ। ਉਹਨਾਂ ਨੇ ਇੰਡੀਆ ਦੀ ਇਕ ਅਖ਼ਬਾਰ ਵਿੱਚ ਵੀ ਦਿਤਾ ਸੀ ਜਿਸ ਕਾਰਨ ਪੰਦਰਾਂ ਕੁੜੀਆਂ ਦੀਆਂ ਤਸਵੀਰਾਂ ਆ ਗਈਆਂ। ਅਮਨਜੋਤ ਨੂੰ ਉਹਨਾਂ ਵਿੱਚੋਂ ਵੀ ਕੋਈ ਪਸੰਦ ਨਹੀਂ ਸੀ ਆ ਰਹੀ। ਕੁੰਦਨ ਆਖਦਾ,

"ਦੇਖ ਅਮਨਜੋਤ, ਬਹੁਤਾ ਹੀਰੋ ਨਾ ਬਣ। ਇਹਨਾਂ ਪੰਦਰਾਂ ਕੁੜੀਆਂ ਵਿੱਚੋਂ ਕੋਈ ਪਸੰਦ ਕਰ ਲੈ, ਜੇ ਤੈਨੂੰ ਸਮਝ ਨਹੀਂ ਲਗਦੀ ਤਾਂ ਪਾਇਲ ਦੀ ਮੱਦਦ ਲੈ ਲੈ, ਤੈਨੂੰ ਇੰਡੀਆ ਦੀ ਕੁੜੀ ਹੀ ਠੀਕ ਰਹਿਣੀ ਆਂ।"

ਅਮਰਜੋਤ ਸਾਰੀਆਂ ਫੋਟੋ ਲੈ ਕੇ ਬਹਿ ਜਾਂਦਾ, ਹਰ ਕੁੜੀ ਨੂੰ ਨੰਬਰ ਦਿੰਦੇ ਜਾਂਦਾ ਪਰ ਉਸ ਦੇ ਦਿਲ ਨੂੰ ਕੋਈ ਨਾ ਲਗਦੀ। ਇਕ ਦਿਨ ਪਾਇਲ ਆਈ। ਉਸ ਨੇ ਸਾਰੀਆਂ ਫੋਟੋ ਦੇਖੀਆਂ ਤੇ ਇਕ ਫੋਟੋ ਛਾਂਟ ਕੇ ਕਿਹਾ,

"ਅਮਰਜੋਤ, ਆਹ ਕੁੜੀ ਮੈਨੂੰ ਪਸੰਦ ਐ, ਕਿਉਂ ਡੈਡ?"

ਕੁੰਦਨ ਨੇ ਵੀ ਉਹ ਫੋਟੋ ਫੜ ਕੇ ਦੇਖੀ ਤੇ ਕਹਿਣ ਲੱਗਿਆ,

"ਇਹ ਕੁੜੀ ਮੈਨੂੰ ਵੀ ਪਸੰਦ ਸੀ, ਇਹੀ ਕਹੀ ਜਾਂਦਾ ਸੀ ਕਿ ਬਹੁਤ ਪਤਲੀ ਏ, ਮੈਂ ਕਿਹਾ ਸੀ ਇੰਗਲੈਂਡ ਦਾ ਪਾਣੀ ਲਗਿਆ ਤਾਂ ਆਪੇ ਮੋਟੀ ਜਾ ਜਾਏਗੀ ਪਰ ਇਹ ਸਿਰ ਫੇਰ ਗਿਆ।"

ਅਮਰਜੋਤ ਨੇ ਵੀ ਉਹ ਫੋਟੋ ਦੁਬਾਰਾ ਦੇਖੀ ਤੇ ਸੋਚਾਂ ਵਿੱਚ ਪੈ ਗਿਆ। ਪਾਇਲ ਬੋਲੀ,

"ਦੇਖ ਅਮਰਜੋਤ, ਤੈਨੂੰ ਚਾਂਸ ਤਾਂ ਲੈਣਾ ਹੀ ਪਏਗਾ। ਜੇ ਤੈਨੂੰ ਇੰਡੀਆ ਤੋਂ ਵੀ ਕੁੜੀ ਨਾ ਮਿਲੀ ਤਾਂ ਫਿਰ ਤੇਰਾ ਵਿਆਹ ਨਹੀਂ ਹੋਣਾਂ, ਹੁਣ ਮੌਕਾ ਏ, ਸੋਚ ਲੈ!"

ਅਮਰਜੋਤ ਨੇ ਸੋਚ ਕੇ ਉਸੇ ਕੁੜੀ ਨੂੰ 'ਹਾਂ' ਕਰ ਦਿਤੀ ਪਰ ਉਸ ਦਾ ਮਨ ਹਾਲੇ ਵੀ ਦੁਚਿੱਤੀ ਵਿੱਚ ਸੀ। ਕੁੰਦਨ ਨੇ ਕਾਹਲੀ ਕਰਦਿਆਂ ਕੁੜੀ ਦੇ ਪਿਓ ਨੂੰ ਉਸੇ ਵੇਲੇ ਫੋਨ ਕਰ ਲਿਆ। ਕੁੰਦਨ ਅਮਨਜੋਤ ਨਾਲ ਇੰਡੀਆ ਜਾਣ ਦੀ ਤਿਆਰੀ ਕਰਨ ਲੱਗਿਆ। ਉਸ ਨੇ ਪਾਇਲ ਨੂੰ ਵੀ ਨਾਲ ਲੈ ਲਿਆ ਕਿ ਜੇ ਅਮਰਜੋਤ ਉਥੇ ਜਾ ਕੇ ਮੁਕਰਿਆ ਤਾਂ ਉਹ ਸੰਭਾਲ ਲਵੇਗੀ।

ਇੰਡੀਆ ਗਿਆ ਕੁੰਦਨ ਕਿਸੇ ਨੂੰ ਵੀ ਨਾ ਮਿਲਿਆ। ਚੰਡੀਗੜ੍ਹ ਇਕ ਹੋਟਲ ਬੁੱਕ ਕਰਾ ਲਿਆ। ਕੁੜੀ ਵੀ ਉਥੋਂ ਦੀ ਹੀ ਸੀ। ਕੁੜੀ-ਮੁੰਡੇ ਦੀ ਦੇਖ-ਦਖਾਈ ਹੋਈ। ਅਮਨਜੋਤ ਪੂਰੀ ਤਰ੍ਹਾਂ ਖ਼ੁਸ਼ ਤਾਂ ਨਹੀਂ ਸੀ ਪਰ ਪਾਇਲ ਨਾਲ ਹੋਣ ਕਰਕੇ ਉਸ ਨੇ 'ਹਾਂ' ਕਰ ਦਿਤੀ। ਕੁਝ ਦਿਨਾਂ ਦੀ ਤਾਰੀਕ 'ਤੇ ਹੀ ਵਿਆਹ ਤੈਅ ਹੋ ਗਿਆ। ਵਿਆਹ ਦੀ ਸਾਦਾ ਜਿਹੀ ਰਸਮ ਹੋਈ। ਕੁੰਦਨ ਨੇ ਆਪਣੇ ਕੁਝ ਖਾਸ ਦੋਸਤ ਹੀ ਵਿਆਹ ਵਿੱਚ ਸੱਦੇ। ਸਭ ਕੁਝ ਠੀਕ-ਠਾਕ ਰਿਹਾ। ਕੁੜੀ ਦਾ ਪਿਓ ਰਜਿੰਦਰ ਸਿੰਘ ਬੋਲਿਆ,

"ਡਾਕਟਰ ਸਾਹਿਬ, ਕੁੜੀ-ਮੁੰਡੇ ਹਨੀਮੂਨ ਲਈ ਗੋਆ ਭੇਜ ਦਿੰਨੇ ਆਂ, ਕੀ ਖਿਆਲ ਏ ਤੁਹਾਡਾ?"

ਕੁੰਦਨ ਦੀਆਂ ਦੋ ਗਲਾਸੀਆਂ ਲੱਗੀਆਂ ਹੋਈਆਂ ਸਨ। ਉਹ ਦਾਹੜੀ ਵਿੱਚ ਖਾਜ ਕਰਦਾ ਬੋਲਿਆ,

"ਰਜਿੰਦਰ ਸਿੰਘ ਜੀ, ਕੰਮ ਤਾਂ ਇਹਨਾਂ ਨੇ ਇਕੋ ਕਰਨਾ, ਚਾਹੇ ਗੋਆ ਭੇਜ ਦਿਓ ਜਾਂ ਕਿਤੇ ਹੋਰ! ਮੇਰਾ ਖਿਆਲ ਏ ਕਿ ਇਥੇ ਹੀ ਹੋਟਲ ਵਿੱਚ ਠੀਕ ਏ, ਗੋਆ ਗਏ ਤੋਂ ਜੇ ਕੋਈ ਏਹਦੇ ਤੋਂ ਤੁਹਾਡੀ ਕੁੜੀ ਖੋਹ ਲੈ ਗਿਆ ਤਾਂ ਮੈਨੂੰ ਨਾ ਕਹਿਣਾ!"

ਰਜਿੰਦਰ ਸਿੰਘ ਸ਼ਰਮਿੰਦਾ ਜਿਹਾ ਹੋ ਗਿਆ ਤੇ ਚੁੱਪ ਕਰ ਗਿਆ।...

ਕੁੰਦਨ ਨੇ ਵਾਪਸ ਇੰਗਲੈਂਡ ਪੁੱਜਦਿਆਂ ਹੀ ਜੋਗੇਂਦਰ ਨੂੰ ਫੋਨ ਕੀਤਾ ਤੇ ਕਿਹਾ,

"ਵਧਾਈਆਂ ਬਈ, ਤੇਰੇ ਭਤੀਜੇ ਦਾ ਵਿਆਹ ਹੋ ਗਿਆ।"

"ਕਿਥੇ ਵਿਆਹਿਆ?"

"ਚੰਡੀਗੜ ਦੀ ਕੁੜੀ ਏ, ਬੜੀ ਮੁਸ਼ਕਲ ਨਾਲ ਪਸੰਦ ਆਈ ਤੇ ਬਹੁਤ ਹੀ ਔਖੇ ਹੋ ਕੇ ਵਿਆਹ ਨੂੰ ਮੰਨਿਆਂ, ਸਾਨੂੰ ਤਾਂ ਡਰ ਸੀ ਕਿ ਕਿਤੇ ਫੇਰਿਆਂ ਤੇ ਬੈਠਣ ਵੇਲੇ ਹੀ ਜਵਾਬ ਨਾ ਦੇ ਦੇਵੇ, ਤੂੰ ਜਾਣਦਾ ਈ ਏਂ ਆਪਣੇ ਭਤੀਜੇ ਨੂੰ!"

"ਵਧੀਆ ਹੋ ਗਿਆ, ਪਾਰਟੀ ਕਦੋਂ ਕਰ ਰਹੇ ਓ?"

"ਸਰਬੀ ਸਰੀਰ ਦੀ ਜ਼ਰਾ ਕਮਜ਼ੋਰ ਏ, ਮੈਂ ਕਿਹਾ ਛੇ ਕੁ ਮਹੀਨੇ ਵਿਚ ਉਹਦਾ ਜਿਸਮ ਭਰ ਲਵੇ ਫੇਰ ਕਰਾਂਗੇ।"

"ਏਨੀ ਹੀ ਕਮਜ਼ੋਰ ਏ?"

"ਓ ਜਿੰਦਾਂ ਅੱਜਕੱਲ ਦੀਆਂ ਕੁੜੀਆਂ ਜ਼ੀਰੋ ਫਿੱਗਰ ਬਣਾਉਂਦੀਆਂ ਫਿਰਦੀਆਂ, ਬੱਸ ਹੱਡੀਆਂ ਦੀ ਮੁੱਠ ਏ, ਮੈਂ ਤਾਂ ਤੇਰੇ ਭਤੀਜੇ ਨੂੰ ਕਿਹਾ ਸੀ ਬਈ ਧਿਆਨ ਨਾਲ, ਕਿਤੇ ਹੱਡੀਆਂ ਵਿੱਚ ਮਾਰ ਕੇ ਕੁਝ ਆਪਣਾ ਨਾ ਤੁੜਾ ਬੈਠੀਂ!"

ਆਖਦਾ ਕੁੰਦਨ ਹੱਸਣ ਲੱਗਿਆ। ਜੋਗੇਂਦਰ ਨੇ ਪੁੱਛਿਆ,

"ਵੈਸੇ ਅਮਰਜੋਤ ਤਾਂ ਖ਼ੁਸ਼ ਐ ਨਾ?"

"ਤੂੰ ਜਾਣਦਾ ਈ ਏਂ ਆਪਣੇ ਭਤੀਜੇ ਨੂੰ, ਉਹਦੀ ਦੌੜ ਤਾਂ ਇਕੋ ਚੀਜ਼ ਤਕ ਏ, ਤਿੰਨ ਦਿਨ ਸਾਲਾ ਬੈਹੜਿਆਂ ਦਾ ਆਪਣੇ ਕਮਰੇ ਵਿੱਚੋਂ ਈ ਨਹੀਂ ਸੀ ਨਿਕਲਿਆ, ਅਖੇ ਭੁੱਖੇ ਜੱਟ ਕਟੋਰਾ ਲੱਭਾ, ਪਾਈ ਪੀ ਪੀ ਆਫਰੇ!"

ਕੁੰਦਨ ਵਧੀਆ ਰੌਂਅ ਵਿੱਚ ਸੀ। ਇਕ ਤਾਂ ਉਸ ਨੂੰ ਮੁੰਡਾ ਵਿਆਹੁਣ ਦੀ ਖੁਸ਼ੀ ਸੀ ਤੇ ਦੂਜੇ ਇਹ ਸੀ ਕਿ ਹੁਣ ਘਰ ਵਿੱਚ ਰੌਣਕਾਂ ਲੱਗਣਗੀਆਂ। ਉਹ ਸੋਚਣ ਲੱਗਦਾ ਕਿ ਸਰਬੀ ਦੇ ਆਉਣ ਨਾਲ ਘਰ ਕਿੰਨਾ ਬਦਲ ਜਾਵਗੇ। ਕੁੰਦਨ ਤੋਂ ਹਫਤਾ ਕੁ ਬਾਅਦ ਅਮਰਜੋਤ ਵੀ ਮੁੜ ਆਇਆ ਤੇ ਜਲਦੀ ਹੀ ਸਰਬੀ ਵੀ ਪੁੱਜ ਗਈ। ਸਰਬੀ ਖੁਸ਼ ਮਿਜਾਜ਼ ਕੁੜੀ ਸੀ। ਹਰ ਵੇਲੇ ਚਹਿਕਦੀ ਫਿਰਦੀ। ਅਮਰਜੋਤ ਉਸ ਉਪਰ ਪੂਰੀ ਤਰ੍ਹਾਂ ਡੁਲ੍ਹਿਆ ਪਿਆ ਸੀ। ਕੁੰਦਨ ਉਹਨਾਂ ਨੂੰ ਦੇਖ ਦੇਖ ਕੇ ਖੁਸ਼ ਹੁੰਦਾ। ਸ਼ਾਮ ਨੂੰ ਦੋ ਗਲਾਸੀਆਂ ਪੀ ਕੇ ਉਹ ਸਰਬੀ ਨੂੰ ਆਪਣੇ ਕੋਲ ਬੈਠਾ ਲੈਂਦਾ ਤੇ ਗੱਲਾਂ ਕਰਨ ਲੱਗਦਾ, ਆਖਦਾ,

"ਤੂੰ ਬਹੁਤ ਕਿਸਮਤ ਵਾਲੀ ਕੁੜੀ ਏਂ ਕਿ ਤੂੰ ਮੇਰੇ ਘਰ ਦੀ ਨੂੰਹ ਬਣ ਕੇ ਆਈ ਏਂ! ਮੈਂ, ਕੁੰਦਨ ਸਿੰਘ ਕੁੰਦਨ, ਡਾਕਟਰ! ...ਤੇਰੇ ਡੈਡੀ ਮੈਨੂੰ ਜਾਣਦੇ ਨੇ।"

"ਡੈਡੀ ਦਸਦੇ ਸੀ, ਉਹਨਾਂ ਨੂੰ ਪੜ੍ਹਨ ਦਾ ਬਹੁਤ ਸ਼ੌਂਕ ਏ।"

"ਬਸ ਤੂੰ ਹੁਣ ਏਹਨੂੰ ਅਮਰਜੋਤ ਨੂੰ ਸੰਭਾਲ, ਏਹਨੂੰ ਸੰਭਾਲਣਾਂ ਔਖਾ ਕੰਮ ਨਹੀਂ, ਇਹ ਸਾਲ਼ਾ ਬੈਹੜਿਆਂ ਦਾ ਲੋਲ੍ਹਾ ਬੰਦਾ ਏ, ਬਸ ਇਹਨੂੰ ਇਕੋ ਚੀਜ਼ ਚਾਹੀਦੀ ਏ ਤੇ ਉਸ ਤੋਂ ਬਾਅਦ ਤੇਰਾ ਗੁਲਾਮ ਬਣਿਆਂ ਰਹੇਗਾ!"

ਸਰਬੀ ਸਮਝਦੀ ਹੋਈ ਸੰਗਣ ਲੱਗਦੀ। ਹੌਲੀ ਹੌਲੀ ਉਸ ਨੂੰ ਪਤਾ ਚੱਲ ਗਿਆ ਸੀ ਕਿ ਕੁੰਦਨ ਦੀ ਤਾਂ ਆਦਤ ਹੀ ਅਜਿਹੀ ਹੈ।

ਇਕ ਦਿਨ ਸਰਬੀ ਬੋਲੀ,

"ਡੈਡ, ਮੇਰਾ ਦਿਲ ਗੁਰਦਵਾਰੇ ਜਾਣ ਨੂੰ ਕਰਦਾ ਏ।"

"ਕਿਉਂ?"

"ਅਸੀਂ ਤਾਂ ਬਹੁਤ ਮੰਨਦੇ ਆਂ, ਮੈਂ ਤਾਂ ਹਰ ਰੋਜ਼ ਪਾਠ ਕਰਦੀ ਆਂ, ਬਹੁਤ ਸਾਰਾ ਗਰੰਥ ਸਾਹਿਬ ਮੈਨੂੰ ਮੂੰਹ ਜ਼ੁਬਾਨੀ ਯਾਦ ਏ, ਮੈਂ ਅਮਰਜੋਤ ਨੂੰ ਗੁਰਦਵਾਰੇ ਜਾਣ ਲਈ ਕਿਹਾ ਸੀ ਪਰ ਉਹ ਕਹਿੰਦਾ ਕਿ ਡੈਡ ਨਾਲ ਚਲੇ ਜਾਈਂ।"

ਕੁੰਦਨ ਨੇ ਸਰਬੀ ਵਲ ਦੇਖਿਆ ਤੇ ਹੱਸਦਾ ਹੋਇਆ ਬੋਲਿਆ,

"ਜਿਹੜਾ ਵੀ ਆਉਂਦਾ ਏ ਸਿੱਧਾ ਵਾਹਿਗੁਰੂ ਦੀ ਬੁੱਕਲ ਵਿੱਚੋਂ ਨਿਕਲ ਕੇ ਈ ਆਉਂਦਾ ਏ।"

"ਕੀ ਡੈਡ?"

"ਇਹ ਕਿ ਅਮਰਜੋਤ ਦੀ ਮਾਂ ਸੀ ਉਹ ਵੀ ਵਾਹਿਗੁਰੂ ਦੀ ਭਗਤਣ ਸੀ, ਫੇਰ ਮੋਹਣੀ ਵੀ ਤੇ ਹੁਣ ਤੂੰ ਵੀ।"

"ਪਰ ਡੈਡ, ਸਿਗਰਟਾਂ ਤੁਸੀਂ ਫੇਰ ਵੀ ਨਹੀਂ ਛੱਡ ਸਕੇ।"

"ਹਾਂ ਸਰਬੀ ਪੁੱਤਰ, ਅਸਲ ਵਿੱਚ ਇਹ ਐਸੀਆਂ ਲੱਗੀਆਂ ਕਿ ਛੁੱਟਦੀਆਂ ਨਹੀਂ, ਬੜੀ ਕੋਸ਼ਿਸ਼ ਕਰ ਚੁੱਕਾਂ, ਮੈਨੂੰ ਪਤਾ ਕਿ ਮੇਰੇ ਸਮੋਕ ਕਰਨ ਨਾਲ ਸਾਰੇ ਤੰਗ ਹੁੰਦੇ ਨੇ, ਇਸੇ ਲਈ ਮੈਂ ਆਪਣੇ ਲਈ ਅਲੱਗ ਕਮਰਾ ਰੱਖਿਆ ਹੋਇਆ ਏ।"

"ਫੇਰ ਮੈਨੂੰ ਲੈ ਚਲੋਗੇ ਗੁਰਦਵਾਰੇ?"

"ਇਥੋਂ ਬਾਹਰੋਂ ਮੇਨ ਰੋਡ ਤੋਂ ਦੋ ਸੌ ਸੱਤ ਬੱਸ ਸਿੱਧੀ ਓਥੇ ਜਾਂਦੇ ਏ, ਮੈਂ ਗਿਆ ਤਾਂ ਮੇਰੀ ਬਹੁਤ ਬਦਨਾਮੀ ਹੋਵੇਗੀ, ਵਾਹਿਗੁਰੂ ਵੀ ਨਾਰਜ਼ ਹੋਏਗਾ ਕਿ ਇਹ ਨਾਸਤਿਕ ਏਥੇ ਕੀ ਕਰਦਾ ਏ।"

ਕੁੰਦਨ ਨੇ ਹੱਸ ਕੇ ਕਿਹਾ।...

ਐਤਵਾਰ ਵਾਲੇ ਦਿਨ ਅਮਰਜੋਤ ਸਰਬੀ ਨੂੰ ਗੁਰਦਵਾਰੇ ਲੈ ਗਿਆ। ਅਮਰਜੋਤ ਨੂੰ ਆਪ ਵੀ ਗੁਰਦਵਾਰੇ ਜਾਣਾ ਚੰਗਾ ਲਗਿਆ ਤੇ ਫਿਰ ਉਹ ਹਰ ਐਤਵਾਰ ਦੁਪਿਹਰ ਦਾ ਖਾਣਾ ਲੰਗਰ ਵਿੱਚ ਹੀ ਖਾਂਦੇ। ਦੋਨਾਂ ਦਾ ਆਪਸ ਵਿੱਚ ਪਿਆਰ ਪੈ ਗਿਆ ਸੀ। ਕੁੰਦਨ ਨੂੰ ਇਹ ਬਹੁਤ ਚੰਗਾ ਲੱਗਦਾ ਪਰ ਕਦੇ ਕਦੇ ਉਸ ਨੂੰ ਗੁੱਸਾ ਜਿਹਾ ਵੀ ਆਉਣ ਲੱਗਦਾ ਕਿ ਉਹ ਆਪਣੀ ਹੀ ਗਿਟ-ਮਿਟ ਜਿਹੀ ਕਰੀ ਜਾਂਦੇ ਹਨ ਤੇ ਉਹ ਇਕੱਲਾ ਰਹਿ ਜਾਂਦਾ ਹੈ। ਸ਼ਾਮ ਨੂੰ ਵੀ ਕਈ ਵਾਰ ਉਹ ਜਲਦੀ ਹੀ ਉਠ ਕੇ ਸੌਣ ਲਈ ਚਲੇ ਜਾਂਦੇ ਤੇ ਬਾਅਦ ਵਿੱਚ ਕੁੰਦਨ ਇਕੱਲਾ ਬੈਠਾ ਹੁੰਦਾ। ਇਕ ਦਿਨ ਉਹ ਉਠ ਕੇ ਜਾਣ ਲੱਗੇ ਤਾਂ ਕੁੰਦਨ ਬੋਲਿਆ,

"ਯਾਰ, ਤੁਸੀਂ ਹੋਰ ਬੈਠ ਲਵੋ ਜ਼ਰਾ, ਚੰਗਾ ਲੱਗਦਾ ਏ।"

ਉਹ ਅੱਧਾ ਘੰਟਾ ਹੋਰ ਬੈਠੇ ਰਹੇ ਪਰ ਅਣਮੰਨੇ ਮਨ ਨਾਲ ਹੀ।...

ਨਸ਼ੇ ਦੀ ਲੋਰ ਵਿੱਚ ਕਦੇ ਕਦੇ ਕੁੰਦਨ ਅਮਰਜੋਤ ਦੇ ਸੁਭਾਅ ਦੇ ਨੁਕਸਾਂ ਨੂੰ ਲੈ ਕੇ ਟਿੱਚਰਾਂ ਵੀ ਕਰਨ ਲੱਗਦਾ। ਅਜਿਹੇ ਸਮੇਂ ਅਮਰਜੋਤ ਉਸ ਕੋਲ ਬੈਠਣ ਤੋਂ ਕੰਨੀ ਕਤਰਾਉਂਦਾ। ਇਕ ਦਿਨ ਅਮਰਜੋਤ ਨੇ ਆਖਿਆ,

"ਡੈਡ, ਤੁਸੀਂ ਕਿਉਂ ਸਰਬੀ ਸਾਹਮਣੇ ਮੇਰੀ ਬੇਇੱਜ਼ਤੀ ਕਰਨ ਲੱਗਦੇ ਓ?"

"ਸਾਲ਼ਿਆ ਬੈਹੜਿਆਂ ਦਿਆ, ਅੱਗੇ ਬੜੀ ਤੇਰੀ ਇੱਜ਼ਤ ਦੇ ਝੰਡੇ ਗੱਡੇ ਹੋਏ ਨੇ!"

"ਮੇਰੀ ਵੀ ਓਨੀ ਈ ਰਿਸਪੈਕਟ ਐ ਜਿੰਨੀ ਤੁਹਾਡੀ।"

"ਮੈਂ ਡਾਕਟਰ ਕੁੰਦਨ ਸਿੰਘ ਕੁੰਦਨ ਵਾਂ।"

"ਮੈਂ ਅਮਰਜੋਤ ਸਿੰਘ ਅਕਾਊਟੈਂਟ ਆਂ।"

ਅਮਰਜੋਤ ਨੇ ਆਪਣੇ ਪਿਓ ਨਾਲੋਂ ਵੀ ਉੱਚੀ ਆਵਾਜ਼ ਵਿੱਚ ਕਿਹਾ। ਕੁੰਦਨ ਨੇ ਉਸ ਵਲ ਦੇਖਿਆ ਤੇ ਫਿਰ ਚੁੱਪ ਕਰ ਗਿਆ। ਉਸ ਦੇ ਅੰਦਰ ਇਕ ਹੁੱਝ ਜਿਹੀ ਤਾਂ ਵੱਜੀ ਪਰ ਜਦ ਤਕ ਸਰਬੀ ਆ ਗਈ ਸੀ। ਕੁੰਦਨ ਉਠ ਕੇ ਆਪਣੇ ਕਮਰੇ ਵਿੱਚ ਚਲੇ ਗਿਆ ਤੇ ਉਸ ਨੇ ਸਿਗਰਟ ਸੁਲਘਾ ਲਈ।...

ਕੁਝ ਦਿਨਾਂ ਬਾਅਦ ਕੁੰਦਨ ਨੇ ਸ਼ਾਮ ਨੂੰ ਆਪਣੀ ਬੋਤਲ ਖੋਹਲੀ ਹੋਈ ਸੀ। ਅਮਰਜੋਤ ਹੁਣ ਸ਼ਰਾਬ ਛੱਡ ਗਿਆ ਸੀ, ਸਰਬੀ ਨੇ ਛੁਡਵਾ ਦਿਤੀ ਸੀ। ਅੱਠ ਕੁ ਵੱਜੇ ਤਾਂ ਅਮਰਜੋਤ ਬੋਲਿਆ,

"ਗੁੱਡ ਨਾਈਟ ਡੈਡ, ਮੈਂ ਤਾਂ ਸੌਂਣਾ ਹੁਣ।"

"ਹਾਲੇ ਤਾਂ ਯਾਰ ਕੁਝ ਵੀ ਟਾਈਮ ਨਹੀਂ ਹੋਇਆ।"

"ਮੈਂ ਬਹੁਤ ਥੱਕਿਆ ਹੋਇਆਂ।"

"ਤੂੰ ਤੇ ਹਮੇਸ਼ਾ ਹੀ ਥੱਕਿਆ ਰਹਿੰਨਾਂ, ਬੈਠਣ ਦਾ ਕੰਮ ਏ ਤੇਰਾ ਪਰ ਘਰ ਪੁੱਜਣ ਤਕ ਵੱਜੀ ਪਈ ਹੁੰਦੀ ਏ!"

"ਡੈਡ, ਮੇਰਾ ਕੰਮ ਬਹੁਤ ਈ ਮੈਂਟਲ ਪ੍ਰੈੱਸ਼ਰ ਵਾਲਾ ਐ।"

"ਮੇਰੇ ਕੰਮ ਨਾਲੋਂ ਵੀ ਜ਼ਿਆਦਾ? ਦੇਖ, ਮੈਂ ਹਜ਼ਾਰਾਂ ਸਫੇ ਲਿਖ ਮਾਰੇ ਨੇ, ਉਹ ਵੀ ਕਰੀਏਟ ਕੀਤੇ ਨੇ!"

ਕੁੰਦਨ ਆਖ ਰਿਹਾ ਸੀ। ਅਮਰਜੋਤ ਨੇ ਗੁੱਸੇ ਵਿੱਚ ਸਿਰ ਹਿਲਾਇਆ ਤੇ ਚੁੱਪ ਕਰਕੇ ਚਲੇ ਗਿਆ ਤੇ ਜਾਂਦਾ ਹੋਇਆ ਸਰਬੀ ਨੂੰ ਵੀ ਇਸ਼ਾਰਾ ਕਰ ਗਿਆ ਕਿ ਉਹ ਵੀ ਜਲਦੀ ਆ ਜਾਵੇ। ਕੁੰਦਨ ਉਹਨਾਂ ਜਾਂਦਿਆਂ ਨੂੰ ਦੇਖਦਾ ਰਿਹਾ। ਉਸ ਨੇ ਦੋ ਕੁ ਪਟਿਆਲਾ-ਸ਼ਾਹੀ ਖਿੱਚੇ ਤੇ ਸੋਚਣ ਲੱਗਿਆ ਕਿ ਜੇ ਉਸ ਦਾ ਨੂੰਹ-ਪੁੱਤ ਉਸ ਦੇ ਕੋਲ ਹੀ ਨਹੀਂ ਬੈਠ ਸਕਦੇ ਤਾਂ ਇਹਨਾਂ ਦਾ ਕੀ ਫਾਇਦਾ। ਉਹ ਕਿੰਨਾ ਚਿਰ ਬੈਠਾ ਇਹੋ ਕੁਝ ਸੋਚਦਾ ਰਿਹਾ ਤੇ ਆਪਣੇ ਆਪ ਵਿੱਚ ਕਲ਼ਪਦਾ ਰਿਹਾ। ਫਿਰ ਅਚਾਨਕ ਉਠਿਆ ਤੇ ਉਪਰ ਜਾ ਕੇ ਉਹਨਾਂ ਦੇ ਦਰਵਾਜ਼ੇ 'ਤੇ ਕਿੱਕਾਂ ਮਾਰਦਾ ਬੋਲਿਆ,

"ਸਾਲ਼ਿਓ ਬੇਹੜਿਆਂ ਦਿਓ, ਤੁਹਾਡਾ ਪਿਓ ਹੇਠਾਂ ਇਕੱਲਾ ਬੈਠਾ ਤੇ ਤੁਸੀਂ ਲੱਤਾਂ ਵਿੱਚ ਲੱਤਾਂ ਫਸਾ ਕੇ ਪਏ ਓ, ਤੁਹਾਨੂੰ ਭੋਰਾ ਸ਼ਰਮ ਹੈ ਕਿ ਨਹੀਂ?"

ਪਹਿਲਾਂ ਤਾਂ ਕੁਝ ਦੇਰ ਅਮਰਜੋਤ ਚੁੱਪ ਰਿਹਾ ਪਰ ਜਦ ਕੁੰਦਨ ਨਾ ਹੀ ਹਟਿਆ ਤਾਂ ਉਹ ਬਾਹਰ ਨਿਕਲ ਆਇਆ ਤੇ ਬੋਲਿਆ,

"ਡੈਡ, ਤੂੰ ਕੀ ਚਾਹੁੰਨੈਂ? ...ਮੇਰੇ ਥਾਂ 'ਤੇ ਤੂੰ ਪੈਣਾ ਚਾਹੁੰਨੈਂ?"

ਅਮਰਜੋਤ ਪੂਰੇ ਗੁੱਸੇ ਵਿੱਚ ਸੀ। ਸਰਬੀ ਨੇ ਬੜੀ ਮੁਸ਼ਕਲ ਨਾਲ ਉਸ ਨੂੰ ਚੁੱਪ ਕਰਾਇਆ ਤੇ ਸਮਝਾ-ਬੁਝਾ ਕੇ ਕੁੰਦਨ ਨੂੰ ਵੀ ਸੁਲਾਇਆ।...

ਇਸ ਘਟਨਾ ਤੋਂ ਬਾਅਦ ਦੋ ਕੁ ਦਿਨ ਪਿਓ-ਪੁੱਤਰ ਦੀ ਬੋਲ-ਚਾਲ ਬੰਦ ਰਹੀ ਪਰ ਫਿਰ ਠੀਕ ਹੋ ਗਏ। ਜਦ ਅਮਰਜੋਤ ਕੰਮ 'ਤੇ ਹੁੰਦਾ ਤਾਂ ਕੁੰਦਨ ਸਰਬੀ ਕੋਲ ਉਸ ਦੀਆਂ ਬਦਖੋਹੀਆਂ ਕਰਦਾ ਰਹਿੰਦਾ। ਸਰਬੀ ਕੁਝ ਅੱਗੇ ਅਮਰਜੋਤ ਨੂੰ ਦੱਸ ਦਿੰਦੀ ਤੇ ਕੁਝ ਕੁ ਨੂੰ ਅਣਗੌਲ ਵੀ ਦਿੰਦੀ। ਇਕ ਦਿਨ ਸ਼ਾਮ ਉਹ ਤਿੰਨੋ ਬੈਠੇ ਗੱਲਾਂ ਕਰ ਰਹੇ ਸਨ ਕਿ ਕੁੰਦਨ ਨੇ ਆਖਿਆ,

"ਘਰ ਦੇ ਮੂਹਰਲਾ ਦਰਵਾਜ਼ਾ ਬਦਲਣ ਵਾਲਾ ਏ, ਬਦਲਾ ਇਹਨੂੰ।"

"ਡੈਡ, ਮੈਂ ਘਰ ਦਾ ਸਾਰਾ ਖਰਚ ਕਰਦਾਂ, ਤੁਹਾਨੂੰ ਚੰਗੀ ਭਲੀ ਪੈਨਸ਼ਨ ਮਿਲਦੀ ਐ, ਤੁਸੀਂ ਬਦਲਵਾਓ।"

"ਤੂੰ ਵੀ ਤਾਂ ਘਰ ਦਾ ਹਿੱਸਾ ਏਂ।"

"ਪਰ ਏਹ ਘਰ ਮੇਰਾ ਨਹੀਂ ਨਾ, ਇਹ ਘਰ ਜਾਂ ਤਾਂ ਤੁਹਾਡਾ ਐ ਜਾਂ ਫਿਰ ਮੋਹਣੀ ਦਾ।"

"ਮੇਰੇ ਤੋਂ ਬਾਅਦ ਸਭ ਤੇਰਾ ਈ ਏ।"

"ਉਹ ਤਾਂ ਠੀਕ ਐ ਪਰ ਉਹ ਜਿਹੜੀ ਮੋਹਣੀ ਬੈਠੀ ਐ, ਉਹ ਵੀ ਤਾਂ ਲੈ ਕੇ ਜਾਵੇਗੀ, ਮੈਂ ਪਹਿਲਾਂ ਵੀ ਕਿਹਾ ਸੀ ਕਿ ਘਰ ਮੇਰੇ ਨਾਂ ਕਰਵਾ ਦਿਓ, ਇਕ ਤਾਂ ਮੋਹਣੀ ਤੋਂ ਬਚ ਜਾਵੇਗਾ ਤੇ ਦੂਜੇ ਇਹਦੀ ਸਾਰੀ ਸੰਭਾਲ ਮੈਂ ਕਰਾਂਗਾ।"

ਅਮਰਜੋਤ ਨੇ ਆਪਣੀ ਗੱਲ ਸਾਫ ਕਰਦਿਆਂ ਆਖਿਆ। ਕੁੰਦਨ ਹੈਰਾਨੀ ਵਿੱਚ ਸਿਰ ਮਾਰਦਾ ਬੋਲਿਆ,

"ਦੇਖ ਸਰਬੀ, ਇਹ ਮੁੰਡਾ ਕਿੰਨਾ ਸੈੱਲਫ-ਸੈਂਟਰ੍ਹਡ ਬੰਦਾ ਏ, ਸਿਰਫ ਆਪਣੇ ਬਾਰੇ ਹੀ ਸੋਚਦਾ ਏ!"

"ਮੈਂ ਨਹੀਂ ਡੈਡ, ਤੁਸੀਂ ਸਿਰਫ ਆਪਣੇ ਬਾਰੇ ਸੋਚਦੇ ਓ, ਮੈਂ ਤਾਂ ਹਰ ਵੇਲੇ ਤੁਹਾਡੇ ਬਾਰੇ ਸੋਚਦਾਂ।"

"ਸਰਬੀ, ਏਹਨੂੰ ਮੈਂ ਪੜ੍ਹਾਇਆ-ਲਿਖਾਇਆ ਤੇ ਨੌਕਰੀ ਕਰਨਯੋਗ ਬਣਾਇਆ ਤੇ ਏਹਦੇ ਮੁਕਾਬਲੇ ਮੈਂ ਸੈੱਲਫ-ਮੇਡ ਆਂ, ਮੈਂ ਯਤੀਮ ਸੀ ਪਰ ਫਿਰ ਵੀ ਇਸ ਮੁਕਾਮ ਤੇ ਪਹੁੰਚਿਆਂ!"

"ਮੈਂ ਵੀ ਸੈੱਲਫ-ਮੇਡ ਆਂ ਡੈਡ, ਯਾਦ ਐ ਜਦ ਮੈਨੂੰ ਘਰੋਂ ਕੱਢਿਆ ਸੀ, ਮੈਂ ਯੂਨੀਵਰਸਟੀ ਜਾਂਦਾ ਸੀ, ਜਦ ਮੈਨੂੰ ਹੈੱਲਪ ਦੀ ਲੋੜ ਸੀ, ਸਾਰੀ ਦੁਨੀਆਂ ਦੇ ਮਾਂਪੇ ਬੱਚਿਆਂ ਦੀ ਹੈੱਲਪ ਕਰਦੇ ਆ ਤੇ ਤੁਸੀਂ ਮੈਨੂੰ ਘਰੋਂ ਕੱਢਿਆ ਸੀ। ਮੈਂ ਟੈਕਸੀ ਕੀਤੀ, ਦੋ ਸਾਲ ਖਰਾਬ ਜ਼ਰੂਰ ਕਰ ਲਏ ਪਰ ਪੜ੍ਹਾਈ ਪੂਰੀ ਕੀਤੀ, ਤੁਸੀਂ ਮੇਰੀ ਕੋਈ ਹੈੱਲਪ ਨਹੀਂ ਕੀਤੀ, ਮੈਂ ਆਪਣੇ ਬਲਬੂਤੇ 'ਤੇ ਫਲੈਟ ਖਰੀਦਿਆ ਸੀ ਤੇ ਆਪ ਹੀ ਨੌਕਰੀ ਲੱਭੀ ਸੀ, ...ਮੈਂ ਵੀ ਯਤੀਮ ਈ ਸੀ।"

ਅਮਰਜੋਤ ਦੀਆਂ ਗੱਲਾਂ ਨੇ ਜਿਵੇਂ ਕੁੰਦਨ ਨੂੰ ਸੁੰਨ ਕਰ ਕੇ ਰੱਖ ਦਿਤਾ ਹੋਵੇ। ਉਹ ਕ੍ਰੋਧ ਵਿੱਚ ਪਾਗਲ ਹੋ ਉਠਿਆ ਤੇ ਬੋਲਿਆ,

"ਸਾਲ਼ਿਓ ਬੈਹੜਿਆਂ ਦਿਓ, ਨਿਕਲੋ ਮੇਰੇ ਘਰੋਂ, ਹੁਣੇ, ਇਸੇ ਵਕਤ!"

32-ਮੇਰਾ ਨਾ ਕੋਈ

ਕੁੰਦਨ ਨੇ ਜੋਗੇਂਦਰ ਨੂੰ ਫੋਨ ਕੀਤਾ। ਉਸ ਦੀ ਪਤਨੀ ਨੇ ਦਸਿਆ ਕਿ ਉਹ ਤਾਂ ਕੰਮ 'ਤੇ ਗਿਆ ਹੋਇਆ ਹੈ। ਜੋਗੇਂਦਰ ਨੇ ਲੰਡਨ ਵਿੱਚ ਕੇਕ ਡਿਲਿਵਰ ਕਰਨ ਦਾ ਕੰਮ ਸ਼ੁਰੂ ਕਰ ਲਿਆ ਹੋਇਆ ਸੀ। ਉਹ ਵੇਲੇ ਸਿਰ ਨਿਕਲ ਜਾਂਦਾ ਤੇ ਦੇਰ ਨਾਲ ਮੁੜਦਾ। ਸਪਤਾਹ-ਅੰਤ ਦੀ ਛੁੱਟੀ ਤਾਂ ਕਰਦਾ ਪਰ ਇਹ ਦਿਨ ਉਸ ਨੇ ਪਰਿਵਾਰ ਨਾਲ ਬਿਤਾਉਣੇ ਹੁੰਦੇ। ਇਸ ਲਈ ਉਹ ਹੁਣ ਕੁੰਦਨ ਵਲ ਪਹਿਲਾਂ ਵਾਂਗ ਨਹੀਂ ਸੀ ਆ ਸਕਦਾ। ਬਨਫੂਲ ਦੇ ਮੁੰਡੇ ਨੇ ਦੁਕਾਨ ਖਰੀਦ ਲਈ ਸੀ ਇਸ ਲਈ ਉਹ ਵੀ ਉਸ ਦੀ ਮੱਦਦ ਕਰਨ ਚਲੇ ਜਾਂਦਾ। ਪੂਰਬੀ ਲੰਡਨ ਵਾਲੇ ਮਿੱਤਰ ਰਾਜਾ ਰਾਮ ਨੂੰ ਉਸ ਨੇ ਫੋਨ ਕੀਤਾ ਤਾਂ ਉਹ ਵੀ ਰੁਝਿਆ ਹੋਇਆ ਸੀ। ਉਸ ਨੇ ਕਾਮਰੇਡ ਇਕਬਾਲ ਸਿੰਘ ਨੂੰ ਫੋਨ ਕੀਤਾ, ਉਹ ਕਿਸੇ ਮੁਜ਼ਾਹਰੇ 'ਤੇ ਜਾ ਰਿਹਾ ਸੀ। ਕੁੰਦਨ ਉਦਾਸ ਹੋ ਗਿਆ ਕਿ ਪੂਰੇ ਇੰਗਲੈਂਡ ਵਿੱਚ ਕੋਈ ਵੀ ਨਹੀਂ ਜਿਹੜਾ ਉਸ ਨਾਲ ਗੱਲ ਕਰ ਸਕੇ।

ਸ਼ਨਿਚਰਵਾਰ ਸ਼ਾਮ ਨੂੰ ਜੋਗੇਂਦਰ ਆ ਗਿਆ। ਉਸ ਨੇ ਆਪਣੇ ਨਾ ਆ ਸਕਣ ਦੀ ਮਜਬੂਰੀ ਦੱਸੀ ਤੇ ਪੁੱਛਿਆ,

"ਨੂੰਹ-ਪੁੱਤ ਕਿਧਰ ਗਏ?"

"ਓਹ ਮੂਵ ਹੋ ਗਏ ਆਪਣੇ ਫਲੈਟ ਵਿੱਚ, ਬਹੁਤ ਬੋਲਣ ਲੱਗ ਪਿਆ ਸੀ ਤੇਰਾ ਭਤੀਜਾ!"

"ਕੁੜੀ ਤਾਂ ਠੀਕ ਈ ਮਿਲੀ ਐ ਨਾ?"

"ਕੁੜੀ ਤਾਂ ਵਿਚਾਰੀ ਠੀਕ ਏ ਪਰ ਉਹ ਉਹਦੀ ਤਾਕਤ ਬਣ ਗਈ ਏ, ਹੁਣ ਉਹ ਬਹੁਤ ਆਕੜਨ ਲੱਗ ਪਿਆ ਏ। ਭਲਾ ਜੇਠੂ ਮੂਹਰੇ ਕੌਣ ਆਕੜ ਸਕਦਾ ਏ?"

"ਲਗਦਾ ਤਾਂ ਬੀਬਾ ਜਿਹਾ ਐ, ਮੈਂ ਤਾਂ ਅਮਰਜੋਤ ਨੂੰ ਕਦੇ ਬੋਲਦੇ ਨੂੰ ਵੀ ਘੱਟ ਸੁਣਿਆਂ।"

"ਉਹ ਬੰਦਾ ਤਾਂ ਉਹ ਐਵੇਂ ਹੀ ਏ, ਨਾ ਉਹਨੂੰ ਲਾਈਫ ਦਾ ਪਤਾ ਨਾ ਕਿਸੇ ਹੋਰ ਗੱਲ ਦਾ। ...ਇਕ ਦਿਨ ਬਾਹਰ ਜਾ ਰਹੇ ਸੀ, ਮੈਂ ਕਿਹਾ ਕਿਥੇ ਚੱਲੇ, ਕਹਿੰਦੇ ਜਹਾਜ਼ ਚੜ੍ਹਦੇ ਦੇਖਣ। ...ਬਈ ਸਾਲਿਓ ਬੈਹੜਿਆਂ ਦਿਓ, ਇਹ ਵੀ ਕੋਈ ਦੇਖਣ ਵਾਲੀ ਚੀਜ਼ ਏ, ਚਲੋ ਇਕ ਦਿਨ ਦੇਖ ਵੀ ਲਏ ਪਰ ਹਰ ਸ਼ਾਮ ਇਹੋ ਕੰਮ! ...ਹੈ ਕਿ ਨਹੀਂ ਦਿਮਾਗ ਵਿਚ ਨੁਕਸ!"

ਆਖਦਾ ਕੁੰਦਨ ਹੱਸਣ ਲੱਗਿਆ। ਉਹਨਾਂ ਨੇ ਬੋਤਲ ਖੋਹਲ ਲਈ। ਜ਼ਰਾ ਕੁ ਨਸ਼ੇ ਵਿੱਚ ਆਇਆ ਕੁੰਦਨ ਬੋਲਿਆ,

"ਯਾਰ ਇਕੱਲ ਖਾਣ ਲੱਗ ਪਈ ਏ, ਕਰੀਏ ਕੁਝ, ਕੋਈ ਪ੍ਰੋਗਰਾਮ ਈ ਕਰਾ ਲਈਏ।"

"ਉਹ ਤਾਂ ਠੀਕ ਏ ਪਰ ਸਰਦੀਆਂ ਸ਼ੁਰੂ ਹੋ ਗਈਆਂ, ਅੱਜਕੱਲ ਪ੍ਰੋਗਰਾਮ 'ਤੇ ਕੌਣ ਆਏਗਾ!"

"ਹਾਂ, ਇਹ ਵੀ ਏ, ਅਜਿਹੇ ਮੌਸਮ ਵਿੱਚ ਤਾਂ ਲੋਕ ਓਤਰਾਂ ਹੀ ਅੰਦਰੀਂ ਵੜੇ ਹੋਏ ਨੇ।"

"ਨਾਵਲ ਕਿਉਂ ਨਹੀਂ ਕੋਈ ਲਿਖ ਲੈਂਦੇ"

"ਨਾਵਲ ਤਾਂ ਲਿਖ ਲਵਾਂ, ਜੇਠੂ ਦੀ ਪੂਰੀ ਕਹਾਣੀ ਪਈ ਏ ਲਿਖਣ ਵਾਲੀ, ਵੱਡਾ ਨਾਵਲ ਹੋਏਗਾ, ਹਜ਼ਾਰ ਸਫੇ ਦਾ, ਮੈਂ ਨੋਟਸ ਵੀ ਲਏ ਪਏ ਨੇ ਪਰ ਕਿਸੇ ਨੇ ਕਦਰ ਨਹੀਂ ਪਾਉਣੀ। ਲਿਖਣ ਨੂੰ ਵੀ ਉਦੋਂ ਈ ਦਿਲ ਕਰਦਾ ਜਦੋਂ ਉਸ ਨੂੰ ਹੁੰਘਾਰਾ ਮਿਲੇ, ਕੋਈ ਉਤਸ਼ਾਹ ਮਿਲੇ।"

"ਤੁਸੀਂ ਲਿਖੋ ਸਹੀ, ਆਪਾਂ ਇਥੇ ਕੋਈ ਪ੍ਰੋਗਰਾਮ ਕਰਵਾਵਾਂਗੇ।"

"ਪਰ ਪਰਚਾ ਕੌਣ ਲਿਖੇਗਾ?"

"ਮੋਹਣੀ ਤੋਂ ਲਿਖਾ ਲਵਾਂਗੇ।"

ਜੋਗੇਂਦਰ ਨੇ ਮਜ਼ਾਕ ਵਿੱਚ ਕਿਹਾ। ਕੁੰਦਨ ਹਾਲੇ ਗੰਭੀਰ ਸੀ। ਉਹ ਆਖਣ ਲੱਗਿਆ,

"ਮੋਹਣੀ ਤਾਂ ਕਵਿਤਾ ਦੀ ਔਰਤ ਏ, ਨਾਵਲ ਦਾ ਉਹਨੂੰ ਕੀ ਪਤਾ!"

ਉਹ ਕਾਫੀ ਦੇਰ ਤਕ ਬੈਠੇ ਰਹੇ। ਜੋਗੇਂਦਰ ਆਪਣੇ ਕੰਮ ਬਾਰੇ ਗੱਲਾਂ ਕਰਦਾ ਰਿਹਾ। ਕਰਨੀ ਤਾਂ ਉਹ ਆਪਣੇ ਨਾਵਲ ਬਾਰੇ ਵੀ ਸੀ ਕਿ ਉਸ ਦਾ ਨਾਵਲ ਪੂਰਾ ਹੋ ਗਿਆ ਹੈ ਪਰ ਉਹ ਚੁੱਪ ਰਿਹਾ ਕਿ ਕਿਸੇ ਦਿਨ ਲਿਆ ਕੇ ਉਸ ਦੇ ਮੇਜ਼ 'ਤੇ ਰੱਖ ਦੇਵੇਗਾ ਤਾਂ ਜੋ ਉਸ ਨੂੰ ਸਰਪ੍ਰਾਈਜ਼ ਦੇਵੇ।

ਅਗਲੇ ਸ਼ਨਿਚਰਵਾਰ ਜੋਗੇਂਦਰ ਫਿਰ ਆਇਆ। ਇਕ ਫਾਈਲ ਉਸ ਦੇ ਹੱਥ ਵਿੱਚ ਸੀ। ਕੁੰਦਨ ਬੋਲਿਆ,

"ਇਹ ਕੀ ਏ ਬਈ?"

"ਤੁਹਾਡੇ ਲਈ ਕੁਝ ਹੈ, ਦੇਖੋ ਜ਼ਰਾ!"

ਕੁੰਦਨ ਨੇ ਫਾਈਲ ਫੜੀ, ਖੋਹਲੀ ਤੇ ਪੜ੍ਹਨ ਲੱਗਿਆ,

"ਨਾਵਲ, ਇਕ ਤਰਫਾ ਰਾਹ, ਲੇਖਕ; ਜੋਗੇਂਦਰ। ...ਇਹ ਕਦੋਂ ਲਿਖਿਆ?"

"ਚਾਰ ਸਾਲ ਹੋ ਗਏ ਲਿਖਦੇ ਨੂੰ, ਮੈਂ ਸੋਚਿਆ ਕਿ ਪੂਰਾ ਕਰਕੇ ਹੀ ਗੱਲ ਕਰਾਂਗਾ, ਹੁਣ ਵਕਤ ਮਿਲੇ ਤੇ ਇਹਨੂੰ ਪੜ੍ਹਨਾ।"

"ਜ਼ਰੂਰ।"

ਆਖ ਕੇ ਕੁੰਦਨ ਨੇ ਸਿਗਰਟ ਲਾ ਲਈ ਤੇ ਪਲ ਕੁ ਲਈ ਕਿਧਰੇ ਦੂਰ ਗਵਾਚ ਗਿਆ।...

ਕੁਝ ਦਿਨਾਂ ਬਾਅਦ ਜੋਗੇਂਦਰ ਉਸ ਨੂੰ ਮਿਲਣ ਗਿਆ। ਉਹ ਸੋਚਦਾ ਸੀ ਕਿ ਹੁਣ ਤਕ ਕੁੰਦਨ ਨੇ ਨਾਵਲ ਪੜ੍ਹ ਲਿਆ ਹੋਵੇਗਾ। ਉਸ ਦੇ ਜਾਂਦਿਆਂ ਹੀ ਕੁੰਦਨ ਬੋਲਿਆ,

"ਲੈ ਬਈ ਆਪਣਾ ਨਾਵਲ, ਏਹਨੂੰ ਬਿਨ ਵਿੱਚ ਪਾ ਦੇ, ਬਕਵਾਸ ਨਾਵਲ ਏ, ਤੂੰ ਚੰਗੀ ਭਲੀ ਕਹਾਣੀ ਲਿਖੀ ਜਾਨਾ ਏਂ, ਉਹਦੇ ਵਿੱਚ ਤੇਰਾ ਨਾਂ ਵੀ ਬਣ ਗਿਆ ਏ, ਮੈਂ ਤੇਰਾ ਆਲੋਚਕ ਤੇਰੇ ਹੱਕ ਵਿੱਚ ਵੀ ਖੜਾਂ ਫੇਰ ਤੈਨੂੰ ਨਾਵਲ ਲਿਖਣ ਦੀ ਕੀ ਲੋੜ ਪੈ ਗਈ?"

"ਡਾਕਟਰ ਸਾਹਿਬ, ਮੈਂ ਤਾਂ ਬਸ ਇਕ ਤਜਰਬਾ ਈ ਕੀਤਾ ਐ।"

ਜੋਗੇਂਦਰ ਗੁਨਾਹਗਾਰ ਬਣਿਆਂ ਖੜਾ ਸੀ। ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਕੁੰਦਨ ਉਸ ਦੇ ਨਾਵਲ ਨੂੰ ਇਵੇਂ ਨਕਾਰ ਕੇ ਰੱਖ ਦੇਵੇਗਾ। ਇਕ ਪਲ ਲਈ ਤਾਂ ਉਸ ਨੂੰ ਲੱਗਿਆ ਕਿ ਸੱਚ-ਮੁੱਚ ਹੀ ਉਸ ਦਾ ਨਾਵਲ ਮਾੜਾ ਹੋਵੇਗਾ। ਉਸ ਨੇ ਆਪਣੀ ਫਾਈਲ ਚੁੱਕ ਲਿਆਂਦੀ।

ਕੁੰਦਨ ਨੇ ਅਗਲੇ ਦਿਨ ਹੀ ਨਾਵਲ ਲਿਖਣਾ ਸ਼ੁਰੂ ਕਰ ਦਿਤਾ ਤੇ ਫੋਨ ਕਰਕੇ ਜੋਗੇਂਦਰ ਨੂੰ ਬੋਲਿਆ,

"ਲੈ ਬਈ, ਮੈਂ ਤੇਰਾ ਕਹਿਣਾ ਮੰਨ ਲਿਆ, ਮੈਂ ਆਪਣੀ ਇਕੱਲਤਾ ਦੂਰ ਕਰਨ ਲਈ ਨਾਵਲ ਅਰੰਭ ਲਿਆ, ਹੁਣ ਤੂੰ ਦੇਖਦਾ ਜਾਹ ਕਿ ਜੇਠੂ ਕੀ ਕਰਦਾ ਏ ਪਰ ਤੂੰ ਆਪਣਾ ਨਾਵਲ ਭੁੱਲ ਜਾਹ। ਨਾਵਲ ਮੈ ਲਿਖੀ ਈ ਜਾਣਾਂ, ਤੂੰ ਕਹਾਣੀ ਵਲ ਧਿਆਨ ਦੇਹ।"

ਜੋਗੇਂਦਰ ਨੇ ਆਪਣੇ ਨਾਵਲ ਨੂੰ ਅਲਮਾਰੀ ਦੇ ਹੇਠਾਂ ਰੱਖ ਦਿਤਾ ਜਿਵੇਂ ਕਿ ਇਸ ਨੂੰ ਮੁੜ ਕੇ ਚੁੱਕਣਾ ਹੀ ਨਾ ਹੋਵੇ। ਕੁਝ ਮਹੀਨਿਆਂ ਬਾਅਦ ਇੰਡੀਆ ਤੋਂ ਆਇਆ ਉਸ ਦਾ ਇਕ ਦੋਸਤ ਡਾਕਟਰ ਗੁਰਦੇਵ ਸਿੰਘ ਮਿਲਣ ਆਇਆ ਜੋ ਕਿ ਨਾਵਲ ਬਾਰੇ ਕਾਫੀ ਸਮਝ ਰੱਖਦਾ ਸੀ। ਉਹ ਜੋਗੇਂਦਰ ਨੂੰ ਬੋਲਿਆ,

"ਯਾਰ ਤੂੰ ਕਹਾਣੀ ਤਾਂ ਚੰਗੀ ਲਿਖਦਾਂ ਪਰ ਨਾਵਲ ਲਿਖ। ਗੱਲ ਨਾਵਲ ਲਿਖੇ ਤੇ ਈ ਬਣਦੀ ਏ, ਲੇਖਕ ਦੀ ਅਸਲੀ ਮੁਕਤੀ ਨਾਵਲ ਵਿੱਚ ਹੀ ਏ। ...ਕਹਾਣੀ ਛੋਟੀ ਚੀਜ਼ ਹੁੰਦੀ ਏ।"

"ਨਾਵਲ ਤਾਂ ਯਾਰ ਮੈਂ ਇਕ ਲਿਖਿਆ ਸੀ ਪਰ ਕੁੰਦਨ ਨੇ ਰਿਜੈਕਟ ਕਰ ਦਿਤਾ।"

"ਕੁੰਦਨ ਕੌਣ ਹੁੰਦਾ ਰਿਜੈਕਟ ਕਰਨ ਵਾਲਾ? ਤੇਰਾ ਨਾਵਲ ਏ, ਤੇਰੇ ਤੋਂ ਵਧੀਆ ਇਸ ਨਾਵਲ ਦਾ ਆਲੋਚਕ ਕੋਈ ਹੋਰ ਕਿਵੇਂ ਹੋ ਸਕੇਗਾ!"

"ਫਿਰ ਇਵੇਂ ਕਰ, ਤੇਰੇ ਕੋਲ ਵਕਤ ਤਾਂ ਹੈਗਾ ਈ ਐ, ਇਹਨੂੰ ਪੜ੍ਹ ਕੇ ਸਲਾਹ ਦੇਹ।"

ਡਾਕਟਰ ਗੁਰਦੇਵ ਸਿੰਘ ਨੇ ਦੋ ਕੁ ਦਿਨ ਲਾ ਕੇ ਉਸ ਦਾ ਨਾਵਲ ਪੜ੍ਹ ਮਾਰਿਆ ਤੇ ਕਹਿਣ ਲੱਗਿਆ,

"ਜੋਗੇਂਦਰ, ਯਾਰ ਇਹ ਤਾਂ ਕਮਾਲ ਦੀ ਰਚਨਾ ਏ, ਅਸੀਂ ਤਾਂ ਅਜਿਹੇ ਇੰਗਲੈਂਡ ਦੇ ਪਹਿਲਾਂ ਕਦੇ ਦਰਸ਼ਨ ਹੀ ਨਹੀਂ ਕੀਤੇ, ਤੂੰ ਏਹਨੂੰ ਛਪਵਾ, ਦੇਖੀਂ ਕਿੰਨਾ ਵਧੀਆ ਰਿਸਪੌਂਸ ਮਿਲੇਗਾ, ਕੁੰਦਨ ਤਾਂ ਐਵੇਂ ਜੈਲਸੀ ਦਾ ਮਾਰਿਆ ਕਹੀ ਜਾਂਦਾ ਹੋਵੇਗਾ।"

ਡਾਕਟਰ ਗੁਰਦੇਵ ਸਿੰਘ ਕੁੰਦਨ ਦੇ ਸੁਭਾਅ ਨੂੰ ਜਾਣਦਾ ਸੀ।

ਜੋਗੇਂਦਰ ਨੇ ਕੁੰਦਨ ਨਾਲ ਹੋਰ ਗੱਲ ਕੀਤੇ ਬਿਨਾਂ ਨਾਵਲ ਪਬਲਿਸ਼ਰ ਨੂੰ ਭੇਜ ਦਿਤਾ। ਨਾਵਲ ਕੁੰਦਨ ਨੇ ਵੀ ਪੂਰਾ ਕਰ ਲਿਆ। ਇਸ ਦੀਆਂ ਤਿੰਨ ਕਿਸ਼ਤਾਂ ਸਨ। ਜੇਠੂ ਦਾ ਬਚਪੱਨ, ਜਵਾਨੀ ਤੇ ਉਸ ਦਾ ਇੰਗਲੈਂਡ ਪੁੱਜਣਾ ਤੇ ਵਾਪਸ ਜਾ ਕੇ ਆਪਣੇ ਨਾਲ ਹੋਈਆਂ ਵਧੀਕੀਆਂ ਦਾ ਬਦਲਾ ਲੈਣ ਦੀ ਕੋਸ਼ਿਸ਼ ਕਰਨਾ। ਉਸ ਨੇ ਵੀ ਪਹਿਲੀ ਕਿਸ਼ਤ ਛਪਣ ਲਈ ਭੇਜ ਦਿਤੀ। ਨਾਵਲ ਲਿਖਣ ਤੋਂ ਬਾਅਦ ਕੁੰਦਨ ਇਕ ਵਾਰ ਫਿਰ ਵਿਹਲਾ ਹੋ ਗਿਆ। ਇਕੱਲ ਫਿਰ ਉਸ ਨੂੰ ਤੰਗ ਕਰਨ ਲੱਗੀ। ਕਈ ਵਾਰ ਉਹ ਸਵੇਰੇ ਹੀ ਸ਼ਰਾਬ ਪੀ ਲੈਂਦਾ ਤੇ ਲੋਕਾਂ ਨੂੰ ਫੋਨ ਕਰਦਾ ਰਹਿੰਦਾ। ਕਦੇ ਕਿਸੇ ਨੂੰ ਇੰਡੀਆ ਨੂੰ ਫੋਨ ਘੁਮਾ ਲੈਂਦਾ ਤੇ ਕਿੰਨੀ ਕਿੰਨੀ ਦੇਰ ਗੱਲਾਂ ਕਰਦਾ ਰਹਿੰਦਾ। ਸ਼ਾਮ ਨੂੰ ਤਾਂ ਉਸ ਨੇ ਸ਼ਰਾਬ ਪੀਣੀ ਹੀ ਹੁੰਦੀ ਸੀ।...

ਇਹਨਾਂ ਦਿਨਾਂ ਵਿੱਚ ਉਸ ਦੀ ਦੋਸਤੀ ਇਕ ਪਾਕਿਸਤਾਨੀ ਲੇਖਕ ਮੁਸ਼ਤਾਕ ਮਲਿਕ ਨਾਲ ਹੋਈ। ਮੁਸ਼ਤਾਕ ਦੀ ਪਤਨੀ ਰੇਹਾਨਾ ਵੀ ਨਜ਼ਮ ਕਹਿੰਦੀ ਸੀ। ਮੁਸ਼ਤਾਕ ਆਪ ਹੀ ਉਸ ਨੂੰ ਲਿਖ ਦਿਆ ਕਰਦਾ। ਉਹ ਪੰਜਾਬੀ ਜ਼ਬਾਨ ਨਾਲ ਕੁਝ ਬਹੁਤਾ ਹੀ ਮੋਹ ਦਿਖਾਉਂਦਾ ਜਦ ਕਿ ਉਹ ਲਿਖਦਾ ਉੜਦੂ ਵਿੱਚ ਸੀ। ਸ਼ਰਾਬੀ ਹੋਇਆ ਕੁੰਦਨ ਉਸ ਨਾਲ ਆਪਣਾ ਦਿਲ ਫਰੋਲਦਾ ਰਹਿੰਦਾ। ਉਹ ਕੁੰਦਨ ਨੂੰ ਬਹੁਤਾ ਜਾਣਦਾ ਨਹੀਂ ਸੀ। ਕਈ ਵਾਰ ਉਹ ਤੇ ਉਸ ਦੀ ਪਤਨੀ ਕੁੰਦਨ ਨੂੰ ਮਿਲਣ ਆ ਜਾਂਦੇ। ਕੁੰਦਨ ਵੀ ਦੋ ਕੁ ਵਾਰ ਪੂਰਬੀ ਲੰਡਨ ਉਹਨਾਂ ਦੇ ਘਰ ਜਾ ਆਇਆ ਸੀ। ਇਕ ਦੂਜੇ ਨੂੰ ਆਪਣੀਆਂ ਕਵਿਤਾਵਾਂ ਸੁਣਾ ਕੇ ਦੋਵੇਂ ਧਿਰਾਂ ਖੁਸ਼ ਹੋ ਲੈਂਦੀਆਂ। ਉਹਨਾਂ ਨੂੰ ਮਿਲ ਕੇ ਕੁੰਦਨ ਨੂੰ ਕੁਝ ਦੇਰ ਲਈ ਰਾਹਤ ਮਿਲ ਜਾਂਦੀ ਪਰ ਮੁਸ਼ਤਾਕ ਮਲਿਕ ਤੁਅਸਬੀ ਜਿਹਾ ਬੰਦਾ ਸੀ, ਉਸ ਨੂੰ ਕੁੰਦਨ ਦੀ ਸ਼ਰਾਬ ਪਸੰਦ ਨਹੀਂ ਸੀ। ਕੁਝ ਇਕ ਵਾਰ ਆ ਕੇ ਉਸ ਨੇ ਆਉਣਾ ਵੀ ਬੰਦ ਕਰ ਦਿਤਾ।...

ਹੁਣ ਕੁੰਦਨ ਬਹੁਤ ਇਕੱਲਾ ਸੀ। ਅਮਰਜੋਤ ਵੀ ਮੁੜ ਕੇ ਉਸ ਨੂੰ ਮਿਲਣ ਨਾ ਆਇਆ। ਜੋਗੇਂਦਰ ਵੀ ਵਿਹਲਾ ਨਹੀਂ ਸੀ। ਖਾਸ ਤੌਰ 'ਤੇ ਜਦ ਤੋਂ ਕੁੰਦਨ ਨੇ ਉਸ ਦੇ ਨਾਵਲ ਨੂੰ ਨਕਾਰਿਆ, ਉਹ ਜ਼ਰਾ ਵੱਟਿਆ ਜਿਹਾ ਰਹਿੰਦਾ ਸੀ। ਕੁੰਦਨ ਨੇ ਪਾਇਲ ਤੋਂ ਅਮਰਜੋਤ ਦਾ ਫੋਨ ਨੰਬਰ

ਲੈ ਲਿਆ ਤੇ ਜਦ ਉਸ ਦਾ ਮਨ ਹੁੰਦਾ ਤਾਂ ਉਸ ਨੂੰ ਫੋਨ ਕਰਕੇ ਗਾਲ੍ਹਾਂ ਕੱਢਣ ਲੱਗਦਾ। ਜੇ ਉਹ ਫੋਨ ਨਾ ਚੁੱਕਦੇ ਤਾਂ ਅਨਸਰਿੰਗ ਮਸ਼ੀਨ ਵਿੱਚ ਹੀ ਗੰਦੀਆਂ ਗੰਦੀਆਂ ਗਾਲ੍ਹਾਂ ਭਰ ਦਿੰਦਾ। ਉਹ ਸਮਝਦੇ ਸਨ ਕਿ ਕੁੰਦਨ ਦੀ ਇਹ ਫਰੱਸਟਰੇਸ਼ਨ ਇਕੱਲ ਕਰਕੇ ਹੀ ਹੈ। ਇਕ ਦਿਨ ਉਸ ਨੇ ਨੀਂਦ ਵਾਲੀਆਂ ਗੋਲੀਆਂ ਕਾਫੀ ਮਿਕਦਾਰ ਵਿੱਚ ਖਾ ਲਈਆਂ ਤੇ ਨਾਲ ਹੀ ਪਾਇਲ ਨੂੰ ਫੋਨ ਕਰਕੇ ਬੋਲਿਆ,

"ਮੈਨੂੰ ਪਤਾ ਕਿ ਤੁਹਾਨੂੰ ਮੇਰੀ ਲੋੜ ਨਹੀਂ ਸੋ ਮੇਰੇ ਜੀਣ ਦਾ ਹੁਣ ਕੋਈ ਫਾਇਦਾ ਨਹੀਂ ਸੋ ਮੈਂ ਨੀਂਦ ਵਾਲੀਆਂ ਗੋਲੀਆਂ ਖਾ ਲਈਆਂ ਤੇ ਤੁਸੀਂ ਖੁਸ਼ ਰਹੋ।"

ਆਖ ਕੇ ਫੋਨ ਰੱਖ ਦਿਤਾ। ਪਾਇਲ ਘਬਰਾ ਗਈ। ਉਸ ਨੇ ਅਮਰਜੋਤ ਨੂੰ ਫੋਨ ਕੀਤਾ। ਉਹ ਘਰ ਨਹੀਂ ਸੀ। ਸਰਬੀ ਨੇ ਹੀ ਫੋਨ ਚੁੱਕਿਆ। ਸਾਰੀ ਗੱਲ ਸਰਬੀ ਨੂੰ ਦੱਸੀ ਤਾਂ ਉਹ ਭਜਦੀ ਹੋਈ ਕੁੰਦਨ ਦੇ ਘਰ ਗਈ। ਘਰ ਦੀ ਚਾਬੀ ਤਾਂ ਉਸ ਕੋਲ ਹੈ ਹੀ ਸੀ। ਕੁੰਦਨ ਸੈਟੀ 'ਤੇ ਇਕ ਪਾਸੇ ਨੂੰ ਡਿਗਿਆ ਪਿਆ ਸੀ। ਉਸ ਨੇ ਐਂਬੂਲੈਂਸ ਸੱਦ ਲਈ। ਪਾਇਲ ਤੇ ਅਮਰਜੋਤ ਵੀ ਹਸਪਤਾਲ ਪੁੱਜ ਗਏ। ਕੁੰਦਨ ਬਚ ਗਿਆ। ਹੋਸ਼ ਆਈ ਤਾਂ ਕਹਿਣ ਲੱਗਾ,

"ਮੈਂ ਬਹੁਤ ਇਕੱਲਾ ਵਾਂ, ਮੇਰਾ ਕੋਈ ਨਹੀਂ, ਤੁਸੀਂ ਤਾਂ ਮੈਨੂੰ ਮਰਿਆ ਹੀ ਸਮਝਦੇ ਓ, ਤੁਹਾਡੇ ਤਿੰਨਾਂ 'ਚੋਂ ਕੋਈ ਵੀ ਮੈਨੂੰ ਦੇਖਣ ਨਹੀਂ ਆਉਂਦਾ, ਦੱਸੋ ਮੈਂ ਕਾਹਦੇ ਲਈ ਜੀਊਂਨਾ!"

"ਡੈਡ, ਤੁਸੀਂ ਸ਼ਰਾਬ ਛੱਡੋ, ਸ਼ਰਾਬ ਈ ਤੁਹਾਡੀ ਪ੍ਰੋਬਲਮ ਏ।"

ਪਾਇਲ ਨੇ ਆਖਿਆ। ਕੁੰਦਨ ਬੋਲਿਆ,

"ਮੈਂ ਇਕੱਲਾ ਕੀ ਕਰਾਂ, ਸ਼ਰਾਬ ਨਾ ਪੀਂਵਾਂ ਤਾਂ ਹੋਰ ਕੀ ਕਰਾਂ?"

"ਡੈਡ, ਤੁਸੀਂ ਅਲਕੋਹਲਕ ਹੋ ਚੁੱਕੇ ਓ। ਤੁਹਾਨੂੰ ਹੈੱਲਪ ਦੀ ਲੋੜ ਐ, ਚਲੋ ਤੁਹਾਨੂੰ ਸਪੈਸ਼ਲਿਸਟ ਨੂੰ ਦਿਖਾਈਏ।"

"ਤੁਹਾਡਾ ਦਿਮਾਗ ਸਹੀ ਨਹੀਂ ਜਾਪਦਾ, ਮੈਂ ਡਾਕਟਰ ਕੁੰਦਨ ਸਿੰਘ ਕੁੰਦਨ ਅਲਕੋਹਲਕ ਕਿਵੇਂ ਹੋ ਸਕਦਾਂ?"

"ਡੈਡ, ਜਿੰਨੀ ਤੁਸੀਂ ਸ਼ਰਾਬ ਪੀਂਦੇ ਓ ਤੇ ਜਿੱਦਾਂ ਪੀਂਦੇ ਓ ਇਹ ਕੋਈ ਅਲਕੋਹਕਲ ਹੀ ਕਰ ਸਕਦੈ।"

"ਮੈਂ ਪੀਨਾਂ ਕਿ ਮੈਂ ਇਕੱਲਾਂ! ...ਹੁਣ ਇਹ ਸਰਬੀ ਤੇ ਅਮਰਜੋਤ ਮੈਨੂੰ ਛੱਡ ਕੇ ਈ ਚਲੇ ਗਏ।"

"ਡੈਡ, ਅਸੀਂ ਛੱਡ ਕੇ ਨਹੀਂ ਗਏ, ਤੁਸੀਂ ਸਾਨੂੰ ਘਰੋਂ ਕੱਢਿਆ! ਤੁਸੀਂ ਪੈਰ ਪੈਰ 'ਤੇ ਤਾਂ ਮੇਰੀ ਬੇਇਜ਼ਤੀ ਕਰਨ ਲੱਗਦੇ ਓ। ਨਹੀਂ ਤਾਂ ਡੈਡ, ਸਾਨੂੰ ਤੁਹਾਡਾ ਹਰ ਵੇਲੇ ਹੀ ਫਿਕਰ ਰਹਿੰਦੈ।"

ਅਮਰਜੋਤ ਨੇ ਕਿਹਾ। ਕੁੰਦਨ ਨੇ ਉਹਨਾਂ ਨੂੰ ਫੈਸਲਾ ਸੁਣਾਉਣ ਵਾਂਗ ਕਿਹਾ,

"ਦੇਖੋ, ਇਸ ਟੌਪਿਕ ਨੂੰ ਇਥੇ ਹੀ ਛੱਡ ਦਿਓ, ਮੈਂ ਹੁਣ ਬਹੁਤ ਹਿਸਾਬ ਨਾਲ ਸ਼ਰਾਬ ਪੀਆਂਗਾ, ਪ੍ਰੌਮਿਜ਼!"

ਉਸ ਦਿਨ ਤੋਂ ਬਾਅਦ ਕੁੰਦਨ ਕੁਝ ਸੁਧਰ ਗਿਆ। ਉਹ ਸ਼ਾਮ ਨੂੰ ਸੱਤ ਵਜੇ ਹੀ ਬੋਤਲ ਚੁੱਕਦਾ। ਬੋਤਲ ਵਿੱਚੋਂ ਵੀ ਇਕ ਪਾਈਆ ਭਰ ਲੈਂਦਾ ਤੇ ਉਸ ਨੂੰ ਹੌਲੀ ਹੌਲੀ ਪੀਂਦਾ ਰਹਿੰਦਾ। ਕਈ ਵਾਰ ਦੋ ਪਾਈਏ ਵੀ ਪੀ ਜਾਂਦਾ। ਜੇ ਦੋ ਪੀ ਲਵੇ ਤਾਂ ਤੀਜਾ ਪੀ ਹੀ ਹੋ ਜਾਂਦਾ ਸੀ। ਕਦੇ ਕਦੇ ਚੌਥਾ ਵੀ ਪਰ ਬਹੁਤੀ ਵਾਰ ਉਹ ਆਪਣੇ ਆਪ ਉਪਰ ਕਾਬੂ ਹੀ ਰੱਖਦਾ।

ਹੁਣ ਉਸ ਨੇ ਇਕ ਰੁਟੀਨ ਬਣਾ ਲਿਆ ਸੀ। ਉਸ ਨੇ ਨਵਾਂ ਕੰਪਿਊਟਰ ਖਰੀਦ ਲਿਆ ਤੇ ਉਸ ਉਪਰ ਟਾਈਪ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ। ਸਵੇਰੇ ਉਠ ਕੇ ਅਖ਼ਬਾਰ ਲੈ ਆਉਂਦਾ। ਦੁਪਿਹਰ ਤਕ ਉਸ ਦੀ ਅਖ਼ਬਾਰ ਹੀ ਮੁਕਦੀ, ਦੁਪਿਹਰ ਦਾ ਖਾਣਾ ਬਣਾ ਕੇ ਕੁਝ ਦੇਰ ਟੈਲੀ ਦੇਖਦਾ ਤੇ ਸੈਟੀ ਤੇ ਹੀ ਸੌਂ ਲੈਂਦਾ। ਫਿਰ ਕੁਝ ਦੇਰ ਕੰਪਿਊਟਰ ਉਪਰ ਗੁਜ਼ਾਰਦਾ। ਜਦ ਤਕ ਸ਼ਾਮ ਹੋ ਜਾਂਦੀ। ਉਸ ਕੋਲ ਪਾਈਏ ਦੇ ਮੇਚੇ ਵਾਲੀ ਬੋਤਲ ਪਈ ਹੀ ਸੀ, ਪੂਰੀ ਬੋਤਲ ਵਿੱਚੋਂ ਪਾਈਆ ਭਰਦਾ ਤੇ ਪਾਈਏ ਵਿੱਚੋਂ ਇਕ ਨਿੱਕੀ ਜਿਹੀ ਗਲਾਸੀ, ਉਸ ਗਲਾਸੀ ਦਾ ਪੈੱਗ ਬਣਾ ਕੇ ਪੀ ਲੈਂਦਾ। ਪਾਈਏ ਵਿੱਚੋਂ ਚਾਰ ਪੈੱਗ ਨਿਕਲਦੇ ਸਨ। ਰੋਟੀ ਖਾਣ ਤਕ ਉਹ ਚਾਰ ਪੈੱਗ ਪੀ ਲੈਂਦਾ ਤੇ ਕਦੇ ਕਦੇ ਇਕ ਪੈੱਗ ਹੋਰ ਬੋਤਲ ਵਿੱਚੋਂ ਪਾ ਲੈਂਦਾ ਨਹੀਂ ਤਾਂ ਉਂਝ ਹੀ ਸੌਂ ਜਾਂਦਾ। ਇਸ ਤਰ੍ਹਾਂ ਉਸ ਨੂੰ ਜਾਪਦਾ ਕਿ ਉਸ ਦਾ ਖੁਦ 'ਤੇ ਕਾਬੂ ਹੈ। ਕਦੇ ਕਦੇ ਕੋਈ ਹੋਰ ਦੋਸਤ ਆ ਜਾਂਦਾ ਤਾਂ ਉਹ ਜ਼ਿਆਦਾ ਸ਼ਰਾਬੀ ਹੋ ਜਾਂਦਾ ਪਰ ਹੁਣ ਉਹ ਅਮਰਜੋਤ ਜਾਂ ਪਾਇਲ ਨੂੰ ਫੋਨ ਨਾ ਕਰਦਾ। ਉਸ ਨੂੰ ਡਰ ਸੀ ਕਿ ਉਹ ਮੁੜ ਕੇ ਉਸ ਨੂੰ ਅਲਕੋਹਲਕ ਨਾ ਕਹਿਣ ਲੱਗ ਪੈਣ।

ਇਕ ਦਿਨ ਉਸ ਨੇ ਜੋਗੇਂਦਰ ਨੂੰ ਸੱਦਿਆ ਤੇ ਕੋਈ ਸਾਹਿਤਕ ਪ੍ਰੋਗਰਾਮ ਕਰਾਉਣ ਦੀ ਸਲਾਹ ਕਰਨ ਲੱਗੇ। ਸਮਾਗਮ ਦੀ ਤਿਆਰੀ ਨਾਲ ਉਸ ਨੂੰ ਰੁਝੇਵਾਂ ਮਿਲ ਗਿਆ। ਸਮਾਗਮ ਵਿੱਚ ਸਾਰੇ ਦੋਸਤ ਵੀ ਆਏ। ਚਤਰਥ ਸਿੰਘ ਵੀ ਆਇਆ। ਕੁੰਦਨ ਉਸ ਨਾਲ ਮਜ਼ਾਕ ਕਰਦਾ ਕਹਿਣ ਲਗਿਆ,

"ਬੁੜ੍ਹਿਆ, ਤੂੰ ਫੇਰ ਮੇਰੇ ਨਾਵਲ ਬਾਰੇ ਇਕ ਅੱਖਰ ਨਾ ਲਿਖਿਆ, ਖੂਬ ਦੁਸ਼ਮਣੀ ਪੁਗਾਈ!"

"ਤੇਰਾ ਨਾਵਲ ਮਾੜਾ ਐ।"

"ਕੁਝ ਵੀ ਤੈਨੂੰ ਚੰਗਾ ਨਹੀਂ ਲੱਗਿਆ ਮੇਰੇ ਨਾਵਲ ਵਿੱਚੋਂ?"

"ਲੱਗਿਆ, ਜਿਹੜਾ ਤੂੰ ਇਹਦੀ ਮੁੱਖ ਕਿਰਦਾਰ ਦਾ, ਕੀ ਨਾਂ ਤੂੰ ਰੱਖਿਆ ਨਾਵਲ ਵਿਚ ਓਸ ਕੁੜੀ ਦਾ, ਓਹਦਾ ਰੇਪ ਸੀਨ ਪੇਸ਼ ਕੀਤਾ ਉਹ ਬਹੁਤ ਕਮਾਲ ਦਾ ਐ।"

ਆਖਦਾ ਚਤਰਥ ਸਿੰਘ ਹੱਸਣ ਲੱਗਿਆ। ਕੁੰਦਨ ਨੂੰ ਜਾਪਿਆ ਕਿ ਗੱਲ ਕਿਸੇ ਗਲਤ ਪਾਸੇ ਚਲੇ ਜਾਵੇਗੀ ਇਸ ਲਈ ਚੁੱਪ ਕਰ ਗਿਆ। ਇਕ ਹੋਰ ਫੰਕਸ਼ਨ ਵਿੱਚ ਉਹ ਤੇ ਜੋਗੇਂਦਰ ਗਏ ਤਾਂ ਉਥੇ ਵੀ ਚਤਰਥ ਸਿੰਘ ਮਿਲ ਪਿਆ। ਉਸ ਦੇ ਨਾਲ ਭਗਵਾਨ ਖਹਿਰਾ ਵੀ ਸੀ। ਭਗਵਾਨ ਖਹਿਰਾ ਕਵਿਤਾ ਸੁਹਣੀ ਲਿਖਦਾ ਸੀ ਪਰ ਉਵੇਂ ਅਪਰਾਧ-ਬ੍ਰਿਤੀ ਵਾਲਾ ਬੰਦਾ ਸੀ, ਕਈ ਵਾਰ ਜੇਲ੍ਹ ਵੀ ਜਾ ਆਇਆ ਸੀ। ਉਸੇ ਸਮਾਗਮ ਵਿੱਚ ਐਸ਼ਫੋਰਡ ਦੀ ਇਕ ਕਹਾਣੀਕਾਰ ਅਨੀਤਾ ਸ਼ਰਮਾ ਵੀ ਗਈ ਹੋਈ ਸੀ ਜਿਹੜੀ ਕਾਮ ਨਾਲ ਲਿਬਰੇਜ਼ ਕਹਾਣੀਆਂ ਲਿਖਣ ਵਿੱਚ ਮਾਹਿਰ ਮੰਨੀ ਜਾਂਦੀ ਸੀ। ਨਸ਼ੇ ਵਿੱਚ ਆਇਆ ਚਤਰਥ ਸਿੰਘ ਅਨੀਤਾ ਸ਼ਰਮਾ ਨੂੰ ਕਹਿਣ ਲੱਗਿਆ,

"ਬੇਟਾ, ਤੂੰ ਬਹੁਤ ਸੁਹਣੀ ਕਹਾਣੀ ਲਿਖਦੀ ਐਂ, ਵਧਾਈ!"

ਅਨੀਤਾ ਸ਼ਰਮਾ ਤਾਂ ਸ਼ੁਕਰੀਆ ਕਹਿ ਕੇ ਚਲੇ ਗਈ। ਉਸ ਵੇਲੇ ਕੁੰਦਨ ਵੀ ਕੋਲ ਹੀ ਖੜਾ ਸੀ। ਉਹ ਸੀ ਵੀ ਪੂਰੇ ਨਸ਼ੇ ਵਿੱਚ। ਉਹ ਹੌਲੇ ਜਿਹੇ ਬੋਲਿਆ,

"ਯਾਰ ਚਤਰਥ, ਅਸੀਂ ਤਾਂ ਏਸ ਸਾਲੀ ਬੈਹੜਿਆਂ ਦੀ ਮਗਰ ਹਿੜੇ ਫਿਰਦੇ ਆਂ ਤੇ ਤੂੰ ਏਹਨੂੰ...!"

"ਓ ਯਾਰ, ਮੇਰੀਆਂ ਤਾਂ ਕੁੜੀਆਂ ਵਰਗੀ ਐ!"

"ਜੇ ਇਹ ਤੇਰੀ ਕੁੜੀਆਂ ਵਰਗੀ ਏ ਤਾਂ ਅਸੀਂ ਤੇਰੇ ਕੀ ਹੋਏ?"

ਇਸੇ ਗੱਲ 'ਤੇ ਝਗੜਾ ਵਧ ਗਿਆ। ਭਗਵਾਨ ਖਹਿਰਾ ਵਿੱਚਕਾਰ ਆ ਗਿਆ। ਉਹ ਕੁੰਦਨ ਨੂੰ ਕਹਿਣ ਲੱਗਿਆ,

"ਹਾਲ ਤੋਂ ਬਾਹਰ ਆ, ਤੈਨੂੰ ਵੱਡੇ ਲੇਖਕ ਨੂੰ ਦੇਖਾਂ ਕਿ ਕਿੰਨੇ ਕੁ ਪਾਣੀ ਵਿੱਚ ਐਂ ਤੂੰ!"

ਆਖਦਾ ਭਗਵਾਨ ਖਹਿਰਾ ਆਪਣੀਆਂ ਬਾਹਾਂ ਚੜ੍ਹਾਉਣ ਲੱਗ ਪਿਆ। ਕੁੰਦਨ ਵੀ ਅਗਿਓਂ ਗਾਲ੍ਹੀਂ ਉਤਰ ਆਇਆ। ਕੁੰਦਨ ਖਹਿਰੇ ਵੱਲ ਇਵੇਂ ਮੁੱਕੇ ਹਵਾ ਵਿੱਚ ਚਲਾਉਣ ਲੱਗਿਆ ਜਿਵੇਂ ਬੌਕਸਿੰਗ ਕਰ ਰਿਹਾ ਹੋਵੇ। ਉਹ ਮੁੱਕਾ ਚਲਾਉਣ ਨਾਲੋਂ ਆਪਣਾ ਮੂੰਹ ਜ਼ਿਆਦਾ ਬਚਾ ਰਿਹਾ ਸੀ। ਭਗਵਾਨ ਖਹਿਰੇ ਇਕ ਪਾਸੇ ਥੁੱਕਿਆ ਤੇ ਬੋਲਿਆ,

"ਵੱਡਿਆ ਬੌਕਸਰਾ, ਤੂੰ ਇਕ ਥੱਪੜ ਦੀ ਮਾਰ ਨਹੀਂ ਤੇ ਗੱਲਾਂ ਕਰਦਾਂ ਵੱਡੀਆਂ ਵੱਡੀਆਂ।"

ਕੁੰਦਨ ਹਾਲੇ ਵੀ ਹਵਾ ਵਿਚ ਮੁੱਕੇ ਜਿਹੇ ਚਲਾਈ ਜਾ ਰਿਹਾ ਸੀ। ਕਾਫੀ ਸਾਰੇ ਲੋਕ ਇਕੱਠੇ ਹੋ ਗਏ ਤੇ ਤਮਾਸ਼ਾ ਦੇਖਣ ਲੱਗੇ। ਜੋਗੇਂਦਰ ਨੇ ਭਗਵਾਨ ਖਹਿਰੇ ਨੂੰ ਸ਼ਾਤ ਕੀਤਾ ਤੇ ਕੁੰਦਨ ਨੂੰ ਲੈ ਕੇ ਉਹ ਸਮਾਗਮ ਵਿਚਾਲੇ ਛੱਡ ਕੇ ਤੁਰ ਪਿਆ।

ਘਰ ਆ ਕੇ ਕੁੰਦਨ ਫਿਰ ਕਈ ਦਿਨ ਸ਼ਰਾਬ ਪੀਂਦਾ ਰਿਹਾ। ਫਿਰ ਲੋਕਾਂ ਨੂੰ ਤੰਗ ਕਰਦਾ ਰਿਹਾ। ਪੰਜ ਕੁ ਦਿਨ ਦਾ ਇਹ ਦੌਰ ਚਲਿਆ ਤੇ ਫਿਰ ਮੁੜ ਠੀਕ ਹੋ ਗਿਆ। ਇਵੇਂ ਹੁਣ ਜਦ ਕਦੇ ਉਹ ਜ਼ਿਆਦਾ ਪੀਣ ਲੱਗਦਾ ਤਾਂ ਪੰਜ ਛੇ ਦਿਨ ਲਗਾਤਾਰ ਪੀਂਦਾ ਹੀ ਰਹਿੰਦਾ ਪਰ ਖਾਂਦਾ ਕੁਝ ਨਾ।...

ਸ਼ਰਾਬ ਪੀ ਕੇ ਦੋਸਤਾਂ ਕੋਲ ਆਪਣੇ ਇਕੱਲੇ ਹੋਣ ਦੇ ਗਿਲੇ ਕਰਦਾ। ਉਸ ਦੇ ਇਕ ਪੁਰਾਣੇ ਦੋਸਤ ਨਾਇਬ ਸਿੱਧੂ ਦੀ ਸ਼ਰਾਬ ਦੀ ਦੁਕਾਨ ਸੀ। ਕਦੇ ਕਦੇ ਕੁੰਦਨ ਉਥੇ ਚਲੇ ਜਾਂਦਾ ਤਾਂ ਦੋ ਦੋ ਦਿਨ ਦੁਕਾਨ ਦੇ ਪਿਛਲੇ ਕਮਰੇ ਵਿੱਚ ਬੈਠਾ ਸ਼ਰਾਬ ਹੀ ਪੀਂਦਾ ਰਹਿੰਦਾ। ਕਈ ਵਾਰ ਉਸ ਦੀ ਹਾਲਤ ਏਨੀ ਖਰਾਬ ਹੁੰਦੀ ਕਿ ਟੱਟੀ-ਪਿਸ਼ਾਬ ਟਰਾਊਜ਼ਰ ਵਿੱਚ ਹੀ ਕਰ ਦਿੰਦਾ। ਨਾਇਬ ਸਿੱਧੂ ਉਸ ਨੂੰ ਨਵੇਂ ਕਪੜੇ ਲਿਆ ਕੇ ਦਿੰਦਾ। ਕਈ ਵਾਰ ਤਾਂ ਉਹ ਉਸ ਤੋਂ ਬੜੀ ਮੁਸ਼ਕਲ ਨਾਲ ਪਿੱਛਾ ਛੁਡਵਾਉਂਦਾ। ਸ਼ਰਾਬ ਪੀ ਕੇ ਕਾਰ ਚਲਾਉਣੀ ਤਾਂ ਉਸ ਲਈ ਮਾਮੂਲੀ ਜਿਹੀ ਗੱਲ ਸੀ। ਕਈ ਵਾਰ ਮੋਟਰਵੇਅ ਤੇ ਕਾਰ ਚਲਾਉਂਦਾ ਬਰਾਬਰ ਜਾ ਰਹੇ ਡਰਾਈਵਰਾਂ ਨਾਲ ਸ਼ਰਤਾਂ ਵੀ ਲਾਉਣ ਲੱਗਦਾ। ਦੋਸਤ ਉਸ ਨਾਲ ਸਫਰ ਕਰਨ ਤੋਂ ਡਰਦੇ। ਜਿਸ ਨੂੰ ਪਤਾ ਚੱਲਦਾ ਉਹ ਉਸ ਨੂੰ ਖੁਸ਼ਕਿਸਮਤ ਵੀ ਆਖਦਾ ਕਿਉਂਕਿ ਹਾਲੇ ਤਕ ਉਹ ਕਿਸੇ ਹਾਦਸੇ ਤੋਂ ਵੀ ਬਚਿਆ ਹੋਇਆ ਸੀ ਤੇ ਪੁਲੀਸ ਦੀ ਚੁੰਗਲ ਵਿੱਚ ਫਸਣ ਤੋਂ ਵੀ।...

ਇਹਨਾਂ ਦਿਨਾਂ ਵਿੱਚ ਉਸ ਦੇ ਨਾਵਲ ਦੀ ਪਹਿਲੀ ਲੜੀ ਆ ਗਈ। ਪੂਰਾ ਵੱਡਾ ਸਾਢੇ ਤਿੰਨ ਸੌ ਸਫੇ ਦਾ ਨਾਵਲ ਸੀ। ਉਸ ਨੇ ਜੋਗੇਂਦਰ ਨੂੰ ਫੋਨ ਕਰਕੇ ਦਸਿਆ ਪਰ ਜੋਗੇਂਦਰ ਕੰਮ ਵਿੱਚ ਅਜਿਹਾ ਫਸਿਆ ਹੋਇਆ ਸੀ ਕਿ ਉਹ ਮਿਲਣ ਹੀ ਨਾ ਆਇਆ। ਕੁੰਦਨ ਨੇ ਸੋਚਿਆ ਸੀ ਕਿ ਉਸ ਨੂੰ ਉਸ ਦੇ ਨਵੇਂ ਨਾਵਲ ਦਾ ਚਾਅ ਹੋਵੇਗਾ ਤੇ ਭੱਜਿਆ ਆਵੇਗਾ। ਉਹ ਦੋ ਹਫਤੇ ਤਕ ਨਾ ਆਇਆ। ਉਹ ਆਇਆ ਤਾਂ ਕੁੰਦਨ ਨੇ ਕਿਹਾ,

"ਚੰਗਾ ਭਰਾ ਏਂ ਬਈ, ਤੈਨੂੰ ਮੇਰੇ ਨਾਵਲ ਦੀ ਕੋਈ ਖੁਸ਼ੀ ਈ ਨਹੀਂ ਹੋਈ!"

"ਖੁਸ਼ੀ ਕਿਉਂ ਨਹੀਂ ਹੋਈ! ਨਾਵਲ ਤਾਂ ਤੁਸੀਂ ਛਪਣ ਭੇਜਣ ਤੋਂ ਪਹਿਲਾਂ ਪੜ੍ਹਾਇਆ ਈ ਸੀ, ਪਰ ਮੈਂ ਕੰਮ ਵਿੱਚ ਬਹੁਤ ਬੀਜ਼ੀ ਸਾਂ, ਪੈਸੇ ਵੀ ਤਾਂ ਆਉਣੇ ਚਾਹੀਦੇ ਆ ਨਾ!"

"ਹਾਂ, ਇਹ ਤਾਂ ਹੈ।"

ਹੁਣ ਕੁੰਦਨ ਉਡੀਕਣ ਲੱਗਿਆ ਕਿ ਜੋਗੇਂਦਰ ਕਹੇਗਾ ਕਿ ਨਾਵਲ ਉਪਰ ਪ੍ਰੋਗਰਾਮ ਕਰਾਇਆ ਜਾਵੇ ਪਰ ਜੋਗੇਂਦਰ ਨੇ ਨਾ ਕਿਹਾ। ਉਸ ਨੂੰ ਇਹ ਵੀ ਹਿਰਖ ਸੀ ਕਿ ਕੁੰਦਨ ਨੇ ਉਸ ਨੂੰ ਆਪਣਾ ਨਾਵਲ ਬਿਨ ਵਿੱਚ ਪਾ ਦੇਣ ਲਈ ਕਿਹਾ ਸੀ। ਕੁੰਦਨ ਕਈ ਦਿਨ ਜੋਗੇਂਦਰ ਵਲੋਂ ਉਡੀਕਦਾ ਰਿਹਾ ਕਿ ਕੁਝ ਕਰੇਗਾ ਜਾਂ ਕਹੇਗਾ ਪਰ ਜੋਗੇਂਦਰ ਚੁੱਪ ਸੀ। ਕਈ ਹਫਤੇ ਨਿਕਲ ਗਏ। ਉਹ ਜੋਗੇਂਦਰ ਦੇ ਵਤੀਰੇ 'ਤੇ ਹੈਰਾਨ ਸੀ ਤੇ ਦੂਜੀ ਹੈਰਾਨੀ ਇਹ ਸੀ ਕਿ ਉਸ ਦੇ ਨਾਵਲ ਦਾ ਇਕ ਵੀ ਰੀਵਿਊ ਕਿਧਰੇ ਨਹੀਂ ਸੀ ਛਪਿਆ। ਉਹ ਪਰੇਸ਼ਾਨ ਹੋਣ ਲੱਗਿਆ। ਸ਼ਰਾਬੀ ਹੋਇਆ

ਆਪਣੇ ਦੋਸਤ ਲੇਖਕਾਂ ਨੂੰ ਇਸ ਬਾਰੇ ਉਲ੍ਹਾਮੇ ਦਿੰਦਾ। ਉਸ ਦੀ ਸ਼ਰਾਬ ਫਿਰ ਵਧ ਗਈ। ਇਸ ਵਾਰ ਪੰਜਾਂ ਦਿਨਾਂ ਬਾਅਦ ਵੀ ਉਹ ਮੁੜ ਕੇ ਤਾਨ ਵਿੱਚ ਨਾ ਆਇਆ। ਪਾਇਲ ਤੇ ਅਮਰਜੋਤ ਨੂੰ ਪਤਾ ਚੱਲਿਆ। ਉਹ ਦੋਵੇਂ ਆ ਗਏ ਤੇ ਕਹਿਣ ਲੱਗੇ,

"ਡੈਡ, ਹੁਣ ਕੁਝ ਵੀ ਹੋ ਜਾਵੇ, ਤੁਹਾਨੂੰ ਮੰਨਣਾ ਪਵੇਗਾ ਕਿ ਤੁਸੀਂ ਅਲਕੋਹਲਕ ਹੋ ਤੇ ਤੁਹਾਨੂੰ ਸਾਡੇ ਨਾਲ ਡਾਕਟਰ ਦੇ ਜਾਣਾ ਈ ਪਵੇਗਾ।"

33-ਹਾਦਸਾ

ਇਕ ਦਿਨ ਜੋਗੇਂਦਰ ਨੇ ਫੋਨ ਕਰਕੇ ਪੁੱਛਿਆ,

"ਬਾਬਿਓ, ਕੀ ਹੋ ਰਿਹੈ?"

"ਕੁਝ ਨਹੀਂ ਯਾਰ, ਇਕੱਲ ਬਹੁਤ ਏ, ਹੁਣ ਏਹਦਾ ਕੋਈ ਹੱਲ ਵੀ ਨਹੀਂ।"

"ਮੋਹਣੀ ਨੂੰ ਵਾਪਸ ਲੈ ਆਵੋ।"

"ਯਾਰ, ਕਦੇ ਕਦੇ ਤਾਂ ਸੋਚਦਾਂ ਕਿ ਲੈ ਆਵਾਂ ਪਰ ਫਿਰ ਸੋਚਦਾਂ ਕਿ ਉਹ ਤਾਂ ਆਪ ਬਿਮਾਰ ਏ, ਕੌਲੀ ਭਰ ਕੇ ਗੋਲ਼ੀਆਂ ਖਾਂਦੀ ਏ ਤੇ ਫੇਰ ਕਬਜ਼ ਹੋ ਜਾਂਦੀ ਏ ਤੇ ਫੇਰ ਚੂਰਨ ਖਾ ਖਾ ਕੇ ਸੜੇ ਹੋਏ ਪੱਦ ਮਾਰੀ ਜਾਂਦੀ ਏ, ਦੱਸ ਏਦਾਂ ਦੀ ਤੀਵੀਂ ਤੋਂ ਬਿਨਾਂ ਨਹੀਂ ਬੰਦਾ ਚੰਗਾ!"

ਆਖਦਾ ਕੁੰਦਨ ਹੱਸਣ ਲੱਗਿਆ ਤੇ ਫਿਰ ਬੋਲਿਆ,

"ਮੈਂ ਤਾਂ ਚਾਹੁੰਦਾ ਸੀ ਕਿ ਉਹ ਹੁਣ ਤਾਲਾਕ ਦੇ ਦੇਵੇ ਤੇ ਗੱਲ ਕਿਸੇ ਪਾਸੇ ਨਿਬੜੇ ਪਰ ਉਹ ਘੇਸ ਮਾਰੀ ਬੈਠੀ ਏ, ਪਤਾ ਨਹੀਂ ਕੀ ਸੋਚ ਰਹੀ ਏ!"

"ਨਿਰਮਲ ਨਾਕਸ ਨਾਲ ਗੱਲ ਕਰਨੀ ਸੀ।"

"ਕਰਾਂਗਾ, ਕਿਸੇ ਦਿਨ ਉਹਦੇ ਨਾਲ ਈ ਗੱਲ ਕਰਾਂਗਾ। ਇਹ ਸਾਲ਼ਾ ਬੈਹੜਿਆਂ ਦਾ ਯੱਭ ਮੁੱਕੇ ਤਾਂ ਧਿਆਨ ਇਕ ਪਾਸੇ ਹੋਵੇ।"

"ਤਲਾਕ ਲੈਕੇ ਹੋਰ ਵਿਆਹ ਕਰਾਉਣ ਦਾ ਇਰਾਦਾ ਤਾਂ ਨਹੀਂ?"

"ਹੋਰ ਮਰਵਾਉਣ ਦਾ ਹੁਣ ਸ਼ੌਂਕ ਹੈ ਨਹੀਂ!"

ਕਹਿੰਦਾ ਕੁੰਦਨ ਖੂਬ ਹੱਸਿਆ ਤੇ ਜੋਗੇਂਦਰ ਵੀ...

ਇਹਨਾਂ ਦਿਨਾਂ ਵਿੱਚ ਹੀ ਕੁੰਦਨ ਨੇ ਸ਼ਰਾਬ ਪੀ ਕੇ ਕਾਰ ਚਲਾਉਂਦਿਆਂ ਦੋ ਸਾਲ ਲਈ ਆਪਣਾ ਡਰਾਈਵਿੰਗ ਲਾਇਸੰਸ ਬੈਨ ਕਰਵਾ ਲਿਆ। ਇਸ ਗੱਲ ਦਾ ਉਸ ਨੂੰ ਬਹੁਤ ਦੁੱਖ ਲੱਗਿਆ। ਲਾਇਸੰਸ ਤਾਂ ਉਸ ਦੀ ਤਾਕਤ ਸੀ। ਹੁਣ ਉਹ ਬਹੁਤਾ ਸਮਾਂ ਘਰ ਹੀ ਰਹਿੰਦਾ। ਪਾਇਲ ਤੇ ਅਮਰਜੋਤ ਉਸ ਨੂੰ ਇਕ ਵਾਰ ਫਿਰ ਅਲਕੋਹਲਕ ਬਣਾ ਕੇ ਡਾਕਟਰ ਦੇ ਲੈ ਜਾ ਚੁੱਕੇ ਸਨ ਪਰ ਉਹ ਦੋ ਕੁ ਦਿਨ ਰਹਿ ਕੇ ਉਥੋਂ ਭੱਜ ਆਇਆ ਸੀ। ਉਸ ਦੀ ਸ਼ਰਾਬ ਪੀਣ ਦੀ ਆਦਤ ਦੀ ਗੱਲ ਸੀ ਕਿ ਜੇ ਇਹ ਕਾਬੂ ਵਿੱਚ ਰਹਿੰਦੀ ਤਾਂ ਉਹ ਠੀਕ ਰਹਿੰਦਾ ਪਰ ਜਦ ਬੇਕਾਬੂ ਹੋ ਜਾਂਦੀ ਤਾਂ ਉਹ ਕਈ ਦਿਨ ਆਪ ਵੀ ਖਰਾਬ ਹੁੰਦਾ ਤੇ ਨਾਲ ਦਿਆਂ ਨੂੰ ਵੀ ਕਰਦਾ।

ਪੰਜਾਬੀ ਦੇ ਬਹੁਤ ਸਾਰੇ ਲੇਖਕ ਅਗਾਂਹ ਕਨੇਡਾ ਜਾਂ ਅਮਰੀਕਾ ਜਾਂਦੇ ਹੋਏ ਕੁਝ ਦਿਨਾਂ ਲਈ ਇੰਗਲੈਂਡ ਰੁਕਦੇ। ਹੁਣ ਉਤਰੀ ਅਮਰੀਕਾ ਵਿੱਚ ਪੰਜਾਬੀਆਂ ਦੀ ਗਿਣਤੀ ਵਾਹਵਾ ਵਧ ਜਾਣ ਕਰਕੇ ਉਥੇ ਸਾਹਿਤਕ ਤੇ ਸਭਿਆਚਾਰਕ ਸਮਾਗਮ ਵੀ ਬਹੁਤ ਹੋਣ ਲਗੇ ਸਨ। ਇਵੇਂ ਪੰਜਾਬੀ ਦੇ ਲੇਖਕਾਂ ਨੂੰ ਘੁੰਮਣ ਫਿਰਨ ਦਾ ਮੌਕਾ ਵੀ ਮਿਲ ਜਾਂਦਾ। ਪੰਜਾਬੀ ਦੇ ਜਿਹੜੇ ਲੇਖਕ ਨਵੇਂ ਨਵੇਂ ਬਾਹਰਲਿਆਂ ਮੁਲਕਾਂ ਵੱਲ ਨਿਕਲੇ ਸਨ ਉਹਨਾਂ ਨੂੰ ਆਪਣਾ ਸਫਰਨਾਮਾ ਲਿਖਣ ਦਾ ਭੁਸ ਵੀ ਜਾਗਦਾ। ਉਹ ਆਪਣੇ ਇੰਗਲੈਂਡ ਵਿਚਲੇ ਕਿਆਮ ਬਾਰੇ ਵੀ ਲਿਖਦੇ। ਜਿਹੜੇ ਕੁੰਦਨ ਨੂੰ ਮਿਲ ਕੇ ਗਏ ਹੁੰਦੇ ਉਹ ਉਸ ਦਾ ਜ਼ਿਕਰ ਜ਼ਰੂਰ ਕਰਦੇ ਖਾਸ ਤੌਰ 'ਤੇ ਉਸ ਦੀ ਸ਼ਰਾਬ ਤੇ ਉਸ ਦੀਆਂ ਗਾਲ੍ਹਾਂ ਦਾ ਤੇ ਉਸ ਦੀ ਇਨਾਮ ਲੈਣ ਦੀ ਲਿਲਕ ਦਾ। ਅਜਿਹੇ ਸਫਰਨਾਮੇ ਅਖ਼ਬਾਰਾਂ ਜਾਂ ਰਸਾਲਿਆਂ ਵਿੱਚ ਛਪਦੇ, ਕੁੰਦਨ ਪੜ੍ਹਦਾ ਤਾਂ ਛਟਪਟਾ ਕੇ ਰਹਿ ਜਾਂਦਾ। ਉਹ ਬਨਫੂਲ ਨੂੰ ਫੋਨ ਕਰਦਾ ਤੇ ਆਖਦਾ,

"ਯਾਰ, ਇਹ ਲੋਕ ਪਤਾ ਨਹੀਂ ਕਿਉਂ ਮੇਰੇ ਪਿੱਛੇ ਪਏ ਹੋਏ ਨੇ! ਮੈਂ ਪਤਾ ਨਹੀਂ ਏਹਨਾਂ ਕੰਜਰਾਂ ਦਾ ਕੀ ਵਿਗਾੜਿਆ! ਮੇਰੀ ਸ਼ਰਾਬ ਪੀ ਕੇ ਮੇਰੀ ਰੋਟੀ ਖਾ ਕੇ ਮੇਰੀ ਹੀ ਦਫਾ ਪੱਟੀ ਜਾ ਰਹੇ ਆ! ਸਾਲੇ ਬੈਹੜਿਆਂ ਦੇ ਨਮਕ ਹਰਾਮੀ!"

"ਕੁੰਦਨ, ਉਹ ਜੇਠੂ ਦੀ ਗੱਲ ਕਰਦੇ ਆ, ਤੇਰੀ ਨਹੀਂ।"

"ਜੇ ਕਿਤੇ ਕਿਸੇ ਨੇ ਮੇਰੇ ਸਾਹਮਣੇ ਏਹੋ ਜੇਹੀ ਗੱਲ ਕੀਤੀ ਤਾਂ ਦੇਖੀਂ ਜੇਠੂ ਇਹਨਾਂ ਦਾ ਕੀ ਹਾਲ ਕਰਦਾ ਏ!"

ਜੋਗੇਂਦਰ ਨੂੰ ਪਤਾ ਚੱਲਦਾ ਤਾਂ ਉਹ ਕਹਿੰਦਾ,

"ਡਾਕਟਰ ਸਾਹਿਬ, ਤੁਸੀਂ ਏਹਨਾਂ ਦੇ ਝੂਠੇ ਇਲਜ਼ਾਮਾਂ ਦਾ ਜਵਾਬ ਦਿਆ ਕਰੋ।"

"ਇਹੋ ਤਾਂ ਇਹ ਕੁਤੀੜ ਚਾਹੁੰਦੀ ਏ, ਏਹ ਛੋਟੇ ਲੇਖਕ ਨੇ, ਵੱਡੇ ਲੇਖਕ ਨਾਲ ਪੰਗਾ ਲੈ ਕੇ ਵੱਡਾ ਬਣਨਾ ਚਾਹੁੰਦੇ ਨੇ, ਸੋਚ ਸੋਚ ਕੇ ਮੈਂ ਤਾਂ ਇਸੇ ਨਤੀਜੇ ਤੇ ਪਹੁੰਚਦਾਂ ਕਿ ਏਹਨਾਂ ਨੇ ਪੱਟ ਲੈਣ ਜੋ ਮੇਰਾ ਪੱਟਣਾਂ!"

ਕੁੰਦਨ ਗੁੱਸੇ ਵਿੱਚ ਆਖਦਾ। ਉਹ ਇਹ ਵੀ ਫੈਸਲਾ ਕਰ ਲੈਂਦਾ ਕਿ ਹੁਣ ਇੰਡੀਆ ਤੋਂ ਆਏ ਕਿਸੇ ਲੇਖਕ ਨੂੰ ਨਹੀਂ ਮਿਲਣਾ ਖਾਸ ਤੌਰ ਤੇ ਨਵੇਂ ਲੇਖਕਾਂ ਜਾਂ ਅਲੋਚਕਾਂ ਨੂੰ ਪਰ ਜਦ ਕੋਈ ਮਿਲਣ ਲਈ ਫੋਨ ਕਰਦਾ ਤਾਂ ਉਹ ਨਾਂਹ ਨਾ ਕਰ ਸਕਦਾ।...

ਇਹਨਾਂ ਦਿਨਾਂ ਵਿੱਚ ਕੁੰਦਨ ਜਿਸ ਦੁਕਾਨ ਤੋਂ ਸ਼ਰਾਬ ਲਿਆਇਆ ਕਰਦਾ ਸੀ, ਉਸ ਦੇ ਨਵੇਂ ਮਾਲਕ ਆ ਗਏ। ਕੁੰਦਨ ਨੇ ਉਹਨਾਂ ਨਾਲ ਦੋਸਤੀ ਪਾਉਣ ਲਈ ਆਪਣੀ ਵਾਕਫੀ ਕਰਾਉਂਦਿਆਂ ਕਿਹਾ,

"ਮੈਂ ਡਾਕਟਰ ਕੁੰਦਨ ਸਿੰਘ ਕੁੰਦਨ ਹਾਂ, ਤੁਹਾਡਾ ਰੈਗੂਲਰ ਗਾਹਕ ਹਾਂ, ਰੋਜ਼ਾਨਾ ਬੋਤਲ ਵਿਸਕੀ ਤੇ ਘਰ ਦੀ ਸਾਰੀ ਸ਼ੌਪਿੰਗ ਮੇਰੀ ਇਥੋਂ ਹੀ ਜਾਂਦੀ ਏ, ਜੇ ਮੇਰੀ ਕੋਈ ਲੋੜ ਹੋਈ ਤਾਂ ਦੱਸਣਾ।"

ਦੁਕਾਨਦਾਰ ਦਰਸ਼ਨ ਸਿੰਘ ਰੰਧਾਵੇ ਨੇ ਉਸ ਨਾਲ ਨਿੱਘਾ ਹੱਥ ਮਿਲਾਇਆ ਤੇ ਬੋਲਿਆ,

"ਤੁਸੀਂ ਆ ਜਾਓ ਅੰਦਰ, ਇਕ ਡਰਿੰਕ ਪੀਂਦੇ ਜਾਵੋ।"

ਰੰਧਾਵਾ ਕੁੰਦਨ ਨੂੰ ਦੁਕਾਨ ਦੇ ਪਿੱਛੇ ਲੈ ਗਿਆ। ਬੋਤਲ ਖੁਲ੍ਹੀ ਪਈ ਸੀ। ਕੁੰਦਨ ਨੂੰ ਇਕ ਪੈੱਗ ਪਾ ਦਿਤਾ। ਉਸ ਨੂੰ ਕੁੰਦਨ ਵੱਡਾ ਗਾਹਕ ਜਾਪ ਰਿਹਾ ਸੀ ਤੇ ਇਵੇਂ ਵਿਸਕੀ ਦਾ ਘੁੱਟ ਪਿਲਾ ਕੇ ਉਹ ਗਾਹਕੀ ਕਾਇਮ ਰੱਖਣਾ ਚਾਹੁੰਦਾ ਸੀ। ਉਹ ਉਸ ਨੂੰ ਵਾਰ ਵਾਰ 'ਡਾਕਟਰ ਸਾਹਿਬ' ਵੀ ਕਹਿੰਦਾ ਜਾ ਰਿਹਾ ਸੀ। ਕੁੰਦਨ ਅਗਲੇ ਦਿਨ ਗਿਆ ਤਾਂ ਰੰਧਾਵੇ ਨੇ ਫਿਰ ਉਸ ਨੂੰ ਵਿਸਕੀ ਪੇਸ਼ ਕੀਤੀ ਤੇ ਪੁੱਛਿਆ,

"ਡਾਕਟਰ ਸਾਹਿਬ, ਤੁਹਾਡੀ ਸਰਜਰੀ ਕਿਥੇ ਏ?"

"ਓ ਰੰਧਾਵੇ ਭਾਊ, ਮੈਂ ਉਹ ਡਾਕਟਰ ਨਹੀਂ ਜਿਹੜਾ ਦਵਾਈਆਂ ਦੇ ਟੀਕੇ ਲਾਉਂਦਾ, ਮੈਂ ਆਪਣੀ ਕਲਮ ਨਾਲ ਟੀਕੇ ਲਾਉਂਨਾ, ਮੈਂ ਲਿਟਰੇਚਰ ਦਾ ਡਾਕਟਰ ਆਂ।"

ਸੁਣ ਕੇ ਰੰਧਾਵੇ ਦਾ ਮੂੰਹ ਹੋਰਵੇਂ ਹੋ ਗਿਆ। ਕੁੰਦਨ ਨੇ ਫਿਰ ਆਖਿਆ,

"ਮੈਂ ਏਨੀਆਂ ਕਿਤਾਬਾਂ ਲਿਖੀਆਂ ਕਿ ਗਿਣਦਿਆਂ ਤੇਰੀਆਂ ਉਂਗਲਾਂ ਦੀਆਂ ਝਰੀਆਂ ਮੁੱਕ ਜਾਣੀਆਂ ਪਰ ਮੇਰੀਆਂ ਕਿਤਾਬਾਂ ਨਹੀਂ ਮੁਕਣੀਆਂ।"

"ਅੱਛਾ ਡਾਕਟਰ ਸਾਹਿਬ, ਮੈਂ ਤਾਂ ਬਹੁਤਾ ਪੜ੍ਹਿਆ ਲਿਖਿਆ ਬੰਦਾ ਨਹੀਂ ਪਰ ਗੰਜਾ ਗਾਂਧੀ ਕਹਿ ਗਿਆ ਕਿ ਗਾਹਕ ਰੱਬ ਹੁੰਦਾ, ਕਈ ਕਹਿੰਦੇ ਨੇ ਕਿ ਡਾਕਟਰ ਵੀ ਰੱਬ ਹੁੰਦਾ ਸੋ ਤੁਸੀਂ ਤਾਂ ਦੋ ਵਾਰੀ ਰੱਬ ਹੋ ਗਏ!"

"ਭਾਊ, ਬੰਦਾ ਤੂੰ ਵੀ ਦਿਲਚਸਪ ਏਂ, ਖੂਬ ਗੁਜ਼ਰੇਗੀ ਜਬ ਮਿਲ ਬੈਠੇਂਗੇ ਦੀਵਾਨੇ ਦੋ!"

ਹੁਣ ਕੁੰਦਨ ਕਈ ਵਾਰ ਦੁਕਾਨ ਵਿੱਚ ਜਾ ਖੜਦਾ ਤੇ ਘੰਟਾ ਘੰਟਾ ਭਰ ਉਥੇ ਖੜਾ ਰਹਿੰਦਾ। ਉਸ ਦਾ ਵਾਹਵਾ ਟਾਈਮ ਪਾਸ ਹੋ ਜਾਂਦਾ। ਦਰਸ਼ਨ ਸਿੰਘ ਰੰਧਾਵੇ ਦੀ ਪਤਨੀ ਗੁਰਮੀਤੋ ਵੀ ਕਈ ਵਾਰ ਦੁਕਾਨ ਵਿੱਚ ਹੁੰਦੀ। ਉਹ ਵੀ ਕੁੰਦਨ ਨੂੰ ਭਾਊ ਜੀ, ਭਾਊ ਜੀ ਕਰਦੀ ਫਿਰਦੀ।...

ਇਕ ਦਿਨ ਰੰਧਾਵਾ ਕੁੰਦਨ ਨੂੰ ਪੁੱਛਣ ਲੱਗਿਆ,

"ਡਾਕਟਰ ਸਾਹਿਬ, ਕੱਲ ਦਿਨੇ ਕੀ ਕਰ ਰਹੇ ਓ?"

"ਬਿਲਕੁਲ ਵਿਹਲਾ।"

"ਤੁਸੀਂ ਵਾਈਫ ਨਾਲ ਦੋ ਕੁ ਘੰਟੇ ਦੁਕਾਨ ਵਿੱਚ ਖੜ ਜਾਵੋਂ ਤਾਂ ਮੈਂ ਸ਼ੌਪਿੰਗ ਕਰ ਆਊਂ, ਕੱਲ ਨੂੰ ਕੰਮ ਵਾਲਾ ਫੌਜੀ ਨਹੀਂ ਆ ਰਿਹਾ।"

"ਕੋਈ ਗੱਲ ਈ ਨਹੀਂ!"

ਅਗਲੇ ਦਿਨ ਕੁੰਦਨ ਨੇ ਦੋ ਘੰਟੇ ਦੁਕਾਨ ਵਿੱਚ ਖੜ ਕੇ ਲੰਘਾ ਲਏ। ਉਹ ਖੁਸ਼ ਸੀ ਕਿ ਦਰਸ਼ਨ ਸਿੰਘ ਰੰਧਾਵਾ ਉਸ 'ਤੇ ਏਨਾ ਭਰੋਸਾ ਕਰਦਾ ਸੀ ਕਿ ਆਪਣੀ ਪਤਨੀ ਕੋਲ ਖੜਿਆਂ ਕਰਕੇ ਜਾ ਸਕਦਾ ਸੀ। ਉਸ ਦਿਨ ਤੋਂ ਬਾਅਦ ਉਹ ਅਕਸਰ ਦੁਕਾਨ ਉਪਰ ਕੁਝ ਘੰਟੇ ਜਾ ਖੜਦਾ। ਇਕ ਦਿਨ ਜੋਗੇਂਦਰ ਨੂੰ ਫੋਨ ਕਰਕੇ ਸਾਰੀ ਗੱਲ ਦੱਸੀ ਕਿ ਦੁਕਾਨਦਾਰ ਕਿਵੇਂ ਉਸ ਦੀ ਇੱਜ਼ਤ ਕਰਦਾ ਹੈ ਤੇ ਉਸ ਦੀ ਪਤਨੀ ਕਿਵੇਂ ਉਸ ਦਾ ਮੋਹ ਕਰਦੀ ਹੈ। ਜੋਗੇਂਦਰ ਨੇ ਕਿਹਾ,

"ਬਾਬਿਓ, ਜੇ ਤੁਸੀਂ ਦੁਕਾਨ ਵਿੱਚ ਖੜਦੇ ਓ ਤਾਂ ਉਹਨਾਂ ਨੂੰ ਕਹੋ ਕਿ ਕੁਝ ਤਨਖਾਹ ਵੀ ਦੇਣ, ਮੁਫਤ ਵਿੱਚ ਖੜਨ ਦਾ ਤਾਂ ਕੋਈ ਫਾਇਦਾ ਨਹੀਂ!"

"ਤੂੰ ਕੀ ਸਮਝਦਾਂ ਕਿ ਤੇਰਾ ਭਾਊ ਕੱਚੀਆਂ ਗੋਲ਼ੀਆਂ ਖੇਡਿਆ ਏ, ਮੈਂ ਤਾਂ ਉਹਨਾਂ ਨੂੰ ਆਪਣੀ ਆਦਤ ਪਾਉਨਾਂ, ਜਦ ਉਹਨਾਂ ਦਾ ਮੇਰੇ ਤੋਂ ਬਿਨਾਂ ਗੁਜ਼ਾਰਾ ਨਹੀਂ ਹੋਏਗਾ ਤਾਂ ਕਹਾਂਗਾ ਕਿ ਘੰਟੇ ਦੇ ਏਨੇ ਪੈਸੇ ਦਿਓ, ਤਾਂ ਕੰਮ ਕਰਨੈ! ਨਾਲੇ ਤਾਂ ਟਾਈਮ ਪਾਸ ਹੋ ਜਾਏਗਾ ਤੇ ਨਾਲੇ ਪੈਸੇ ਮਿਲਣਗੇ।"

ਕੁੰਦਨ ਨੇ ਆਪਣੀ ਲੰਮੀ ਸਕੀਮ ਦੱਸੀ।

ਇਕ ਦਿਨ ਰੰਧਾਵੇ ਨੇ ਕਿਹਾ,

"ਡਾਕਟਰ ਸਾਹਿਬ, ਅਸੀਂ ਦੁਕਾਨ ਐਕਸਟੈਂਡ ਕਰ ਰਹੇ ਆਂ, ਸ਼ੈਲਫਾਂ ਲੈਣ ਚੱਲੇ ਆਂ, ਕੁਝ ਮੁੰਡੇ ਮੈਂ ਨਾਲ ਲੈ ਚੱਲਿਆਂ, ਤੁਸੀਂ ਵੀ ਚੱਲੋਂਗੇ।"

"ਚੱਲਾਂਗਾ, ਪਰ ਮੈਨੂੰ ਲੈ ਜਾਣ ਜੋਗਾ ਕਰ ਤਾਂ ਲਓ!"

ਨਿੱਤ ਵਾਂਗ ਬੋਤਲ ਖੁਲ੍ਹੀ ਸੀ। ਰੰਧਾਵੇ ਨੇ ਇਕ ਗਲਾਸੀ ਆਪ ਲਾਈ ਤੇ ਇਕ ਪਟਿਆਲਾ ਸ਼ਾਹੀ ਕੁੰਦਨ ਨੂੰ ਲਵਾ ਦਿਤੀ। ਜਦ ਵੈਨ ਵਿੱਚ ਬੈਠਣ ਲਗੇ ਤਾਂ ਬੰਦੇ ਜ਼ਿਆਦਾ ਸਨ। ਕੁੰਦਨ ਵੈਨ ਦੇ ਦਰਵਾਜ਼ੇ ਦੇ ਨਾਲ ਬੈਠ ਗਿਆ। ਬੰਦੇ ਜ਼ਿਆਦਾ ਹੋਣ ਕਰਕੇ ਨਾ ਤਾਂ ਦਰਵਾਜ਼ਾ ਠੀਕ ਬੰਦ ਹੋ ਰਿਹਾ ਸੀ ਤੇ ਨਾਂ ਹੀ ਸੀਟ ਬੈਲਟ ਲਗ ਰਹੀ ਸੀ। ਰੰਧਾਵਾ ਚਾਹੁੰਦਾ ਸੀ ਕਿ ਕੁੰਦਨ ਨਾ ਜਾਵੇ ਪਰ ਹੁਣ ਕੁੰਦਨ ਜ਼ਿਦ ਕਰ ਕੇ ਬੈਠ ਗਿਆ। ਉਹ ਸੀਟ ਬੈਲਟ ਮੋਢੇ ਵਿੱਚ ਫਸਾਉਂਦਾ ਬੋਲਿਆ,

"ਚਲੋ ਚਲੋ, ਮੈਂ ਠੀਕ ਆਂ।"

ਰੰਧਾਵੇ ਨੇ ਵੈਨ ਸਟ੍ਰਾਟ ਕੀਤੀ। ਥੋੜੀ ਦੂਰ ਜਾ ਕੇ ਰਾਊਂਡ ਅਬਾਊਟ ਸੀ, ਉਸ ਨੇ ਤੇਜ਼ੀ ਨਾਲ ਵੈਨ ਘੁਮਾਈ ਕਿ ਅਚਾਨਕ ਕੁੰਦਨ ਵੈਨ ਵਿੱਚੋਂ ਬਾਹਰ ਜਾ ਡਿਗਿਆ। ਉਸ ਦੇ ਮੋਢੇ ਵਿਚ ਪਾਈ ਸੀਟ ਬੈਲਟ ਉਸ ਦੀ ਬਾਂਹ ਵਿੱਚ ਫਸ ਗਈ। ਕੁੰਦਨ ਕਈ ਗਜ਼ ਤਕ ਵੈਨ ਦੇ ਨਾਲ ਘੜੀਸ ਹੁੰਦਾ ਰਿਹਾ। ਬੈਲਟ ਬਾਂਹ ਵਿੱਚੋਂ ਵੀ ਨਿਕਲ ਗਈ ਤੇ ਕੁੰਦਨ ਦਾ ਸਿਰ ਸੜਕ ਉਪਰ ਠਾਹ ਕਰਕੇ ਜਾ ਵੱਜਿਆ।

34-ਅਣਹੋਣੀ

ਜੋਗੇਂਦਰ ਕੰਮ 'ਤੇ ਹੀ ਸੀ ਜਦ ਕੁੰਦਨ ਦਾ ਫੋਨ ਆਇਆ। ਕੁੰਦਨ ਇਕ ਦਮ ਬੋਲਿਆ,

"ਭਾਊ, ਜਲਦੀ ਤੋਂ ਜਲਦੀ ਹੈਲਿੰਗਡਨ ਹੌਸਪੀਟਲ ਪਹੁੰਚ, ਐਮਰਜੈਂਸੀ ਵਾਰਡ ਵਿੱਚ, ਸਾਲ਼ਾ ਬੈਹੜਿਆਂ ਦਾ ਐਕਸੀਡੈਂਟ ਹੋ ਗਿਆ।"

ਕੁੰਦਨ ਦੀ ਫਿਕਰਵੰਦ ਆਵਾਜ਼ ਤੋਂ ਜੋਗੇਂਦਰ ਵੀ ਚਿੰਤਾਵਾਨ ਹੋ ਗਿਆ ਤੇ ਉਸ ਨੇ ਆਪਣੀ ਵੈਨ ਹਸਪਤਾਲ ਵਲ ਦੁੜਾ ਲਈ। ਰਸਤੇ ਵਿੱਚੋਂ ਉਸ ਨੇ ਵਿਸਕੀ ਦੀ ਬੋਤਲ ਲੈ ਕੇ ਕੋਕਾ ਕੋਲਾ ਦੀ ਬੋਤਲ ਵਿੱਚ ਰਲਾ ਲਈ ਤਾਂ ਕਿ ਕੁੰਦਨ ਦਾ ਦਰਦ ਘੱਟ ਕਰ ਸਕੇ। ਉਸ ਨੇ ਐਮਰਜੈਂਸੀ ਵਾਰਡ ਵਿੱਚ ਜਾ ਕੇ ਦੇਖਿਆ ਕਿ ਕੁੰਦਨ ਦੇ ਸਿਰ ਉਪਰ ਪੱਗ ਵਾਂਗ ਪੱਟੀਆਂ ਬੰਨੀਆਂ ਹੋਈਆਂ ਸਨ ਜੋ ਲਹੂ ਨਾਲ ਭਿੱਜੀਆਂ ਪਈਆਂ ਸਨ ਪਰ ਦੇਖਣ ਨੂੰ ਕੁੰਦਨ ਠੀਕ ਜਾਪ ਰਿਹਾ ਸੀ। ਉਸ ਨੂੰ ਦੇਖਦੇ ਹੀ ਜੋਗੇਂਦਰ ਨੇ ਮਜ਼ਾਕ ਵਿੱਚ ਕਿਹਾ,

"ਬਾਬਿਓ, ਆਹ ਕੀ ਰੰਗ ਬਰੰਗੀ ਪੱਗ ਜਿਹੀ ਬੰਨੀ ਬੈਠੇ ਓ!"

"ਮਈਂ ਯਾਅ ਏਹਦੀ, ਤੂੰ ਦੱਸ ਕੁਝ ਲਿਆਇਆਂ?"

ਜੋਗੇਂਦਰ ਨੇ ਉਸੇ ਵੇਲੇ 'ਕੋਕ' ਦੀ ਬੋਤਲ ਕੱਢ ਕੇ ਉਸ ਨੂੰ ਫੜਾ ਦਿਤੀ। ਕੁੰਦਨ ਦੀਆਂ ਵਰਾਛਾਂ ਖਿੜ ਗਈਆਂ। ਉਸ ਨੇ ਕੋਕ ਦੀ ਬੋਤਲ ਫੜੀ ਤੇ ਗਟਾ ਗਟ ਪੀਣ ਲੱਗਿਆ। ਪੀ ਕੇ ਮੂੰਹ ਹੋਰ ਤਰ੍ਹਾਂ ਬਣਾਉਂਦਾ ਤੇ ਬੋਤਲ ਵਾਪਸ ਫੜਾਉਂਦਾ ਉਹ ਬੋਲਿਆ,

"ਮੈਨੂੰ ਪਤਾ ਸੀ, ਮੇਰਾ ਛੋਟਾ ਭਾਊ ਕਰੇਗਾ ਕੁਝ, ਏਹ ਸਾਲ਼ੇ ਬੈਹੜਿਆਂ ਦੇ ਮੈਨੂੰ ਏਥੇ ਪਾ ਗਏ ਤੇ ਮੁੜ ਕੇ ਕੋਈ ਨਹੀਂ ਆਇਆ, ਦਰਦ ਨਾਲ ਮੇਰਾ ਬੁਰਾ ਹਾਲ ਹੋਇਆ ਪਿਆ ਏ, ਮੈਨੂੰ ਤਾਂ ਇਹ ਵੀ ਨਹੀ ਪਤਾ ਲੱਗਦਾ ਕਿ ਮੇਰੇ ਕਿਥੇ ਸੱਟ ਲੱਗੀ ਏ ਕਿਥੇ ਨਹੀ, ...ਹੁਣ ਐਕਸਰੇ ਦੀਆਂ ਗੱਲਾਂ ਪਏ ਕਰਦੇ ਨੇ!"

ਕੁੰਦਨ ਦਾ ਠੰਡਾ ਪਿਆ ਸਰੀਰ ਵਿਸਕੀ ਦੀ ਗਰਮੀ ਨਾ ਮੱਘ ਉਠਿਆ। ਉਸ ਨੇ ਬੜ੍ਹਕ ਮਾਰੀ ਤੇ ਕਾਲੀ ਨਰਸ ਨੂੰ ਅੰਗਰੇਜ਼ੀ ਵਿੱਚ ਬੋਲਿਆ,

"ਮੈਂ ਡਾਕਟਰ ਕੁੰਦਨ ਸਿੰਘ ਕੁੰਦਨ, ਦੋ ਘੰਟੇ ਤੋਂ ਇਥੇ ਬੈਠਾਂ, ਮੇਰਾ ਤੁਸੀ ਇਲਾਜ ਕਿਓਂ ਨਹੀਂ ਕਰ ਰਹੇ?"

"ਆਪਣੀ ਵਾਰੀ ਦੀ ਉਡੀਕ ਕਰ, ਦੇਖ ਨਹੀਂ ਰਿਹਾ ਕਿ ਅਸੀਂ ਬਹੁਤ ਵਿਅਸਤ ਹਾਂ।"

ਕੁਝ ਮਿੰਟਾਂ ਬਾਅਦ ਦਰਸ਼ਨ ਸਿੰਘ ਰੰਧਾਵਾ ਆ ਗਿਆ ਤੇ ਅਫਸੋਸ ਭਰੇ ਚਿਹਰੇ ਨਾਲ ਆ ਕੇ ਕੋਲ ਬਹਿੰਦਾ ਬੋਲਿਆ,

"ਡਾਕਟਰ ਸਾਹਿਬ, ਮੈਂ ਹੁਣੇ ਹੀ ਕਿਸੇ ਨੂੰ ਦੁਕਾਨ 'ਤੇ ਛੱਡ ਕੇ ਆਇਆਂ, ਮੈਨੂੰ ਬਹੁਤ ਦੁਖ ਏ ਕਿ ਤੁਹਾਡੇ ਇਹ ਸੱਟਾਂ ਲੱਗ ਗਈਆਂ!"

"ਰੰਧਾਵੇ, ਤੂੰ ਬੰਦਾ ਐਵੇਂ ਈ ਨਿਕਲਿਆਂ, ਆਹ ਦੇਖ ਮੇਰਾ ਛੋਟਾ ਭਾਊ ਕੋਕ ਵਿੱਚ ਬੋਤਲ ਪਾ ਲਿਆਇਆ, ਘੱਟੋ ਘੱਟ ਜ਼ਰਾ ਚੈਨ ਤਾਂ ਆਈ!"

ਅਗਲੇ ਹੀ ਪਲ ਇਕ ਪੋਰਟਰ ਆ ਗਿਆ। ਉਸ ਨੂੰ ਐਕਸਰੇ ਲਈ ਲੈ ਕੇ ਜਾਣਾ ਸੀ। ਬਿਸਤਰ ਤੋਂ ਟਰਾਲੀ ਉਪਰ ਪਾਉਂਦਿਆਂ ਉਸ ਦੀ ਲੱਤ ਹਿੱਲੀ ਤਾਂ ਉਸ ਦੀਆਂ ਚੀਕਾਂ ਨਿਕਲ ਗਈਆਂ। ਖੱਬੀ ਲੱਤ ਟੁੱਟ ਗਈ ਹੋਈ ਸੀ। ਕੁੰਦਨ ਨੂੰ ਪੋਰਟਰ ਲੈ ਗਏ ਤਾਂ ਰੰਧਾਵਾ ਜਗੇਂਦਰ ਨੂੰ ਬੋਲਿਆ,

"ਭਾਜੀ, ਅਸੀਂ ਬਹੁਤ ਰੋਕਿਆ ਕਿ ਡਾਕਟਰ ਸਾਹਿਬ, ਵੈਨ ਵਿੱਚ ਜਗਾਹ ਹੈ ਨਹੀਂ ਪਰ ਇਹ ਮੰਨੇ ਈ ਨਹੀਂ, ਕਹਿੰਦੇ ਨਾਲ ਈ ਜਾਣਾ!"

ਜੋਗੇਂਦਰ ਨੇ ਉਸ ਨਾਲ ਕੁਝ ਕੁ ਹਮਦਰਦੀ ਦਿਖਾਈ ਤੇ ਉਥੋਂ ਤੁਰ ਪਿਆ। ਉਸ ਨੂੰ ਪਤਾ ਸੀ ਕਿ ਐਕਸਰੇ ਨੂੰ ਗਿਆਂ ਪਤਾ ਨਹੀਂ ਕਿੰਨਾ ਕੁ ਸਮਾਂ ਲੱਗੇਗਾ। ਕੁੰਦਨ ਘੰਟੇ ਬਾਅਦ ਮੁੜਿਆ। ਜੋਗੇਂਦਰ ਦਾ ਹਸਪਤਾਲ ਤੋਂ ਚਲੇ ਜਾਣਾ ਉਸ ਨੂੰ ਚੰਗਾ ਨਾ ਲੱਗਿਆ।

ਉਸ ਦੇ ਕਾਫੀ ਸੱਟਾਂ ਵੱਜ ਗਈਆਂ ਸਨ। ਰਗੜਾਂ ਤਾਂ ਸਾਰੇ ਸਰੀਰ ਉਪਰ ਹੀ ਸਨ। ਸਿਰ ਦਾ ਜ਼ਖਮ ਵੀ ਵੱਡਾ ਸੀ ਤੇ ਸੱਜੀ ਬਾਂਹ ਦਾ ਵੀ। ਖੱਬੀ ਲੱਤ ਟੁੱਟੀ ਹੋਣ ਕਰਕੇ ਉਸ ਦੇ ਦਰਦ ਵੀ ਬਹੁਤ ਹੋ ਰਿਹਾ ਸੀ। ਨਰਸਾਂ ਵੀ ਬਹੁਤੀ ਪਰਵਾਹ ਨਹੀਂ ਸਨ ਕਰ ਰਹੀਆਂ। ਉਹ ਰੌਲਾ ਪਾਉਣ ਲੱਗਿਆ। ਇਕ ਮੋਟੀ ਕਾਲੀ ਨਰਸ ਆਈ ਤੇ ਬੋਲੀ,

"ਸ਼ੱਟ ਅੱਪ ਮਿਸਟਰ ਕੁੰਦਨ! ਯੂ ਆਰ ਨੋਟ ਦਾ ਓਨਲੀ ਵਨ ਹੇਅਰ!"

ਪਰ ਕੁੰਦਨ ਚੁੱਪ ਨਹੀਂ ਸੀ ਹੋ ਰਿਹਾ। ਇਕ ਹੋਰ ਨਰਸ ਆਈ ਤੇ ਉਸ ਦੇ ਟੀਕਾ ਲਗਾ ਗਈ। ਕੁਝ ਦੇਰ ਬਾਅਦ ਗਾਲ੍ਹਾਂ ਕੱਢਦਾ ਕੁੰਦਨ ਸੌਂ ਗਿਆ। ਅਗਲੇ ਦਿਨ ਉਠਿਆ ਤਾਂ ਉਸ ਦੀ ਲੱਤ ਨੂੰ ਪਲੱਸਤਰ ਕੀਤਾ ਹੋਇਆ ਸੀ। ਥਾਂ ਥਾਂ ਪੱਟੀਆਂ ਵੀ ਕੀਤੀਆਂ ਹੋਈਆਂ ਸਨ। ਉਸ ਨੂੰ ਆਪਣੇ ਆਪ ਤੋਂ ਦਵਾਈਆਂ ਦਾ ਮੁਸ਼ਕ ਆ ਰਿਹਾ ਸੀ। ਉਸ ਨੇ ਨਰਸ ਨੂੰ ਆਵਾਜ਼ ਦੇ ਕੇ ਕਿਹਾ ਕਿ ਉਸ ਨੇ ਪਾਸਾ ਲੈਣਾ ਹੈ ਤੇ ਉਸ ਦੀ ਮੱਦਦ ਕਰੇ ਪਰ ਨਰਸ ਨਾ ਆਈ। ਰਾਤ ਦੀ ਡਿਊਟੀ ਵਾਲੀ ਨਰਸ ਉਸ ਦੀ ਰਿਕ੍ਹਾਡ ਸ਼ੀਟ 'ਤੇ ਲਿਖ ਗਈ ਹੋਈ ਸੀ ਕਿ ਇਹ ਮਰੀਜ਼ ਗਲਤ ਵਰਤਾਵ ਕਰਦਾ ਰਿਹਾ ਹੈ। ਨਰਸਾਂ ਡਰਦੀਆਂ ਵੀ ਸਨ ਕਿ ਉਹ ਹਿੰਸਕ ਹੀ ਨਾ ਹੋ ਜਾਵੇ। ਕੁੰਦਨ ਸੀ ਕਿ ਸਥਿਤੀ ਨਾਲ ਸਮਝੌਤਾ ਨਹੀਂ ਸੀ ਕਰ ਪਾ ਰਿਹਾ। ਉਸ ਨੇ ਘੜੀ ਦੇਖੀ। ਹਾਲੇ ਗਿਆਰਾਂ ਹੀ ਵੱਜੇ ਸਨ। ਮਿਲਣ ਆਉਣ ਵਾਲਿਆਂ ਦਾ ਸਮਾਂ ਦੋ ਵਜੇ ਸ਼ੁਰੂ ਹੋਣਾ ਸੀ। ਉਸ ਕੋਲ ਮੋਬਾਈਲ ਫੋਨ ਹੈ ਤਾਂ ਸੀ ਪਰ ਇਸ ਦੀ ਬੈਟਰੀ ਖਤਮ ਹੋ ਚੁੱਕੀ ਸੀ। ਉਸ ਨੇ ਹਸਪਤਾਲ ਦੇ ਫੋਨ ਤੋਂ ਪਾਇਲ ਨੂੰ ਫੋਨ ਕਰਕੇ ਸਾਰੀ ਹਾਲਤ ਦੱਸੀ ਤੇ ਅਮਰਜੋਤ ਨੂੰ ਵੀ। ਉਹ ਘੜੀ ਦੇਖਣ ਲੱਗਿਆ ਕਿ ਕੋਈ ਆਵੇਗਾ। ਦੋ ਵੱਜ ਗਏ, ਤਿੰਨ, ਚਾਰ ਤੇ ਪੰਜ ਪਰ ਕੋਈ ਨਾ ਆਇਆ। ਛੇ ਕੁ ਵਜੇ ਰੰਧਾਵਾ ਆਇਆ। ਉਹ ਕੁਝ ਫਰੂਟ ਤੇ ਜੂਸ ਉਸ ਦੇ ਸਰਾਹਣੇ ਰੱਖ ਗਿਆ। ਉਸ ਨੇ ਹੀ ਕੁੰਦਨ ਨੂੰ ਵੱਖ ਦਵਾਇਆ। ਕੁੰਦਨ ਕਹਿਣ ਲੱਗਿਆ,

"ਯਾਰ ਸਿਗਰਟਾਂ ਦੀ ਡੱਬੀ ਲੈ ਆਉਂਦਾ ਮੇਰੇ ਲਈ।"

"ਮੈਨੂੰ ਤਾਂ ਯਾਦ ਸੀ ਪਰ ਏਹਨਾਂ ਨੇ ਤੁਹਾਨੂੰ ਪੀਣ ਨਹੀਂ ਦੇਣੀ।"

"ਤੂੰ ਦੇ ਜਾਵੀਂ, ਮੈਂ ਕੋਈ ਵਿਓਂਤ ਬਣਾਵਾਂਗਾ।"

ਡਾਕਟਰ ਰਾਊਂਡ ਤੇ ਆਇਆ ਤਾਂ ਕੁੰਦਨ ਉਸ ਨੂੰ ਦੱਸਣ ਲੱਗਿਆ,

"ਡਾਕਟਰ, ਮੇਰੀ ਚਮੜੀ ਅਜਿਹੀ ਏ ਕਿ ਮੈਨੂੰ ਬੈੱਡ-ਸੋਰ ਹੋ ਜਾਣੇ ਨੇ ਤੇ ਨਰਸਾਂ ਮੈਨੂੰ ਪਾਸਾ ਨਹੀਂ ਦਵਾਂਦੀਆਂ।"

"ਮਿਸਟਰ ਕੁੰਦਨ, ਤੂੰ ਜ਼ਰਾ ਸ਼ਾਂਤੀ ਰੱਖ, ਸਭ ਠੀਕ ਹੋ ਜਾਵੇਗਾ, ਤੈਨੂੰ ਚਾਹੀਦਾ ਕਿ ਸਟਾਫ ਨਾਲ ਢੰਗ ਨਾਲ ਪੇਸ਼ ਆਵੇਂ।"

ਕੁੰਦਨ ਨੂੰ ਉਸ ਦਿਨ ਕੋਈ ਵੀ ਮਿਲਣ ਨਾ ਆਇਆ, ਨਾ ਪਾਇਲ, ਨਾ ਅਮਰਜੋਤ ਤੇ ਨਾ ਹੀ ਜੋਗੇਂਦਰ। ਹਸਪਤਾਲ ਵਿੱਚ ਮਰੀਜ਼ਾਂ, ਡਾਕਟਰਾਂ, ਨਰਸਾਂ ਆਦਿ ਕਾਰਨ ਚਹਿਲ-ਪਹਿਲ ਸੀ ਪਰ ਉਹ ਇਕੱਲਾ ਸੀ। ਦਵਾਈਆਂ ਦਾ ਇਕ ਨਸ਼ਾ ਜਿਹਾ ਤੇ ਮੁਸ਼ਕ ਜਿਹਾ ਉਸ ਦੇ ਜ਼ਿਹਨ 'ਤੇ ਤਾਰੀ ਸੀ। ਗੁੱਸੇ ਨਾਲ ਉਸ ਦੀਆਂ ਨਸਾਂ ਖਿੱਚੀਆਂ ਪਈਆਂ ਸਨ। ਅਚਾਨਕ ਇਹ ਕੀ ਹੋ ਗਿਆ ਸੀ। ਉਹ ਬੁਰੇ ਤੋਂ ਬੁਰੇ ਦੀ ਆਸ ਰੱਖ ਸਕਦਾ ਸੀ ਪਰ ਇਵੇਂ ਕਿਸੇ ਹਾਦਸੇ ਦੀ ਤਵੱਕੋਂ ਉਸ ਨੇ ਬਿਲਕੁਲ ਨਹੀਂ ਸੀ ਰੱਖੀ, ਹਾਦਸਾ ਵੀ ਨਿਗੂਣੀ ਜਿਹੀ ਵਜਾਹ ਕਾਰਨ। ਜਿੰਨਾ ਉਹ ਸੋਚਦਾ ਓਨਾ ਹੀ ਉਲਝਦਾ ਜਾਂਦਾ। ਸ਼ਨਿਚਰਵਾਰ ਵਾਲੇ ਦਿਨ ਪਾਇਲ, ਅਮਰਜੋਤ ਤੇ ਸਰਬੀ ਇਕੱਠੇ ਆ ਗਏ। ਉਹ ਘੰਟਾ ਕੁ ਬੈਠੇ ਤੇ ਫਿਰ ਜੋਗੇਂਦਰ ਆ ਗਿਆ। ਘੰਟਾ ਕੁ ਹੀ ਉਹ ਬੈਠਿਆ। ਕੁੰਦਨ ਨੇ ਕਿਸੇ ਨੂੰ ਬਹੁਤਾ ਬੈਠਣ ਲਈ ਕਿਹਾ ਵੀ ਨਾ। ਇਕ ਗੱਲ ਉਸ ਦੇ ਮਨ ਵਿੱਚ ਆਉਣ ਲੱਗਦੀ ਕਿ ਜੇਕਰ ਉਸ ਦੀ ਮੋਹਣੀ ਨਾਲ ਸੁਲਾਹ ਹੁੰਦੀ ਤਾਂ ਉਹ ਜ਼ਰੂਰ ਆ ਜਾਂਦੀ। ਹੁਣ ਇਕ ਗੱਲ ਦਾ ਉਸ ਨੂੰ ਜ਼ਰਾ ਕੁ ਫਾਇਦਾ ਹੋ ਗਿਆ ਕਿ ਜੋਗੇਂਦਰ ਉਸ ਨੂੰ ਫੋਨ ਦਾ ਚਾਰਜਰ ਦੇ ਗਿਆ ਸੀ ਜਿਸ ਨਾਲ ਉਹ ਬਾਕੀ ਦੀ ਦੁਨੀਆਂ ਨਾਲ ਵੀ ਜੁੜ ਸਕਦਾ ਸੀ।

ਅਗਲੇ ਦਿਨ ਜੋਗੇਂਦਰ ਆਇਆ ਤਾਂ ਕੁੰਦਨ ਬੋਲਿਆ,

"ਜੇ ਮੋਹਣੀ ਨੂੰ ਪਤਾ ਚੱਲੇ ਤਾਂ ਭੱਜੀ ਆਵੇ।"

"ਸ਼ਾਇਦ ਆ ਜਾਵੇ ਕਿਉਂਕਿ ਉਹ ਔਰਤ ਦਿਲ ਦੀ ਬਹੁਤ ਚੰਗੀ ਐ।"

"ਮੈਨੂੰ ਲਗਦਾ ਏ ਕਿ ਉਹ ਹਾਲੇ ਵੀ ਚੰਗੀ ਪਤਨੀ ਸਾਬਤ ਹੋ ਸਕਦੀ ਏ, ਅਸੀਂ ਖ਼ੁਸ਼ੀ ਖ਼ੁਸ਼ੀ ਰਹਿ ਸਕਦੇ ਆਂ।"

"ਡਾਕਟਰ ਸਾਹਿਬ, ਦਿਲ ਬਹਿਲਾਨੇ ਕੇ ਲੀਏ ਖਿਆਲ ਅੱਛਾ ਹੈ ਪਰ ਤੁਹਾਡੀ ਕਦੇ ਵੀ ਮੋਹਣੀ ਨਾਲ ਨਹੀਂ ਬਣਨੀ, ਨਾਲ਼ੇ ਹੁਣ ਉਹ ਆਜਾਦ ਪੰਛੀ ਐ, ਮਰਜ਼ੀ ਨਾਲ ਸੌਂਦੀ-ਜਾਗਦੀ ਐ, ਹਰ ਵੇਲੇ ਉਹਦੇ ਘਰ ਦੋਸਤਾਂ ਦਾ ਤਾਂਤਾ ਲਗਿਆ ਰਹਿੰਦੈ, ਤੁਹਾਡੇ ਪਿੰਜਰੇ ਵਿੱਚ ਮੁੜ ਕੇ ਕਿਉਂ ਵੜੇ?"

"ਗੱਲ ਤਾਂ ਤੇਰੀ ਠੀਕ ਏ, ਮੇਰਾ ਵੀ ਉਹਦੇ ਨਾਲ ਗੁਜ਼ਾਰਾ ਨਹੀਂ ਹੋਣ ਲਗਿਆ ਪਰ ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਏਸ ਸਿਚੂਏਸ਼ਨ ਵਿੱਚ ਪੈ ਜਾਵਾਂਗਾ।"

"ਡਾਕਟਰ ਸਾਹਿਬ, ਇਹ ਸਿਚੂਏਸ਼ਨ ਤਾਂ ਆਰਜ਼ੀ ਐ, ਹੋਰ ਹਫਤੇ ਦਸ ਦਿਨ ਨੂੰ ਤੁਸੀਂ ਠੀਕ ਹੋ ਕੇ ਘਰ ਆ ਜਾਣੈ ਪਰ ਮੋਹਣੀ ਵਾਲੀ ਸਿਚੂਏਸ਼ਨ ਨਾਲ ਤਾਂ ਤੁਹਾਨੂੰ ਲੰਮਾ ਸਮਾਂ ਨਿਭਣਾ ਪਏਗਾ, ਤੁਹਾਡੇ ਤੋਂ ਨਿਭ ਨਹੀਂ ਹੋਣਾਂ।"

"ਗੱਲ ਤੇਰੀ ਬਿਲਕੁਲ ਠੀਕ ਏ, ਉਹ ਮੇਰੇ ਟਾਈਪ ਦੀ ਔਰਤ ਹੀ ਨਹੀਂ, ਮੈਂ ਐਵੇਂ ਭਾਵੁਕ ਹੋ ਕੇ ਇਤਰਾਂ ਸੋਚਣ ਲੱਗ ਪਿਆਂ।"

ਕੁੰਦਨ ਨੂੰ ਵੀ ਮਹਿਸੂਸ ਹੋ ਰਿਹਾ ਸੀ ਕਿ ਉਹ ਕਾਹਲੀ ਵਿਚ ਮੋਹਣੀ ਬਾਰੇ ਸੋਚਣ ਲਗਿਆ ਸੀ। ਇਹ ਸੱਟਾਂ ਤਾਂ ਜਲਦੀ ਹੀ ਠੀਕ ਹੋ ਜਾਣੀਆਂ ਸਨ।

ਅਗਲੇ ਚਲਦੇ ਹਫਤੇ ਵਿੱਚ ਇਕ ਦਿਨ ਸਿਰਫ ਸਰਬੀ ਹੀ ਉਸ ਨੂੰ ਮਿਲਣ ਆਈ, ਹੋਰ ਕੋਈ ਨਾ ਆਇਆ। ਵੈਸੇ ਉਸ ਨੇ ਬਨਫੂਲ, ਇਕਬਾਲ, ਨਿਰਮਲ ਨਾਕਸ ਤੇ ਕੁਝ ਹੋਰ ਦੋਸਤਾਂ ਨੂੰ ਆਪਣੇ ਐਕਸੀਡੈਂਟ ਬਾਰੇ ਫੋਨ ਕਰਕੇ ਦੱਸ ਦਿਤਾ। ਜੋਗੇਂਦਰ ਤੋਂ ਵੀ ਬਹੁਤ ਸਾਰੇ ਲੇਖਕ ਦੋਸਤਾਂ ਨੂੰ ਪਤਾ ਚੱਲ ਗਿਆ ਸੀ। ਫਿਰ ਕੋਈ ਕੋਈ ਦੋਸਤ ਉਸ ਨੂੰ ਮਿਲਣ ਵੀ ਆਉਣ ਲੱਗਾ। ਇਕ ਦਿਨ ਪਾਇਲ ਮਿਲਣ ਆਈ ਤਾਂ ਉਸ ਨੇ ਕਿਹਾ,

"ਮੈਂ ਬਹੁਤ ਲੋਨਲੀ ਆਂ, ਮੈਨੂੰ ਤਾਂ ਕੋਈ ਮਿਲਣ ਵੀ ਨਹੀਂ ਆਉਂਦਾ।"

"ਡੈਡ, ਮੈਂ ਬਹੁਤੀ ਠੀਕ ਨਹੀਂ, ਮੇਰੀਆਂ ਸਾਰੀਆਂ ਲੱਤਾਂ ਤੇ ਪੱਟਾਂ ਉਪਰ ਚਮੜੀ ਦਾ ਕੋਈ ਰੋਗ ਜਿਹਾ ਹੋ ਗਿਐ, ਆਹ ਦੇਖੋ!"

ਆਖਦੀ ਪਾਇਲ ਆਪਣੀ ਸਕਰੱਟ ਪਰ੍ਹਾਂ ਕਰਦੀ ਉਸ ਨੂੰ ਆਪਣੇ ਜ਼ਖਮ ਦਿਖਾਉਣ ਲੱਗੀ। ਕੁੰਦਨ ਬੋਲਿਆ,

"ਇਹ ਚਮੜੀ ਤਾਂ ਸਾਡੀ ਖਾਨਦਾਨੀ ਈ ਖਰਾਬ ਏ, ਮੈਂ ਡਾਕਟਰ ਨੂੰ ਦੱਸਿਆ ਸੀ ਕਿ ਇਕੋ ਪਾਸੇ ਪਏ ਰਹਿਣ ਨਾਲ ਮੇਰੇ ਬੈੱਡ-ਸੋਰ ਹੋ ਜਾਣੇ ਆਂ।"

"ਡੈਡ, ਅਮਰਜੋਤ ਹੁਣ ਵੀਕਐਂਡ 'ਤੇ ਹੀ ਆਵੇਗਾ, ਉਸ ਨੂੰ ਵੀ ਛੁੱਟੀ ਨਹੀਂ ਮਿਲ ਰਹੀ, ਉਸ ਦੇ ਕੰਮ 'ਤੇ ਸਟਾਫ ਘੱਟ ਏ, ਏਸ ਲਈ।"

"ਪਾਇਲ, ਤੂੰ ਬਿਮਾਰ ਏਂ, ਦੂਰ ਏਂ, ਅਮਰਜੋਤ ਦੇ ਕੰਮ ਤੇ ਸਟਾਫ ਘੱਟ ਏ, ਮੇਰੇ ਦੋਸਤਾਂ ਦੀ ਆਪਣੀ ਲਾਈਫ ਏ ਤੇ ਫੇਰ ਮੈਂ ਤਾਂ ਰਹਿ ਗਿਆ ਨਾ ਇਕੱਲਾ! ...ਮੈਂ ਸੋਚਦਾਂ ਕਿ ਮੋਹਣੀ ਨਾਲ ਸੁਲਾਹ ਕਰ ਲਵਾਂ।"

"ਨਾ ਡੈਡ, ਏਹ ਕੰਮ ਨਹੀਂ ਕਰਨਾ, ਮੈਂ ਓਹਨੂੰ ਬਿਲਕੁਲ ਲਾਇਕ ਨਹੀਂ ਕਰਦੀ, ਤੁਸੀਂ ਵੀ ਤਾਂ ਉਹਦੇ ਨਾਲ ਨਹੀਂ ਰਹਿ ਸਕਦੇ।"

"ਫੇਰ ਮੈਂ ਕੀ ਕਰਾਂ? ਇਕੱਲਾ ਅੰਦਰ ਪਿਆ ਮਰ ਜਾਵਾਂ?"

"ਨਹੀਂ ਡੈਡ, ਆਹ ਤਾਂ ਐਕਸੀਡੈਂਟ ਕਰਕੇ ਤੁਸੀਂ ਹਸਪਤਾਲ ਓ, ਨਹੀਂ ਤਾਂ ਤੁਹਾਡੀ ਲਾਈਫ ਬਹੁਤ ਵਧੀਆ ਐ, ਸਵੇਰ ਤੋਂ ਸ਼ਾਮ ਤਕ ਦਾ ਤੁਹਾਡਾ ਰੁਟੀਨ ਮੈਨੂੰ ਤਾਂ ਬਹੁਤ ਪਸੰਦ ਐ, ...ਫੇਰ ਤੁਸੀਂ ਹੌਂਸਲਾ ਛੱਡਣ ਵਾਲੇ ਇਨਸਾਨ ਨਹੀਂ ਓ, ਯੂ ਨੋਅ 'ਨਾ?"

ਏਨੀ ਗੱਲ ਨਾਲ ਕੁੰਦਨ ਹੌਂਸਲੇ ਵਿੱਚ ਆ ਗਿਆ।...

ਇਕ ਦਿਨ ਉਸ ਨੇ ਜੋਗੇਂਦਰ ਨੂੰ ਕਿਹਾ,

"ਕੱਲ ਦੁਪਿਹਰ ਤੂੰ ਕੀ ਕਰਨਾ?"

"ਕੰਮ ਤੇ ਹੀ ਹੋਣੈ।"

"ਕੱਲ ਨਿਰਮਲ ਨਾਕਸ ਮੈਨੂੰ ਮਿਲਣ ਆ ਰਿਹਾ ਏ, ਤੂੰ ਕਿਸੇ ਤਰ੍ਹਾਂ ਬੱਸ ਸਟੌਪ ਤੋਂ ਚੁੱਕ ਕੇ ਉਹਨੂੰ ਹਸਪਤਾਲ ਛੱਡ ਸਕਦਾਂ?"

"ਕਿਉਂ ਨਹੀਂ, ਮੈਂ ਏਦਾਂ ਕਰੂੰ ਕਿ ਉਹਨੂੰ ਹਸਪਤਾਲ ਛੱਡ ਵੀ ਦੇਊਂ ਤੇ ਘੰਟੇ-ਦੋ ਘੰਟੇ ਬਾਅਦ ਉਸ ਨੂੰ ਮੁੜ ਕੇ ਛੱਡ ਵੀ ਦੇਊਂ।"

ਜੋਗੇਂਦਰ ਨੇ ਅਗਲੇ ਦਿਨ ਨਿਰਮਲ ਨਾਕਸ ਨੂੰ ਬੱਸ ਸਟੌਪ ਤੋਂ ਲੈ ਲਿਆ। ਜੋਗੇਂਦਰ ਨਾਲ ਉਸ ਦੀ ਗੂੜ੍ਹੀ ਦੋਸਤੀ ਤਾਂ ਨਹੀਂ ਸੀ ਪਰ ਅਕਸਰ ਇਕ ਦੂਜੇ ਨੂੰ ਫੋਨ ਕਰ ਲੈਂਦੇ ਸਨ। ਕੁੰਦਨ ਤੇ ਮੋਹਣੀ ਦੇ ਝਗੜੇ ਨੂੰ ਲੈ ਕੇ ਵੀ ਉਹਨਾਂ ਨੇ ਕਈ ਵਾਰ ਸਲਾਹਾਂ ਕੀਤੀਆਂ ਸਨ। ਜੋਗੇਂਦਰ ਨੇ ਆਖਿਆ,

"ਨਾਕਸ ਜੀ, ਕੁੰਦਨ ਨੂੰ ਤੁਸੀਂ ਵੀ ਜਾਣਦੇ ਓ ਤੇ ਮੈਂ ਵੀ, ਅੱਤ-ਭਾਵੁਕ ਕਿਸਮ ਦਾ ਬੰਦਾ ਐ, ਝੱਟ ਕੋਈ ਫੈਸਲਾ ਲੈ ਲਵੇਗਾ ਪਰ ਕਈ ਵਾਰੀ ਉਸ ਦਾ ਮਤਲਬ ਵੀ ਨਹੀਂ ਹੁੰਦਾ।"

"ਮੈਂ ਜਾਣਦਾਂ ਜੋਗੇਂਦਰ, ਮੈਨੂੰ ਹੁਣ ਰੋਜ਼ ਫੋਨ ਕਰੀ ਜਾਂਦੈ ਕਿ ਮੋਹਣੀ ਨਾਲ ਸੁਲਾਹ ਕਰਾਓ।"

"ਮੇਰਾ ਇਸ਼ਾਰਾ ਵੀ ਇਸੇ ਤਰਫ ਐ, ਇਹ ਸਭ ਉਸੇ ਅੱਤ-ਭਾਵੁਕਤਾ ਵਿੱਚੋਂ ਨਿਕਲ਼ ਰਿਹੈ।"

"ਮੈਂ ਤੁਹਾਡੀ ਗੱਲ ਨਾਲ ਸਹਿਮਤ ਆਂ।"

ਜੋਗੇਂਦਰ ਨੇ ਉਸ ਨੂੰ ਹਸਪਤਾਲ ਉਤਾਰ ਦਿਤਾ ਤੇ ਦੋ ਘੰਟੇ ਬਾਅਦ ਮੁੜ ਚੁੱਕ ਲਿਆ। ਨਾਕਸ ਦੱਸਣ ਲੱਗਿਆ,

"ਉਹੀ ਗੱਲਾਂ ਕਰਦਾ ਰਿਹਾ ਕਿ ਮੋਹਣੀ ਨਾਲ ਸੁਲਾਹ ਕਰਾਓ, ਫਿਰ ਰੋਣ ਵੀ ਲੱਗ ਪਿਆ, ਵਿੱਚੇ ਕੁਝ ਹੋਰ ਵੀ...।"

"ਇਹ ਜੇਠੂ ਰੋਂਦਾ, ਮਿੰਨਤਾਂ ਕਰਦਾ ਐ, ਤੁਹਾਨੂੰ ਪਤਾ ਨਾ?"

"ਹਾਂ, ਮੈਂ ਸਮਝਦਾਂ ਪਰ ਮੈਂ ਸਾਰੀ ਸਿਚੈਏਸ਼ਨ ਮੋਹਣੀ ਸਾਹਮਣੇ ਰੱਖ ਦੇਵਾਂਗਾ ਪਰ ਮੋਹਣੀ ਵੀ ਤਾਂ ਜੇਠੂ ਨੂੰ ਜਾਣਦੀ ਐ, ਬਾਕੀ ਇਹ ਅਡੱਲਟ ਹੈਗੇ ਆ, ਆਪਾਂ ਬਹੁਤੀਆਂ ਸਲਾਹਾਂ ਨਹੀਂ ਦੇ ਸਕਦੇ।"

ਨਿਰਮਲ ਨਾਕਸ ਨੇ ਗੱਲ ਮੁਕਾਉਂਦਿਆਂ ਕਿਹਾ।...

ਇਕ ਦਿਨ ਜੋਗੇਂਦਰ ਉਸ ਨੂੰ ਮਿਲਣ ਗਿਆ ਤਾਂ ਕੁੰਦਨ ਬਹੁਤ ਖੁਸ਼ ਸੀ। ਜੋਗੇਂਦਰ ਨੇ ਕਿਹਾ,

"ਡਾਕਟਰ ਸਾਹਿਬ, ਅੱਜ ਤਾਂ ਕਮਾਲਾਂ ਹੋਈਆਂ ਪਈਆਂ, ਕਿਹੜਾ ਖਜ਼ਾਨਾ ਮਿਲ ਗਿਆ ਕਿ ਏਨੇ ਚਹਿਕ ਰਹੇ ਓ?"

"ਅੰਦਾਜ਼ਾ ਲਾ।"

"ਮੇਰੀ ਘੰਟੀ ਤਾਂ ਇਕੋ ਜਗਾਹ ਖੜਕੇਗੀ ਕਿ ਡਾਕਟਰ ਮੋਹਣੀ ਦਾ ਫੋਨ ਬਗੈਰਾ ਆਇਐ।"

"ਨਹੀਂ ਓਏ, ਮੋਹਣੀ ਆਪ ਆਈ ਸੀ, ਸਾਖਸ਼ਾਤ ਮੋਹਣੀ! ਮੈਨੂੰ ਦੇਖਣ, ਨਾਲ ਓਹਦੇ ਸੁਖਚੈਨ ਸੀ।"

"ਵੈਰੀ ਗੁੱਡ! ਇਹ ਤਾਂ ਚੰਗੀ ਖ਼ਬਰ ਐ, ਕਿੱਦਾਂ? ਠੀਕ ਠਾਕ ਬੋਲੀ ਸੀ?"

"ਹਾਂ, ਠੀਕ ਸੀ, ਫਿਕਰ ਵੀ ਕਰ ਰਹੀ ਸੀ।"

"ਸੁਲਾਹ ਦੀ ਕੋਈ ਗੱਲ ਤਾਂ ਨਹੀਂ ਹੋਈ?"

"ਨਹੀਂ ਨਹੀਂ, ਸੁਲਾਹ ਦੇ ਚਾਂਸ ਹੁਣ ਹੈ ਨਹੀਂ, ਮੇਰੇ ਨਿਆਣੇ ਵੀ ਨਹੀਂ ਮੰਨਦੇ, ਪਾਇਲ ਤਾਂ ਉਹਦੇ ਨਾਂ ਤੇ ਭੜਕ ਉਠਦੀ ਏ!"

35-ਹਿੱਲਿਆ ਹੋਇਆ

ਕੁਝ ਦਿਨਾਂ ਬਾਅਦ ਕੁੰਦਨ ਨੂੰ ਘਰ ਭੇਜ ਦਿਤਾ ਗਿਆ। ਬਾਕੀ ਜ਼ਖ਼ਮ ਪਹਿਲਾਂ ਨਾਲੋਂ ਠੀਕ ਸਨ ਪਰ ਲੱਤ ਉਪਰ ਪਲਸਤਰ ਹਾਲੇ ਵੀ ਸੀ। ਉਹ ਬੈਸਾਖੀਆਂ ਨਾਲ ਤੁਰ ਲੈਂਦਾ ਸੀ। ਘਰ ਆ ਕੇ ਉਹ ਖੁਸ਼ ਸੀ। ਉਸੇ ਨੇ ਹੇਠਾਂ ਸੋਫੇ ਨੂੰ ਹੀ ਆਪਣਾ ਬਿਸਤਰ ਬਣਾ ਲਿਆ। ਛੋਟੇ ਮੋਟੇ ਆਪਣੇ ਕੰਮ ਉਹ ਆਪ ਹੀ ਕਰ ਲੈਂਦਾ। ਅਮਨਜੋਤ ਤੇ ਸਰਬੀ ਦਿਨ ਵੇਲੇ ਆ ਜਾਂਦੇ ਪਰ ਜਲਦੀ ਹੀ ਮੁੜ ਜਾਂਦੇ। ਅਮਨਜੋਤ ਡਰਦਾ ਕਿ ਪਤਾ ਨਹੀਂ ਡੈਡੀ ਕਿਹੜੇ ਵੇਲੇ ਗਲਤ ਮੋੜ ਲੈ ਲਵੇ। ਕਦੇ ਕਦੇ ਹੋਰ ਦੋਸਤ ਵੀ ਆ ਜਾਂਦੇ। ਖਾਸ ਤੌਰ 'ਤੇ ਸਪਤਾਹ-ਅੰਤ 'ਤੇ। ਪਰ ਬਹੁਤਾ ਸਮਾਂ ਸੈਟੀ 'ਤੇ ਬੈਠਾ ਟੈਲੀ ਦੇਖਦਾ ਰਹਿੰਦਾ। ਕਦੀ ਕਦੀ ਕੰਪਿਊਟਰ ਉਪਰ ਵੀ ਬਹਿ ਜਾਂਦਾ ਪਰ ਉਸ ਦਾ ਕੁਝ ਪੜ੍ਹਨ ਲਿਖਣ ਦਾ ਮਨ ਹੀ ਨਹੀਂ ਸੀ। ਲੱਤ ਉਪਰ ਲੱਗਿਆ ਪਲੱਸਤਰ ਵੀ ਉਸ ਨੂੰ ਤੰਗ ਕਰਦਾ ਸੀ। ਪਲੱਸਤਰ ਦੇ ਅੰਦਰ ਹਰ ਵੇਲੇ ਖਾਰਸ਼ ਜਿਹੀ ਹੁੰਦੀ ਰਹਿੰਦੀ। ਉਸ ਨੂੰ ਇਕ ਹੋਰ ਡਰ ਵੀ ਲੱਗਣ ਲਗਿਆ ਕਿ ਕਿਤੇ ਇਵੇਂ ਨਾ ਹੋਵੇ ਕਿ ਪਲੱਸਤਰ ਕਾਰਨ ਅੰਦਰਲੀ ਚਮੜੀ ਹੀ ਗਲ਼ ਜਾਵੇ। ਜ਼ਿਆਦਾ ਬੈਠਣ ਕਾਰਨ ਉਸ ਦੇ ਚਿਤੜ ਤਾਂ ਪਹਿਲਾਂ ਹੀ ਜ਼ਖਮਾਂ ਨਾਲ ਭਰ ਗਏ ਸਨ। ਡਾਕਟਰ ਨੇ ਉਸ ਨੂੰ ਵੱਖੀ-ਭਰਨੇ ਪਏ ਰਹਿਣ ਦੀ ਸਲਾਹ ਦਿਤੀ ਹੋਈ ਸੀ।

ਕਈ ਵਾਰ ਉਹ ਦਰਦ ਨਾਲ ਕਰਾਹੁਣ ਲੱਗਦਾ। ਸਾਰਾ ਸਾਰਾ ਦਿਨ ਸੈਟੀ ਉਪਰ ਹੀ ਪਿਆ ਰਹਿੰਦਾ। ਕਦੇ ਕਦੇ ਉਹ ਘੋਰ ਇਕੱਲ ਵਿੱਚ ਘਿਰਨ ਲਗਦਾ। ਕਈ ਵਾਰ ਤਾਂ ਸਾਰਾ ਦਿਨ ਫੋਨ ਦੀ ਘੰਟੀ ਤਕ ਨਾ ਵੱਜਦੀ। ਦਰਵਾਜ਼ੇ 'ਤੇ ਦਸਤਕ ਹੋਣੀ ਤਾਂ ਦੂਰ ਦੀ ਗੱਲ ਸੀ। ਉਹ ਸਵੇਰੇ ਉਠਦਾ ਹੀ ਟੈਲੀ ਲਗਾ ਲੈਂਦਾ ਕਿ ਆਲੇ ਦੁਆਲੇ ਕੋਈ ਅਵਾਜ਼ ਤਾਂ ਹੋਵੇ। ਸ਼ਾਮ ਨੂੰ ਜ਼ਰਾ ਕੁ ਹਵਾ-ਪਿਆਜ਼ੀ ਹੋ ਕੇ ਆਪ ਹੀ ਦੋਸਤਾਂ ਨੂੰ ਫੋਨ ਘੁਮਾਉਣ ਲੱਗਦਾ। ਦੋਸਤਾਂ ਵਿੱਚੋਂ ਵੀ ਕਈ ਬਹਾਨਾ ਬਣਾ ਕੇ ਫੋਨ ਜਲਦੀ ਰੱਖ ਦਿੰਦੇ।

ਇਹਨਾਂ ਦਿਨਾਂ ਵਿੱਚ ਇਕ ਹੋਰ ਗੱਲ ਹੋ ਗਈ ਕਿ ਉਹ ਉਦਾਸ ਵੀ ਹੋ ਗਿਆ ਤੇ ਗੁੱਸੇ ਨਾਲ ਵੀ ਭਰ ਗਿਆ। ਉਹ ਇਹ ਕਿ ਜੋਗੇਂਦਰ ਦਾ ਨਾਵਲ ਛਪ ਕੇ ਆ ਗਿਆ। ਜੋਗੇਂਦਰ ਨੇ ਉਹਨੂੰ ਆਪ ਨਹੀਂ ਸੀ ਦੱਸਿਆ, ਉਹਨੂੰ ਇੰਡੀਆ ਤੋਂ ਆਈ ਅਖ਼ਬਾਰ ਵਿੱਚ ਉਸ ਦੇ ਨਾਵਲ ਦੇ ਹੋਏ ਰੀਵਿਊ ਤੋਂ ਪਤਾ ਚੱਲਿਆ ਸੀ। ਕੁੰਦਨ ਦੇ ਨਾਵਲ ਦੀ ਦੂਜੀ ਲੜੀ ਆਈ ਤਾਂ ਉਹ ਵੀ ਪਹਿਲੇ ਦੇ ਰਾਹ ਹੀ ਚਲੇ ਗਈ ਸੀ। ਕੋਈ ਰੀਵਿਊ ਤਾਂ ਇਕ ਪਾਸੇ, ਕਿਸੇ ਨੇ ਦੋ ਅੱਖਰ ਵੀ ਨਹੀਂ ਸਨ ਲਿਖੇ। ਉਸ ਨੂੰ ਜੋਗੇਂਦਰ ਬਹੁਤ ਬੁਰਾ ਲੱਗਣ ਲੱਗ ਪਿਆ ਸੀ। ਇਸ ਗੱਲ ਨੇ ਉਸ ਦੇ ਦੁੱਖ ਵਿੱਚ ਹੋਰ ਵਾਧਾ ਕਰ ਦਿਤਾ। ਉਹ ਬਨਫੂਲ, ਰੇਸ਼ਮ ਸਮੁੰਦਰੀ ਤੇ ਰਾਜਾ ਰਾਮ ਵਰਗੇ ਦੋਸਤਾਂ ਨੂੰ ਫੋਨ ਕਰਕੇ ਜੋਗੇਂਦਰ ਦੇ ਨਾਵਲ ਲਿਖਣ ਕਰਕੇ ਮਨ ਵਿੱਚ ਆਏ ਕ੍ਰੋਧ ਸਾਂਝਾ ਕਰਨ ਲੱਗਦਾ। ਕਈ ਵਾਰ ਉਹ ਅੱਗੋਂ ਕੁੰਦਨ ਦੇ ਉਲਟੀ ਚਾਬੀ ਭਰਨ ਲਗਦੇ।

ਜੋਗੇਂਦਰ ਜਾਣਦਾ ਹੀ ਸੀ ਤੇ ਬਨਫੂਲ ਰਾਹੀਂ ਉਸ ਨੂੰ ਪਤਾ ਚੱਲ ਵੀ ਗਿਆ ਕਿ ਨਾਵਲ ਲਿਖਣ ਕਾਰਨ ਕੁੰਦਨ ਉਸ ਨਾਲ ਬਹੁਤ ਗੁੱਸੇ ਵਿਚ ਹੈ। ਇਸ ਲਈ ਉਹ ਕਈ ਦਿਨ ਕੁੰਦਨ ਵੱਲ ਨਾ ਗਿਆ ਤੇ ਨਾ ਹੀ ਫੋਨ ਕੀਤਾ। ਉਸ ਨੂੰ ਪਤਾ ਸੀ ਕਿ ਲੋੜ ਹੋਵੇਗੀ ਤਾਂ ਕੁੰਦਨ ਆਪ ਹੀ ਕਰ ਲਵੇਗਾ।

ਜੋਗੇਂਦਰ ਹੀ ਉਸ ਦੇ ਜ਼ਿਆਦਾ ਨੇੜੇ ਸੀ, ਹੁਣ ਉਹ ਵੀ ਨਹੀਂ ਸੀ ਆਉਂਦਾ। ਕੁੰਦਨ ਹੋਰ ਵੀ ਇਕੱਲਾ ਹੋ ਗਿਆ। ਉਸ ਨੇ ਮੋਹਣੀ ਨੂੰ ਫੋਨ ਕੀਤਾ ਤੇ ਕਹਿਣ ਲੱਗਿਆ,

"ਮੋਹਣੀ ਜੀ, ਆਪਣੇ ਵਿੱਚ ਜੋ ਹੋ ਗਿਆ ਸੋ ਹੋ ਗਿਆ, ਪਲੀਜ਼ ਵਾਪਸ ਆ ਜਾਓ।"

"ਨਹੀਂ ਕੁੰਦਨ ਜੀ, ਇਹ ਹੁਣ ਨਹੀਂ ਹੋ ਸਕਣਾ, ਆਪਾਂ ਇਕ ਦੂਜੇ ਲਈ ਬਣੇ ਹੀ ਨਹੀਂ, ਤੁਸੀਂ ਮੈਨੂੰ ਪਤਨੀ ਸਮਝਿਆ ਹੀ ਨਹੀਂ।"

"ਹੋ ਸਕਦਾ ਏ ਮੇਰੇ ਤੋਂ ਕੁਝ ਗਲਤੀਆਂ ਹੋਈਆਂ ਹੋਣ ਪਰ ਮੈਂ ਆਪਣੀ ਹਰ ਗਲਤੀ ਦਾ ਪਛਤਾਵਾ ਕਰਨ ਨੂੰ ਤਿਆਰ ਹਾਂ, ਤੁਹਾਡੀ ਹਰ ਸ਼ਰਤ ਮੰਨਣ ਲਈ ਤਿਆਰ ਹਾਂ।"

"ਮੇਰੀ ਕੋਈ ਸ਼ਰਤ ਨਹੀਂ ਪਰ ਮੈਂ ਹੁਣ ਨਹੀਂ ਆ ਸਕਣਾ।"

ਆਖਦਿਆਂ ਮੋਹਣੀ ਨੇ ਫੋਨ ਰੱਖ ਦਿਤਾ। ਮੋਹਣੀ ਦੀ ਆਵਾਜ਼ ਵਿਚਲੀ ਸਖਤੀ ਤੋਂ ਉਸ ਨੇ ਅੰਦਾਜ਼ਾ ਲਗਾ ਲਿਆ ਕਿ ਮੋਹਣੀ ਨਹੀਂ ਆਵੇਗੀ। ਇਹ ਨਿਰਾਸ਼ਾ ਉਸ ਦੀਆਂ ਤਕਲੀਫਾਂ ਵਿੱਚ ਹੋਰ ਵੀ ਵਾਧਾ ਕਰਨ ਲੱਗੀ। ਕਈ ਵਾਰ ਉਸ ਨੂੰ ਜਾਪਦਾ ਕਿ ਉਹ ਜਲਦੀ ਹੀ ਪਾਗਲ ਹੋ ਜਾਵੇਗਾ। ਉਸ ਨੇ ਮੋਹਣੀ ਨੂੰ ਚਿੱਠੀ ਲਿਖੀ ਜਿਸ ਵਿੱਚ ਉਸ ਨੇ ਆਪਣੇ ਕੀਤੇ ਦੀਆਂ ਮੁਆਫੀਆਂ ਮੰਗੀਆਂ ਹੋਈਆਂ ਸਨ ਪਰ ਮੋਹਣੀ ਨੇ ਚਿੱਠੀ ਦਾ ਕੋਈ ਜਵਾਬ ਨਾ ਦਿਤਾ। ਬੈਠਾ ਬੈਠਾ ਕਈ ਵਾਰ ਉਹ ਅੱਖਾਂ ਮੀਟ ਲੈਂਦਾ। ਉਸ ਦੇ ਕੰਨਾਂ ਵਿੱਚ ਕਈ ਆਵਾਜ਼ਾ ਗੂੰਜਣ ਲੱਗਦੀਆਂ; ਪਾਇਲ ਦਾ ਸੰਘਣਾ ਹਾਸਾ, ਅਮਰਜੋਤ ਦੀ ਗੁੱਸੇ ਵਿੱਚ ਆਏ ਦੀ ਉੱਚੀ ਅਵਾਜ਼, ਸਰਬੀ ਦੀ ਕੁਝ ਕਹਿੰਦੀ ਦੇ ਬੋਲ ਪਰ ਜਦ ਉਹ ਅੱਖਾਂ ਖੋਹਲਦਾ ਤਾਂ ਉਥੇ ਕੁਝ ਵੀ ਨਾ ਹੁੰਦਾ। ਉਹ ਕੋਈ ਕਿਤਾਬ ਚੁੱਕ ਕੇ ਪੜ੍ਹਨ ਦੀ ਕੋਸ਼ਿਸ਼ ਕਰਦਾ ਪਰ ਇਕ ਸਫੇ ਤੋਂ ਜ਼ਿਆਦਾ ਉਹ ਨਾ ਪੜ੍ਹ ਸਕਦਾ। ਕਈ ਵਾਰ ਉਹ ਇਕੱਲਾ ਗੱਲਾਂ ਕਰਦਾ ਰੋਣ ਪੈਂਦਾ ਤੇ ਆਖਦਾ,

"ਕੰਜਰ ਦਿਆ, ਫੇਰ ਰਹਿ ਗਿਆਂ ਇਕੱਲਾ!"

"ਮਾਈਂ ਯਾਵੇ, ਸਭ ਛੱਡ ਗਏ। ਬੇਬੇ ਬਾਪੂ ਨੂੰ ਤਾਂ ਦੰਗਈ ਮਾਰ ਗਏ ਸਨ ਪਰ ਇਹਨਾਂ ਨੂੰ ਕੌਣ ਮਾਰ ਗਿਆ?"

"ਜੇਠੂ, ਤੂੰ ਇਕੱਲਾ ਤੇ ਤੈਨੂੰ ਮਾਰਨ ਵਾਲਿਆਂ ਹੇੜ ਏ, ਉਠ ਕੇ ਮੁਕਾਬਲਾ ਕਰ ਸਭ ਦਾ, ਇਤਰਾਂ ਢੇਰੀ ਢਾਹ ਕੇ ਕੁਝ ਨਹੀਂ ਹੋਣਾ।"

ਉਹ ਹੌਂਸਲਾ ਕਰਕੇ ਉਠਦਾ ਤੇ ਔਖਾ ਸੌਖਾ ਹੁੰਦਾ ਘਰ ਦੇ ਕਿਸੇ ਕੰਮ ਨੂੰ ਲੱਗ ਜਾਂਦਾ। ਦਰਸ਼ਨ ਰੰਧਾਵੇ ਦੀ ਦੁਕਾਨ ਤੇ ਫੋਨ ਕਰਦਾ ਤਾਂ ਉਹ ਸਮਾਨ ਛੱਡ ਜਾਂਦਾ। ਰੰਧਾਵੇ ਨੂੰ ਹੁਣ ਡਰ ਪਿਆ ਹੋਇਆ ਸੀ ਕਿ ਕੁੰਦਨ ਉਸ ਉਪਰ ਖਰਚੇ ਦਾ ਦਾਅਵਾ ਕਰੇਗਾ ਤੇ ਪਤਾ ਨਹੀਂ ਕਿੰਨਾ ਹਰਜ਼ਾਨਾ ਪੈ ਜਾਵੇ, ਇੰਸ਼ੋਅਰੈਂਸ ਵਾਲੇ ਪਤਾ ਨਹੀਂ ਕੁਝ ਦੇਣਗੇ ਵੀ ਕਿ ਨਹੀਂ। ਕੁੰਦਨ ਉਹਨਾਂ ਨਾਲ ਮਿੱਠਾ ਬਣਿਆਂ ਰਹਿੰਦਾ ਪਰ ਉਸ ਨੂੰ ਪਤਾ ਸੀ ਕਿ ਲੱਤ ਟੁੱਟੀ ਦਾ ਉਸ ਨੂੰ ਹਜ਼ਾਰਾਂ ਪੌਂਡਾਂ ਵਿੱਚ ਹਰਜਾਨਾ ਮਿਲਗੇ। ਇਹ ਗੱਲ ਉਸ ਨੂੰ ਕੋਈ ਸਕੂਨ ਨਹੀਂ ਸੀ ਦਿੰਦੀ। ਉਸ ਦਾ ਦਿਲ ਕਰਦਾ ਕਿ ਇਹ ਸਾਰੇ ਪੈਸੇ ਕੋਈ ਹੋਰ ਲੈ ਲਵੇ ਤੇ ਉਸ ਮਨ ਦਾ ਚੈਨ ਦੇ ਦੇਵੇ।

ਇਹਨਾਂ ਦਿਨਾਂ ਵਿੱਚ ਉਸ ਨੇ ਕੋਈ ਕਾਲ-ਗਰਲ ਵੀ ਨਹੀਂ ਸੀ ਸੱਦੀ। ਉਸ ਨੂੰ ਆਪਣੇ ਜਿਸਮ ਵਿੱਚੋਂ ਇਕ ਬੋਅ ਜਿਹੀ ਆਉਂਦੀ ਮਹਿਸੂਸ ਹੁੰਦੀ। ਉਹ ਕਿਸੇ ਨੂੰ ਵੀ ਆਪਣੇ ਬਹੁਤਾ ਨਜ਼ਦੀਕ ਨਹੀਂ ਸੀ ਆਉਣ ਦੇਣਾ ਚਾਹੁੰਦਾ।

ਉਸ ਦੇ ਪਲੱਸਤਰ ਖੋਹਲਣ ਦੀ ਤਾਰੀਕ ਆ ਗਈ। ਹਸਪਤਾਲ ਦੀ ਐਂਬੂਲੈਂਸ ਆ ਕੇ ਉਸ ਨੂੰ ਲੈ ਗਈ। ਲੱਤ ਉਸ ਦੀ ਭਾਰ ਤਾਂ ਸਹਿਣ ਲੱਗ ਪਈ ਸੀ ਪਰ ਪੀੜ ਬਹੁਤ ਕਰਦੀ ਸੀ, ਇਕ ਤੇਜ਼ ਜਲਣ ਜਿਹੀ ਹਰ ਵੇਲੇ ਹੁੰਦੀ ਰਹਿੰਦੀ ਸੀ। ਹਸਪਤਾਲ ਗਏ ਦਾ ਡਾਕਟਰ ਨੇ ਪਲੱਸਤਰ ਕੱਟ ਕੇ ਖਹਲਿਆ ਤਾਂ ਸਾਰਾ ਕਮਰਾ ਇਕ ਅਜੀਬ ਜਿਹੇ ਮੁਸ਼ਕ ਨਾਲ ਭਰ ਗਿਆ। ਲੱਤ ਦੀ ਹਾਲਤ ਦੇਖ ਕੇ ਡਾਕਟਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਸ ਨੇ ਉਸੇ ਵਕਤ ਹੀ ਡਾਕਟਰਾਂ ਦੀ ਪੂਰੀ ਟੀਮ ਬੁਲਾ ਲਈ। ਲੱਤ ਦੀ ਸਾਰੀ ਹੀ ਚਮੜੀ ਬੁਰੀ ਤਰ੍ਹਾਂ ਗਲ਼ ਚੁੱਕੀ ਸੀ। ਥਾਂ ਥਾਂ ਪਾਕ ਭਰੀ ਪਈ ਸੀ। ਲਗਦਾ ਸੀ ਕਿ ਹੁਣੇ ਹੀ ਪਲਮ ਦੌੜ ਜਾਵੇਗੀ ਤੇ ਮਰੀਜ਼ ਦੀ ਮੌਤ ਹੋ ਜਾਵੇਗੀ। ਡਾਕਟਰ ਉਸ ਦੀ ਲੱਤ ਕੱਟਣ ਬਾਰੇ ਵਿਚਾਰਾਂ ਕਰਨ ਲੱਗੇ।

ਕੁੰਦਨ ਨੂੰ ਇਕ ਦਮ ਹਸਪਤਾਲ ਵਿੱਚ ਭਰਤੀ ਕਰ ਲਿਆ ਗਿਆ। ਦਵਾਈ-ਦਾਰੂ ਸ਼ੁਰੂ ਹੋ ਗਿਆ। ਉਹ ਵੀ ਸਮਝ ਗਿਆ ਸੀ ਕਿ ਪਲੱਸਤਰ ਕਾਰਨ ਲੱਤ ਦੀ ਚਮੜੀ ਨੂੰ ਨੁਕਸਾਨ ਪੁੱਜਿਆ ਹੈ ਪਰ ਕਿੰਨਾ ਕੁ ਨੁਕਸਾਨ ਪੁੱਜਿਆ ਹੈ ਇਸ ਦਾ ਉਸ ਨੂੰ ਨਹੀਂ ਸੀ ਪਤਾ। ਉਸ ਨੂੰ ਇਕ ਦਮ ਨੌਰਥਵੁੱਡ ਦੇ ਚਮੜੀ ਦੇ ਵਿਸ਼ੇਸ਼ ਹਸਪਤਾਲ ਵਿੱਚ ਭੇਜ ਦਿਤਾ ਗਿਆ।

ਪਾਇਲ ਤੇ ਅਮਰਜੋਤ ਨੂੰ ਦੂਜੇ ਦਿਨ ਪਤਾ ਚੱਲਿਆ ਪਰ ਉਹ ਉਸ ਨੂੰ ਦੇਖਣ ਛੁੱਟੀ ਵਾਲੇ ਦਿਨ ਹੀ ਗਏ। ਉਸ ਦੀ ਲੱਤ ਦਾ ਸਾਰਾ ਮਾਸ ਕੱਢ ਦਿਤਾ ਗਿਆ। ਹੁਣ ਪੱਟਾਂ ਵਿੱਚੋਂ ਜਾਂ ਸਰੀਰ ਦੇ ਹੋਰ ਹਿੱਸਿਆਂ ਵਿੱਚੋਂ ਕੱਢ ਕੇ ਮਾਸ ਲੱਤ ਵਿੱਚ ਲਗਾਇਆ ਜਾਣਾ ਸੀ। ਕੁੰਦਨ ਨੂੰ ਡਾਕਟਰ ਨੇ ਸਾਰੀ ਗੱਲ ਦੱਸੀ ਤਾਂ ਉਹ ਰੋਣ ਲੱਗ ਪਿਆ ਤੇ ਬੋਲਿਆ,

"ਜੇਠੂ, ਕੰਜਰ ਦਿਆ, ਇਹੋ ਤੇਰਾ ਸੱਚ ਏ, ਤੂੰ ਗਲ਼-ਸੜ੍ਹ ਕੇ ਮਰਨਾ ਸੀ।"

ਆਖਦਾ ਉਹ ਉਚੀ ਉਚੀ ਰੋਣ ਲਗਿਆ। ਫਿਰ ਹੰਝੂ ਪੂੰਝਦਾ ਆਖਣ ਲੱਗਾ,

"ਕਿਉਂ ਮਰੀ ਜਾਨਾਂ, ਹੌਸਲਾ ਰੱਖ, ਮਰਦ ਬੱਚਾ ਬਣ! ਤਕਲੀਫਾਂ ਮਰਦਾਂ ਨੂੰ ਹੀ ਆਉਂਦੀਆਂ ਨੇ।"

ਉਹ ਅਕਸਰ ਅਜਿਹੀਆਂ ਗੱਲਾਂ ਕਰਨ ਲਗਦਾ। ਨਰਸਾਂ ਉਸ ਵੱਲ ਧਿਆਨ ਨਾਲ ਦੇਖਦੀਆਂ ਤੇ ਸੋਚਦੀਆਂ ਇਕ ਇਹ ਬੰਦਾ ਤਾਂ ਹਿੱਲ ਗਿਆ ਹੈ। ਉਸ ਦੀ ਰਿਪ੍ਰੋਟ ਸ਼ੀਟ ਵਿੱਚ ਇਹ ਗੱਲ ਲਿਖ ਵੀ ਦਿੰਦੀਆਂ। ਇਹਨਾਂ ਦਿਨਾਂ ਵਿੱਚ ਉਸ ਨੇ ਮੋਹਣੀ ਨੂੰ ਕਈ ਫੋਨ ਕੀਤੇ। ਆਪਣੀ ਨਵੀਂ ਸਥਿਤੀ ਵੀ ਦੱਸੀ ਪਰ ਮੋਹਣੀ ਦੇ ਕੰਨ 'ਤੇ ਜਿਵੇਂ ਜੂੰ ਵੀ ਨਾ ਸਰਕੀ ਹੋਵੇ।

ਮਹੀਨੇ ਤੋਂ ਵੱਧ ਸਮਾਂ ਉਸ ਨੂੰ ਹਸਪਤਾਲ ਵਿੱਚ ਹੋ ਗਿਆ ਸੀ। ਇਕ ਦਿਨ ਉਸ ਨੇ ਕੀ ਦੇਖਿਆ ਕਿ ਜੋਗੇਂਦਰ ਉਸ ਦੇ ਸਾਹਮਣੇ ਹੱਥ ਵਿੱਚ ਫੁੱਲ ਲਈ ਖੜਾ ਸੀ। ਉਸ ਨੂੰ ਦੇਖ ਕੇ ਉਸ ਦਾ ਮਨ ਖੁਸ਼ ਹੋ ਗਿਆ। ਉਸ ਨੇ ਕਿਹਾ,

"ਮੈਨੂੰ ਪਤਾ ਸੀ ਕਿ ਤੂੰ ਜ਼ਰੂਰ ਆਵੇਂਗਾ, ਦੇਖ ਲੈ, ਹੋਰ ਕੋਈ ਨਹੀਂ ਆਇਆ, ਅਮਰਜੋਤ ਵੀ ਸਿਰਫ ਦੋ ਵਾਰ ਆਇਆ ਮਹੀਨੇ ਵਿੱਚ!"

"ਵੱਡੇ ਭਾਊ, ਸਾਰੇ ਆਪੋ-ਆਪਣੀ ਲਾਈਫ ਵਿੱਚ ਫਸੇ ਪਏ ਆ, ਮੈਨੂੰ ਤਾਂ ਕੁਝ ਪਤਾ ਹੀ ਨਹੀਂ ਸੀ, ...ਮੈਂ ਘਰ ਕਈ ਫੋਨ ਕੀਤੇ, ਜਦ ਕਿਸੇ ਨੇ ਨਾ ਚੁੱਕਿਆ ਤਾਂ ਮੈਂ ਅਮਰਜੋਤ ਨੂੰ ਕੀਤਾ, ਉਸ ਨੇ ਦੱਸਿਆ ਕਿ ਤੁਸੀਂ ਇਥੇ ਓ, ਕੀ ਹਾਲ ਐ ਹੁਣ?"

"ਹਾਲ ਕੀ ਪੁੱਛਦਾਂ ਯਾਰ! ...ਸਾਲ਼ਾ ਬੈਹੜਿਆਂ ਦਾ, ਪਤਾ ਨਹੀਂ ਕਿਹੜਾ ਪਾਪ ਕੀਤਾ ਹੋਇਆ ਕਿ ਆਹ ਦਿਨ ਦੇਖਣੇ ਪੈ ਗਏ।"

ਆਖਦਾ ਉਹ ਉਸ ਨੂੰ ਸਾਰੀ ਕਹਾਣੀ ਸੁਣਾਉਣ ਲੱਗ ਪਿਆ ਤੇ ਫਿਰ ਬੋਲਿਆ,

"ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਮੇਰੀ ਹਾਲਤ ਕਿੰਨੀ ਸੀਰੀਅਸ ਸੀ, ਮੈਨੂੰ ਤਾਂ ਡਾਕਟਰ ਦੱਸ ਕੇ ਗਿਆ ਕਿ ਮੇਰੀ ਲੱਤ ਕੱਟਣ ਦੀਆਂ ਸਲਾਹਾਂ ਹੋ ਗਈਆਂ ਸੀ ਪਰ ਬਚਾਅ ਹੋ ਗਿਆ।"

ਇਹ ਆਖਦਾ ਉਹ ਸੋਚਣ ਲਗਿਆ ਕਿ ਜੇ ਸੱਚ ਹੀ ਲੱਤ ਕੱਟ ਦਿਤੀ ਜਾਂਦੀ ਤਾਂ ਕੀ ਬਣਦਾ। ਫਿਰ ਦੱਸਣ ਲਗਿਆ,

"ਮੈਂ ਤਾਂ ਯਾਰ ਕੁਦਰਤ ਦੇ ਕਾਨੂੰਨਾਂ ਤੋਂ ਤੇ ਡਾਕਟਰਾਂ ਦੀ ਸਮਝ ਤੋਂ ਹੈਰਾਨ ਹੋਈ ਜਾਨਾਂ!"

"ਅੱਛਾ!"

"ਮੇਰ ਕੁੱਲੇ ਵਿੱਚੋਂ ਮਾਸ ਲੈ ਕੇ ਲੱਤ ਵਿੱਚ ਲਾ ਰਹੇ ਨੇ, ਥੋੜਾ ਥੋੜਾ ਕਰਕੇ, ਮਾਸ ਲਾ ਕੇ ਫੇਰ ਏਹਨੂੰ ਮੇਰੇ ਹੀ ਖ਼ੂਨ ਨਾਲ ਸਿੰਜਦੇ ਨੇ ਕਿ ਲੱਤ ਨਵੇਂ ਮਾਸ ਨੂੰ ਫੜ ਲਵੇ, ਕੁਦਰਤ ਦਾ ਉਹੀ ਧਰਤੀ 'ਤੇ ਪੌਦਾ ਲਾਉਣ ਵਾਲਾ ਕਾਨੂੰਨ ਕਿ ਪੌਦਾ ਪਾਣੀ ਨਾਲ ਜੜ੍ਹ ਫੜੇਗਾ, ਸਾਡੇ ਸਰੀਰ ਤੇ ਵੀ ਲਾਗੂ ਹੁੰਦਾ ਏ!"

ਜੋਗੇਂਦਰ ਦੋ ਕੁ ਘੰਟੇ ਉਸ ਕੋਲ ਬੈਠਿਆ। ਦੋਵੇਂ ਖੁਲ੍ਹ ਕੇ ਗੱਲਾਂ ਕਰਦੇ ਰਹੇ ਪਰ ਜੋਗੇਂਦਰ ਦੇ ਨਾਵਲ ਦੀ ਕੋਈ ਗੱਲ ਨਾ ਹੋਈ। ਜਦ ਉਹ ਉਠ ਕੇ ਜਾਣ ਲੱਗਿਆ ਤਾਂ ਕੁੰਦਨ ਬੋਲਿਆ,

"ਯਾਰ, ਆਉਂਦਾ ਰਿਹਾ ਕਰ, ਮੈਂ ਤਾਂ ਇਕੱਲ ਦਾ ਮਾਰਿਆ ਪਾਗਲ ਹੋਣ ਨੂੰ ਫਿਰਦਾਂ!"

ਉਸ ਤੋਂ ਬਾਅਦ ਜੋਗੇਂਦਰ ਇਕ ਵਾਰ ਫਿਰ ਗਿਆ। ਹੁਣ ਕੁੰਦਨ ਕੁਝ ਠੀਕ ਸੀ। ਤੁਰਿਆ ਫਿਰਦਾ ਸੀ। ਭਾਵੇਂ ਉਸ ਦੇ ਸਰੀਰ ਉਪਰ ਕਈ ਜ਼ਖਮ ਹੋਰ ਹੋ ਗਏ ਸਨ ਪਰ ਭਰ ਰਹੇ ਸਨ। ਜਿਥੋਂ ਜਿਥੋਂ ਲੈ ਕੇ ਮਾਸ ਲੱਤ ਵਿੱਚ ਲਾਇਆ ਗਿਆ ਸੀ, ਉਹ ਥਾਂ ਹੁਣ ਠੀਕ ਹੋ ਰਹੇ ਸਨ ਪਰ ਉਸ ਦੇ ਚਿਤੜਾਂ ਉਪਰਲੇ ਜ਼ਖਮ ਹਾਲੇ ਤਕ ਠੀਕ ਨਹੀਂ ਸਨ ਹੋਏ। ਉਥੇ ਦਵਾਈ ਲਾਉਣੀ ਪੈਂਦੀ ਸੀ ਜੋ ਕਿ ਨਰਸਾਂ ਹੀ ਲਾ ਸਕਦੀਆਂ।

ਇਹਨਾਂ ਦਿਨਾਂ ਵਿੱਚ ਹੀ ਇਕ ਦਿਨ ਪਾਇਲ ਉਸ ਨੂੰ ਮਿਲਣ ਆਈ। ਉਸ ਦੀ ਹਾਲਤ ਵੀ ਬਹੁਤੀ ਵਧੀਆ ਨਹੀਂ ਸੀ। ਉਹ ਬਹੁਤ ਮੁਸ਼ਕਲ ਨਾਲ ਤੁਰ ਰਹੀ ਸੀ। ਉਸ ਦੇ ਪੈਰ ਤੇ ਉਪਰ ਤਕ ਲੱਤਾਂ ਦੀ ਚਮੜੀ ਗਲ਼ੀ ਪਈ ਸੀ। ਕੰਮ 'ਤੇ ਉਹ ਜਾ ਨਹੀਂ ਸੀ ਸਕਦੀ। ਕੁੰਦਨ ਬੋਲਿਆ,

"ਕਿਉਂ ਨਹੀਂ ਤੂੰ ਘਰ ਆ ਜਾਂਦੀ, ਏਸ ਤਰ੍ਹਾਂ ਮੈਂ ਵੀ ਹਸਪਤਾਲ ਤੋਂ ਛੁੱਟੀ ਲੈ ਲੈਨਾ, ਜੇ ਤੂੰ ਮੇਰੇ ਪਿੱਛੇ ਦਵਾਈ ਲਾ ਦਿਆ ਕਰੇਂ ਤਾਂ ਘੱਟੋ ਘੱਟ ਮੈ ਘਰ ਤਾਂ ਚਲੇ ਜਾਵਾਂਗਾ।"

ਪਾਇਲ ਨੇ ਉਸ ਦੀ ਗੱਲ ਮੰਨ ਲਈ ਤੇ ਕੁਝ ਦਿਨਾਂ ਲਈ ਕੁੰਦਨ ਦੇ ਘਰ ਆ ਗਈ। ਕੁੰਦਨ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ। ਘਰ ਆ ਕੇ ਉਹ ਬਹੁਤ ਖੁਸ਼ ਸੀ। ਹਸਪਤਾਲ ਤਾਂ ਉਸ ਨੂੰ ਨਿਰਾ ਜੇਲ੍ਹ ਲੱਗ ਰਿਹਾ ਸੀ। ਪਾਇਲ ਭਾਵੇਂ ਉਸ ਲਈ ਬਹੁਤੀ ਸਹਾਈ ਨਹੀਂ ਸੀ ਪਰ ਉਸ ਦੀ ਘਰ ਵਿੱਚ ਹਾਜ਼ਰੀ ਹੀ ਬਹੁਤ ਸੀ। ਕੁੰਦਨ ਦੇ ਜ਼ਖਮ ਹੌਲੀ ਹੌਲੀ ਠੀਕ ਹੋ ਰਹੇ ਸਨ। ਦੋ ਕੁ ਹਫਤੇ ਵਿੱਚ ਪਾਇਲ ਵੀ ਸਿਹਤਵੰਦ ਮਹਿਸੂਸ ਕਰਨ ਲੱਗੀ। ਉਹ ਬੋਲੀ,

"ਡੈਡ, ਹੁਣ ਮੈਂ ਚਲਦੀ ਆਂ।"

"ਪਾਇਲ ਪਲੀਜ਼ ਠਹਿਰ ਹਾਲੇ, ਤੂੰ ਕਿਹੜਾ ਹਾਲੇ ਕੰਮ 'ਤੇ ਜਾਣਾਂ।"

"ਮੈਂ ਕੰਮ 'ਤੇ ਤਾਂ ਨਹੀਂ ਜਾਣਾ ਪਰ ਜਾ ਕੇ ਮੈਂ ਆਪਣਾ ਘਰ ਦੇਖਾਂ, ਆਪਣੇ ਦੋਸਤ ਦੇਖਾਂ, ਹੁਣ ਇਥੇ ਮੈਂ ਕੀ ਕਰਨਾਂ ਡੈਡ?"

"ਇਥੇ ਮੈਂ ਬਿਮਾਰ ਪਿਆਂ, ਇਥੇ ਤੂੰ ਆਪਣਾ ਪਿਓ ਦੇਖ।"

"ਲੁਕ ਡੈਡ, ਯੂ ਨੋਅ, ਆਏ ਹੈਵ ਮਾਏ ਓਨ ਲਾਇਫ!"

"ਬਹੁਤੀ ਅੰਗਰੇਜ਼ੀ ਬੋਲ ਕੇ ਨਾ ਦਿਖਾ, ...ਜਾਹ, ਜਿਵੇਂ ਮਰਜ਼ੀ ਕਰ।"

ਕੁੰਦਨ ਗੁੱਸੇ ਵਿੱਚ ਆਉਂਦਾ ਬੋਲਿਆ। ਪਾਇਲ ਕੁਝ ਦਿਨ ਲਈ ਹੋਰ ਰੁਕ ਗਈ ਪਰ ਉਹ ਹਰ ਵੇਲੇ ਆਪਣੇ ਘਰ ਜਾਣ ਬਾਰੇ ਗੱਲਾਂ ਕਰਦੀ ਰਹਿੰਦੀ। ਕੁੰਦਨ ਨੇ ਵੀ ਸੋਚਿਆ ਕਿ ਪਾਇਲ ਨੂੰ ਆਪਣੀਆਂ ਮੁਸੀਬਤਾਂ ਵਿੱਚ ਕਿਉਂ ਘੜੀਸੇ। ਇਕ ਦਿਨ ਉਸ ਨੇ ਪਾਇਲ ਨੂੰ ਕਿਹਾ,

"ਮੈਂ ਸੋਚਦਾਂ ਕਿ ਮੈਂ ਮੋਹਣੀ ਨੂੰ ਲੈ ਆਵਾਂ।"

"ਨਹੀਂ ਡੈਡ, ਏਹ ਕੰਮ ਨਾ ਕਰਨਾ।"

"ਕਿਉਂ?"

"ਦੇਖੋ, ਤੁਹਾਡੇ ਨਾਲ ਉਹ ਸੌਂਦੀ ਨਹੀਂ, ਤੁਹਾਡੇ ਕਿਸੇ ਹੋਰ ਕੰਮ ਵੀ ਨਹੀਂ ਆਉਣ ਵਾਲੀ ਉਹ, ਤੁਹਾਨੂੰ ਹੋਰ ਮਾਨਸਿਕ ਪਰੇਸ਼ਾਨੀ ਵੀ ਦੇਵੇਗੀ।"

"ਪਾਇਲ, ਜਿੰਨਾ ਮੈਂ ਹੁਣ ਪਰੇਸ਼ਾਨ ਹਾਂ, ਇਸ ਤੋਂ ਜ਼ਿਆਦਾ ਤਾਂ ਨਹੀਂ ਨਾ ਹੋਣ ਲੱਗਿਆ, ਆਖਰ ਮੇਰੀ ਉਹ ਵਿਆਹੁਤਾ ਔਰਤ ਏ!"

"ਡੈਡ, ਤੁਹਾਡੀ ਮਰਜ਼ੀ ਏ ਪਰ ਆਏ ਡੌਂਟ ਲਾਏਕ ਹਰ!"

"ਪਾਇਲ, ਤੂੰ ਮੇਰੇ ਕੋਲ ਨਹੀਂ ਆ ਸਕਦੀ, ਅਮਰਜੋਤ ਨਹੀਂ ਆ ਸਕਦਾ ਤੇ ਫੇਰ ਕੀ ਮੈਂ ਇਥੇ ਇਕੱਲਾ ਦਰਦ ਨਾਲ ਲੇਰਾਂ ਮਾਰਾਂ?"

ਪਾਇਲ ਕੁਝ ਨਾ ਬੋਲੀ। ਜਿਸ ਦਿਨ ਉਹ ਗਈ, ਕੁੰਦਨ ਨੇ ਮੋਹਣੀ ਨੂੰ ਫੋਨ ਘੁਮਾ ਲਿਆ। ਮੁੜ ਉਹੋ ਆਉਣ ਲਈ ਮਿੰਨਤਾਂ-ਤਰਲੇ ਕਰਨ ਲੱਗਿਆ ਪਰ ਮੋਹਣੀ ਨਾਂਹ ਵਿੱਚ ਸਿਰ ਫੇਰਦੀ ਰਹੀ। ਇਹਨਾਂ ਦਿਨਾਂ ਵਿੱਚ ਹੀ ਮੋਹਣੀ ਦੀ ਮਾਂ ਵੀ ਇੰਡੀਆ ਤੋਂ ਉਸ ਨੂੰ ਮਿਲਣ ਆਈ ਹੋਈ ਸੀ। ਕੁੰਦਨ ਨੇ ਉਸ ਨਾਲ ਵੀ ਗੱਲਾਂ ਕੀਤੀਆਂ ਤੇ ਉਸ ਦੇ ਪੈਰੀਂ ਪੈਣ ਤਕ ਲਈ ਵੀ ਕਿਹਾ ਪਰ ਗੱਲ ਨਾ ਬਣੀ।

ਵੈਸੇ ਤਾਂ ਦਵਾਈਆਂ ਖਾਣ ਕਰਕੇ ਉਸ ਨੂੰ ਸ਼ਰਾਬ ਪੀਣ ਦੀ ਮਨਾਹੀ ਸੀ ਪਰ ਥੋੜੀ ਬਹੁਤ ਉਹ ਪੀ ਹੀ ਲੈਂਦਾ ਸੀ। ਪੀ ਕੇ ਉਹ ਜ਼ਿਆਦਾ ਜਜ਼ਬਾਤੀ ਹੋ ਜਾਂਦਾ ਤੇ ਮੋਹਣੀ ਨੂੰ ਫੋਨ ਕਰਨ ਲੱਗਦਾ। ਨਿਰਮਲ ਨਾਕਸ ਨੂੰ ਤੇ ਸੁਖਚੈਨ ਸਿੰਘ ਦੀਆਂ ਮਿੰਨਤਾਂ-ਤਰਲੇ ਕਰਦਾ ਕਿ ਕਿਸੇ ਤਰ੍ਹਾਂ ਮੋਹਣੀ ਨੂੰ ਮਨਾਓ ਪਰ ਮੋਹਣੀ ਟੱਸ ਤੋਂ ਮੱਸ ਨਹੀਂ ਸੀ ਹੋ ਰਹੀ।...

ਇਕ ਦਿਨ ਉਸ ਨੇ ਦੋ ਕੁ ਗਲਾਸੀਆਂ ਲਾਈਆਂ ਤੇ ਬੁੜਬੁੜਾਉਣ ਲੱਗਾ,

"ਮਾਈਂ ਯਾਵਿਆ, ਇਹ ਵੀ ਕੋਈ ਜ਼ਿੰਦਗੀ ਏ, ਏਦੂੰ ਤਾਂ ਮਰ ਜਾਹ, ਜਗਾਹ ਵਿਹਲੀ ਕਰ!"

ਫਿਰ ਉਹ ਰੋਣ ਲੱਗ ਪਿਆ ਤੇ ਕਿੰਨੀ ਦੇਰ ਤਕ ਰੋਂਦਾ ਰਿਹਾ। ਉਸ ਦਾ ਦਿਲ ਕੀਤਾ ਕਿ ਕਿਸੇ ਨਾਲ ਗੱਲ ਕਰ ਕੇ ਮਨ ਹਲਕਾ ਕਰੇ। ਉਸ ਨੇ ਫੋਨ ਨੰਬਰ ਵਾਲੀ ਡਾਇਰੀ ਚੁੱਕ ਲਈ। ਡਾਇਰੀ ਖੋਹਲਦਿਆਂ ਹੀ ਸਾਹਮਣੇ ਮੁਸ਼ਤਾਕ ਮਲਿਕ ਦਾ ਨੰਬਰ ਨਿਕਲ ਆਇਆ। ਮੁਸ਼ਤਾਕ ਮਲਿਕ ਪਾਕਿਸਤਾਨੀ ਪੰਜਾਬੀ ਲੇਖਕ ਸੀ। ਕੁੰਦਨ ਦੀ ਉਸ ਨਾਲ ਵੀ ਕਦੇ ਕਦੇ ਫੋਨ ਉਪਰ ਗੱਲਬਾਤ ਹੋ ਜਾਂਦੀ ਸੀ। ਕਦੇ ਕਿਸੇ ਫੰਕਸ਼ਨ ਉਪਰ ਮਿਲ ਵੀ ਜਾਂਦੇ ਤਾਂ ਵਾਹਵਾ ਘੁਲ਼-ਮਿਲ਼ ਕੇ ਗੱਲਾਂ ਕਰਦੇ। ਉਸ ਨੇ ਫੋਨ ਘੁਮਾਇਆ। ਰੇਹਾਨਾ ਮਲਿਕ ਨੇ ਫੋਨ ਚੁੱਕਿਆ। ਉਸ ਨੇ ਅਗੇ ਮੁਸ਼ਤਾਕ ਮਲਿਕ ਨੂੰ ਫੜਾ ਦਿਤਾ। ਮੁਸ਼ਤਾਕ ਬੋਲਿਆ,

"ਕੁੰਦਨ, ਮੇਰੇ ਭਰਾ, ਬੜੀ ਦੇਰ ਬਾਅਦ ਫੋਨ ਕੀਤਾ ਜੇ, ਮੈਂ ਤਾਂ ਤੇਰੀਆਂ ਬਹੁ ਗੱਲਾਂ ਕਰਿਆ ਕਰਦਾਂ, ਕੀ ਹਾਲ ਏ ਮੇਰੇ ਯਾਰ ਦਾ?"

ਜਵਾਬ ਦੇਣ ਦੀ ਥਾਂ ਕੁੰਦਨ ਰੋਣ ਦਾ ਨਿਕਲ ਗਿਆ। ਮਸ਼ਤਾਕ ਮਲਿਕ ਨੇ ਫਿਰ ਕਿਹਾ,

"ਕੁੰਦਨ ਸਿਆਂ, ਮੈਂ ਤੇਰਾ ਸਕਾ ਭਰ ਵਾਂ, ਮੈਨੂੰ ਦੱਸ ਤਾਂ ਸਹੀ, ਕੀ ਪ੍ਰੌਬਲਮ ਏ?"

"ਮਲਿਕ, ਜੇ ਤੂੰ ਮੇਰਾ ਸਕਾ ਭਰਾ ਏਂ ਤਾਂ ਮੇਰੀ ਮੱਦਦ ਕਰ।"

"ਹੋਇਆ ਕੀ ਏ?"

"ਮੈਂ ਬਹੁਤ ਇਕੱਲਾਂ, ਮੈਨੂੰ ਲੱਗਦਾ ਏ ਕਿ ਇਕੱਲ ਨੇ ਮੈਨੂੰ ਪਾਗਲ ਕਰ ਦਿਤਾ ਏ।"

"ਓ ਭਰਾ ਮੇਰੇ! ਹੌਂਸਲਾ ਰੱਖ, ਮੈਂ ਹੁਣੇ ਈ ਆਉਨਾਂ।"

ਮੁਸ਼ਤਾਕ ਮਲਿਕ ਤੇ ਉਸ ਦੀ ਘਰ ਵਾਲੀ ਡੇੜ ਕੁ ਘੰਟੇ ਬਾਅਦ ਪੁੱਜ ਗਏ। ਕੁੰਦਨ ਉਹਨਾਂ ਦੇ ਗੱਲ਼ ਲੱਗ ਕੇ ਧਾਹਾਂ ਮਾਰ ਮਾਰ ਕੇ ਰੋਣ ਲਗ ਪਿਆ। ਮੁਸ਼ਤਾਕ ਨੇ ਬੜੀ ਮੁਸ਼ਕਲ ਨਾਲ ਚੁੱਪ ਕਰਾਇਆ। ਉਹ ਰੇਹਾਨਾ ਨੂੰ ਬੋਲਿਆ,

"ਤੂੰ ਮੇਰੀ ਸਕੀ ਭੈਣ! ਮੇਰੀ ਮੱਦਦ ਕਰ, ਮੈਨੂੰ ਬਚਾ ਲੈ, ...ਮੈਂ ਬਹੁਤ ਇਕੱਲਾਂ, ਭੈਣੇ, ਆਪਣੇ ਭਰਾ ਨੂੰ ਬਚਾ!"

ਆਖਦਾ ਉਹ ਰੋਂਦਾ ਜਾ ਰਿਹਾ ਸੀ। ਰੇਹਾਨਾ ਵੀ ਜਜ਼ਬਾਤੀ ਹੋ ਗਈ। ਮੁਸ਼ਤਾਕ ਮਲਿਕ ਵੀ। ਮੁਸ਼ਤਾਕ ਨੇ ਕਿਹਾ,

"ਐਡਾ ਵੱਡਾ ਮਿਡਲਸੈਕਸ ਏ, ਏਨੇ ਪੰਜਾਬੀ ਦੇ ਲੇਖਕ ਰਹਿੰਦੇ ਨੇ, ਤੈਨੂੰ ਕੋਈ ਵੀ ਮਿਲਣ ਨਹੀਂ ਆਉਂਦਾ?"

"ਮੁਸ਼ਤਾਕ, ਮੇਰੇ ਸਕੇ ਭਰਾ! ਮੈਂ ਜੇਠੂ ਆਂ, ਜੇਠੂ ਨੂੰ ਕੋਈ ਲਾਈਕ ਨਹੀਂ ਕਰਦਾ, ਕੋਈ ਨਹੀਂ ਮਿਲਣ ਆਉਂਦਾ ਮੈਨੂੰ, ਜਿਵੇਂ ਮੈਂ ਸਭ ਲਈ ਮਰ ਗਿਆ ਹੋਵਾਂ। ...ਬਚਪੱਨ ਵਿੱਚ ਮਾਂ-ਪਿਓ ਛੱਡ ਗਏ, ਫੇਰ ਘਰਵਾਲੀ ਛੱਡ ਗਈ, ...ਸਾਰੇ ਦੋਸਤ, ਮੇਰਾ ਪੁੱਤ, ਮੇਰੀ ਧੀ, ਮੇਰੀ ਮੋਹਣੀ ਸਭ ਮੈਨੂੰ ਛੱਡ ਗਏ, ...ਓ ਰੱਬ ਦੇ ਵਾਸਤੇ ਦੱਸੋ ਤਾਂ ਸਹੀ, ਮੇਰਾ ਕਸੂਰ ਕੀ ਸੀ?"

"ਮੈਂ ਆ ਗਿਆਂ ਕੁੰਦਨ ਸਿਆਂ, ਤੂੰ ਰੱਤੀ ਫਿਕਰ ਨਾ ਕਰ, ਤੂੰ ਮੇਰੇ ਨਾਲ ਮੇਰੇ ਘਰ ਚੱਲ, ਜਿੰਨਾ ਚਿਰ ਤੇਰਾ ਦਿਲ ਕਰਦਾ ਰਹਿ, ਮੇਰੇ ਬੱਚੇ ਤੇਰੀ ਪੂਰੀ ਸੇਵਾ ਕਰਨਗੇ।"

ਕੁੰਦਨ ਨੂੰ ਕੁਝ ਧਰਵਾਸ ਆਉਣ ਲੱਗਿਆ। ਉਸ ਦਾ ਰੋਣਾ ਕੁਝ ਰੁਕਿਆ। ਉਸ ਨੇ ਬੋਤਲ ਚੁੱਕ ਕੇ ਇਕ ਗਲਾਸੀ ਆਪਣੇ ਲਈ ਪਾਈ ਤੇ ਇਕ ਮੁਸ਼ਤਾਕ ਲਈ। ਕੁੰਦਨ ਨੇ ਫਿਰ ਕਿਹਾ,

"ਸ਼ੁਕਰੀਆ ਮੇਰੇ ਭਰਾ, ਸ਼ੁਕਰੀਆ ਮੇਰੀ ਭੈਣ ਰੇਹਾਨਾ! ਤੁਸੀਂ ਰੱਬ ਬਣ ਕੇ ਬਹੁੜੇ ਓ, ਆਹ ਸਾਰੇ ਪੰਜਾਬੀ ਲੋਕ ਤਾਂ ਮੇਰੇ ਲਈ ਮਰ ਗਏ, ਮੈਂ ਇਹਨਾਂ ਸਾਲ਼ਿਆਂ ਬੈਹੜਿਆਂ ਦਿਆਂ ਲਈ ਮਰ ਗਿਆਂ! ਦੇਖ ਮੇਰੀ ਹਾਲਤ, ਏਸ ਹਾਲਤ ਵਿਚ ਮੈਨੂੰ ਛੱਡ ਕੇ ਤੁਰਦੇ ਬਣੇ ਨੇ, ...ਦੱਸੋ, ਉਹ ਹਨੇਰ ਸਾਈਂ ਦਾ! ਭਲਾ ਹੁਣ ਮੈਂ ਕਿਹੜੇ ਖੂਹ ਵਿੱਚ ਪੈ ਜਾਵਾਂ?"

ਮੁਸ਼ਤਾਕ ਮਲਿਕ ਆਪਣਾ ਪੈੱਗ ਨਹੀਂ ਸੀ ਪੀ ਰਿਹਾ। ਕੁੰਦਨ ਕਹਿਣ ਲੱਗਿਆ,

"ਮੇਰੇ ਭਾਊ, ਮੈਨੂੰ ਪਤਾ ਤੈਨੂੰ ਇਸਲਾਮ ਪੀਣ ਦੀ ਇਜਾਜ਼ਤ ਨਹੀਂ ਦਿੰਦਾ ਪਰ ਏਸ ਵੇਲੇ ਤੂੰ ਏਸ ਵੇਲੇ ਇਕ ਜ਼ਰੂਰਵੰਦ ਦੀ ਮੱਦਦ ਕਰ ਰਿਹਾ ਏਂ, ਚੁੱਪ ਕਰਕੇ ਪੀ ਜਾ।"

ਮੁਸ਼ਤਾਕ ਮਲਿਕ ਚੋਰੀ ਚੋਰੀ ਪੀ ਲੈਂਦਾ ਸੀ। ਉਸ ਨੇ ਇਕ ਵਾਰ ਆਪਣੀ ਬੀਵੀ ਵਲ ਦੇਖਿਆ ਤੇ ਪੈੱਗ ਚੁੱਕ ਲਿਆ। ਖਾਲੀ ਗਲਾਸ ਇਕ ਪਾਸੇ ਰੱਖਦਾ ਬੋਲਿਆ,

"ਕੁੰਦਨ, ਮੇਰੇ ਸਕੇ ਭਰਾ! ਮੈਂ ਤੇਰੀ ਹੁਣ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈਂਨਾ, ਮੈਨੂੰ ਅੱਲਾ ਦੀ ਕਸਮ ਕਿ ਤੈਨੂੰ ਬਹੁਤ ਜਲਦ ਠੀਕ ਕਰ ਦੇਵਾਂਗਾ, ਫੇਰ ਏਹਨਾਂ ਲੋਕਾਂ ਦੇ ਮੂੰਹ 'ਤੇ ਮਾਰਾਂਗਾ ਕਿ ਤੁਸੀਂ ਕੁੰਦਨ ਦੇ ਵੱਡੇ ਦੋਸਤ-ਰਿਸ਼ਤੇਦਾਰ ਬਣੇ ਫਿਰਦੇ ਓ, ਤੁਸੀਂ ਮਹਾਂਘਟੀਆ ਲੋਕ ਓ!"

"ਬਿਲਕੁਲ ਮੁਸ਼ਤਾਕ, ਇਹ ਬਹੁਤ ਘਟੀਆ ਲੋਕ ਨੇ, ਮੈਂ ਇਹਨਾਂ ਵਿੱਚ ਰਹਿਣਾ ਹੀ ਨਹੀਂ ਚਾਹੁੰਦਾ। ਮੈਂ ਇਹਨਾਂ ਸਭ ਨੂੰ ਨਫਰਤ ਕਰਦਾਂ! ਇਹ ਸਾਰੇ ਜੇਠੂ ਦੇ ਮੁੱਢ-ਕਦੀਮ ਤੋਂ ਦੁਸ਼ਮਣ ਨੇ।"

"ਕੁੰਦਨ, ਮੈਂ ਇਕ ਸਲਾਹ ਦੇਵਾਂ, ਤੂੰ ਚੁੱਪ ਕਰਕੇ ਮੁਸਲਮਾਨ ਬਣ ਜਾ।"

"ਮੇਰੇ ਭਰਾ, ਮੈਨੂੰ ਏਸ ਇਕੱਲ ਤੋਂ ਬਚਾ ਲੈ, ਜਿਤਰਾਂ ਕਹੇਂਗਾ ਕਰਾਂਗਾ, ਮੁਸਲਮਾਨ ਵੀ ਬਣ ਜਾਵਾਂਗਾ, ਏਹ ਸਾਲ਼ੇ ਬੈਹੜਿਆਂ ਦੇ ਘਟੀਆ ਲੋਕ, ਇਹਨਾਂ ਵਿੱਚ ਮੈਂ ਰਹਿਣਾ ਈ ਨਹੀਂ।"

ਰੋਂਦਾ ਹੋਇਆ ਕੁੰਦਨ ਆਪਣਾ ਨੱਕ ਵੀ ਪੂੰਝਦਾ ਜਾ ਰਿਹਾ ਸੀ। ਉਹ ਦੋ ਘੰਟੇ ਕੁੰਦਨ ਕੋਲ ਬੈਠੇ ਰਹੇ। ਕੁੰਦਨ ਨੂੰ ਮੁਸਲਮਾਨ ਬਣਾਉਣ ਲਈ ਤਿਆਰ ਕਰਦੇ ਰਹੇ। ਕੁੰਦਨ ਤਾਂ ਪਹਿਲਾਂ ਹੀ ਜਿਵੇਂ ਚੋਰ ਨਾਲੋਂ ਪੰਡ ਕਾਹਲੀ ਵਾਂਗ ਹੋਇਆ ਪਿਆ ਸੀ। ਉਸ ਨੂੰ ਆਪਣੇ ਆਲੇ-ਦੁਆਲੇ ਦਾ ਹਰ ਬੰਦਾ ਦੁਸ਼ਮਣ ਜਾਪ ਰਿਹਾ ਸੀ। ਤੁਰਨ ਲਗਿਆ ਮੁਸ਼ਤਾਕ ਮਲਿਕ ਬੋਲਿਆ,

"ਮੈਂ ਮੌਲਵੀ ਨਾਲ ਗੱਲ ਕਰ ਰੱਖਾਂਗਾ, ਅਸੀਂ ਕੱਲ ਨੂੰ ਆਵਾਂਗੇ, ਤੈਨੂੰ ਪੂਰੀ ਇੱਜ਼ਤ ਨਾਲ ਲੈ ਕੇ ਜਾਵਾਂਗੇ, ਦੇਖੀਂ ਤੈਨੂੰ ਸਾਡੇ ਮੁਆਸ਼ਰੇ ਵਿੱਚ ਕਿੰਨਾ ਮੋਹ ਮਿਲ਼ੇਗਾ, ਕਿੰਨੀ ਰਿਸਪੈਕਟ ਮਿਲੇਗੀ!"

"ਮੇਰੇ ਸਕੇ ਭਰਾ, ਮੈਂ ਇਹੋ ਚਾਹੁੰਨਾਂ ਕਿ ਮੈਂ ਇਥੋਂ ਕਿਤੇ ਦੂਰ ਚਲੇ ਜਾਵਾਂ। ਮੈਨੂੰ ਇੱਜ਼ਤ ਦੀ ਜ਼ਿੰਦਗੀ ਚਾਹੀਦੀ ਏ, ਇਸ ਦੇ ਬਦਲੇ ਮੈਨੂੰ ਮੁਸਲਮਾਨ ਬਣਨਾ ਵੀ ਮਨਜ਼ੂਰ ਏ।"

ਜੇਠੂ ਆਖ ਰਿਹਾ ਸੀ ਤੇ ਨਾਲ਼ ਦੀ ਨਾਲ਼ ਟੀਸੂਆਂ ਨਾਲ ਨੱਕ ਪੂੰਝਦਾ ਜਾ ਰਿਹਾ ਸੀ। ਮੁਸ਼ਤਾਕ ਤੇ ਰੇਹਾਨਾ ਅਗਲੇ ਦਿਨ ਆਉਣ ਦਾ ਵਾਅਦਾ ਕਰਕੇ ਚਲੇ ਗਏ। ਉਹ ਸੈਟੀ ਤੇ ਹੀ ਸੌਂ ਗਿਆ। ਤਿੰਨ ਕੁ ਘੰਟੇ ਸੌਂ ਕੇ ਉਠਿਆ ਤਾਂ ਉਸ ਦਾ ਨਸ਼ਾ ਉਤਰ ਚੁੱਕਿਆ ਸੀ। ਉਸ ਨੇ ਹੌਲੀ ਹੌਲੀ ਬਾਥਰੂਮ ਜਾ ਕੇ ਮੂੰਹ ਉਪਰ ਪਾਣੀ ਦੇ ਛਿੱਟੇ ਮਾਰੇ। ਉਸ ਨੇ ਇਕ ਵਾਰ ਫਿਰ ਸਾਰੀ ਸਥਿਤੀ ਬਾਰੇ ਸੋਚਿਆ ਤੇ ਮੋਹਣੀ ਨੂੰ ਫੋਨ ਘੁਮਾ ਲਿਆ,

"ਮੋਹਣੀ, ਮੇਰੀ ਜਾਨ ਮੋਹਣੀ, ਮੇਰਾ ਸਭ ਕੁਝ ਮੋਹਣੀ, ਏਸ ਵੇਲੇ ਮੈਂ ਬਿਲਕੁਲ ਹੋਸ਼-ਹਵਾਸ ਵਿੱਚ ਆਂ ਤੇ ਇਕ ਵਾਰ ਫਿਰ ਦਿਲ ਦੀ ਗੱਲ ਕਹਿਣੀ ਚਾਹੁੰਨਾ।"

"ਕੁੰਦਨ ਜੀ, ਤੁਸੀਂ ਸਦਾ ਹੀ ਦਿਲ ਦੀ ਗੱਲ ਕਹਿੰਦੇ ਓ ਪਰ ਮੈਂ ਨਹੀਂ ਆ ਸਕਦੀ। ਮੈਂ ਜਿੰਨਾ ਕੁ ਨਰਕ ਭੋਗਣਾ ਸੀ ਭੋਗ ਚੁੱਕੀ ਆਂ, ਹੋਰ ਨਰਕ ਮੇਰੇ ਵੱਸ ਵਿਚ ਨਹੀਂ।"

"ਮੋਹਣੀ, ਮੇਰੀ ਜਾਨ, ਮੇਰਾ ਸਭ ਕੁਝ, ਮੈਂ ਇਸ ਵੇਲੇ ਅਪਾਹਜ ਦੀ ਜ਼ਿੰਦਗੀ ਜੀ ਰਿਹਾਂ, ਪਲੀਜ਼ ਆ ਜਾ। ਰਜਨੀ ਬਣ ਕੇ ਆ ਜਾ। ਰਜਨੀ ਨੇ ਡੁੱਡੇ ਨਾਲ ਵਿਆਹ ਕਰ ਲਿਆ ਸੀ ਤੇ ਉਹਦੀ ਸੇਵਾ ਵਿੱਚ ਰੁੱਝ ਗਈ ਸੀ। ਮੇਰੀ ਰਜਨੀ, ਮੈਂ ਵੀ ਇਸ ਵੇਲੇ ਡੁੱਡਾ ਹੀ ਆਂ, ਪਲੀਜ਼ ਆ ਜਾ...।"

ਆਖਦਾ ਉਹ ਰੋਣ ਲੱਗਿਆ ਪਰ ਮੋਹਣੀ ਨੇ ਫੋਨ ਰੱਖ ਦਿਤਾ। ਅਜਿਹੇ ਵਾਸਤੇ ਉਹ ਪਹਿਲੀ ਵਾਰ ਨਹੀਂ ਸੀ ਪਾ ਰਿਹਾ।...

ਅਗਲੇ ਦਿਨ ਮੁਸ਼ਤਾਕ ਮਲਿਕ ਤੇ ਰੇਹਾਨਾ ਦੁਪਿਹਰ ਤੋਂ ਬਾਅਦ ਆ ਗਏ। ਉਹ ਸਾਰਾ ਇੰਤਜ਼ਾਮ ਕਰ ਆਏ ਸਨ। ਮੌਲਵੀ ਦਾ ਇੰਤਜ਼ਾਮ ਵੀ ਕਰ ਆਏ ਸਨ ਤੇ ਆਪਣੇ ਇਲਾਕੇ ਦੇ ਕੁਝ ਮੋਹਤਵਾਰ ਬੰਦਿਆਂ ਦਾ ਵੀ। ਉਹ ਉਹਨਾਂ ਨੂੰ ਕੁੰਦਨ ਨੂੰ ਲੈ ਕੇ ਵਾਪਸ ਪੁੱਜਣ ਦਾ ਸਮਾਂ ਵੀ ਦੇ ਆਏ ਸਨ। ਉਹਨਾਂ ਨੂੰ ਪਤਾ ਸੀ ਕਿ ਕੁੰਦਨ ਕੋਈ ਆਮ ਵਿਅਕਤੀ ਨਹੀਂ ਸੀ। ਐਡੇ ਨਾਮੀ ਲੇਖਕ ਨੂੰ ਮੁਸਲਮਾਨ ਬਣਾਉਣ ਨਾਲ ਮੁਸ਼ਤਾਕ ਮਲਿਕ ਦਾ ਆਪਣੇ ਲੋਕਾਂ ਵਿੱਚ ਰੁਤਬਾ ਵੱਡਾ ਹੋਣਾ ਸੀ। ਉਹ ਪੁੱਜੇ ਤਾਂ ਕੁੰਦਨ ਸ਼ਰਾਬ ਨਾਲ ਰੱਜਿਆ ਬੈਠਾ ਸੀ। ਉਹ ਮੁਸ਼ਤਾਕ ਨੂੰ ਜੱਫੀ ਪਾ ਕੇ ਮਿਲਿਆ ਜਿਵੇਂ ਕੋਈ ਦੇਰ ਦਾ ਵਿਛੜਿਆ ਹੋਵੇ। ਉਸ ਨੇ ਰੇਹਾਨਾ ਦੇ ਸਿਰ ਤੇ ਪਿਆਰ ਭਰਿਆ ਹੱਥ ਫੇਰਿਆ। ਮੁਸ਼ਤਾਕ ਬੋਲਿਆ,

"ਮੈਂ ਤੇਰੇ ਲਈ ਨਵੀਂ-ਨਿਕੋਰ ਰਜਾਈ ਲਿਆਇਆਂ, ਨਵੇਂ ਕਪੜੇ ਵੀ, ਨਵਾਂ ਸਲਵਾਰ ਸੂਟ ਲਿਆਇਆਂ ਜਿਹੜਾ ਤੂੰ ਕਲਮਾਂ ਪੜ੍ਹਨ ਸਮੇਂ ਪਾਉਣਾ ਏਂ।"

"ਮੁਸ਼ਤਾਕ, ਥੈਂਕਿਊ ਤੇਰੇ ਪਿਆਰ ਦਾ, ਮੈਨੂੰ ਪਤਾ ਸੀ ਤੂੰ ਈ ਮੇਰੀ ਧਿਰ ਬਣੇਗਾ, ਮੈਂ ਡਾਕਟਰ ਕੁੰਦਨ ਸਿੰਘ ਕੁੰਦਨ, ਬੰਦਾ ਕੁ ਬੰਦਾ ਪੱਛਾਣ ਲੈਨਾਂ। ਮੇਰੇ ਸਕੇ ਭਰਾ, ਜਿਤਰਾਂ ਤੂੰ ਅੱਜ ਮੇਰੇ ਕੰਮ ਆਇਆਂ ਜੇ ਕਦੇ ਮੌਕਾ ਮਿਲਿਆ ਤਾਂ ਮੈਂ ਵੀ ਤੇਰੇ ਕੰਮ ਆਵਾਂਗਾ, ਤੇਰੇ ਲਈ ਮੇਰੀ ਜਾਨ ਹਾਜ਼ਰ ਹੋਵੇਗੀ।"

"ਕੁੰਦਨ, ਤੂੰ ਏਹ ਸੋਚ ਕਿ ਮੁਸਲਮਾਨ ਬਣ ਕੇ ਤੂੰ ਨਾਂ ਕਿਹੜਾ ਰੱਖਣਾ ਏ ਜਾਂ ਫੇਰ ਮੌਲਵੀ ਹੀ ਰੱਖ ਦੇਵੇ?"

"ਮੈਂ ਆਪਣਾ ਨਾਂ ਰੱਖਣਾ ਏਂ ਮੁਹੰਮਦ ਅਲੀ! ਵੈਸੇ ਮੁਸ਼ਤਾਕ ਮੇਰੀ ਸੁੰਨਤ ਹੋ ਚੁੱਕੀ ਏ।"

"ਅੱਛਾ!"

"ਹਾਂ, ਤੇਰੀ ਕਸਮ, ਮੈਂ ਜਮਾਂਦਰੂ ਸੁੰਨਤੀ ਆਂ, ਆਹ ਲੈ ਮੈਂ ਦਿਖਾਉਨਾਂ।"

ਆਖਦਿਆਂ ਉਸ ਨੇ ਆਪਣੀ ਟਰਾਊਜ਼ਰ ਦੀ ਜਿੱਪ ਨੂੰ ਹੱਥ ਪਾ ਲਿਆ। ਰੇਹਾਨਾ ਸ਼ਰਮਾਉਣ ਲੱਗੀ। ਕੁੰਦਨ ਨੂੰ ਵੀ ਉਸ ਦੇ ਕੋਲ ਬੈਠੀ ਹੋਣ ਦਾ ਅਹਿਸਾਸ ਹੋ ਗਿਆ, ਤੇ ਬੋਲਿਆ,

"ਤੂੰ ਭੈਣਾਂ, ਦੂਜੇ ਕਮਰੇ ਵਿੱਚ ਚਲੇ ਜਾਹ ਜ਼ਰਾ!"

ਰੇਹਾਨਾ ਉਠ ਕੇ ਜਾਣ ਲਗੀ ਤਾਂ ਮੁਸ਼ਤਾਕ ਕਹਿਣ ਲੱਗਿਆ,

"ਕੋਈ ਗੱਲ ਨਹੀਂ ਕੁੰਦਨ, ਤੂੰ ਏਹਦਾ ਫਿਕਰ ਨਾ ਕਰ, ਏਹ ਮੌਲਵੀ ਆਪੇ ਦੇਖ ਲਵੇਗਾ, ਜੋ ਲੋੜ ਹੋਈ ਉਹੀ ਕਰੇਗਾ, ਚੱਲ ਉਠ ਹੁਣ ਆਪਾਂ ਚੱਲੀਏ।"

ਕੁੰਦਨ ਨੇ ਬੋਤਲ ਚੁੱਕ ਕੇ ਇਕ-ਇਕ ਪਟਿਆਲਾ ਸ਼ਾਹੀ ਪਾਇਆ। ਰੇਹਾਨਾ ਬੋਲੀ,

"ਵੀਰੇ, ਸ਼ਰਾਬ ਤਾਂ ਤੈਨੂੰ ਛੱਡਣੀ ਪੈਸੀ!"

"ਭੈਣਾਂ, ਅੱਜ ਦਾ ਦਿਨ ਈ ਏ, ਜਦ ਮੈਂ ਮੁਸਲਮਾਨ ਈ ਬਣ ਗਿਆ ਤਾਂ ਫੇਰ ਕਿਹਨੇ ਪੀਣੀ ਏਂ!"

ਮਸ਼ਤਾਕ ਨੇ ਕਾਹਲੀ ਨਾਲ ਆਪਣਾ ਪੈੱਗ ਪੀਤਾ ਤੇ ਕੁੰਦਨ ਨੂੰ ਉਠਣ ਲਈ ਕਹਿਣ ਲੱਗਿਆ। ਕੁੰਦਨ ਨੇ ਇਕ ਹੋਰ ਪੈੱਗ ਪਾ ਲਿਆ ਤੇ ਬੋਲਿਆ,

"ਮੁਸ਼ਤਾਕ ਮਲਿਕ, ਤੂੰ ਸੱਚੀਂ ਅੱਜ ਮੇਰਾ ਸਕਾ ਭਰਾ ਬਣ ਕੇ ਦਿਖਾ ਦਿਤਾ, ਬਸ, ਆਹੋ ਇਕ ਪੈੱਗ ਏ!"

ਮੁਸ਼ਤਾਕ ਤੇ ਰੇਹਾਨਾ ਇਕ ਦੂਜੇ ਵਲ ਦੇਖਦੇ ਜਾ ਰਹੇ ਸਨ। ਮੁਸ਼ਤਾਕ ਰਹਿ ਰਹਿ ਕੇ ਘੜੀ ਉਪਰ ਵੀ ਨਜ਼ਰ ਰੱਖ ਰਿਹਾ ਸੀ। ਉਸ ਨੂੰ ਪਤਾ ਸੀ ਪਿੱਛੇ ਮੌਲਵੀ ਤੇ ਹੋਰ ਬੰਦੇ ਉਹਨਾਂ ਨੂੰ ਉਡੀਕ ਰਹੇ ਸਨ। ਮੁਸ਼ਤਾਕ ਨੇ ਕੁੰਦਨ ਦੇ ਜੁੱਤੀ ਪੁਆਈ। ਉਹ ਕੁੰਦਨ ਦੀ ਬੰਨੀ-ਬੰਨਾਈ ਪੱਗ ਨੂੰ ਚੁੱਕ ਕੇ ਕੁੰਦਨ ਦੇ ਸਿਰ 'ਤੇ ਰੱਖਣ ਲੱਗਾ ਤਾਂ ਕੁੰਦਨ ਬੋਲਿਆ,

"ਇਹਦੀ ਹੁਣ ਕੀ ਲੋੜ ਏ?"

"ਫੇਰ ਵੀ ਚੰਗੀ ਹੁੰਦੀ ਏ ਯਾਰ!"

ਮੁਸ਼ਤਾਕ ਮਲਿਕ ਨੇ ਆਖਿਆ। ਉਹ ਉਸ ਨੂੰ ਇਕ ਸਿੱਖ ਦੇ ਤੌਰ 'ਤੇ ਹੀ ਲੈ ਜਾ ਕੇ ਮੁਸਲਮਾਨ ਬਣਾਉਣਾ ਚਾਹੁੰਦਾ ਸੀ।

ਕੁੰਦਨ ਨੇ ਆਖਿਆ ਤੇ ਇਕ ਪੈੱਗ ਹੋਰ ਪਾਉਣ ਲੱਗਿਆ। ਮੁਸ਼ਤਾਕ ਮਲਿਕ ਘੜੀ ਦੇਖਦਾ ਗੁੱਸੇ ਵਿੱਚ ਆਇਆ ਖੜਿਆ ਸੀ। ਉਸ ਨੇ ਕਿਹਾ,

"ਯਾਰ, ਮੁਆਸ਼ਰੇ ਦੇ ਬਹੁਤ ਸਾਰੇ ਮੋਹਤਬਾਰ ਲੋਕ ਮਸੀਤੇ ਬੈਠੇ ਆਪਾਂ ਨੂੰ ਉਡੀਕ ਰਹੇ ਨੇ। ਏਵੇਂ ਸ਼ਰਾਬੀ ਹੋਵੇਂਗਾ ਤਾਂ ਮੇਰਾ ਮਜ਼ਾਕ ਉਡੇਗਾ, ਮੇਰੀ ਬੇਇਜ਼ਤੀ ਹੋਸੀ! ...ਮੇਰੇ ਭਰਾ, ਪਲੀਜ਼ ਜਲਦੀ ਕਰ।"

"ਮੁਸ਼ਤਾਕ, ਜੇਠੂ ਤੇਰਾ ਸਕਾ ਭਰਾ ਭਲਾ ਤੇਰੀ ਕਿਤਰਾਂ ਬੇਇਜ਼ਤੀ ਹੋਣ ਦੇਵੇਗਾ?"

"ਚੱਲ ਜਲਦੀ ਉਠ ਫੇਰ।"

ਆਖ ਕੇ ਉਸ ਨੇ ਕੁੰਦਨ ਨੂੰ ਬਾਹੋਂ ਫੜ ਕੇ ਖੜਾ ਕਰ ਲਿਆ ਤੇ ਉਸ ਨੂੰ ਬੈਸਾਖੀਆਂ ਫੜਾ ਦਿਤੀਆਂ। ਉਹ ਪਤੀ-ਪਤਨੀ ਕੁੰਦਨ ਨੂੰ ਲੈ ਤੁਰੇ। ਉਸੇ ਵੇਲੇ ਅਚਾਨਕ ਘਰ ਦੀ ਡੋਰ ਬੈੱਲ ਹੋਈ। ਕੁੰਦਨ ਨੇ ਅੱਗੇ ਹੋ ਕੇ ਦਰਵਾਜ਼ਾ ਖੋਹਲਿਆ। ਦਰਵਾਜ਼ੇ ਵਿੱਚ ਮੋਹਣੀ ਆਪਣਾ ਬੈਗ ਲਈ ਖੜੀ ਸੀ।

36-ਰਜਨੀ

ਮੋਹਣੀ ਸੱਚ ਹੀ ਰਜਨੀ ਬਣ ਕੇ ਬਹੁੜੀ। ਉਸ ਨੇ ਕੁੰਦਨ ਦੇ ਸਾਰੇ ਜ਼ਖਮਾਂ ਤੇ ਦਵਾਈ ਲਗਾਈ ਤੇ ਉਸ ਨੂੰ ਸੈਟੀ ਉਪਰ ਹੀ ਸੌਂ ਜਾਣ ਵਿਚ ਮੱਦਦ ਕਰਨ ਲੱਗੀ।...

ਮੋਹਣੀ ਨੂੰ ਦੇਖ ਕੇ ਮੁਸ਼ਤਾਕ ਮਲਿਕ ਤੇ ਰੇਹਾਨਾ ਦੇ ਜਿਵੇਂ ਡੌਰ ਭੌਰ ਉਡ ਗਏ ਹੋਣ। ਕੁੰਦਨ ਮੋਹਣੀ ਦੇ ਗਲ਼ ਲੱਗ ਰੋਣ ਲਗਿਆ ਤੇ ਫਿਰ ਮੁਸ਼ਤਾਕ ਨੂੰ ਬੋਲਿਆ,

"ਓ, ਮੇਰੇ ਸਕੇ ਭਰਾ, ਦੇਖ ਮੇਰੀ ਰਜਨੀ ਆ ਗਈ! ਓ ਭਰਾ, ਤੂੰ ਬਹੁਤ ਹੀ ਕਿਸਮਤ ਵਾਲਾ ਏਂ, ਤੂੰ ਮੇਰੇ ਘਰ ਆਇਆ ਤਾਂ ਮੇਰਾ ਘਰ ਵਸਦਾ ਹੋ ਗਿਆ, ਦੇਖ ਕੀ ਕਰਾਮਾਤ ਹੋ ਗਈ! ...ਮੇਰੀ ਵਾਈਫ ਘਰ ਆ ਗਈ, ਮੇਰੀ ਰਜਨੀ! ...ਹੁਣ ਮੈਨੂੰ ਦੁਨੀਆਂ ਵਿੱਚ ਕੁਝ ਨਹੀਂ ਚਾਹੀਦਾ, ਥੈਂਕਿਊ ਮੋਹਣੀ!"

ਮੁਸ਼ਤਾਕ ਦਾ ਸਬਰ ਦਾ ਪਿਆਲਾ ਉਛਲ ਪਿਆ। ਉਹ ਕਹਿਣ ਲੱਗਿਆ,

"ਕੁੰਦਨ, ਚੱਲ ਚੱਲੀਏ, ਬਹੁਤ ਟਾਈਮ ਹੋ ਗਿਆ, ਲੋਕ ਸਾਨੂੰ ਉਡੀਕਦੇ ਹੋਣਗੇ।"

"ਮੁਸ਼ਤਾਕ, ਮੇਰੇ ਸਕੇ ਭਰਾ, ਮੈਨੂੰ ਹੁਣ ਕਿਸੇ ਦੀ ਉਡੀਕ ਦੀ ਲੋੜ ਨਹੀਂ, ਜਿਹੜੇ ਉਡੀਕਦੇ ਹੋਣਗੇ ਉਹਨਾਂ ਨੂੰ ਉਡੀਕੀ ਜਾਣ ਦੇ, ਮੇਰੀ ਵਾਈਫ ਆ ਗਈ, ਮੇਰੀ ਜ਼ਿੰਦਗੀ ਆ ਗਈ, ਹੁਣ ਮੈਨੂੰ ਕਿਸੇ ਦੀ ਲੋੜ ਨਹੀਂ।"

"ਕੁੰਦਨ, ਚੱਲ ਮੇਰੇ ਭਰਾ, ਤੂੰ ਮੇਰੇ ਨਾਲ ਜਾਣ ਦਾ ਵਾਅਦਾ ਕੀਤਾ ਹੋਇਆ ਏ।"

"ਮੁਸ਼ਤਾਕ, ਹੁਣ ਤਾਂ ਜੇਠੂ ਨੂੰ ਮੌਤ ਵੀ ਆ ਜਾਵੇ ਤਾਂ ਕਿਤੇ ਨਹੀਂ ਜਾਣਾ, ...ਤੂੰ ਖੁਸ਼ ਹੋ ਕਿ ਤੇਰੇ ਭਰਾ ਦਾ ਘਰ ਮੁੜ ਕੇ ਵਸ ਗਿਆ, ਆ ਤੈਨੂੰ ਇਕ ਪੈੱਗ ਹੋਰ ਪਾਵਾਂ।"

"ਕੁੰਦਨ, ਅਸੀਂ ਪਾਗਲ ਆਂ ਜਿਹੜੇ ਤੇਰੇ ਮਗਰ ਤੁਰੇ ਫਿਰਦੇ ਆਂ, ਅਸੀਂ ਸਵੇਰੇ ਦੇ ਆਏ ਖੜੇ ਆਂ, ਉਧਰ ਅਸੀਂ ਲੋਕਾਂ ਨੂੰ ਹੁਣ ਕੀ ਮੂੰਹ ਦਿਖਾਵਾਂਗੇ?"

"ਇਹ ਸਾਲ਼ੇ ਬੈਹੜਿਆਂ ਦੇ ਲੋਕ ਕੌਣ ਹੁੰਦੇ ਨੇ? ਆਹ ਦੇਖ ਤੇਰਾ ਭਰਾ ਹੁਣ ਜੀਉਂਦਿਆਂ ਵਿੱਚ ਹੋ ਗਿਆ!"

"ਜਾਣੀ ਕਿ ਹੁਣ ਤੂੰ ਸਾਡੇ ਨਾਲ ਨਹੀਂ ਜਾਣਾਂ?"

"ਹੁਣ ਤਾਂ ਮੇਰਾ ਘਰ ਜੱਨਤ ਹੋ ਗਿਆ!"

"ਜਿਹੜਾ ਤੂੰ ਵਾਅਦਾ ਕੀਤਾ ਸੀ ਸਭ ਝੂਠਾ ਸੀ?"

"ਮੁਸ਼ਤਾਕ, ਮੇਰੇ ਸਕੇ ਭਰਾ, ਕਿਉਂ ਖਫਾ ਹੋਈ ਜਾਨਾਂ, ਇਕ ਪੈੱਗ ਪੀ!"

"ਕੁੰਦਨ, ਤੂੰ ਤੇ ਯਾਰ ਬਹੁਤ ਝੂਠਾ ਬੰਦਾ ਏਂ, ਐਵੇਂ ਤਾਂ ਨਹੀਂ ਲੋਕ ਤੈਨੂੰ ਨਫਰਤ ਕਰਦੇ!"

"ਓ ਸਾਲ਼ਿਆ ਬੈਹੜਿਆਂ ਦਿਆ ਮੁਸ਼ਤਾਕ, ਯਾਰ ਤੂੰ ਤਾਂ ਗੁੱਸਾ ਕਰ ਗਿਆਂ, ਜੇ ਪੀਣੀ ਆਂ ਬਹਿ ਜਾ, ਨਹੀਂ ਤਾਂ ਹੁਣ ਤੂੰ ਜਾਹ, ਮੈਂ ਆਪਣੀ ਵਾਈਫ ਨਾਲ ਵੀ ਦੋ ਗੱਲਾਂ ਕਰਨੀਆਂ।"

ਕੁੰਦਨ ਨੇ ਕਿਹਾ। ਮੁਸ਼ਤਾਕ ਬੁੜ-ਬੁੜ ਕਰਨ ਲੱਗਿਆ। ਰੇਹਾਨਾ ਉਸ ਨੂੰ ਬਾਹੋਂ ਫੜ ਕੇ ਬਾਹਰ ਨੂੰ ਖਿੱਚਣ ਲੱਗੀ। ਮੁਸ਼ਤਾਕ ਬੋਲਿਆ,

"ਕੁੰਦਨ, ਤੂੰ ਬਹੁਤ ਘਟੀਆ ਬੰਦਾ ਏਂ, ਨਿਹਾਇਤ ਘਟੀਆ!"

"ਕਿਉਂ, ਮੈਂ ਤੇਰੀ ਭੈਣ ਕੱਢ ਲਈ?"

ਮੁਸ਼ਤਾਕ ਲੜਨ ਲਈ ਅੱਗੇ ਵਧਿਆ। ਕੁੰਦਨ ਨੇ ਵੀ ਉਸ ਵੱਲ ਆਪਣੀ ਵੈਸਾਖੀ ਉਲਾਰੀ ਤੇ ਉੱਚੀ ਅਵਾਜ਼ ਵਿੱਚ ਬੋਲਿਆ,

"ਮੁਸ਼ਤਾਕ, ਮੇਰੇ ਘਰੋਂ ਨਿਕਲ ਜਾਹ, ਕਮੀਨੇ!"

ਮੁਸ਼ਤਾਕ ਨੂੰ ਰੇਹਾਨਾ ਖਿੱਚਦੀ ਹੋਈ ਲੈ ਗਈ ਪਰ ਉਹ ਨਾਲ ਦੀ ਨਾਲ ਗਾਲ੍ਹਾਂ ਵੀ ਕੱਢਦੀ ਜਾ ਰਹੀ ਸੀ।

ਉਸ ਦਿਨ ਤੋਂ ਬਾਅਦ ਮੁਸ਼ਤਾਕ ਤੇ ਕੁੰਦਨ ਫੋਨਾਂ ਉਪਰ ਕਈ ਦਿਨ ਤਕ ਆਪਸ ਵਿੱਚ ਗਾਲੀ-ਗਲੋਚ ਕਰਦੇ ਰਹੇ। ਰੇਹਾਨਾ ਨੇ ਵੀ ਦੋ ਵਾਰ ਕੁੰਦਨ ਨੂੰ ਫੋਨ ਉਪਰ ਗੰਦੀਆਂ-ਗੰਦੀਆਂ ਗਾਲ੍ਹਾਂ ਕੱਢੀਆਂ ਪਰ ਕੁੰਦਨ ਨੂੰ ਇਹਨਾਂ ਗਾਲ੍ਹਾਂ ਨਾਲੋਂ ਮੋਹਣੀ ਦੇ ਆ ਜਾਣ ਦੀ ਜ਼ਿਆਦਾ ਖੁਸ਼ੀ ਸੀ।...

ਮੋਹਣੀ ਦੇ ਵਾਪਸ ਆ ਜਾਣ ਦੀ ਖ਼ਬਰ ਸਾਰੇ ਦੋਸਤਾਂ ਤਕ ਪੁਜਦੀ ਹੋ ਗਈ। ਸਭ ਨੇ ਇਸ ਖ਼ਬਰ ਦਾ ਸਵਾਗਤ ਕੀਤਾ। ਜੋਗੇਂਦਰ ਤਾਂ ਫੋਨ ਕਰਕੇ ਉਹਨਾਂ ਨੂੰ ਮਿਲਣ ਵੀ ਚਲੇ ਗਿਆ। ਕੁੰਦਨ ਬਹੁਤ ਖੁਸ਼ ਸੀ। ਜੋਗੇਂਦਰ ਨੇ ਆਖਿਆ,

"ਇਸੇ ਖੁਸ਼ੀ ਵਿੱਚ ਕਿਸੇ ਦਿਨ ਤੁਸੀਂ ਸਾਡੇ ਘਰ ਰੋਟੀ ਖਾਣ ਆਓ, ਚੰਗਾ ਲਗੇਗਾ।"

"ਕਿਉਂ ਨਹੀਂ!"

"ਤੁਹਾਨੂੰ ਇਕੱਠਿਆਂ ਨੂੰ ਦੇਖ ਕੇ ਮਨ ਬਹੁਤ ਖੁਸ਼ ਐ।"

"ਛੋਟੇ ਭਾਊ, ਅਸੀਂ ਹੁਣ ਮੈਚੁਓਰ ਪੀਪਲ ਆਂ, ਬੈਠ ਕੇ ਆਪਣੇ ਮਸਲਿਆਂ ਦੇ ਹੱਲ ਲੱਭ ਸਕਦੇ ਆਂ, ਫੇਰ ਲੜ੍ਹਨਾ ਕਿਹੜੀ ਗੱਲੋਂ, ਅਸੀਂ ਫੈਸਲਾ ਕਰ ਲਿਆ ਕਿ ਆਹ ਘਰ ਵੇਚ ਕੇ ਅਸੀਂ ਵਿਲਨਹਾਲ ਚਲੇ ਜਾਣਾ।"

"ਘਰ ਨਾ ਵੇਚੋ, ਇਕ ਵਾਰ ਲੰਡਨੋਂ ਚਲੇ ਗਏ ਤਾਂ ਮੁੜ ਲੰਡਨ ਸੈੱਟਲ ਹੋਣਾ ਮੁਸ਼ਕਲ ਹੋ ਜਾਂਦੈ।"

"ਪਰ ਅਸੀਂ ਮੁੜ ਕੇ ਲੰਡਨ ਕਿਉਂ ਸੈੱਟਲ ਹੋਣਾਂ, ਮੋਹਣੀ ਦੀ ਉਥੇ ਜੌਬ ਏ, ਲਿਖਾਰੀ ਸਭਾ ਪਹਿਲਾਂ ਹੀ ਹੈਗੀ ਏ, ਫਿਰ ਨਿਰਮਲ ਨਾਕਸ ਵਰਗਾ ਨਫੀਸ ਬੰਦਾ ਉਸ ਸ਼ਹਿਰ ਰਹਿੰਦਾ ਏ, ਹੋਰ ਕੀ ਚਾਹੀਦਾ ਏ। ...ਤੁਸੀਂ ਲੰਡਨ ਪ੍ਰੋਗਰਾਮ ਕਰਾਓ, ਅਸੀਂ ਆਵਾਂਗੇ, ਆ ਕੇ ਪ੍ਰਧਾਨਗੀਆਂ ਕਰਾਂਗੇ, ਫਿਕਰ ਕਾਹਦਾ!"

"ਉਹ ਤਾਂ ਠੀਕ ਐ, ਮੈਡਮ ਕੋਲ ਉਥੇ ਘਰ ਤਾਂ ਹੈਗਾ ਈ ਐ, ਏਹਨੂੰ ਕਿਰਾਏ 'ਤੇ ਦੇ ਦਿਓ।"

"ਓਹ ਸ਼ੇਅਰ ਨਹੀਂ ਸੁਣਿਆਂ ਜਿਹਦੇ ਵਿੱਚ ਏ ਕਿ ਦੂਸਰੇ ਕਿਨਾਰੇ ਪਹੁੰਚ ਕਰ ਜਲਾ ਦੀ ਹਮ ਨੇ ਕਿਸ਼ਤੀਆਂ..., ਅਜਿਹਾ ਕੁਝ ਸ਼ੇਅਰ ਏ, ਬਸ ਉਵੇਂ ਹੀ ਅਸੀਂ ਕਰਨਾ ਏ, ਵਾਪਸ ਮੁੜਨ ਦਾ ਕੋਈ ਰਾਹ ਨਹੀਂ ਛੱਡਣਾ, ਪਿਛਲ-ਝਾਕ ਨਹੀਂ ਰੱਖਣੀ, ਹੁਣ ਵਿਲਨਹਾਲ; ਜ਼ਿੰਦਾਬਾਦ!"

ਕੁੰਦਨ ਖੁਸ਼ੀ ਨਾਲ ਦੱਸ ਰਿਹਾ ਸੀ। ਮੋਹਣੀ ਵੀ ਖੁਸ਼ ਸੀ। ਲੱਗਦਾ ਹੀ ਨਹੀਂ ਸੀ ਕਿ ਉਹ ਏਨੀ ਦੇਰ ਅਲੱਗ ਰਹੇ ਹੋਣਗੇ। ਹੁਣ ਮੋਹਣੀ ਨੇ ਵੀ ਹਰ ਤਰ੍ਹਾਂ ਨਾਲ ਸਮਝੌਤਾ ਕਰ ਲਿਆ ਸੀ। ਉਸ ਨੂੰ ਨਾ ਕੁੰਦਨ ਦੀ ਸ਼ਰਾਬ ਬੁਰੀ ਲੱਗਦੀ ਤੇ ਨਾ ਹੀ ਸਿਗਰਟਾਂ।

ਜੋਗੇਂਦਰ ਦੇ ਜਾਣ ਤੋਂ ਬਾਅਦ ਕੁੰਦਨ ਨੇ ਮੋਹਣੀ ਨੂੰ ਕਿਹਾ,

"ਏਸ ਸਾਲ਼ੇ ਬੈਹੜਿਆਂ ਦੇ ਨੇ ਵੀ ਹੁਣ ਨਾਵਲ ਲਿਖ ਲਿਆ, ਮੇਰੇ ਤੋਂ ਸਿਖ ਕੇ ਮੇਰਾ ਸ਼ਰੀਕ ਬਣਦਾ ਫਿਰਦਾ!"

ਜੋਗੇਂਦਰ ਨੇ ਮੋਹਣੀ ਨੂੰ ਨਾਵਲ ਭੇਜਿਆ ਸੀ ਤੇ ਉਸ ਨੇ ਪੜ੍ਹਿਆ ਵੀ ਸੀ, ਉਸ ਨੂੰ ਪਸੰਦ ਵੀ ਆਇਆ ਸੀ। ਹੁਣ ਇਸ ਵੇਲੇ ਉਸ ਨੂੰ ਪਤਾ ਸੀ ਕਿ ਕੁੰਦਨ ਇਹ ਗੱਲ ਨਹੀਂ ਸੁਣ ਸਕੇਗਾ, ਇਸ ਲਈ ਉਹ ਚੁੱਪ ਰਹੀ। ਕੁੰਦਨ ਨੇ ਫਿਰ ਆਖਣ ਲੱਗਾ,

"ਇਹਨੇ ਮੇਰਾ ਮੁਕਾਬਲਾ ਕੀ ਕਰਨਾਂ! ...ਏਹਨੇ ਕੀ, ਡਾਕਟਰ ਕੁੰਦਨ ਸਿੰਘ ਕੁੰਦਨ ਦਾ ਮੁਕਾਬਲਾ ਕਿਹਨੇ ਕਰ ਲੈਣਾਂ?...ਹੈ ਨਈਂ ਕੋਈ ਮਾਈ ਦਾ ਲਾਲ। ਕਿਥੇ ਭੋਗਪੁਰ ਤੇ ਕਿਥੇ ਸਾਲ਼ਾ ਬੈਹੜਿਆਂ ਦਾ ਕਾਲਾ ਬਕਰਾ!"

"ਡਾਕਟਰ ਸਾਹਿਬ, ਤੁਸੀਂ ਕਿਸੇ ਬਾਰੇ ਵੱਰੀ ਨਾ ਕਰੋ ਤੇ ਚੁੱਪ ਚਾਪ ਆਪਣਾ ਕੰਮ ਕਰਦੇ ਜਾਓ, ਤੁਹਾਡਾ ਮੁਕਾਬਲਾ ਉਹੀ ਕਰੇਗਾ ਜਿਹਦੇ ਪੱਲੇ ਕੁਝ ਹੋਏਗਾ!"

ਮੋਹਣੀ ਦੀ ਗੱਲ ਸੁਣ ਕੇ ਉਸ ਨੇ ਸਿਗਰਟ ਲਾ ਲਈ ਤੇ ਕੁਝ ਦੇਰ ਲਈ ਚੁੱਪ ਕਰ ਗਿਆ ਤੇ ਫਿਰ ਆਹਿਸਤੇ ਜਿਹੇ ਕਹਿਣ ਲੱਗਿਆ,

"ਅਸਲ ਵਿੱਚ ਮੈਨੂੰ ਖਤਰਾ ਈ ਏਸ ਕੰਜਰ ਤੋਂ ਏ, ਇਹਦੇ ਕੋਲ ਸ਼ੈਲੀ ਹੈਗੀ ਏ, ਗੱਲ ਕਹਿਣ ਦਾ ਅੰਦਾਜ਼ ਹੈਗਾ ਏ, ਟਵਿੱਸਟ ਪਾਉਣੀ ਆਉਂਦੀ ਏ। ...ਇਹੋ ਸਾਹਿਤ ਏ ਪਰ ਫੇਰ ਵੀ, ਕਿਥੇ ਮੈਂ ਤੇ ਕਿਥੇ ਓਹ!"

ਫਿਰ ਇਕ ਦਿਨ ਉਹ ਜੋਗੇਂਦਰ ਦੇ ਘਰ ਰੋਟੀ 'ਤੇ ਆਏ। ਹਾਸਾ ਮਜ਼ਾਕ ਚੱਲਦਾ ਰਿਹਾ। ਜੋਗੇਂਦਰ ਰਸੋਈ ਵਿੱਚ ਗਿਆ ਤਾਂ ਉਸ ਦੀ ਪਤਨੀ ਕਹਿਣ ਲੱਗੀ,

"ਮੋਹਣੀ ਭੈਣ ਜੀ ਕਹਿ ਰਹੀ ਸੀ ਕਿ ਜੋਗੇਂਦਰ ਹਾਲੇ ਨਾਵਲ ਵਿੱਚ ਬੱਚਾ ਏ, ਕੁੰਦਨ ਬਾਪ!"

"ਵਾਹ! ਬਣ ਗਈ ਗੱਲ, ਇਹੋ ਕੁੰਦਨ ਚਾਹੁੰਦਾ ਐ, ਉਹ ਆਪਣੇ ਆਪ ਨੂੰ ਬਾਪ ਮਨਾਉਣਾ ਚਾਹੁੰਦਾ ਐ।"

ਜੋਗੇਂਦਰ ਨੇ ਆਪਣੇ ਨਾਵਲ 'ਇਕ ਤਰਫਾ ਰਸਤਾ' ਦੀ ਇਕ ਕਾਪੀ ਚੁੱਕੀ। ਉਸ ਉਪਰ ਲਿਖਿਆ; 'ਨਾਵਲ ਦੇ ਬੱਚੇ ਜੋਗੇਂਦਰ ਵਲੋਂ ਨਾਵਲ ਦੇ ਬਾਪ ਡਾਕਟਰ ਕੁੰਦਨ ਨੂੰ ਪੂਰੇ ਮੋਹ ਨਾਲ' ਤੇ ਇਹ ਕਾਪੀ ਲੈ ਜਾ ਕੇ ਕੁੰਦਨ ਨੂੰ ਭੇਂਟ ਕਰ ਦਿਤੀ। ਕੁੰਦਨ ਖੁਸ਼ ਹੋ ਗਿਆ। ਇਹੋ ਉਹ ਚਾਹੁੰਦਾ ਸੀ। ਉਹ ਹਰ ਵੇਲੇ ਬਾਪ ਬਣਿਆਂ ਰਹਿਣਾ ਚਾਹੁੰਦਾ ਸੀ। ਜੋਗੇਂਦਰ ਦੇ ਏਨਾ ਲਿਖਣ ਨਾਲ ਉਸ ਦੀ ਕੁਝ ਤਸੱਲੀ ਹੋ ਗਈ ਪਰ ਨਾਵਲ ਦੀ ਉਸ ਨੇ ਫਿਰ ਵੀ ਕਦੇ ਤਾਰੀਫ ਨਾ ਕੀਤੀ ਬਲਕਿ ਜੋਗੇਂਦਰ ਨੂੰ ਨਾਵਲਕਾਰ ਹੀ ਨਾ ਮੰਨਿਆਂ।...

ਕੁੰਦਨ ਦੀ ਸਿਹਤ ਹੁਣ ਦਿਨੋ ਦਿਨ ਸੁਧਰ ਰਹੀ ਸੀ। ਹੁਣ ਉਹ ਮਨ ਵਲੋਂ ਵੀ ਤੰਦਰੁਸਤ ਸੀ ਤੇ ਤਨ ਵਲੋਂ ਵੀ। ਉਸ ਨੇ ਕੁਝ ਕਹਾਣੀਆਂ ਲਿਖੀਆਂ ਤੇ ਕੁਝ ਲੇਖ ਵੀ। ਕੁਝ ਗਜ਼ਲਾਂ ਵੀ ਲਿਖੀਆਂ। ਗਜ਼ਲਾਂ ਉਹ ਕਈ ਵਾਰ ਜੋਗੇਂਦਰ ਨੂੰ ਫੋਨ ਉਪਰ ਸੁਣਾਉਂਦਾ ਪਰ ਜੋਗੇਂਦਰ ਗਜ਼ਲ ਦਾ ਬੰਦਾ ਨਹੀਂ ਸੀ ਇਸ ਲਈ ਉਹ ਆਪਣੇ ਪੁਰਾਣੇ ਦੋਸਤ ਰਾਜਾ ਰਾਮ ਨੂੰ ਫੋਨ ਮਿਲਾ ਲੈਂਦਾ। ਮੋਹਣੀ ਨਾਲ ਸਾਹਿਤਕ ਵਿਚਾਰ-ਵਟਾਂਦਰੇ ਚਲਦੇ। ਕਈ ਵਾਰ ਉਹ ਲੇਖਕ ਦੋਸਤਾਂ ਨੂੰ ਮਿਲਣ ਵੀ ਨਿਕਲ ਜਾਂਦੇ। ਦੋ ਕੁ ਵਾਰ ਉਹ ਅਮਰਜੋਤ ਤੇ ਸਰਬੀ ਨੂੰ ਵੀ ਮਿਲਣ ਗਏ। ਪਾਇਲ ਮੁੜ ਕੇ ਕੁੰਦਨ ਨੂੰ ਕਾਫੀ ਦੇਰ ਤਕ ਮਿਲਣ ਨਾ ਆਈ ਪਰ ਉਹ ਫੋਨ ਜ਼ਰੂਰ ਕਰ ਲੈਂਦੀ।

ਮੋਹਣੀ ਦੀ ਨੌਕਰੀ ਵਿਲਨਹਾਲ ਹੋਣ ਕਰਕੇ ਉਹ ਛੁੱਟੀ ਵਾਲੇ ਦਿਨ ਹੀ ਲੰਡਨ ਆਉਂਦੀ। ਫਿਰ ਕੁੰਦਨ ਨੇ ਘਰ ਸੇਲ 'ਤੇ ਲਾ ਦਿਤਾ। ਜੋਗੇਂਦਰ ਵਾਂਗ ਕੁਝ ਹੋਰ ਦੋਸਤਾਂ ਨੇ ਵੀ ਸਲਾਹ ਦਿਤੀ ਕਿ ਇਥੇ ਵਾਲਾ ਘਰ ਨਾ ਵੇਚੇ ਪਰ ਉਹ ਕਿਸੇ ਦੀ ਸੁਣਨ ਵਾਲਾ ਨਹੀਂ ਸੀ। ਵਿਲਨਹਾਲ ਉਸ ਨੂੰ ਘਰ ਮਿਲ ਵੀ ਗਿਆ। ਸੁਖਚੈਨ ਸਿੰਘ ਹੀ ਆਪਣਾ ਘਰ ਵੇਚ ਰਿਹਾ ਸੀ। ਮਿਡਲਸੈਕਸ ਵਾਲੇ ਘਰ ਦੇ ਮੁਕਾਬਲੇ ਉਹ ਘਰ ਵੱਡਾ ਸੀ ਤੇ ਕੀਮਤ ਅੱਧੀ ਤੋਂ ਵੀ ਥੱਲੇ। ਇਸ ਤਰ੍ਹਾਂ ਉਹ ਘਰ ਲੈ ਕੇ ਕਾਫੀ ਸਾਰੇ ਪੈਸੇ ਕੁੰਦਨ ਦੀ ਜੇਬ੍ਹ ਵਿੱਚ ਪੈ ਜਾਣੇ ਸਨ।

ਜੋਗੇਂਦਰ ਨੂੰ ਕੁੰਦਨ ਦਾ ਬਹੁਤ ਸਹਾਰਾ ਸੀ। ਕੁੰਦਨ ਦੇ ਸਿਰ ਉਪਰ ਉਹਨਾਂ ਦੀ ਲੇਖਕ ਸਭਾ ਚਲੀ ਜਾ ਰਹੀ ਸੀ। ਉਹ ਸਕੱਤਰ ਬਣਿਆਂ ਬੈਠਾ ਸੀ। ਇਕ ਗੱਲ ਜ਼ਰੂਰ ਸੀ ਕਿ ਹੁਣ ਤਕ ਜੋਗੇਂਦਰ ਨੂੰ ਵੀ ਸਾਹਿਤਕ ਇਕੱਠ ਕਰਨ ਦਾ ਵੱਲ ਆ ਗਿਆ ਹੋਇਆ ਸੀ। ਉਸ ਨੇ ਆਪਣੀ ਮੀਚਾ ਦੇ ਗਜ਼ਲਗੋ ਸੁਰਜੀਤ ਸੰਦਲ ਤੇ ਬਲਰਾਜ ਬੇਖੁਦ ਤੇ ਕੁਝ ਹੋਰ ਲੇਖਕ ਲੈ ਕੇ ਨਵੀਂ ਸਭਾ ਖੜੀ ਕਰ ਲਈ। ਕੁਝ ਦੇਰ ਬਾਅਦ ਉਹਨਾਂ ਨੇ ਪਹਿਲਾ ਪ੍ਰੋਗਰਾਮ ਕਰਾਇਆ ਤਾਂ ਸਾਰੇ ਲੇਖਕ ਸੱਦੇ। ਕੁੰਦਨ ਵੀ ਸੱਦਿਆ। ਉਸ ਨੂੰ ਪ੍ਰਧਾਨਗੀ ਦਿਤੀ। ਕੁੰਦਨ ਖੁਸ਼ ਸੀ। ਉਹ ਹੁਣ ਆਪਣੇ ਆਪ ਨੂੰ ਮਿਡਲਸੈਕਸ ਦਾ ਵਾਸੀ ਸਮਝਣੋਂ ਹਟ ਗਿਆ ਸੀ ਤੇ ਮਿਡਲੈਂਡੀਆ ਸਮਝਣ ਲੱਗ ਪਿਆ ਸੀ। ਉਹ ਨਵੀਂ ਜਗਾਹ ਜਾਣ ਦੇ ਨਵੇਂ ਚਾਅ ਵਿੱਚ ਸੀ।

ਵਿਲਨਹਾਲ ਦੀ ਲਿਖਾਰੀ ਸਭਾ ਭਾਵੇਂ ਠੀਕ ਚੱਲ ਰਹੀ ਸੀ ਪਰ ਅੰਦਰ-ਖਾਤੇ ਹਲਕਾ ਜਿਹਾ ਪਾੜਾ ਹੈ ਸੀ। ਦੋ ਗਰੁੱਪ ਸਨ। ਇਕ ਨਿਰਮਲ ਨਾਕਸ ਦਾ ਤੇ ਦੂਜਾ ਬਲਵੀਰ ਬਾਵਰੇ ਦਾ। ਨਾਕਸ ਜਨਰਲ ਸਕੱਤਰ ਸੀ ਤੇ ਬਾਵਰਾ ਚੇਅਰ ਪ੍ਰਸਨ। ਮੋਹਣੀ ਦਿਲੋਂ ਨਾਕਸ ਨਾਲ ਸੀ ਤੇ ਹਰਮੇਸ਼ ਸਿੰਘ ਬਾਵਰੇ ਨਾਲ। ਇਵੇਂ ਹੀ ਬਾਕੀ ਦੇ ਮੈਂਬਰ ਵੀ ਵੰਡਵੇਂ ਜਿਹੇ ਸਨ। ਨਾਕਸ ਸੋਚਦਾ ਸੀ ਕਿ ਕੁੰਦਨ ਦੇ ਸਭਾ ਵਿਚ ਆ ਜਾਣ ਨਾਲ ਉਸ ਦਾ ਧੜਾ ਮਜ਼ਬੂਤ ਹੋ ਜਾਵੇਗਾ। ਬਾਵਰਾ ਵੀ ਦਿਲ ਹੀ ਦਿਲ ਵਿੱਚ ਕੁੰਦਨ ਦੇ ਸਭਾ ਵਿਚ ਆਉਣ ਤੋਂ ਡਰਦਾ ਸੀ ਕਿਉਂਕਿ ਕੁੰਦਨ ਦਾ ਸਾਹਿਤਕ ਕੱਦ ਬਾਵਰੇ ਤੋਂ ਬਹੁਤ ਉੱਚਾ ਸੀ। ਉਸ ਹਰਮੇਸ਼ ਸਿੰਘ ਨਾਲ ਰਲ਼ ਕੇ ਵਿਓਂਤਾਂ ਘੜ ਰਿਹਾ ਸੀ ਕਿ ਕਿਸੇ ਤਰ੍ਹਾਂ ਕੁੰਦਨ ਦੇ ਸਭਾ ਵਿੱਚ ਪੈਰ ਹੀ ਨਾ ਲਗਣ ਦਿਤੇ ਜਾਣ। ਕੁੰਦਨ ਸੋਚਦਾ ਸੀ ਕਿ ਉਹ ਜਾਂਦਾ ਹੀ ਸਭਾ ਵਿੱਚ ਛਾ ਜਾਵੇਗਾ ਤੇ ਸਾਰਾ ਕੰਟਰੋਲ ਉਸ ਦੇ ਹੱਥ ਵਿੱਚ ਆ ਜਾਵੇਗਾ।...

ਕੁੰਦਨ ਦਾ ਘਰ ਵਿਕ ਗਿਆ। ਮੁਹਰੇ ਉਸ ਨੇ ਖਰੀਦ ਲਿਆ। ਪੁਰਾਣੇ ਘਰ ਦੀ ਚਾਬੀ ਦੇਣ ਤੇ ਨਵੇਂ ਘਰ ਦੀ ਚਾਬੀ ਮਿਲਣ ਦੀ ਤਾਰੀਕ ਮਿੱਥ ਦਿਤੀ ਗਈ। ਘਰਾਂ ਦਾ ਸਮਾਨ ਢੋਅਣ ਵਾਲੀ ਕੰਪਨੀ ਨੂੰ ਲੰਡਨ ਤੋਂ ਵਿਲਨਹਾਲ ਸਮਾਨ ਲੈ ਜਾਣ ਲਈ ਕਹਿ ਦਿਤਾ। ਮਿੱਥੀ ਤਾਰੀਕ ਨੂੰ ਕੁੰਦਨ ਦਾ ਸਾਰਾ ਸਮਾਨ ਵਿਲਨਹਾਲ ਪੁੱਜ ਗਿਆ। ਹੁਣ ਉਹ ਵਿਲਨਹਾਲ ਦਾ ਨਿਵਾਸੀ ਸੀ।

ਵਿਲਨਹਾਲ ਵਿਚ ਜਾ ਕੇ ਉਸ ਦਾ ਸਭ ਤੋਂ ਪਹਿਲਾ ਝਗੜਾ ਸੁਖਚੈਨ ਸਿੰਘ ਨਾਲ ਹੀ ਹੋਇਆ। ਉਸੇ ਤੋਂ ਹੀ ਉਸ ਨੇ ਇਹ ਘਰ ਖਰੀਦਿਆ ਸੀ। ਪਹਿਲਾਂ ਕਾਹਲੀ ਵਿੱਚ ਕੁੰਦਨ ਨੇ ਘਰ ਤਾਂ ਖਰੀਦ ਲਿਆ ਪਰ ਉਸ ਨੂੰ ਲੱਗਿਆ ਕਿ ਇਸ ਦੀ ਕੀਮਤ ਉਹ ਕੁਝ ਜ਼ਿਆਦਾ ਲੈ ਗਿਆ ਹੈ, ਇਸੇ ਗੱਲ ਨੂੰ ਲੈ ਕੇ ਕੁੰਦਨ ਨੇ ਉਸ ਨੂੰ ਗਾਲ੍ਹਾਂ ਕੱਢ ਦਿਤੀਆਂ। ਉਸ ਦਾ ਦੂਜਾ ਝਗੜਾ ਖੱਬੇ ਪਾਸੇ ਲਗਦੇ ਗਵਾਂਢੀਆਂ ਨਾਲ ਹੋ ਗਿਆ। ਗੱਲ ਵੀ ਕੋਈ ਖਾਸ ਨਹੀਂ ਸੀ। ਮੋਹਣੀ ਕਹਿਣ ਲੱਗੀ,

"ਤੁਸੀਂ ਇਹ ਗਵਾਂਢੀਆਂ ਨਾਲ ਕਿਉਂ ਛੱਜੂ ਜਿਹਾ ਪਾ ਲੈਂਦੇ ਓ, ਓਥੇ ਮਿਡਲਸੈਕਸ ਵੀ ਇਵੇਂ ਹੀ ਸੀ!"

"ਮੋਹਣੀਏਂ, ਵਿਰੋਧ ਵਿੱਚੋਂ ਵਿਕਾਸ ਨਿਕਲਦਾ ਏ।"

ਉਹ ਹੱਸਦਾ ਹੋਇਆ ਕਹਿਣ ਲੱਗਿਆ ਤੇ ਫਿਰ ਬੋਲਿਆ,

"ਮੈਂ ਚਾਹੁੰਨਾ ਕਿ ਲੋਕ ਇਹ ਨਾ ਸਮਝਣ ਕਿ ਮੈਂ ਡੀਲ ਕਰਨ ਵਿੱਚ ਆਸਾਨ ਬੰਦਾ ਵਾਂ, ਕੱਲ ਗਵਾਂਢੀਆਂ ਨੇ ਸਾਰਾ ਦਿਨ ਗਾਰਡਨ ਵਿੱਚ ਉੱਚੀ ਆਵਾਜ਼ ਵਿਚ ਰੇਡੀਓ ਚਲਾਈ ਰੱਖਿਆ, ਇਹ ਉਹਨਾਂ ਦੀ ਗਲਤ ਨਹੀਂ ਤਾਂ ਹੋਰ ਕੀ ਏ?"

ਕੁੰਦਨ ਆਪਣਾ ਘਰ ਸੈੱਟਲ ਕਰਨ ਵਿੱਚ ਰੁੱਝ ਗਿਆ। ਮੋਹਣੀ ਤੋਂ ਤਾਂ ਭਾਰਾ ਕੰਮ ਕੋਈ ਹੁੰਦਾ ਨਹੀਂ ਸੀ। ਉਸ ਨੂੰ ਜੋੜਾਂ ਦੇ ਦਰਦ ਦੀ ਬਿਮਾਰੀ ਰਹਿਣ ਲੱਗੀ ਸੀ। ਮਿਡਲੈਂਡ ਵਿੱਚ ਲੰਡਨ ਨਾਲੋਂ ਜ਼ਿਆਦਾ ਠੰਡ ਰਹਿੰਦੀ ਹੋਣ ਕਰਕੇ ਇਹ ਬਿਮਾਰੀ ਹੋਰ ਵੀ ਤੰਗ ਕਰਦੀ। ਗੋਲੀਆਂ ਉਹ ਪਹਿਲਾਂ ਵਾਂਗ ਹੀ ਖਾਂਦੀ ਸੀ ਪਰ ਹੁਣ ਕੁੰਦਨ ਉਸ ਨੂੰ ਟੋਕਦਾ ਨਹੀਂ ਸੀ। ਕੁੰਦਨ ਨੇ ਸਾਰੇ ਘਰ ਨੂੰ ਆਪਣੇ ਹਿਸਾਬ ਦਾ ਬਣਾ ਲਿਆ। ਕੁਝ ਤਬਦੀਲੀਆਂ ਰਸੋਈ ਵਿੱਚ ਵੀ ਕੀਤੀਆਂ ਤੇ ਕੁਝ ਸੌਣ-ਕਮਰਿਆਂ ਵਿੱਚ ਵੀ। ਪਰਦੇ ਵੀ ਨਵੇਂ ਲਗਾ ਲਏ। ਘਰ ਦੇ ਬਰਾਬਰ ਇਕ ਫਲੈਟ ਹੋਰ ਬਣਾ ਲਿਆ ਜਿਸ ਨੂੰ ਲੋੜ ਪੈਣ 'ਤੇ ਕਿਰਾਏ 'ਤੇ ਚਾੜਿਆ ਜਾ ਸਕਦਾ ਸੀ।

ਇਹਨਾਂ ਦਿਨਾਂ ਵਿੱਚ ਲਿਖਾਰੀ ਸਭਾ ਵਿਲਨਹਾਲ ਦੀਆਂ ਕੁਝ ਮੀਟਿੰਗਾਂ ਹੋਈਆਂ ਪਰ ਕੁੰਦਨ ਨਾ ਗਿਆ। ਉਸ ਨੇ ਹਾਲੇ ਸਭਾ ਤੋਂ ਦੂਰ ਰਹਿਣਾ ਹੀ ਠੀਕ ਸਮਝਿਆ। ਉਹ ਚਾਹੁੰਦਾ ਸੀ ਕਿ ਸਭਾ ਵਾਲੇ ਆ ਕੇ ਉਸ ਨੂੰ ਇੱਜ਼ਤ ਨਾਲ ਲੈ ਕੇ ਜਾਣ ਤੇ ਕੋਈ ਆਹੁਦਾ ਵੀ ਪੇਸ਼ ਕਰਨ। ਉਸ ਦੇ ਦਿਲ ਦੀ ਇਹ ਗੱਲ ਪੂਰੀ ਵੀ ਹੋ ਜਾਣੀ ਸੀ ਪਰ ਨਿਰਮਲ ਨਾਕਸ ਇਹਨਾਂ ਦਿਨਾਂ ਵਿੱਚ ਕਿਸੇ ਰਾਜਨੀਤਕ ਗਤੀਵਿਧੀਆਂ ਵਿੱਚ ਰੁਝਿਆ ਹੋਇਆ ਸੀ। ਉਸ ਕੋਲ ਸਭਾ ਦੇ ਕੰਮਾਂ ਵੱਲ ਧਿਆਨ ਦੇਣ ਦਾ ਸਮਾਂ ਹੀ ਨਹੀਂ ਸੀ। ਉਸ ਨੇ ਇਕ ਦਿਨ ਕੁੰਦਨ ਨੂੰ ਫੋਨ ਕਰਕੇ ਕਿਹਾ,

"ਡਾਕਟਰ ਸਾਹਿਬ, ਤੁਹਾਨੂੰ ਪਤਾ ਹੀ ਏ ਨਾ ਕਿ ਸਭਾ ਵੱਡੇ ਪੱਧਰ ਤੇ ਕਾਨਫਰੰਸ ਕਰਾ ਰਹੀ ਐ, ਤੁਸੀਂ ਏਹਦੇ ਵਿੱਚ ਅਹਿਮ ਰੋਲ ਨਿਭਾਉਣਾ ਐਂ।"

"ਫਿਕਰ ਨਾ ਕਰੋ ਨਾਕਸ ਜੀ, ਮੈਂ ਹਰ ਤਰ੍ਹਾਂ ਤੁਹਾਡੇ ਨਾਲ ਆਂ।"

ਮੋਹਣੀ ਆਪਣੇ ਕੰਮ 'ਤੇ ਚਲੇ ਜਾਂਦੀ, ਕੁੰਦਨ ਕਾਰ ਲੈ ਕੇ ਸ਼ਹਿਰ ਦੇ ਦੌਰੇ 'ਤੇ ਨਿਕਲ ਜਾਂਦਾ। ਉਹ ਸ਼ਹਿਰ ਨਾਲ ਵਾਕਫੀ ਪਾਉਣੀ ਚਾਹੁੰਦਾ ਸੀ ਪਰ ਨਿਕਾ ਜਿਹਾ ਸ਼ਹਿਰ ਸੀ, ਇਕ ਦੋ ਗੇੜੇ ਕੱਢ ਕੇ ਸਾਰੀਆਂ ਸੜਕਾਂ ਉਸ ਨੂੰ ਚੇਤੇ ਹੋ ਗਈਆਂ।

ਇਕ ਦਿਨ ਕੁੰਦਨ ਸਵੇਰੇ ਉਠਿਆ ਹੀ ਸੀ ਕਿ ਕਿਸੇ ਦਾ ਫੋਨ ਆ ਗਿਆ। ਕੋਈ ਔਰਤ ਬੋਲ ਰਹੀ ਸੀ। ਉਹ ਕਹਿਣ ਲੱਗੀ,

"ਮੋਹਣੀ ਭੈਣ ਜੀ ਨੂੰ ਬੁਲਾਣਾ ਜ਼ਰਾ।"

"ਉਹ ਤਾਂ ਬਾਥਰੂਮ ਵਿੱਚ ਨੇ, ਦੱਸੋ ਕੀ ਕੰਮ ਏਂ।"

"ਉਹਨਾਂ ਨੂੰ ਸੁਨੇਹਾ ਦੇਣਾ ਏਂ ਕਿ ਰਾਤੀਂ ਨਿਰਮਲ ਨਾਕਸ ਜੀ ਨੂੰ ਹਾਟਰ ਅਟੈਕ ਹੋ ਗਿਆ ਤੇ ਉਹ ਪੂਰੇ ਹੋ ਗਏ।"

37-ਨਵੇਂ ਲੋਕ

ਕਦੇ ਕਦੇ ਕੁੰਦਨ ਬੈਠ ਕੇ ਸੋਚਣ ਲੱਗਦਾ ਕਿ ਨਵੇਂ ਲੋਕਾਂ ਵਿੱਚ ਪੈਰ ਕਿਵੇਂ ਜਮਾਏ ਜਾਣ। ਪਹਿਲਾਂ ਦਿੱਲੀ ਵਿੱਚ ਸੈਟਲ ਹੋਣ ਵੇਲੇ ਇਸ ਪਾਸੇ ਉਸ ਨੇ ਬਹੁਤਾ ਧਿਆਨ ਨਹੀਂ ਸੀ ਦਿਤਾ ਇਸੇ ਲਈ ਉਸ ਨੂੰ ਮੂੰਹ ਦੀ ਖਾਣੀ ਪਈ ਸੀ। ਦਿੱਲੀ ਵੱਡਾ ਸ਼ਹਿਰ ਹੋਣ ਕਰਕੇ ਉਸ ਦੇ ਕਲ਼ਾਵੇ ਵਿੱਚ ਨਹੀਂ ਸੀ ਆ ਸਕਿਆ ਪਰ ਇਹ ਸ਼ਹਿਰ ਉਸ ਲਈ ਛੋਟੀ ਚੀਜ਼ ਸੀ। ਜੇ ਨਿਰਮਲ ਨਾਕਸ ਨਾ ਮਰਦਾ ਤਾਂ ਉਸ ਨੂੰ ਇਥੇ ਸੈੱਟਲ ਹੋਣ ਵਿੱਚ ਅਸਾਨੀ ਹੋਣੀ ਸੀ ਪਰ ਹੁਣ ਸਾਰੇ ਉੱਦਮ ਆਪ ਹੀ ਕਰਨੇ ਪੈਣੇ ਸਨ। ਉਸ ਦੀ ਮੌਤ ਨਾਲ ਲਿਖਾਰੀ ਸਭਾ ਵਲੋਂ ਕਰਾਏ ਜਾਣ ਵਾਲੀ ਕਾਨਫਰੰਸ ਬਾਰੇ ਵੀ ਸ਼ੰਕੇ ਪੈਦਾ ਹੋਣੇ ਸ਼ੁਰੂ ਹੋ ਗਏ ਕਿ ਹੋਵੇਗੀ ਵੀ ਜਾਂ ਨਹੀਂ।

ਮਿਡਲਸੈਕਸ ਜਾਂ ਲੰਡਨ ਦੇ ਸਾਹਿਤਕ ਸਮਾਗਮਾਂ ਵਿੱਚ ਜਿੰਨੀਆਂ ਡੂੰਘੀਆਂ ਬਹਿਸਾਂ ਹੁੰਦੀਆਂ ਜਾਂ ਮਸਲੇ ਜਿੰਨੇ ਵਿਸਥਾਰ ਨਾਲ ਵਿਚਾਰੇ ਜਾਂਦੇ ਸਨ, ਮਿਡਲੈਂਡ ਵਿਚ ਉਵੇਂ ਨਾ ਹੁੰਦਾ। ਇਥੇ ਆ ਕੇ ਉਸ ਨੂੰ ਇਕ ਗੱਲ ਦੀ ਤਸੱਲੀ ਵੀ ਸੀ ਕਿ ਇਥੇ ਕੋਈ ਵੀ ਲੇਖਕ ਉਸ ਦੀ ਗੱਲ ਨੂੰ

ਕੱਟ ਕਰਨ ਦੀ ਹਿੰਮਤ ਨਹੀਂ ਸੀ ਰੱਖਦਾ ਜਿਵੇਂ ਕਿ ਮਿਡਲਸੈਕਸ ਵਿੱਚ ਹੋ ਜਾਇਆ ਕਰਦਾ ਸੀ। ਇਥੇ ਹਰ ਸਾਹਿਤਕ ਫੰਕਸ਼ਨ ਵਿੱਚ ਹਰ ਨਜ਼ਰ ਉਸੇ ‘ਤੇ ਹੀ ਟਿਕਣੀ ਸੀ।

ਨਿਰਮਲ ਨਾਕਸ ਦੀ ਮੌਤ ਤੋਂ ਬਾਅਦ ਲਿਖਾਰੀ ਸਭਾ, ਵਿਲਨਹਾਲ ਦੀ ਪਹਿਲੀ ਮੀਟਿੰਗ ਮੋਹਣੀ ਦੇ ਘਰ ਹੋਈ। ਮੋਹਣੀ ਦੇ ਘਰ ਜਾਣੀ ਕਿ ਕੁੰਦਨ ਦੇ ਘਰ। ਮੋਹਣੀ ਨੇ ਆਪਣਾ ਫਲੈਟ ਹੁਣ ਵੇਚਣ ‘ਤੇ ਲਾ ਦਿਤਾ ਹੋਇਆ ਸੀ। ਪਹਿਲਾਂ ਵੀ ਸਭਾ ਦੀਆਂ ਮੀਟਿੰਗਾਂ ਕਿਸੇ ਨਾ ਕਿਸੇ ਮੈਂਬਰ ਦੇ ਘਰ ਹੀ ਹੋਇਆ ਕਰਦੀਆਂ ਸਨ। ਕੋਈ ਹਾਲ ਜਾਂ ਵੱਡੀ ਜਗਾਹ ਤਾਂ ਉਦੋਂ ਹੀ ਬੁੱਕ ਕਰਾਈ ਜਾਂਦੀ ਜਦ ਕੋਈ ਸਮਾਗਮ ਕਰਾਉਣਾ ਹੁੰਦਾ। ਉਸ ਸ਼ਾਮ ਪੰਜ ਕੁ ਵਜੇ ਸਭਾ ਦੇ ਸਾਰੇ ਮੈਂਬਰ ਕੁੰਦਨ ਦੇ ਘਰ ਪੁੱਜ ਗਏ। ਕੁੰਦਨ ਖੁਸ਼ ਸੀ। ਉਸ ਨੂੰ ਆਸ ਸੀ ਕਿ ਅੱਜ ਉਸ ਨੂੰ ਸਭਾ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਵੇਗੀ ਤੇ ਉਹ ਕਿਸੇ ਆਹੁਦੇ ਦੀ ਪੇਸ਼ਕੱਸ਼ ਵੀ ਹੋਵੇਗੀ ਤੇ ਉਹ ਥੋੜੀ ਜਿਹੀ ਆਕੜ ਤੋਂ ਬਾਅਦ ਇਸ ਨੂੰ ਮਨਜ਼ੂਰ ਕਰ ਲਵੇਗਾ। ਸਭਾ ਦੇ ਮੁੱਖ ਮੈਂਬਰ ਤਾਂ ਮੋਹਣੀ ਤੇ ਬਲਵੀਰ ਬਾਵਰਾ ਤੋਂ ਬਿਨਾਂ ਹਰਮੇਸ਼ ਸਿੰਘ, ਭੁਪਿੰਦਰ ਸਿੰਘ, ਜੀਤ ਸਿੰਘ, ਗੁਰਮੇਲ ਸਿੰਘ ਆਦਿ ਸਨ ਜਿਹੜੇ ਕੁਝ ਨਾ ਕੁਝ ਲਿਖਦੇ ਸਨ ਪਰ ਹੋਰਨਾਂ ਸਭਾਵਾਂ ਵਾਂਗ ਕੁਝ ਅਜਿਹੇ ਮੈਂਬਰ ਵੀ ਭਰਤੀ ਕੀਤੇ ਹੋਏ ਵੀ ਸਨ ਜਿਹੜੇ ਸਿਰਫ ਪਾਠਕ ਸਨ, ਉਹਨਾਂ ਦਾ ਸਭਾ ਵਿੱਚ ਕੋਈ ਖਾਸ ਰੋਲ ਵੀ ਨਹੀਂ ਸੀ ਹੁੰਦਾ। ਸਾਰੇ ਇਕੱਠੇ ਹੋਏ। ਕੁੰਦਨ ਨੂੰ ਵੀ ਵਿੱਚ ਬੈਠਾਇਆ ਗਿਆ। ਸਭ ਤੋਂ ਪਹਿਲਾਂ ਨਿਰਮਲ ਨਾਕਸ ਦੀ ਯਾਦ ਵਿੱਚ ਇਕ ਮਿੰਟ ਦਾ ਮੌਨ ਰਖਿਆ ਤੇ ਫਿਰ ਅਗਲਾ ਸਮਾਗਮ ਉਸ ਨੂੰ ਸਮਰਪੱਤ ਕਰਨ ਦਾ ਫੈਸਲਾ ਕਰ ਲਿਆ ਗਿਆ। ਬਾਵਰੇ ਦੀ ਚਿੱਟੀ ਪੱਗ ਵਿੱਚ ਨਵੀਂ ਰੰਗੀ ਦਾਹੜੀ ਖੂਬ ਚਮਕ ਰਹੀ ਸੀ। ਉਸ ਨੇ ਆਪਣੇ ਵੱਡੇ ਸਾਰੇ ਢਿੱਡ ‘ਤੇ ਹੱਥ ਫੇਰਿਆ ਤੇ ਆਪਣੀ ਬਰੀਕ ਜਿਹੀ ਆਵਾਜ਼ ਵਿੱਚ ਕਹਿਣਾ ਸ਼ੁਰੂ ਕੀਤਾ,

“ਕੁੰਦਨ ਜੀ, ਸਭ ਤੋਂ ਪਹਿਲਾਂ ਤਾਂ ਮੇਰੀ ਬੇਨਤੀ ਹੈ ਕਿ ਤੁਸੀਂ ਸਾਡੇ ਨਾਲ ਆਓ, ਸਾਡੀ ਸਭਾ ਵਿੱਚ ਸਰਗਰਮ ਹਿੱਸਾ ਲਓ।”

“ਕੋਈ ਗੱਲ ਨਹੀਂ ਬਾਵਰਾ ਜੀ, ਤੁਸੀਂ ਆਪਣੀ ਕਾਰਵਾਈ ਜਾਰੀ ਰੱਖੋ, ਇਹ ਗੱਲਾਂ ਤਾਂ ਬਾਅਦ ਦੀਆਂ ਨੇ।”

“ਪਹਿਲਾਂ ਤਾਂ ਤੁਸੀਂ ਸਾਡੇ ਮੈਂਬਰ ਬਣਨ ਲਈ ‘ਹਾਂ’ ਕਰੋ, ਫੇਰ ਹੀ ਅਸੀਂ ਅਗੇ ਤੁਰ ਸਕਦੇ ਆਂ।”

“ਠੀਕ ਏ, ਮੈਂ ਤੁਹਾਡੇ ਨਾਲ਼ ਆਂ, ਮੈਨੂੰ ਆਪਣੇ ਵਿੱਚ ਹੀ ਸਮਝੋ।”

“ਸ਼ੁਕਰੀਆ ਕੁੰਦਨ ਜੀ।”

“ਬਾਵਰਾ ਜੀ, ਮੈਂ ਚਾਹਾਂਗਾ ਕਿ ਮੈਨੂੰ ਡਾਕਟਰ ਜੀ ਕਹਿ ਕੇ ਸਬੰਧੋਨ ਹੋਇਆ ਜਾਵੇ।”

ਕੁੰਦਨ ਬੋਲਿਆ। ਬਾਵਰੇ ਨੂੰ ਉਸ ਦੀ ਇਹ ਗੱਲ ਬਹੁਤ ਚੁੱਭੀ ਪਰ ਉਸ ਨੇ ਕਹਿਣਾ ਜਾਰੀ ਰੱਖਿਆ,

“ਤੁਸੀਂ ਸਾਰੇ ਜਾਣਦੇ ਹੀ ਓ ਕਿ ਨਾਕਸ ਸਾਹਿਬ ਦੇ ਜਾਣ ਕਾਰਨ ਜਨਰਲ ਸਕੱਤਰ ਦੀ ਜਗਾਹ ਖਾਲੀ ਹੋ ਗਈ ਐ, ਮੈਂ ਚਾਹੁੰਨਾ ਕਿ ਆਉਣ ਵਾਲੀਆਂ ਚੋਣਾਂ ਤਕ ਮੋਹਣੀ ਜੀ ਜਨਰਲ ਸਕੱਤਰ ਦੀ ਭੂਮਿਕਾ ਨਿਭਾਉਣ ਤੇ ਭੁਪਿੰਦਰ ਸਿੰਘ ਸਕੱਤਰ ਦੀ, ਜੇ ਕਿਸੇ ਨੂੰ ਇਤਰਾਜ਼?”

ਕਿਸੇ ਨੇ ਕੋਈ ਇਤਰਾਜ਼ ਨਾ ਕੀਤਾ। ਬਾਵਰੇ ਨੇ ਫਿਰ ਕਿਹਾ,

“ਤੁਹਾਨੂੰ ਪਤਾ ਐ ਕਿ ਸਭਾ ਵਲੋਂ ਵੱਡੀ ਕਾਨਫਰੰਸ ਕਰਾਉਣ ਦਾ ਵਿੱਢ ਵਿਢਿਆ ਗਿਆ ਸੀ, ਸਭਾ ਨੂੰ ਗਰਾਂਟ ਮਨਜ਼ੂਰ ਹੋ ਚੁੱਕੀ ਐ, ਇਸ ਦੀ ਤਿਆਰੀ ਵੀ ਲਗਭੱਗ ਨਾਕਸ ਜੀ ਦੇ ਹੁੰਦੇ ਹੋਏ ਹੀ ਕਰ ਲਈ ਗਈ ਸੀ, ਹੁਣ ਆਪਾਂ ਸਭ ਨੇ ਰਲ਼ ਕੇ ਏਹਨੂੰ ਸਿਰੇ ਚਾੜ੍ਹਨਾ ਐਂ।”

ਕੁੰਦਨ ਨੇ ਬੋਲਣ ਲਈ ਹੱਥ ਖੜਾ ਕੀਤਾ ਤੇ ਕਹਿਣ ਬੋਲਿਆ,

“ਬਾਵਰਾ ਜੀ, ਤੁਸੀਂ ਮੈਨੂੰ ਕਿਹੜੀ ਹੈਸੀਅਤ ਵਿੱਚ ਸਭਾ ਵਿੱਚ ਲੈਣ ਚਾਹੁੰਦੇ ਓ?”

“ਮੈਂਬਰ ਦੇ ਤੌਰ ‘ਤੇ, ਸਰਗਰਮ ਮੈਂਬਰ ਵਾਂਗ ਸਾਰੇ ਹੀ ਕੰਮਾਂ ਵਿੱਚ ਹਿੱਸਾ ਲਓ।”

“ਤੁਹਾਨੂੰ ਪਤਾ ਕਿ ਮੇਰਾ ਸਾਹਿਤਕ ਕੱਦ ਕਿੱਡਾ ਏ, ਮੈਂ ਸਿਰਫ ਮੈਂਬਰ ਦੇ ਤੌਰ ਤੇ ਸਭਾ ਵਿੱਚ ਨਹੀਂ ਆ ਸਕਦਾ।”

“ਕੁੰਦਨ ਜੀ, ਮੋਹਣੀ ਨੇ...।”

“ਡਾਕਟਰ ਸਾਬ, ਪਲੀਜ਼!”

ਕੁੰਦਨ ਨੇ ਬਾਵਰੇ ਦੀ ਗੱਲ ਵਿੱਚੇ ਕੱਟਦਿਆਂ ਕਿਹਾ। ਬਾਵਰੇ ਨੇ ਆਪਣੀ ਗੱਲ ਜਾਰੀ ਰੱਖਦਿਆਂ ਆਖਿਆ,

“ਚਲੋ ਡਾਕਟਰ ਸਾਬ ਸਹੀ, ਮੋਹਣੀ ਨੇ ਮੈਨੂੰ ਇਹ ਗੱਲ ਕਹੀ ਸੀ ਕਿ ਤੁਹਾਨੂੰ ਮੀਤ ਪ੍ਰਧਾਨ ਬਣਾ ਲਿਆ ਜਾਵੇ ਪਰ ਸਾਡੇ ਵਿਧਾਨ ਵਿੱਚ ਮੀਤ ਪ੍ਰਧਾਨ ਦੀ ਵਿਵਸਥਾ ਨਹੀਂ ਐ ਪਰ ਇਸ ਕਾਨਫਰੰਸ ਤੋਂ ਬਾਅਦ ਚੋਣਾਂ ਆਉਣਗੀਆਂ, ਤੁਸੀਂ ਜਿਹੜੀ ਸੀਟ ਲਈ ਵੀ ਖੜਨਾ ਚਾਹੋਂ ਖੜ ਸਕਦੇ ਓ ਬਲਕਿ ਆਪਾਂ ਸਾਰੇ ਰਲ਼ ਕੇ ਸਰਬਸੰਮਤੀ ਨਾਲ ਆਹੁਦੇ ਵੰਡ ਵੀ ਸਕਦੇ ਆਂ।”

ਬਾਵਰੇ ਦੀ ਗੱਲ ਸੁਣ ਕੇ ਕੁੰਦਨ ਦਾ ਦਿਲ ਕੀਤਾ ਕਿ ਉਠ ਕੇ ਉਸ ਨੂੰ ਗਲ਼ੋ ਫੜ ਲਵੇ। ਉਸੇ ਵਕਤ ਮੋਹਣੀ ਬੋਲੀ,

“ਬਾਵਰਾ ਜੀ, ਤੁਸੀਂ ਇਵੇਂ ਕਰੋ ਕਿ ਮੇਰੀ ਜਗਾਹ ਜਨਰਲ ਸਕੱਤਰ ਡਾਕਟਰ ਸਾਹਿਬ ਨੂੰ ਬਣਾ ਦਿਓ।”

ਮੋਹਣੀ ਇਵੇਂ ਹੀ ਕਰਦੀ ਸੀ। ਪਹਿਲਾਂ ਇਕ ਸਾਹਿਤਕ ਸਮਾਗਮ ਵਿਚ ਉਸ ਨੂੰ ਕੁੰਦਨ ਦੀ ਥਾਂ ਪ੍ਰਧਾਨ ਬਣਾ ਦਿਤਾ ਗਿਆ ਸੀ ਤਾਂ ਮੋਹਣੀ ਨੇ ਪ੍ਰਬੰਧਕਾਂ ਨੂੰ ਬੇਨਤੀ ਕੀਤੀ ਸੀ ਕਿ ਉਸ ਦੀ ਜਗਾਹ ਕੁੰਦਨ ਨੂੰ ਅੱਜ ਦੀ ਪ੍ਰਧਾਨਗੀ ਦੇ ਦਿਤੀ ਜਾਵੇ। ਉਸ ਦੀ ਗੱਲ ‘ਤੇ ਬਾਵਰਾ ਇਕ ਦਮ ਬੋਲਿਆ,

"ਇਹ ਨਹੀਂ ਹੋ ਸਕਣਾ, ਤੁਸੀਂ ਪੁਰਾਣੇ ਹੋ ਇਸ ਸਭਾ ਵਿੱਚ, ਜੇ ਤੁਹਾਨੂੰ ਸਭ ਨੂੰ ਮਨਜ਼ੂਰ ਹੋਵੇ ਤਾਂ ਇਵੇਂ ਕਰ ਲਵੋ ਕਿ ਇਕ ਹੋਰ ਸਹਾਇਕ ਸਕੱਤਰ ਦੇ ਤੌਰ ਤੇ ਕੁੰਦਨ ਜੀ ਜਦ ਤਕ ਕੰਮ ਕਰਨ।"

"ਇਹ ਤਾਂ ਕੋਈ ਗੱਲ ਨਾ ਹੋਈ ਬਾਵਰਾ ਸਾਹਿਬ! ...ਨਾਕਸ ਜੀ ਨੇ ਮੇਰੇ ਨਾਲ ਵਾਅਦਾ ਕੀਤਾ ਸੀ ਕਿ ਮੈਨੂੰ ਸਭਾ ਵਿੱਚ ਵਿਸ਼ੇਸ਼ ਜਗਾਹ ਦਿਤੀ ਜਾਵੇਗੀ।"

"ਮੈਨੂੰ ਨਹੀਂ ਪਤਾ ਕਿ ਨਾਕਸ ਨੇ ਤੁਹਾਡੇ ਨਾਲ ਕੀ ਵਾਅਦਾ ਕੀਤਾ ਸੀ ਪਰ ਇਹ ਵਾਅਦਾ ਸਭਾ ਦੀ ਮਰਜ਼ੀ ਤੋਂ ਬਿਨਾਂ ਕੀਤਾ ਹੋਵੇਗਾ, ਆਪਣੇ ਨਿੱਜੀ ਪੱਧਰ 'ਤੇ, ਅਸੀਂ ਪੈਂਤੀ ਸਾਲ ਤੋਂ ਸਭਾ ਚਲਾ ਰਹੇ ਆਂ ਤੇ ਤੁਸੀਂ ਇਸ ਵਿੱਚ ਅੱਜ ਆਏ ਓ, ਹਰ ਗੱਲ ਨੂੰ ਸਮਾਂ ਲੱਗਦਾ ਏ, ਇਸ ਲਈ ਜ਼ਰਾ ਸਹਿਜ ਰੱਖੋ।"

"ਬਾਵਰਾ ਜੀ, ਆਉਣ ਵਾਲੀ ਕਾਨਫਰੰਸ ਵਿੱਚ ਮੇਰਾ ਕੀ ਰੋਲ ਹੋਵੇਗਾ?"

"ਡਾਕਟਰ ਜੀ, ਤੁਹਾਡਾ ਰੋਲ ਜਿਵੇਂ ਬਾਕੀਆਂ ਦਾ ਐ, ਆਪਾਂ ਆਪਸ ਵਿੱਚ ਕੰਮ ਵੰਡ ਲਵਾਂਗੇ ਤੇ ਕਰਾਂਗੇ।"

"ਦੇਖੋ, ਸਿੱਧੀ ਜਿਹੀ ਗੱਲ, ਮੈਂ ਕੁਝ ਪ੍ਰੋਗਰਾਮਾਂ ਦੀਆਂ ਪ੍ਰਧਾਨਗੀਆਂ ਕਰਨੀਆਂ ਚਾਹਾਂਗਾ ਤੇ ਕੁਝ ਸੈਗਮੈਂਟ ਕੰਪੀਅਰ ਕਰਾਂਗਾ।"

"ਦੇਖੋ, ਪ੍ਰਧਾਨ ਤਾਂ ਮੈਂ ਹੈਗਾਂ।"

"ਨਹੀਂ ਬਾਵਰਾ ਜੀ, ਇਤਰਾਂ ਨਹੀਂ ਹੋ ਸਕਣੀ, ਸਾਰੇ ਮੈਂਬਰਾਂ ਨੂੰ ਮੌਕਾ ਮਿਲਣਾ ਚਾਹੀਦਾ ਏ।"

ਕੁੰਦਨ ਨੇ ਜ਼ਰਾ ਸਖਤ ਹੋ ਕੇ ਕਿਹਾ। ਬਲਵੀਰ ਬਾਵਰਾ ਸੋਚਣ ਲੱਗਿਆ ਕਿ ਕੁੰਦਨ ਕਿਤੇ ਵਿਦਰੋਹ ਹੀ ਨਾ ਕਰ ਦੇਵੇ। ਉਹ ਕੁਝ ਕਰੇਗਾ ਤਾਂ ਮੋਹਣੀ ਵੀ ਉਸ ਦਾ ਹੀ ਸਾਥ ਦੇਵੇਗੀ। ਕਾਨਫਰੰਸ ਸਿਰ 'ਤੇ ਹੈ। ਉਹ ਬੋਲਿਆ,

"ਇਵੇਂ ਕਰੋ, ਇਕ ਸੈਸ਼ਨ ਦੀ ਤੁਸੀਂ ਪ੍ਰਧਾਨਗੀ ਕਰ ਲਿਓ ਤੇ ਇਕ ਨੂੰ ਕੰਪੀਅਰ ਕਰਾ ਲਿਓ।"

ਕੁੰਦਨ ਹਾਲੇ ਵੀ ਖੁਸ਼ ਨਹੀਂ ਸੀ ਦਿੱਸਦਾ। ਬਾਵਰਾ ਨੇ ਕਾਨਫਰੰਸ ਨੂੰ ਸਿਰੇ ਚੜ੍ਹਾਉਣ ਲਈ ਸਮਝੋਤੇ ਦੇ ਰੌਂਅ ਵਿੱਚ ਆਉਂਦਿਆਂ ਕਿਹਾ,

"ਦੇਖੋ, ਆਪਾਂ ਏਨੀ ਸਮਝ ਨਾਲ ਅੱਗੇ ਵਧੀਏ ਤੇ ਮੌਕੇ ਦੇ ਹਿਸਾਬ ਨਾਲ ਇਹ ਫੈਸਲੇ ਬਦਲ ਵੀ ਲਵਾਂਗੇ, ਤੁਸੀਂ ਵਧੀਆ ਬੁਲਾਰੇ ਹੋ, ਪਰਚਿਆਂ ਉਪਰ ਬਹਿਸ ਤੁਸੀਂ ਹੀ ਸ਼ੁਰੂ ਕਰ ਸਕਦੇ ਹੋ।"

ਕੁੰਦਨ ਨੇ ਹੋਰ ਅੜਿੱਕਾ ਡਾਹੁਣਾ ਠੀਕ ਨਾ ਸਮਝਿਆ। ਉਸ ਨੂੰ ਪਤਾ ਸੀ ਕਿ ਕਾਨਫਰੰਸ ਕਰਾਉਣ ਲਈ ਸਭਾ ਨੂੰ ਕੌਂਸਲ ਵਲੋਂ ਗਰਾਂਟ ਮਿਲੀ ਹੋਈ ਸੀ। ਕਾਨਫਰੰਸ ਵਿੱਚ ਭਾਗ ਲੈਣ ਲਈ ਇੰਡੀਆ ਤੋਂ ਸੱਦੇ ਜਾਣ ਵਾਲੇ ਲੇਖਕਾਂ-ਆਲੋਚਕਾਂ ਨੂੰ ਸੱਦਾ-ਪੱਤਰ ਭੇਜੇ ਜਾ ਚੁੱਕੇ ਸਨ। ਕੁੰਦਨ ਸੋਚ ਰਿਹਾ ਸੀ ਕਿ ਇੰਡੀਆ ਤੋਂ ਆਏ ਏਨੇ ਲੋਕਾਂ ਵਿੱਚ ਉਸ ਨੂੰ ਹਰ ਹਾਲਤ ਵਿਚ ਛਾਏ ਰਹਿਣਾ ਹੋਵੇਗਾ। ਇਸ ਲਈ ਉਹ ਆਪਣੇ ਭਾਸ਼ਨ ਵਿਸ਼ੇਸ਼ ਤੌਰ 'ਤੇ ਤਿਆਰ ਕਰੇਗਾ। ਉਹ ਇਹ ਵੀ ਸੋਚਣ ਲੱਗਿਆ ਕਿ ਕਾਨਫਰੰਸ ਤੋਂ ਬਾਅਦ ਉਹ ਕੋਈ ਚਾਲ ਚੱਲ ਕੇ ਸਾਰੀ ਸਭਾ ਨੂੰ ਹੀ ਆਪਣੀ ਮੁੱਠੀ ਵਿੱਚ ਕਰ ਲਵੇਗਾ ਤਾਂ ਜੋ ਅਗਲੀ ਕਾਨਫਰੰਸ ਵਿੱਚ ਸਿਰਫ ਉਸ ਦੀ ਹੀ ਮਰਜ਼ੀ ਚੱਲੇ।...

ਬਲਬੀਰ ਬਾਵਰੇ ਨੂੰ ਕੁੰਦਨ ਦਾ ਰਵੱਈਆ ਚੰਗਾ ਨਹੀਂ ਸੀ ਲੱਗ ਰਿਹਾ। ਉਹ ਸਾਲਾਂ ਤੋਂ ਉਹ ਇਹ ਸਭਾ ਚਲਾਉਂਦਾ ਆ ਰਿਹਾ ਹੈ ਤੇ ਕੁੰਦਨ ਇਕ ਦਮ ਆ ਕੇ ਇਸ ਉਪਰ ਕਬਜ਼ਾ ਕਰ ਲੈਣਾ ਚਾਹੁੰਦਾ ਹੈ, ਇਹ ਉਹ ਹਰਗਿਜ਼ ਨਹੀਂ ਸੀ ਹੋਣ ਦੇਣਾ ਚਾਹੁੰਦਾ। ਕਾਨਫਰੰਸ ਵਿੱਚ ਵੀ ਉਹ ਆਪਣਾ ਹੱਥ ਉਪਰ ਹੀ ਰੱਖਣਾ ਚਾਹੁੰਦਾ ਸੀ। ਉਸ ਨੇ ਉਹੀ ਬੰਦੇ ਸੱਦੇ ਸਨ ਜਿਹੜੇ ਉਸ ਨੂੰ ਨਾਵਲਕਾਰ ਦੇ ਤੌਰ 'ਤੇ ਸਥਾਪਤ ਕਰ ਸਕਦੇ ਹੋਣ। ਚੰਡੀਗੜ੍ਹ ਤੋਂ ਡਾਕਟਰ ਅਮਰੀਕ ਸਿੰਘ, ਪਟਿਆਲੇ ਤੋਂ ਡਾਕਟਰ ਦਲਜੀਤ ਕੋਰ, ਜਲੰਧਰ ਤੋਂ ਹਰਦੇਵ ਦਿਆਲ, ਹੁਸ਼ਿਆਰਪੁਰ ਤੋਂ ਗੁਰਮੇਜ ਸਿੰਘ ਤੇ ਦਿੱਲੀ ਤੋਂ ਡਾਕਟਰ ਸੁਰਾਇਣ ਸਿੰਘ। ਡਾਕਟਰ ਸੁਰਾਇਣ ਸਿੰਘ ਨਾਲ ਤਾਂ ਕੁੰਦਨ ਦੀ ਪੁਰਾਣੀ ਸਾਂਝ ਸੀ। ਬਾਕੀ ਦੇ ਆਉਣ ਵਾਲੇ ਡਾਕਟਰਾਂ ਨੂੰ ਉਹ ਆਪਣੇ ਯੂਨੀਅਰ ਹੀ ਸਮਝਦਾ ਸੀ। ਉਸ ਨੂੰ ਪਤਾ ਸੀ ਕਿ ਉਹ ਉਹਨਾਂ ਉਪਰ ਸਜਿਹੇ ਹੀ ਪ੍ਰਭਾਵ ਪਾ ਸਕਦਾ ਹੈ।

ਕਾਨਫਰੰਸ ਦੀ ਤਰੀਕ ਨੇੜੇ ਆ ਗਈ। ਇਸ ਵਿੱਚ ਸ਼ਾਮਲ ਹੋਣ ਵਾਲੇ ਡਾਕਟਰ ਪੁੱਜਣ ਲਗੇ। ਕੁੰਦਨ ਨੇ ਉਹਨਾਂ ਲਈ ਆਪਣੇ ਘਰ ਦੇ ਦਰਵਾਜ਼ੇ ਖੋਹਲ ਦਿਤੇ। ਉਹ ਉਹਨਾਂ ਉਪਰ ਇਸ ਕਾਨਫਰੰਸ ਦਾ ਵੱਡਾ ਹਿੱਸਾ ਹੋਣ ਦਾ ਪ੍ਰਭਾਵ ਛੱਡਣ ਵਿਚ ਦੀ ਕੋਸ਼ਿਸ਼ ਵਿੱਚ ਸੀ। ਦੋ ਦਿਨ ਕਾਨਫਰੰਸ ਚੱਲੀ। ਕਈ ਪਰਚੇ ਪੜ੍ਹੇ ਗਏ। ਕੁੰਦਨ ਹਰ ਪਰਚੇ ਉਪਰ ਬੋਲਿਆ। ਦੋ ਸ਼ੈਸ਼ਨਾਂ ਦੀ ਉਸ ਨੇ ਮੰਚ ਸੰਚਾਲਣਾ ਵੀ ਕੀਤੀ, ਦੋ ਦੀ ਪ੍ਰਧਾਨਗੀ ਵੀ ਪਰ ਜਿਵੇਂ ਉਹ ਚਾਹੁੰਦਾ ਸੀ ਉਵੇਂ ਨਾ ਕਰ ਸਕਿਆ। ਵੈਸੇ ਵੀ ਇੰਡੀਆ ਤੋਂ ਆਏ ਮਹਿਮਾਨਾਂ ਨਾਲ ਮੀਟਿੰਗਾਂ ਹੁੰਦੀਆਂ। ਉਸ ਦੀ ਵਿਦਵਤਾ ਦੇ ਸਾਰੇ ਕਾਇਲ ਹੁੰਦੇ ਫਿਰ ਵੀ ਉਸ ਨੂੰ ਲਗਦਾ ਕਿ ਬਲਬੀਰ ਬਾਵਰੇ ਦੀ ਜ਼ਿਆਦਾ ਪੁੱਛਗਿੱਛ ਹੋ ਰਹੀ ਹੈ। ਉਹ ਸਭਾ ਦਾ ਪਰਧਾਨ ਸੀ ਤੇ ਸਾਰੀ ਤਾਕਤ ਪਰਧਾਨ ਕੋਲ ਹੁੰਦੀ ਹੈ। ਸਾਰੇ ਫੈਸਲੇ ਉਸ ਨੇ ਹੀ ਕਰਨੇ ਹੁੰਦੇ ਹਨ। ਕਾਨਫਰੰਸ ਤੋਂ ਬਾਅਦ ਸਾਰੇ ਮਹਿਮਾਨ ਚਲੇ ਗਏ। ਕਾਨਫਰੰਸ ਦਾ ਲੇਖਾ-ਜੋਖਾ ਕਰਨ ਲਈ ਸਭਾ ਦੀ ਮੀਟਿੰਗ ਹੋਈ। ਸਾਰੇ ਖੁਸ਼ ਸਨ ਪਰ ਕੁੰਦਨ ਚੁੱਪ ਬੈਠਾ ਰਿਹਾ। ਮੀਟਿੰਗ ਦੇ ਅਖੀਰ ਵਿੱਚ ਉਹ ਬੋਲਿਆ,

"ਬਾਵਰਾ ਸਾਹਿਬ, ਮੈਨੂੰ ਸਭਾ ਦੀ ਪਰਧਾਨਗੀ ਚਾਹੀਦੀ ਏ।"

"ਪਰਧਾਨਗੀ ਦਾ ਫੈਸਲਾ ਤਾਂ ਹੁਣ ਚੋਣ ਵੇਲੇ ਹੀ ਹੋਏਗਾ, ਅਗਲੇ ਸਾਲ।"

ਬਾਵਰੇ ਨੇ ਠੰਡੇ ਲਹਿਜ਼ੇ ਵਿੱਚ ਆਖਿਆ। ਕੁੰਦਨ ਦੀ ਚੁੱਪ ਤੋਂ ਉਸ ਨੇ ਅੰਦਾਜ਼ਾ ਲਾ ਲਿਆ ਸੀ ਕਿ ਕੋਈ ਤੁਫਾਨ ਆਉਣ ਵਾਲਾ ਹੈ। ਕੁੰਦਨ ਨੇ ਕਿਹਾ,

"ਚੋਣ ਨੂੰ ਇਹ ਕੋਈ ਪਾਰਲੀਮੈਂਟ ਨਹੀਂ ਏ। ਜੇ ਤਾਂ ਤੁਸੀਂ ਚਾਹੁੰਦੇ ਓ ਕਿ ਸਭਾ ਵਧੀਆ ਤਰੀਕੇ ਨਾਲ ਚੱਲੇ ਤਾਂ ਮੈਨੂੰ ਪਰਧਾਨ ਬਣਾਓ।"

"ਚਲੋ, ਏਦਾਂ ਕਰਦੇ ਆਂ ਕਿ ਆਹ ਜਿੰਨੇ ਮੈਂਬਰ ਬੈਠੇ ਆ ਇਹਨਾਂ ਨੂੰ ਪੁੱਛ ਲੈਨੇ ਆਂ।"

"ਇਹ ਸਾਰੇ ਤੁਹਾਡੇ ਪਿਆਦੇ ਨੇ।"

"ਫਿਰ ਡਾਕਟਰ ਸਾਹਿਬ, ਤੁਸੀਂ ਸਭਾ ਵਿੱਚ ਕੱਲ ਆਏ ਓ, ਜੇ ਤੁਸੀਂ ਚੋਣ ਵੀ ਨਹੀਂ ਕਰਾਉਣੀ ਚਾਹੁੰਦੇ, ਫਿਰ ਕਿਹੜੀ ਹੈਸੀਅਤ ਵਿੱਚ ਪਰਧਾਨਗੀ ਦੇ ਦਾਅਵੇਦਾਰ ਬਣਦੇ ਓ?"

"ਕਿਉਂਕਿ ਮੈਂ ਸੂਰਜ ਆਂ, ਸੂਰਜ ਦੁਆਲੇ ਧਰਤੀਆਂ ਘੁੰਮਦੀਆਂ, ਨਾ ਕਿ ਸੂਰਜ ਧਰਤੀਆਂ ਦੁਆਲੇ।"

38-ਘਰ ਦਾ ਸੰਦ

ਕੁੰਦਨ ਨੇ ਨਵੀਂ ਸਭਾ ਬਣਾਉਣ ਦਾ ਫੈਸਲਾ ਕਰ ਲਿਆ। ਘਰ ਦੀ ਸਭਾ ਹੋਵੇਗੀ ਤਾਂ ਜਿਵੇਂ ਮਰਜ਼ੀ ਵਰਤੇਗਾ। ਉਹ ਸਭਾ ਦੀ ਰੂਪ ਰੇਖਾ ਤਿਆਰ ਕਰਨ ਲੱਗਾ। ਕੌਂਸਲ ਤੋਂ ਗਰਾਂਟ ਲੈਣੀ ਤਾਂ ਉਸ ਨੂੰ ਆਉਂਦੀ ਹੀ ਸੀ। ਹਰ ਵੇਲੇ ਮੋਹਣੀ ਨਾਲ ਇਸ ਬਾਰੇ ਸਲਾਹਾਂ ਕਰਦਾ ਰਹਿੰਦਾ। ਮੋਹਣੀ ਨੂੰ ਫਿਕਰ ਸੀ ਕਿ ਉਸ ਨੂੰ ਪੁਰਾਣੀ ਸਭਾ ਛੱਡਣੀ ਪਵੇਗੀ। ਉਸ ਸਭਾ ਨਾਲ ਉਸ ਵੀ ਕਾਫੀ ਦੇਰ ਤੋਂ ਸਾਂਝ ਚੱਲੀ ਆ ਰਹੀ ਸੀ। ਕੁੰਦਨ ਨੇ ਅਗਲੇ ਦਿਨ ਹੀ ਆਪਣਾ ਤੇ ਮੋਹਣੀ ਦਾ ਅਸਤੀਫਾ ਬਲਵੀਰ ਬਾਵਰੇ ਨੂੰ ਭੇਜ ਦਿਤਾ।

ਬਾਵਰੇ ਨੂੰ ਮੋਹਣੀ ਦੇ ਅਸਤੀਫੇ 'ਤੇ ਬਹੁਤ ਹੈਰਾਨਗੀ ਸੀ। ਉਹ ਸੋਚ ਰਿਹਾ ਸੀ ਕਿ ਮੋਹਣੀ ਏਨੀ ਅਕਲਵੰਦ ਔਰਤ ਹੈ ਤੇ ਕੁੰਦਨ ਦੇ ਪ੍ਰਭਾਵ ਹੇਠ ਕਿਵੇਂ ਆ ਗਈ। ਸਭਾ ਦੀ ਉਹ ਜਨਰਲ ਸਕੱਤਰ ਸੀ ਫਿਰ ਵੀ ਅਸਤੀਫਾ ਕਿਉਂ ਦੇ ਗਈ। ਅਸਲ ਵਿੱਚ ਮੋਹਣੀ ਨੇ ਅਸਤੀਫਾ ਦਿਤਾ ਨਹੀਂ ਸੀ, ਕੁੰਦਨ ਨੇ ਦਵਾਇਆ ਸੀ। ਮੋਹਣੀ ਕੋਲ ਹੋਰ ਕੋਈ ਰਾਹ ਵੀ ਨਹੀਂ ਸੀ। ਉਹ ਇਕ ਤਰੀਕੇ ਨਾਲ ਫਸੀ ਖੜੀ ਸੀ। ਆਪਣੀ ਰਾਏ ਰੱਖਣ ਦਾ ਹੱਕ ਸੀਮਤ ਕਰ ਦਿਤਾ ਗਿਆ ਸੀ। ਹੁਣ ਕੁੰਦਨ ਉਸ ਨੂੰ ਪੁੱਛਦਾ ਨਹੀਂ ਸੀ ਬਲਕਿ ਦਸਦਾ ਸੀ ਤੇ ਉਹ ਸੁਣਦੀ ਤੇ ਕਰਦੀ ਸੀ। ਨਵੀਂ ਸੰਸਥਾ ਬਣਾਉਣ ਲਈ ਕੁੰਦਨ ਬਹੁਤ ਉਤਸ਼ਾਹਿਤ ਸੀ। ਹਰ ਵੇਲੇ ਹਾਈਪਰ ਹੋਇਆ ਰਹਿੰਦਾ। ਮੋਹਣੀ ਉਸ ਦਾ ਫਿਕਰ ਵੀ ਕਰਦੀ ਪਰ ਆਖਦੀ ਵੀ ਕੁਝ ਨਾ।...

ਇਕ ਦਿਨ ਕੁੰਦਨ ਨੂੰ ਡਾਕ ਰਾਹੀਂ ਇਕ ਪੈਕਟ ਮਿਲਿਆ। ਜਾਪਦਾ ਸੀ ਜਿਵੇਂ ਕੋਈ ਕਿਤਾਬ ਹੋਵੇਗੀ। ਉਸ ਨੇ ਖੋਹਲ ਕੇ ਦੇਖਿਆ। ਇਹ ਤਾਂ ਜੋਗੇਂਦਰ ਦਾ ਨਵਾਂ ਨਾਵਲ 'ਰੇਗਿਸਤਾਨ' ਸੀ। ਉਪਰ ਲਿਖਿਆ ਸੀ; 'ਮੋਹ ਨਾਲ ਆਪਣੇ ਸੀਨੀਅਰ ਨਾਵਲਕਾਰ ਡਾਕਟਰ ਕੁੰਦਨ ਸਿੰਘ ਕੁੰਦਨ ਨੂੰ!' ਇਕ ਵਾਰ ਤਾਂ ਉਸ ਦਾ ਦਿਲ ਕੀਤਾ ਕਿ ਚੁੱਕ ਕੇ ਨਾਵਲ ਨੂੰ ਬਿਨ ਵਿੱਚ ਪਾ ਦੇਵੇ। ਸ਼ਾਇਦ ਪਾ ਵੀ ਦਿੰਦਾ ਪਰ ਮੋਹਣੀ ਦੇਖ ਰਹੀ ਸੀ। ਫਿਰ ਉਹ ਇਹ ਵੀ ਸੋਚ ਰਿਹਾ ਸੀ ਕਿ ਸ਼ਰੀਕ ਦੀ ਹਰ ਚਾਲ ਉਪਰ ਨਜ਼ਰ ਰੱਖਣੀ ਚਾਹੀਦੀ ਹੈ। ਜੋਗੇਂਦਰ ਦੇ ਪਹਿਲੇ ਨਾਵਲ ਵਿੱਚ ਪਿਛੇ ਜਿਹੇ ਮਿਡਲਸੈਕਸ ਵਿੱਚ ਕਾਫੀ ਵੱਡਾ ਫੰਕਸ਼ਨ ਹੋਇਆ ਸੀ। ਇੰਡੀਆ ਤੋਂ ਆਏ ਆਲੋਚਕਾਂ ਨੇ ਉਸ ਨੂੰ ਵਾਹਵਾ ਸਲਾਹਿਆ ਸੀ। ਕੁੰਦਨ ਇਸ ਗੱਲ ਤੋਂ ਬਹੁਤ ਦੁਖੀ ਸੀ। ਉਸ ਨੇ ਜੋਗੇਂਦਰ ਨੂੰ ਫੋਨ ਕਰਨਾ ਵੀ ਬੰਦ ਕੀਤਾ ਹੋਇਆ ਸੀ। ਹੁਣ ਉਸ ਨੇ ਇਕ ਹੋਰ ਨਾਵਲ ਲਿਖ ਲਿਆ ਸੀ, ਕੁੰਦਨ ਦਾ ਇੰਝ ਦੁਖੀ ਹੋਣਾ ਕੁਦਰਤੀ ਸੀ। ਮੋਹਣੀ ਨੇ ਨਾਵਲ ਚੁੱਕ ਕੇ ਦੇਖਿਆ। ਉਸ ਨੂੰ ਪਤਾ ਸੀ ਕੁੰਦਨ ਬਹੁਤ ਖਫਾ ਹੈ, ਇਸ ਲਈ ਉਹ ਕੁਝ ਨਾ ਬੋਲੀ ਨਹੀਂ ਤਾਂ ਉਸ ਨੂੰ ਨਾਵਲ ਦੀ ਦਿੱਖ ਬਹੁਤ ਚੰਗੀ ਲੱਗ ਰਹੀ ਸੀ। ਘੰਟੇ ਕੁ ਬਾਅਦ ਮੋਹਣੀ ਨੂੰ ਵਿਹਲ ਮਿਲੀ ਤਾਂ ਉਹ ਇਸ ਨਾਵਲ ਨੂੰ ਪੜ੍ਹਨ ਲੱਗ ਪਈ। ਉਸ ਤੋਂ ਰਿਹਾ ਨਾ ਗਿਆ, ਉਸ ਨੇ ਆਖਿਆ,

"ਕੁੰਦਨ ਜੀ, ਪੜ੍ਹ ਕੇ ਦੇਖੋ, ਕਿਆ ਰੀਡੇਬਿਲਟੀ ਏ ਨਾਵਲ ਵਿੱਚ, ਪਹਿਲਾ ਚੈਪਟਰ ਹੀ ਮੈਨੂੰ ਤਾਂ ਕੀਲ ਕੇ ਰੱਖ ਗਿਆ!"

"ਬਕਵਾਸ! ਉਹਨੂੰ ਕੀ ਪਤਾ ਨਾਵਲ ਕੀ ਹੁੰਦਾ ਏ, ਅਗਾਂਹ ਪੜ੍ਹੇਂਗੀ ਤਾਂ ਦੇਖੇਂਗੀ!"

ਮੋਹਣੀ ਨੇ ਦੂਜਾ ਚੈਪਟਰ ਪੜ੍ਹਿਆ ਤਾਂ ਬੋਲੀ,

"ਇਹ ਤਾਂ ਨਵੀਂ ਵਿਧਾ ਦਾ ਨਾਵਲ ਏ, ਕਮਾਲ ਏ! ਇਕ ਗੱਲ ਨੂੰ ਦੋ ਕਿਰਦਾਰ ਆਪੋ ਆਪਣੇ ਨਜ਼ਰੀਏ ਤੋਂ ਕਰ ਰਹੇ ਨੇ, ਖਾਸ ਗੱਲ ਕਿ ਇਹ ਪਤੀ-ਪਤਨੀ ਨੇ, ...ਕੁੰਦਨ ਜੀ, ਪੜ੍ਹ ਕੇ ਦੇਖੋ ਜ਼ਰਾ!"

ਜਿਵੇਂ ਜਿਵੇਂ ਮੋਹਣੀ ਨਾਵਲ ਹੋਰ ਅਗੇ ਪੜ੍ਹ ਰਹੀ ਸੀ, ਉਹ ਜੋਗੇਂਦਰ ਦੀ ਨਾਵਲ-ਕਲਾ ਦੀ ਵਡਿਆਈ ਕਰੀ ਜਾ ਰਹੀ ਸੀ। ਉਹ ਨੂੰ ਪਤਾ ਵੀ ਸੀ ਕਿ ਕੁੰਦਨ ਨੂੰ ਇਹ ਪਸੰਦ ਨਹੀਂ ਪਰ ਉਸ ਤੋਂ ਰੁਕ ਨਹੀਂ ਸੀ ਹੋ ਰਿਹਾ। ਕੁੰਦਨ ਦਾ ਦਿਲ ਕਰ ਰਿਹਾ ਸੀ ਕਿ ਮੋਹਣੀ ਦਾ ਉਹ ਮੂੰਹ ਭੰਨ ਦੇਵੇ ਜਿਹਦੇ ਨਾਲ ਉਹ ਜੋਗੇਂਦਰ ਦੀ ਫਜ਼ੂਲ ਤਾਰੀਫ ਕਰੀ ਜਾ ਰਹੀ ਸੀ ਪਰ ਉਸ ਨੇ ਆਪਣਾ ਗੁੱਸਾ ਮਨ ਹੀ ਮਨ ਵਿੱਚ ਪੀ ਲਿਆ।

ਇਕ ਦਿਨ ਉਸ ਨੇ ਆਪਣੇ ਦੋਸਤ ਰਤਨਜੀਤ ਨੂੰ ਫੋਨ ਕੀਤਾ। ਰਤਨਜੀਤ ਦੱਸਣ ਲੱਗਾ,

"ਡਾਕਟਰ ਸਾਹਿਬ, ਤੁਹਾਡੇ ਚੇਲੇ ਦੇ ਨਾਵਲ 'ਰੇਗਿਸਤਾਨ' ਦੀ ਬਹੁਤ ਚਰਚਾ ਹੋ ਰਹੀ ਏ।"

"ਬਕਵਾਸ ਨਾਵਲ ਏ। ਮੈਨੂੰ ਲਗਦਾ ਕਿ ਮੇਰੇ ਵਿਰੋਧੀ ਉਹਨੂੰ ਚੁੱਕ ਰਹੇ ਨੇ।"

"ਕੁਝ ਵੀ ਹੋਵੇ, ਖਾਲੀ ਬੋਰੀ ਤਾਂ ਨਹੀਂ ਖੜੀ ਕੀਤੀ ਜਾਂਦੀ। ਧਿਆਨ ਰੱਖੋ, ਇਹਨੇ ਤੁਹਾਨੂੰ ਢਿੱਬੀ ਲਾ ਜਾਣੀ ਏਂ।"

ਆਖਦਾ ਰਤਨਜੀਤ ਹੱਸਣ ਲੱਗਾ। ਕੁੰਦਨ ਨੂੰ ਇਕ ਚੜੇ ਤੇ ਇਕ ਉਤਰੇ। ਉਸ ਨੂੰ ਜੋਗੇਂਦਰ ਨਾਲ ਏਨੀ ਨਫਰਤ ਹੋਈ ਕਿ ਉਸ ਨੂੰ ਉਠ ਕੇ ਸਿੰਕ ਵਿੱਚ ਥੁੱਕਣਾ ਪਿਆ। ਉਸ ਨੇ ਮਨ ਹੀ ਮਨ ਕਿਹਾ, 'ਇਸ ਸਾਲ਼ੇ ਬਹਿੜਿਆਂ ਦੀ ਮੈਂ ਹੁਣ ਕਦੇ ਸ਼ਕਲ ਨਹੀਂ ਦੇਖਣੀ!'

ਉਸੇ ਸ਼ਾਮ ਹੀ ਕੁੰਦਨ ਨੂੰ ਕੱਚੀਆਂ ਤ੍ਰੇਲੀਆਂ ਆਉਣ ਲੱਗੀਆਂ। ਮੋਹਣੀ ਉਸ ਨੂੰ ਡਾਕਟਰ ਦੇ ਲੈ ਗਈ। ਡਾਕਟਰ ਨੇ ਕਿਹਾ ਕਿ ਉਸ ਨੂੰ ਦਿਲ ਦਾ ਦੌਰਾ ਪੈ ਰਿਹਾ ਹੈ। ਉਸ ਨੂੰ ਇਕ ਦਮ ਹਸਪਤਾਲ ਭੇਜ ਦਿਤਾ ਗਿਆ। ਹਸਪਤਾਲ ਉਸ ਨੂੰ ਚੰਗੀ ਤਰ੍ਹਾਂ ਚੈੱਕ ਕੀਤਾ ਗਿਆ ਤਾਂ ਪਤਾ ਚੱਲਿਆ ਕਿ ਉਸ ਦੇ ਦਿਲ ਦੀਆਂ ਤਿੰਨ ਨਾੜੀਆਂ ਬੰਦ ਹੋ ਚੁੱਕੀਆਂ ਹਨ। ਇਸ ਲਈ ਉਸ ਦਾ ਜਲਦੀ ਤੋਂ ਜਲਦੀ ਬਾਈਪਾਸ ਹੋਵੇਗਾ। ਉਸ ਨੂੰ ਹਸਤਪਾਲ ਵਿੱਚ ਭਰਤੀ ਕਰ ਲਿਆ ਗਿਆ।

ਕੁੰਦਨ ਨੂੰ ਦਿਲ ਦਾ ਦੌਰਾ ਪੈਣ ਦੀ ਖ਼ਬਰ ਸਾਹਿਤਕ ਹਲਕਿਆਂ ਵਿੱਚ ਇਕ ਦਮ ਫੈਲ ਗਈ। ਜਿਸ ਨੂੰ ਪਤਾ ਚੱਲਦਾ ਗਿਆ ਉਹ ਅਗੇ ਫੋਨ ਕਰਦਾ ਗਿਆ। ਜੇ ਉਹ ਮਿਡਲਸੈਕਸ ਵਿੱਚ ਹੁੰਦਾ ਤਾਂ ਹੁਣ ਤਕ ਕੋਈ ਨਾ ਕੋਈ ਸ਼ਾਇਦ ਉਸ ਨੂੰ ਮਿਲ ਵੀ ਆਇਆ ਹੁੰਦਾ। ਵਿਲਨਹਾਲ ਵਿੱਚ ਉਸ ਦੇ ਜਾਣੂੰ ਤਾਂ ਬਹੁਤ ਸਨ ਪਰ ਦੋਸਤ ਘੱਟ ਸਨ। ਬਾਵਰੇ ਤੇ ਹਰਮੇਸ਼ ਸਿੰਘ ਵਰਗੇ ਜਿਹੜੇ ਦੋਸਤ ਸਨ ਵੀ ਉਹ ਹੁਣ ਵਿਗੜੇ ਬੈਠੇ ਸਨ। ਉਹ ਹਸਪਤਾਲ ਵਿੱਚ ਪਿਆ ਆਪਣੇ ਦਿਲ ਦੇ ਓਪਰੇਸ਼ਨ ਦੀ ਉਡੀਕ ਕਰ ਰਿਹਾ ਸੀ। ਉਹ ਦਰਵਾਜ਼ੇ ਵੱਲ ਦੇਖਦਾ ਆਉਣ ਵਾਲਿਆਂ ਨੂੰ ਉਡੀਕਦਾ ਰਹਿੰਦਾ ਪਰ ਮੋਹਣੀ ਤੋਂ ਬਿਨਾਂ ਕੋਈ ਨਾ ਆਇਆ। ਜੇ ਕੋਈ ਆਇਆ ਵੀ ਤਾਂ ਉਹ ਮੋਹਣੀ ਦੀਆਂ ਸਹੇਲੀਆਂ ਜਾਂ ਕੋਈ ਵਾਕਫਕਾਰ ਹੀ ਆਇਆ।

ਜੋਗੇਂਦਰ ਨੂੰ ਪਤਾ ਚੱਲਿਆ ਤਾਂ ਉਸ ਨੇ ਆਪਣੀ ਕਾਰ ਦਾ ਸਟੇਅਰਿੰਗ ਵਿਲਨਹਾਲ ਵੱਲ ਮੋੜ ਲਿਆ। ਜੋਗੇਂਦਰ ਨੂੰ ਦੇਖ ਕੇ ਕੁੰਦਨ ਨੂੰ ਚਾਅ ਚੜ੍ਹ ਗਿਆ। ਉਸ ਨਾਲ ਭਰਵਾਂ ਹੱਥ ਮਿਲਾਉਂਦਾ ਬੋਲਿਆ,

"ਥੈਂਕਿਊ ਬਈ ਤੇਰੇ ਪਿਆਰ ਦਾ, ਸਾਲ਼ਾ ਬੈਹੜਿਆਂ ਦਾ ਕੋਈ ਮਿਲਣ ਨਹੀਂ ਆਇਆ, ਅੱਜ ਪੰਜ ਦਿਨ ਹੋ ਗਏ ਮੈਨੂੰ ਏਥੇ ਪਏ ਨੂੰ!"

ਉਸ ਨੂੰ ਜੋਗੇਂਦਰ ਨਾਲ ਬਹੁਤ ਮੋਹ ਆ ਰਿਹਾ ਸੀ। ਮੋਹਣੀ ਵੀ ਜੋਗੇਂਦਰ ਨੂੰ ਦੇਖ ਕੇ ਖੁਸ਼ ਹੋ ਗਈ ਤੇ ਬੋਲੀ,

"ਇਹ ਤਾਂ ਹੋਈ ਨਾ ਸੱਚੀ ਦੋਸਤੀ! ਮੈਂ ਵੀ ਰਾਤੀਂ ਸੋਚਦੀ ਸੀ ਕਿ ਕੋਈ ਹੋਰ ਆਵੇ ਜਾਂ ਨਾ ਪਰ ਜੋਗੇਂਦਰ ਜ਼ਰੂਰ ਆਏਗਾ।"

"ਮੈਂ ਤਾਂ ਸਗੋਂ ਲੇਟ ਹੋ ਗਿਆਂ, ਮੇਰੇ ਮਨ ਨੂੰ ਤਾਂ ਉਦੋਂ ਦਾ ਹੀ ਟਿਕਾਅ ਨਹੀਂ ਜਦੋਂ ਦਾ ਪਤਾ ਚੱਲਿਆ।"

"ਛੋਟੇ ਭਾਊ, ਯਾਰ, ਕਿਸੇ ਤਰ੍ਹਾਂ ਪਾਈਆ ਕੁ ਵਿਸਕੀ ਦਾ ਇੰਤਜ਼ਾਮ ਕਰ, ਕੋਕ ਦੀ ਬੋਤਲ ਵਿੱਚ ਪਾ ਕੇ।"

"ਬਾਬਿਓ, ਇਹ ਦਿਲ ਦਾ ਮਾਮਲਾ ਐ, ...ਕਿਤੇ ਜਾਹ ਜਾਂਦੀ ਹੀ ਨਾ ਹੋ ਜਾਏ!"

ਮੋਹਣੀ ਵੀ ਉਸ ਦੀ ਗੱਲ ਨਾਲ ਸਹਿਮਤ ਸੀ। ਕੁੰਦਨ ਆਖਣ ਲੱਗਿਆ,

"ਇਹ ਸਾਲ਼ੇ ਬੈਹੜਿਆਂ ਦੇ ਨਾ ਸਿਗਰਟ ਪੀਣ ਦਿੰਦੇ ਤੇ ਨਾ ਕੁਝ ਹੋਰ, ਵਿਸਕੀ ਦਾ ਮੂੰਹ ਦੇਖਿਆਂ ਕਿੰਨੇ ਹੀ ਦਿਨ ਹੋ ਗਏ!"

"ਡਾਕਟਰ ਸਾਹਿਬ, ਸਿਹਤ ਜ਼ਰੂਰੀ ਐ ਕਿ ਇਹ ਆਦਤਾਂ?"

ਜੋਗੇਂਦਰ ਦੋ ਕੁ ਘੰਟੇ ਉਸ ਕੋਲ ਬੈਠਿਆ। ਮੋਹਣੀ ਵੀ ਕੋਲ ਹੀ ਸੀ। ਵਾਹਵਾ ਹਾਸਾ ਮਜ਼ਾਕ ਚੱਲਦਾ ਰਿਹਾ। ਮੋਹਣੀ ਦਾ ਦਿਲ ਕਰਦਾ ਸੀ ਕਿ ਉਸ ਦੇ ਨਾਵਲ ਬਾਰੇ ਆਪਣੇ ਪ੍ਰਤੀਕਰਮ ਦੇਵੇ ਪਰ ਕੁੰਦਨ ਕਰਕੇ ਉਹ ਚੁੱਪ ਰਹੀ। ਕੁੰਦਨ ਨੇ ਤਾਂ ਇਹ ਵੀ ਨਾ ਦੱਸਿਆ ਕਿ ਨਾਵਲ ਮਿਲ ਗਿਆ ਹੈ ਜਾਂ ਨਹੀਂ। ਜੋਗੇਂਦਰ ਹਸਪਤਾਲ ਤੋਂ ਸਿੱਧਾ ਵਾਪਸ ਆ ਗਿਆ। ਮੋਹਣੀ ਉਸ ਨੂੰ ਕਹਿੰਦੀ ਰਹੀ ਕਿ ਘਰ ਵੱਲ ਦੀ ਹੋ ਕੇ ਜਾਵੇ।

ਹਫਤਾ ਲੰਘ ਗਿਆ। ਕੁੰਦਨ ਲਈ ਹਸਪਤਾਲ ਰਹਿਣਾ ਮੁਸ਼ਕਲ ਹੋ ਗਿਆ। ਉਸ ਦਾ ਬਾਈਪਾਸ ਓਪਰੇਸ਼ਨ ਹੋਣਾ ਸੀ ਪਰ ਇਸ ਲਈ ਲੰਮੀ ਕਤਾਰ ਸੀ। ਬਹੁਤ ਸਾਰੇ ਮਰੀਜ਼ਾਂ ਤੋਂ ਬਾਅਦ ਉਸ ਦੀ ਵਾਰੀ ਆਉਣੀ ਸੀ। ਇਕ ਦਿਨ ਉਹ ਲੁਕ ਕੇ ਸਿਗਰਟ ਪੀ ਰਿਹਾ ਸੀ ਤਾਂ ਨਰਸ ਨੇ ਦੇਖ ਲਿਆ। ਨਰਸ ਲੱਗੀ ਉਸ ਨੂੰ ਡਾਂਟਣ। ਕੁੰਦਨ ਮਰੀਜ਼ਾਂ ਵਾਲੇ ਕਪੜਿਆਂ ਵਿੱਚ ਹੀ ਘਰ ਨੂੰ ਭੱਜ ਆਇਆ। ਘਰ ਆ ਕੇ ਪਹਿਲਾਂ ਉਸ ਨੇ ਵਿਸਕੀ ਦੀ ਬੋਤਲ ਖੋਹਲੀ ਤੇ ਫਿਰ ਜਿਵੇਂ ਸਿਰਗਟਾਂ ਦੀ ਚਿਮਨੀ ਚਲਾ ਦਿਤੀ ਹੋਵੇ। ਮੋਹਣੀ ਬਥੇਰਾ ਰੌਲਾ ਪਾਉਂਦੀ ਰਹੀ ਪਰ ਕੁੰਦਨ ਮੁੜ ਕੇ ਹਸਪਤਾਲ ਨਾ ਗਿਆ।...

ਬਲਵੀਰ ਬਾਵਰੇ ਨੇ ਜੋਗੇਂਦਰ ਨੂੰ ਫੋਨ ਕਰਕੇ ਕਿਹਾ,

"ਲੋਕ ਕਹਿੰਦੇ ਕਿ ਤੇਰੇ ਨਾਵਲ ਨੇ ਕੁੰਦਨ ਨੂੰ ਹਾਰਟ ਅਟੈਕ ਕਰਾ ਦਿਤਾ!"

"ਸ਼ਾਇਦ! ਮੈਂ ਤੁਹਾਨੂੰ ਵੀ ਭੇਜਿਆ ਸੀ, ਤੁਸੀਂ ਆਪਣਾ ਧਿਆਨ ਰੱਖਿਓ!"

"ਓ, ਮੈਨੂੰ ਨਹੀਂ ਹੁੰਦਾ ਏਹਦੇ ਨਾਲ ਹਾਰਟ ਅਟੈਕ, ਮੈਂ ਵੱਡਾ ਨਾਵਲਕਾਰ ਆਂ ਹੁਣ। ਮੇਰੇ ਨਾਵਲਾਂ ਬਾਰੇ ਤਾਂ ਡਾਕਟਰ ਸ਼ਾਹੀ ਨੇ ਕਿਹਾ ਕਿ ਇਹਨਾਂ ਵਿੱਚੋਂ ਦਾਸਤੋਵਸਕੀ ਦੀ ਝਲਕ ਮਿਲਦੀ ਐ।"

"ਅੱਛਾ! ਇਹ ਤਾਂ ਬਹੁਤ ਚੰਗੀ ਗੱਲ ਐ ਪਰ ਡਾਕਟਰ ਸ਼ਾਹੀ ਮੈਨੂੰ ਕੁਝ ਹੋਰ ਹੀ ਕਹਿੰਦਾ ਸੀ।"

"ਅੱਛਾ! ਤੈਨੂੰ ਕੀ ਕਹਿੰਦਾ?"

"ਕਹਿੰਦਾ ਕਿ ਮੈਂ ਬਾਵਰੇ ਨੂੰ ਸਲਾਹ ਦਿਤੀ ਕਿ ਨਾਵਲ ਵਿੱਚੋਂ ਆਹ ਦੋ ਸੌ ਸਫਾ ਕੱਢ ਦੇ, ਉਹਨੇ ਦੋ ਸੌ ਸਫਾ ਕੱਢ ਕੇ ਓਦਾਂ ਈ ਨਾਵਲ ਛਪਵਾ ਲਿਆ।"

“ਤੂੰ ਝੂਠ ਤਾਂ ਨਹੀਂ ਬੋਲਦਾ?”

“ਨਾ ਬਾਵਰਾ ਸਾਬ, ਤੁਹਾਡੀ ਸੌਂਹ!”

“ਏਹ ਆਲੋਚਕ ਵੀ ਬੜੇ ਖਰਾਬ ਐ, ਮੂੰਹ ਤੇ ਕੁਝ ਤੇ ਪਿੱਠ ਪਿੱਛੇ ਕੁਝ ਹੋਰ!”

“ਬਾਕੀ ਤਾਂ ਗੱਲ ਠੀਕ ਐ ਬਾਵਰਾ ਸਾਹਿਬ, ਤੁਸੀਂ ਕੁੰਦਨ ਨੂੰ ਦੇਖ ਤਾਂ ਆਉਣਾ ਸੀ।”

“ਜਾਊਂਗਾ ਕਿਸੇ ਦਿਨ, ਵਿਹਲ ਜਿਹਾ ਨਹੀਂ ਲੱਗਿਆ, ਕੱਲ ਮੋਹਣੀ ਤੁਹਾਡੀ ਅੰਟੀ ਨੂੰ ਟਾਊਨ ਸੈਂਟਰ ਮਿਲੀ ਸੀ, ਦੱਸਦੀ ਸੀ ਕਿ ਕੁੰਦਨ ਦੁਬਾਰਾ ਹਸਪਤਾਲ ਗਿਆ ਤੇ ਅਗਲੇ ਸੋਮਵਾਰ ਓਪਰੇਸ਼ਨ ਐ, ਹੁਣ ਓਪਰੇਸ਼ਨ ਤੋਂ ਬਾਅਦ ਹੀ ਜਾਊਂਗਾ।”

ਬਾਵਰਾ ਫਿਰ ਵੀ ਨਾ ਗਿਆ। ਬਸ ਇਕ ਦਿਨ ਫੋਨ ਕਰਕੇ ਮੋਹਣੀ ਤੋਂ ਕੁੰਦਨ ਦਾ ਹਾਲ ਚਾਲ ਪੁੱਛ ਲਿਆ। ਜੋਗੇਂਦਰ ਦੋ ਗੇੜੇ ਹੋਰ ਮਾਰ ਆਇਆ ਸੀ। ਓਪਰੇਸ਼ਨ ਤੋਂ ਬਾਅਦ ਕੁੰਦਨ ਛੇਤੀ ਹੀ ਠੀਕ ਹੋ ਕੇ ਪੈਰਾਂ ‘ਤੇ ਆ ਆਉਣ ਲੱਗਿਆ। ਵਾਪਸ ਘਰ ਆ ਕੇ ਉਹ ਨਵੇਂ ਉਤਸ਼ਾਹ ਵਿੱਚ ਸੀ। ਜੋਗੇਂਦਰ ਨੂੰ ਫੋਨ ਕਰਕੇ ਬੋਲਿਆ,

“ਬਚ ਗਿਆਂ ਯਾਰ! ਹੁਣ ਨਈਂ ਮੈਂ ਜਾਂਦਾ ਕਿਤੇ ਸੌ ਸਾਲ ਤਕ।”

“ਬਾਬਿਓ, ਤੁਹਾਡੀ ਤਾਂ ਪੰਜਾਬੀ ਸਾਹਿਤ ਨੂੰ ਬਹੁਤ ਲੋੜ ਐ।”

“ਇਹ ਤੂੰ ਹੀ ਕਹਿੰਨਾ, ਹੋਰ ਕੋਈ ਸਾਲ਼ਾ ਬੈਹੜਿਆਂ ਦਾ ਨਹੀਂ ਕੂੰਦ੍ਹਾ।”

ਉਹ ਸੈਰ ਕਰਨ ਜਾਣ ਲੱਗਿਆ। ਦੋਸਤਾਂ ਨੂੰ ਵੀ ਮਿਲ ਰਿਹਾ ਸੀ। ਇਕ ਦਿਨ ਉਸ ਨੇ ਜੋਗੇਂਦਰ ਨੂੰ ਫੋਨ ਕੀਤਾ ਤੇ ਦੱਸਿਆ,

“ਮੈਂ ‘ਪੰਜਾਬੀ ਲਿਟਰੇਰੀ ਥੌਟ ਸੈਂਟਰ’ ਬਣਾਉਣ ਲੱਗਿਆਂ, ਜਿਹੜਾ ਲਗਾਤਾਰ ਕੰਮ ਕਰੇਗਾ। ਇਸ ਵਿੱਚ ਸਾਹਿਤਕ ਵਰਕਸ਼ੌਪ ਲਾਈ ਜਾਇਆ ਕਰੇਗੀ, ਕੁਝ ਸਭਿਆਚਾਰਕ ਕੰਮ ਵੀ ਹੋਣਗੇ, ਇਸ ਨੂੰ ਰਜਿਸਟਰ ਕਰਾਇਆ ਜਾਏਗਾ। ਇਸ ਦੀਆਂ ਬ੍ਰਾਂਚਾਂ ਇੰਗਲੈਂਡ ਦੇ ਕਈ ਸ਼ਹਿਰਾਂ ਵਿੱਚ ਹੋਣਗੀਆਂ। ਜੇ ਤੂੰ ਚਾਹੇਂ ਤਾਂ ਆਪਣੇ ਇਲਾਕੇ ਵਿੱਚ ਵੀ ਏਹਦੀ ਬ੍ਰਾਂਚ ਖੋਹਲ ਸਕਦਾ ਏਂ।”

“ਦੇਖ ਲਵਾਂਗੇ, ਵੈਸੇ ਤਾਂ ਸਾਡਾ ‘ਸਾਹਤਿਕ ਅਦਾਰਾ’ ਚੰਗਾ ਭਲਾ ਕੰਮ ਕਰ ਈ ਰਿਹੈ।”

ਜੋਗੇਂਦਰ ਨੇ ਕਿਹਾ। ਹੁਣ ਉਸ ਲਈ ਕੁੰਦਨ ਦੀ ਪ੍ਰਭੁਤਾ ਕਬੂਲ ਕਰਨੀ ਮੁਸ਼ਕਲ ਸੀ। ਕੁੰਦਨ ਨੇ ਆਪਣੀ ਇਸ ਸਭਾ ਬਾਰੇ ਦੱਸਦਿਆਂ ਅੱਗੇ ਕਿਹਾ,

“ਮੈਂ ਆਹ ਸਾਰੇ ਬਾਵਰੇ-ਸ਼ਾਵਰੇ ਖੂੰਜੇ ਲਾ ਦੇਣੇ ਆਂ, ਮੈਂ ਸਰਕਾਰ ਤੋਂ ਮੋਟੀ ਸਾਰੀ ਗਰਾਂਟ ਲੈਣੀ ਆਂ, ਮਰਜ਼ੀ ਦੇ ਬੰਦੇ ਇੰਡੀਆ ਤੋਂ ਸੱਦਣੇ ਆਂ, ਮਰਜ਼ੀ ਦੇ ਪੇਪਰ ਲਿਖਾਉਣੇ ਆਂ, ਦੇਖ ਤਾਂ ਡਾਕਟਰ ਕੁੰਦਨ ਸਿੰਘ ਕੁੰਦਨ ਦੀ ਚਰਚਾ ਕਰਦੇ ਨੇ ਕਿ ਨਹੀਂ!”

“ਬਹੁਤ ਵਧੀਆ!”

“ਹੋਰ ਸੁਣ, ਮੈਂ ਇਕ ਇਨਾਮ ਸ਼ੁਰੂ ਕਰਨ ਬਾਰੇ ਵੀ ਸੋਚ ਰਿਹਾਂ, ਫੇਰ ਮੈਂ ਲੋਕਾਂ ਨਾਲ ਲੈਣ-ਦੇਣ ਕਰਿਆ ਕਰਾਂਗਾ ਤੇ ਪੁੱਛਾਂਗਾ ਕਿ ਦੱਸੋ, ਮੈਨੂੰ ਕੀ ਦਿੰਦੇ ਓ। ਫੇਰ ਮੈਂ ਛੇਤੀ ਈ ਭਾਰਤੀ ਸਾਹਿਤ ਅਕੈਡਮੀ ਦੇ ਇਨਾਮ ਤਕ ਪਹੁੰਚ ਜਾਵਾਂਗਾ।”

ਗੱਲ ਕਰਦੇ ਕੁੰਦਨ ਦੀਆਂ ਅੱਖਾਂ ਸੁਫਨਿਆਂ ਨਾਲ ਭਰੀਆਂ ਪਈਆਂ ਸਨ। ਇਸ ਸੰਸਥਾ ਬਾਰੇ ਸੋਚਦਿਆਂ ਹੀ ਉਸ ਵਿੱਚ ਲੋਹੜੇ ਦੀ ਊਰਜਾ ਆ ਗਈ ਸੀ। ਬਾਵਰੇ ਨੂੰ ਤੇ ਉਸ ਦੀ ਸਭਾ ਨੂੰ ਨੀਵਾਂ ਦਿਖਾਉਣ ਲਈ ਉਹ ਕੋਈ ਵੱਡਾ ਕੰਮ ਕਰਨਾ ਚਾਹੁੰਦਾ ਸੀ। ਉਸ ਨੇ ‘ਸਾਹਿਤ ਸਿਧਾਂਤ ਕੇਂਦਰ’ ਕਾਇਮ ਕਰ ਦਿਤਾ। ਇਸ ਦੇ ਕਈ ਅਰਧ-ਲੇਖਕ ਜਿਹੇ ਡਾਇਰੈਕਟਰ ਬਣਾ ਲਏ। ਸਰਕਾਰ ਤੋਂ ਗਰਾਂਟ ਲੈਣ ਸਮੇਂ ਇਸ ਨੂੰ ਬਹੁਤ ਵੱਡੀ ਸੰਸਥਾ ਬਣਾ ਕੇ ਪੇਸ਼ ਕੀਤਾ। ਉਸ ਨੂੰ ਪੰਜਾਬੀ ਕਾਨਫਰੰਸ ਕਰਾਉਣ ਲਈ ਗਰਾਂਟ ਮਨਜ਼ੂਰ ਹੋ ਗਈ। ਉਹ ਆਪਣੇ ਮਨ ਪਸੰਦ ਡਾਕਟਰਾਂ ਨੂੰ ਇੰਡੀਆ ਤੋਂ ਬੁਲਾ ਕੇ ਸਾਹਿਤ ਉਪਰ ਕੰਮ ਕਰਾਉਣਾ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਉਸ ਦੇ ਮਗਰਲੇ ਤਿੰਨਾਂ ਨਾਵਲਾਂ ਉਪਰ ਕੋਈ ਡਾਕਟਰ ਨਿੱਠ ਕੇ ਕੰਮ ਕਰੇ ਤੇ ਪਰਚਾ ਲਿਖ ਕੇ ਲਿਆਵੇ। ਉਸ ਨੇ ਸੋਚਣਾ ਸ਼ੁਰੂ ਕੀਤਾ ਕਿ ਕਿਹੜੇ ਕਿਹੜੇ ਡਾਕਟਰ ਉਸ ਦੇ ਹੱਕ ਵਿੱਚ ਜਾਣਗੇ। ਪਿਛਲੀ ਵਾਰੀ ਬਾਵਰੇ ਵਾਲੀ ਕਾਨਫਰੰਸ ਵਿੱਚ ਆਇਆ ਹਰਦੇਵ ਦਿਆਲ ਉਹ ਨੂੰ ਕਾਫੀ ਹੋਣਹਾਣ ਤੇ ਆਸ਼ਾਜਨਕ ਲੱਗ ਰਿਹਾ ਸੀ। ਅੰਮ੍ਰਿਤਸਰ ਵਾਲੇ ਗੁਰਬਚਨ ਸਿੰਘ ਨੇ ਉਸ ਦੀਆਂ ਆਲੋਚਨਾਂ ਦੀਆਂ ਕਿਤਾਬਾਂ ਉਪਰ ਕੰਮ ਕੀਤਾ ਹੋਇਆ ਸੀ, ਇਕ ਨਾਂ ਉਸ ਦਾ ਪਾ ਲਿਆ ਗਿਆ। ਦਿੱਲੀ ਦਾ ਡਾਕਟਰ ਰਤਨਜੀਤ ਅੱਜਕੱਲ ਡਾਕਟਰ ਰੌਸ਼ਨ ਦੇ ਖਿਲਾਫ ਵਾਲੇ ਧੜੇ ਵਿੱਚ ਸੀ, ਉਸ ਨੇ ਰਤਨਜੀਤ ਨੂੰ ਆਪਣੇ ਨਾਲ ਬੰਨਣ ਲਈ ਉਸ ਦਾ ਨਾਂ ਵੀ ਸ਼ਾਮਲ ਕਰ ਲਿਆ। ਇਵੇਂ ਹੀ ਡਾਕਟਰ ਰਣਜੀਤ ਸਿੰਘ ਨੇ ਰੌਸ਼ਨ ਤੋਂ ਬਾਅਦ ਦਿੱਲੀ ਯੂਨੀਵਰਸਟੀ ਵਿੱਚ ਪੰਜਾਬੀ ਵਿਭਾਗ ਦਾ ਮੁੱਖੀ ਬਣਨਾ ਸੀ ਇਕ ਨਾਂ ਉਸ ਦਾ ਰੱਖ ਲਿਆ। ਇਕ ਫਿਲਮ ਲਾਈਨ ਦਾ ਬੰਦਾ ਗੁਰਮੀਤ ਸਿੰਘ ਜੰਮੂ ਵੀ ਰੱਖ ਲਿਆ ਕਿ ਸ਼ਾਇਦ ਉਹ ਕਦੇ ਉਸ ਦੇ ਕਿਸੇ ਨਾਵਲ ਉਪਰ ਫਿਲਮ ਬਣਾ ਸਕੇ। ਉਸ ਨੂੰ ਪਤਾ ਸੀ ਕਿ ਇਹ ਸਾਰੇ ਉਸ ਤੋਂ ਯੂਨੀਅਰ ਸਨ ਤੇ ਉਸ ਦੀ ਵਿਦਵਤਾ ਦਾ ਲੋਹਾ ਵੀ ਮੰਨਦੇ ਹੋਣਗੇ। ਜੇ ਨਹੀਂ ਵੀ ਮੰਨਦੇ ਹੋਣਗੇ ਤਾਂ ਜਦ ਉਹਨਾਂ ਦੇ ਹੱਥ ਵਿੱਚ ਟਿਕਟਾਂ ਦੇ ਪੈਸੇ ਰੱਖੇਗਾ ਤਾਂ ਸਭ ਮੰਨਣਗੇ।

ਕੁੰਦਨ ਕਾਨਫਰੰਸ ਦੀ ਤਿਆਰੀ ਵਿੱਚ ਉਡਿਆ ਫਿਰਨ ਲੱਗਿਆ। ਉਹ ਇੰਡੀਆ ਨੂੰ ਫੋਨ ਕਰਕੇ ਪਤਾ ਕਰਦਾ ਕਿ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਆਉਣ ਵਾਲੇ ਬੰਦਿਆਂ ਦੀ ਤਿਆਰੀ ਕਿਥੇ ਕੁ ਪੁੱਜੀ ਹੈ। ਉਸ ਨੇ ਸਭ ਨੂੰ ਵੱਖ ਵੱਖ ਵਿਸ਼ੇ ਪਰਚਾ ਲਿਖਣ ਲਈ ਦੇ ਦਿਤੇ ਹੋਏ ਸਨ। ਬਹੁਤੇ ਪਰਚੇ ਉਸ ਦੇ ਆਪਣੇ ਦੁਆਲੇ ਹੀ ਘੁੰਮਦੇ ਸਨ। ਰਣਜੀਤ ਸਿੰਘ ਦਾ ਪਰਚਾ ਉਸ ਦੀ ਤ੍ਰੈਲੜੀ ਨਾਵਲਾਂ ਬਾਰੇ ਸੀ। ਇਕ ਹੋਰ ਪਰਚਾ ਉਸ ਦੇ ਸਾਰੇ ਨਾਵਲਾਂ ਬਾਰੇ ਸੀ। ਉਹ ਰੇਸ਼ਮ ਸਮੁੰਦਰੀ ਤੇ ਬਨਫੂਲ ਨੂੰ ਫੋਨ ਕਰਕੇ ਆਪਣੀ ਇਸ ਕਾਨਫਰੰਸ ਬਾਰੇ ਦੱਸਣ ਲਗਦਾ ਤਾਂ

ਘੰਟਾ ਘੰਟਾ ਭਰ ਫੋਨ ਫੜ ਕੇ ਬੈਠਾ ਰਹਿੰਦਾ। ਉਸ ਨੇ ਵਿਲਨਹਾਲ ਤੇ ਆਲੇ ਦੁਆਲੇ ਦੇ ਸ਼ਹਿਰਾਂ ਦੀਆਂ ਜਥੇਬੰਦੀਆਂ ਨੂੰ ਨਾਲ ਜੋੜਨਾ ਸ਼ੁਰੂ ਕਰ ਦਿਤਾ। ਇਸ ਮਾਮਲੇ ਵਿੱਚ ਉਸ ਨੇ ਕੁਝ ਖਾਲਿਸਤਾਨੀ ਜਥੇਬੰਦੀਆਂ ਤਕ ਵੀ ਪਹੁੰਚ ਕੀਤੀ। ਵੁਲਵਰਹੈਂਪਨ ਸ਼ਹਿਰ ਤੋਂ ਖਾਲਿਸਤਾਨੀ ਪੱਖੀ ਪਰਚਾ ਨਿਕਲਦਾ ਸੀ; 'ਹਜ਼ੂਰ'। ਇਸ ਦਾ ਸੰਪਾਦਕ ਮਨਜੀਤ ਸਿੰਘ ਰਾਠ ਧਾਰਮਿਕ ਸਮਾਗਮ ਰਚਾਉਣ ਵਿੱਚ ਕਾਫੀ ਜਾਣਿਆਂ ਜਾਂਦਾ ਸੀ। ਖਾਲਿਸਤਾਨ ਲਹਿਰ ਦੀ ਚੜ੍ਹਾਈ ਸਮੇਂ ਉਹ ਗਰਮਾ-ਗਰਮ ਭਾਸ਼ਨ ਦਿਆ ਕਰਦਾ ਸੀ। ਹਾਲੇ ਵੀ ਉਹ ਖਾਲਿਸਤਾਨ ਲਈ ਪ੍ਰਚਾਰ ਕਰਿਆ ਕਰਦਾ। ਉਹ ਕਵਿਤਾ ਵੀ ਲਿਖਦਾ ਸੀ। ਦੋ ਕੁ ਵਾਰ ਮਨਜੀਤ ਸਿੰਘ ਰਾਠ ਨੇ ਕੁੰਦਨ ਤਕ ਪਹੁੰਚ ਕੀਤੀ ਸੀ ਕਿ ਉਸ ਦੀ ਕਿਤਾਬ ਬਾਰੇ ਕੁਝ ਲਿਖੇ ਪਰ ਕੁੰਦਨ ਨੇ ਇਨਕਾਰ ਕਰ ਦਿਤਾ ਸੀ ਕਿਉਂ ਕਿ ਉਹ ਖਾਸਿਲਤਾਨੀ ਸੀ। ਕੁੰਦਨ ਨੇ ਉਸ ਨੂੰ ਫੋਨ ਕੀਤਾ ਤੇ ਕਿਹਾ,

"ਰਾਠ ਸਾਹਿਬ, ਅਸੀਂ ਪੰਜਾਬੀ ਕਾਨਫਰੰਸ ਕਰਾ ਰਹੇ ਆਂ, ਆਓ ਤੁਸੀਂ ਵੀ ਏਹਦਾ ਹਿੱਸਾ ਬਣੋ।"

"ਕੁੰਦਨ ਜੀ, ਆਪਣੀ ਪਹਿਲਾਂ ਵੀ ਗੱਲ ਹੋਈ ਸੀ, ਤੁਸੀਂ ਮੇਰੀ ਕਿਤਾਬ ਬਾਰੇ ਦੋ ਸ਼ਬਦ ਵੀ ਲਿਖਣ ਲਈ ਤਿਆਰ ਨਹੀਂ ਸੀ। ...ਫਿਰ ਆਪਣੀ ਕੋਈ ਵੀ ਵਿਚਾਰਧਾਰਕ ਸਾਂਝ ਨਹੀਂ, ਅਸੀਂ ਖਾਲਿਸਤਾਨ ਲਿਆਉਣ ਲਈ ਕੰਮ ਕਰ ਰਹੇ ਆਂ ਤੇ ਤੁਸੀਂ ਕੌਮਨਿਜ਼ਮ।"

"ਓ ਕਿਹੜਾ ਸਾਲ਼ਾ ਬੈਹੜਿਆਂ ਦਾ ਕੌਮਨਿਜ਼ਮ ਲਿਆਉਣਾ ਚਾਹੁੰਦਾ ਏ! ...ਇਹ ਤਾਂ ਅਸੀਂ ਪੰਜਾਬੀ ਬੋਲੀ ਲਈ ਕੰਮ ਕਰ ਰਹੇ ਆਂ, ਜਿਹੜੀ ਤੁਹਾਡੀ ਵੀ ਓਨੀ ਏ ਜਿੰਨੀ ਸਾਡੀ। ਬਹੁਤ ਵੱਡਾ ਪ੍ਰੋਗਰਾਮ ਹੋਵੇਗਾ, ਬਹੁਤ ਸਾਰੇ ਬੁਧੀਜੀਵੀ ਆਉਣਗੇ, ਅਸੀਂ ਤੁਹਾਨੂੰ ਇਕ ਸਮਾਗਮ ਦੀ ਪ੍ਰਧਾਨਗੀ ਦੇਵਾਂਗੇ, ਤੁਸੀਂ ਸਾਡੀ ਆਰਥਿਕ ਮੱਦਦ ਕਰ ਦੇਵੋ, ਫਿਰ ਮੈਂ ਤੁਹਾਡੀ ਕਵਿਤਾ ਬਾਰੇ ਵੀ ਜਲਦੀ ਹੀ ਲਿਖ ਦੇਵਾਂਗਾ।"

ਕੁੰਦਨ ਨੇ ਆਖਿਆ। ਮਨਜੀਤ ਸਿੰਘ ਰਾਠ ਵੀ ਇਹੋ ਚਾਹੁੰਦਾ ਸੀ ਕਿ ਜਿਹੜੇ ਲੇਖਕ ਖਾਲਿਸਤਾਨ ਦਾ ਸਦਾ ਵਿਰੋਧ ਕਰਦੇ ਹਨ ਜੇ ਉਹਨਾਂ ਦੇ ਕਿਸੇ ਪ੍ਰੋਗਰਾਮ ਦੀ ਪ੍ਰਧਾਨਗੀ ਕਰੇ ਤਾਂ ਸਾਰੇ ਮੰਨਣਗੇ ਕਿ ਖਾਲਿਸਤਾਨ ਦੀ ਸੋਚ ਸਹੀ ਸੋਚ ਹੈ। ਫਿਰ ਉਹ ਕਵਿਤਾ ਵੀ ਲਿਖਦਾ ਸੀ। ਉਸ ਨੂੰ ਇਹ ਲਾਲਚ ਵੀ ਸੀ ਕਿ ਕੁੰਦਨ ਵਰਗਾ ਆਲੋਚਕ ਉਸ ਦੀ ਕਿਤਾਬ 'ਤੇ ਪਰਚਾ ਲਿਖੇਗਾ। ਉਹ ਕੁੰਦਨ ਨਾਲ ਜੁੜ ਗਿਆ। ਇਵੇਂ ਹੋਰ ਵੀ ਕਈ ਸੰਸਥਾਵਾਂ ਦੀ ਕੁੰਦਨ ਨੇ ਮੱਦਦ ਲੈ ਲਈ, ਵਿਚਾਰਧਾਰਿਕ ਤੌਰ 'ਤੇ ਉਸ ਦੀ ਸਹਿਮਤੀ ਸੀ ਜਾਂ ਨਹੀਂ। ਲੋਕਲ ਅਖ਼ਬਾਰਾਂ ਵਿੱਚ ਵੀ ਇਸ ਦੋ-ਰੋਜ਼ਾ ਕਾਨਫਰੰਸ ਦਾ ਪ੍ਰਚਾਰ ਸ਼ੁਰੂ ਕਰ ਦਿਤਾ ਗਿਆ।

ਇਕ ਦਿਨ ਜੋਗੇਂਦਰ ਦਾ ਫੋਨ ਆਇਆ,

"ਡਾਕਟਰ ਸਾਹਿਬ, ਅਸੀਂ ਵੀ ਪ੍ਰੋਗਰਾਮ ਰੱਖਿਆ, ਮੇਰੇ ਨਾਵਲ 'ਰੇਗਿਸਤਾਨ' ਉਪਰ।"

ਕੁੰਦਨ ਨੂੰ ਜ਼ਰਾ ਕੁ ਹੈਰਾਨੀ ਹੋਈ ਕਿ ਕਿਤੇ ਉਸ ਦੇ ਬੁਲਾਏ ਡਾਕਟਰਾਂ ਵਿੱਚੋਂ ਹੀ ਤਾਂ ਕੋਈ ਨਹੀਂ ਪਰਚਾ ਪੜ੍ਹਨਾ ਵਾਲਾ। ਉਸ ਨੂੰ ਦੱਸੇ ਬਗੈਰ ਸ਼ਾਇਦ ਕਿਸੇ ਨੇ ਵਾਅਦਾ ਕਰ ਲਿਆ ਹੋਵੇ। ਇਹ ਤਾਂ ਉਹ ਹਰਗਿਜ਼ ਨਹੀਂ ਹੋਣ ਦੇਵੇਗਾ। ਉਸ ਨੇ ਪੁੱਛਿਆ,

"ਕੌਣ ਪੜ੍ਹ ਰਿਹਾ ਪਰਚਾ?"

"ਡਾਕਟਰ ਗੁਰਦੀਪ ਸਿੱਧੂ, ਇਸ ਨਾਵਲ 'ਤੇ ਪਰਚਾ ਪੜ੍ਹਨ ਲਈ ਆ ਰਿਹਾ, ਨਾਵਲ ਦਾ ਬੰਦਾ ਐ।"

"ਮੈਂ ਜਾਣਦਾਂ ਉਹਨੂੰ ਰੌਸ਼ਨ ਦਾ ਚੇਲਾ ਏ, ਮੇਰੇ ਨਾਵਲ ਬਾਰੇ ਉਹਨੇ ਬਹੁਤ ਘਟੀਆ ਪਰਚਾ ਲਿਖਿਆ ਸੀ ਇਕ ਵਾਰ। ਹੁਣ ਆ ਗਿਆ ਮੇਰੀ ਜਾੜ੍ਹ ਹੇਠ! ਮੈਂ ਨਹੀਂ ਛੱਡਣਾ। ਓਸ ਪ੍ਰੋਗਰਾਮ ਵਿੱਚ ਪ੍ਰਧਾਨਗੀ ਮੇਰੀ ਹੋਵੇਗੀ, ਦੇਖੀਂ ਤੂੰ ਮੈਂ ਉਹਦੀਆਂ ਧੱਜੀਆਂ ਉਡਾਉਂਦਾ।"

"ਡਾਕਟਰ ਸਾਹਿਬ, ਇਹ ਕੀ ਕਹਿ ਰਹੇ ਓ? ਮੇਰਾ ਪ੍ਰੋਗਰਾਮ ਤੇ ਪਰਚਾ ਮੇਰੇ ਨਾਵਲ 'ਤੇ, ਤੁਸੀਂ ਧੱਜੀਆਂ ਕਿਵੇਂ ਉਡਾ ਸਕਦੇ ਓ?"

"ਮੈਂ ਇਤਰਾਂ ਹੀ ਕਰਦਾ ਹੁੰਨਾਂ। ਪ੍ਰਧਾਨਗੀ ਮੇਰੇ ਹੱਥ ਵਿੱਚ ਹੁੰਦੀ ਏ ਤਾਂ ਮੈਂ ਇਤਰਾਂ ਹੀ ਕਰਾਂਗਾ।"

"ਪਰ ਪ੍ਰਧਾਨਗੀ ਤੁਹਾਡੇ ਹੱਥ ਵਿੱਚ ਕਿਵੇਂ ਹੋਵੇਗੀ?"

"ਕਿਉਂ ਨਹੀਂ? ਮੈਂ ਹੀ ਪ੍ਰਧਾਨਗੀ ਕਰਨੀ ਏਂ ਤੇ ਮੈਂ ਗੁਰਦੀਪ ਸਿੱਧੂ ਨਾਲ ਪੁਰਾਣਾ ਹਿਸਾਬ ਚੁੱਕਤਾ ਕਰਨਾਂ।"

"ਨਹੀਂ, ਤੁਸੀਂ ਬਿਲਕੁਲ ਪ੍ਰਧਾਨਗੀ ਨਹੀਂ ਕਰਨੀ। ਜਿਹੜਾ ਬੰਦਾ ਮੇਰੇ ਮਹਿਮਾਨ ਦੀ ਬੇਇਜ਼ਤੀ ਤੇ ਨਾਲ ਹੀ ਮੇਰੀ ਬੇਇਜ਼ਤੀ ਕਰਨ ਦੀ ਪਹਿਲਾਂ ਹੀ ਠਾਣੀ ਬੈਠਾ ਹੋਵੇ, ਉਹਨੂੰ ਅਸੀਂ ਪ੍ਰਧਾਨਗੀ ਹਰਗਿਜ਼ ਨਹੀਂ ਦੇਵਾਂਗੇ।"

'ਸਾਹਿਤਕ ਅਦਾਰਾ' ਵਲੋਂ ਪ੍ਰੋਗਰਾਮ ਹੋਇਆ। ਕੁੰਦਨ ਨੂੰ ਪਰਧਾਨਗੀ ਤੋਂ ਇਨਕਾਰ ਹੋਇਆ ਹੋਣ ਕਰਕੇ ਉਸ ਨੇ ਆਏ ਮਹਿਮਾਨਾਂ ਵਿੱਚੋਂ ਕਿਸੇ ਨੂੰ ਵੀ ਉਸ ਫੰਕਸ਼ਨ ਵਿੱਚ ਨਾ ਜਾਣ ਦਿਤਾ। ਉਹ ਸਭ ਨੂੰ ਲੈ ਕੇ ਮਿਡਲਸੈਕਸ ਆਇਆ ਤੇ ਸਾਰੇ ਹੀ ਬੇਕਨਜ਼ਫੀਲਡ ਹਾਲ ਦੇ ਬਾਹਰ ਚੱਕਰ ਮਾਰਦੇ ਰਹੇ ਜਿਥੇ ਪਰੋਗਰਾਮ ਹੋ ਰਿਹਾ ਸੀ ਪਰ ਅੰਦਰ ਨਾ ਗਏ। ਇਸ ਘਟਨਾ ਨਾਲ ਕੁੰਦਨ ਤੇ ਜੋਗੇਂਦਰ ਵਿੱਚ ਕੜਵਾਹਟ ਬਹੁਤ ਵਧ ਗਈ। ਕੁੰਦਨ ਨੇ ਇੰਡੀਆ ਤੋਂ ਆਏ ਮਹਿਮਾਨਾਂ ਨੂੰ ਕਿਹਾ,

"ਤੁਸੀਂ ਸਾਰੇ ਵੱਖ ਵੱਖ ਯੂਨੀਵਰਸਟੀਆਂ ਵਿੱਚ ਕੰਮ ਕਰਦੇ ਓ, ਤੁਹਾਡੀ ਚੱਲਦੀ ਵੀ ਏ, ਮੇਰੇ ਨਾਲ ਵਾਅਦਾ ਕਰੋ ਕਿ ਨਾ ਤਾਂ ਜੋਗੇਂਦਰ ਉਪਰ ਕਦੇ ਕੰਮ ਕਰਨਾ ਏਂ ਤੇ ਨਾ ਹੀ ਏਹਨੂੰ ਕਦੇ ਪ੍ਰੋਮੋਟ ਕਰਨਾ ਏਂ ਬਲਕਿ ਏਹਦੇ ਲਿਖੇ ਹਰ ਸ਼ਬਦ ਨੂੰ ਨਕਾਰਨਾ ਏਂ। ਏਹਨੂੰ ਕਦੇ ਕੋਈ ਇਨਾਮ ਵੀ ਨਹੀਂ ਲੈਣ ਦੇਣਾ।"

"ਡਾਕਟਰ ਸਾਹਿਬ, ਤੁਸੀਂ ਉਹਦੀ ਏਨੀ ਚਿੰਤਾ ਕਿਉਂ ਕਰਦੇ ਓ, ਤੁਹਾਡਾ ਉਹਦੇ ਨਾਲ ਕੋਈ ਮੁਕਾਬਲਾ ਨਹੀਂ।"

ਹਰਦੇਵ ਦਿਆਲ ਬੋਲਿਆ। ਕੁੰਦਨ ਕਹਿਣ ਲੱਗਿਆ,

"ਮੈਨੂੰ ਪਤਾ ਕਿ ਮੇਰਾ ਉਹਦੇ ਨਾਲ ਮੁਕਾਬਲਾ ਨਹੀਂ ਪਰ ਹੁਣ ਗੁਰਦੀਪ ਸਿੱਧੂ ਨਾਲ ਗੱਠ ਜੋੜ ਕਰਕੇ ਉਹ ਆਪਣਾ ਗਰੁੱਪ ਬਣਾਏਗਾ, ਪਤਾ ਲੱਗਿਆ ਕਿ ਲੋਕਾਂ ਨੇ ਉਹਦੇ ਨਾਵਲ ਦੀਆਂ ਬਹੁਤ ਤਾਰੀਫਾਂ ਕੀਤੀਆਂ।"

"ਪਹਿਲੀ ਗੱਲ ਤਾਂ ਇਹ ਵੇ ਕਿ ਗੁਰਦੀਪ ਸਿੱਧੂ ਨੂੰ ਵੀ ਕੋਈ ਨਹੀਂ ਪੁੱਛਦਾ, ਦੂਜੀ ਗੱਲ ਇਹ ਕਿ ਨਾਵਲ ਦੇ ਰੀਵਿਊ ਚੰਗੇ ਜ਼ਰੂਰ ਆ ਰਹੇ ਨੇ ਪਰ ਜਦ ਵੀ ਸਾਨੂੰ ਮੌਕਾ ਮਿਲਿਆ ਤਾਂ ਅਸੀਂ ਇਸ ਨਾਵਲ ਦੀ ਮਿੱਟੀ ਪੱਟਾਂਗੇ, ਏਹਨੂੰ ਜ਼ੀਰੋ ਕਰ ਦਿਆਂਗੇ, ਤੁਹਾਡੇ ਨਾਲ ਵਾਅਦਾ ਰਿਹਾ।"

ਹਰਦੇਵ ਨੇ ਉਸ ਨਾਲ ਹੱਥ ਮਿਲਾਉਂਦਿਆਂ ਆਖਿਆ। ਕੁੰਦਨ ਖੁਸ਼ ਹੋ ਗਿਆ।

ਹਰਦੇਵ ਦਿਆਲ ਨਾਲ ਕੁੰਦਨ ਦੀ ਬਾਕੀਆਂ ਨਾਲੋਂ ਕੁਝ ਜ਼ਿਆਦਾ ਬਣ ਰਹੀ ਸੀ। ਇਕ ਤਾਂ ਦੋਵੇਂ ਹੀ ਪਰੋ-ਮਾਸਕਸਵਾਦੀ ਸਨ ਤੇ ਦੂਜੇ ਦੋਵੇਂ ਹੀ ਇਕ ਦੂਜੇ ਤੋਂ ਕੁਝ ਖੱਟਣਾ ਚਾਹੁੰਦੇ ਸਨ। ਕੱਲ ਰਾਤੀਂ ਕੁੰਦਨ ਨੇ ਨਸ਼ੇ ਵਿੱਚ ਕੋਈ ਪਰਚਾ ਕੱਢਣ ਦੀ ਗੱਲ ਕੀਤੀ ਸੀ ਜਿਹੜੀ ਕਿ ਹਰਦੇਵ ਦਿਆਲ ਨੇ ਇਕ ਦਮ ਬੋਚ ਲਈ ਸੀ। ਹਰਦੇਵ ਦਿਆਲ ਨੇ ਉਹੋ ਗੱਲ ਚੇਤੇ ਕਰਾਉਂਦਿਆਂ ਗੱਲ ਤੋਰੀ,

"ਡਾਕਟਰ ਸਾਹਿਬ, ਤੁਸੀਂ ਰਾਤ ਕਿਸੇ ਪਰਚੇ ਦੀ ਗੱਲ ਕਰ ਰਹੇ ਸੀ?"

"ਹਾਂ, ਮੈਂ ਚਾਹੁੰਨਾਂ ਕਿ ਇਕ ਪਰਚਾ ਕੱਢਿਆ ਜਾਵੇ ਜਿਹੜਾ ਪੰਜਾਬੀ ਵਿੱਚ ਇਕ ਜ਼ਬਰਦਸਤ ਵਾਰਤਾਲਾਪ ਤੋਰੇ। ਜਿਵੇਂ ਸੇਖੋਂ ਤੇ ਕਿਸ਼ਨ ਸਿੰਘ ਵੇਲੇ ਹੋਇਆ ਕਰਦਾ ਸੀ, ਇਕ ਸਵਾਲ ਉਠਾਵੇ ਤੇ ਦੂਜਾ ਜਵਾਬ ਦੇਵੇ, ਤੁਹਾਨੂੰ ਪਤਾ ਕਿ ਮੇਰੇ ਕੋਲ ਸਿਰ ਤਾਂ ਹੈਗਾ ਈ ਏ।"

"ਕੱਢ ਲੈਨੇ ਆਂ, ਪਰਚਾ ਕੱਢਣਾ ਤਾਂ ਮੁਸ਼ਕਲ ਕੰਮ ਨਹੀਂ, ਦਸ ਕੁ ਹਜ਼ਾਰ ਖਰਚ ਏ ਇਕ ਅੰਕ ਦਾ।"

"ਏਨੇ ਮੈਂ ਖਰਚ ਦੇਵਾਂਗਾ, ਹਰ ਅੰਕ ਕੱਢਣ ਤੋਂ ਪਹਿਲਾਂ ਦਸ ਹਜ਼ਾਰ ਪੁੱਜ ਜਾਇਆ ਕਰੇਗਾ। ਇਕ ਸੰਪਾਦਕੀ ਤੇ ਇਕ ਲੇਖ ਮੇਰਾ ਹੋਇਆ ਕਰੇਗਾ, ਇਕ ਇਕ ਤੁਸੀਂ ਸਾਰੇ ਲਿਖੋ ਤੇ ਬਣ ਗਈ ਗੱਲ, ਕੋਈ ਵਧੀਆ ਕਹਾਣੀ ਮਿਲੇ ਤਾਂ ਛਾਪੋ ਨਹੀਂ ਤਾਂ ਨਾ ਸਹੀ।"

ਉਹਨਾਂ ਨੇ ਹੱਥ ਮਿਲਾ ਲਏ। ਪਰਚੇ ਦਾ ਨਾਂ ਵੀ ਰੱਖ ਲਿਆ ਗਿਆ; ਪ੍ਰਤੀਬੱਧ। ਜਦ ਪਰਚਾ ਤੈਅ ਹੋ ਗਿਆ ਤਾਂ ਕੁੰਦਨ ਬੋਲਿਆ,

"ਦੇਖਣਾ ਮੈਂ ਫੜ ਕੇ ਰੌਸ਼ਨ ਨੂੰ ਕਿਤਰਾਂ ਖਿੱਚਦਾਂ, ਉਹਦੇ ਤਾਂ ਪੱਲੇ ਹੀ ਕੁਝ ਨਹੀਂ, ਮੈਂ ਉਹਨੂੰ ਸਵਾਲ ਹੀ ਅਜਿਹੇ ਸੁਟਾਂਗਾ ਕਿ ਜਵਾਬ ਨਾ ਦੇ ਸਕੇ!"

ਕੁੰਦਨ ਵਲੋਂ ਕਰਵਾਈ ਕਾਨਫਰੰਸ ਬਹੁਤ ਕਾਮਯਾਬ ਹੋਈ। ਕਾਨਫਰੰਸ ਤੋਂ ਬਾਅਦ ਸਾਰੇ ਮਹਿਮਾਨ ਆਪੋ ਆਪਣੇ ਰਾਹ ਪੈ ਗਏ। ਕੁੰਦਨ ਬੈਠ ਕੇ ਸਾਰੀ ਕਾਨਫਰੰਸ ਦਾ ਜਾਇਜ਼ਾ ਲੈਣ ਲੱਗਿਆ। ਸਭ ਕੁਝ ਉਸ ਦੀ ਪਸੰਦ ਦਾ ਹੋਇਆ ਸੀ। ਪੂਰੇ ਸਮਾਗਮ ਨੇ ਉਸ ਦੀ ਕਦਰ ਵਧਾਈ ਸੀ ਪਰ ਜੋਗੇਂਦਰ ਵਾਲੀ ਘਟਨਾ ਉਸ ਨੂੰ ਬਹੁਤ ਰੜਕ ਰਹੀ ਸੀ। ਜੋਗੇਂਦਰ ਉਸ ਨਾਲ ਸ਼ਰੀਕੇਚਾਰੀ ਕਰਦਾ ਸੀ ਪਰ ਉਸ ਨੂੰ ਏਨਾ ਥੱਲੇ ਸੁੱਟੇਗਾ, ਇਹ ਉਸ ਨੇ ਕਦੇ ਨਹੀਂ ਸੀ ਸੋਚਿਆ। ਇਹ ਗੱਲ ਉਸ ਨੂੰ ਕਈ ਮਹੀਨਿਆਂ ਤਕ ਤੰਗ ਕਰਦੀ ਰਹੀ। ਸ਼ਰਾਬ ਪੀ ਕੇ ਉਹ ਉਹਨੂੰ ਗਾਲ੍ਹਾਂ ਕੱਢਣ ਲਗਦਾ। ਸਿਰਨਾਵਿਆਂ ਦੀ ਡਾਇਰੀ ਵਿੱਚੋਂ ਉਸ ਦੇ ਐਡਰੈਸ ਉਪਰ ਚਿੱਟੀ ਸਿਆਹੀ ਫੇਰ ਦਿੱਤੀ। ਉਹ ਮੋਹਣੀ ਨੂੰ ਕਹਿਣ ਲੱਗਦਾ,

"ਮੈਂ ਸਦਾ ਹੀ ਕਹਿੰਨਾ ਹੁੰਨਾ ਕਿ ਇਕ ਜੱਟ ਤੇ ਦੂਜਾ ਦੁਆਬੀਆ; ਯਕੀਨ ਦੇ ਕਾਬਲ ਕਿਤਰਾਂ ਹੋ ਜਾਊ!"

"ਡਾਕਟਰ ਸਾਹਿਬ, ਏਨੇ ਸਾਲ ਹੋ ਗਏ ਮੈਨੂੰ ਦੇਖਦੀ ਨੂੰ ਤੁਹਾਡਾ ਲਵ ਐਂਡ ਹੇਟ ਵਾਲਾ ਰਿਸ਼ਤਾ ਏ। ਜਲਦੀ ਹੀ ਤੁਸੀਂ ਦੋਵੇਂ ਇਸ ਗੱਲ ਨੂੰ ਭੁੱਲ ਜਾਵੋਂਗੇ, ਤੇ ਮੁੜ ਕੇ ਘਿਓ-ਖਿਚੜੀ ਹੋ ਜਾਵੋਂਗੇ।"

"ਨਹੀਂ, ਹੁਣ ਨਹੀਂ ਭੁੱਲਦਾ। ਐਤਕੀਂ ਉਹਨੇ ਮੇਰੇ ਨਾਲ ਬਹੁਤ ਮਾੜੀ ਕੀਤੀ ਏ।"

ਅਪਰੈਲ ਦਾ ਮਹੀਨਾ ਸੀ। ਸਰਦੀ ਜਾ ਰਹੀ ਸੀ ਤੇ ਗਰਮੀ ਪੋਲੇ ਪੈਰੀਂ ਆ ਰਹੀ ਸੀ। ਇਕ ਦਿਨ ਅੱਠ ਕੁ ਵਜੇ ਜੋਗੇਂਦਰ ਦੇ ਫੋਨ ਦੀ ਘੰਟੀ ਵੱਜੀ। ਜੋਗੇਂਦਰ ਨੇ ਹੈਰਾਨੀ ਨਾਲ ਦੇਖਿਆ ਇਹ ਤਾਂ ਕੁੰਦਨ ਦਾ ਫੋਨ ਸੀ। ਉਸ ਨੇ ਸੋਚਿਆ ਵੀ ਨਹੀਂ ਸੀ ਕਿ ਕੁੰਦਨ ਹੁਣ ਉਸ ਨੂੰ ਫੋਨ ਕਰੇਗਾ। ਉਸ ਨੇ ਹੈਲੋ ਕਿਹਾ ਤਾਂ ਕੁੰਦਨ ਕਹਿਣ ਲਗਿਆ,

"ਸਾਲ਼ਿਆ ਬੈਹੜਿਆਂ ਦਿਆ, ਜੀਉਂਨਾ ਕਿ ਮਰ ਗਿਆਂ?"

"ਡਾਕਟਰ ਸਾਹਿਬ, ਮੈਂ ਤਾਂ ਤੁਹਾਨੂੰ ਕਈ ਵਾਰ ਚੇਤੇ ਕਰ ਚੁੱਕਿਆਂ ਪਰ ਤੁਸੀਂ ਹੀ ਗੁੱਸੇ ਫਿਰਦੇ ਓ।"

"ਨਹੀਂ ਓ ਭਾਊ ਮੇਰੇ, ਮੈਂ ਕੋਈ ਗੁੱਸੇ ਨਹੀਂ, ਆਪਾਂ ਤਾਂ ਦੋਵੇਂ ਭਾਊ ਏਤਰਾਂ ਹੁੰਦੇ ਸੀ ਕਿ ਸਾਡੇ ਵਿਚਦੀ ਹਵਾ ਨਹੀਂ ਸੀ ਨਿਕਲ ਸਕਦੀ ਤੇ ਹੁਣ ਅਸੀਂ ਲੜੇ ਫਿਰਦੇ ਆਂ।"

"ਵੱਡੇ ਭਾਊ, ਮੈਨੂੰ ਕੋਈ ਗੁੱਸਾ ਨਹੀਂ।"

ਫਿਰ ਉਹ ਪਿਛਲੀਆਂ ਗਰਮੀਆਂ ਵਿੱਚ ਉਹਨਾਂ ਵਿਚਕਾਰ ਹੋਈਆਂ-ਬੀਤੀਆਂ ਬਾਰੇ ਗੱਲਾਂ ਕਰਨ ਲੱਗੇ। ਦੋਨਾਂ ਨੂੰ ਹੀ ਉਸ ਸਭ ਦਾ ਪਛਤਾਵਾ ਸੀ। ਕੁੰਦਨ ਬੋਲਿਆ,

"ਜੇ ਮੇਰਾ ਭਰਾ ਏਂ ਤਾਂ ਫੇਰ ਮੈਨੂੰ ਮਿਲਣ ਆ ਕਿਸੇ ਦਿਨ।"

"ਠੀਕ ਐ, ਮੈਂ ਅਇਆ ਕਿ ਆਇਆ।"

ਜੋਗੇਂਦਰ ਜਿਵੇਂ ਤਿਆਰ ਹੀ ਬੈਠਾ ਹੋਵੇ। ਸੱਚੀ ਗੱਲ ਤਾਂ ਇਹ ਸੀ ਕਿ ਜੋਗੇਂਦਰ ਵੀ ਕੁੰਦਨ ਬਿਨਾਂ ਬਹੁਤ ਉਦਾਸ ਸੀ। ਪੂਰੇ ਇੰਗਲੈਂਡ ਵਿੱਚ ਸੁਰਜੀਤ ਸੰਦਲ ਤੇ ਕੁੰਦਨ ਹੀ ਅਜਿਹੇ ਬੰਦੇ ਸਨ ਜਿਹਨਾਂ ਨਾਲ ਸਾਹਿਤ ਬਾਰੇ ਉਹ ਗੱਲ ਕਰ ਸਕਦਾ ਸੀ। ਕੁੰਦਨ ਨੂੰ ਸਾਹਿਤ ਦੀ

ਸਿਆਸਤ ਦੀ ਵੀ ਸਮਝ ਸੀ ਤੇ ਜੋਗੇਂਦਰ ਹੁਣ ਪੰਜਾਬੀ ਸਾਹਿਤ ਦੀ ਸਿਆਸਤ ਵਿੱਚ ਹਿੱਸਾ ਲੈਣ ਲੱਗਿਆ ਸੀ। ਉਸ ਦਾ ਇਕ ਖਾਮੋਸ਼ ਜਿਹਾ ਧੜਾ ਉਭਰ ਰਿਹਾ ਸੀ। ਕੁਝ ਦਿਨਾਂ ਬਾਅਦ ਜੋਗੇਂਦਰ ਉਸ ਨੂੰ ਮਿਲਣ ਚਲੇ ਗਿਆ। ਰਾਤ ਉਸ ਕੋਲ ਹੀ ਠਹਿਰਿਆ। ਕੁੰਦਨ ਖੁਸ਼ ਹੋ ਗਿਆ ਪਰ ਉਸ ਨੇ ਜੋਗੇਂਦਰ ਦੇ ਨਾਵਲ ਦੀ ਗੱਲ ਫਿਰ ਵੀ ਨਾ ਕੀਤੀ। ਉਸ ਦੀ ਗੈਰ-ਹਾਜ਼ਰੀ ਵਿਚ ਮੋਹਣੀ ਨੇ ਜ਼ਰੂਰ ਨਾਵਲ ਦੀ ਪ੍ਰਸੰਸਾ ਕੀਤੀ।...

39-ਲਵ-ਹੇਟ

ਮੋਹਣੀ ਨੇ ਜੋਗੇਂਦਰ ਤੇ ਕੁੰਦਨ ਦੀ ਦੋਸਤੀ ਨੂੰ ਸਹੀ ਫੜਿਆ ਸੀ ਕਿ ਲਵ-ਹੇਟ ਵਾਲਾ ਰਿਸ਼ਤਾ ਹੈ। ਕਦੇ ਸੁਲਾਹ ਹੋ ਜਾਂਦੀ ਤਾਂ ਫੋਨ ਉਪਰ ਕਈ ਕਈ ਘੰਟੇ ਗੱਲਾਂ ਕਰਦੇ ਰਹਿੰਦੇ, ਇਕ ਦੂਜੇ ਨੂੰ ਮਿਲਣ ਵੀ ਤੁਰੇ ਰਹਿੰਦੇ। ਜਦ ਵਿਗੜ ਜਾਂਦੀ ਤਾਂ ਕਈ ਕਈ ਮਹੀਨੇ ਬੋਲਦੇ ਵੀ ਨਾ। ਕਾਨਫਰੰਸ ਵਾਲੀ ਘਟਨਾ ਤੋਂ ਬਾਅਦ ਜਦ ਮੁੜ ਕੇ ਉਹਨਾਂ ਦੀ ਸੁਲਾਹ ਹੋਈ ਤਾਂ ਉਹਨਾਂ ਦੀ ਨੇੜਤਾ ਹੋਰ ਵੀ ਵਧ ਗਈ। ਉਹ ਦੋਵੇਂ ਦਿਲ ਦੀਆਂ ਸਾਰੀਆਂ ਗੱਲਾਂ ਇਕ ਦੂਜੇ ਨਾਲ ਸਾਂਝੀਆਂ ਕਰਦੇ। ਜਿੰਨੀਆਂ ਗੱਲਾਂ ਉਹ ਜੋਗੇਂਦਰ ਨਾਲ ਕਰ ਸਕਦਾ ਸੀ ਕਿਸੇ ਹੋਰ ਨਾਲ ਨਹੀਂ ਸੀ ਕਰਦਾ, ਬਨਫੂਲ ਨਾਲ ਵੀ ਨਹੀਂ। ਬਨਫੂਲ ਉਸ ਨੂੰ ਕਹਿੰਦਾ,

"ਜਦ ਵੀ ਤੂੰ ਫੋਨ ਕਰਦਾਂ ਤੇਰੀਆਂ ਅੱਧੀਆਂ ਗੱਲਾਂ ਜੋਗੇਂਦਰ ਬਾਰੇ ਹੁੰਦੀਆਂ, ਚਾਹੇ ਉਹ ਉਹਦੇ ਖਿਲਾਫ ਹੋਣ ਜਾਂ ਹੱਕ ਵਿੱਚ।"

"ਯਾਰ ਬਨਫੂਲ, ਫੇਰ ਵੀ ਉਹ ਮੇਰੀ ਇੱਜ਼ਤ ਕਰਦਾ ਏ, ਛੋਟਾ ਭਾਊ ਏ ਮੇਰਾ।"

"ਛੋਟਾ ਭਾਊ ਨਹੀਂ, ਉਹ ਹੁਣ ਤੇਰਾ ਪਿਓ ਬਣਨ ਨੂੰ ਫਿਰਦੈ, ਮੈਂ ਉਹਦਾ ਨਵਾਂ ਨਾਵਲ ਪੜਿਆ, ਕਮਾਲ ਦੀ ਰੀਡਬਿਲਟੀ ਏ!"

"ਯਾਰ ਬਨਫੂਲ, ਰੀਡੇਬਿਲਟੀ ਨਾਲ ਕੋਈ ਨਾਵਲ ਵਧੀਆ ਬਣ ਜਾਂਦਾ ਏ?"

"ਕੁੰਦਨ, ਤੂੰ ਆਲੋਚਕ ਐਂ, ਏਨੀ ਗੱਲ ਤਾਂ ਸਮਝਦਾ ਐਂ ਕਿ ਕਿਸੇ ਵੀ ਲਿਖਤ ਦੀ ਪਹਿਲੀ ਸ਼ਰਤ ਹੁੰਦੀ ਐ ਉਸ ਦੀ ਪੜ੍ਹਨਯੋਗਤਾ, ਤੂੰ ਆਪ ਹੀ ਤਾਂ ਸਟੇਜਾਂ ਤੋਂ ਇਹ ਗੱਲ ਕਹਿਨਾ ਹੁੰਨਾਂ। ਅੰਗਰੇਜ਼ਾਂ ਦੀ ਕਹਾਵਤ ਐ ਕਿ ਜਿਹੜੀ ਰਚਨਾ ਵਿੱਚ ਪੇਜ-ਟਰਨਿੰਗ ਨਹੀਂ ਹੁੰਦੀ, ਉਹਨੂੰ ਬਿਨ ਵਿੱਚ ਪਾ ਦੇਣਾ ਚਾਹੀਦੈ।"

"ਠੀਕ ਏ ਪਰ ਇਹ ਪੜ੍ਹਨਯੋਗਤਾ ਕਈ ਵਾਰ ਰਚਨਾ ਨੂੰ ਪੇਤਲ਼ਾ ਵੀ ਕਰ ਦਿੰਦੀ ਏ।"

"ਕਰ ਦਿੰਦੀ ਹੋਵੇਗੀ ਜੇ ਰਚਨਾ ਵਿਚਲਾ ਮੈਟਰ ਕਮਜ਼ੋਰ ਹੋਵੇ ਜਾਂ ਘਟੀਆ ਕਿਸਮ ਦਾ ਸਵਾਦ ਪਾਇਆ ਹੋਵੇ ਪਰ ਜੋਗੇਂਦਰ ਦਾ ਨਵਾਂ ਨਾਵਲ ਪੜ੍ਹ ਕੇ ਤਾਂ ਦੇਖ ਇਕ ਵਾਰ!"

"ਪੜ੍ਹਿਆ ਮੈਂ, ਪਹਿਲੇ ਨਾਲੋਂ ਕੁਝ ਠੀਕ ਏ ਪਰ ਕੋਈ ਐਸੀ ਗੱਲ ਵੀ ਨਹੀਂ ਪਰ ਜੇ ਹੈ ਵੀ ਤਾਂ ਸਭ ਮੇਰਾ ਸਿਖਾਇਆ ਹੋਇਆ ਹੀ ਏ।"

ਕੁੰਦਨ ਆਖਦਾ। ਉਸ ਨੂੰ ਨਾਵਲ ਤਾਂ ਪਸੰਦ ਸੀ ਪਰ ਉਹ ਕਿਸੇ ਨੂੰ ਇਹ ਗੱਲ ਕਹਿ ਨਹੀਂ ਸੀ ਸਕਦਾ। ਉਹ ਜੋਗੇਂਦਰ ਦਾ ਨਾਂ ਆਪਣੇ ਤੋਂ ਮੂਹਰੇ ਆਉਂਦਾ ਨਹੀਂ ਸੀ ਦੇਖ ਸਕਦਾ ਪਰ ਜੋਗੇਂਦਰ ਤੋਂ ਬਿਨਾਂ ਜਿਵੇਂ ਉਸ ਦਾ ਗੁਜ਼ਾਰਾ ਵੀ ਨਹੀਂ ਸੀ।

ਹੁਣ ਜੋਗੇਂਦਰ ਕਈ ਵਾਰ ਆਪਣੀ ਪਤਨੀ ਤੇ ਬੱਚਿਆਂ ਨੂੰ ਲੈ ਕੇ ਕੁੰਦਨ ਨੂੰ ਮਿਲਣ ਚਲੇ ਜਾਂਦਾ ਤੇ ਰਾਤ ਵੀ ਰਹਿ ਆਉਂਦਾ। ਮੋਹਣੀ ਤੇ ਕੁੰਦਨ ਵੀ ਉਸ ਕੋਲ ਆ ਕੇ ਰਾਤ ਰਹਿ ਜਾਂਦੇ। ਜੋਗੇਂਦਰ ਦੇ ਘਰ ਦੀ ਇਕ ਵੱਡੀ ਸਮੱਸਿਆ ਕੁੰਦਨ ਲਈ ਇਹ ਸੀ ਕਿ ਉਥੇ ਉਹ ਸਿਗਰਟ ਨਾ ਪੀ ਸਕਦਾ। ਜੋਗੇਂਦਰ ਦੀ ਪਤਨੀ ਧਾਰਮਿਕ ਖਿਆਲਾਂ ਦੀ ਸੀ ਤੇ ਸਾਫ ਕਹਿ ਦਿੰਦੀ ਸੀ। ਮੋਹਣੀ ਇਸ ਗੱਲ ਨਾਲ ਖੁਸ਼ ਹੋ ਜਾਂਦੀ ਕਿ ਕੁੰਦਨ ਕਿਸੇ ਦੀ ਤਾਂ ਸੁਣਦਾ ਹੈ।...

ਜਿਹੜੀਆਂ ਕਲਾਸਾਂ ਲੈਣ ਦੇ ਆਧਾਰ 'ਤੇ ਮੋਹਣੀ ਨੂੰ ਨੌਕਰੀ ਮਿਲੀ ਸੀ ਉਹ ਤਾਂ ਕਦੋਂ ਦੀਆਂ ਖਤਮ ਹੋ ਚੁੱਕੀਆਂ ਸਨ ਪਰ ਸੁਖਚੈਨ ਸਿੰਘ ਨੇ ਉਸ ਨੂੰ ਬਾਲਗ-ਸਿਖਿਆ ਵਿੱਚ ਨੌਕਰੀ ਦਵਾ ਦਿਤੀ ਸੀ, ਜਿਸ ਲਈ ਛੇ ਕੁ ਮਹੀਨਾ ਦਾ ਕੋਰਸ ਕਰਨਾ ਪਿਆ ਸੀ। ਬਾਹਰਲੇ ਮੁਲਕਾਂ ਤੋਂ ਆਏ ਜਿਹਨਾਂ ਲੋਕਾਂ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ ਮੋਹਣੀ ਉਹਨਾਂ ਨੂੰ ਅੰਗਰੇਜ਼ੀ ਬੋਲਣੀ ਸਿਖਾਲਦੀ ਸੀ। ਉਸ ਦੀ ਕਲਾਸ ਵਿੱਚ ਬਹੁਤੀਆਂ ਔਰਤਾਂ ਹੁੰਦੀਆਂ। ਕਈ ਵਾਰ ਉਹ ਉਸ ਨੂੰ ਮਿਲਣ ਘਰ ਆ ਜਾਂਦੀਆਂ। ਵੈਸੇ ਵੀ ਮੋਹਣੀ ਨੂੰ ਹੁਣ ਏਨੇ ਸਾਲ ਹੋ ਸਨ ਵਿਲਨਹਾਲ ਵਿੱਚ ਰਹਿੰਦਿਆਂ, ਇਥੋਂ ਦੀਆਂ ਬਹੁਤ ਸਾਰੀਆਂ ਹੋਰ ਔਰਤਾਂ ਨਾਲ ਵੀ ਉਸ ਦੀ ਦੋਸਤੀ ਹੋ ਚੁੱਕੀ ਸੀ। ਉਹਨਾਂ ਦਾ ਇਕ ਗਰੁੱਪ ਜਿਹਾ ਹੀ ਬਣਿਆਂ ਹੋਇਆ ਸੀ। ਕੁੰਦਨ ਇਹਨਾਂ ਨੂੰ ਛੱਡੀਆਂ-ਭੱਜੀਆਂ ਦੀ ਸਭਾ ਕਹਿੰਦਾ। ਉਸ ਦੀ ਇਹ ਗੱਲ ਸੱਚ ਸੀ ਕਿ ਇਹਨਾਂ ਵਿੱਚੋਂ ਬਹੁਤੀਆਂ ਇਕੱਲੀਆਂ ਹੀ ਸਨ। ਜਦੋਂ ਮੋਹਣੀ ਇਕੱਲੀ ਰਹਿੰਦੀ ਸੀ ਇਹ ਉਹਨਾਂ ਦਿਨਾਂ ਦੀਆਂ ਵੀ ਕੁਝ ਸਹੇਲੀਆਂ ਸਨ।

ਇਕ ਦਿਨ ਪੋਲਾ ਮੋਹਣੀ ਨੂੰ ਮਿਲਣ ਆਈ। ਪੋਲਾ ਇਟਾਲੀਅਨ ਕੁੜੀ ਸੀ। ਯੌਰਪ ਦੀਆਂ ਬਹੁਤ ਸਾਰੀਆਂ ਔਰਤਾਂ ਉਸ ਕੋਲ ਅੰਗਰੇਜ਼ੀ ਸਿਖਣ ਆਉਂਦੀਆਂ ਰਹਿੰਦੀਆਂ ਸਨ। ਇਹਨਾਂ ਵਿੱਚੋਂ ਕਈ ਉਸ ਦੀਆਂ ਸਹੇਲੀਆਂ ਵੀ ਬਣ ਜਾਂਦੀਆਂ। ਯੌਰਪੀਅਨ ਕੁੜੀਆਂ ਨੂੰ ਦੇਖ ਕੇ ਕੁੰਦਨ ਨੱਕ-ਬੁਲ੍ਹ ਨਹੀਂ ਸੀ ਕੱਢਦਾ ਸਗੋਂ ਇਹਨਾਂ ਨਾਲ ਤਾਂ ਉਹ ਹੱਸ ਹੱਸ ਕੇ ਗੱਲਾਂ ਕਰਨ ਲੱਗਦਾ। ਪੋਲਾ ਆਈ ਤਾਂ ਕੁੰਦਨ ਨੇ ਉਹਦੇ ਉਪਰ ਡੋਰੇ ਪਾਉਣੇ ਸ਼ੁਰੂ ਕਰ ਦਿਤੇ। ਉਸ ਨਾਲ ਵਾਈਨ ਪੀਂਦਾ ਪੀਂਦਾ ਉਸ ਵੱਲ ਵਧਣ ਲੱਗਿਆ। ਮੋਹਣੀ ਰਸੋਈ ਵਿੱਚ ਸੀ ਤਾਂ ਉਹ ਬੋਲਿਆ,

"ਪੋਲਾ, ਮੈਂ ਤੈਨੂੰ ਬਾਹਰ ਲਿਜਾਣਾ ਚਾਹੁੰਨਾ!"

"ਕੁੰਡਨ, ਯੂ ਆਰ ਮੈਰੀਡ! ਉਹ ਵੀ ਮੇਰੀ ਸਹੇਲੀ ਨਾਲ।"

"ਪੋਲਾ, ਇਹ ਵਿਆਹ ਸਿਰਫ ਦਿਖਾਵੇ ਦਾ ਏ। ਇਹ ਮੇਰੇ ਨਾਲ ਸੌਂਦੀ ਨਹੀਂ। ਤੂੰ ਉਪਰ ਜਾ ਕੇ ਸਾਡੇ ਬੈੱਡਰੂਮ ਦੇਖ ਲੈ, ਅਲੱਗ ਅਲੱਗ ਨੇ।"

"ਮੈਂ ਨਹੀਂ ਮੰਨਦੀ।"

ਪੋਲਾ ਨੇ ਆਖਿਆ। ਜਦ ਤਕ ਮੋਹਣੀ ਵੀ ਉਹਨਾਂ ਕੋਲ ਆ ਚੁੱਕੀ ਸੀ। ਕੁੰਦਨ ਹਲਕੇ ਜਿਹੇ ਨਸ਼ੇ ਵਿੱਚ ਸੀ ਤੇ ਆਪਣੀ ਗੱਲ ਨੂੰ ਦੁਹਰਾਉਣ ਦੀ ਹਿੰਮਤ ਉਸ ਵਿੱਚ ਹੈ ਹੀ ਸੀ ਸੋ ਉਹ ਸਾਰੀ ਗੱਲ ਮੋਹਣੀ ਦੇ ਸਾਹਮਣੇ ਕਰਦਾ ਬੋਲਿਆ,

"ਪੋਲਾ, ਸੱਚ ਇਹ ਵੇ ਕਿ ਤੇਰੀ ਸਹੇਲੀ ਸੈਕਸ ਕਰਨ ਦੇ ਕਾਬਲ ਨਹੀਂ ਏ।"

ਉਸ ਦੀ ਗੱਲ ਸੁਣ ਕੇ ਮੋਹਣੀ ਇਕ ਦਮ ਭੜਕ ਉਠੀ ਤੇ ਬੋਲੀ,

"ਕਿਉਂ ਨਹੀਂ ਮੈਂ ਸੈਕਸ ਕਰਨ ਦੇ ਕਾਬਲ! ਮੈਂ ਹਾਂ, ਮੈਂ ਪੂਰੀ ਔਰਤ ਆਂ ਪਰ ਤੁਸੀਂ ਹਿੰਸਕ ਆਦਮੀ ਓ ਤੇ ਸੈਕਸ ਦੇ ਸੁਹਜ ਦੀ ਤੁਹਾਨੂੰ ਸਮਝ ਹੀ ਨਹੀਂ।"...

ਇਕ ਦਿਨ ਜੋਗੇਂਦਰ ਵਿਲਨਹਾਲ ਗਿਆ ਹੋਇਆ ਸੀ। ਬਲਵੀਰ ਬਾਵਰੇ ਨੇ ਕੋਈ ਸਮਾਗਮ ਕਰਾਇਆ ਸੀ ਤਾਂ ਬਾਅਦ ਵਿੱਚ ਉਹ ਕੁੰਦਨ ਨੂੰ ਮਿਲਣ ਚਲੇ ਗਿਆ। ਬਲਬੀਰ ਬਾਵਰੇ ਦੀ ਕੁੰਦਨ ਨਾਲ ਬੋਲ-ਚਾਲ ਬਿਲਕੁਲ ਬੰਦ ਸੀ। ਮਿਡਲੈਂਡ ਦੇ ਕਿਸੇ ਵੀ ਸ਼ਹਿਰ ਵਿੱਚ ਉਹ ਗਿਆ ਹੋਵੇ, ਕੁੰਦਨ ਨੂੰ ਮਿਲੇ ਬਿਨਾਂ ਵਾਪਸ ਨਹੀਂ ਸੀ ਆਉਂਦਾ। ਸ਼ਾਮ ਦਾ ਵਕਤ ਸੀ। ਆਮ ਵਾਂਗ ਉਹ ਦਾਰੂ ਪੀ ਰਹੇ ਸਨ। ਮੋਹਣੀ ਉਪਰ ਆਪਣੇ ਕਮਰੇ ਵਿੱਚ ਸੀ। ਕੁੰਦਨ ਕਹਿਣ ਲੱਗਿਆ,

"ਯਾਰ, ਮੈਂ ਸੈਕਸ ਤੋਂ ਬਿਨਾਂ ਬਹੁਤ ਔਖਾਂ! ਤੈਨੂੰ ਪਤਾ ਈ ਏ ਕਿ ਮੋਹਣੀ ਤਾਂ ਹੁਣ ਖਤਮ ਏਂ, ਬਹੁਤ ਸਾਲਾਂ ਤੋਂ...!"

"ਫੇਰ ਕਿੱਦਾਂ ਕੰਮ ਚਲਦਾ?"

"ਉਹੋ ਬਾਬੇ ਵਾਲਾ ਸ਼ਲੋਕ!"

ਕੁੰਦਨ ਆਪਣਾ ਸੱਜਾ ਹੱਥ ਹਵਾ ਵਿੱਚ ਘੁੰਮਾਉਂਦਾ ਬੋਲਿਆ। ਜੋਗੇਂਦਰ ਨੇ ਕਿਹਾ,

"ਡਾਕਟਰ ਸਾਹਿਬ, ਤੁਸੀਂ ਤਾਂ ਖਿਲਾੜੀ ਆਦਮੀ ਓ, ਪੈਸੇ ਤੁਹਾਡੀ ਜੇਬ੍ਹ ਵਿੱਚ ਐਂ, ਕਿਤੇ ਵੀ ਚਲੇ ਜਾਓ! ਅਗੇ ਵੀ ਤਾਂ ਸਾਰੀ ਉਮਰ...।"

"ਓ ਨਹੀਂ ਭਾਊ, ਲੰਡਨ ਦੀ ਗੱਲ ਹੋਰ ਸੀ, ਇਹ ਛੋਟਾ ਜਿਹਾ ਸ਼ਹਿਰ ਏ, ਸਾਰੇ ਇਕ ਦੂਜੇ ਨੂੰ ਜਾਣਦੇ ਨੇ, ਕੀ ਪਤਾ ਸਾਲ਼ੀ ਬੈਹੜਿਆਂ ਦੀ ਕੋਈ ਗਵਾਂਢਣ ਈ ਨਿਕਲ ਆਏ! ...ਲੰਡਨ ਤਾਂ ਸਮੁੰਦਰ ਏ, ਕੋਈ ਕਿਸੇ ਨੂੰ ਨਹੀਂ ਜਾਣਦਾ ਹੁੰਦਾ!"

ਜੋਗੇਂਦਰ ਨੇ ਆਲਾ ਦੁਆਲਾ ਦੇਖਦਿਆਂ ਪੁੱਛਿਆ,

"ਅੱਜ ਮੈਡਮ ਕੁਝ ਚੁੱਪ ਚੁੱਪ ਐ, ਜਲਦੀ ਹੀ ਉਪਰ ਵੀ ਚਲੇ ਗਈ, ਸੁੱਖ ਤਾਂ ਹੈ?"

"ਸੁੱਖ ਨੂੰ ਤਾਂ ਸੁੱਖ ਈ ਏ, ਮੈਨੂੰ ਉਹਦੀਆਂ ਕਈ ਗੱਲਾਂ ਚੰਗੀਆਂ ਨਹੀਂ ਲੱਗਦੀਆਂ। ਤੇਰੇ ਆਉਣ ਤੋਂ ਪਹਿਲਾਂ ਈ ਗੱਲ ਚੱਲ ਰਹੀ ਸੀ। ਉਹ ਕਹਿੰਦੀ ਕਿ ਡਿਪਰੈੱਸ਼ਨ ਬਿਮਾਰੀ ਏ ਤੇ ਮੈਂ ਕਿਹਾ ਕਿ ਇਹ ਤਾਂ ਮਾਨਸਿਕ ਅਵਸਥਾ ਏ, ਇਹਦਾ ਵਾਹ ਸਰੀਰ ਨਾਲ ਨਹੀਂ ਦਿਮਾਗ ਨਾਲ ਏ, ਜਿਹੜਾ ਹੌਲੀ ਹੌਲੀ ਸਰੀਰਕ ਬਣ ਜਾਂਦਾ ਏ, ਬਸ ਇਸੇ ਗੱਲ ਤੋਂ ਈ ਬਹਿਸ ਪਈ, ਹੋਰ ਕੁਝ ਨਹੀਂ।"

"ਠੀਕ ਐ, ਡਿਪਰੈੱਸ਼ਨ ਦਿਮਾਗੀ ਬਿਮਾਰੀ ਐ, ਜਦੋਂ ਏਦਾਂ ਦੇ ਲੋਕ ਡਾਕਟਰ ਕੋਲ ਜਾਂਦੇ ਆ ਤਾਂ ਉਹ ਗੋਲ਼ੀਆਂ ਦੇ ਦੇ ਕੇ ਸਰੀਰੋਂ ਵੀ ਬਿਮਾਰ ਕਰ ਦਿੰਦੇ ਆ।"

"ਇਹ ਸਾਲ਼ੀ ਬੈਹੜਿਆਂ ਦੀ ਆਪਣਾ ਬੈਗ ਹਰ ਵੇਲੇ ਦੁਆਈਆਂ ਨਾਲ ਭਰੀ ਰੱਖਦੀ ਏ, ਸਮਝਾਵਾਂ ਤਾਂ ਸਮਝਦੀ ਈ ਨਹੀਂ।"

"ਡਾਕਟਰ ਸਾਹਿਬ, ਹੁਣ ਸਮਝਾਉਣ ਦਾ ਸਮਾਂ ਨਹੀਂ, ਐਡਜਸਟ ਕਰਨ ਦਾ ਐ, ਸੋ ਇਹ ਨਿੱਕੀਆਂ ਨਿੱਕੀਆਂ ਗੱਲਾਂ ਵਿੱਚ ਐਡਜਸਟ ਕਰਿਆ ਕਰੋ।"

"ਕਰੀ ਤਾਂ ਜਾਨਾਂ ਯਾਰ, ਹੋਰ ਕੀ ਕਰਾਂ?"...

ਕੁੰਦਨ ਨੇ ਘਰ ਵਿੱਚ ਫੋਨ ਦੀ ਇਕ ਹੋਰ ਲਾਈਨ ਲਵਾ ਲਈ। ਇਕ ਆਪਣੇ ਲਈ ਤੇ ਇਕ ਮੋਹਣੀ ਵਾਸਤੇ। ਦੋਵਾਂ ਦੇ ਬਹੁਤੇ ਦੋਸਤ ਅਲੱਗ ਅਲੱਗ ਹੀ ਸਨ। ਮੋਹਣੀ ਦਾ ਵੀ ਬਹੁਤਾ ਵਕਤ ਫੋਨ ਉਪਰ ਬੀਤਦਾ ਸੀ ਤੇ ਕੁੰਦਨ ਦਾ ਵੀ। ਕੁੰਦਨ ਨੇ ਤਾਂ ਹਰ ਸ਼ਾਮ ਜੋਗੇਂਦਰ, ਸਮੁੰਦਰੀ, ਬਨਫੂਲ ਜਾਂ ਰਾਜਾ ਰਾਮ ਵਿੱਚੋਂ ਕਿਸੇ ਨਾ ਕਿਸੇ ਨਾਲ ਘੰਟਾ ਲਾਉਣਾ ਹੀ ਹੁੰਦਾ ਸੀ। ਪਾਇਲ ਨਾਲ ਵੀ ਉਸ ਦਾ ਹਰ ਰੋਜ਼ ਫੋਨ ਹੁੰਦਾ। ਪਾਇਲ ਹੁਣ ਉਸ ਨੂੰ ਮਹੀਨੇ-ਡੇੜ ਮਹੀਨੇ ਬਾਅਦ ਮਿਲਣ ਆ ਜਾਇਆ ਕਰਦੀ ਸੀ। ਪਾਇਲ ਆਉਂਦੀ ਤਾਂ ਮੋਹਣੀ ਦੀ ਜਿਵੇਂ ਸ਼ਾਮਤ ਆ ਜਾਂਦੀ। ਕੁੰਦਨ ਵਾਂਗ ਹੀ ਪਾਇਲ ਦਾ ਸੁਭਾ ਵੀ ਜ਼ਰਾ ਹਿੰਸਕ ਸੀ। ਗੱਲ ਕਰਦੀ ਉਹ ਅਗਲੇ ਨੂੰ ਖਾਣ ਨੂੰ ਪੈਂਦੀ, ਫਿਰ ਮੋਹਣੀ ਨਾਲ ਤਾਂ ਉਹ ਪਹਿਲਾਂ ਤੋਂ ਹੀ ਨਫਰਤ ਕਰਦੀ ਸੀ। ਜਿੰਨੇ ਦਿਨ ਪਾਇਲ ਰਹਿੰਦੀ ਮੋਹਣੀ ਲੁਕ-ਲੁਕ ਕੇ ਵਕਤ ਕੱਢਦੀ।

ਉਸ ਦਿਨ ਪਾਇਲ ਵਿਸ਼ੇਸ਼ ਕਰਕੇ ਆਪਣੇ ਜਨਮ ਦਿਨ ਲਈ ਆਈ ਹੋਈ ਸੀ। ਉਸ ਦਾ ਜਨਮ ਦਿਨ ਹੋਣ ਕਰਕੇ ਕੁਝ ਖਾਸ ਪਕਵਾਨ ਵੀ ਬਣ ਰਹੇ ਸਨ। ਕੇਕ ਦਾ ਇੰਤਜ਼ਾਮ ਵੀ ਕੀਤਾ ਹੋਇਆ ਸੀ। ਅਚਾਨਕ ਫੋਨ ਖੜਕਿਆ। ਇਹ ਓਹ ਲਾਈਨ ਸੀ ਜਿਹੜੀ ਮੋਹਣੀ ਵਰਤਦੀ ਸੀ। ਮੋਹਣੀ ਦੀ ਸਹੇਲੀ ਰਮਿੰਦਰ ਦਾ ਫੋਨ ਸੀ। ਉਹ ਕਹਿਣ ਲੱਗੀ,

"ਭੈਣ ਜੀ, ਸਾਡੇ ਕੁਝ ਮਹਿਮਾਨ ਆਏ ਹੋਏ ਨੇ ਅਮਰੀਕਾ ਤੋਂ, ਮੈਂ ਉਹਨਾਂ ਨੂੰ ਤੁਹਾਡੇ ਬਾਰੇ ਤੇ ਭਾਈ ਸਾਹਿਬ ਹੋਰਾਂ ਬਾਰੇ ਦੱਸਿਆ ਸੀ ਕਿ ਦੋਵੇਂ ਹੀ ਡਾਕਟਰ ਨੇ, ਉਹ ਤੁਹਾਨੂੰ ਮਿਲਣਾ ਚਾਹੁੰਦੇ ਨੇ, ਕੀ ਅਸੀਂ ਆ ਜਾਈਏ?"

ਮੋਹਣੀ ਇਕ ਦਮ ਸਕਤੇ ਵਿੱਚ ਆ ਗਈ ਕਿਉਂਕਿ ਪਾਇਲ ਦੇ ਆ ਜਾਣ ਕਾਰਨ ਕੁੰਦਨ ਬਦਲ ਹੀ ਜਾਇਆ ਕਰਦਾ ਸੀ। ਉਹ ਮੋਹਣੀ ਨੂੰ ਤਾਂ ਬਿਲਕੁਲ ਹੀ ਅਣਗੌਲਿਆ ਕਰ ਦਿੰਦਾ। ਸਾਰਾ ਸਮਾਂ ਪਾਇਲ ਨੂੰ ਹੀ ਦਿੰਦਾ। ਮੋਹਣੀ ਨੇ ਇਕ ਪਲ ਲਈ ਸੋਚਿਆ ਕਿ ਇਹ ਘਰ ਉਸ ਦਾ ਵੀ ਤਾਂ ਓਨਾ ਹੀ ਹੈ ਜਿੰਨਾ ਕੁੰਦਨ ਦਾ। ਉਸ ਦਾ ਮਹਿਮਾਨ ਆਉਣ ਦਾ ਵੀ ਤਾਂ ਓਨਾ ਹੀ ਹੱਕਦਾਰ ਹੈ ਜਿੰਨਾ ਕੁੰਦਨ ਦਾ। ਉਸ ਨੇ ਰਮਿੰਦਰ ਨੂੰ ਆਖ ਦਿਤਾ ਕਿ ਆ ਜਾਵੇ। ਰਮਿੰਦਰ ਆਪਣੇ ਨਾਲ ਦੋ ਆਦਮੀਆਂ ਤੇ ਦੋ ਔਰਤਾਂ ਨੂੰ ਲੈ ਕੇ ਦਸਾਂ ਕੁ ਮਿੰਟਾਂ ਵਿੱਚ ਪੁੱਜ ਗਈ। ਉਹਨਾਂ ਨੂੰ ਦੇਖ ਕੇ ਕੁੰਦਨ ਦਾ ਚਿਹਰਾ ਇਕ ਦਮ ਤਣ ਗਿਆ। ਉਸ ਨੇ ਮੋਹਣੀ ਵੱਲ ਕਹਿਰੀਆਂ ਨਜ਼ਰਾਂ ਨਾਲ ਦੇਖਿਆ। ਮੋਹਣੀ ਨੂੰ ਆਸ ਨਹੀਂ ਸੀ ਕਿ ਕੁੰਦਨ ਇਵੇਂ ਕਰੇਗਾ। ਉਹ ਸਾਰੇ ਅੰਦਰ ਆਏ, ਕੁੰਦਨ ਨੇ ਉਹਨਾਂ ਨਾਲ ਹੱਥ ਮਿਲਾਇਆ ਤੇ ਪਾਇਲ ਨੂੰ ਇਸ਼ਾਰਾ ਕੀਤਾ ਤੇ ਉਹ ਦੋਵੇਂ ਬਾਹਰ ਗਾਰਡਨ ਵਿੱਚ ਖੜ ਕੇ ਸਿਰਗਟਾਂ ਪੀਣ ਲੱਗ ਪਏ। ਪਹਿਲਾਂ ਵੀ ਦੋਵੇਂ ਗਾਰਡਨ ਵਿੱਚ ਖੜ ਕੇ ਗੱਲਾਂ ਕਰਦੇ ਰਹਿੰਦੇ ਤੇ ਸਿਗਰਟਾਂ ਪੀਂਦੇ ਰਹਿੰਦੇ, ਜੇ ਮੋਹਣੀ ਉਹਨਾਂ ਕੋਲ ਜਾਣ ਦੀ ਕੋਸ਼ਿਸ਼ ਕਰਦੀ ਤਾਂ ਆਖਦੇ ਕਿ ਉਹ ਉਹਨਾਂ ਦੀਆਂ ਗੱਲਾਂ ਸੁਣਨੀਆਂ ਚਾਹੁੰਦੀ ਹੈ। ਕੁੰਦਨ ਹਰ ਨਿਕੀ-ਮੋਟੀ ਹਰ ਗੱਲ ਪਾਇਲ ਨਾਲ ਸਾਂਝੀ ਕਰਿਆ ਕਰਦਾ ਸੀ। ਫੋਨ ਉਪਰ ਵੀ ਘਰ ਵਿੱਚ ਹੋਈ ਨਿਕੀ ਤੋਂ ਨਿਕੀ ਗੱਲ ਵੀ ਉਸ ਨੂੰ ਦੱਸਦਾ। ਇਵੇਂ ਹੀ ਪਾਇਲ ਵੀ ਆਪਣੇ ਆਲੇ ਦੁਆਲੇ ਤੇ ਕੰਮ ਦੀਆਂ ਸਾਰੀਆਂ ਗੱਲਾਂ ਉਸ ਨਾਲ ਕਰਦੀ। ਉਸ ਦਿਨ ਵੀ ਮਹਿਮਾਨ ਆ ਕੇ ਬੈਠ ਗਏ ਪਰ ਉਹ ਬਾਹਰ ਖੜੇ ਰਹੇ। ਮਹਿਮਾਨ ਦੇਖ ਰਹੇ ਸਨ ਕਿ ਉਹ ਹੁਣ ਵੀ ਵਾਪਸ ਅੰਦਰ ਆਏ, ਹੁਣ ਵੀ ਆਏ ਪਰ ਉਹ ਘੰਟਾ ਭਰ ਖੜੇ ਰਹੇ। ਜਦ ਮਹਿਮਾਨ ਨਾ ਹੀ ਉਠ ਕੇ ਗਏ ਤਾਂ ਕੁੰਦਨ ਆ ਕੇ ਉਹਨਾਂ ਨੂੰ ਕਹਿਣ ਲੱਗਿਆ,

"ਰਮਿੰਦਰ ਜੀ, ਹੁਣ ਤੁਸੀਂ ਜਾਓ, ਅਸੀਂ ਕਿਸੇ ਫੈਮਲੀ ਓਕੱਈਨ ਲਈ ਇਕੱਠੇ ਹੋਏ ਆਂ।"

ਮੋਹਣੀ ਦੇ ਸਿਰ ਉਪਰ ਤਾਂ ਜਿਵੇਂ ਸੌ ਘੜੇ ਪਾਣੀ ਪੈ ਗਿਆ ਹੋਵੇ। ਰਮਿੰਦਰ ਤੇ ਉਸ ਦੇ ਨਾਲ ਦੇ ਬੰਦੇ ਉਠ ਖੜੇ ਹੋਏ। ਮੋਹਣੀ ਮਣਾਂ ਦੇ ਪੈਰ ਲਈ ਆਪਣੇ ਕਮਰੇ ਵਿੱਚ ਚਲੇ ਗਈ। ਮੁੜ ਉਹੀ ਕੁੰਦਨ ਸਾਹਮਣੇ ਆ ਖੜਿਆ ਸੀ। ਬਿਮਾਰੀ ਵੇਲੇ ਉਹ ਫਕੀਰ ਵਾਂਗ ਮਿੰਨਤਾਂ ਕਰਦਾ ਰਿਹਾ ਸੀ ਪਰ ਹੁਣ ਇਕ ਦਮ ਪਹਿਲਾਂ ਵਾਲਾ ਕੁੰਦਨ। ਪਾਇਲ ਦੇ ਵਾਪਸ ਜਾਣ ਤਕ ਮੋਹਣੀ ਆਪਣੇ ਕਮਰੇ ਦੀ ਕੈਦਣ ਬਣੀ ਰਹੀ। ਉਸ ਦੇ ਜਾਣ ਤੋਂ ਬਾਅਦ ਮੋਹਣੀ ਨੇ ਘਰ ਵਿੱਚ ਲੜਾਈ ਪਾ ਲਈ ਪਰ ਕੁੰਦਨ ਨੂੰ ਕੋਈ ਫਰਕ ਨਹੀਂ ਸੀ। ਉਹ ਮੋਹਣੀ ਦੇ ਕਿਸੇ ਸਵਾਲ ਦਾ ਜਵਾਬ ਨਹੀਂ ਸੀ ਦੇ ਰਿਹਾ, ਜਿਵੇਂ ਬੋਲ਼ਾ ਹੋ ਗਿਆ ਹੋਵੇ। ਮੋਹਣੀ ਸਿਰ ਖਪਾ ਕੇ ਚੁੱਪ ਕਰਗਈ। ਉਸ ਨੇ ਮੁੜ ਕੇ ਨਰਕ ਸਹੇੜ ਲਿਆ ਸੀ। ਹੁਣ ਨਾ ਇਸ ਵਿੱਚੋਂ ਨਿਕਲਣ ਜੋਗੀ ਤੇ ਨਾ ਰਹਿਣ ਜੋਗੀ। ਵੈਸੇ ਹੁਣ ਉਹ ਪਹਿਲਾਂ ਵਾਂਗ ਨਿਆਸਰਾ ਨਹੀਂ ਸੀ ਸਮਝਦੀ। ਉਸ ਕੋਲ ਨੌਕਰੀ ਸੀ ਤੇ ਵਧੀਆ ਦੋਸਤਾਂ ਦਾ ਇਕ ਅਲੱਗ ਦਾਇਰਾ ਵੀ।...

ਇਕ ਦਿਨ ਜੋਗੇਂਦਰ ਨਾਲ ਗੱਲ ਕਰਦਾ ਦੱਸ ਰਿਹਾ ਸੀ,

"ਕੀ ਦੱਸਾਂ ਭਾਊ, ਏਸ ਸਾਲ਼ੀ ਬੈਹੜਿਆਂ ਦੀ ਬਿਮਾਰ ਔਰਤ ਨੇ ਤੰਗ ਕੀਤਾ ਪਿਆ, ਏਹਦੀਆਂ ਵਾਧੂ ਜਿਹੀਆਂ ਫੰਡਰ-ਸਹੇਲੀਆਂ, ਆ ਕੇ ਬਹਿ ਜਾਂਦੀਆਂ ਤੇ ਜਿਉਂ ਪੁੱਠੀਆਂ-ਸਿੱਧੀਆਂ ਗੱਲਾਂ ਕਰਨ ਲੱਗਦੀਆਂ ਕਿ ਬੋਰ ਕਰ ਮਾਰਦੀਆਂ, ਅੱਜ ਮੈਂ ਦੋ ਕੁ ਤਾਂ ਛਾਂਗ ਦਿਤੀਆਂ! ...ਹੌਲੀ ਹੌਲੀ ਸਾਰੀਆਂ ਸੋਧ ਦੇਣੀਆਂ।"

40-ਮੈਂ ਅੰਗਰੇਜ਼ੀ ਲੇਖਕ

ਕੁੰਦਨ ਨੇ 'ਪ੍ਰਤੀਬੱਧ' ਪਰਚਾ ਸਾਹਿਤ ਵਿੱਚ ਮੇਘ ਵਾਂਗ ਛਾ ਜਾਣ ਲਈ ਕੱਢਿਆ ਸੀ। ਉਸ ਸੋਚਦਾ ਕਿ ਪੰਜਾਬੀ ਦੇ ਕਈ ਲੇਖਕ ਪਰਚਾ ਕੱਢ ਰਹੇ ਹਨ ਜਿਸ ਕਰਕੇ ਉਹਨਾਂ ਦੀ ਵਾਹਵਾ ਪੁੱਛ ਪ੍ਰਤੀਤ ਹੈ। ਪਰਚਾ ਇਕ ਕਿਸਮ ਦੀ ਸ਼ਕਤੀ ਹੁੰਦਾ ਹੈ। ਆਪਣੇ ਪਰਚੇ ਬਾਰੇ ਉਹ ਜੋਗੇਂਦਰ ਨਾਲ ਕਦੇ ਵੀ ਗੱਲ ਨਹੀਂ ਸੀ ਕਰਿਆ ਕਰਦਾ। ਕਾਨਫਰੰਸ ਤੋਂ ਬਾਅਦ ਜੋਗੇਂਦਰ ਦੇ ਰਵੱਈਏ ਕਾਰਨ ਜੋ ਉਸ ਦੇ ਖਿਲਾਫ ਆਏ ਮਹਿਮਾਨਾਂ ਵਿਚਕਾਰ ਇਕ ਮੁਹਿੰਮ ਸ਼ੁਰੂ ਕੀਤੀ ਸੀ ਉਸ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਸੀ। ਹਰਦੇਵ ਦਿਆਲ ਜਿਸ ਸਿਰ ਪਰਚੇ ਦੀ ਜ਼ਿੰਮੇਵਾਰੀ ਸੀ, ਨੇ ਜੋਗੇਂਦਰ ਦੇ ਖਿਲਾਫ ਲਿਖਣਾ ਸ਼ੁਰੂ ਕਰ ਦਿਤਾ ਹੋਇਆ ਸੀ। ਉਹ ਮਿੱਥ ਕੇ ਉਸ ਦੇ ਨਾਵਲਾਂ ਬਾਰੇ ਨਕਾਰਤਾਮਕ ਲਿਖਦਾ। ਕੁੰਦਨ ਦੀ ਤਾਂ ਸਿਰਫ ਸੰਪਾਦਕੀ ਹੀ ਹੁੰਦੀ ਬਾਕੀ ਦਾ ਪਰਚਾ ਹਰਦੇਵ ਦਿਆਲ ਦੀ ਮਰਜ਼ੀ ਦਾ ਹੀ ਹੁੰਦਾ। ਦੋ ਕੁ ਅੰਕਾਂ ਤੋਂ ਬਾਅਦ ਹਰਦੇਵ ਸੰਪਾਦਕੀ ਦੇ ਨਾਲ ਆਪਣੇ ਵਲੋਂ ਦੋ ਸਫੇ ਲਿਖਣ ਲੱਗ ਪਿਆ। ਉਸ ਨੇ ਜਲਦੀ ਹੀ ਪਰਚੇ ਦੀ ਅਜਿਹੀ ਦਿੱਖ ਬਣਾ ਲਈ ਕਿ ਉਹ ਆਪਣੇ ਆਪ ਨੂੰ ਪ੍ਰੋਮੋਟ ਕਰਨਾ ਸ਼ੁਰੂ ਕਰ ਦਿਤਾ। ਕੁੰਦਨ ਸੋਚਦਾ ਸੀ ਕਿ ਹਰਦੇਵ ਦਿਆਲ ਉਸ ਦੇ ਨਾਵਲਾਂ ਉਪਰ ਆਪ ਪਰਚੇ ਲਿਖ ਕੇ 'ਪ੍ਰਤੀਬੱਧ' ਵਿੱਚ ਛਾਪੇਗਾ, ਹੋਰਨਾਂ ਤੋਂ ਵੀ ਲਿਖਾਏਗਾ ਪਰ ਅਜਿਹਾ ਕੁਝ ਨਹੀਂ ਹੋਇਆ। ਕੁੰਦਨ ਤਾਂ ਪਰਚੇ ਦਾ ਇਕ ਵਿਦੇਸ਼ੀ ਸੰਪਾਦਕ ਹੋ ਕੇ ਰਹਿ ਗਿਆ ਜਿਸ ਨੇ ਪਰਚੇ ਉਪਰ ਪੈਸੇ ਖਰਚ ਕਰਨੇ ਹੁੰਦੇ ਹਨ। ਹਰਦੇਵ ਦਿਆਲ ਆਪਣੇ ਦੋਸਤਾਂ ਨੂੰ ਹੀ ਬਹੁਤਾ ਛਾਪਦਾ। ਕਿਸੇ ਦੀ ਕਹਾਣੀ ਬੇਸ਼ੱਕ ਕਿਹੋ ਜਿਹੀ ਹੋਵੇ ਦੋਸਤੀ ਵਿੱਚ ਛਾਪ ਦਿੰਦਾ। ਇਕ ਦੋ ਵਾਰ ਕੁੰਦਨ ਨੇ ਇਸ ਬਾਰੇ ਇਤਰਾਜ਼ ਕੀਤਾ ਤਾਂ ਹਰਦੇਵ ਦਿਆਲ ਬੁਰਾ ਮਨਾ ਗਿਆ। ਇਹਨਾਂ ਦਿਨਾਂ ਵਿੱਚ ਹੀ ਇਕ

ਦੋਸਤ ਇੰਡੀਆ ਤੋਂ ਆਇਆ ਤਾਂ ਕੁੰਦਨ ਨੂੰ ਮਿਲਣ ਆ ਗਿਆ। ਉਸ ਨੇ ਜਾਣ ਬੁੱਝ ਕੇ ਜਾਂ ਅਣਜਾਣੇ ਵਿੱਚ ਕਹਿ ਦਿਤਾ ਕਿ ਹਰਦੇਵ ਦਿਆਲ ਤਾਂ ਕਹਿ ਰਿਹਾ ਹੈ ਕਿ ਜਿੰਨਾ ਚਿਰ ਕੁੰਦਨ ਦੱਸ ਹਜ਼ਾਰ ਰੁਪਏ ਇਕ ਅੰਕ ਦੇ ਭੇਜਦਾ ਰਹੇਗਾ ਓਨਾ ਚਿਰ ਪਰਚਾ ਨਿਕਲਦਾ ਰਹੇਗਾ ਨਹੀਂ ਤਾਂ ਬੰਦ ਹੋ ਜਾਵੇਗਾ। ਕੁੰਦਨ ਨੂੰ ਸਾਲ ਕੁ ਵਿੱਚ ਹੀ ਜਾਪਣ ਲੱਗ ਪਿਆ ਕਿ ਜਿਸ ਕੰਮ ਲਈ ਉਸ ਨੇ ਪਰਚਾ ਕੱਢਿਆ ਸੀ ਉਹ ਮਕਸਦ ਪੂਰਾ ਨਹੀਂ ਹੋ ਰਿਹਾ। ਕੁੰਦਨ ਕਿਸੇ ਨਾ ਕਿਸੇ ਤਰ੍ਹਾਂ ਪਰਚੇ ਵਿੱਚੋਂ ਨਿਕਲਣ ਬਾਰੇ ਸੋਚਣ ਲਗਿਆ। ਹੌਲੀ ਹੌਲੀ ਉਸ ਨੂੰ ਸਹਿਜਪਾਲ ਸਿੰਘ ਗਰੇਵਾਲ ਨਾਂ ਦਾ ਬੰਦਾ ਮਿਲ ਗਿਆ ਜਿਸ ਨੇ ਰਿਟਾਇਰਮੈਂਟ ਦੀ ਉਮਰ ਵਿੱਚ ਆ ਕੇ ਲਿਖਣਾ ਸ਼ੁਰੂ ਕੀਤਾ ਸੀ, ਉਸ ਨੂੰ ਅਜਿਹੇ ਠੁੰਮਣੇ ਦੀ ਲੋੜ ਸੀ ਤੇ ਉਸ ਕੋਲ ਖਰਚਣ ਲਈ ਪੈਸੇ ਵੀ ਸਨ। ਜਦ ਹਰਦੇਵ ਦਿਆਲ ਨੇ ਦੇਖਿਆ ਕਿ ਮਾਲਕ ਬਦਲ ਗਿਆ ਹੈ, ਉਸ ਨੇ ਕੁੰਦਨ ਦੇ ਖਿਲਾਫ ਹੀ ਲਿਖਣਾ ਸ਼ੁਰੂ ਕਰ ਦਿਤਾ। ਜੋਗੇਂਦਰ ਨੂੰ ਇਸ ਗੱਲ ਦਾ ਪਤਾ ਲਗਿਆ ਤਾਂ ਉਸ ਨੇ ਫੋਨ ਕਰਕੇ ਕਿਹਾ,

"ਡਾਕਟਰ ਸਾਹਿਬ, ਤੁਹਾਡੀ ਬਿੱਲੀ ਤੁਹਾਨੂੰ ਈ ਮਿਆਊਂ ਕਰਨ ਲੱਗ ਪਈ, ਸੁੱਖ ਤਾਂ ਹੈ?"

"ਕਾਹਦਾ ਸੁੱਖ ਯਾਰ! ...ਮੈਂ ਸਾਰੀ ਸਥਿਤੀ ਬਾਰੇ ਬਹੁਤ ਸੋਚਿਆ, ਕਈ ਦਿਨ ਤੋਂ ਸਾਰੀ ਸਾਰੀ ਰਾਤ ਸੋਚਦਾ ਰਹਿੰਨਾਂ ਕਿ ਮੈਂ ਪੰਜਾਬੀ ਦਾ ਲੇਖਕ ਕਿਉਂ ਆਂ? ਪੰਜਾਬੀ ਨੇ ਮੈਨੂੰ ਅੱਜ ਤਕ ਕੀ ਦਿਤਾ ਏ? ਮੈਂ ਦੋ ਢਾਈ ਦਰਜਨ ਕਿਤਾਬਾਂ ਲਿਖ ਮਾਰੀਆਂ ਕਿਸੇ ਨੇ ਇਹਦੀ ਕਦਰ ਤਕ ਨਹੀਂ ਪਾਈ!"

"ਇਹੀ ਤਾਂ ਆਪਣੀ ਬੋਲੀ ਦੀ ਸਮੱਸਿਆ ਐ।"

"ਸਮੱਸਿਆ ਨਹੀਂ, ਇਹ ਪੰਜਾਬੀ ਲੇਖਕ ਇਕ ਦੂਜੇ ਦੇ ਖਿਲਾਫ ਸਾਜ਼ਿਸ਼ ਕਰਦੇ ਨੇ, ਮੇਰੇ ਟੌਪ ਦੇ ਨਾਵਲ ਪਰ ਕਿਸੇ ਆਲੋਚਕ ਨੇ ਇਹਨਾਂ ਨੂੰ ਚੁੰਮਟੇ ਨਾਲ ਵੀ ਨਹੀਂ ਚੁੱਕਿਆ, ਹੋਰ ਦੱਸੋ! ...ਲਾਹਣਤ ਏ ਪੰਜਾਬੀ ਦਾ ਲੇਖਕ ਹੋਣ 'ਤੇ! ...ਭਾਊ, ਮੈਂ ਕਸਮ ਖਾ ਲਈ ਏ ਕਿ ਅੱਜ ਤੋਂ ਬਾਅਦ ਮੈਂ ਪੰਜਾਬੀ ਵਿੱਚ ਨਹੀਂ ਲਿਖਣਾ। ਹੁਣ ਮੈਂ ਅੰਗਰੇਜ਼ੀ ਵਿੱਚ ਲਿਖਾਂਗਾ। ਅੱਜ ਤੋਂ ਬਾਅਦ ਨਾ ਮੈਂ ਪੰਜਾਬੀ ਵਿੱਚ ਲਿਖਾਂਗਾ ਤੇ ਨਾ ਹੀ ਪੰਜਾਬੀ ਵਿਚ ਪੜ੍ਹਾਂਗਾ, ਕਸਮ ਏ ਮੈਨੂੰ!"

ਉਹ ਆਪਣੇ ਆਪ ਲਈ ਜੱਜ ਬਣਿਆਂ ਬੈਠਾ ਸੀ। ਉਸ ਨੇ ਆਪਣਾ ਅਣਛਪਿਆ ਸਾਰਾ ਕੰਮ ਬਿੱਨ ਵਿਚ ਪਾ ਦਿਤਾ। ਜਿਹੜਾ ਬਹੁਤਾ ਤਾਂ ਨਹੀਂ ਸੀ ਪਰ ਦੋ ਕੁ ਨਾਵਲਾਂ ਦੇ ਨੋਟਿਸ ਸਨ, ਕੁਝ ਕੁ ਕਹਾਣੀਆਂ ਦੇ ਪਲਾਟ ਵੀ ਸਨ। ਉਸ ਨੇ ਅੰਗਰੇਜ਼ੀ ਵਿੱਚ ਨਾਵਲ ਲਿਖਣ ਦਾ ਵਿੱਢ ਵਿਢ ਲਿਆ। ਸਲਮਨ ਰਸ਼ਦੀ ਦਾ ਨਾਵਲ 'ਮਿਡਨਾਈਟ ਚਿਲਡਰਨ' ਉਸ ਨੇ ਪੜ੍ਹਿਆ ਹੋਇਆ ਸੀ। ਸੰਤਾਲੀ ਦੇ ਬਟਵਾਰੇ ਬਾਰੇ ਉਸ ਕੋਲ ਵੀ ਚੰਗੀ ਭਲੀ ਕਹਾਣੀ ਸੀ। ਉਹ ਸੋਚਦਾ ਸੀ ਕਿ ਇਹ ਰਸ਼ਦੀ ਦੇ ਨਾਵਲ ਦੀ ਕਹਾਣੀ ਤੋਂ ਲੱਖ ਦਰਜੇ ਵਧੀਆ ਹੋਵੇਗਾ। ਫਿਰ ਉਸ ਦੀ ਬਟਵਾਰੇ ਉਪਰ ਪਕੜ ਵੀ ਬਹੁਤ ਸੀ। ਉਸ ਦਾ ਤਜਰਬਾ ਵੀ ਸੀ ਤੇ ਪੜ੍ਹਾਈ ਵੀ। ਉਸ ਨੇ ਪਹਿਲਾਂ ਨਾਵਲ ਪੰਜਾਬੀ ਵਿੱਚ ਲਿਖਿਆ ਤੇ ਫਿਰ ਇਸ ਦਾ ਅੰਗਰੇਜ਼ੀ ਵਿੱਚ ਤਰਜਮਾ ਕਰ ਲਿਆ। ਇਹ ਗੱਲ ਉਸ ਨੇ ਮੋਹਣੀ ਤੋਂ ਵੀ ਛੁਪਾ ਕੇ ਰੱਖੀ ਕਿ ਉਸ ਨੇ ਨਾਵਲ ਨੂੰ ਤਰਜਮਾਇਆ ਹੈ। ਜਦ ਉਹ ਆਪਣੇ ਸਟੱਡੀ-ਰੂਮ ਵਿੱਚ ਹੁੰਦਾ ਤਾਂ ਮੋਹਣੀ ਉਸ ਕੋਲ ਬਹੁਤਾ ਨਹੀਂ ਸੀ ਜਾਇਆ ਕਰਦੀ। ਉਹ ਮੋਹਣੀ 'ਤੇ ਤੇ ਹੋਰ ਦੋਸਤਾਂ ਉਪਰ ਇਹ ਰੋਅਬ ਹੀ ਪਾਉਂਦਾ ਕਿ ਉਹ ਨਾਵਲ ਸਿੱਧਾ ਅੰਗਰੇਜ਼ੀ ਵਿੱਚ ਹੀ ਲਿਖ ਰਿਹਾ ਹੈ।...

ਕੁੰਦਨ ਹਰ ਵੇਲੇ ਤਣਾਵ ਵਿੱਚ ਰਹਿੰਦਾ। ਹਰ ਵੇਲੇ ਹੀ ਖਫਾ ਖਫਾ ਤੁਰਿਆ ਫਿਰਦਾ। ਮੋਹਣੀ ਖੁਸ਼ ਜਿਹੀ ਸੀ ਕਿ ਜਦ ਉਹ ਇਵੇਂ ਕਿਸੇ ਹੋਰ ਪਾਸੇ ਪੰਗਾ ਪਾਈ ਫਿਰਦਾ ਹੁੰਦਾ ਤਾਂ ਮੋਹਣੀ ਨਾਲ ਉਸ ਦੇ ਸਬੰਧ ਚੰਗੇ ਰਹਿੰਦੇ। ਕਈ ਵਾਰ ਉਹ ਮੋਹਣੀ ਨੂੰ ਆਪਣੇ ਪਰੋਜੈਕਟ ਬਾਰੇ ਦੱਸਦਾ ਆਖਦਾ,

"ਮੈਂ ਨਾਵਲ ਲਿਖ ਕੇ ਜਦ ਪਬਲਿਸ਼ਰ ਕੋਲ ਲੈ ਕੇ ਗਿਆ ਤਾਂ ਦੇਖੀਂ ਅਗਲਾ ਕਿਵੇਂ ਮੇਰੇ ਪੈਰੀਂ ਪੈਂਦਾ, ਕਹੇਗਾ ਕਿ ਤੂੰ ਏਨਾ ਚਿਰ ਕਿਥੇ ਰਿਹਾਂ, ਮੇਰੇ ਨਾਵਲ ਦਾ ਵਿਸ਼ਾ ਹੀ ਅਜਿਹਾ ਏ, ਉਪਰੋਂ ਮੇਰੀ ਅੰਗਰੇਜ਼ੀ ਏਨੀ ਫਸਟ-ਕਲਾਸ ਏ ਕਿ ਗੋਰੇ ਵੀ ਹੈਰਾਨ ਹੋ ਜਾਣਗੇ।"

ਮੋਹਣੀ ਨੂੰ ਉਸ ਦੀ ਵਿਦਵਤਾ ਉਪਰ ਕੋਈ ਸ਼ੱਕ ਨਹੀਂ ਸੀ ਪਰ ਉਸ ਦੀਆਂ ਗੱਲਾਂ ਉਪਰ ਯਕੀਨ ਨਹੀਂ ਸੀ ਆਉਂਦਾ। ਉਹ ਕਦੇ ਕਹਿਣ ਲੱਗਦਾ,

"ਪਤਾ ਨਹੀਂ ਮੇਰਾ ਦਿਮਾਗ ਏਨੇ ਦਿਨ ਕਿਥੇ ਸੁੱਤਾ ਰਿਹਾ! ਮੈਨੂੰ ਤਾਂ ਬਹੁਤ ਦੇਰ ਪਹਿਲਾਂ ਹੀ ਅੰਗਰੇਜ਼ੀ ਵਿੱਚ ਲਿਖਣ ਲੱਗ ਪੈਣਾ ਚਾਹੀਦਾ ਸੀ, ਮੈਂ ਤਾਂ ਐਵੇਂ ਹੀ ਪੰਜਾਬੀ ਦੇ ਢੂਹੇ ਵਿੱਚ ਵੜਿਆ ਰਿਹਾ।"

ਇਹਨਾਂ ਦਿਨਾਂ ਵਿੱਚ ਹੀ ਜੋਗੇਂਦਰ ਦਾ ਤੀਜਾ ਨਾਵਲ ਆ ਗਿਆ। ਉਸ ਨੇ ਇਕ ਕਾਪੀ ਕੁੰਦਨ ਨੂੰ ਭੇਜ ਦਿਤੀ। ਉਸ ਨੇ ਨਾਵਲ ਵਲ ਭੈੜੀ ਜਿਹੀ ਨਜ਼ਰ ਸੁੱਟੀ ਤੇ ਮੋਹਣੀ ਨੂੰ ਫੜਾਉਂਦਾ ਬੋਲਿਆ,

"ਮੈਂ ਏਸ ਘਟੀਆ ਬੋਲੀ ਦੇ ਨਾਵਲ ਨੂੰ ਛੂਹਣਾ ਵੀ ਨਹੀਂ ਚਾਹੁੰਦਾ, ਮੈਨੂੰ ਅਲਰਜੀ ਏ ਇਸ ਤੋਂ, ਏਹਨੂੰ ਮੇਰੇ ਤੋਂ ਦੂਰ ਰੱਖ।"

ਇਸ ਵਾਰ ਉਸ ਨੂੰ ਜੋਗੇਂਦਰ ਨਾਲ ਕਿਸੇ ਕਿਸਮ ਦਾ ਰੋਸ ਨਹੀਂ ਸੀ ਹੋਇਆ ਕਿਉਂਕਿ ਹੁਣ ਉਹ ਪੰਜਾਬੀ ਦਾ ਲੇਖਕ ਹੀ ਨਹੀਂ ਸੀ ਰਿਹਾ। ਉਸ ਨੇ ਜੋਗੇਂਦਰ ਨੂੰ ਫੋਨ ਕਰਕੇ ਕਿਹਾ,

"ਓ ਭਾਊ, ਐਵੇਂ ਨਾ ਪੰਜਾਬੀ ਵਿੱਚ ਝੱਖ ਨਾ ਮਾਰੀ ਚੱਲ, ਹਾਲੇ ਵੀ ਟਾਈਮ ਹੈਗਾ, ਤੈਨੂੰ ਅੰਗਰੇਜ਼ੀ ਆਉਂਦੀ ਏ, ਚੁੱਪ ਕਰਕੇ ਅੰਗਰੇਜ਼ੀ ਵਿੱਚ ਲਿਖ, ਪੰਜਾਬੀ ਰਹਿਣ ਦੇ ਬਲਵੀਰ ਬਾਵਰੇ ਵਰਗਿਆਂ ਲਈ।"

"ਡਾਕਟਰ ਸਾਹਿਬ, ਮੈਂ ਕੋਈ ਲੇਖ ਤਾਂ ਅੰਗਰੇਜ਼ੀ ਵਿੱਚ ਲਿਖ ਸਕਦਾਂ ਪਰ ਨਾਵਲ ਜਾਂ ਕਹਾਣੀ ਨਹੀਂ।"

"ਮਿਹਨਤ ਕਰ, ਮੇਰੇ ਵਾਂਗ ਮਿਹਨਤ ਕਰ, ਤੈਨੂੰ ਵੀ ਤਾਂ ਰੱਬ ਨੇ ਚੰਗਾ ਭਲਾ ਸਿਰ ਦਿਤਾ ਹੋਇਆ ਏ।"

"ਚਲੋ, ਮੈਂ ਕੋਸ਼ਿਸ਼ ਕਰਾਂਗਾ।"

"ਜੇ ਲੋੜ ਹੋਈ ਤਾਂ ਮੇਰੀ ਸਲਾਹ ਲੈ ਲਈਂ, ਕੋਈ ਇੰਗਲਿਸ਼ ਦਾ ਲਫਜ਼ ਪੁੱਛਣਾ ਹੋਇਆ ਤਾਂ ਮੈਂ ਹੈਗਾ, ਤੇਰੇ ਭਰਾ ਦੀ ਵੈਕੱਬਲਰੀ ਤਾਂ ਔਕਸਫੋਰਡ ਦੀ ਡਿਕਸ਼ਨਰੀ ਤੋਂ ਵੀ ਵੱਧ ਏ! ...ਇਹ ਵੀ ਗੱਲ ਸੁਣ ਲੈ ਕਿ ਇਹ ਸਹੂਲਤ ਸਿਰਫ ਤੇਰੇ ਲਈ ਹੀ ਏ।"

ਜੋਗੇਂਦਰ ਨੇ ਇਸ ਗੱਲ ਨੂੰ ਲੈ ਕੇ ਲਤੀਫੇ ਘੜ ਲਏ ਤੇ ਅਗੇ ਦੋਸਤਾਂ ਨੂੰ ਸੁਣਾਉਣ ਲੱਗਦਾ। ਕੁੰਦਨ ਦੀਆਂ ਅਜਿਹੀਆਂ ਗੱਲਾਂ ਉਪਰ ਦੋਸਤ ਹੱਸਦੇ ਵੀ। ਪਿੱਠ ਪਿਛੇ ਜੋਗੇਂਦਰ ਵੀ ਕੁੰਦਨ ਦਾ ਮਜ਼ਾਕ ਉਡਾਉਣ ਦਾ ਕੋਈ ਮੌਕਾ ਅਜਾਈਂ ਨਾ ਜਾਣ ਦਿੰਦਾ। ਉਸ ਦੇ ਦੋ ਨਾਵਲ ਯੂਨੀਵਰਸਟੀਆਂ ਦੇ ਕੋਰਸਾਂ ਵਿੱਚ ਲੱਗ ਜਾਣ ਕਾਰਨ ਉਹ ਆਪਣੇ ਆਪ ਨੂੰ ਕੁੰਦਨ ਦੇ ਬਰਾਬਰ ਦਾ ਨਾਵਲਕਾਰ ਸਮਝਣ ਲੱਗਿਆ ਸੀ। ਕੁੰਦਨ ਨਾਲ ਉਸ ਦਾ ਇਹ ਹਿਰਖ ਵੀ ਸੀ ਕਿ ਕੁੰਦਨ ਉਸ ਦੇ ਨਾਵਲਾਂ ਬਾਰੇ ਹਾਲੇ ਤਕ ਚੁੱਪ ਸੀ।

ਕੁੰਦਨ ਸਿਰੜੀ ਤਾਂ ਹੈ ਹੀ ਸੀ ਸੋ ਉਸ ਨੇ ਨਾਵਲ ਲਿਖਣ ਦਾ ਸਿਰੜ ਪੁਗਾ ਲਿਆ। ਨਾਵਲ ਨੂੰ ਅੰਗਰੇਜ਼ੀ ਵਿੱਚ ਕਰ ਕੇ ਉਸ ਨੇ ਹੌਲੀ ਹੌਲੀ ਆਪਣੇ ਕੰਪਿਊਟਰ ਵਿਚ ਚਾੜ ਲਿਆ ਤੇ ਜੋਗੇਂਦਰ ਨੂੰ ਦੱਸਣ ਲਈ ਫੋਨ ਕੀਤਾ, ਬੋਲਿਆ,

"ਲੈ ਇਕ ਚੈਪਟਰ ਸੁਣ ਤੇ ਦੇਖ ਜੇਠੂ ਦੀ ਇੰਗਲਿਸ਼! ਅਸ਼ ਅਸ਼ ਨਾ ਕਰ ਉਠੇਂ ਤਾਂ ਮੈਨੂੰ ਕਹੀਂ!"

ਕੁੰਦਨ ਨੇ ਦਸ ਸਫੇ ਉਸ ਨੂੰ ਪੜ੍ਹ ਕੇ ਸੁਣਾਏ। ਜੇ ਕੋਈ ਔਖਾ ਲਫਜ਼ ਹੁੰਦਾ ਤਾਂ ਜੋਗੇਂਦਰ ਨੂੰ ਉਸ ਦੇ ਅਰਥ ਕਰਕੇ ਦੱਸ ਦਿੰਦਾ। ਸੰਤਾਲੀ ਦੀ ਵੰਡ ਬਾਰੇ ਨਾਵਲ ਸੀ ਜਿਵੇਂ ਉਸ ਦਾ ਪਹਿਲਾ ਨਾਵਲ ਪੰਜਾਬੀ ਵਿੱਚ ਆਇਆ ਹੀ ਸੀ। ਜੋਗੇਂਦਰ ਨੂੰ ਉਸ ਦੇ ਨਾਵਲ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਸ ਨੇ ਬਹੁਤ ਹੀ ਮੁਸ਼ਕਲ ਨਾਲ ਉਹ ਚੈਪਟਰ ਸੁਣਿਆਂ ਤੇ ਨਾਲ ਹੀ ਕਹਿ ਦਿਤਾ,

"ਡਾਕਟਰ ਸਾਹਿਬ, ਪੜ੍ਹਨ ਦਾ ਹੋਰ ਮਜ਼ਾ ਹੁੰਦੈ, ਮੈਨੂੰ ਈਮੇਲ ਕਰ ਦਿਓ, ਮੈਂ ਪੜ੍ਹ ਲਵਾਂਗਾ।"

"ਈਮੇਲ ਮੈਂ ਹਾਲੇ ਠਹਿਰ ਕੇ ਕਰਾਂਗਾ, ਹਾਲੇ ਮੈਂ ਏਹਦੇ ਵਿਚ ਬਹੁਤ ਸਾਰੀਆਂ ਹੋਰ ਛੋਹਾਂ ਦੇਣੀਆਂ।"

ਕੁੰਦਨ ਨਾਵਲ ਦਾ ਚੈਪਟਰ ਸੁਣਾ ਕੇ ਉਸ ਦੇ ਗੁਣ ਦੱਸਦਾ ਬੋਲਿਆ,

"ਜੇ ਤੇਰੇ ਭਰਾ ਨੂੰ ਐਂਤਕੀਂ ਦਾ ਬੁੱਕਰ ਪਰਾਈਜ਼ ਨਾ ਮਿਲਿਆ ਤਾਂ ਗੱਲ ਕਰੀਂ, ਵੈਸੇ ਨਾਵਲ ਇਹ ਨੋਬਲ ਪਰਾਈਜ਼ ਵਾਲਾ ਏ, ਨੋਬਲ ਪਰਾਈਜ਼ ਵੀ ਬੜੀ ਗੱਲ ਨਹੀਂ! ਬੁੱਕਰ ਪਰਾਈਜ਼ ਤਾਂ ਮਿਲਣਾ ਹੀ ਮਿਲਣਾਂ ਤੇ ਮੈਂ ਉਹਨਾਂ ਪੈਸਿਆਂ ਦਾ ਲੰਡਨ ਵਿੱਚ ਇਕ ਫਲੈਟ ਲੈ ਲੈਣਾਂ।"

ਇਵੇਂ ਮੋਹਣੀ ਨੂੰ ਉਹ ਰੋਜ਼ ਦੱਸਣ ਬਹਿ ਜਾਂਦਾ ਕਿ ਇਨਾਮ ਮਿਲਣ ਸਮੇਂ ਉਹ ਆਪਣੇ ਭਾਸ਼ਨ ਵਿੱਚ ਕੀ ਕਹੇਗਾ। ਚੈਪਟਰ ਲਿਖ ਕੇ ਉਸ ਨੂੰ ਸੁਣਾਉਣ ਲਈ ਹਾਕਾਂ ਮਾਰਨ ਲਗਦਾ। ਜੇ ਉਹ ਹਊ-ਪਰ੍ਹੇ ਕਰਦੀ ਤਾਂ ਕਹਿੰਦਾ,

"ਪੰਜਾਬੀ ਥਾਵੇਂ ਜੇ ਅੰਗਰੇਜ਼ੀ 'ਤੇ ਮਿਹਨਤ ਕੀਤੀ ਹੁੰਦੀ ਤਾਂ ਤੈਨੂੰ ਮੇਰੀ ਗੱਲ ਸਮਝਣ ਵਿੱਚ ਸੌਖ ਰਹਿੰਦੀ!"

ਪੰਜਾਬੀ ਪੜ੍ਹਨੀ-ਲਿਖਣੀ ਹੀ ਨਹੀਂ ਸੀ ਛੱਡੀ ਬਲਕਿ ਪੰਜਾਬੀ ਦੇ ਕਿਸੇ ਪ੍ਰੋਗਰਾਮ ਵਿੱਚ ਜਾਣਾ ਵੀ ਉਸ ਨੇ ਬੰਦ ਕਰ ਦਿਤਾ ਸੀ। ਉਸ ਦੀ ਕੋਸ਼ਿਸ਼ ਹੁੰਦੀ ਕਿ ਸੋਚੇ ਵੀ ਅੰਗਰੇਜ਼ੀ ਵਿੱਚ ਹੀ। ਉਸ ਨੇ ਆਪਣਾ 'ਪੰਜਾਬੀ ਸਾਹਿਤ ਸਿਧਾਂਤ ਕੇਂਦਰ' ਬੰਦ ਕਰ ਦਿਤਾ। ਪੰਜਾਬੀ ਦੇ ਸਮਾਗਮਾਂ ਵਿੱਚ ਜਾਣਾ ਵੀ ਬੰਦ ਕਰ ਦਿਤਾ। ਜੋਗੇਂਦਰ ਦੇ ਸੱਦੇ 'ਤੇ ਵੀ ਨਾ ਗਿਆ।

ਵਿਲਨਹਾਲ ਦਾ ਇਕ ਅੰਗਰੇਜ਼ ਲੇਖਕ ਸੀ; ਸਟੀਵ ਜੌਨਾਥਨ। ਸਟੀਵ ਦੇ ਆਰਟੀਕਲ ਲੋਕਲ ਅਖ਼ਬਾਰ ਵਿੱਚ ਛਪਦੇ ਰਹਿੰਦੇ ਸਨ। ਨਿਰਮਲ ਨਾਕਸ ਰਾਹੀਂ ਸਟੀਵ ਜੌਨਾਥਨ ਮੋਹਣੀ ਦਾ ਵਾਕਫ ਬਣ ਗਿਆ ਹੋਇਆ ਸੀ ਤੇ ਹੁਣ ਕੁੰਦਨ ਵੀ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸ ਰਾਹੀਂ ਉਸ ਨੇ ਕੋਈ ਐਡੀਟਰ ਲੱਭ ਲਿਆ ਜਿਸ ਨੇ ਨਾਵਲ ਨੂੰ ਠੀਕ ਕਰਨਾ ਸੀ, ਇਸ ਦੀ ਛਪਣ-ਯੋਗਤਾ ਪਰਖਣੀ ਸੀ। ਐਡੀਟਰ ਮਾਈਕ ਐਲਨਬੀ ਨੇ ਪੰਜ ਸੌ ਪੌਂਡ ਕਿਤਾਬ ਦੀ ਐਡਿਟਿੰਗ ਦਾ ਲੈਣਾ ਸੀ। ਉਹ ਕਈ ਵਾਰ ਕੁੰਦਨ ਨੂੰ ਸਲਾਹ ਦੇਣ ਬਹਿ ਜਾਂਦਾ, ਕੁੰਦਨ ਨੂੰ ਚੰਗਾ ਤਾਂ ਨਾ ਲੱਗਦਾ ਪਰ ਉਸ ਦੀ ਸੁਣ ਲੈਂਦਾ ਤੇ ਕਦੇ ਕਦੇ ਮੰਨ ਵੀ ਲੈਂਦਾ। ਉਸ ਨੇ ਮਹੀਨਾ ਕੁ ਲਾ ਕੇ ਨਾਵਲ ਠੀਕ ਕਰ ਦਿਤਾ। ਚਾਰ ਸੌ ਸਫੇ ਦਾ ਨਾਵਲ ਸੀ। ਨਾਂ ਰੱਖਿਆ ਸੀ; 'ਲਾਵਾ'। ਐਡੀਟਰ ਨੇ ਜਦ ਨਾਵਲ ਸੋਧ ਕੇ ਵਾਪਸ ਕੁੰਦਨ ਦੇ ਹੱਥ ਵਿੱਚ ਫੜਾਇਆ ਤਾਂ ਕੁੰਦਨ ਨੇ ਪੁੱਛਿਆ,

"ਮਾਈਕ, ਏਹਨੂੰ ਛਪਵਾਉਣਾ ਵੀ ਏ।"

"ਕੁੰਡਨ, ਇਹ ਹੁਣ ਪਬਲਿਸ਼ਰ ਤਾਂ ਤੈਨੂੰ ਹੀ ਲੱਭਣਾ ਪਵੇਗਾ।"

"ਮਾਈਕ, ਤੂੰ ਨਹੀਂ ਜਾਣਦਾ ਕਿਸੇ ਨੂੰ?"

"ਮੈਂ ਜਾਣਦਾਂ, ਕਿੰਨੀ ਕਾਪੀ ਛਪਵਾਉਣੀ ਏਂ?

"ਪੰਜ ਤੋਂ ਲੈ ਕੇ ਦਸ ਹਜ਼ਾਰ ਦੇ ਵਿਚਕਾਰ।"

"ਪੰਜ ਹਜ਼ਾਰ ਕਾਪੀ ਵੀਹ ਹਜ਼ਾਰ ਪੌਂਡ ਵਿੱਚ ਪਏਗੀ।"

"ਮਾਈਕ, ਛਪਵਾਉਣ ਤੇ ਵੀ ਪੈਸੇ ਲਗਣਗੇ?"

"ਹੋਰ ਕਿਤੇ ਨਹੀਂ! ...ਤੂੰ ਪਤਾ ਨਹੀਂ ਕੀਤਾ?"

"ਨਹੀਂ।"

"ਇਵੇਂ ਕਰ, ਇੰਟਰਨੈੱਟ 'ਤੇ ਜਾ ਕੇ ਸ਼ੌਪ-ਅਰਾਂਊਂਡ ਕਰ ਲੈ। ਨਵੇਂ ਬੰਦੇ ਦੇ ਨਾਵਲ ਨੂੰ ਕੋਈ ਹੱਥ ਨਹੀਂ ਪਾਉਂਦਾ। ਨਾਵਲ ਲਿਖਣਾ ਤਾਂ ਬਹੁਤ ਸੌਖਾ ਏ ਪਰ ਛਪਵਾਉਣਾ ਬਹੁਤ ਔਖਾ।"

"ਮੈਂ ਨਵਾਂ ਨਹੀਂ ਮਾਈਕ, ਪਿਛਲੇ ਚਾਲੀ ਸਾਲ ਤੋਂ ਲਿਖਦਾ ਆ ਰਿਹਾਂ।"

"ਕੁੰਡਨ, ਇਥੇ ਮੈਂ ਤੇਰੀ ਕੋਈ ਮੱਦਦ ਨਹੀਂ ਕਰ ਸਕਦਾ।"

ਮਾਈਕ ਨੇ ਆਖਿਆ ਤੇ ਕੁੰਦਨ ਗੁਆਚੇ ਹੋਏ ਬੱਚੇ ਵਾਂਗ ਉਸ ਵਲ ਦੇਖਣ ਲੱਗਾ। ਕੁੰਦਨ ਨੇ ਫਿਰ ਕਿਹਾ,

"ਮਾਈਕ, ਮੈਂ ਪੰਜਾਬੀ ਦਾ ਬਹੁਤ ਵੱਡਾ ਲੇਖਕ ਆਂ।

"ਉਹ ਫੌਰੇਨ ਲੇਂਗੂਏਜ ਏ, ਸਹੀ ਇਹ ਵੇ ਕਿ ਤੂੰ ਕਿਸੇ ਪਬਲਿਸ਼ਰ ਨਾਲ ਗੱਲ ਕਰ।"

ਮਾਈਕ ਐਲਨਬੀ ਦਾ ਉਸ ਨੂੰ 'ਫੌਰੇਨ ਲੈਂਗੂਏਜ' ਕਹਿਣਾ ਬਹੁਤ ਬੁਰਾ ਲੱਗਿਆ ਪਰ ਫਿਰ ਉਸ ਨੇ ਸੋਚਿਆ ਕਿ ਜਿਸ ਬੋਲੀ ਦਾ ਹੁਣ ਖਹਿੜਾ ਹੀ ਛੱਡ ਦਿਤਾ ਉਸ ਬਾਰੇ ਕਿਸੇ ਨਾਲ ਕੀ ਲੜਨਾਂ।

ਕੁੰਦਨ ਨੇ ਪਬਲਿਸ਼ਰ ਲੱਭਣ ਦੀ ਮੁਹਿੰਮ ਸੁਰੂ ਕਰ ਦਿਤੀ। ਕੁੰਦਨ ਨੂੰ ਇਸ ਬਾਰੇ ਕੁਝ ਕੁਝ ਪਤਾ ਸੀ ਕਿ ਇਹ ਬਹੁਤ ਮੁਸ਼ਕਲ ਕੰਮ ਹੈ। ਪਿੱਛੇ ਜਿਹੇ ਹੀ ਇਕ ਅਸਟਰੇਲੀਅਨ ਨਾਵਲਕਾਰ ਆਪਣਾ ਨਾਵਲ ਛਪਵਾਉਣ ਵਿੱਚ ਫੇਹਲ ਹੋ ਗਿਆ ਸੀ। ਉਸ ਨੇ ਇਸ ਗੱਲ ਦਾ ਰੋਸ ਕਰਨ ਲਈ ਹੈਲੀਕੈਪਟਰ ਵਿੱਚ ਚੜ੍ਹ ਕੇ ਹਵਾਈ-ਛਤਰੀ ਰਾਹੀਂ ਬਕਿੰਘਮ ਪੈਲੇਸ ਉਪਰ ਛਾਲ ਮਾਰ ਦਿਤੀ ਸੀ। ਇਸ ਨਾਲ ਉਸ ਨੇ ਲੋਕਾਂ ਦਾ ਧਿਆਨ ਤਾਂ ਖਿੱਚ ਲਿਆ ਪਰ ਉਸ ਦਾ ਨਾਵਲ ਫਿਰ ਵੀ ਨਾ ਛਪਿਆ। ਕੁੰਦਨ ਨੂੰ ਵੀ ਪ੍ਰਕਾਸ਼ਕ ਮਿਲਣਾ ਮੁਸ਼ਕਲ ਹੋ ਰਿਹਾ ਸੀ। ਇਕ ਦਿਨ ਜੋਗੇਂਦਰ ਨੇ ਪੁੱਛਿਆ,

"ਕਦੋਂ ਕੁ ਆ ਰਿਹੈ ਤੁਹਾਡਾ ਨਾਵਲ?"

"ਇਹ ਤਾਂ ਬਈ ਪੰਜਾਬੀ ਨਾਲੋਂ ਵੀ ਜ਼ਿਆਦਾ ਗੰਦ ਏ ਅੰਗਰੇਜ਼ੀ ਵਿੱਚ!"

"ਡਾਕਟਰ ਸਾਬ, ਅੰਗਰੇਜ਼ੀ ਵਿੱਚ ਤਾਂ ਕੋਈ ਪਬਲਿਸ਼ਰ ਪੈਸੇ ਲੈ ਕੇ ਵੀ ਛਾਪਣਾ ਮੰਨ ਲਵੇ ਇਹੋ ਵੱਡੀ ਗੱਲ ਐ।"

"ਭਾਊ, ਸੱਚ ਏ, ਮੇਰੇ ਵ੍ਰਲਡ-ਕਲਾਸ ਨਾਵਲ ਨੂੰ ਕੋਈ ਹੱਥ ਈ ਨਹੀਂ ਪਾ ਰਿਹਾ! ...ਮੈਂ ਪਬਲਿਸ਼ਿੰਗ ਬਾਰੇ ਬਹੁਤ ਖੋਜ ਕੀਤੀ ਏ, ਏਹਨਾਂ ਪਬਲਿਸ਼ਰਾਂ ਦੇ ਸਤਾਏ ਕਈ ਲੇਖਕ ਖੁਦ ਪਬਲਿਸ਼ਰ ਬਣ ਗਏ।"

"ਡਾਕਟਰ ਸਾਹਿਬ, ਇਹ ਤਾਂ ਉਹ ਗੱਲ ਹੋਈ ਕਿ ਖਜੂਰ ਤੋਂ ਡਿਗ ਕੇ ਛਾਪਿਆਂ ਵਿੱਚ ਫਸ ਗਏ!"

"ਨਹੀਂ ਓਏ, ਤੈਨੂੰ ਪਤਾ, ਜੇਠੂ ਬਹੁਤ ਢੀਠ ਬੰਦਾ ਏ! ਹਾਰ ਨਹੀਂ ਮੰਨਣ ਵਾਲਾ, ਹੁਣ ਨਾਵਲ ਲਿਖਿਆ ਤਾਂ ਏਹਨੂੰ ਛਪਵਾਉਣ ਲਈ ਮੈਂ ਬੁਰੇ ਦੇ ਘਰ ਤੀਕ ਜਾਵਾਂਗਾ!"

ਇਵੇਂ ਹੀ ਹੋਇਆ। ਉਸ ਨੇ ਨਾਵਲ ਆਪ ਛਾਪਣ ਦਾ ਫੈਸਲਾ ਕਰ ਲਿਆ। ਇਹ ਫੈਸਲਾ ਤਾਂ ਕਰ ਲਿਆ ਪਰ ਕੋਈ ਅਜਿਹਾ ਕਾਨੂੰਨ ਸੀ ਕਿ ਨਾਵਲ ਸਿਰਫ ਪਬਲਿਸ਼ਰ ਹੀ ਛਾਪ ਸਕਦੇ ਸਨ। ਉਸ ਨੇ 'ਜੂਨ ਪਬਲੀਕੇਸ਼ਨ' ਖੋਹਲ ਲਿਆ। 'ਜੂਨ' ਨਾਂ ਉਸ ਨੇ ਆਪਣੇ ਜਨਮ ਵਾਲੇ ਮਹੀਨੇ ਤੋਂ ਲਿਆ ਸੀ। ਇਸ ਨੂੰ ਰਜਿਸਟਰ ਕਰਵਾ ਕੇ ਪਬਲਿਸ਼ਰਜ਼ ਯੂਨੀਅਨ ਦਾ ਮੈਂਬਰ ਬਣ ਗਿਆ। ਫਿਰ ਜਾ ਕੇ ਪਰਿੰਟਰ ਤੋਂ ਨਾਵਲ ਛਪਵਾਇਆ। ਪਹਿਲੇ ਗੇੜ ਵਿੱਚ ਹਜ਼ਾਰ ਕਾਪੀ ਛਪਵਾਈ। ਦਸ ਹਜ਼ਾਰ ਪੌਂਡ ਖਰਚ ਆ ਗਿਆ। ਉਸ ਨੇ ਸਭ ਤੋਂ ਪਹਿਲਾਂ ਇਕ ਕਾਪੀ ਆਪਣੇ ਮੁੰਡੇ ਅਮਰਜੋਤ ਨੂੰ ਭੇਜੀ ਤੇ ਨਾਲ ਹੀ ਛੋਟੀ ਜਿਹੀ ਚਿੱਠੀ ਲਿਖੀ ਕਿ ਇਹ ਹੈ ਤੇਰੇ ਪਿਓ ਦੀ ਹਿੰਮਤ ਤੇ ਕੂਵਤ। ਅਮਰਜੋਤ ਨਾਲ ਉਸ ਦੀ ਹੁਣ ਬਹੁਤ ਘੱਟ ਮੁਲਾਕਾਤ ਹੁੰਦੀ ਸੀ। ਕਦੇ ਕਦੇ ਫੋਨ ਉਪਰ ਹੀ ਗੱਲ ਕਰਦੇ। ਫੋਨ ਉਪਰ ਹੀ ਕਈ ਵਾਰ ਲੜ ਪੈਂਦੇ।

ਨਾਵਲ ਛਪਵਾ ਕੇ ਸੋਚਣ ਲੱਗਿਆ ਕਿ ਇਸ ਦਾ ਕੀ ਕਰੇ। ਕੁਝ ਨਾਵਲ ਉਸ ਨੇ ਕਿਤਾਬਾਂ ਦੀਆਂ ਦੁਕਾਨਾਂ 'ਤੇ ਛੱਡਣੇ ਚਾਹੇ ਪਰ ਦੁਕਾਨਦਾਰ ਇਸ ਵਿੱਚ ਕੋਈ ਦਿਲਚਸਪੀ ਨਹੀਂ ਸੀ ਦਿਖਾ ਰਹੇ। ਵੱਡੀ ਬੁੱਕ ਸ਼ੌਪ ਫੋਆਇਲਜ਼ ਦੇ ਗਿਆ ਤਾਂ ਉਥੋਂ ਦਾ ਮੈਨੇਜਰ ਬੋਲਿਆ,

"ਅਸੀਂ ਵਾਧੂ ਕਿਤਾਬ ਰੱਖ ਕੇ ਜਗਾਹ ਨਹੀਂ ਖਰਾਬ ਕਰਨੀ ਚਾਹੁੰਦੇ, ਇਸ ਦੇ ਰੀਵਿਊ ਅਖਬਾਰਾਂ ਵਿੱਚ ਲੱਗਣ ਦਿਓ, ਲੋਕ ਮੰਗਣਗੇ ਤਾਂ ਅਸੀਂ ਪਬਲਿਸ਼ਰ ਤਕ ਪਹੁੰਚ ਕਰ ਲਵਾਂਗੇ।"

ਉਸ ਨੇ ਵੱਡੀਆਂ ਵੱਡੀਆਂ ਅਖ਼ਬਾਰਾਂ ਨੂੰ ਨਾਵਲ ਭੇਜਿਆ। ਕਿਸੇ ਨੇ ਕੋਈ ਰੀਵਿਊ ਨਾ ਲਾਇਆ। ਉਸ ਨੇ ਕਈ ਕਿਸਮ ਦੀਆਂ ਸੰਸਥਾਵਾਂ ਨਾਲ ਰਾਬਤਾ ਕਾਇਮ ਕੀਤਾ ਤਾਂ ਜੋ ਨਾਵਲ ਦੀ ਪ੍ਰੋਮੋਸ਼ਨ ਹੋ ਸਕੇ। ਕਿਸੇ ਪਾਸਿਓਂ ਕੋਈ ਖਾਸ ਹੁੰਘਾਰਾ ਨਾ ਮਿਲਿਆ। ਬਰਮੀਘੰਮ ਤੋਂ ਨਿਕਲਦੇ ਇਕ ਏਸ਼ੀਅਨ ਅਖ਼ਬਾਰ ਵਿੱਚ ਉਸ ਨੇ ਬਹੁਤ ਭੱਜ-ਦੌੜ ਨਾਲ ਇਕ ਰੀਵਿਊ ਲਗਵਾਇਆ। ਕਵੈਂਟਰੀ ਦੇ ਦੋਸਤਾਂ ਦੀ ਮੱਦਦ ਨਾਲ ਇਕ ਫੰਕਸ਼ਨ ਵੀ ਕਰਾਇਆ ਪਰ ਜਿਸ ਕਾਸੇ ਦੀ ਕੁੰਦਨ ਆਸ ਰੱਖ ਰਿਹਾ ਸੀ, ਵੈਸਾ ਕੁਝ ਵੀ ਨਾ ਹੋਇਆ। ਉਸ ਨੇ ਕੁਝ ਥਾਂਵੀ ਜਾ ਕੇ ਆਪ ਸਟਾਲ ਲਾ ਕੇ ਨਾਵਲ ਵੇਚਣ ਦੀ ਕੋਸ਼ਿਸ਼ ਵੀ ਕੀਤੀ। ਉਸ ਨੇ ਹਰ ਉਸ ਏਸ਼ੀਅਨ ਸੰਸਥਾ ਤਕ ਪਹੁੰਚ ਕੀਤੀ ਜਿਸ ਦਾ ਵਾਹ ਸਭਿਆਚਾਰ ਨਾਲ ਸੀ। ਸਾਲ ਭਰ ਉਹ ਕੋਸ਼ਿਸ਼ ਕਰਦਾ ਰਿਹਾ ਕਿ ਕਿਸੇ ਤਰ੍ਹਾਂ ਲੋਕ ਉਸ ਦਾ ਨਾਵਲ ਪੜ੍ਹਨ ਪਰ ਉਹ ਕਾਮਯਾਬ ਨਾ ਹੋਇਆ। ਵੁਲਵਰਹੈਂਪਟਨ ਵਿੱਚ ਇਕ ਡਰਾਮਾ ਕਲੱਬ ਦੇ ਮੈਂਬਰਾਂ ਨੂੰ ਜਾ ਕੇ ਵੀ ਮਿਲਿਆ। ਕਲੱਬ ਦਾ ਮੈਂਬਰ ਇਕ ਮੁੰਡਾ ਐਂਡੀ ਕਹਿਣ ਲੱਗਿਆ,

"ਅੰਕਲ, ਹੁਣ ਵੀਯੂਅਲ ਦਾ ਜ਼ਮਾਨਾ ਏ, ਤੁਸੀਂ ਨਾਵਲ ਲਿਖਣੇ ਛੱਡ ਕੇ ਫਿਲਮ ਬਣਾਉਣ ਬਾਰੇ ਸੋਚੋ। ...ਪਲੇਅ ਲਿਖੋ, ਫਿਲਮ-ਸਕ੍ਰਿਪਿਟ ਲਿਖੋ। ਸਾਨੂੰ ਕੋਈ ਪਲੇਅ ਲਿਖ ਕੇ ਦਿਓ, ਸ਼ਾਇਦ ਸਾਡੇ ਕੰਮ ਆ ਜਾਵੇ।"

ਐਂਡੀ ਦੀ ਗੱਲ ਉਸ ਲਈ ਅੰਨੇ ਹੱਥ ਡੰਗੋਰੀ ਫੜਾਉਣ ਵਾਂਗ ਸੀ। ਉਹ ਅਗਲੇ ਦਿਨ ਹੀ ਡਰਾਮਾ ਲਿਖਣ ਬੈਠ ਗਿਆ। ਕੁਝ ਦਿਨਾਂ ਬਾਅਦ ਹੀ ਐਂਡੀ ਨੂੰ ਆਪਣਾ ਡਰਾਮਾ ਈਮੇਲ ਕਰ ਦਿਤਾ। ਡਰਾਮਾ ਕਲੱਬ ਨੇ ਉਸ ਦਾ ਲਿਖਿਆ ਡਰਾਮਾ ਰੱਦ ਕਰ ਮਾਰਿਆ। ਉਸ ਨੇ ਦਸ ਡਰਾਮੇ ਹੋਰ ਲਿਖੇ ਪਰ ਦਸਾਂ ਦੇ ਦਸ ਹੀ ਰੱਦ ਹੋ ਗਏ। ਇਕ ਦਿਨ ਉਹ ਸ਼ਰਾਬ ਪੀ ਕੇ ਸਾਰੀ ਰਾਤ ਉਸ ਡਰਾਮਾ ਕਲੱਬ ਨੂੰ ਗਾਲ੍ਹਾਂ ਕੱਢਦਾ ਰਿਹਾ।

ਹੁਣ ਕੁੰਦਨ ਇਵੇਂ ਬਹਿ ਗਿਆ ਜਿਵੇਂ ਸੌ ਮੀਲ ਦੀ ਰੇਸ ਦੌੜ ਕੇ ਬੰਦਾ ਬਹਿੰਦਾ ਹੈ। ਪੂਰੀ ਤਰ੍ਹਾਂ ਥੱਕਿਆ-ਟੁੱਟਿਆ। ਹੁਣ ਉਹ ਅੰਗਰੇਜ਼ੀ ਵਾਲਿਆਂ ਨੂੰ ਵੀ ਗਾਲ੍ਹਾਂ ਦੇ ਰਿਹਾ ਸੀ। ਮੋਹਣੀ ਕੰਨਾਂ ਵਿੱਚ ਕੌੜਾ ਤੇਲ ਪਾ ਕੇ ਉਸ ਦੀਆਂ ਗੱਲਾਂ ਸੁਣਦੀ ਰਹਿੰਦੀ। ਇਕ ਦਿਨ ਉਸ ਨੂੰ ਐਂਡੀ ਮਿਲ ਪਿਆ। ਕੁੰਦਨ ਉਸ ਨਾਲ ਗੁੱਸੇ ਹੁੰਦਾ ਬੋਲਿਆ,

"ਯੰਗ ਮੈਨ, ਮੈਂ ਤੇਰੇ ਕਹਿਣ 'ਤੇ ਏਨੀ ਮਿਹਨਤ ਕੀਤੀ ਪਰ...?"

"ਮਿਸਟਰ ਕੁੰਦਨ, ਪਲੇਅ ਪਾਸ ਕਰਨ ਲਈ ਸਾਡੀ ਪੂਰੀ ਟੀਮ ਬਹਿੰਦੀ ਏ, ਹੋ ਸਕਦਾ ਏ ਕੋਈ ਤਕਨੀਕੀ ਨੁਕਸ ਹੋਣ, ਚੰਗਾ ਇਹ ਹੋਵੇਗਾ ਕਿ ਤੁਸੀਂ ਨਿੱਠ ਕੇ ਫਿਲਮਕਾਰੀ ਵਲ ਆ ਜਾਵੋ।"

ਐਂਡੀ ਨੇ ਆਪਣਾ ਪਿੱਛਾ ਛੁਡਵਾਉਣ ਲਈ ਆਖ ਦਿਤਾ।

ਇਹਨਾਂ ਦਿਨਾਂ ਵਿੱਚ ਉਸ ਲਈ ਇਕ ਚੰਗੀ ਖ਼ਬਰ ਆਈ। ਉਹ ਇਹ ਕਿ ਅਮਰਜੋਤ ਦੇ ਘਰ ਪੁੱਤਰ ਪੈਦਾ ਹੋਇਆ। ਉਸ ਨੂੰ ਪਤਾ ਤਾਂ ਸੀ ਕਿ ਸਰਬੀ ਗਰਭਵਤੀ ਹੈ ਪਰ ਬੇਬੀ ਆਉਣ ਦੀ ਤਾਰੀਕ ਦਾ ਅੰਦਾਜ਼ਾ ਨਹੀਂ ਸੀ। ਮੋਹਣੀ ਬੋਲੀ,

"ਕੁੰਦਨ ਜੀ, ਆਪਾਂ ਨੂੰ ਜਾਣਾ ਚਾਹੀਦਾ ਏ।"

ਉਹ ਸੋਚ ਹੀ ਰਿਹਾ ਸੀ ਕਿ ਅਮਰਜੋਤ ਦਾ ਫੋਨ ਆ ਗਿਆ। ਉਹ ਬੋਲਿਆ,

"ਡੈਡ, ਬੇਬੀ ਬਿਲਕੁਲ ਤੁਹਾਡੇ ਵਰਗਾ ਐ, ਹੁਣ ਇਹਦਾ ਨਾਂ ਤੁਸੀਂ ਹੀ ਰੱਖਣੈਂ।"

41-ਫਿਲਮ-ਲੇਖਕ

ਇਕ ਦਿਨ ਕੁੰਦਨ ਬਾਹਰ ਗਾਰਡਨ ਵਿੱਚ ਘੁੰਮਦਾ ਕੁਝ ਸੋਚਦਾ ਜਾ ਰਿਹਾ ਸੀ ਕਿ ਅਚਾਨਕ ਖੁਸ਼ ਹੋ ਗਿਆ ਜਿਵੇਂ ਕੋਈ ਨਵਾਂ ਗਿਆਨ ਹੋ ਗਿਆ ਹੋਏ। ਮੋਹਣੀ ਘਰ ਨਹੀਂ ਸੀ। ਉਸ ਨੇ ਜੋਗੇਂਦਰ ਨੂੰ ਫੋਨ ਕੀਤਾ,

"ਛੋਟੇ ਭਾਊ, ਮੇਰੀ ਮੰਜ਼ਿਲ ਫਿਲਮ ਕਾਰੀ ਏ, ਮੈਂ ਫਿਲਮਾਂ ਲਿਖਣ ਦੀ ਤਿਆਰੀ ਕਰ ਲਈ ਏ।"

ਕੁੰਦਨ ਬੱਚੇ ਵਾਂਗ ਚਾਮਲ ਕੇ ਗੱਲ ਕਰ ਰਿਹਾ ਸੀ। ਜੋਗੇਂਦਰ ਨੇ ਢਿੱਲੀ ਜਿਹੀ ਸੁਰ ਵਿੱਚ ਕਿਹਾ,

"ਬਹੁਤ ਖੂਬ!"

"ਮੈਂ ਸੋਚਦਾਂ ਕਿ ਆਪਾਂ ਇਕ ਟੀਮ ਬਣਾਈਏ, ਜਿਹਦੇ ਵਿੱਚ ਯੰਗ ਮੁੰਡੇ ਕੁੜੀਆਂ ਹੋਣ, ਕੁਝ ਡਾਕੂਮੈਂਟਰੀਜ਼ ਤਿਆਰ ਕਰੀਏ, ਏਹੋ ਜਿਹਾ ਕੁਝ ਹੋਰ ਵੀ। ਤੂੰ ਲੰਡਨ ਵਿੱਚ ਬੈਠਾ ਏਂ ਮਿਡਲਸੈਕਸ ਆਪਣੇ ਮੁੰਡੇ-ਕੁੜੀਆਂ ਨਾਲ ਭਰਿਆ ਪਿਆ ਏ, ਮੇਰੀ ਏਸ ਗੱਲ ਨੂੰ ਹੋਰ ਐਕਪਲੋਰ ਕਰ।"

ਜੋਗੇਂਦਰ ਉਸ ਵਿਦਿਆਰਥੀ ਵਾਂਗ ਹਾਂ-ਹਾਂ ਕਰਦਾ ਜਾ ਰਿਹਾ ਸੀ ਜਿਸ ਨੂੰ ਸਬਕ ਸਮਝ ਨਹੀਂ ਆਉਂਦਾ ਪਰ ਅਧਿਆਪਕ ਨੂੰ ਕੁਝ ਕਹਿ ਵੀ ਨਹੀਂ ਸਕਦਾ। ਇਕ ਦਿਨ ਕੁੰਦਨ ਦਾ ਫੋਨ ਆਇਆ। ਉਹ ਨੇ ਆਖਿਆ,

"ਮੈਂ ਤੈਨੂੰ ਦੋ ਨਾਟਕ ਈਮੇਲ ਕੀਤੇ ਨੇ। ਜ਼ਰਾ ਪੜ੍ਹ ਕੇ ਦੇਖ।"

ਦੋ ਕੁ ਘੰਟੇ ਬਾਅਦ ਉਸ ਨੇ ਜੋਗੇਂਦਰ ਨੂੰ ਫਿਰ ਫੋਨ ਕੀਤਾ,

"ਕਿਹੋ ਜਿਹੇ ਲਗੇ ਨਾਟਕ ਮੇਰੇ?"

"ਨਾਟਕ ਤੇ ਦੋਨੋਂ ਹੀ ਵਧੀਐ।"

ਇਸ ਤੋਂ ਘੱਟ ਕੁੰਦਨ ਆਪਣੀ ਰਚਨਾ ਬਾਰੇ ਕੁਝ ਸੁਣ ਹੀ ਨਹੀਂ ਸੀ ਸਕਦਾ। ਉਸ ਨੇ ਆਖਿਆ,

"ਮੈਨੂੰ ਵੀ ਪਤਾ ਕਿ ਬਹੁਤ ਵਧੀਆ ਪਰ ਤੂੰ ਏਹਨਾਂ ਨੂੰ ਖੇਡਣ ਦਾ ਇੰਤਜ਼ਾਮ ਕਰਾ ਕਿਸੇ ਤਰ੍ਹਾਂ।"

"ਕਿਸ ਤਰ੍ਹਾਂ ਕਰਾਵਾਂ? ਕੋਈ ਵਾਕਫੀ ਹੀ ਨਹੀਂ ਏਸ ਫੀਲਡ ਵਿੱਚ!"

"ਕੱਢ ਨਾ ਵਾਕਫੀ, ਏਡਾ ਵੱਡਾ ਲੰਡਨ ਏ, ਮੈਂ ਲੰਡਨ ਵਿੱਚ ਹੁੰਦਾ ਤਾਂ ਹੁਣ ਤਕ ਕੁਝ ਨਾ ਕੁਝ ਕਰ ਲਿਆ ਹੁੰਦਾ।"

"ਅਸਲ ਵਿੱਚ ਜਿਹੜੇ ਲੋਕ ਏਸ ਪਾਸੇ ਹੈਗੇ ਆ ਉਹ ਆਪਣੇ ਪਲੇਅ ਆਪ ਲਿਖਦੇ ਆ, ਨਵੀਂ ਜਨਰੇਸ਼ਨ ਹੋਰ ਤਰ੍ਹਾਂ ਸੋਚਦੀ ਐ, ਆਪਣੀ ਸੋਚ ਕੁਝ ਵੱਖਰੀ ਐ।"

ਜੋਗੇਂਦਰ ਨੇ ਗੱਲ ਗੋਲ਼ ਕਰ ਦਿਤੀ। ਉਹ ਕਹਿਣਾ ਤਾਂ ਇਹ ਚਾਹੁੰਦਾ ਸੀ ਕਿ ਉਹ ਦੇ ਲਿਖੇ ਨਾਟਕ ਪਹਿਲੀ ਪੀੜ੍ਹੀ ਦੇ ਲੋਕਾਂ ਦੀ ਸੋਚ ਨੂੰ ਸਕੂਨ ਦਿੰਦੇ ਹਨ, ਨਵੀਂ ਪੀੜ੍ਹੀ ਦੀ ਸੋਚ ਨੂੰ ਨਹੀਂ ਪਰ ਜੇ ਉਹ ਗੱਲ ਇਵੇਂ ਕਹਿ ਦਿੰਦਾ ਤਾਂ ਕੁੰਦਨ ਨੇ ਲੜ ਪੈਣਾ ਸੀ।

ਕੁਝ ਦਿਨਾਂ ਬਾਅਦ ਕੁੰਦਨ ਨੇ ਜੋਗੇਂਦਰ ਨੂੰ ਸੌ ਸਫੇ ਦੀ ਇਕ ਫਿਲਮ ਦੀ ਸਕ੍ਰਿਪਿਟ ਈਮੇਲ ਕਰ ਦਿਤੀ। ਉਸ ਨੇ ਸਾਰੀ ਸਕ੍ਰਿਪਿਟ ਪੜੀ; ਸ਼ਾਮੋ-ਕੀੜੂ। ਹੀਰ-ਰਾਂਝੇ, ਸੱਸੀ-ਪੰਨੂ ਵਰਗੀ ਕਹਾਣੀ ਸੀ। ਉਸ ਨੇ ਫੋਨ ਕਰਕੇ ਆਖਿਆ,

“ਡਾਕਟਰ ਸਾਹਿਬ, ਤੁਹਾਡੀ ਸਕ੍ਰਿਪਿਟ ਮਿਲ ਗਈ। ਮੈਂ ਤਾਂ ਹੈਰਾਨ ਆਂ ਕਿ ਤੁਸੀਂ ਏਨੀ ਜਲਦੀ ਕਿਵੇਂ ਲਿਖ ਲਈ!”

“ਓ ਯਾਰ ਨਹੀਂ, ਏਹਨੂੰ ਤਾਂ ਬਹੁਤ ਦੇਰ ਹੋ ਗਈ ਸ਼ੁਰੂ ਕੀਤੀ ਨੂੰ, ਮੈਂ ਤਾਂ ਸਰਪ੍ਰਾਈਜ਼ ਦੇਣਾ ਚਾਹੁੰਦਾ ਸੀ, ਕਿਵੇਂ ਲੱਗੀ?”

“ਮੈਨੂੰ ਇਹਦੇ ਬਾਰੇ ਬਹੁਤਾ ਨਹੀਂ ਪਤਾ ਏਸ ਲਈ ਬਹੁਤਾ ਕੁਝ ਨਹੀਂ ਕਹਿ ਸਕਦਾ।”

“ਗੀਤ ਦੇਖੇ ਮੇਰੇ, ਸਿਚੂਏਸ਼ਨ ਦੇ ਹਿਸਾਬ ਨਾਲ ਕਿਆ ਪਿਆਰੇ ਗੀਤ ਲਿਖੇ ਨੇ ਮੈਂ!”

“ਠੀਕ ਐ।”

“ਠੀਕ ਨਹੀਂ, ਬਿਊਟੀਫੁੱਲ ਨੇ, ਵੰਡਰਫੁੱਲ ਨੇ, ਜ਼ਰਾ ਧਿਆਨ ਨਾਲ ਪੜ੍ਹ! ਮੈਂ ਸਕ੍ਰਿਪਿਟ-ਰਾਈਟਿੰਗ ਦੀਆਂ ਕਈ ਕਿਤਾਬਾਂ ਪੜ੍ਹੀਆਂ ਫੇਰ ਜਾ ਕੇ ਕਿਤੇ ਇਹ ਸਕ੍ਰਿਪਿਟ ਲਿਖੀ ਏ, ਇਹ ਕੰਮ ਐਵੇਂ ਨਹੀਂ ਹੁੰਦੇ।”

“ਕਹਾਣੀ ਜ਼ਰਾ ਪੁਰਾਣੇ ਜ਼ਮਾਨੇ ਦੀ ਨਹੀਂ?”

“ਹੈਗੀ ਪਰ ਇਤਿਹਾਸਕ ਫਿਲਮਾਂ ਤਾਂ ਅੱਜ ਵੀ ਬਣ ਰਹੀਆਂ ਨੇ। ਹਾਂ, ਏਹਦੇ ਵਿੱਚ ਸੈੱਟ ਕੁਝ ਮਹਿੰਗੇ ਹੋ ਸਕਦੇ ਨੇ, ਜੇ ਕਿਤੇ ਕੀੜੂ ਵਾਲਾ ਰੋਲ ਕਰੇ ਸਨੀ ਦਿਓਲ ਤੇ ਸ਼ਾਮੋ ਵਾਲਾ ਕਰੇ ਕ੍ਰਿਸ਼ਮਾ ਕਪੂਰ ਤਾਂ ਮਜ਼ਾ ਆ ਜਾਵੇ!”

ਕੁੰਦਨ ਇਵੇਂ ਗੱਲ ਕਰ ਰਿਹਾ ਸੀ ਜਿਵੇਂ ਉਸ ਦੀ ਇਸ ਫਿਲਮੀ ਕਹਾਣੀ ਨੂੰ ਖਰੀਦਣ ਲਈ ਕੋਈ ਪ੍ਰਡਿਊਸਰ ਤਿਆਰ ਖੜਾ ਹੋਵੇ। ਜੋਗੇਂਦਰ ਵਲੋਂ ਮਿਲਦੇ ਠੰਡੇ ਹੁੰਘਾਰੇ ਨੂੰ ਦੇਖ ਕੁੰਦਨ ਨੇ ਮਨ ਹੀ ਮਨ ਕਿਹਾ, ‘ਸਾਲ਼ੇ ਬੈਹੜਿਆਂ ਦੇ ਪੱਲੇ ਕੁਝ ਹੋਵੇ ਤਾਂ ਗੱਲ ਸਮਝ ਲਗੇ।’

ਉਹ ਆਪਣੀ ਇਹ ਸਕ੍ਰਿਪਿਟ ਮੋਹਣੀ ਨੂੰ ਵੀ ਕਈ ਵਾਰ ਸੁਣਾ ਚੁੱਕਿਆ ਸੀ। ਮੋਹਣੀ ਨੇ ਤਾਂ ਹੁਣ ਸੌਖਾ ਤਰੀਕਾ ਲੱਭ ਲਿਆ ਸੀ। ਉਹ ਸਿਰ ਦੁਖਣ ਦਾ ਬਹਾਨਾ ਬਣਾ ਕੇ ਜਲਦੀ ਸੌਂ ਜਾਂਦੀ ਜਾਂ ਉਸ ਦੀਆਂ ਗੱਲਾਂ ਸੁਣਦੀ ਸੁਣਦੀ ਹੀ ਸੌਂ ਜਾਂਦੀ। ਇਵੇਂ ਉਸ ਦੀ ਇਕ-ਅੱਧੀ ਗਾਲ੍ਹ ਖਾ ਕੇ ਹੀ ਉਸ ਦਾ ਛੁੱਟਕਾਰਾ ਹੋ ਜਾਂਦਾ।

ਕੁੰਦਨ ਦਾ ਦਿਮਾਗ ਹੁਣ ਫਿਲਮਾਂ ਵਾਲੀ ਲੀਹੇ ਪੈ ਗਿਆ ਸੀ। ਕਿਸੇ ਨਾ ਕਿਸੇ ਤਰ੍ਹਾਂ ਉਸ ਦਾ ਮੁੰਬਈ ਦੀ ਫਿਲਮ ਸਨਅੱਤ ਨਾਲ ਵਾਹ ਜੁੜ ਜਾਵੇ। ਉਹ ਪਹਿਲਾਂ ਇਕ ਵਾਰ ਮੁੰਬਈ ਗਿਆ ਹੋਇਆ ਸੀ। ਪੰਜਾਬੀ ਦਾ ਇਕ ਲੇਖਕ ਕਰਨੈਲ ਉਥੇ ਰਹਿੰਦਾ ਸੀ। ਉਦੋਂ ਉਹ ਉਸ ਨੂੰ ਜਾ ਮਿਲਿਆ ਸੀ। ਉਸ ਰਾਹੀਂ ਉਹ ਕੁਝ ਕੁ ਫਿਲਮਕਾਰਾਂ ਨੂੰ ਵੀ ਮਿਲਿਆ ਸੀ ਪਰ ਬਾਅਦ ਵਿੱਚ ਉਹਨਾਂ ਨਾਲ ਉਸ ਨੇ ਕੋਈ ਰਾਬਤਾ ਨਹੀਂ ਸੀ ਰੱਖਿਆ। ਹੁਣ ਉਸ ਨੂੰ ਪਛਤਾਵਾ ਹੋ ਰਿਹਾ ਸੀ ਕਿ ਜੇ ਉਹਨਾਂ ਨਾਲ ਦੋਸਤੀ ਪਾਈ ਹੁੰਦੀ ਤਾਂ ਜਾ ਕੇ ਆਪਣੀ ਇਹ ਫਿਲਮ ਉਹਨਾਂ ਦੇ ਹੱਥ ਵਿੱਚ ਫੜਾ ਦਿੰਦਾ ਤੇ ਸਾਲ ਬਾਅਦ ਫਿਲਮ ਤਿਆਰ ਹੋ ਕੇ ਸਿਨਮਿਆਂ ਵਿੱਚ ਆ ਜਾਂਦੀ। ਉਸ ਦੇ ਮਨ ਵਿੱਚ ਹੋਰ ਵੀ ਬਹੁਤ ਸਾਰੀਆਂ ਫਿਲਮੀ ਕਹਾਣੀਆਂ ਚੱਲ ਰਹੀਆਂ ਸਨ। ਉਹ ਸੋਚਦਾ ਕਿ ਜਿਹੜੀ ਲਿਖੀ ਹੈ ਪਹਿਲਾਂ ਇਸ ਉਪਰ ਕੰਮ ਹੋਵੇ ਤਾਂ ਹੀ ਅਗਲੀ ਲਿਖੇ। ਸੋਚਦੇ ਸੋਚਦੇ ਉਸ ਨੇ ਇਕ ਦਿਨ ਆਪਣੇ ਪੁਰਾਣੇ ਦੋਸਤ ਰਾਜਾ ਰਾਮ ਨੂੰ ਫੋਨ ਕੀਤਾ। ਕਿਹਾ,

“ਯਾਰ ਕੋਈ ਅਜਿਹੇ ਬੰਦਾ ਦੱਸ ਜਿਹਦਾ ਫਿਲਮ ਇੰਡਟਰੀ ਨਾਲ ਵਾਹ ਹੋਵੇ।”

“ਆਪਣਾ ਦਿਲਬਾਗ ਦਿਲਬਰ। ਉਹਦਾ ਤਾਂ ਬੰਬੇ ਫਲੈਟ ਵੀ ਐ, ਜਾਂਦਾ ਰਹਿੰਦੈ, ਮੈਂ ਤਾਂ ਇਹਦੇ ਨਾਲ ਇਕ ਵਾਰ ਗਿਆ ਵੀ ਸੀ, ਪੂਰੀ ਅਯਾਸ਼ੀ ਕਰਾਈ ਬੰਦੇ ਨੇ।”

“ਅੱਛਾ! ਇਹ ਸਾਲ਼ਾ ਬੈਹੜਿਆਂ ਦਾ ਗਿੱਦੜ ਜਿਹਾ, ਏਨਾ ਤੇਜ਼!”

“ਇਹ ਲਿੰਕ ਬਣਾਉਣ ਵਿੱਚ ਬਹੁਤ ਵਾਧੂ ਐ।”

ਰਾਜਾ ਰਾਮ ਨੇ ਕਿਹਾ। ਦਿਲਬਾਗ ਦਿਲਬਰ ਕਵਿਤਾ ਲਿਖਦਾ ਸੀ, ਗਜ਼ਲ ਵੀ ਤੇ ਕਹਾਣੀ ਵੀ। ਕੁੰਦਨ ਨੂੰ ਉਹ ਕਦੇ ਵੀ ਚੰਗਾ ਨਹੀਂ ਸੀ ਲੱਗਦਾ ਪਰ ਹੁਣ ਮਸਲਾ ਫਿਲਮਾਂ ਨਾਲ ਜੁੜਨ ਦਾ ਸੀ, ਉਸ ਨੇ ਦਿਲਬਾਗ ਨੂੰ ਫੋਨ ਕਰਨ ਲਈ ਆਪਣੀ ਫੋਨ-ਬੁੱਕ ਚੁੱਕ ਲਈ। ਇਹ ਖੋਹਲੀ ਤਾਂ ਦੇਖਿਆ ਕਿ ਉਸ ਨੇ ਤਾਂ ਦਿਲਬਾਗ ਦੇ ਨੰਬਰ ਉਪਰ ਚਿੱਟੀ ਸ਼ਿਆਹੀ ਫੇਰੀ ਹੋਈ ਹੈ। ਉਸ ਨੇ ਫਿਰ ਰਾਜਾ ਰਾਮ ਨੂੰ ਫੋਨ ਕੀਤਾ ਤੇ ਦਿਲਬਾਗ ਦਾ ਨੰਬਰ ਲਿਆ। ਉਸ ਦੇ ਘਰ ਫੋਨ ਕੀਤਾ। ਉਸ ਦੀ ਪਤਨੀ ਨੇ ਚੁੱਕਿਆ। ਕੁੰਦਨ ਬੋਲਿਆ,

“ਭੈਣ ਜੀ, ਸਰਦਾਰ ਦਿਲਬਾਗ ਦਿਲਬਰ ਹੋਰਾਂ ਨੂੰ ਬੁਲਾ ਦਿਓ।”

“ਭਾਜੀ, ਉਹ ਤਾਂ ਸੁੱਤੇ ਪਏ ਆ।”

“ਸੁੱਤੇ ਪਏ ਨੇ! ਪਰ ਹਾਲੇ ਤਾਂ ਸੱਤ ਹੀ ਵੱਜੇ ਨੇ।”

“ਹਾਂ, ਉਹ ਸੱਤ ਕੁ ਵਜੇ ਖਾ ਪੀ ਕੇ ਸੌਂ ਜਾਂਦੇ ਆ।”

ਦਿਲਬਾਗ ਦੀ ਪਤਨੀ ਨੇ ਦੱਸਿਆ। ਕੁੰਦਨ ਮਨ ਹੀ ਮਨ ਉਸ ਨੂੰ ਗਾਲ੍ਹਾਂ ਦੇ ਰਿਹਾ ਸੀ। ਮੋਹਣੀ ਸਾਹਮਣੇ ਬੈਠੀ ਸਮਝਦੀ ਹੋਈ ਮਨ ਹੀ ਮਨ ਹੱਸ ਵੀ ਰਹੀ ਸੀ ਤੇ ਉਸ ਦੀਆਂ ਕਾਹਲੀਆਂ ਬਾਰੇ ਫਿਕਰ ਵੀ ਕਰ ਰਹੀ ਸੀ। ਕੁੰਦਨ ਨੂੰ ਯਾਦ ਆਇਆ ਕਿ ਮੁੰਬਈ ਵਿੱਚ ਇਕ ਫਿਲਮ

ਲੇਖਕ ਵੀ ਤਾਂ ਉਸ ਦਾ ਵਾਕਫ ਹੈ, ਅਮਰਜੀਤ ਮਾਨ। ਉਸ ਨੇ ਉਸ ਨੂੰ ਫੋਨ ਘੁਮਾ ਲਿਆ ਪਰ ਇਸ ਮਾਨ ਨੇ ਵੀ ਫੋਨ ਨਾ ਚੁੱਕਿਆ ਕਿਉਂਕਿ ਇੰਡੀਆ ਦੇ ਵਕਤ ਅਨੁਸਾਰ ਅੱਧੀ ਰਾਤ ਤੋਂ ਵੱਧ ਸਮਾਂ ਉਥੇ ਹੋ ਚੁੱਕਿਆ ਸੀ। ਕੁੰਦਨ ਨੇ ਬੜੀ ਮੁਸ਼ਕਲ ਨਾਲ ਰਾਤ ਕੱਢੀ। ਸਵੇਰੇ ਵੇਲੇ ਸਿਰ ਹੀ ਫਿਰ ਦਿਲਬਾਗ ਦਿਲਬਰ ਨੂੰ ਫੋਨ ਕਰ ਲਿਆ। ਇਸ ਵੇਲੇ ਉਹ ਸੈਰ ਕਰਨ ਗਿਆ ਹੋਇਆ ਸੀ। ਤੀਜੀ ਵਾਰ ਫੋਨ ਕਰਨ 'ਤੇ ਉਹ ਮਿਲਿਆ। ਕਈ ਸਾਲ ਪਹਿਲਾਂ ਕੁੰਦਨ ਦੀ ਦਿਲਬਾਗ ਨਾਲ ਇਸ ਗੱਲ ਤੋਂ ਝੜਪ ਹੋ ਗਈ ਸੀ ਕਿ ਉਸ ਨੇ ਕੁੰਦਨ ਨੂੰ ਡਾਕਟਰ ਸਾਹਿਬ ਕਹਿਣ ਤੋਂ ਇਨਕਾਰ ਕਰ ਦਿਤਾ ਸੀ। ਉਹ ਕੁੰਦਨ ਦਾ ਹਮ-ਉਮਰ ਹੀ ਸੀ ਇਸ ਲਈ ਉਹ ਕੁੰਦਨ ਜੀ ਵੀ ਨਹੀਂ ਸੀ ਕਹਿਣਾ ਚਾਹੁੰਦਾ ਤੇ ਕੁੰਦਨ ਨੂੰ ਅਜਿਹੇ ਲੋਕਾਂ ਨਾਲ ਸਖਤ ਨਫਰਤ ਸੀ। ਹੁਣ ਹਾਲਾਤ ਵੱਖਰੇ ਸਨ, ਕੁੰਦਨ ਨੂੰ ਉਸ ਦੀ ਲੋੜ ਸੀ। ਉਹ ਸੋਚ ਰਿਹਾ ਸੀ ਕਿ ਸ਼ਾਇਦ ਉਸ ਦੀ ਮੁਕਤੀ ਦੇ ਰਾਹ ਦਾ ਨਕਸ਼ਾ ਦਿਲਬਾਗ ਦਿਲਬਰ ਕੋਲ ਹੀ ਹੋਵੇ। ਦਿਲਬਾਗ ਫੋਨ ਉਪਰ ਆਇਆ ਤਾਂ ਕੁੰਦਨ ਬੋਲਿਆ,

"ਓ ਯਾਰ, ਤੈਨੂੰ ਲੱਭਦੇ ਦੀ ਮੇਰੀ ਜੁੱਤੀ ਵੀ ਘਸ ਗਈ! ਕਿਥੇ ਮਰ ਗਿਆਂ ਯਾਰ ਤੂੰ?"

"ਮੈਨੂੰ ਪਤਾ ਲੱਗ ਗਿਆ ਸੀ ਕਿ ਤੇਰਾ ਫੋਨ ਆਇਆ ਪਰ ਮੈਂ ਸੋਚਿਆ ਬਈ ਤੇਰੇ ਡਾਕਟਰੀ ਵਾਲਾ ਫਾਨਾ ਅੜਿਆ ਹੋਇਐ, ਜੇ ਨਿਕਲ ਗਿਆ ਹੋਇਆ ਤਾਂ ਤੂੰ ਆਪੇ ਦੁਬਾਰਾ ਫੋਨ ਕਰ ਲੈਣਾਂ!"

"ਗੋਲੀ ਮਾਰ ਯਾਰ ਡਾਕਟਰੀ ਨੂੰ, ਆਪਾਂ ਪੁਰਾਣੇ ਭਰਾ ਵਾਂ, ਇਕੱਠੇ ਤੁਰੇ ਹੋਏ ਆਂ, ਮੈਂ ਤਾਂ ਤੇਰੀ ਗਜ਼ਲ ਪੜੀ ਸੀ ਪਿੱਛੇ ਜਿਹੇ, ਬਸ ਉਦੋਂ ਦਾ ਈ ਤੈਨੂੰ ਫੋਨ ਕਰਨਾ ਚਾਹੁੰਦਾ ਸੀ ਪਰ ਮੇਰੇ ਕੋਲ ਨੰਬਰ ਹੈ ਨਾ ਸੀ।"

"ਅੱਛਾ! ਕਿਥੇ ਪੜ੍ਹੀ ਸੀ? ਮੈਂ ਤਾਂ ਕਾਫੀ ਦੇਰ ਹੋ ਗਈ ਕੋਈ ਲਿਖੀ ਨਹੀਂ।"

"ਮੈਂ ਏਥੇ ਈ ਕਿਤੇ ਪੜ੍ਹੀ ਸੀ, ਸਾਲ਼ਾ ਬੈਹੜਿਆਂ ਦਾ ਯਾਦ ਨਹੀਂ ਆ ਰਿਹਾ, ਤੂੰ ਸਾਡਾ ਪੁਖਤਾ ਗਜ਼ਲਗੋ ਐਂ, ਮੈਂ ਤਾਂ ਸਭ ਨੂੰ ਇਹੋ ਕਹਿੰਨਾ ਹੁੰਨਾ ਵਾਂ।"

"ਮੈਂ ਤੈਨੂੰ ਇਕ ਕਿਤਾਬ ਭੇਜੀ ਸੀ, ਓਹਦੇ ਉਪਰ ਤਾਂ ਤੂੰ ਦੋ ਲਫਜ਼ ਲਿਖ ਨਹੀਂ ਸਕਿਆ!"

"ਕਈ ਵਾਰ ਹੋ ਜਾਂਦਾ ਏ ਯਾਰ, ਬੰਦੇ ਨੂੰ ਪੰਜਾਹ ਪ੍ਰੋਬਲਮ ਹੁੰਦੀਆਂ, ਤੂੰ ਸੁਣਾ ਕੀ ਹਾਲ ਏ?"

ਕੁੰਦਨ ਸਮਝ ਗਿਆ ਕਿ ਇਸ ਬੰਦੇ ਨਾਲ ਇਕ ਦਮ ਗੱਲ ਨਹੀਂ ਕੀਤੀ ਜਾ ਸਕਦੀ। ਗੱਲ ਨੂੰ ਟੇਡ ਦੇਣ ਦੀ ਜ਼ਰੂਰਤ ਹੋਵੇਗੀ। ਕੁੰਦਨ ਨੇ ਫਿਰ ਕਿਹਾ,

"ਤੂੰ ਆ ਜਾ ਯਾਰ, ਕਿਸੇ ਵੇਲੇ, ਮੇਰੇ ਕੋਲ ਵਿਲਨਹਾਲ।"

ਦਿਲਬਾਗ ਦਿਲਬਰ ਇਕ ਗੱਲੋਂ ਤਾਂ ਖੁਸ਼ ਵੀ ਸੀ ਕਿ ਵੱਡੇ ਲੇਖਕ ਦਾ ਫੋਨ ਆਇਆ ਹੈ। ਕੁੰਦਨ ਵਲੋਂ ਉਸ ਨੂੰ ਘਰ ਆਉਣ ਦਾ ਸੱਦਾ ਦੇਣਾ ਚੰਗਾ ਲਗਿਆ। ਉਹ ਮਜ਼ਾਕ ਦੇ ਰੌਂਅ ਵਿਚ ਆਉਂਦਾ ਬੋਲਿਆ,

"ਮੈਂ ਤਾਂ ਵਿਹਲਾ ਈ ਆਂ ਪਰ ਤੇਰੀ ਕੁੰਦਨੀ ਮਾਈਂਡ ਤਾਂ ਨਾ ਕਰੂ?"

"ਓਹਦੀ ਸਾਲ਼ੀ ਬੈਹੜਿਆਂ ਦੀ ਏਨੀ ਹਿੰਮਤ! ...ਤੂੰ ਆ ਜਦ ਮਰਜ਼ੀ, ਤੇਰੇ ਭਾਊ ਦਾ ਘਰ ਏ, ਤੇਰਾ ਆਪਣਾ ਘਰ ਏ, ...ਜੇ ਤੂੰ ਨਹੀਂ ਤਾਂ ਦੱਸ ਮੈਂ ਆ ਜਾਨਾਂ। ...ਆਪਾਂ ਭਰਾ ਮਿਲੀਏ ਤਾਂ ਸਹੀ!"

ਕੁੰਦਨ ਨੂੰ ਜਾਪ ਰਿਹਾ ਸੀ ਕਿ ਦੋਸਤੀ ਪਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਨਹੀਂ ਹੋਣਾ। ਦਿਲਬਾਗ ਨੂੰ ਵੀ ਇਸ ਦੋਸਤੀ ਦੀ ਲੋੜ ਸੀ। ਕੁੰਦਨ ਦਾ ਕਿਸੇ ਬਾਰੇ ਲਿਖਿਆ ਇਕ ਸਫਾ ਮਾਹਿਨੇ ਰਖਾਉਂਦਾ ਸੀ। ਜਦੋਂ ਜੋਗਾ ਸਿੰਘ ਨੇ ਆਪਣੀ ਕਿਤਾਬ ਉਪਰ ਐਮ. ਫਿਲ. ਕਰਾਈ ਸੀ ਤਾਂ ਕੁੰਦਨ ਦੇ ਲਿਖੇ ਇਕ ਸਫੇ ਨੇ ਹੀ ਉਸ ਦੀ ਸਿਫਾਰਸ਼ ਕੀਤੀ ਸੀ। ਉਹ ਇਹ ਵੀ ਸੋਚਦਾ ਸੀ ਕਿ ਜੋਗੇਂਦਰ ਦੇ ਨਾਮੀ ਲੇਖਕ ਬਣ ਜਾਣ ਵਿੱਚ ਵੀ ਕੁੰਦਨ ਦਾ ਹੀ ਹੱਥ ਹੈ ਜਦ ਕਿ ਉਹ ਉਸ ਤੋਂ ਬਹੁਤ ਬਾਅਦ ਵਿੱਚ ਆਇਆ ਸੀ। ਹੁਣ ਜੇ ਕੁੰਦਨ ਨਾਲ ਦੋਸਤੀ ਪੈਂਦੀ ਹੈ ਤਾਂ ਉਹ ਉਸ ਦੇ ਕੰਮ ਆਵੇਗਾ। ਆਪਣੇ ਉਪਰ ਲਿਖਵਾਵੇਗਾ ਤੇ ਹੋਰਨਾਂ ਉਪਰ ਲਿਖਵਾ ਕੇ ਵੀ ਅਹਿਸਾਨ ਕਰ ਸਕਦਾ ਹੈ। ਉਹ ਅਗਲੇ ਹਫਤੇ ਹੀ ਕੁੰਦਨ ਨੂੰ ਮਿਲਣ ਵਿਲਨਹਾਲ ਚਲੇ ਗਿਆ। ਕੁੰਦਨ ਬਾਹਾਂ ਖੋਹਲ ਕੇ ਮਿਲਿਆ। ਮੋਹਣੀ ਨੂੰ ਵੀ ਬਾਹਾਂ ਖੋਹਲਣੀਆਂ ਪਈਆਂ। ਦਿਲਬਾਗ ਦਿਲਬਰ ਖੁਸ਼ ਸੀ। ਗੱਲਾਂ ਚੱਲੀਆਂ। ਕੁੰਦਨ ਨੇ ਕਿਹਾ,

"ਤੂੰ ਤੇ ਬੰਬਈ ਵਿੱਚ ਵੀ ਛਾਇਆ ਪਿਆ ਏਂ, ਅਮਰਜੀਤ ਮਾਨ ਇਕ ਵਾਰ ਮਿਲਿਆ ਸੀ ਦਸਦਾ ਸੀ ਕਿ ਤੂੰ ਜਾਂਦਾ ਰਹਿੰਨਾ ਏਂ।"

"ਮੇਰਾ ਫਲੈਟ ਆ ਓਥੇ, ਦੋਸਤ ਵੀ ਹੈਗੇ।"

"ਸਹੇਲੀਆਂ ਵੀ ਹੋਣਗੀਆਂ ਹੀ।"

ਕੁੰਦਨ ਨੇ ਸ਼ਰਾਰਤੀ ਆਵਾਜ਼ ਵਿੱਚ ਆਖਿਆ। ਦਿਲਬਾਗ ਨੇ ਮੋਹਣੀ ਵਲ ਦੇਖਿਆ ਤੇ ਕੁਝ ਕਹਿਣੋ ਝਿਜਕ ਗਿਆ। ਮੋਹਣੀ ਉਠ ਕੇ ਚਲੇ ਗਈ ਤਾਂ ਉਹ ਬੋਲਿਆ,

"ਬੰਬਈ ਤਾਂ ਸ਼ਹਿਰ ਹੀ ਸਹੇਲੀਆਂ ਦਾ ਐ ਕੁੰਦਨ ਭਾਈ, ਇਕ ਵਾਰ ਚੱਲ ਤਾਂ ਸਹੀ, ਦੇਖੀਂ ਐਸ਼ ਹੀ ਐਸ਼!"

"ਲੈ ਬਈ ਬੰਬਈ ਤਾਂ ਫੇਰ ਹੁਣ ਜਾਣਾ ਈ ਪਏਗਾ।"

ਆਖਦਾ ਹੋਇਆ ਉਹ ਉਠਿਆ ਤੇ ਡਰਾਅ ਵਿਚੋਂ ਇਕ ਫਾਈਲ ਚੁੱਕਦਾ ਬੋਲਿਆ,

"ਲੈ, ਤੈਨੂੰ ਕੁਝ ਦਿਖਾਵਾਂ! ...ਮੈਂ ਇਕ ਫਿਲਮ ਦੀ ਸਕ੍ਰਿਪਿਟ ਲਿਖੀ ਏ।"

"ਅੰਗਰੇਜ਼ੀ ਵਿੱਚ?"

"ਨਹੀਂ, ਪੰਜਾਬੀ ਵਿੱਚ ਹੀ।"

"ਮੈਂ ਤਾਂ ਸੁਣਿਆਂ ਸੀ ਕਿ ਤੂੰ ਸੌਂਹ ਖਾਧੀ ਆ ਬਈ ਪੰਜਾਬੀ ਵਿੱਚ ਨਹੀਂ ਲਿਖਣਾ।"

ਦਿਲਬਾਗ ਦਿਲਬਰ ਨੇ ਉਸ ਨੂੰ ਛੇੜਨ ਲਈ ਕਿਹਾ। ਉਸ ਨੂੰ ਚੇਤਾ ਸੀ ਕਿ ਜਦ ਉਹ ਕਿਹਾ ਕਰਦਾ ਸੀ ਕਿ ਇਹ ਨਾਵਲ ਲਿਖ ਕੇ ਉਸ ਨੇ ਸਲਮਨ ਰਸ਼ਦੀ ਨੂੰ ਰਗੜ ਕੇ ਰੱਖ ਦਿਤਾ ਹੈ। ਕੁੰਦਨ ਛਿੱਥਾ ਜਿਹਾ ਹੁੰਦਾ ਬੋਲਿਆ,

"ਭਾਊ, ਲਿਖਣ ਦਾ ਜਿਹੜਾ ਮਜ਼ਾ ਆਪਣੀ ਮਾਂ ਬੋਲੀ ਵਿੱਚ ਹੁੰਦਾ ਉਹ ਹੋਰ ਭਾਸ਼ਾ ਵਿੱਚ ਨਹੀਂ ਹੁੰਦਾ, ਅੰਗਰੇਜ਼ੀ ਵਿੱਚ ਲਿਖਣ ਦਾ ਤਾਂ ਮੈਂ ਐਕਸਪੈਰੀਮੈਂਟ ਹੀ ਕੀਤਾ ਸੀ।"

ਦਿਲਬਾਗ ਦਿਲਬਰ ਨੇ ਸਕ੍ਰਿਪਿਟ ਖੋਹਲਦਿਆਂ ਕਿਹਾ,

"ਨਾਂ ਬਹੁਤ ਪੁਰਾਣਾ ਰੱਖਿਆ; ਸ਼ਾਮੋ-ਕੀੜੂ! ਇਹ ਕੀ ਹੋਇਆ?"

"ਇਹ ਉਨੀ ਸੌ ਵੀਹ ਦੇ ਕਰੀਬ ਦੇ ਪੰਜਾਬ ਦੀ ਕਹਾਣੀ ਏ। ...ਹੈ ਵਾਕਫੀ ਕੋਈ ਕਿ ਏਹਨੂੰ ਕਿਸੇ ਨੂੰ ਦਿਖਾਈਏ।"

"ਏਨੀ ਕੁ ਵਾਕਫੀ ਤਾਂ ਹੈਗੀ ਪਰ ਅਗਲਾ ਏਹਦੇ 'ਤੇ ਕੋਈ ਕੰਮ ਕਰੂ ਜਾਂ ਨਹੀਂ ਏਹਦਾ ਨਹੀਂ ਪਤਾ।"

ਦਿਲਬਾਗ ਨੇ ਆਖਿਆ। ਉਹ ਉਸ ਨੂੰ ਬਹੁਤਾ ਬੇਹੌਸਲਾ ਵੀ ਨਹੀਂ ਸੀ ਕਰਨਾ ਚਾਹੁੰਦਾ, ਨਹੀਂ ਤਾਂ ਮੁੰਬਈ ਦਾ ਉਸ ਨੂੰ ਬਹੁਤ ਤਜਰਬਾ ਸੀ। ਵਧੀਆ ਤੋਂ ਵਧੀਆ ਲੇਖਕ ਮੁੰਬਈ ਦੀ ਖਾਕ ਛਾਣਦੇ ਫਿਰ ਰਹੇ ਸਨ। ਇਕ ਪਲ ਲਈ ਕੁੰਦਨ ਦੇ ਮਨ ਵਿੱਚ ਵੀ ਆਇਆ ਕਿ ਦਿਲਬਾਗ ਕਹਾਣੀਆਂ ਲਿਖਦਾ ਹੈ ਤੇ ਗਜ਼ਲ ਵੀ, ਇਸ ਨੇ ਵੀ ਤਾਂ ਫਿਲਮ ਇੰਡਸਟਰੀ ਵਿੱਚ ਜਾਣ ਬਾਰੇ ਸੋਚਿਆ ਹੀ ਹੋਵੇਗਾ। ਫਿਰ ਉਹ ਸੋਚਣ ਲੱਗਿਆ ਕਿ ਦਿਲਬਾਗ ਮੋਟੀ ਚਮੜੀ ਵਾਲਾ ਬੰਦਾ ਹੈ, ਏਨੀ ਡੂੰਘੀ ਸੋਚ ਉਸ ਦੇ ਮਨ ਵਿੱਚ ਸਹਿਜੇ ਨਹੀਂ ਆ ਸਕਣੀ। ਇਹ ਸੋਚ ਤਾਂ ਸਿਰਫ ਉਸ ਦੇ ਆਪਣੇ ਤੇਜ਼ ਦਿਮਾਗ ਵਿੱਚ ਹੀ ਆ ਸਕਦੀ ਹੈ।

ਦਿਲਬਾਗ ਦੇ ਵਿਲਨਹਾਲ ਆਉਣ ਤੋਂ ਬਾਅਦ ਉਹ ਇਕ ਵਾਰ ਦਿਲਬਾਗ ਦੇ ਘਰ ਵੀ ਗਿਆ। ਉਸ ਨਾਲ ਢੇਰ ਸਾਰੀਆਂ ਸਲਾਹਾਂ ਕਰਕੇ ਮੁੜਿਆ। ਅਨੇਕਾਂ ਸੁਫਨਿਆਂ ਨਾਲ ਉਸ ਦੀਆਂ ਅੱਖਾਂ ਚਮਕ ਰਹੀਆਂ ਸਨ। ਉਹ ਵਾਪਸ ਜਾ ਕੇ ਉਹ ਮੋਹਣੀ ਨੂੰ ਬੋਲਿਆ,

"ਜੇਠੂ ਚੱਲਿਆ ਜੇ ਬੰਬੇ, ਵੱਡੀਆਂ ਵੱਡੀਆਂ ਫਿਲਮਾਂ ਲਿਖਿਆਂ ਕਰਾਂਗਾ। ਦੇਖੀਂ, ਛਾ ਜਾਵਾਂਗਾ ਇਕ ਵਾਰ ਤਾਂ! ਫਿਲਮ ਦੀ ਨੰਬਰਿੰਗ ਵਿਚ ਮੇਰਾ ਨਾਂ ਆਵੇਗਾ! ...ਤੂੰ ਡਾਕਟਰ ਕੁੰਦਨ ਸਿੰਘ ਕੁੰਦਨ ਦੀ ਬੀਵੀ ਹੋਣ 'ਤੇ ਮਾਣ ਕਰੇਂਗੀ!"

42-ਮੁੰਬਈ

ਦਿਲਬਾਗ ਦਾ ਫਲੈਟ ਜਿਸ ਸੁਸਾਇਟੀ ਵਿੱਚ ਸੀ ਉਹ ਮੁੰਬਈ ਤੋਂ ਜ਼ਰਾ ਕੁ ਬਾਹਰ ਸੀ ਪਰ ਕੇਂਦਰੀ ਮੁੰਬਈ ਗੱਡੀ ਰਾਹੀ ਚਾਲੀ ਕੁ ਮਿੰਟ ਦੀ ਦੂਰ 'ਤੇ ਹੀ ਸੀ। ਕੁੰਦਨ ਨੇ ਉਸ ਦੇ ਫਲੈਟ ਵਿੱਚ ਡੇਰੇ ਲਾ ਲਏ। ਅਗਲੇ ਦਿਨ ਹੀ ਘੋਖਣਾ ਸ਼ੁਰੂ ਕਰ ਦਿਤਾ ਕਿ ਇਥੇ ਉਹ ਕੀ ਕਰ ਸਕਦਾ ਹੈ। ਮੁੰਬਈ ਵਿੱਚ ਪੰਜਾਬੀ ਦੇ ਕੁਝ ਲੇਖਕ ਸਨ, ਜਿਹੜੇ ਕੁੰਦਨ ਦੇ ਵੀ ਚੰਗੀ ਤਰ੍ਹਾਂ ਜਾਣੂ ਸਨ, ਉਹਨਾਂ ਦੀ ਮੱਦਦ ਵੀ ਲਈ ਜਾ ਸਕਦੀ ਹੈ। ਨਾਲ ਨਾਲ ਉਹ ਇਹ ਵੀ ਸਮਝਦਾ ਸੀ ਕਿ ਇਹਨਾਂ ਵਿੱਚੋਂ ਕੋਈ ਵੀ ਏਨੇ ਜੋਗਾ ਹੁੰਦਾ ਤਾਂ ਹੁਣ ਤਕ ਫਿਲਮੀ ਲੇਖਕ ਬਣ ਗਿਆ ਹੁੰਦਾ। ਉਸ ਨੇ ਆਪਣੇ ਨਵੇਂ ਰਾਹ ਆਪ ਲੱਭਣੇ ਸਨ। ਇਹਨਾਂ ਦੋਸਤਾਂ ਰਾਹੀਂ ਤਾਂ ਉਹਨਾਂ ਨੇ ਸਿਰਫ ਫਿਲਮ ਨਗਰੀ ਦੇ ਦਰ ਹੀ ਖੁਲ੍ਹਵਾਉਣੇ ਸਨ।

ਪਹਿਲਾ ਦਿਨ ਤਾਂ ਉਹਨਾਂ ਸ਼ਰਾਬ ਪੀ ਕੇ ਤੇ ਸੌਂ ਕੇ ਕੱਢਿਆ ਤੇ ਅਗਲੇ ਦਿਨ ਬੰਬਈ ਘੁੰਮਣ ਚਲੇ ਗਏ। ਸ਼ਾਮ ਤਕ ਦਿਲਬਾਗ ਨੇ ਆਪਣੇ ਦੋਸਤਾਂ ਰਾਹੀਂ ਅਗੇ ਸੁਨੇਹੇ ਭਿਜਵਾ ਦਿਤੇ ਸਨ ਤੇ ਦੋ ਔਰਤਾਂ ਉਹਨਾਂ ਨੂੰ ਮਿਲਣ ਆ ਗਈਆਂ। ਇਕ ਦਿਲਬਾਗ ਕੋਲ ਬੈਠ ਗਈ ਤੇ ਇਕ ਕੁੰਦਨ ਕੋਲ। ਕੁੰਦਨ ਕਾਫੀ ਬਾਅਦ ਔਰਤ ਦੇ ਏਨੇ ਨੇੜੇ ਹੋ ਕੇ ਬੈਠਾ ਸੀ। ਉਹ ਔਰਤ ਦਾ ਹੱਥ ਫੜਦਾ ਬੋਲਿਆ,

"ਤੁਮਾਰਾ ਨਾਮ ਕਿਆ ਹੈ?"

"ਆਸ਼ਾ।"

"ਆਇ ਲਵ ਯੂ ਆਸ਼ਾ!"

"ਪਹਿਲੇ ਹਜ਼ਾਰ ਰੁਪਏ ਨਿਕਾਲੋ।"

ਆਸ਼ਾ ਨੇ ਜ਼ਰਾ ਕੁ ਸਖਤ ਆਵਾਜ਼ ਵਿੱਚ ਕਿਹਾ। ਕੁੰਦਨ ਬੋਲਿਆ,

"ਆਸ਼ਾ ਡਾਰਲਿੰਗ, ਇਹ ਤਾਂ ਬਹੁਤ ਏ, ਪੰਜ ਸੌ ਵਿੱਚ ਕੰਮ ਚਲਾ।"

"ਸਰਦਾਰ, ਮੈਂ ਤੇਰੇ ਘਰ ਆਈ ਆਂ, ਏਸ ਕਰਕੇ ਪੈਸੇ ਵੀ ਜ਼ਿਆਦਾ ਹੋਣਗੇ।"

ਆਸ਼ਾ ਨੇ ਆਪਣੀ ਗੱਲ 'ਤੇ ਅੜਦਿਆਂ ਕਿਹਾ। ਕੁਝ ਏਧਰ ਓਧਰ ਕਰਕੇ ਉਹਨਾਂ ਦਾ ਸੌਦਾ ਹੋ ਗਿਆ।

ਜਦ ਆਸ਼ਾ ਜਾਣ ਲੱਗੀ ਤਾਂ ਉਹ ਬੋਲਿਆ,

"ਆਈ ਲਵ ਯੂ ਆਸ਼ਾ!"

ਆਸ਼ਾ ਜ਼ਰਾ ਕੁ ਮੁਸਕ੍ਰਾਈ ਤੇ ਚਲੇ ਗਈ। ਅਗਲੇ ਦਿਨ ਇਕ ਹੋਰ ਔਰਤ ਆ ਗਈ। ਇਹ ਮੀਨਾ ਸੀ। ਉਸੇ ਵਕਤ ਦਿਲਬਾਗ ਨੇ ਕਿਧਰੇ ਹੋਰ ਕੰਮ ਜਾਣਾ ਸੀ। ਕੁੰਦਨ ਨੂੰ ਮੀਨਾ ਨਾਲ ਖੁਲ੍ਹ ਕੇ ਗੱਲਾਂ ਕਰਨ ਦਾ ਮੌਕਾ ਮਿਲ ਗਿਆ। ਉਹ ਨੇ ਕਿਹਾ,

"ਮੀਨਾ, ਆਪਣੀ ਜੀਵਨ ਕਹਾਣੀ ਸੁਣਾ, ਮੈਂ ਲੇਖਕ ਆਂ, ਤੇਰੇ ਉਪਰ ਨਾਵਲ ਲਿਖਾਂਗਾ।"

"ਸਰਦਾਰ ਜੀ, ਮੇਰੀ ਕਹਾਣੀ ਕੀ ਹੋਣੀ ਏਂ, ਇਕ ਸਕੂਲ ਵਿੱਚ ਅਧਿਆਪਕਾ ਹਾਂ, ਪਤੀ ਮੇਰਾ ਕੁਝ ਸਾਲ ਹੋਏ ਛੱਡ ਕੇ ਚਲੇ ਗਿਆ। ਮੇਰੇ ਆਪਣਾ ਤਾਂ ਕੋਈ ਬੱਚਾ ਹੋਇਆ ਨਹੀਂ ਇਸ ਲਈ ਮੈਂ ਦੋ ਬੱਚੇ ਗੋਦ ਲਏ ਹੋਏ ਨੇ, ਬਸ ਗੁਜ਼ਾਰਾ ਕਰ ਰਹੀ ਹਾਂ।"

"ਮੀਨਾ, ਤੂੰ ਬਹੁਤ ਖੂਬਸੂਰਤ ਏਂ, ਮੈਨੂੰ ਤਾਂ ਤੇਰੇ ਨਾਲ ਪਿਆਰ ਹੋਈ ਜਾ ਰਿਹਾ ਏ, ਮੈਂ ਵੀ ਇਕੱਲਾ ਹੀ ਆਂ, ਬਿਮਾਰ ਬੀਵੀ ਏ, ਲਾਸ਼ ਜਿਹੀ। ਬਸ ਹੁਣ ਮੈਂ ਜਾਂਦਿਆਂ ਹੀ ਉਹਨੂੰ ਤਲਾਕ ਦੇ ਦੇਣਾਂ।"

"ਤੁਸੀਂ ਲੰਡਨ ਵਿੱਚ ਹੀ ਰਹਿੰਦੇ ਓ?"

"ਨਹੀਂ, ਨਜ਼ਦੀਕ ਹੀ ਇਕ ਹੋਰ ਸ਼ਹਿਰ ਏ, ਪਹਿਲਾਂ ਸਾਰੀ ਉਮਰ ਲੰਡਨ ਹੀ ਰਿਹਾਂ, ਮੇਰੇ ਨਾਲ ਚੱਲ, ਤੈਨੂੰ ਸਾਰਾ ਲੰਡਨ ਘੁਮਾ ਕੇ ਦਿਖਾਵਾਂਗਾ।"

"ਦੇਖੋ, ਭਗਵਾਨ ਕਦੇ ਮੌਕਾ ਬਣਾ ਦੇਵੇਗਾ।"

ਮੀਨਾ ਨੇ ਆਖਿਆ। ਗੱਲਾਂ ਕਰਦੇ ਉਹ ਇਕ ਦੂਜੇ ਦੇ ਨਜ਼ਦੀਕ ਆਉਣ ਲੱਗੇ। ਕੁੰਦਨ ਨੂੰ ਜਾਪ ਰਿਹਾ ਸੀ ਕਿ ਉਸ ਨੂੰ ਸੱਚ ਹੀ ਮੀਨਾ ਨਾਲ ਪਿਆਰ ਹੋ ਗਿਆ ਹੈ। ਉਹ ਬੋਲਿਆ,

"ਮੀਨਾ, ਮੈਂ ਚਾਹੁੰਨਾ ਕਿ ਜਿੰਨੇ ਦਿਨ ਮੈਂ ਇਥੇ ਹਾਂ, ਤੈਨੂੰ ਰੋਜ਼ ਮਿਲਾਂ।"

"ਤੁਸੀਂ ਮੇਰੇ ਘਰ ਆਓ ਨਾ, ਨਾਲ ਹੀ ਏ, ਪੰਦਰਾਂ ਮਿੰਟ ਤੁਰਨੇ 'ਤੇ, ਇਥੋਂ ਬਾਹਰ ਨਿਕਲ ਇਸੇ ਮੇਨ ਰੋਡ 'ਤੇ ਸਾਡੀ ਸੁਸਾਇਟੀ ਏ।"

"ਮੈਂ ਕੱਲ ਹੀ ਆ ਜਾਵਾਂਗਾ, ਕੱਲ ਨੂੰ ਮੈਂ ਆਪਣੇ ਫੋਨ ਲਈ ਸਿੱਮ ਵੀ ਲੈ ਲਵਾਂਗਾ ਤੇ ਤੈਨੂੰ ਆਪਣਾ ਨੰਬਰ ਵੀ ਦੇਵਾਂਗਾ।"

ਮੀਨਾ ਨੇ ਆਪਣਾ ਫੋਨ ਨੰਬਰ ਉਸ ਨੂੰ ਦੇ ਦਿਤਾ। ਜਾਣ ਲੱਗੀ ਮੀਨਾ ਨੂੰ ਉਸ ਨੇ ਪੈਸੇ ਦੇਣੇ ਚਾਹੇ ਤਾਂ ਉਹ ਬੋਲੀ,

"ਸਰਦਾਰ ਜੀ, ਮੈਂ ਅਜਿਹੀ ਨਹੀਂ ਹਾਂ, ਮੈਂ ਪੈਸੇ ਕਰਕੇ ਤੁਹਾਡੇ ਕੋਲ ਨਹੀਂ ਆਈ, ਮੈਂ ਤਾਂ ਆਪਣੇ ਲਈ ਕੋਈ ਆਈਡੀਅਲ ਜਿਹਾ ਆਦਮੀ ਭਾਲ ਰਹੀ ਆਂ।"

"ਮੀਨਾ, ਫੇਰ ਮੇਰੇ ਤੋਂ ਆਈਡੀਅਲ ਕੋਈ ਹੋਰ ਨਹੀਂ ਹੋ ਸਕਣਾ।"

ਮੀਨਾ ਚਲੇ ਗਈ। ਉਹ ਸੁਫਨਿਆਂ ਵਿੱਚ ਗਵਾਚ ਗਿਆ। ਕਿਥੇ ਬਿਮਾਰ ਮੋਹਣੀ ਤੇ ਕਿਥੇ ਤੰਦਰੁਸਤ ਤੇ ਖੂਬਸੂਰਤ ਮੀਨਾ! ਦਿਲਬਾਗ ਆਇਆ ਤਾਂ ਉਹ ਨੇ ਆਖਿਆ,

"ਲੈ ਬਈ ਭਾਊ, ਮੈਨੂੰ ਮੇਰੀ ਮੰਜ਼ਿਲ ਮਿਲ ਗਈ।"

"ਕਿਹੜੀ?"

"ਮੀਨਾ।"

"ਉਹ ਬਹੁਤ ਤੇਜ਼ ਔਰਤ ਐ!"

"ਮੈਨੂੰ ਤੇਜ਼ ਔਰਤ ਈ ਤਾਂ ਚਾਹੀਦੀ ਏ, ਕਿਉਂਕਿ ਮੈਂ ਆਪ ਬਹੁਤ ਤੇਜ਼ ਆਂ।"

ਉਸ ਦਾ ਰੁਖ਼ ਦੇਖ ਕੇ ਦਿਲਬਾਗ ਹੋਰ ਨਾ ਬੋਲਿਆ। ਕੁੰਦਨ ਨੂੰ ਮਹਿਸੂਸ ਹੋ ਰਿਹਾ ਸੀ ਕਿ ਹੁਣ ਆ ਕੇ ਉਸ ਨੂੰ ਆਪਣੇ ਬਰਾਬਰ ਦੀ ਔਰਤ ਮਿਲੀ ਹੈ। ਮੁੰਬਈ ਤੇਜ਼ ਸ਼ਹਿਰ ਤੇ ਮੁੰਬਈ ਦੀ ਤੇਜ਼ ਮੀਨਾ। ਉਸ ਦੇ ਬਰਾਬਰ ਭੱਜਣ ਵਾਲੀ। ਅਗਲੀ ਸਵੇਰ ਉਸ ਨੇ ਆਪਣੇ ਮੁਬਾਈਲ ਵਿੱਚ ਇੰਡੀਆ ਦਾ ਸਿੱਮ ਪੁਆਇਆ ਤੇ ਮੀਨਾ ਨੂੰ ਫੋਨ ਘੁਮਾ ਦਿਤਾ। ਮੀਨਾ ਘਰ ਹੀ ਸੀ। ਉਸ ਨੇ ਸੂਟ-ਬੂਟ ਪਾ ਕੇ ਪੂਰੀ ਤਿਆਰੀ ਖਿੱਚ ਲਈ ਪਰ ਪੱਗ ਨਾ ਬੰਨੀ। ਉਹ ਤੁਰਦਾ ਹੋਇਆ ਪੈਦਲ ਹੀ ਉਸ ਦੇ ਘਰ ਚਲੇ ਗਿਆ। ਘਰ ਵਿੱਚ ਉਸ ਦੇ ਦਸ ਕੁ ਸਾਲ ਦੇ ਮੁੰਡਾ ਤੇ ਕੁੜੀ ਸਨ। ਉਹਨਾਂ ਲਈ ਉਹ ਟੌਫੀਆਂ ਦੇ ਡੱਬੇ ਲੈ ਗਿਆ। ਮੀਨਾ ਉਸ ਨੂੰ ਮਿਲ ਕੇ ਬਹੁਤ ਖੁਸ਼ ਹੋਈ ਤੇ ਬੋਲੀ,

"ਕੁੰਦਨ ਜੀ, ਸਭ ਤੋਂ ਪਹਿਲਾਂ ਤਾਂ ਮੇਰੀ ਗੱਲ ਮੰਨੋਂ ਤੇ ਆਪਣੇ ਵਾਲ ਰੰਗ ਲਵੋ।"

ਕੁੰਦਨ ਨੂੰ ਖਿਆਲ ਆਇਆ ਕਿ ਕੁਝ ਸਾਲਾਂ ਤੋਂ ਉਸ ਨੇ ਵਾਲ ਰੰਗਣੇ ਛੱਡ ਦਿਤੇ ਹੋਏ ਸਨ। ਉਸ ਨੂੰ ਸੋਚਾਂ ਵਿੱਚ ਪਿਆਂ ਦੇਖ ਮੀਨਾ ਬੋਲੀ,

"ਤੁਸੀਂ ਫਿਕਰ ਨਾ ਕਰੋ, ਮੇਰੇ ਕੋਲ ਸਭ ਸਮਾਨ ਹੈ, ਮੈਂ ਆਪਣੇ ਹੱਥੀਂ ਤੁਹਾਨੂੰ ਜਵਾਨ ਬਣਾ ਦੇਵਾਂਗੀ, ਤੁਹਾਡੀ ਲੁੱਕ ਜਵਾਨ ਹੋਵੇਗੀ ਤਾਂ ਦਿਲ ਆਪਣੇ ਆਪ ਹੀ ਜਵਾਨ ਹੋ ਜਾਵੇਗਾ।"

ਮੀਨਾ ਨੇ ਵਾਲ ਰੰਗਣ ਵਾਲਾ ਸਮਾਨ ਤਿਆਰ ਕੀਤਾ ਤੇ ਉਸ ਨੂੰ ਕੁਰਸੀ ਤੇ ਬੈਠਾ ਕੇ ਉਸ ਦੀ ਦਾਹੜੀ ਤੇ ਸਿਰ ਦੇ ਵਾਲ ਕਾਲੇ ਕਰ ਦਿਤੇ। ਬਾਅਦ ਵਿੱਚ ਆਪਣੇ ਹੱਥੀਂ ਉਸ ਨੂੰ ਸ਼ਾਵਰ ਵੀ ਦੇ ਦਿਤਾ। ਕੁੰਦਨ ਨੂੰ ਲੱਗ ਰਿਹਾ ਸੀ ਜਿਵੇਂ ਉਹ ਕੋਈ ਸੁਫਨਾ ਦੇਖ ਰਿਹਾ ਹੋਵੇ। ਉਹ ਰਾਤ ਮੀਨਾ ਕੋਲ ਹੀ ਠਹਿਰ ਗਿਆ। ਅਗਲੇ ਦਿਨ ਸਵੇਰੇ ਉਸ ਨੇ ਉਸ ਦੇ ਦੋਨਾਂ ਬੱਚਿਆਂ ਲਈ ਕਪੜੇ ਖਰੀਦ ਕੇ ਦਿਤੇ ਤੇ ਮੀਨਾ ਦੇ ਕੰਨਾਂ ਲਈ

ਵਾਲ਼ੀਆਂ। ਮੀਨਾ ਦਾ ਵਾਹ ਕਿੰਨੇ ਬੰਦਿਆਂ ਨਾਲ ਪੈ ਚੁੱਕਿਆ ਸੀ, ਉਸ ਨੂੰ ਬੰਦਿਆਂ ਦੀਆਂ ਕਿਸਮਾਂ ਦਾ ਪਤਾ ਸੀ। ਕੁੰਦਨ ਦੀ ਕਿਸਮ ਪੱਛਾਣਨ ਵਿੱਚ ਉਸ ਨੂੰ ਦੇਰ ਨਾ ਲੱਗੀ। ਉਹ ਸਮਝ ਗਈ ਕਿ ਕੁੰਦਨ ਨੂੰ ਕਿਥੇ, ਕਿਹੜੀ ਛੋਹ ਚਾਹੀਦੀ ਹੈ। ਕੁੰਦਨ ਮਹਿਸੂਸ ਕਰ ਰਿਹਾ ਸੀ ਜਿਵੇਂ ਮੀਨਾ ਦੀ ਇਸ ਛੋਹ ਨਾਲ ਉਹ ਜੀਊਂ ਉਠਿਆ ਹੋਵੇ। ਮੋਹਣੀ ਵਿੱਚ ਤਾਂ ਇਹ ਕੁਝ ਕਦੇ ਹੈ ਹੀ ਨਹੀਂ ਸੀ। ਉਹ ਵਾਪਸ ਦਿਲਬਾਗ ਕੋਲ ਗਿਆ ਤਾਂ ਕਹਿਣ ਲੱਗਿਆ,

"ਭਾਊ, ਮੈਂ ਹੁਣ ਇਹ ਔਰਤ ਨਹੀਂ ਛੱਡਣੀ, ਤਾ-ਉਮਰ ਏਹਦੇ ਨਾਲ ਨਿਭਾਂਗਾ।"

"ਕੁੰਦਨ, ਤੂੰ ਓਹਦੇ ਚੱਕਰ ਵਿੱਚ ਫਸ ਰਿਹਾ ਐਂ!"

"ਨਹੀਂ, ਚੱਕਰ ਤਾਂ ਮੈਂ ਮੋਹਣੀ ਦੇ ਵਿੱਚ ਫਸਿਆ ਰਿਹਾਂ, ਮੈਂ ਆਪਣੇ ਆਪ ਉਪਰ ਹੈਰਾਨ ਆਂ ਕਿ ਏਨੇ ਸਾਲ ਸਾਲੀ ਬੈਹੜਿਆਂ ਦੀ ਨਾਲ ਕਿਵੇਂ ਕੱਢ ਲਏ! ...ਬਿਨਾਂ ਸੈਕਸ ਦੇ ਮੈਂ ਕਿਸੇ ਔਰਤ ਨਾਲ ਕਿਵੇਂ ਰਹਿ ਸਕਦਾ ਸੀ! ...ਮੀਨਾ ਨੂੰ ਮਿਲਣ ਤੋਂ ਬਾਅਦ ਮੈਂ ਆਪਣੇ ਆਪ ਨੂੰ ਕੋਸ ਰਿਹਾਂ।"

"ਕੁੰਦਨ, ਮੈਂ ਸਮਝਦਾਂ ਕਿ ਤੈਨੂੰ ਔਰਤ ਦੀ ਲੋੜ ਐ ਪਰ ਮੀਨਾ ਉਹ ਔਰਤ ਨਹੀਂ।"

"ਦਿਲਬਰਾ, ਤੂੰ ਆਪਣੀ ਰਾਏ ਆਪਣੇ ਕੋਲ ਰੱਖ, ਮੀਨਾ ਨੂੰ ਮੈਂ ਦੋ ਦਿਨ ਵਿੱਚ ਏਨਾ ਜਾਣ ਲਿਆ ਜਿੰਨਾ ਕੋਈ ਕਿਸੇ ਨੂੰ ਦੋ ਸਾਲ ਵਿੱਚ ਜਾਣ ਸਕਦਾ ਏ।"...

ਹੁਣ ਕੁੰਦਨ ਆਪਣੀ ਲਿਖੀ ਸਕ੍ਰਿਪਟ ਬਾਰੇ ਵੀ ਕੁਝ ਕਰਨਾ ਚਾਹੁੰਦਾ ਸੀ। ਉਹ ਦਿਲਬਾਗ ਨੂੰ ਨਾਲ ਲੈ ਕੇ ਅਮਰਜੀਤ ਮਾਨ ਨੂੰ ਮਿਲਣ ਚਲੇ ਗਿਆ। ਅਮਰਜੀਤ ਮਾਨ ਇਕ ਰੈਸਟੋਰੈਂਟ ਵਿੱਚ ਉਹਨਾਂ ਦੀ ਉਡੀਕ ਕਰ ਰਿਹਾ ਸੀ। ਦਿਲਬਾਗ ਮਾਨ ਨੂੰ ਬੋਲਿਆ,

"ਯਾਰ, ਕੁੰਦਨ ਫਿਲਮ-ਸਕ੍ਰਿਪਟ ਲਿਖੀ ਫਿਰਦੈ।"

"ਅੱਛਾ! ...ਡਾਕਟਰ ਸਾਹਿਬ ਸਾਡੇ ਵੱਡੇ ਲੇਖਕ ਨੇ, ਇਹਨਾਂ ਦੇ ਤਾਂ ਨਾਵਲਾਂ 'ਤੇ ਸੀਰੀਅਲ ਬਣਨੇ ਚਾਹੀਦੇ ਆ ਪਰ ਬਣਾਵੇ ਕੌਣ?"

"ਚੱਲ ਨਾਵਲ 'ਤੇ ਸੀਰੀਅਲ ਨਾ ਸਹੀ, ਮੇਰੀ ਸਕ੍ਰਿਪਟ 'ਤੇ ਫਿਲਮ ਈ ਬਣਾ ਦੇ।"

"ਡਾਕਟਰ ਸਾਹਿਬ, ਏਸ ਰੈਸਟੋਰੈਂਟ ਦੀ ਓਹ ਆਖਰੀ ਪਾਲ਼ ਵਿੱਚ ਜਿਹੜੇ ਵੀਹ-ਪੱਚੀ ਬੰਦੇ ਬੈਠੇ ਰੋਟੀ ਖਾ ਰਹੇ ਆ ਇਹ ਸਾਰੇ ਈ ਫਿਲਮਾਂ ਦੀਆਂ ਸਕ੍ਰਿਪਟਾਂ ਲਿਖੀ ਫਿਰਦੇ ਆ, ਇਕ ਨਹੀਂ ਕਈ ਕਈ, ਪਰ ਪ੍ਰੋਡਿਊਸਰ ਨਹੀਂ ਮਿਲ ਰਿਹਾ। ਮੈਂ ਵੀ ਵੀਹ ਸਾਲ ਇਸੇ ਪਾਲ਼ ਵਿੱਚ ਬੈਠਿਆਂ।"

ਅਮਰਜੀਤ ਮਾਨ ਦੀ ਗੱਲ ਨਾਲ ਜਿਵੇਂ ਕੁੰਦਨ ਦੀ ਬੈਟਰੀ ਬਹਿ ਗਈ ਹੋਵੇ ।...

ਇਕ ਦਿਨ ਉਸ ਨੂੰ ਇਕ ਬੰਦਾ ਮਿਲਿਆ ਸੁਰਜੀਤ ਗਰੇਵਾਲ। ਉਸ ਨੇ ਉਸ ਦੇ ਨਾਵਲ ਪੜ੍ਹੇ ਹੋਏ ਸਨ। ਉਸ ਨੇ ਕੁੰਦਨ ਨੂੰ ਆਖਿਆ,

"ਡਾਕਟਰ ਸਾਹਿਬ, ਮੈਂ ਕੋਸ਼ਿਸ਼ ਕਰਕੇ ਤੁਹਾਡੇ ਨਾਵਲ 'ਕੁਆਰੀਆਂ' ਉਪਰ ਸੀਰੀਅਲ ਬਣਵਾ ਸਕਦਾਂ ਪਰ ਪ੍ਰੋਡਿਊਸਰ ਤੁਸੀਂ ਆਪ ਬਣੋਂ।"

"ਮਤਲਬ ਪੈਸੇ ਮੈਂ ਖਰਚਾਂ?"

"ਪੈਸਿਆਂ ਲਈ ਤਾਂ ਸ਼ਾਇਦ ਕੋਈ ਫਿਨਾਂਸਰ ਮਿਲ ਜਾਏ।"

"ਅੱਛਾ, ਫਿਰ ਹੋਰ ਕੀ ਕਰਨਾ ਪਏਗਾ?"

"ਸਭ ਤੋਂ ਪਹਿਲਾਂ ਤਾਂ ਆਪਣੇ ਆਪ ਨੂੰ ਪ੍ਰੋਡਿਊਸਰ ਦੇ ਤੌਰ ਤੇ ਰਜਿਸਟਰ ਕਰਵਾਓ, ਤਿੰਨ ਕੁ ਹਜ਼ਾਰ ਲਗੇਗਾ, ਤੁਹਾਨੂੰ ਇਕ ਕਾਰਡ ਮਿਲ ਜਾਵੇਗਾ, ਉਸ ਤੋਂ ਬਾਅਦ ਅਗਲੀ ਗੱਲ ਦੇਖਦੇ ਹਾਂ, ...ਪੈਸੇ ਤਾਂ ਖਰਚ ਕਰਨੇ ਹੀ ਪੈਣਗੇ ਪਰ ਬਾਅਦ ਵਿੱਚ ਆਉਣ ਵੀ ਤਾਂ ਲੱਗ ਪੈਣੇ ਨੇ।"

ਸੁਰਜੀਤ ਗਰੇਵਾਲ ਨੇ ਕੁੰਦਨ ਨੂੰ ਸੁਫਨਾ ਦਿਖਾ ਦਿਤਾ। ਕੁੰਦਨ ਉਸ ਨਾਲ ਜਾ ਕੇ ਉਸੇ ਦਿਨ ਹੀ ਪ੍ਰੋਡਿਊਸਰ ਦੇ ਤੌਰ 'ਤੇ ਇਸ ਨਾਲ ਸਬੰਧਤ ਸੰਸਥਾ ਵਿੱਚ ਰਜਿਸਟਰ ਹੋ ਗਿਆ। ਦਿਲਬਾਗ ਨੇ ਉਸ ਨੂੰ ਚੇਤਾਵਨੀ ਦਿੰਦਿਆਂ ਕਿਹਾ,

"ਕੁੰਦਨ ਭਾਈ, ਇਹ ਗਰੇਵਾਲ ਬਹੁਤ ਚਾਲੂ ਆਦਮੀ ਐ, ਤੈਨੂੰ ਵੇਚ ਕੇ ਖਾ ਜਾਊ।"

"ਮੈਂ ਵੀ ਘੱਟ ਚਾਲੂ ਨਹੀਂ, ਮੈਂ ਸਿਰਫ ਤਿੰਨ ਹਜ਼ਾਰ ਖਰਚਿਆ ਏ, ਹੁਣ ਇਕ ਪੈਨੀ ਨਹੀਂ ਖਰਚਣ ਲੱਗਿਆ, ਤੂੰ ਫਿਕਰ ਨਾ ਕਰ!"

ਸੁਰਜੀਤ ਗਰੇਵਾਲ ਦੇ ਵਤੀਰੇ ਤੋਂ ਉਸ ਨੇ ਦੇਖ ਲਿਆ ਕਿ ਉਹ ਉਸ ਤੋਂ ਪੈਸੇ ਖਾਣ ਦੇ ਚੱਕਰ ਵਿੱਚ ਸੀ। ਗਰੇਵਾਲ ਤੋਂ ਬਾਅਦ ਉਹ ਕੁਝ ਹੋਰ ਲੋਕਾਂ ਨੂੰ ਵੀ ਮਿਲਿਆ, ਹਰ ਕੋਈ ਹੀ ਪੈਸੇ ਦੀ ਮੰਗ ਕਰਦਾ ਸੀ। ਕੁੰਦਨ ਸਮਝ ਗਿਆ ਕਿ ਇਹ ਕੰਮ ਏਨਾ ਸੌਖਾ ਨਹੀਂ। ਉਸ ਨੇ ਆਪਣਾ ਸਾਰਾ ਧਿਆਨ ਮੀਨਾ ਵੱਲ ਤੇ ਮੁੰਬਈ ਦੇ ਮੁਜਰਿਆਂ ਵਲ ਦੇਣਾ ਸ਼ੁਰੂ ਕਰ ਦਿਤਾ। ਉਹ ਤਿੰਨ ਹਫਤੇ ਮੁੰਬਈ ਵਿੱਚ ਰਿਹਾ ਤੇ ਵਾਪਸ ਆ ਗਿਆ।

ਵਾਪਸ ਆ ਕੇ ਉਸ ਕੋਲ ਦੋਸਤਾਂ ਨੂੰ ਸੁਣਾਉਣ ਲਈ ਮੀਨਾ ਵਾਲੀ ਕਹਾਣੀ ਹੈ ਹੀ ਸੀ। ਸਭ ਤੋਂ ਪਹਿਲਾਂ ਉਸ ਨੇ ਮੋਹਣੀ ਨੂੰ ਹੀ ਸੁਣਾਈ, ਬੋਲਿਆ,

"ਜਿਸ ਚੀਜ਼ ਤੋਂ ਤੂੰ ਮੈਨੂੰ ਏਨੇ ਸਾਲਾਂ ਤੋਂ ਵਿਰਵਾ ਰੱਖਿਆ ਹੋਇਆ ਏ, ਮੀਨਾ ਨੇ ਮੈਨੂੰ ਦਿਨਾਂ ਵਿੱਚ ਹੀ ਉਸ ਨਾਲ ਮਾਲਾ ਮਾਲ ਕਰ ਦਿਤਾ ਏ। ਉਹ ਅਸਲੀ ਤੇ ਜਿਉਂਦੀ ਜਾਗਦੀ ਔਰਤ ਏ ਤੇ ਤੂੰ ਇਕ ਦੇਹ, ਉਹ ਵੀ ਮੁਰਦਾ!"

"ਤੁਹਾਨੂੰ ਕਿਸੇ ਦਾ ਮਨ ਨਹੀਂ ਚਾਹੀਦਾ ਸਿਰਫ ਤਨ ਚਾਹੀਦਾ ਏ ਪਰ ਜਿਸ ਦਿਨ ਤੁਸੀਂ ਮੇਰੀਆਂ ਮਿੰਨਤਾਂ ਕਰ ਰਹੇ ਸੀ ਕਿ ਮੈਂ ਤੁਹਾਡੇ ਨਾਲ ਮੁੜ ਆ ਰਹਾਂ, ਉਸ ਦਿਨ ਇਹ ਗੱਲ ਨਹੀਂ ਸੀ ਸੋਚੀ?"

"ਉਸ ਵੇਲੇ ਜੇਠੂ ਬਿਮਾਰ ਸੀ, ਜੇਠੂ ਦਾ ਜ਼ਿਹਨ ਵੀ ਬਿਮਾਰ ਹੋ ਗਿਆ ਸੀ, ਪੂਰੀ ਤਰ੍ਹਾਂ ਸੋਚ ਨਹੀਂ ਸੀ ਸਕਦਾ।"

"ਉਸ ਦਿਨ ਮੈਂ ਤੁਹਾਡੇ ਨਾਲ ਇਹ ਸਾਰੀਆਂ ਗੱਲਾਂ ਕੀਤੀਆਂ ਤਾਂ ਸਨ, ਮੈਂ ਆਪਣੀ ਬਿਮਾਰੀ ਬਾਰੇ ਦੱਸਿਆ ਤਾਂ ਸੀ, ਉਸ ਦਿਨ ਤੁਸੀਂ ਕਹਿ ਰਹੇ ਸੀ ਕਿ ਮੈਨੂੰ ਸਿਰਫ ਸਾਥ ਚਾਹੀਦਾ ਏ!"

"ਹਾਂ, ਮੈਂ ਕਿਹਾ ਨਾ ਕਿ ਉਦੋਂ ਮੈਂ ਬਿਮਾਰ ਸਾਂ ਤੇ ਹੁਣ ਮੈਂ ਤੰਦਰੁਸਤ ਮਰਦ ਆਂ, ਤੰਦੁਰਸਤ ਸੋਚ ਦਾ ਮਾਲਕ।"

"ਖੂਹ ਵਿੱਚ ਪਵੇ ਤੁਹਾਡੀ ਅਜਿਹੀ ਸੋਚ!"

ਮੋਹਣੀ ਨੇ ਗੁੱਸੇ ਵਿੱਚ ਪੈਰ ਜ਼ਮੀਨ 'ਤੇ ਮਾਰਦਿਆਂ ਆਖਿਆ। ਕੁੰਦਨ ਬੋਲਿਆ,

"ਮੈਂ ਹੁਣ ਮੀਨਾ ਨੂੰ ਇਥੇ ਇਸ ਘਰ ਵਿੱਚ ਲਿਆਵਾਂਗਾ।"

"ਕੁੰਦਨ ਜੀ, ਇਹ ਡਰੀਮ ਦੇਖਣੇ ਛੱਡ ਦੇਵੋ, ਇਹ ਘਰ ਮੇਰਾ ਵੀ ਓਨਾ ਈ ਏ, ਉਥੇ ਜਾ ਕੇ ਜਿਹੜੀ ਖੇਹ ਖਾਣੀ ਏ ਖਾਈ ਜਾਵੋ, ਮੇਰੇ 'ਤੇ ਕੋਈ ਅਸਰ ਨਹੀਂ, ਇਥੇ ਕਿਸੇ ਨੂੰ ਲਿਆਂਦਾ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ ਹੋਣ ਲੱਗਿਆ।"

ਮੋਹਣੀ ਨੇ ਉੱਚੀ ਸੁਰ ਵਿੱਚ ਕਿਹਾ। ਉਸ ਸੋਚ ਰਹੀ ਸੀ ਕਿ ਉਹ ਜ਼ੂਰੂਰਤ ਤੋਂ ਜ਼ਿਆਦਾ ਹੀ ਕੁੰਦਨ ਨੂੰ ਝੱਲਦੀ ਆ ਰਹੀ ਹੈ ਪਰ ਕਿੰਨੀ ਕੁ ਦੇਰ ਤਕ ਝੱਲ ਸਕੇਗੀ। ਉਸ ਨੂੰ ਇਕ ਵਾਰ ਫਿਰ ਅਲਿਹਦਗੀ ਸਾਫ ਦਿਸ ਰਹੀ ਸੀ। ਉਹ ਉਸ ਦਿਨ ਨੂੰ ਪਛਤਾ ਰਹੀ ਸੀ ਜਦ ਉਸ ਨੇ ਕੁੰਦਨ ਦੇ ਮਗਰ ਲੱਗ ਕੇ ਆਪਣਾ ਫਲੈਟ ਵੇਚ ਦਿਤਾ ਸੀ ਤੇ ਕੁੰਦਨ ਨੇ ਫਲੈਟ ਦੇ ਪੈਸੇ ਘਰ ਵਿੱਚ ਵਰਤ ਲਏ ਸਨ। ਜੇ ਉਸ ਕੋਲ ਅੱਜ ਆਪਣਾ ਫਲੈਟ ਹੁੰਦਾ ਤਾਂ ਉਸ ਵਿੱਚ ਜਾ ਕੇ ਰਹਿ ਸਕਦੀ ਸੀ। ਹੁਣ ਤਾਂ ਉਸ ਕੋਲ ਜਾਣ ਲਈ ਕੋਈ ਜਾਗਹ ਵੀ ਨਹੀਂ ਸੀ। ਦੋ ਕੁ ਦਿਨ ਉਹਨਾਂ ਦੀ ਲੜਾਈ ਚੱਲੀ ਪਰ ਫਿਰ ਠੰਡੀ ਪੈ ਗਈ। ਉਹਨਾਂ ਦੀ ਸੁਲਾਹ ਹੋਣ ਲੱਗੀ। ਮੀਨਾ ਨੇ ਮੋਹਣੀ ਲਈ ਕੁਝ ਚੀਜ਼ਾਂ ਭੇਜੀਆਂ ਸਨ, ਜਿਹਨਾਂ ਵਿੱਚ ਚੂੜੀਆਂ ਤੇ ਇਤਰ-ਫਿਲੇਲ ਬਗੈਰਾ ਸਨ। ਕੁੰਦਨ ਲਈ ਕ੍ਰਿਸ਼ਨ-ਰਾਧਾ ਦੀ ਨਿੱਕੀ ਜਿਹੀ ਮੂਰਤੀ ਸੀ ਜਿਸ ਨੂੰ ਕੁੰਦਨ ਨੇ ਆਪਣੇ ਕਪੜਿਆਂ ਵਾਲੀ ਅਲਮਾਰੀ ਵਿੱਚ ਸਜਾ ਲਿਆ।

ਮੀਨਾ ਵਾਲੀ ਸਾਰੀ ਕਹਾਣੀ ਉਸ ਜੋਗੇਂਦਰ ਨੂੰ ਵੀ ਸੁਣਾਈ ਤੇ ਪਾਇਲ ਨੂੰ ਵੀ। ਪਾਇਲ ਨੂੰ ਕਹਾਣੀ ਸੁਣਾ ਕੇ ਉਹ ਨੇ ਆਖਿਆ,

"ਮੇਰਾ ਤਾਂ ਹੁਣ ਦਿਲ ਕਰਦਾ ਏ ਕਿ ਮੋਹਣੀ ਨੂੰ ਘਰੋਂ ਕੱਢ ਦੇਵਾਂ ਤੇ ਮੀਨਾ ਨੂੰ ਲੈ ਆਵਾਂ।"

"ਨਹੀਂ ਡੈਡ, ਕੋਈ ਮੀਨਾ-ਵੀਨਾ ਨਹੀਂ ਲਿਆਉਣੀ, ਹਾਂ ਏਹਨੂੰ ਕੱਢੋ ਕਿਸੇ ਤਰ੍ਹਾਂ।"

ਪਾਇਲ ਦੀ ਗੱਲ ਜਿਵੇਂ ਉਸ ਨੂੰ ਸੁਣੀ ਹੀ ਨਹੀਂ ਸੀ। ਉਸ ਨੇ ਆਪਣੀ ਸੋਚ ਦਾ ਸਭ ਤੋਂ ਵੱਡਾ ਮੁੱਦਾ ਮੋਹਣੀ ਤੋਂ ਪਿੱਛਾ ਛੁਡਵਾਉਣਾ ਬਣਾ ਲਿਆ। ਉਹ ਹਰ ਵੇਲੇ ਇਸ ਦੇ ਰਾਹ ਲੱਭਦਾ ਰਹਿੰਦਾ। ਉਸ ਨੇ ਵਕੀਲ ਨਾਲ ਮਿਲ ਕੇ ਸਲਾਹ ਵੀ ਕੀਤੀ। ਮੋਹਣੀ ਦਾ ਘਰ ਵਿੱਚ ਅੱਧ ਬਣਦਾ ਹੀ ਸੀ। ਇਕ ਦਿਨ ਉਹ ਨੇ ਮੋਹਣੀ ਨੂੰ ਆਖਿਆ,

"ਦਿੱਲੀ ਵਾਲਾ ਘਰ ਤਾਂ ਤੇਰਾ ਹੈ ਈ, ਏਸ ਲਈ ਹੁਣ ਇਥੇ ਤੂੰ ਆਪਣਾ ਟਿਕਾਣਾ ਲੱਭ ਲੈ।"

"ਮਜ਼ਾਕ ਕਰਦੇ ਪਏ ਓ ਕੁੰਦਨ ਜੀ? ...ਜਦੋਂ ਮੈਂ ਆਈ ਸਾਂ ਤਾਂ ਸਭ ਕੁਝ ਅਸੀਂ ਇਕੱਠਾ ਕਰ ਲਿਆ ਸੀ, ਸੋ ਮੇਰਾ ਏਹਦੇ ਵਿੱਚ ਵੀ ਅੱਧ ਏ ਤੇ ਓਹਦੇ ਵਿੱਚ ਵੀ, ਵੈਸੇ ਉਹ ਤਾਂ ਲਿਆ ਹੀ ਮੇਰਾ ਹੋਇਆ ਏ।"

ਮੋਹਣੀ ਨੇ ਗੱਲ ਸਾਫ ਕਰ ਦਿਤੀ। ਕੁੰਦਨ ਸਮਝ ਗਿਆ ਕਿ ਉਹ ਅੱਧ ਲਏ ਬਿਨਾਂ ਨਹੀਂ ਜਾਣ ਲੱਗੀ ਪਰ ਉਸ ਨੂੰ ਇਹ ਵੀ ਪਤਾ ਸੀ ਕਿ ਮੋਹਣੀ ਡਰਾਕਲ ਜਿਹੀ ਸੀ, ਸ਼ਾਇਦ ਡਰ ਵੀ ਜਾਵੇ ਤੇ ਉਹ ਉਸ ਨੂੰ ਕੁਝ ਵੀ ਨਾ ਦੇਵੇ। ਸਭ ਤੋਂ ਪਹਿਲਾਂ ਉਸ ਨੇ ਬੈਂਕਾਂ ਵਿੱਚ ਪਿਆ ਆਪਣਾ ਨਕਦ ਪੈਸਾ ਇਕ ਪਾਸੇ ਕੀਤਾ ਤਾਂ ਜੋ ਮੋਹਣੀ ਇਸ ਉਪਰ ਕਿਸੇ ਕਿਸਮ ਦਾ ਹੱਕ ਨਾ ਜਮਾਂ ਸਕੇ। ਜਿਹੜਾ ਉਸ ਦਾ ਹਾਦਸਾ ਹੋਇਆ ਸੀ ਉਸ ਦਾ ਮਿਲਿਆ ਪੰਦਰਾਂ ਹਜ਼ਾਰ ਲੰਡਨ ਦੀ ਹੈਲੀਫੈਕਸ ਬੈਂਕ ਵਿੱਚ ਪਿਆ ਸੀ। ਉਹ ਵੀ ਉਸ ਨੇ ਜਾ ਕੇ ਕਢਵਾ ਲਿਆ। ਹੁਣ ਉਹ ਆਪਣੇ ਆਪ ਨੂੰ ਕੁਝ ਸੁਰੱਖਿਅਤ ਸਮਝ ਰਿਹਾ ਸੀ।

ਉਹ ਮੀਨਾ ਨੂੰ ਤਕਰੀਬਨ ਹਰ ਰੋਜ਼ ਹੀ ਫੋਨ ਕਰਦਾ ਤੇ ਗੱਲ ਕਰਦਿਆਂ ਉਸ ਵਿੱਚ ਇਕ ਨਵੀਂ ਰੂਹ ਫੂਕੀ ਜਾਂਦੀ। ਮੋਹਣੀ ਹੋਰ ਵੀ ਬੁਰੀ ਦਿੱਸਣ ਲੱਗਦੀ। ਇਕ ਸ਼ਾਮ ਉਸ ਨੇ ਦੋ ਕੁ ਹਾੜੇ ਪੀ ਕੇ ਮੋਹਣੀ ਨੂੰ ਕਿਹਾ,

"ਦੇਖ ਬਿਮਾਰ ਔਰਤ, ਮੇਰੀ ਗੱਲ ਧਿਆਨ ਨਾਲ ਸੁਣ, ਮੈਂ ਮੀਨਾ ਨੂੰ ਸੱਦ ਰਿਹਾਂ।"

"ਇਹ ਨਹੀਂ ਹੋ ਸਕਣਾਂ।"

"ਕਿਉਂ ਨਹੀਂ ਹੋ ਸਕਣਾਂ, ਜਦ ਤੇਰਾ ਮੇਰਾ ਕੋਈ ਵਾਹ ਹੀ ਨਹੀਂ ਤਾਂ ਤੈਨੂੰ ਕਾਹਦਾ ਇਤਰਾਜ਼।"

"ਤੁਸੀਂ ਬਾਹਰ ਜਿਹੜੀ ਖੇਹ ਖਾਣੀ ਏਂ ਖਾਈ ਜਾਓ ਪਰ ਏਸ ਘਰ ਵਿੱਚ ਨਹੀਂ, ਏਹ ਘਰ ਮੇਰਾ ਵੀ ਓਨਾ ਹੀ ਏ ਜਿੰਨਾ ਤੁਹਾਡਾ। ਕਿਸੇ ਹੋਰ ਨੂੰ ਏਸ ਘਰ ਵਿੱਚ ਵਾੜ ਕੇ ਦਿਖਾਓ ਇਕ ਵਾਰ!"

ਗੱਲ ਕਰਦਿਆਂ ਮੋਹਣੀ ਨੇ ਵਾਕਾਂ ‘ਤੇ ਹੱਥ ਰੱਖ ਲਏ ਸਨ ਕਿ ਉਹ ਹਰ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਕਰਨ ਲਈ ਤਿਆਰ ਸੀ। ਜੇਠੂ ਤੋਂ ਮੋਹਣੀ ਦੇ ਇਹ ਤੇਬਰ ਸਹੇ ਨਾ ਗਏ। ਉਸ ਦਾ ਗੁੱਸਾ ਸਤਵੇਂ ਅਸਮਾਨ ‘ਤੇ ਜਾ ਚੜ੍ਹਿਆ। ਉਹ ਉਠਿਆ ਤੇ ਮੋਹਣੀ ਦਾ ਹੱਥ ਫੜ ਖਿੱਚਦਾ ਉਸ ਨੂੰ ਦਰਵਾਜ਼ੇ ਤਕ ਲੈ ਗਿਆ ਤੇ ਧੱਕਾ ਮਾਰ ਕੇ ਘਰੋਂ ਬਾਹਰ ਸੁੱਟਦਾ ਹੋਇਆ ਬੋਲਿਆ,

“ਆਈ ਵੱਡੀ ਮਾਲਕਣ ਘਰ ਦੀ! ...ਹਰਾਮਜ਼ਾਦੀਏ! ਨਿਕਲ ਮੇਰੇ ਘਰੋਂ!”

43-ਮੀਨਾ

ਮੋਹਣੀ ਨੂੰ ਘਰੋਂ ਕੱਢ ਕੇ ਕੁੰਦਨ ਨੂੰ ਜਿਵੇਂ ਨਵਾਂ ਜੀਵਨ ਮਿਲ ਗਿਆ ਹੋਵੇ। ਉਹ ਸਵੇਰੇ ਛਾਲ ਮਾਰ ਕੇ ਉਠਦਾ, ਘਰ ਦੇ ਸਾਰੇ ਕੰਮ ਕਰਦਾ, ਦੋ ਕੁ ਘੰਟੇ ਪੜ੍ਹਨ ਵਿੱਚ ਗੁਜ਼ਾਰਦਾ, ਫਿਰ ਸ਼ਹਿਰ ਦਾ ਗੇੜਾ ਮਾਰਦਾ। ਆ ਕੇ ਟੈਲੀ ਲਾ ਲੈਂਦਾ, ਕੁਝ ਸਮਾਂ ਕੰਪਿਊਟਰ ‘ਤੇ ਗੁਜਾਰਦਾ ਤੇ ਰਾਤ ਨੂੰ ਦਾਰੂ ਪੀ ਕੇ ਸੌਂ ਜਾਂਦਾ। ਦਾਰੂ ਪੀਣ ਲਈ ਹਾਲੇ ਵੀ ਉਸ ਨੇ ਪਾਈਏ ਵਾਲਾ ‘ਭਾਂਡਾ’ ਰੱਖਿਆ ਹੋਇਆ ਸੀ। ਰੋਟੀ ਖਾਂਦਾ ਖਾਂਦਾ ਪਾਈਏ ਤੋਂ ਉਪਰ ਇਕ ਗਲਾਸੀ ਮਿਣ ਕੇ ਹੋਰ ਪਾ ਲੈਂਦਾ।

ਮੋਹਣੀ ਦੇ ਘਰੋਂ ਕੱਢੇ ਜਾਣ ਦੀ ਖ਼ਬਰ ਲੇਖਕ ਭਾਈਚਾਰੇ ਤਕ ਜਲਦੀ ਹੀ ਪੁੱਜਦੀ ਹੋ ਗਈ। ਕੁੰਦਨ ਮੁਤਾਬਕ ਉਹ ਆਪ ਗਈ ਹੈ, ਕੱਢੇ ਜਾਣ ਦਾ ਉਹ ਡਰਾਮਾ ਰਚ ਰਹੀ ਹੈ ਕਿਉਂਕਿ ਉਸ ਨੇ ਕੌਂਸਲ ਦਾ ਫਲੈਟ ਲੈਣਾ ਹੈ। ਬਹੁਤੇ ਲੇਖਕਾਂ ਦੀ ਮੋਹਣੀ ਨਾਲ ਹਮਦਰਦੀ ਸੀ ਪਰ ਕੁੰਦਨ ਨੂੰ ਕੋਈ ਕੁਝ ਨਹੀਂ ਸੀ ਕਹਿੰਦਾ। ਕਿਸੇ ਦੀ ਵਿਆਹੁਤਾ ਜ਼ਿੰਦਗੀ ਵਿੱਚ ਦਖਲ ਦੇਣ ਤੋਂ ਸਾਰੇ ਹੀ ਡਰਦੇ ਹਨ। ਮੋਹਣੀ ਦੇ ਘਰੋਂ ਕੱਢੇ ਜਾਣ ਕਾਰਨ ਪਾਇਲ ਸਭ ਤੋਂ ਵੱਧ ਖੁਸ਼ ਸੀ ਪਰ ਪਾਇਲ ਨਾਲ ਦੀ ਨਾਲ ਮੀਨਾ ਦੇ ਨਾਂ ਤੋਂ ਵੀ ਖਿੱਝ ਰਹੀ ਸੀ। ਉਹ ਕੁੰਦਨ ਨੂੰ ਸਖਤ ਲਫਜ਼ਾਂ ਵਿੱਚ ਆਖਦੀ ਕਿ ਉਹ ਇੰਗਲੈਂਡ ਨਹੀਂ ਆਉਣੀ ਚਾਹੀਦੀ। ਕੁੰਦਨ ਦੀ ਅਮਰਜੋਤ ਨਾਲ ਤਾਂ ਬਹੁਤੀ ਗੱਲ ਹੈ ਹੀ ਨਹੀਂ ਸੀ ਇਸ ਲਈ ਉਹ ਉਸ ਦੀ ਕਿਸੇ ਗੱਲ ਵਿੱਚ ਨਾ ਦਖਲ ਦਿੰਦਾ ਤੇ ਨਾ ਹੀ ਬਹੁਤਾ ਸੋਚਦਾ।

ਕੁੰਦਨ ਨੇ ਪੰਦਰਾਂ ਹਜ਼ਾਰ ਪੌਂਡ ਜੇਬ੍ਹ ਵਿੱਚ ਪਾਇਆ ਤੇ ਇੰਡੀਆ ਲਈ ਚੜ੍ਹ ਗਿਆ। ਉਹ ਦਿੱਲੀ ਉਤਰਿਆ। ਜਦ ਕੁੰਦਨ-ਮੋਹਣੀ ਦੀ ਸੁਲਾਹ ਹੋਈ ਸੀ ਤਾਂ ਦਿੱਲੀ ਵਾਲੇ ਫਲੈਟ ਵਿੱਚ ਮੋਹਣੀ ਦਾ ਇਕ ਦੂਰ ਦਾ ਰਿਸ਼ਤੇਦਾਰ ਰਹਿਣ ਲੱਗਾ ਸੀ। ਕੁੰਦਨ ਨੇ ਗੁੰਡਾ ਕਿਸਮ ਦੇ ਕੁਝ ਲੋਕ ਇਕੱਠੇ ਕੀਤੇ ਤੇ ਆਪਣੇ ਫਲੈਟ ਵਿੱਚ ਚਲੇ ਗਿਆ। ਫਲੈਟ ਦਾ ਦਰਵਾਜ਼ਾ ਇਕ ਜਵਾਨ ਜਿਹੇ ਮੁੰਡੇ ਨੇ ਖੋਹਲਿਆ ਜੋ ਕਿ ਉਸ ਨੂੰ ਪੱਛਾਣਦਾ ਸੀ। ਜੇਠੂ ਰੋਅਬਦਾਰ ਅਵਾਜ਼ ਵਿੱਚ ਬੋਲਿਆ,

“ਮੈਂ ਫਲੈਟ ਦਾ ਕਬਜ਼ਾ ਲੈਣ ਆਇਆਂ, ਚਾਬੀ ਮੇਰੇ ਹੱਥ ਵਿਚ ਫੜਾ, ਆਪਣਾ ਸਮਾਨ ਚੁੱਕ ਤੇ ਭੱਜ ਜਾ।”

ਏਨੇ ਬੰਦੇ ਦੇਖ ਕੇ ਉਹ ਮੁੰਡਾ ਡਰ ਗਿਆ ਤੇ ਚਾਬੀ ਦੇ ਕੇ ਚਲੇ ਗਿਆ। ਕੁੰਦਨ ਨੇ ਉਸੇ ਵਕਤ ਫਲੈਟ ਉਪਰ ਕਬਜ਼ਾ ਕਰ ਲਿਆ। ਜੰਦਰੇ ਬਦਲ ਦਿਤੇ। ਉਸ ਮੁੰਡੇ ਦਾ ਥੋੜਾ ਜਿਹਾ ਸਮਾਨ ਇਕ ਪਾਸੇ ਰੱਖ ਦਿਤਾ। ਯੂਨੀਵਰਸਟੀ ਪੜ੍ਹਾਉਂਦੇ ਇਕ ਨੌਜਵਾਨ ਪ੍ਰੋਫੈਸਰ ਨੂੰ ਫਲੈਟ ਕਿਰਾਏ ‘ਤੇ ਦੇ ਦਿਤਾ। ਕੁੰਦਨ ਨੇ ਆਪਣਾ ਪਹਿਲਾ ਮੋਰਚਾ ਫਹਿਤ ਕਰ ਲਿਆ।

ਉਥੋਂ ਉਹ ਮੁੰਬਈ ਲਈ ਚੱਲ ਪਿਆ। ਮੁੰਬਈ ਉਹ ਮੀਨਾ ਕੋਲ ਠਹਿਰਨ ਦੀ ਵਜਾਏ ਹੋਟਲ ਵਿੱਚ ਠਹਿਰਿਆ। ਉਸ ਨੇ ਇਕ ਏਜੰਟ ਨਾਲ ਇਕ ਫਲੈਟ ਖਰੀਦਣ ਦੀ ਗੱਲ ਕਰ ਰੱਖੀ ਸੀ। ਉਹ ਸਿੱਧਾ ਏਜੰਟ ਨੂੰ ਮਿਲਿਆ ਤੇ ਨਵੀਂ ਬਣੀ ਇਕ ਸੁਸਾਇਟੀ ਵਿੱਚ ਉਸ ਨੂੰ ਤੀਜੀ ਮੰਜ਼ਿਲ ‘ਤੇ ਦਸ ਲੱਖ ਰੁਪਏ ਵਿੱਚ ਫਲੈਟ ਮਿਲ ਗਿਆ। ਇਹ ਪੈਸੇ ਉਸ ਨੇ ਮੋਹਣੀ ਤੋਂ ਬਚਾ ਕੇ ਰੱਖੇ ਸਨ ਤੇ ਇਥੇ ਪਰਦੇ ਨਾਲ ਖਰਚ ਕੇ ਉਹ ਕਾਨੂੰਨ ਦੀ ਅੱਖ ਤੋਂ ਬਚਾਉਣੇ ਚਾਹੁੰਦਾ ਸੀ। ਫਲੈਟ ਲੈ ਕੇ ਹੀ ਉਹ ਮੀਨਾ ਵੱਲ ਗਿਆ। ਪਿਛਲੇ ਦਿਨਾਂ ਵਿੱਚ ਮੀਨਾ ਨੂੰ ਉਹ ਲਗਾਤਾਰ ਖਰਚ ਭੇਜਦਾ ਰਿਹਾ ਸੀ। ਮੀਨਾ ਤੇ ਉਸ ਦੇ ਦੋਵੇਂ ਬੱਚੇ ਹੀ ਉਸ ਨੂੰ ਦੇਖ ਕੇ ਬਹੁਤ ਖੁਸ਼ ਹੋਏ। ਹੁਣ ਕੁੰਦਨ ਰਹਿੰਦਾ ਆਪਣੇ ਫਲੈਟ ਵਿੱਚ ਹੀ ਸੀ ਪਰ ਬਹੁਤਾ ਸਮਾਂ ਮੀਨਾ ਨਾਲ ਹੀ ਗੁਜ਼ਾਰਦਾ ਸੀ। ਉਹ ਚਾਹੁੰਦਾ ਸੀ ਕਿ ਮੀਨਾ ਨਾਲ ਇਕ ਦੂਰੀ ਵੀ ਬਣੀ ਰਹੇ। ਮੀਨਾ ਵਾਲਾ ਬੁਖਾਰ ਪਹਿਲਾਂ ਨਾਲੋਂ ਹੁਣ ਕੁਝ ਘਟ ਗਿਆ ਸੀ।

ਮੀਨਾ ਰਾਹੀਂ ਹੀ ਕੁੰਦਨ ਦੀ ਰਮਨ ਭਾਈ ਨਾਲ ਵਾਕਫੀ ਹੋ ਗਈ ਸੀ। ਰਮਨ ਭਾਈ ਦਾ ਫਲੈਟ ਵੀ ਕੁੰਦਨ ਦੇ ਫਲੈਟ ਦੇ ਨਜ਼ਦੀਕ ਹੀ ਸੀ। ਰਮਨ ਭਾਈ ਨਾਲ ਕੁੰਦਨ ਦੀ ਦੋਸਤੀ ਵਧਣ ਲੱਗੀ। ਇਕ ਦਿਨ ਰਮਨ ਭਾਈ ਨੇ ਆਖਿਆ,

“ਸਰਦਾਰ ਜੀ, ਕਭੀ ਯੰਗ ਲੜਕੀ ਚਾਹੀਏ ਤੋ ਮੁਝੇ ਬਤਾਨਾ, ਮੀਨਾ ਸੇ ਵੀ ਬਹੁਤ ਯੰਗ ਔਰ ਖੂਬਸੂਰਤ।”

“ਨਹੀਂ ਰਮਨ ਭਾਈ, ਮੀਨਾ ਸੇ ਪਿਆਰ ਹੋ ਗਿਆ ਹੈ, ਔਰ ਕਿਆ ਕਰੇਂਗੇ, ਵੋਹ ਮੁਝੇ ਖੁਸ਼ ਰੱਖਤੀ ਹੈ।”

“ਦੇਖੋ ਕੁੰਦਨ ਭਾਈ, ਯੇ ਕੋਈ ਮਸ਼ੀਨ ਤੋ ਹੈ ਨਹੀਂ ਕਿ ਸਭ ਏਕ ਜੈਸੀ ਹੋਂ, ਕਭੀ ਕਿਸੀ ਔਰ ਔਰਤ ਕਾ ਸਾਥ ਵੀ ਇੰਜੁਆਏ ਕਰਨਾ ਚਾਹੀਏ। ਜਵਾਨ ਔਰਤ ਕੇ ਸਾਥ ਕਾ ਆਨੰਦ ਔਰ ਹੋਤਾ ਹੈ।”

“ਠੀਕ ਹੈ ਰਮਨ ਭਾਈ, ਨੈਕਸਟ ਟਾਈਮ ਦੇਖੂੰਗਾ, ਇਸ ਬਾਰ ਤੋ ਮੁਝੇ ਅਪਨੀ ਸਕ੍ਰਿਪਟ ਵੇਚਨੇ ਕੀ ਕੋਸ਼ਿਸ਼ ਕਰਨਾ ਹੈ।”

"ਦੇਖੋ ਕੁੰਦਨ ਭਾਈ, ਫਿਲਮੋਂ ਕੀ ਏਕ ਬਾਤ ਬੋਲੂੰ, ਯੇ ਜੋ ਮਿਡਲਮੈਨ ਹੋਤੇਂ ਹੈਂ ਬਹੁਤ ਖਰਾਬ ਹੋਤੇ ਹੈਂ, ਹੋ ਸਕੇ ਤੋ ਕਿਸੀ ਬੜੇ ਆਦਮੀ ਕੋ ਸੀਧੇ ਅਪਰੋਚ ਕਰੋ।"

ਕੁੰਦਨ ਨੂੰ ਉਸ ਦੀ ਗੱਲ ਠੀਕ ਜਾਪੀ। ਉਸੇ ਵੇਲੇ ਉਸ ਦੇ ਮਨ ਵਿੱਚ ਰਜੀਵ ਕੁਮਾਰ ਦਾ ਨਾਂ ਆਇਆ ਜਿਹੜੇ ਆਪਣੇ ਵੇਲੇ ਸੁਪਰ ਸਟਾਰ ਰਿਹਾ ਸੀ। ਉਸ ਦਾ ਛੋਟਾ ਭਰਾ ਰਾਹੁਲ ਕੁਮਾਰ ਸਾਹਿਤਕ ਮੱਸ ਰੱਖਣ ਵਾਲਾ ਬੰਦਾ ਸੀ, ਪੰਜਾਬੀ ਵਿੱਚ ਕਵਿਤਾ ਲਿਖਦਾ ਸੀ। ਉਸ ਨੇ ਅਮਰਜੀਤ ਮਾਨ ਰਾਹੀਂ ਰਾਹੁਲ ਕੁਮਾਰ ਨਾਲ ਰਾਬਤਾ ਕਾਇਮ ਕੀਤਾ ਤਾਂ ਜੋ ਉਸ ਦੇ ਵੱਡੇ ਭਰਾ ਤਕ ਪਹੁੰਚ ਕੀਤੀ ਜਾ ਸਕੇ। ਰਜੀਵ ਕੁਮਾਰ ਹੁਣ ਫਿਲਮਾਂ ਵਿੱਚ ਬਹੁਤਾ ਕੰਮ ਨਹੀਂ ਸੀ ਕਰਦਾ ਇਸ ਲਈ ਦਿਨ ਵੇਲੇ ਉਹ ਆਪਣੇ ਪੂਨੇ ਵਾਲੇ ਫਾਰਮ ਵਿੱਚ ਹੀ ਹੋਇਆ ਕਰਦਾ ਸੀ। ਰਾਹੁਲ ਕੁਮਾਰ ਕੁੰਦਨ ਨੂੰ ਲੈ ਕੇ ਫਾਰਮ ਵਿੱਚ ਹੀ ਜਾ ਪੁੱਜਿਆ। ਕੁੰਦਨ ਏਡੇ ਵੱਡੇ ਸਟਾਰ ਨੂੰ ਮਿਲਣਾ ਕੁੰਦਨ ਲਈ ਬਹੁਤ ਵੱਡੀ ਗੱਲ ਸੀ। ਰਜੀਵ ਕੁਮਾਰ ਉਸ ਨੂੰ ਬਹੁਤ ਪਿਆਰ ਨਾਲ ਮਿਲਿਆ। ਏਧਰ-ਓਧਰ ਦੀਆਂ ਕੁਝ ਗੱਲਾਂ ਹੋਈਆਂ ਤੇ ਫਿਰ ਸ਼ੇਅਰੋ-ਸ਼ਾਇਰੀ ਚੱਲ ਪਈ। ਰਜੀਵ ਕੁਮਾਰ ਉਰਦੂ ਵਿੱਚ ਸ਼ੇਅਰ ਆਖਿਆ ਕਰਦਾ ਸੀ। ਕੁੰਦਨ ਨੇ ਵੀ ਆਪਣੀ ਇਕ ਗਜ਼ਲ ਸੁਣਾਈ। ਰਾਹੁਲ ਕੁਮਾਰ ਨੇ ਵੀ ਆਪਣੀਆਂ ਕਵਿਤਾਵਾਂ ਪੜ੍ਹੀਆਂ। ਬਾਅਦ ਵਿੱਚ ਕੁੰਦਨ ਅਸਲ ਗੱਲ ਵੱਲ ਆਉਂਦਾ ਬੋਲਿਆ,

"ਰਾਜੀਵ ਭਾਜੀ, ਮੈਂ ਇਕ ਫਿਲਮ ਲਿਖੀ ਏ ਜੇ ਕਹੋਂ ਤਾਂ ਸੁਣਾਵਾਂ।"

"ਕੁੰਦਨ ਜੀ, ਮੈਂ ਹਜ਼ਾਰਾਂ ਕਹਾਣੀਆਂ ਸੁਣੀਆਂ ਤੇ ਰੋਜ਼ ਸੁਣਦਾਂ, ਤੁਸੀਂ ਮੋਟੇ ਤੌਰ ਤੇ ਦੱਸੋ ਕਿ ਇਹ ਹੈ ਕੀ?"

"ਇਹ ਉਨੀ ਸੌ ਵੀਹ ਦੇ ਕਰੀਬ ਦੀ ਪ੍ਰੇਮ ਕਹਾਣੀ ਏ, ਹੀਰ-ਰਾਂਝੇ ਵਰਗੀ।"

"ਇਹਦੀ ਕੋਈ ਵੁੱਕਤ ਨਹੀਂ, ਕੁਝ ਨਵਾਂ ਹੋਵੇ, ਅੱਜਕੱਲ ਪੁਰਾਣੀਆਂ ਕਹਾਣੀਆਂ ਨਹੀਂ ਚਲਦੀਆਂ, ਨਾਲੇ ਕਹਾਣੀ ਤਾਂ ਡਾਇਰੈਕਟਰ ਆਪ ਡਿਕਟੇਟ ਕਰਦਾ ਹੁੰਦਾ ਏ।"

"ਪਰ ਰਾਜੀਵ ਭਾਜੀ, ਏਨੀਆਂ ਇਤਹਾਸਕ ਫਿਲਮਾਂ ਵੀ ਬਣ ਰਹੀਆਂ ਨੇ।"

"ਪੈਸੇ ਕੌਣ ਖਰਚੇਗਾ ਇਤਹਾਸਕ ਫਿਲਮ 'ਤੇ, ਵਾਪਸ ਵੀ ਆਉਣੇ ਚਾਹੀਦੇ ਨੇ ਨਾ!"

"ਤੁਸੀਂ ਦੱਸੋ ਕਿ ਕਿਹੋ ਜਿਹੀ ਕਹਾਣੀ ਲਿਖਾਂ?"

"ਮੈਂ ਕਿਹਾ ਨਾ ਕਿ ਕਹਾਣੀ ਤਾਂ ਡਾਇਰੈਕਟਰ ਡਿਕਟੇਟ ਕਰਾਉਂਦਾ ਏ। ਤੁਸੀਂ ਆਪਣੀਆਂ ਕਹਾਣੀਆਂ ਰਜਿਸਟਰ ਕਰਾ ਦਿਓ, ਜੇ ਕਿਸੇ ਡਾਇਰੈਕਟਰ ਨੂੰ ਪਸੰਦ ਆ ਗਈ ਤਾਂ ਆਪੇ ਹੀ ਤੁਹਾਡੇ ਤਕ ਪਹੁੰਚ ਕਰ ਲਵੇਗਾ।"

ਰਾਜੀਵ ਕੁਮਾਰ ਨੇ ਉਸ ਨੂੰ ਗੱਲੋਂ ਲਾਹੁਣ ਲਈ ਕਿਹਾ। ਕੁੰਦਨ ਸਮਝ ਗਿਆ ਕਿ ਰਜੀਵ ਕੁਮਾਰ ਉਸ ਲਈ ਕੁਝ ਨਹੀਂ ਕਰੇਗਾ। ਵਾਪਸ ਆ ਕੇ ਉਸ ਨੇ ਹੋਰਨਾਂ ਲੋਕਾਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਕੋਈ ਕਾਮਯਾਬੀ ਨਹੀਂ ਸੀ ਮਿਲ ਰਹੀ। ਉਸ ਨੇ ਅਮਰਜੀਤ ਨੂੰ ਪੁੱਛਿਆ,

"ਮਾਨ ਸਾਹਿਬ, ਦੱਸੋ ਕਿ ਕਿਹੋ ਜਿਹੀ ਕਹਾਣੀ ਹੋਵੇ ਜਿਹਦੇ ਉਪਰ ਸਕ੍ਰਿਪਟ ਲਿਖੀ ਜਾ ਸਕੇ?"

"ਅਸਲ ਵਿੱਚ ਗੱਲ ਕਹਾਣੀ ਦੀ ਨਹੀਂ, ਗੱਲ ਸਬਜੈਕਟ ਦੀ ਹੁੰਦੀ ਏ। ਕਹਾਣੀ ਤਾਂ ਡਾਇਰੈਕਟਰ ਨਾਲ ਬੈਠ ਕੇ ਲਿਖੀ ਜਾਂਦੀ ਏ।"

"ਫੇਰ ਵੀ ਕੋਈ ਸਲਾਹ, ਕੋਈ ਮਸ਼ਵਰਾ?"

ਕੁਝ ਦੇਰ ਸੋਚ ਕੇ ਅਮਰਜੀਤ ਮਾਨ ਨੇ ਆਖਿਆ,

"ਜੋਗੇਂਦਰ ਭਾਜੀ ਦੇ ਨਾਵਲ 'ਰੇਗਿਸਤਾਨ' ਉਪਰ ਦਿੱਲੀ ਦਾ ਕੋਈ ਸੇਠ ਸੀਰੀਅਲ ਬਣਾਉਣਾ ਚਾਹੁੰਦਾ ਸੀ, ਪਾਇਲਟ ਕਾਪੀ ਬਣਾ ਵੀ ਲਈ ਸੀ ਪਰ ਉਸ ਨੇ ਪੈਸੇ ਨਹੀਂ ਸਨ ਦਿਤੇ ਇਸ ਲਈ ਮੈਂ ਮੂਹਰੇ ਹੋ ਕੇ ਰੁਕਵਾ ਦਿਤਾ, ਉਹ ਨਾਵਲ ਪਤੀ-ਪਤਨੀ ਦੇ ਰਿਸ਼ਤੇ ਨੂੰ ਵੱਖਰੇ ਯਾਵੀਏ ਤੋਂ ਡੀਲ ਕਰਦਾ ਏ, ਓਹੋ ਜਿਹਾ ਨਾਵਲ ਸੀਰੀਅਲ ਲਈ ਬਹੁਤ ਢੁਕਵਾਂ ਏ।"

"ਉਹਨੇ ਕੀ ਲਿਖਣਾ ਏ, ਮੈਂ ਉਸ ਤੋਂ ਕਿਤੇ ਵਧੀਆ ਲਿਖ ਸਕਦਾਂ, ਪਤੀ ਪਤਨੀ ਦੇ ਰਿਸ਼ਤੇ ਉਪਰ ਵੀ ਵਧੀਆ ਲਿਖ ਸਕਦਾਂ।"

"ਠੀਕ ਏ ਕੁਝ ਲਿਖੋ, ਆਪਾਂ ਕੁਝ ਪ੍ਰੋਡਿਊਸਰਾਂ ਨਾਲ ਗੱਲ ਕਰਾਂਗੇ ਪਰ ਪਹਿਲਾਂ ਇਥੋਂ ਦੀ ਰਾਈਟਰ ਅਸੋਸੀਏਸ਼ਨ ਦੇ ਮੈਂਬਰ ਬਣੋ, ਆਪਣੀ ਕਹਾਣੀ ਰਜਿਸਟਰ ਕਰਾਓ ਤਾਂ ਕਿ ਕੋਈ ਤੁਹਾਡਾ ਥੀਮ ਚੋਰੀ ਨਾ ਕਰ ਸਕੇ। ਮੈਂ ਜੋਗੇਂਦਰ ਭਾ ਜੀ ਦੇ 'ਇਕ ਤਰਫਾ ਰਾਹ' ਨੂੰ ਰਜਿਸਟਰ ਕਰਾਉਣ ਬਾਰੇ ਸੋਚ ਰਿਹਾਂ, ਫਿਲਮ ਲਈ ਉਹ ਬਹੁਤ ਢੁਕਵਾਂ ਨਾਵਲ ਐ।"

"ਤੈਨੂੰ ਯਾਰ ਜੋਗੇਂਦਰ ਤੋਂ ਅਗਾਂਹ ਕੁਝ ਨਹੀਂ ਦਿਸਦਾ! ...ਮੇਰੇ ਸਾਰੇ ਨਾਵਲ ਈ ਫਿਲਮ ਬਣਾਉਣ ਵਾਲੇ ਨੇ।"

"ਗੱਲ ਤਾਂ ਡਾਕਟਰ ਸਾਹਿਬ ਤੁਹਾਡੀ ਠੀਕ ਐ, ...ਤੁਸੀਂ ਤਾਂ ਸਾਡੇ ਵੱਡੇ ਲੇਖਕ ਓ!"

ਅਮਰਜੀਤ ਮਾਨ ਨੇ ਕੁੰਦਨ ਦੇ ਗੁੱਸੇ ਨੂੰ ਸ਼ਾਂਤ ਕਰਦਿਆਂ ਕਿਹਾ। ਉਹ ਸਮਝਦਾ ਸੀ ਕਿ ਕੁੰਦਨ ਬਹੁਤ ਸਾਰੀਆਂ ਆਸਾਂ ਲੈ ਕੇ ਬੰਬਈ ਆਇਆ ਹੈ ਪਰ ਉਸ ਨੂੰ ਨਹੀਂ ਪਤਾ ਕਿ ਮੁੰਬਈ ਦੇ ਮੇਚ ਦੇ ਹੁੰਦਿਆਂ ਉਮਰ ਗੁਜ਼ਰ ਜਾਂਦੀ ਹੈ।...

ਕੁੰਦਨ ਮਹੀਨੇ ਤੋਂ ਵਧ ਸਮਾਂ ਮੁੰਬਈ ਠਹਿਰਿਆ। ਫਿਲਮ ਨਗਰੀ ਵਿੱਚ ਤਾਂ ਉਹ ਮੇਲੇ ਵਿੱਚ ਗਵਾਚੇ ਬੱਚੇ ਵਾਂਗ ਘੁੰਮਦਾ ਰਿਹਾ ਪਰ ਉਸ ਨੂੰ ਮੁੰਬਈ ਰਹਿਣ ਵਿਚ ਮਜ਼ਾ ਆ ਰਿਹਾ ਸੀ। ਦਿੱਲੀ ਦੇ ਮੁਕਾਬਲੇ ਇਹ ਬਹੁਤ ਵੱਡਾ ਤੇ ਦਿਲਚਸਪੀਆਂ ਵਾਲਾ ਮਹਾਂਨਗਰ ਸੀ। ਅਜਿਹੀਆਂ ਦਿਲਚਸਪੀਆਂ ਤਾਂ ਉਸ ਨੇ ਲੰਡਨ ਵਿੱਚ ਵੀ ਨਹੀਂ ਸਨ ਦੇਖੀਆਂ। ਹੁਣ ਰਮਨ ਭਾਈ ਉਸ ਲਈ ਜਵਾਨ ਔਰਤਾਂ ਦਾ ਇੰਤਜ਼ਾਮ ਕਰਨ ਲੱਗਿਆ

ਸੀ। ਇਹ ਕੰਮ ਉਸ ਲਈ ਨਵਾਂ ਨਹੀਂ ਸੀ ਪਰ ਲੰਡਨ ਦੀਆਂ ਕਾਲ-ਗਰਲਜ਼ ਜਿਹੜੀਆਂ ਕਿ ਮਿਥੇ ਸਮੇਂ ਲਈ ਹੀ ਆਉਂਦੀਆਂ ਸਨ, ਇਹ ਕੁੜੀਆਂ ਸਾਰੀ ਰਾਤ ਰਹਿੰਦੀਆਂ ਸਨ ਤੇ ਪੈਸੇ ਵੀ ਬਹੁਤੇ ਨਹੀਂ ਸਨ ਲੈਂਦੀਆਂ ਤੇ ਸਨ ਵੀ ਪੜ੍ਹੀਆਂ ਲਿਖੀਆਂ।

ਇਕ ਦਿਨ ਰਮਨ ਭਾਈ ਨੇ ਉਸ ਨੂੰ ਕਿਹਾ,

"ਕੱਲ ਮੀਨਾ ਨੇ ਮੇਰੇ ਸਾਥ ਬਹੁਤ ਝਗੜਾ ਕੀਆ, ਉਸ ਨੇ ਮੁਝੇ ਬਹੁਤ ਗਾਲੀ ਦੀ।"

"ਕਿਉਂ?"

"ਵੋ ਕਹਿਤੀ ਹੈ ਕਿ ਮੇਰੇ ਕਲਾਇੰਟ ਕੋ ਖਰਾਬ ਕਿਉਂ ਕਰਤੇ ਹੋ।"

"ਕਾਲਇੰਟ ਕੌਨ?"

"ਕਲਾਇੰਟ ਆਪ।"

"ਮੈਂ ਉਸ ਕਾ ਕਲਾਇੰਟ ਹੂੰ ਕਿਆ?"

"ਤੋ ਔਰ ਉਸ ਕੇ ਹਸਬੈਂਡ ਹੋ? ਬੁਆਏ ਫ੍ਰੈਂਡ ਹੋ?"

ਕਹਿੰਦਾ ਰਮਨ ਭਾਈ ਹੱਸਣ ਲਗਿਆ। ਕੁਝ ਦੇਰ ਬਾਅਦ ਉਹ ਫਿਰ ਬੋਲਿਆ,

"ਮੈਂ ਮੀਨਾ ਕੋ ਪੰਦਰਾਂ ਸਾਲ ਸੇ ਜਾਨਤਾ ਹੂੰ, ਅੱਛੀ ਲੜਕੀ ਹੈ ਮਗਰ ਪੇਟ ਤੋ ਸਭ ਕੇ ਲਗਾ ਹੁਆ ਹੈ ਨਾ। ...ਔਰ ਕੁੰਦਨ ਜੀ, ਔਰਤ ਪਾਸ ਤੋ ਐਸਾ ਗਹਿਨਾ ਹੈ ਜਿਸ ਕੇ ਸਹਾਰੇ ਵੋ ਸਾਰੀ ਜਵਾਨੀ ਰੋਟੀ ਖਾ ਸਕਤੀ ਹੈ, ਆਪ ਤੋ ਇਤਨੇ ਬੜੇ ਰਾਈਟਰ ਹੋਂ, ਜਾਨਤੇ ਹੀ ਹੋਗੇ!"

ਉਸ ਦੀਆਂ ਗੱਲਾਂ ਤੋਂ ਕੁੰਦਨ ਨੂੰ ਝਟਕਾ ਜਿਹਾ ਲੱਗਾ ਪਰ ਉਹ ਛੇਤੀ ਹੀ ਸੰਭਲ ਗਿਆ। ਮੀਨਾ ਦੀ ਇਕ ਇਕ ਗੱਲ ਚੇਤੇ ਆਉਣ ਲਗੀ। ਉਹ ਤਾਂ ਸੱਚ-ਮੁੱਚ ਵੇਸਵਾ ਹੀ ਸੀ। ਸਭ ਕੁਝ ਪੈਸੇ ਲਈ ਹੀ ਕਰਦੀ ਸੀ। ਰਮਨ ਭਾਈ ਨੇ ਫਿਰ ਆਖਿਆ,

"ਡਾਕਟਰ ਜੀ, ਯੇ ਮੁੰਬਈ ਹੈ, ਯਹਾਂ ਕੀ ਹਰ ਦੂਸਰੀ ਔਰਤ ਮੀਨਾ ਹੀ ਹੈ। ...ਤੁਮ ਕਿਸੀ ਏਕ ਜਗਾਹ ਮਤ ਰੁਕੋ, ਲਾਈਫ ਕੋ ਇੰਜੁਆਏ ਕਰੋ, ਆਪ ਤੋ ਕਿਸਮਤ ਵਾਲੇ ਹੋ ਕਿ ਆਪ ਕੀ ਯਹਾਂ ਪੇ ਕੋਈ ਫੈਮਿਲੀ ਵੀ ਨਹੀਂ ਹੈ।"

ਕੁੰਦਨ ਜਿੰਨਾ ਚਿਰ ਮੁੰਬਈ ਵਿੱਚ ਰਿਹਾ, ਅਯਾਸ਼ੀ ਕਰਦਾ ਰਿਹਾ। ਰਮਨ ਭਾਈ ਉਸ ਦਾ ਆਤਮ ਵਿਸ਼ਵਾਸ ਵਧਾਉਣ ਵਾਲੀਆਂ ਗੋਲੀਆਂ ਦਾ ਇੰਤਜ਼ਾਮ ਵੀ ਕਰ ਦਿਆ ਕਰਦਾ। ਹੁਣ ਉਹ ਮੀਨਾ ਨੂੰ ਵੀ ਬਾਕੀ ਔਰਤਾਂ ਵਾਂਗ ਹੀ ਮਿਲਦਾ ਸੀ। ਵਾਪਸ ਆਉਣ ਤੋਂ ਪਹਿਲਾਂ ਉਸ ਨੇ ਆਪਣਾ ਫਲੈਟ ਕਿਰਾਏ ਦੇ ਦੇ ਦਿਤਾ। ਗਿਆਰਾਂ ਮਹੀਨੇ ਦਾ ਕੰਟਰੈਕਟ ਕੀਤਾ। ਗਿਆਰਾਂ ਮਹੀਨੇ ਬਾਅਦ ਇਹ ਕੰਟਰੈਕਟ ਦੁਬਾਰਾ ਹੋਣਾ ਸੀ। ਜਦ ਤਕ ਸ਼ਾਇਦ ਮੋਹਣੀ ਨਾਲ ਕੋਈ ਸਮਝੌਤਾ ਹੋ ਜਾਵੇ, ਇਹ ਫਲੈਟ ਉਸ ਨੇ ਮੋਹਣੀ ਤੋਂ ਪੈਸੇ ਬਚਾਉਣ ਲਈ ਹੀ ਤਾਂ ਲਿਆ ਸੀ।...

ਵਾਪਸ ਇੰਗਲੈਂਡ ਪੁੱਜਾ ਤਾਂ ਕਿਸੇ ਫੰਕਸ਼ਨ ਦੀ ਇਕ ਚਿੱਠੀ ਆਈ ਪਈ ਸੀ। ਬੇਕਨਜ਼ਫੀਲਡ ਹਾਲ ਵਿੱਚ ਫੰਕਸ਼ਨ ਸੀ। ਜੋਗੇਂਦਰ ਪਰਚਾ ਪੜ੍ਹ ਰਿਹਾ ਸੀ। ਉਸ ਨੇ ਮਨ ਹੀ ਮਨ ਕਿਹਾ, 'ਹੁਣ ਇਹ ਸਾਲਾ ਬੈਹੜਿਆਂ ਦਾ ਵੀ ਪਰਚਾ ਪੜ੍ਹੇਗਾ!' ਪਹਿਲਾਂ ਵੀ ਗੁਰਮੁਖ ਸਿੰਘ ਸੰਧੂ ਦੇ ਨਾਵਲ ਉਪਰ ਉਸ ਨੇ ਪਰਚਾ ਲਿਖਿਆ ਸੀ ਤਦ ਕੁੰਦਨ ਨੇ ਬਹੁਤਾ ਨੋਟਿਸ ਨਹੀਂ ਸੀ ਲਿਆ ਪਰ ਹੁਣ ਇਹ ਪਰਚਾ ਕੁੰਦਨ ਨੂੰ ਤੰਗ ਕਰਨ ਲਗਿਆ। ਉਸ ਨੇ ਉਸੇ ਵੇਲੇ ਹੀ ਜੋਗੇਂਦਰ ਨੂੰ ਫੋਨ ਕੀਤਾ। ਹੋਰ ਗੱਲਾਂ ਤੋਂ ਬਾਅਦ ਉਸ ਨੇ ਆਖਿਆ,

"ਅੱਜਕੱਲ ਤਾਂ ਬਈ ਬੜੇ ਪਰਚੇ ਲਿਖ ਹੋ ਰਹੇ ਨੇ!"

"ਹਾਂ ਡਾਕਟਰ ਸਾਹਿਬ, ਮੈਂ ਵਿਹਲਾ ਸੀ, ਜਗਤਾਰ ਸਿੰਘ ਦੀ ਕਿਤਾਬ ਪੜ੍ਹੀ, ਚੰਗੀ ਲੱਗੀ, ਸੋਚਿਆ ਕਿ ਕਿਉਂ ਨਾ ਏਹਦੇ ਬਾਰੇ ਆਪਣੇ ਵਿਚਾਰ ਦਿਤੇ ਜਾਣ।"

"ਪਰਚਾ ਲਿਖਣਾ ਬਹੁਤ ਦੂਰ ਦੀ ਗੱਲ ਹੁੰਦੀ ਏ।"

"ਸਮਝਦਾਂ ਮੈਂ, ਹੁਣ ਤੁਹਾਡਾ ਮੁਕਾਬਲਾ ਤਾਂ ਮੈਂ ਪਰਚੇ ਵਿੱਚ ਕਰ ਨਹੀਂ ਸਕਦਾ ਪਰ ਨਾਵਲ ਬਾਰੇ ਆਪਣੇ ਪ੍ਰਭਾਵ ਤਾਂ ਦੇ ਸਕਦਾਂ ਨਾ। ਬਸ ਇਹੋ ਕੀਤਾ ਮੈਂ ਇਸ ਪਰਚੇ ਵਿੱਚ ਵੀ। ਤੁਸੀਂ ਪ੍ਰੋਗਰਾਮ 'ਤੇ ਜ਼ਰੂਰ ਆਉਣਾ ਤੇ ਆਪਣੀ ਰਾਏ ਵੀ ਦੇਣੀ।"

ਜੋਗੇਂਦਰ ਨੂੰ ਪਹਿਲਾਂ ਹੀ ਪਤਾ ਸੀ ਕਿ ਕੁੰਦਨ ਉਸ ਦੇ ਲਿਖੇ ਪਰਚੇ ਤੋਂ ਔਖਾ ਹੋਵੇਗਾ। ਇਵੇਂ ਔਖੇ ਹੋਏ ਕੁੰਦਨ ਨੂੰ ਉਹ ਹੋਰ ਤੰਗ ਕਰ ਕੇ ਅਨੰਦ ਮਾਣਦਾ। ਉਹ ਸਮਝਣ ਲੱਗ ਪਿਆ ਸੀ ਕਿ ਨਾਵਲਕਾਰੀ ਵਿੱਚ ਉਹ ਕੁੰਦਨ ਨੂੰ ਪਿੱਛੇ ਛੱਡ ਗਿਆ ਹੈ। ਹੁਣ ਤਾਂ ਉਹ ਕੁੰਦਨ ਨੂੰ ਠਿੱਬੀ ਲਾਉਣ ਦੇ ਮੌਕੇ ਦੀ ਤਾਲਾਸ਼ ਵਿੱਚ ਰਹਿੰਦਾ। ਉਹ ਜਾਣਦਾ ਸੀ ਕਿ ਕੁੰਦਨ ਦਿਲ ਦਾ ਬੁਰਾ ਬੰਦਾ ਤਾਂ ਹੈ ਹੀ ਪਰ ਉਹ ਕਿਸੇ ਉਪਰ ਲੁਕਵਾਂ ਵਾਰ ਨਹੀਂ ਸੀ ਕਰਦਾ। ਉਸ ਦੀ ਹਰ ਚਾਲ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਉਹ ਕੁੰਦਨ ਦੇ ਮੂੰਹ 'ਤੇ ਉਸ ਦੀ ਹਰ ਵੇਲੇ ਵਡਿਆਈ ਕਰਦਾ ਰਹਿੰਦਾ ਜਿਹੜੀ ਕਿ ਹੋਰ ਕੋਈ ਦੋਸਤ ਨਹੀਂ ਸੀ ਕਰਦਾ। ਉਹ ਇਹ ਵੀ ਜਾਣਦਾ ਸੀ ਕਿ ਕੁੰਦਨ ਨੇ ਕਾਫੀ ਸਮੇਂ ਤੋਂ ਕੁਝ ਖਾਸ ਨਹੀਂ ਸੀ ਲਿਖਿਆ ਤੇ ਉਹ ਆਪ ਲਗਾਤਾਰ ਲਿਖ ਰਿਹਾ ਸੀ। ਉਹ ਸੋਚਦਾ ਕਿ ਕੁੰਦਨ ਨੂੰ ਪ੍ਰਧਾਨਗੀਆਂ ਤੇ ਚੌਧਰਾਂ ਵਿੱਚ ਉਲਝਾਈ ਰੱਖਿਆ ਜਾਵੇ। ਬੇਕਨਜ਼ਫੀਲਡ ਵਾਲੇ ਸਮਾਗਮ ਵਿੱਚ ਵੀ ਜੋਗੇਂਦਰ ਕੁੰਦਨ ਨੂੰ ਬਹੁਤ ਪਿਆਰ ਨਾਲ ਮਿਲਿਆ ਤੇ ਉਸ ਨੇ ਪ੍ਰਬੰਧਕਾਂ ਨੂੰ ਕਹਿ ਕੇ ਕੁੰਦਨ ਨੂੰ ਪ੍ਰਧਾਨਗੀ ਦਵਾਈ। ਮੰਚ ਤੋਂ ਉਸ ਦੀ ਤਰੀਫ ਵੀ ਕੀਤੀਆਂ। ਕੁੰਦਨ ਸੋਚ ਰਿਹਾ ਸੀ ਕਿ ਜੋਗੇਂਦਰ ਫਿਰ ਵੀ ਬਾਕੀਆਂ ਨਾਲੋਂ ਉਸ ਦੇ ਜ਼ਿਆਦਾ ਨੇੜੇ ਹੈ ਇਸ ਲਈ ਉਸ ਦੇ ਖਿਲਾਫ ਬੋਲਣਾ ਚੰਗੀ ਗੱਲ ਨਹੀਂ। ਜੋਗੇਂਦਰ ਦੇ ਪਰਚੇ ਦੀ ਵਾਹਵਾ ਤਾਰੀਫ ਹੋਈ। ਕੁੰਦਨ ਮਨ ਹੀ ਮਨ ਖਾਲੀ ਸਿਰਾਂ ਉਪਰ ਹੱਸਦਾ ਰਿਹਾ। ਇਸ ਪ੍ਰੋਗਰਾਮ ਵਿੱਚ ਇਕ ਹੋਰ ਗੱਲ ਅਜਿਹੀ ਹੋਈ ਜਿਸ ਨੇ ਕੁੰਦਨ ਨੂੰ ਜ਼ਰਾ ਹੋਰ ਤਕਲੀਫ ਵਿੱਚ ਪਾ ਦਿਤਾ। ਉਹ ਇਹ ਸੀ ਕਿ

ਜੋਗੇਂਦਰ ਦਾ ਪੰਜਵਾਂ ਨਾਵਲ ਰਿਲੀਜ਼ ਕੀਤਾ ਗਿਆ ਤੇ ਇਹ ਚਤਰਥ ਸਿੰਘ ਦੇ ਹੱਥੋਂ ਰਿਲੀਜ਼ ਕਰਾਇਆ ਗਿਆ। ਜੋਗੇਂਦਰ ਨੇ ਇਕ ਕਾਪੀ ਕੁੰਦਨ ਨੂੰ ਵੀ ਦਿਤੀ। ਕੁੰਦਨ ਬਹੁਤਾ ਖੁਸ਼ ਨਹੀਂ ਸੀ ਕਿਉਂਕਿ ਚਤਰਥ ਸਿੰਘ ਨੇ ਮੰਚ ਤੋਂ ਵਾਅਦਾ ਕਰ ਲਿਆ ਸੀ ਕਿ ਉਹ ਜਲਦੀ ਹੀ ਜੋਗੇਂਦਰ ਦੇ ਨਾਵਲ ਉਪਰ ਵਿਸਤ੍ਰਿਤ ਪਰਚਾ ਲਿਖੇਗਾ।

ਕੁੰਦਨ ਸੋਚ ਰਿਹਾ ਸੀ ਕਿ ਪਹਿਲੇ ਨਾਵਲਾਂ ਵਾਂਗ ਜੋਗੇਂਦਰ ਨੇ ਇਸ ਉਪਰ ਵੀ ਚਰਚਾ ਕਰਵਾ ਹੀ ਲੈਣੀ ਹੈ। ਜਦ ਇਕ ਵਾਰ ਲੇਖਕ ਦਾ ਨਾਂ ਹੋ ਜਾਵੇ ਤਾਂ ਉਸ ਦੀ ਮਾੜੀ ਰਚਨਾ ਦਾ ਵੀ ਨੋਟਿਸ ਲਿਆ ਜਾਣ ਲੱਗਦਾ ਹੈ। ਅਗਲੇ ਦਿਨ ਵਾਪਸ ਵਿਲਨਹਾਲ ਜਾ ਕੇ ਉਸ ਨੇ ਨਾਵਲ ਦੇ ਕੁਝ ਸਫੇ ਪੜ੍ਹੇ। ਉਸ ਨੇ ਉਸੇ ਵੇਲੇ ਹੀ ਜੋਗੇਂਦਰ ਨੂੰ ਫੋਨ ਕੀਤਾ ਤੇ ਕਿਹਾ,

"ਭਾਊ, ਤੇਰਾ ਇਹ ਨਾਵਲ ਤੇਰੇ ਪਹਿਲੇ ਨਾਵਲ ਤੋਂ ਬਹੁਤ ਪਿੱਛੇ ਵੇ, ਤੇਰਾ ਨਾਵਲ 'ਰੇਗਿਸਤਾਨ' ਹਾਲੇ ਵਧੀਆ ਸੀ, ਉਹਦਾ ਤਾਣਾ-ਬਾਣਾ ਬਹੁਤ ਕੱਸਵਾਂ ਸੀ ਪਰ ਇਹਦਾ ਬਹੁਤ ਢਿੱਲਾ ਏ।"

"ਤੁਹਾਨੂੰ ਯਾਦ ਏ ਮੈਂ ਤੁਹਾਡੇ ਨਾਲ ਏਹ ਨਾਵਲ ਡਿਸਕੱਸ ਵੀ ਕੀਤਾ ਸੀ ਕਿ ਮੈਂ ਇਸ ਵਿੱਚ ਕਿਸੇ ਇਕ ਬੰਦੇ ਨੂੰ ਨਾਇਕ ਨਾ ਬਣਾ ਕੇ ਇਕ ਸ਼ਹਿਰ ਨੂੰ ਹੀਰੋ ਵਜੋਂ ਪੇਸ਼ ਕਰ ਰਿਹਾਂ।"

"ਉਹ ਤਾਂ ਠੀਕ ਏ ਪਰ ਏਹਦੀ ਪੇਸ਼ਕਾਰੀ ਠੀਕ ਨਹੀਂ, ਅਗਾਂਹ ਤੋਂ ਧਿਆਨ ਰੱਖੀਂ।"

ਕੁੰਦਨ ਨੇ ਕਿਹਾ ਤੇ ਫਿਰ ਨਾਵਲ ਦੀਆਂ ਕੁਝ ਹੋਰ ਖਾਮੀਆਂ ਉਪਰ ਉਂਗਲ ਰੱਖਣ ਲੱਗਿਆ। ਜੋਗੇਂਦਰ ਨੂੰ ਲੱਗ ਰਿਹਾ ਸੀ ਕਿ ਕੁੰਦਨ ਈਰਖਾ ਵਿੱਚੋਂ ਬੋਲ ਰਿਹਾ ਹੈ ਤੇ ਉਹ ਸਿਰਫ ਉਸ ਨੂੰ ਸਦਾਚਾਰਕ ਤੌਰ 'ਤੇ ਕਮਜ਼ੋਰ ਕਰਨ ਲਈ ਨਾਵਲ ਨੂੰ ਮਾੜਾ ਕਹਿ ਰਿਹਾ ਹੈ।...

ਉਹ ਮੋਹਣੀ ਤੋਂ ਤਲਾਕ ਲੈਣ ਲਈ ਵਕੀਲ ਨੂੰ ਮਿਲਿਆ ਤੇ ਅਗਲੀਆਂ ਵਿਉਂਤਾਂ ਗੁੰਦਣ ਲੱਗਿਆ। ਬੈਂਕ ਵਿੱਚ ਕੈਸ਼ ਤਾਂ ਉਸ ਦਾ ਕੋਈ ਹੈ ਨਹੀਂ ਸੀ। ਦਿੱਲੀ ਵਾਲੇ ਘਰ ਦੇ ਪੇਪਰ ਮੋਹਣੀ ਕੋਲ ਪਏ ਸਨ, ਇਸ ਲਈ ਉਹ ਵੇਚ ਨਹੀਂ ਸੀ ਸਕਦਾ, ਨਹੀਂ ਤਾਂ ਉਸ ਨੇ ਹੁਣ ਤਕ ਕਿਸੇ ਤਰ੍ਹਾਂ ਵੇਚ ਦੇਣਾ ਸੀ। ਇਸ ਘਰ ਨੂੰ ਉਸ ਨੇ ਪਾਇਲ ਦੇ ਨਾਂ ਕਰਨ ਦੀ ਕੋਸ਼ਿਸ਼ ਕੀਤੀ ਪਰ ਮੋਹਣੀ ਨੇ ਪਹਿਲਾਂ ਹੀ ਵਕੀਲ ਰਾਹੀਂ ਚਾਰਜ ਲਗਵਾ ਦਿਤਾ ਹੋਇਆ ਸੀ। ਉਹ ਕੋਈ ਅਜਿਹਾ ਦੋਸਤ ਲੱਭਣ ਲੱਗਿਆ ਜੋ ਮੋਹਣੀ ਨੂੰ ਥੋੜਾ ਬਹੁਤ ਦੇ-ਦਵਾ ਕੇ ਸਮਝੌਤਾ ਕਰਾ ਦੇਵੇ ਤਾਂ ਜੋ ਵਕੀਲਾਂ-ਕਚਿਹਰੀਆਂ ਦਾ ਖਰਚਾ ਬਚ ਜਾਵੇ ਪਰ ਅਜਿਹਾ ਕੋਈ ਨਾ ਮਿਲਿਆ। ਮੋਹਣੀ ਨੂੰ ਅੱਧ ਚਾਹੀਦਾ ਸੀ, ਅੱਧ ਤੋਂ ਘੱਟ ਕੁਝ ਨਹੀਂ।

ਮੋਹਣੀ ਨਾਲ ਤਲਾਕ ਦਾ ਤੇ ਜਾਇਦਾਦ ਦੀ ਵੰਡ ਦਾ ਕੇਸ ਚੱਲ ਪਿਆ। ਹੁਣ ਮੋਹਣੀ ਕੰਮ ਨਹੀਂ ਸੀ ਕਰਦੀ ਤੇ ਸੋਸ਼ਲ ਸਕਿਉਰਟੀ ਉਪਰ ਹੀ ਨਿਰਭਰ ਕਰਦੀ ਸੀ ਇਸ ਲਈ ਉਸ ਨੂੰ ਲੀਗਲ-ਏਡ ਮਿਲ ਗਈ। ਉਸ ਦੇ ਮੁਕਾਬਲੇ ਕੁੰਦਨ ਦੀ ਚੋਖੀ ਪੈਨਸ਼ਨ ਸੀ ਸੋ ਉਸ ਨੂੰ ਅਜਿਹੀ ਕੋਈ ਮੱਦਦ ਨਾ ਮਿਲੀ। ਉਸ ਨੂੰ ਸਾਰੇ ਪੈਸੇ ਆਪਣੀ ਜੇਬ੍ਹ ਵਿੱਚੋਂ ਖਰਚਣੇ ਪੈਣੇ ਸਨ। ਇਸ ਗੱਲ ਦੀ ਉਸ ਨੂੰ ਬਹੁਤ ਤਕਲੀਫ ਸੀ।...

ਮੁੰਬਈ ਤੋਂ ਆ ਕੇ ਉਹ ਔਰਤ ਦੇ ਸਾਥ ਦੀ ਘਾਟ ਬਹੁਤ ਮਹਿਸੂਸ ਕਰ ਰਿਹਾ ਸੀ। ਉਸ ਦਾ ਦਿਲ ਕਰਦਾ ਕਿ ਕੋਈ ਛਣਕਦੀਆਂ ਵੰਗਾਂ ਵਾਲੀ ਦਿਨ ਵਿੱਚ ਇਕ ਵਾਰ ਉਸ ਦੀ ਲੌਂਜ ਵਿੱਚ ਫਿਰ ਜਾਇਆ ਕਰੇ। ਉਸ ਨੂੰ ਪਤਾ ਸੀ ਕਿ ਵਿਲਨਹਾਲ ਵਿੱਚ ਵੀ ਵੇਸਵਾਵਾਂ ਦੀ ਕਮੀ ਨਹੀਂ ਹੋਵੇਗੀ ਪਰ ਇਥੇ ਉਹ ਗੈਰ-ਸਮਾਜਿਕ ਖੁਲ੍ਹ ਲੈਣ ਤੋਂ ਉਹ ਡਰਦਾ ਸੀ। ਉਹ ਮੁਆਸ਼ਰੇ ਵਿੱਚ ਆਪਣੀ ਇਜ਼ਤ ਬਣਾਈ ਰੱਖਣੀ ਚਾਹੁੰਦਾ ਸੀ। ਉਸ ਦੀ ਆਪਣੀ ਹੀ ਰੋਡ ਉਪਰ ਪ੍ਰਦੀਪ ਸਿੰਘ ਨਾਂ ਦਾ ਸਰਦਾਰ ਉਸ ਦੀ ਬਹੁਤ ਇੱਜ਼ਤ ਕਰਦਾ ਸੀ। ਇਥੋਂ ਤਕ ਕਿ ਪ੍ਰਦੀਪ ਸਿੰਘ ਦੀ ਪਤਨੀ ਅਵਤਾਰ ਕੋਰ ਕਈ ਵਾਰ ਉਸ ਦੀ ਰੋਟੀ ਵੀ ਬਣਾ ਦਿੰਦੀ। ਬਦਲੇ ਵਿੱਚ ਕੁੰਦਨ ਉਹਨਾਂ ਦੇ ਸਾਰੇ ਸਰਕਾਰੀ ਕੰਮ ਤੇ ਹੋਰ ਫਾਰਮ ਆਦਿ ਭਰ ਦਿੰਦਾ ਕਿਉਂਕਿ ਉਹ ਜੋੜਾ ਬਹੁਤਾ ਪੜ੍ਹਿਆ ਹੋਇਆ ਨਹੀਂ ਸੀ। ਹੌਲੀ ਹੌਲੀ ਕੁੰਦਨ ਦਾ ਉਹਨਾਂ ਉਪਰ ਏਨਾ ਯਕੀਨ ਬਣ ਗਿਆ ਸੀ ਕਿ ਘਰ ਦੀ ਇਕ ਚਾਬੀ ਵੀ ਉਹਨਾਂ ਨੂੰ ਦੇ ਦਿਤੀ ਹੋਈ ਸੀ। ਜਦ ਉਹ ਕਈ ਹਫਤੇ ਮੁੰਬਈ ਰਿਹਾ ਤਾਂ ਉਹ ਹੀ ਆ ਕੇ ਉਸ ਦੇ ਘਰ ਦੀ ਸਫਾਈ ਕਰਦੇ ਰਹੇ ਸਨ। ਹੁਣ ਜੇ ਘਰ ਵਿੱਚ ਕਿਸੇ ਗਲਤ ਔਰਤ ਨੂੰ ਲਿਆਉਂਦਾ ਤਾਂ ਉਸ ਦੀ ਬਹੁਤ ਬੇਇਜ਼ਤੀ ਹੋਣੀ ਸੀ।

ਇਕ ਦਿਨ ਰਾਤ ਨੂੰ ਮੂਡ ਵਿੱਚ ਆ ਕੇ ਉਸ ਨੇ ਮੀਨਾ ਨੂੰ ਫੋਨ ਕੀਤਾ। ਉਹ ਬੋਲਿਆ,

"ਮੀਨਾ, ਕੀ ਆਪਣੀ ਕਿਸੇ ਤਰ੍ਹਾਂ ਦੀ ਦੋਸਤੀ ਰਹਿ ਸਕਦੀ ਏ, ਪੈਸੇ ਖਰਚ ਕੇ ਹੀ ਸਹੀ!"

"ਨਹੀਂ ਕੁੰਦਨ ਜੀ, ਮੈਂ ਕੰਨਾਂ ਦੇ ਕੱਚੇ ਬੰਦੇ ਨਾਲ ਦੋਸਤੀ ਨਹੀਂ ਰੱਖ ਸਕਦੀ, ਤੁਸੀਂ ਰਮਨ ਭਾਈ ਦੇ ਪਿੱਛੇ ਲੱਗ ਕੇ ਮੈਨੂੰ ਛੱਡ ਗਏ, ਇਹ ਨਹੀਂ ਸੋਚਿਆ ਕਿ ਉਹ ਦੱਲਾ ਏ ਤੇ ਉਸ ਨੇ ਆਪਣੇ ਕਮਿਸ਼ਨ ਲਈ ਤੁਹਾਨੂੰ ਉਲਟੇ ਪਾਸੇ ਲਗਾ ਰਿਹਾ ਏ।"

44-ਕਿੰਨੇ ਦੋਸਤ!

ਉਸ ਨੂੰ ਵਿਲਨਹਾਲ ਵਿੱਚ ਰਹਿੰਦਿਆਂ ਤਕਰੀਬਨ ਦਸ ਸਾਲ ਹੋ ਗਏ ਸਨ ਪਰ ਉਹ ਹਾਲੇ ਤਕ ਵੀ ਇਸ ਸ਼ਹਿਰ ਵਿੱਚ ਰਚ-ਮਿਚ ਨਹੀਂ ਸੀ ਸਕਿਆ ਜਿਵੇਂ ਉਹ ਮਿਡਲਸੈਕਸ ਵਿੱਚ ਸੀ। ਦਿੱਲੀ ਨਾਲ ਵੀ ਉਹ ਸਹਿਜੇ ਹੀ ਇਕਮਿੱਕ ਹੋ ਗਿਆ ਸੀ ਪਰ ਵਿਲਨਹਾਲ ਹਾਲੇ ਤਕ ਉਸ ਨੂੰ ਆਪਣਾ ਸ਼ਹਿਰ ਨਹੀਂ ਸੀ ਲਗਦਾ। ਉਸ ਨੂੰ ਸੁਫਨੇ ਵੀ ਲੰਡਨ ਦੇ ਜਾਂ ਆਪਣੇ ਇਲਾਕੇ ਮਿਡਲਸੈਕਸ ਦੇ ਹੀ ਆਉਂਦੇ। ਮਿਡਲਸੈਕਸ ਵਿੱਚ ਕੋਈ ਸਾਹਿਤਕ ਸਮਾਗਮ ਹੋਣ ਦਾ ਐਲਾਨ ਹੁੰਦਾ ਤਾਂ ਉਹ ਸੱਦੇ ਦੀ ਉਡੀਕ ਕਰਨ ਲੱਗਦਾ। ਜਦ ਸੱਦਾ ਆਉਂਦਾ ਤਾਂ ਉਹ ਚਾਈਂ ਚਾਈਂ

ਤਿਆਰੀ ਕਰਦਾ। ਮਿਡਲਸੈਕਸ ਦੇ ਸਮਾਗਮਾਂ ਵਿੱਚ ਉਸ ਨੂੰ ਇਕ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਕਿ ਉਥੇ ਉਹ ਰਾਤ ਕਿਥੇ ਰਹੇਗਾ। ਦੋਸਤ ਤਾਂ ਬਹੁਤ ਸਨ ਪਰ ਉਸ ਨੂੰ ਰਾਤ ਕੋਈ ਨਹੀਂ ਸੀ ਰੱਖਦਾ। ਉਸ ਦਾ ਦੋਸਤ ਨਾਇਬ ਸਿੱਧੂ ਸੀ ਜਿਸ ਦੀ ਦੁਕਾਨ ਉਪਰ ਉਹ ਕਦੇ ਕਦੇ ਰਹਿ ਲਿਆ ਕਰਦਾ ਸੀ ਪਰ ਕੁਝ ਇਕ ਵਾਰ ਸ਼ਰਾਬ ਪੀ ਕੇ ਉਸ ਨੇ ਅਜਿਹੀ ਖਰਾਬੀ ਕੀਤੀ ਕਿ ਨਾਇਬ ਸਿੱਧੂ ਕੋਈ ਬਹਾਨਾ ਲਾ ਕੇ ਪੱਕੇ ਤੌਰ 'ਤੇ ਉਸ ਤੋਂ ਛੁਟਕਾਰਾ ਪਾ ਚੁੱਕਿਆ ਸੀ। ਫਿਰ ਲਾ-ਪਾ ਕੇ ਕਾਮਰੇਡ ਇਕਬਾਲ ਸਿੰਘ ਸੀ ਪਰ ਉਸ ਨਾਲ ਵੀ ਉਹ ਸ਼ਰਾਬ ਪੀ ਕੇ ਲੜ ਪੈਂਦਾ ਸੀ। ਬਨਫੂਲ ਤਾਂ ਬਹੁਤ ਦੇਰ ਪਹਿਲਾਂ ਦਾ ਕਹਿ ਚੁੱਕਿਆ ਸੀ ਕਿ ਸ਼ਾਮ ਦੇ ਸੱਤ ਵਜੇ ਤੋਂ ਬਾਅਦ ਨਾ ਉਹ ਕਿਸੇ ਨੂੰ ਮਿਲਦਾ ਹੈ ਤੇ ਨਾ ਹੀ ਕਿਸੇ ਨੂੰ ਘਰ ਸੱਦਦਾ ਹੈ। ਰੇਸ਼ਮ ਸਮੁੰਦਰੀ ਦੀ ਪਤਨੀ ਉਸ ਦੀਆਂ ਸਿਗਰਟਾਂ ਨੂੰ ਨਫਰਤ ਕਰਦੀ ਉਸ ਨੂੰ ਘਰ ਨਹੀਂ ਸੀ ਵੜਨ ਦਿੰਦੀ। ਰਾਜਾ ਰਾਮ ਪੂਰਬੀ ਲੰਡਨ ਵਿੱਚ ਰਹਿੰਦਾ ਸੀ ਜਿਹੜਾ ਕਿ ਮਿਡਲਸੈਕਸ ਤੋਂ ਵਿਲਨਹਾਲ ਜਿੰਨੀ ਹੀ ਦੂਰ ਪੈ ਜਾਂਦਾ, ਜਾਂ ਵਕਤ ਓਨਾ ਹੀ ਲਗ ਜਾਂਦਾ। ਜੋਗੇਂਦਰ ਦੀ ਪਤਨੀ ਤੇ ਬੱਚੇ ਘਰ ਵਿੱਚ ਸਿਗਰਟਾਂ ਤੇ ਸ਼ਰਾਬ ਨਹੀਂ ਸਨ ਝੱਲਦੇ। ਰਾਤ ਰਹੇ ਤਾਂ ਰਹੇ ਕਿੱਥੇ। ਸਮਾਗਮ ਵਿੱਚ ਖਾ-ਪੀ ਕੇ ਕਾਰ ਤਾਂ ਚਲਾਈ ਹੀ ਨਹੀਂ ਸੀ ਜਾਣੀ। ਉਹ ਕਈ ਵਾਰ ਜੋਗੇਂਦਰ ਨੂੰ ਕਹਿੰਦਾ,

"ਯਾਰ, ਮੈਨੂੰ ਕੋਈ ਕਮਰਾ ਹੀ ਕਿਰਾਏ 'ਤੇ ਲੱਭ ਦੇ ਜਿਥੇ ਆ ਕੇ ਮੈਂ ਕੁਝ ਦਿਨ ਠਹਿਰ ਸਕਿਆ ਕਰਾਂ, ਏਸ ਵਿਲਨਹਾਲ ਤੋਂ ਤਾਂ ਮੈ ਅੱਕ ਗਿਆਂ।"

"ਭਾਊ, ਤੁਹਾਡਾ ਕਮਰੇ ਨਾਲ ਕੁਝ ਬਣਨਾ ਨਹੀਂ, ਫੇਰ ਕਮਰਾ ਕਿਸੇ ਪਰਿਵਾਰ ਵਿੱਚ ਹੀ ਹੋਵੇਗਾ, ਸੌ ਬੰਦਸ਼ਾਂ ਹੋਣਗੀਆਂ। ਕੋਈ ਫਲੈਟ ਲੈ ਲਓ ਕਿਰਾਏ 'ਤੇ।"

"ਓਹਦਾ ਕਿਰਾਇਆ ਬਹੁਤ ਹੋਏਗਾ!"

ਉਹ ਆਖਦਾ।

ਇਸ ਵਾਰ ਹੰਸਲੋ ਵਿੱਚ ਨਵੀਂ ਬਣੀ ਲਿਖਾਰੀ ਸਭਾ ਸਮਾਗਮ ਕਰਵਾ ਰਹੀ ਸੀ। ਉਸ ਨੂੰ ਵਿਸ਼ੇਸ਼ ਸੱਦਾ ਮਿਲਿਆ। ਉਹ ਸੋਚਾਂ ਵਿੱਚ ਪੈ ਗਿਆ ਕਿ ਜਾਵੇ ਕਿ ਨਾ। ਸਮਾਗਮ ਖਤਮ ਹੋਣ ਤੋਂ ਬਾਅਦ ਵਾਪਸ ਵਿਲਨਹਾਲ ਤਾਂ ਆਇਆ ਨਹੀਂ ਜਾਣਾ। ਉਥੇ ਕਿਸ ਕੋਲ ਰਹੇਗਾ। ਅਚਾਨਕ ਉਸ ਨੂੰ ਬਨਵਾਰੀ ਲਾਲ ਦਾ ਖਿਆਲ ਆਇਆ। ਬਨਵਾਰੀ ਲਾਲ ਕੁੰਦਨ ਦਾ ਬਹੁਤ ਪੁਰਾਣਾ ਵਾਕਫ ਸੀ, ਉਹਨਾਂ ਦਿਨਾਂ ਦਾ ਜਦ ਉਸ ਨੇ 'ਚੜਦਾ ਸੂਰਜ' ਪਰਚਾ ਕੱਢਿਆ ਸੀ। ਬਨਵਾਰੀ ਲਾਲ ਨੇ ਕਈ ਮਹੀਨੇ ਉਸ ਨਾਲ ਮੁਫਤ ਕੰਮ ਕੀਤਾ ਸੀ। ਪਹਿਲਾਂ ਬਨਵਾਰੀ ਲਾਲ 'ਪੰਜਾਬ ਨਿਊਜ਼' ਵਿੱਚ ਕੰਮ ਕਰਦਾ ਰਿਹਾ ਹੋਣ ਕਰਕੇ ਪਰਿੰਟਿੰਗ ਦਾ ਉਸ ਨੂੰ ਤਜਰਬਾ ਹੈ ਹੀ ਸੀ। ਪਿੱਛੇ ਜਿਹੇ ਬਨਵਾਰੀ ਲਾਲ ਨੂੰ ਇਕ ਕਿਤਾਬ ਚਾਹੀਦੀ ਸੀ ਤਾਂ ਉਸ ਨੇ ਕੁੰਦਨ ਨੂੰ ਫੋਨ ਕਰਕੇ ਉਸ ਤੋਂ ਮੰਗੀ ਸੀ। ਕੁੰਦਨ ਨੇ ਇਕ ਦਮ ਭੇਜ ਦਿਤੀ ਸੀ। ਉਸ ਤੋਂ ਬਾਅਦ ਬਨਵਾਰੀ ਲਾਲ ਫੋਨ ਉਪਰ ਕੁੰਦਨ ਨਾਲ ਵਾਹਵਾ ਮੋਹ ਦਿਖਾਉਣ ਲੱਗਦਾ ਸੀ। ਕੁੰਦਨ ਨੇ ਬਨਵਾਰੀ ਲਾਲ ਨੂੰ ਹੀ ਫੋਨ ਕੀਤਾ ਤੇ ਕਿਹਾ,

"ਬਨਵਾਰੀ ਯਾਰ, ਹੰਸਲੋ ਸਾਹਿਤਕ ਫੰਕਸ਼ਨ ਏ ਅਗਲੇ ਮਹੀਨੇ, ਮੈਂ ਆਉਣਾ ਤੇ ਤੈਨੂੰ ਪਤਾ ਕਿ ਮੇਰੀ ਆਪਣੇ ਮੁੰਡੇ ਨਾਲ ਬਣਦੀ ਨਹੀਂ, ਮੈਂ ਚਾਹੁੰਨਾ ਕਿ ਓਦਣ ਦੀ ਰਾਤ ਤੇਰੇ ਕੋਲ ਰਹਾਂ।"

"ਕੁੰਦਨ ਸਾਹਿਬ, ਇਹ ਕੀ ਗੱਲ ਕੀਤੀ ਏ! ਇਹ ਤੁਹਾਡਾ ਘਰ ਏ, ਜੰਮ ਜੰਮ ਕੇ ਰਹੋ! ਇਕ ਕੀ, ਜਿੰਨੀਆਂ ਮਰਜ਼ੀ ਰਾਤਾਂ ਰਹੋ। ਮੈਂ ਤਾਂ ਕਹਿੰਨਾ ਜਦ ਵੀ ਇਸ ਪਾਸੇ ਆਉਣਾ ਹੋਵੇ ਮੇਰੇ ਕੋਲ ਹੀ ਠਹਿਰਿਆ ਕਰੋ।"

ਸਮਾਗਮ ਵਾਲੇ ਦਿਨ ਕੁੰਦਨ ਦੋ ਵਜੇ ਬਨਵਾਰੀ ਲਾਲ ਦੇ ਘਰ ਪੁੱਜ ਗਿਆ। ਸਮਾਗਮ ਚਾਰ ਵਜੇ ਸ਼ੁਰੂ ਹੋਣਾ ਸੀ। ਉਸ ਨੇ ਜੋਗੇਂਦਰ ਨੂੰ ਆਪਣੇ ਮਿਡਲਸੈਕਸ ਵਿੱਚ ਹੋਣ ਬਾਰੇ ਫੋਨ ਕਰ ਦਿਤਾ। ਬਨਵਾਰੀ ਲਾਲ ਨੂੰ ਲੈ ਕੇ ਉਸ ਨੇ ਪਹਿਲਾਂ ਬ੍ਰੌਡਵੇਅ ਦਾ ਇਕ ਗੇੜਾ ਲਾਇਆ। ਪੱਬ ਵਿੱਚ ਬੈਠ ਕੇ ਪੁਰਾਣੇ ਦਿਨਾਂ ਨੂੰ ਚੇਤੇ ਕੀਤਾ ਤੇ ਫਿਰ ਉਹ ਤੇ ਬਨਵਾਰੀ ਇਕੱਠੇ ਸਮਾਗਮ ਵਿੱਚ ਗਏ। ਸਮਾਗਮ ਤੋਂ ਬਾਅਦ ਖਾਣ-ਪੀਣ ਦਾ ਦੌਰ ਚਲਿਆ। ਕੁੰਦਨ ਪੀਣ ਦਾ ਲਾਲਚ ਕਰ ਗਿਆ ਕਿ ਹੁਣ ਕਿਹੜਾ ਵਾਪਸ ਜਾਣਾ ਹੈ। ਉਹ ਬਹੁਤ ਖੁਸ਼ ਸੀ। ਸ਼ਰਾਬ ਪੀ ਕੇ ਉਹ ਜ਼ਰਾ ਉੱਚੀ ਵੀ ਬੋਲਣ ਲੱਗਿਆ। ਅੱਧੀ ਰਾਤ ਨੂੰ ਉਹ ਤੇ ਬਨਵਾਰੀ ਵਾਪਸ ਘਰ ਪੁੱਜੇ। ਬਨਵਾਰੀ ਬੋਲਿਆ,

"ਕੁੰਦਨ ਸਾਹਿਬ, ਤੁਹਾਡਾ ਬੈੱਡ ਲਗਾ ਦਿਤਾ ਗਿਆ ਏ, ਹੁਣ ਤੁਸੀਂ ਅਰਾਮ ਕਰੋ।"

"ਜਾਣ ਦੇ ਭਾਊ ਬਨਵਾਰੀ, ਆਪਾਂ ਮਸਾਂ ਤਾਂ ਮਿਲ਼ੇ ਆਂ, ਹਾਲੇ ਤਾਂ ਆਪਾਂ ਗੱਲਾਂ ਕਰਨੀਆਂ, ਦਾਰੂ ਪੀਣੀ ਆਂ।"

ਆਖਦਿਆਂ ਉਸ ਨੇ ਪੱਗ ਲਾਹ ਕੇ ਇਕ ਪਾਸੇ ਰੱਖੀ ਤੇ ਸਿਗਰਟ ਲਾ ਲਈ। ਬਨਵਾਰੀ ਲਾਲ ਦਮੇ ਦਾ ਮਰੀਜ਼ ਸੀ, ਧੂੰਏ ਨਾਲ ਉਸ ਦਾ ਸਾਹ ਘੁੱਟ ਹੋਣਾ ਸ਼ੁਰੂ ਹੋ ਗਿਆ। ਉਹ ਖਊਂ ਖਊਂ ਕਰਦਾ ਉਠ ਕੇ ਦੂਜੇ ਕਮਰੇ ਵਿੱਚ ਚਲੇ ਗਿਆ। ਉਸ ਦੀ ਪਤਨੀ ਭੱਜੀ ਆਈ ਤੇ ਆ ਕੇ ਉਸ ਦੀ ਛਾਤੀ ਮਲਣ ਲੱਗੀ। ਕੁੰਦਨ ਫਰੰਟ ਰੂਮ ਵਿੱਚੋਂ ਹਾਕਾਂ ਮਾਰਨ ਰਿਹਾ ਸੀ,

"ਬਨਵਾਰੀ, ਓ ਭਾਊ ਬੋਤਲ ਲਿਆ ਓਏ, ਮਰ ਗਿਆ ਤੇਰਾ ਭਰਾ ਨਸ਼ੇ ਬਿਨਾਂ!"

ਕੁਝ ਮਿੰਟਾਂ ਬਾਅਦ ਬਨਵਾਰੀ ਲਾਲ ਠੀਕ ਹੋ ਗਿਆ ਤੇ ਉਹ ਕੁੰਦਨ ਲਈ ਵਿਸਕੀ ਦੀ ਬੋਤਲ ਲੈ ਆਇਆ। ਉਹ ਆਪ ਤਾਂ ਬਹੁਤ ਘੱਟ ਪੀਂਦਾ ਸੀ ਪਰ ਆਏ ਗਏ ਲਈ ਘਰ ਜ਼ਰੂਰ ਰੱਖਿਆ ਕਰਦਾ। ਕੁੰਦਨ ਨੇ ਵੱਡਾ ਸਾਰਾ ਪੈੱਗ ਪਾਇਆ ਤੇ ਸਮਾਗਮ ਵਿੱਚ ਬਣਾਈ ਆਪਣੀ ਭੱਲ ਬਾਰੇ ਪਾਡੀਆਂ ਮਾਰਨ ਲੱਗਿਆ। ਹਰ ਗੱਲ ਵਿੱਚ 'ਸਾਲ਼ਾ ਬੈਹੜਿਆਂ ਦਾ' ਕਹਿਣਾ ਤਾਂ ਉਸ ਦੀ ਆਦਤ ਸੀ ਪਰ ਵਿੱਚ ਵਿੱਚ ਗੰਦੀ ਜਿਹੀ ਗਾਲ਼

ਵੀ ਕੱਢ ਜਾਂਦਾ। ਉਹ ਏਨੀ ਉੱਚੀ ਬੋਲ ਰਿਹਾ ਸੀ ਕਿ ਸੁੱਤੀ ਪਈ ਬਨਵਾਰੀ ਦੀ ਕੁੜੀ ਵੀ ਉਠ ਖੜੀ। ਬਨਵਾਰੀ ਦੀ ਪਤਨੀ ਫਰੰਟ ਰੂਮ ਵਿੱਚ ਆਈ ਤਾਂ ਕਮਰਾ ਧੂੰਏਂ ਨਾਲ ਭਰਿਆ ਪਿਆ ਸੀ। ਉਹ ਗੁੱਸੇ ਵਿੱਚ ਆ ਗਈ ਤੇ ਬੋਲੀ,

"ਭਾਜੀ, ਜੇ ਸਿਗਰਟ ਪੀਣੀ ਆਂ ਤਾਂ ਬਾਹਰ ਜਾ ਕੇ ਪੀਓ।"

"ਸਾਲ਼ੀਏ ਬੈਹੜਿਆਂ ਦੀਏ, ਬਾਹਰ ਚੁਰਲ਼ ਚੁਰਲ਼ ਮੀਂਹ ਪੈਂਦਾ ਏ!"

ਬਨਵਾਰੀ ਲਾਲ ਦੀ ਪਤਨੀ ਤਾਂ ਉਸੇ ਵੇਲੇ ਹੀ ਕਮਰੇ ਵਿੱਚੋਂ ਭੱਜ ਗਈ। ਬਨਵਾਰੀ ਲਾਲ ਮਨ ਹੀ ਮਨ ਰੱਬ ਮੂਹਰੇ ਦੁਆ ਕਰਦਾ ਜਾ ਰਿਹਾ ਸੀ ਕਿ ਕਿਸੇ ਤਰ੍ਹਾਂ ਅੱਜ ਦੀ ਰਾਤ ਨਿਕਲ ਜਾਵੇ ਮੁੜ ਕੇ ਏਸ ਬੰਦੇ ਨੂੰ ਘਰ ਨਹੀਂ ਵੜਨ ਦੇਵੇਗਾ। ਉਸ ਨੇ ਬਹੁਤ ਹੀ ਮੁਸ਼ਕਲ ਨਾਲ ਕੁੰਦਨ ਨੂੰ ਸੁਲਾਇਆ। ਸਵੇਰੇ ਉਠਦਾ ਕੁੰਦਨ ਫਿਰ ਪੀਣ ਲੱਗ ਪਿਆ। ਹੁਣ ਏਨਾ ਸੀ ਕਿ ਉਹ ਸਿਗਰਟ ਬਾਹਰ ਜਾ ਕੇ ਪੀਂਦਾ ਸੀ। ਬਨਵਾਰੀ ਦੀ ਪਤਨੀ ਨੇ ਨਾਸ਼ਤਾ ਤਿਆਰ ਕੀਤਾ ਤੇ ਕੁੰਦਨ ਨੂੰ ਬੋਲੀ,

"ਭਾਜੀ, ਅਸੀਂ ਸਾਰੇ ਟੱਬਰ ਨੇ ਕਿਤੇ ਜਾਣਾਂ, ਤੁਸੀਂ ਵੀ ਖਾਕੇ ਤੁਰਦੇ ਬਣੋਂ।"

ਕੁੰਦਨ ਨੇ ਉਸ ਵੱਲ ਟੇਡ੍ਹਾ ਜਿਹਾ ਦੇਖਿਆ ਤੇ ਹੌਲੀ ਹੌਲੀ ਉਠਿਆ ਤੇ ਕਾਰ ਕਾਮਰੇਡ ਇਕਬਾਲ ਦੇ ਘਰ ਵਲ ਨੂੰ ਪਾ ਲਈ।

ਬਨਵਾਰੀ ਲਾਲ ਵਰਗੇ ਤਜਰਬੇ ਕਈ ਹੋਰ ਦੋਸਤਾਂ ਦੇ ਵੀ ਹੋ ਚੁੱਕੇ ਸਨ। ਕੁੰਦਨ ਨੂੰ ਇਸ ਗੱਲ ਦਾ ਪਤਾ ਵੀ ਸੀ ਪਰ ਉਹ ਆਪਣੇ ਆਪ ਨੂੰ ਤਸੱਲੀ ਦਿੰਦਾ ਆਖਦਾ, 'ਇਹ ਮੈਂ ਕਿਥੋਂ ਆਂ, ਇਹ ਤਾਂ ਕੰਜਰ ਜੇਠੂ ਏ!'...

ਮੋਹਣੀ ਨਾਲ ਕੇਸ ਸ਼ੁਰੂ ਹੋ ਚੁੱਕਿਆ ਸੀ ਪਰ ਕਿੰਨੀ ਦੇਰ ਲੱਗਣੀ ਸੀ ਇਸ ਦਾ ਕੁਝ ਨਹੀਂ ਸੀ ਪਤਾ। ਜਦੋਂ ਦੀ ਮੋਹਣੀ ਗਈ ਉਸ ਦੀ ਕੋਈ ਖ਼ਬਰ ਨਹੀਂ ਸੀ। ਉਸ ਨੂੰ ਨਹੀਂ ਸੀ ਪਤਾ ਕਿ ਜਦ ਉਸ ਨੇ ਮੋਹਣੀ ਨੂੰ ਬਾਹੋਂ ਫੜ੍ਹ ਕੇ ਬਾਹਰ ਸੁੱਟਿਆ ਤਾਂ ਉਸ ਤੋਂ ਬਾਅਦ ਮੋਹਣੀ ਦਾ ਕੀ ਹਾਲ ਹੋਇਆ ਪਰ ਅਦਾਲਤ ਵਿੱਚ ਜੋ ਸਿਰਨਾਵਾਂ ਮੋਹਣੀ ਦਾ ਲਿਖਿਆ ਹੋਇਆ ਸੀ ਇਹ ਕਿਸੇ ਘਰ ਦਾ ਸੀ। ਆਸ ਸੀ ਕਿ ਮੋਹਣੀ ਨੇ ਕਿਧਰੇ ਕਿਰਾਏ 'ਤੇ ਕਮਰਾ ਲੈ ਲਿਆ ਹੋਵੇਗਾ। ਉਸ ਨੇ ਸਹਿਜਪਾਲ ਗਰੇਵਾਲ ਤੇ ਜੋਗੇਂਦਰ ਰਾਹੀਂ ਮੋਹਣੀ ਬਾਰੇ ਕੁਝ ਜਾਨਣ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਕੁਝ ਵੀ ਹੱਥ ਪੱਲੇ ਨਹੀਂ ਸੀ ਪਿਆ। ਉਸ ਨੂੰ ਮੋਹਣੀ ਦੀ ਇਹ ਚੁੱਪ ਤੰਗ ਵੀ ਕਰ ਰਹੀ ਸੀ ਕਿ ਸ਼ਾਇਦ ਉਸ ਦੇ ਖਿਲਾਫ ਕੋਈ ਵੱਡਾ ਕੇਸ ਤਿਆਰ ਕਰ ਰਹੀ ਹੋਵੇਗੀ।

ਪਾਇਲ ਉਸ ਨੂੰ ਮਿਲਣ ਆ ਜਾਇਆ ਕਰਦੀ ਪਰ ਫੋਨ ਉਹ ਰੋਜ਼ ਹੀ ਕਰਦੀ। ਕਈ ਵਾਰ ਕੁੰਦਨ ਪਾਇਲ ਨਾਲ ਗੱਲਾਂ ਕਰਦਾ ਵੀ ਅੱਕ ਜਾਂਦਾ। ਉਹੋ ਪੁਰਾਣੀਆਂ ਘਸੀਆਂ ਜਿਹੀਆਂ ਗੱਲਾਂ। ਪਾਇਲ ਡਰਦੀ ਹੁੰਦੀ ਕਿ ਉਹ ਮੀਨਾ ਜਾਂ ਕਿਸੇ ਹੋਰ ਔਰਤ ਨੂੰ ਨਾ ਲੈ ਆਵੇ। ਘਰ ਵਿੱਚੋਂ ਅੱਧ ਤਾਂ ਪਹਿਲਾਂ ਹੀ ਮੋਹਣੀ ਲੈ ਰਹੀ ਸੀ ਤੇ ਬਾਕੀ ਦਾ ਅੱਧ ਹੋਰ ਆਈ ਔਰਤ ਲੈ ਜਾਵੇਗੀ। ਅਮਰਜੋਤ ਦੋ ਕੁ ਵਾਰ ਆ ਕੇ ਕੁੰਦਨ ਨੂੰ ਮਿਲ ਗਿਆ। ਕੁੰਦਨ ਦਾ ਅਮਰਜੋਤ ਨਾਲ ਭਾਵੇਂ ਮੋਹ ਨਹੀਂ ਸੀ ਪਰ ਆਪਣੇ ਪੋਤਰੇ ਵਿੱਕੀ ਨਾਲ ਉਸ ਨੂੰ ਲਗਾਵ ਸੀ। ਉਸ ਲਈ ਕੋਈ ਨਾ ਕੋਈ ਚੀਜ਼ ਖਰੀਦਦਾ ਰਹਿੰਦਾ ਸੀ। ਉਹ ਅਮਰਜੋਤ ਨੂੰ ਕਹਿ ਦਿੰਦਾ ਕਿ ਉਹ ਆ ਕੇ ਵਿੱਕੀ ਨੂੰ ਦਿਖਾ ਜਾਵੇ। ਇਕ ਵਾਰ ਮਿਲਣ ਆਏ ਅਮਰਜੋਤ ਨੇ ਆਖਿਆ,

"ਡੈਡ, ਮੈਂ ਘਰ ਲੈ ਲਿਆ।"

"ਅੱਛਾ! ਕਿਥੇ ਕੁ ਲਿਆ?"

"ਡੈਡ, ਮੈਂ ਘਰ ਬਿਲਕੁਲ ਉਸ ਘਰ ਦੇ ਨੇੜੇ ਹੀ, ਜਿਥੇ ਸਾਡਾ ਬਚਪੱਨ ਗੁਜ਼ਰਿਆ ਸੀ, ...ਜਿਹਨਾਂ ਸੜਕਾਂ 'ਤੇ ਮੌਮ ਤੁਰੀ ਫਿਰਦੀ ਹੁੰਦੀ ਸੀ। ...ਮੈਂ ਉਸੇ ਇਲਾਕੇ ਵਿਚ ਰਹਿਣਾ ਚਾਹੁੰਦਾ ਸੀ।"

"ਮੈਨੂੰ ਪਤਾ ਏ ਤੂੰ ਕੀ ਕਹਿਣਾ ਚਾਹੁੰਨਾ! ਤੂੰ ਮੈਨੂੰ ਦੱਸਣਾ ਚਾਹੁੰਨਾ ਕਿ ਮੈਂ ਤਾਂ ਤੈਨੂੰ ਘਰ ਦੇ ਨਹੀਂ ਸਕਿਆ ਤੂੰ ਆਪਣਾ ਲੈ ਲਿਆ।"

"ਬਿਲਕੁਲ ਇਹੋ, ਜੇ ਤੁਸੀਂ ਉਸ ਘਰ ਨਾ ਵੇਚਿਆ ਹੁੰਦਾ ਤਾਂ ਮੈਂ ਹੋਰ ਨਾ ਲੈਂਦਾ।"

"ਜਾਣੀ ਕਿ ਤੂੰ ਸੱਪ ਦਾ ਸੱਪ ਰਿਹਾ! ਆਪਣੇ ਪਿਓ ਨੂੰ ਹੀ ਡੱਸੀ ਜਾਨਾ ਏਂ!"

"ਡੈਡ, ਮੈਂ ਤੁਹਾਨੂੰ ਸ਼ੀਸ਼ਾ ਦਿਖਾ ਰਿਹਾਂ ਕਿ ਤੁਸੀਂ ਮੈਨੂੰ ਰੁਲ੍ਹਣ ਲਈ ਛੱਡ ਗਏ ਸੀ ਪਰ ਮੈਂ ਆਪਣੇ ਪੈਰਾਂ 'ਤੇ ਖੜਾਂ।"

"ਸਾਲ਼ਿਆ ਬੈਹੜਿਆਂ ਦਿਆ, ਤੂੰ ਮੈਨੂੰ ਇਕ ਹੋਰ ਹਾਰਟ ਅਟੈਕ ਦਵਾ ਕੇ ਹਟਣਾ!"

"ਨਹੀਂ ਡੈਡ, ਮੈਂ ਸੱਚ ਦੱਸ ਰਿਹਾਂ ਕਿ ਡਾਕਟਰ ਕੁੰਦਨ ਸਿੰਘ ਕੁੰਦਨ ਕੋਲ ਪਿਓ ਹੈ ਨਾ ਸੀ ਤੇ ਉਸ ਨੇ ਮੇਰੇ ਤੋਂ ਵੀ ਮੇਰਾ ਪਿਓ ਖੋਹ ਲਿਆ ਸੀ।"

ਪਿਓ-ਪੁੱਤ ਇਕ ਵਾਰ ਫਿਰ ਝਗੜ ਪਏ। ਏਨੇ ਝਗੜੇ ਕਿ ਇਕ ਦੂਜੇ ਉਪਰ ਹੱਥ ਹੀ ਨਹੀਂ ਚੁੱਕਿਆ, ਬਾਕੀ ਗੰਦੀਆਂ ਗਾਲ੍ਹਾਂ ਦੀ ਤੇ ਮੇਹਣਿਆਂ ਦੀ ਕੋਈ ਕਸਰ ਨਾ ਰਹੀ। ਅਮਰਜੋਤ ਚਲੇ ਗਿਆ ਪਰ ਕੁੰਦਨ ਨੂੰ ਹੋਰ ਵੀ ਇਕੱਲਾ ਕਰ ਗਿਆ। ਵਿਲਨਹਾਲ ਆਏ ਕੁੰਦਨ ਨੂੰ ਪਹਿਲੀ ਵਾਰ ਕਿਸੇ ਨੇ ਏਨੀਆਂ ਖਰੀਆਂ-ਖੋਟੀਆਂ ਸੁਣਾਈਆਂ ਸਨ, ਉਸ ਵੀ ਉਸ ਦੇ ਆਪਣੇ ਹੀ ਪੁੱਤ ਨੇ।...

ਜਦੋਂ ਮੋਹਣੀ ਨੂੰ ਕੁੰਦਨ ਨੇ ਘਰੋਂ ਕੱਢਿਆ ਤਾਂ ਉਸ ਕੋਲ ਕਈ ਰਾਹ ਸਨ। ਪਿਛਲੀ ਵਾਰ ਵਾਂਗ ਇਹ ਨਹੀਂ ਸੀ ਸ਼ਹਿਰ ਵਿੱਚ ਕੋਈ ਵਾਕਫ ਨਹੀਂ ਸੀ। ਉਸ ਨੇ ਆਪਣੀ ਇਕ ਸਹੇਲੀ ਨੂੰ ਫੋਨ ਕੀਤਾ ਤੇ ਉਹ ਕਾਰ ਲੈ ਕੇ ਆ ਗਈ। ਕੁਝ ਦਿਨ ਮੋਹਣੀ ਉਸੇ ਸਹੇਲੀ ਨਾਲ ਰਹੀ ਤੇ ਫਿਰ ਇਕ ਫਲੈਟ ਕਿਰਾਏ 'ਤੇ ਲੈ ਲਿਆ। ਉਹ ਮੁੜ ਕੇ ਬਲਬੀਰ ਬਾਵਰੇ ਵਾਲੀ ਸਭਾ ਦੀ ਸਕੱਤਰ ਬਣ ਗਈ ਸੀ। ਸਾਰੇ ਲੇਖਕ ਉਸ ਦੇ ਫਲੈਟ ਵਿੱਚ

ਅਕਸਰ ਇਕੱਠੇ ਹੋ ਜਾਂਦੇ। ਪਰ ਉਸ ਦੇ ਮੁਕਾਬਲੇ ਕੁੰਦਨ ਬਹੁਤ ਇਕੱਲਾ ਸੀ। ਮਿਡਲਸੈਕਸ ਦੇ ਜ਼ਮਾਨੇ ਨਾਲੋਂ ਵੀ ਇਕੱਲਾ। ਮਿਡਲਸੈਕਸ ਵਿੱਚ ਤਾਂ ਕਈ ਪੁਰਾਣੇ ਦੋਸਤ ਸਨ ਪਰ ਇਥੇ ਕੋਈ ਦੋਸਤ ਨਹੀਂ ਸੀ। ਜਿਹੜੇ ਸਨ ਵੀ ਉਹਨਾਂ ਸਭ ਨਾਲ ਲੜ ਚੁੱਕਾ ਸੀ। ਅਕੈਡਮੀ ਕਦੋਂ ਦੀ ਬੰਦ ਕਰ ਦਿਤੀ ਹੋਈ ਸੀ। ਮਿਡਲਸੈਕਸ ਦੇ ਪੁਰਾਣੇ ਦੋਸਤਾਂ ਨੂੰ ਫੋਨ ਕਰ ਕਰ ਕੇ ਵਕਤ ਪਾਸ ਕਰਨ ਦੀ ਕੋਸ਼ਿਸ਼ ਕਰਦਾ। ਵੈਸੇ ਉਸ ਨੂੰ ਮਿਲਣ ਨਾ ਆਉਂਦਾ ਸਾਰਾ ਦਿਨ ਘਰ ਇਕੱਲਾ ਘਰ ਬੈਠਾ ਰਹਿੰਦਾ। ਕਈ ਵਾਰ ਉਸ ਨੂੰ ਲੱਗਦਾ ਜਿਵੇਂ ਕਰਨ ਲਈ ਕੁਝ ਬਚਿਆ ਹੀ ਨਾ ਹੋਵੇ। ਕਈ ਵਾਰ ਇਹ ਵੀ ਸੋਚਦਾ ਕਿ ਉਹ ਤਾਂ ਮੁਫਤ ਵਿੱਚ ਹੀ ਜਗਾਹ ਘੇਰੀ ਬੈਠਾ ਹੈ, ਜੇ ਉਹ ਨਾ ਵੀ ਹੋਵੇ ਤਾਂ ਦੁਨੀਆਂ ਨੂੰ ਕੋਈ ਫਰਕ ਨਹੀਂ ਪੈਣ ਲੱਗਾ।

ਜੋਗੇਂਦਰ ਨਾਲ ਕਦੇ ਕਦੇ ਫੋਨ ਉਪਰ ਗੱਲ ਹੋ ਜਾਂਦੀ। ਉਹ ਵੀ ਹੁਣ ਆਪਣੇ ਆਪ ਨੂੰ ਵੱਡਿਆਂ ਜੋੜਾਂ ਵਿੱਚ ਸਮਝਣ ਲੱਗ ਪਿਆ ਸੀ। ਇਹਨਾਂ ਦਿਨਾਂ ਵਿੱਚ ਹੀ ਸੁੱਚੇ ਅਜ਼ਾਦ ਦੀਆਂ ਕਹਾਣੀਆਂ ਦੀ ਕਿਤਾਬ ਉਪਰ ਪ੍ਰੋਗਰਾਮ ਹੋਣ ਜਾ ਰਿਹਾ ਸੀ, ਜਿਥੇ ਜੋਗੇਂਦਰ ਨੇ ਪਰਚਾ ਪੜ੍ਹਨਾ ਸੀ। ਕੁੰਦਨ ਨੇ ਮਨ ਬਣਾ ਲਿਆ ਕਿ ਉਸ ਪ੍ਰੋਗਰਾਮ ਵਿੱਚ ਜਾਵੇਗਾ ਤੇ ਜੋਗੇਂਦਰ ਦੇ ਪਰਚੇ ਦੀਆਂ ਰੱਜ ਕੇ ਧੱਜੀਆਂ ਉਡਾਵੇਗਾ। ਹੁਣ ਵਕਤ ਆ ਗਿਆ ਸੀ ਕਿ ਜੋਗੇਂਦਰ ਨਾਲ ਇਕ ਸ਼ਰੀਕ ਵਾਲਾ ਵਿਵਹਾਰ ਹੋਣਾ ਚਾਹੀਦਾ ਸੀ।

ਪ੍ਰੋਗਰਾਮ ਹੋਇਆ। ਜੋਗੇਂਦਰ ਨੇ ਪਰਚਾ ਪੜ੍ਹਿਆ। ਕੁੰਦਨ ਨੇ ਪਰਚੇ 'ਤੇ ਬੋਲਦਿਆਂ ਕਿਹਾ ਕਿ ਇਹ ਬਹੁਤ ਹੀ ਕਮਜ਼ੋਰ ਪਰਚਾ ਹੈ। ਜੋਗੇਂਦਰ ਨੂੰ ਪਰਚਾ ਨਹੀਂ ਲਿਖਣਾ ਆਉਂਦਾ, ਪਰਚੇ ਲਿਖਣਾ ਉਸ ਦਾ ਕੰਮ ਨਹੀਂ। ਉਸ ਨੂੰ ਚਾਹੀਦਾ ਹੈ ਕਿ ਉਹ ਨਾਵਲ ਲਿਖੇ।

ਜਵਾਬ ਦਿੰਦਿਆਂ ਜੋਗੇਂਦਰ ਨੇ ਕਿਹਾ ਕਿ ਕੁੰਦਨ ਸਾਹਿਬ ਦੀ ਗੱਲ ਬਿਲਕੁਲ ਸਹੀ ਹੈ। ਪਰਚੇ ਲਿਖਣਾ ਤਾਂ ਡਾਕਟਰ ਕੁੰਦਨ ਦਾ ਕੰਮ ਹੈ ਤੇ ਉਹ ਆਪ ਇਕ ਕਰੀਏਟਿਵ ਲੇਖਕ ਹੈ, ਉਸ ਦਾ ਕੰਮ ਤਾਂ ਨਾਵਲ ਲਿਖਣਾ ਹੀ ਹੈ। ਅੱਜ ਤੋਂ ਬਾਅਦ ਉਹ ਪਰਚੇ ਲਿਖਣ ਦਾ ਕੰਮ ਕੁੰਦਨ 'ਤੇ ਛੱਡਦਾ ਹੈ ਤੇ ਪਰਚੇ ਲਿਖਣੇ ਡਾਕਟਰ ਸਾਹਿਬ ਨੂੰ ਮੁਬਾਰਕ। ਇਸ ਗੱਲ ਉਪਰ ਵੀ ਕੁੰਦਨ ਪਿੱਟ ਉਠਿਆ ਕਿਉਂਕਿ ਜੋਗੇਂਦਰ ਨੇ ਉਸ ਨੂੰ ਇਕ ਪਰਚਾਕਾਰ ਤਕ ਸੀਮਤ ਕਰ ਦਿਤਾ ਸੀ।

ਅਗਲੇ ਹਫਤੇ ਹੀ 'ਪੰਜਾਬ ਨਿਊਜ਼' ਵਿੱਚ ਬਰਮੀਘੰਮ ਦੇ ਲੇਖਕ ਰਮੇਸ਼ ਚਿੰਤਕ ਨੇ ਕੁੰਦਨ ਬਾਰੇ ਲਿਖਦਿਆਂ ਇਕ ਟਿੱਪਣੀ ਕਰ ਦਿਤੀ; 'ਸਿੰਬਲਾ ਤੂੰ ਗੁਮਾਨ ਨਾ ਕਰੀਂ, ਫਲ਼ ਛੋਟਿਆਂ ਰੁੱਖਾਂ ਨੂੰ ਲਗਦੇ!' ਕੁੰਦਨ ਨੂੰ ਇਸ ਦਾ ਪਤਾ ਚਲਿਆ ਤਾਂ ਉਹ ਕਈ ਦਿਨ ਅੰਦਰੋ ਅੰਦਰ ਰਿਝਦਾ ਰਿਹਾ।

ਇਕ ਵਾਰ ਫਿਰ ਕੁੰਦਨ ਤੇ ਜੋਗੇਂਦਰ ਨੇ ਇਕ ਦੂਜੇ ਵਲ ਪਿੱਠਾਂ ਕਰ ਲਈਆਂ। ਕੁਝ ਦਿਨ ਤਾਂ ਕੁੰਦਨ ਬਹੁਤ ਔਖਾ ਰਿਹਾ ਪਰ ਫਿਰ ਠੰਡਾ ਪੈਣ ਲੱਗਾ। ਉਸ ਨੂੰ ਆਸ ਸੀ ਕਿ ਜੋਗੇਂਦਰ ਫੋਨ ਕਰੇਗਾ ਪਰ ਉਸ ਨੇ ਨਾ ਕੀਤਾ। ਕਈ ਹਫਤੇ-ਮਹੀਨੇ ਨਿਕਲ ਗਏ। ਇਕ ਦਿਨ ਦਾਰੂ ਪੀ ਕੇ ਕੁੰਦਨ ਨੇ ਆਪ ਫੋਨ ਕੀਤਾ ਪਰ ਜੋਗੇਂਦਰ ਨੇ ਅਗਿਓਂ ਫੋਨ ਕੱਟ ਦਿਤਾ। ਫਿਰ ਇਵੇਂ ਹੀ ਮਹੀਨਾ ਭਰ ਚੱਲਦਾ ਰਿਹਾ। ਉਹ ਫੋਨ ਕਰਦਾ ਜੋਗੇਂਦਰ ਕੱਟ ਦਿੰਦਾ। ਕਈ ਵਾਰ ਉਸ ਦੇ ਘਰ ਦੇ ਫੋਨ 'ਤੇ ਵੀ ਕਰਦਾ ਤਾਂ ਉਸ ਦੀ ਪਤਨੀ ਕਹਿ ਦਿੰਦੀ ਕਿ ਉਹ ਕੰਮ 'ਤੇ ਹੈ। ਕੁੰਦਨ ਉਸ ਲਈ ਸੁਨੇਹਾ ਛੱਡਦਾ ਪਰ ਜੋਗੇਂਦਰ ਉਸ ਨੂੰ ਅਣਗੌਲਿਆਂ ਕਰ ਛੱਡਦਾ। ਕੋਈ ਛੇ ਮਹੀਨੇ ਬਾਅਦ ਕੁੰਦਨ ਨੇ ਜੋਗੇਂਦਰ ਨੂੰ ਚਿੱਠੀ ਲਿਖੀ। ਚਿੱਠੀ ਵਿੱਚ ਲਿਖਿਆ ਕਿ ਮੈਨੂੰ ਬੇਸ਼ੱਕ ਛੱਡ ਦੇ ਪਰ ਮੇਰਾ ਕਸੂਰ ਦੱਸ ਕੇ ਛੱਡ। ਸਟੇਜ ਤੋਂ ਛੋਟੀਆਂ ਮੋਟੀਆਂ ਝੜਪਾਂ ਵਰ੍ਹਿਆਂ ਦੀ ਦੋਸਤੀ ਨੂੰ ਖਰਾਬ ਨਹੀਂ ਕਰ ਸਕਦੀਆਂ। ਇਹ ਝੜਪਾਂ ਤਾਂ ਸਗੋਂ ਸਿਹਤਵੰਦ ਹੁੰਦੀਆਂ ਹਨ।

ਚਿੱਠੀ ਨੇ ਜੋਗੇਂਦਰ ਨੂੰ ਪਿਘਲਾ ਦਿਤਾ। ਉਸੇ ਸ਼ਾਮ ਉਸ ਨੇ ਕੁੰਦਨ ਨੂੰ ਆਪ ਫੋਨ ਕਰ ਲਿਆ ਤੇ ਕਿਹਾ,

"ਸੌਰੀ ਵੱਡੇ ਭਾਊ, ਮੈਂ ਬਹੁਤ ਬੀਜ਼ੀ ਹੋ ਗਿਆ ਸੀ!"

"ਸਾਲ਼ਿਆ ਬੈਹੜਿਆਂ ਦਿਆ, ਬੀਜ਼ੀ ਹੋ ਗਿਆ ਸੀ? ...ਬੀਜ਼ੀ? ਮਹਾਂਦੇਵ ਦਾ ਘੰਟਾ! ...ਸਿੱਧਾ ਕਹਿ ਕਿ ਰੁੱਸਿਆ ਹੋਇਆ ਸੀ।"

"ਨਹੀਂ ਨਹੀਂ, ਐਸੀ ਕੋਈ ਗੱਲ ਨਹੀਂ।"

"ਗੱਲ ਤਾਂ ਹੈਗੀ ਏ ਪਰ ਭਾਊ ਮੈਂ ਜੇਠੂ, ਮੈਨੂੰ ਇਤਰਾਂ ਹੀ ਕਬੂਲ ਕਰ!"

"ਡਾਕਟਰ ਸਾਬ, ਕਬੂਲ ਕੀਤਾ ਹੋਇਆ ਕਰਕੇ ਤਾਂ ਏਨੀ ਦੇਰ ਦੀ ਨਿਭੀ ਆ ਰਹੀ ਐ!"

"ਆਪਾਂ ਸਮਕਾਲੀ ਲੇਖਕ ਆਂ, ਸਮਕਾਲੀਆਂ ਵਿੱਚ ਇਤਰਾਂ ਦੀਆਂ ਗੱਲਾਂ ਹੋ ਹੀ ਜਾਇਆ ਕਰਦੀਆਂ।"

ਕੁੰਦਨ ਨੇ ਮੋਹ ਨਾਲ ਆਖਿਆ। ਜੋਗੇਂਦਰ ਲਈ ਇਹੋ ਕਾਫੀ ਸੀ ਕਿ ਕੁੰਦਨ ਨੇ ਉਸ ਨੂੰ ਸਮਕਾਲੀ ਤਾਂ ਸਮਝਿਆ। ਕੁੰਦਨ ਨੇ ਫਿਰ ਕਿਹਾ,

"ਆਜਾ ਕਿਸੇ ਦਿਨ, ਦੋਨੇ ਭਾਊ ਦਾਰੂ ਪੀਵਾਂਗੇ, ਮਸਾਲੇਦਾਰ ਲੈਂਬ ਚੌਪ ਬਣਾਊਂ ਨਾਲ।"

ਜੋਗੇਂਦਰ ਦਾ ਵੀ ਦਿਲ ਕਰਦਾ ਸੀ ਕਿ ਉਸ ਨਾਲ ਬੈਠ ਕੇ ਗੱਲਾਂ ਕਰੇ। ਬਹੁਤ ਦਿਨ ਹੋ ਗਏ ਸਨ ਕੋਈ ਭਰਵੀਂ ਸਾਹਿਤਕ ਗੱਲਬਾਤ ਨਹੀਂ ਸੀ ਹੋਈ। ਕੁਝ ਦਿਨਾਂ ਬਾਅਦ ਉਹ ਹੀ ਕੁੰਦਨ ਨੂੰ ਮਿਲਣ ਚਲੇ ਗਿਆ। ਕੁੰਦਨ ਨੂੰ ਉਸ ਦੇ ਆਉਣ 'ਤੇ ਚਾਅ ਚੜ੍ਹ ਗਿਆ। ਉਹ ਭੱਜਿਆ ਫਿਰਨ ਲੱਗਿਆ। ਕਦੇ ਬੋਤਲ ਲਿਆ ਰਿਹਾ ਸੀ, ਕਦੇ ਗਲਾਸ ਧੋ ਰਿਹਾ ਸੀ, ਗੈਸ 'ਤੇ ਬਣਦੇ ਮੀਟ ਦੇ ਗੜ੍ਹਕੇ ਵਿੱਚ ਕੜਛੀ ਫੇਰ ਰਿਹਾ ਸੀ, ਕੌਲੀ ਵਿੱਚ ਸੰਖੀ ਪਾ ਕੇ ਉਸ ਨੂੰ ਸਵਾਦ ਦਿਖਾ ਰਿਹਾ ਸੀ। ਜੋਗੇਂਦਰ ਪੁੱਛਿਆ,

"ਤਲਾਕ ਵਾਲਾ ਕੇਸ ਕਿੱਥੇ ਕੁ ਪੁੱਜਾ?"

"ਬਸ ਇਕ ਦੋ ਤਾਰੀਕਾਂ ਵਿੱਚ ਫੈਸਲਾ ਹੋ ਜਾਣਾ ਏਂ, ਮੈਂ ਚਾਹੁੰਦਾ ਸੀ ਕਿ ਜਿਹੜਾ ਓਹਨੇ ਦੱਸ-ਵੀਹ ਹਜ਼ਾਰ ਪੌਂਡ ਲੈਣਾ ਏ ਲਵੇ ਤੇ ਮੇਰਾ ਖਹਿੜਾ ਛੱਡੇ, ਮੈਂ ਵਕੀਲ ਨੂੰ ਕਿਹਾ ਸੀ ਪਰ ਉਹ ਮੰਨ ਈ ਨਹੀਂ ਰਹੀ।"

"ਲਿਖਣ ਪੜ੍ਹਨ ਦਾ ਕਿੱਦਾਂ ਚੱਲ ਰਿਹਾ?"

"ਕੁਝ ਦਿਲ ਨਹੀਂ ਕਰਦਾ, ਅਸਲ ਗੱਲ ਤਾਂ ਇਹ ਏ ਕਿ ਜੇ ਲੇਖਕ ਨੂੰ ਕੋਈ ਰਿਸਪੌਂਸ ਨਾ ਮਿਲੇ ਤਾਂ ਉਹਦਾ ਦਿਲ ਨਹੀਂ ਕਰਦਾ ਲਿਖਣ ਨੂੰ, ਹੁੰਘਾਰੇ ਬਿਨਾਂ ਲੇਖਕ ਅੰਦਰੋਂ ਮਰ ਜਾਂਦਾ ਏ।"

"ਮੈਂ ਚਾਹੁੰਨਾ ਕਿ ਤੁਸੀਂ ਲਿਖੋ, ਤੁਹਾਡੀ ਸਾਰੀ ਵਿਦਵਤਾ ਜ਼ਾਇਆ ਜਾ ਰਹੀ ਐ, ਕੁਝ ਲਿਖੋਂਗੇ ਤਾਂ ਲੋਕਾਂ ਦੇ ਕੰਮ ਆਏਗਾ।"

ਜੋਗੇਂਦਰ ਨੇ ਕਿਹਾ। ਕੁੰਦਨ ਨੇ ਆਪਣਾ ਪੈੱਗ ਕਾਹਲੀ ਨਾਲ ਪੀਤਾ ਤੇ ਬੋਲਿਆ,

"ਲਿਖਣ ਨੂੰ ਤਾਂ ਮੇਰੇ ਕੋਲ ਬਹੁਤ ਕੁਝ ਏ ਪਰ ਮੈਂ ਮਾੜਾ ਕਦੇ ਨਹੀਂ ਲਿਖਣਾ। ਤੂੰ ਜਾਣਦਾ ਈ ਏਂ, ਸਿਰਫ ਲਿਖਣ ਲਈ ਲਿਖਣਾ ਮੇਰੇ ਲਈ ਗੁਨਾਹ ਏ, ਮੈਂ ਚਾਹੁੰਨਾ ਕਿ ਜੇ ਲਿਖਾਂ ਤਾਂ ਕੁਝ ਵੱਖਰਾ ਲਿਖਾਂ।"

"ਬਿਲਕੁਲ ਡਾਕਟਰ ਸਾਹਿਬ।"

"ਤੂੰ ਯਾਰ ਮੈਨੂੰ ਬੇਸ਼ੱਕ ਡਾਕਟਰ ਨਾ ਕਹਿ, ਸਿਰਫ ਭਾਊ ਕਹਿ ਲੈ। ...ਚੱਲ ਮੈਂ ਤੈਨੂੰ ਏਸ ਮਾਮਲੇ ਵਿਚ ਛੋਟ ਦੇ ਦਿਤੀ।"

ਆਖਕੇ ਕੁੰਦਨ ਨੇ ਉਹਦੇ ਵਲ ਹੱਥ ਵਧਾਇਆ। ਜੋਗੇਂਦਰ ਉਸ ਨਾਲ ਹੱਥ ਮਿਲਾਉਂਦਾ ਬੋਲਿਆ,

"ਠੀਕ ਵੱਡੇ ਭਾਊ, ਪਰ ਤੁਸੀਂ ਮੇਰੇ ਤੋਂ ਹਰ ਪਾਸਿਓਂ ਵੱਡੇ ਓ, ਅਕਲ ਵਿੱਚ ਵੀ, ਲਿਖਣ ਵਿੱਚ ਵੀ।"

ਕੁੰਦਨ ਨੇ ਮੇਜ਼ ਤੋਂ ਸਿਗਰਟਾਂ ਦੀ ਡੱਬੀ ਚੁੱਕ ਕੇ ਇਕ ਸਿਗਰਟ ਸੁਲਘਾ ਲਈ ਤੇ ਕਹਿਣ ਲਗਿਆ,

"ਆਪਾਂ ਏਤਰਾਂ ਕਰੀਏ ਕਿ ਦੋਵੇਂ ਭਰਾ ਇੰਡੀਆ ਦਾ ਚੱਕਰ ਮਾਰੀਏ। ਥਾਂ ਥਾਂ ਪ੍ਰੋਗਰਾਮ ਕਰਾਈਏ, ਸਟੇਜ ਤੋਂ ਮੈਂ ਤੈਨੂੰ ਪੰਜਾਬੀ ਦੇ ਵੱਡੇ ਨਾਵਲਕਾਰ ਦੇ ਤੌਰ ਤੇ ਸਥਾਪਤ ਕਰਾਂਗਾ ਪਰ ਤੈਨੂੰ ਸਟੇਜ ਤੋਂ ਕਹਿਣਾ ਪਵੇਗਾ ਕਿ ਕੁੰਦਨ ਮੇਰੇ ਤੋਂ ਬਹੁਤ ਵੱਡਾ ਨਾਵਲਕਾਰ ਏ।"

"ਬਿਲਕੁਲ ਭਾਊ, ਤੁਸੀਂ ਮੇਰੇ ਤੋਂ ਬਹੁਤ ਵੱਡੇ ਓ, ਮੈਂ ਤਾਂ ਕਿਤੇ ਲਿਖ ਵੀ ਚੁੱਕਿਆਂ।"

"ਸਾਲ਼ਿਆ ਬੈਹੜਿਆਂ ਦਿਆ, ਓਸ ਪ੍ਰੋਗਰਾਮ ਵਾਂਗੂੰ ਕਿਤੇ ਮੈਨੂੰ ਪਰਚਾਕਾਰ ਬਣਾ ਕੇ ਨਾ ਸੁੱਟ ਦੇਈਂ!"

ਆਖਦਾ ਕੁੰਦਨ ਜ਼ੋਰ ਨਾਲ ਹੱਸਿਆ ਤੇ ਫੇਰ ਬੋਲਿਆ,

"ਭਾਊ, ਤੇਰੇ ਬਿਨਾਂ ਇਹ ਗੱਲਾਂ ਮੈਂ ਕਿਸੇ ਨਾਲ ਵੀ ਨਹੀਂ ਕਰ ਸਕਦਾ। ਸਾਰੇ ਪਾਸੇ ਬਾਬੇ ਨਾਨਕ ਵਾਲੀ ਸੁੰਨ ਪਈ ਹੋਈ ਏ, ਅਰਬਦ ਖਰਬਦ ਧੰਧੂਕਾਰਾ! ...ਵੈਸੇ ਬਾਬਾ ਨਾਨਕ ਵੀ ਦੇਖਲਾ ਕੇਡੀ ਵੱਡੀ ਸ਼ੈਅ ਸੀ, ਓਸ ਵੇਲੇ ਵੀ ਸੁੰਨ ਦੀ ਗੱਲ ਕਰਦਾ ਸੀ।"

"ਅਸਲ ਵਿਚ ਇਹ ਜਿਹੜੀ ਸੁੰਨ ਵਾਲੀ ਥਿਊਰੀ ਐ ਇਹ ਬੁੱਧ ਮੱਤ ਵਿੱਚੋਂ ਆਈ ਐ, ਬੁੱਧ ਕਹਿੰਦਾ ਕਿ ਇਹ ਦੁਨੀਆਂ ਇਕ ਸੁੰਨ ਵਿੱਚੋਂ ਅਚਾਨਕ ਬਣੀ ਐ ਤੇ ਇਕ ਦਿਨ ਇਸੇ ਵਿੱਚ ਸਮਾ ਜਾਣੀਂ ਐਂ। ਇਹੋ ਗੱਲ ਅੱਜ ਦੇ ਸਾਇੰਸਦਾਨ ਕਹਿੰਦੇ ਆ।"

"ਸਾਲ਼ਿਆ ਬੈਹੜਿਆਂ ਦਿਆ, ਤੇਰੀ ਤਾਂ ਬੜੀ ਨੌਲਜ ਏ!"

"ਮੈਨੂੰ ਅਸਟ੍ਰਨੌਮੀ ਵਿੱਚ ਬਹੁਤ ਦਿਲਚਸਪੀ ਐ।"

"ਮੈਨੂੰ ਵੀ ਏ, ਮੈਂ ਤਾਂ ਕਦੇ ਕਦੇ ਸੋਚਦਾਂ ਕਿ ਬ੍ਰਹਿਮੰਡ ਬਾਰੇ ਇਕ ਨਾਵਲ ਲਿਖਾਂ ਪਰ ਫਿਰ ਸੋਚਦਾਂ ਕਿ ਸਮਝ ਕੇਹਨੂੰ ਆਊ, ਸਾਰੇ ਸਾਲ਼ੇ ਬੈਹੜਿਆਂ ਦੇ ਸਿਰਾਂ ਦੇ ਖਾਲੀ!"

"ਐਸੀ ਗੱਲ ਨਹੀਂ, ਲੋਕ ਸਮਝਦੇ ਆ, ਅੱਜ ਨਹੀਂ ਤਾਂ ਇਕ ਦਿਨ ਸਮਝਣਗੇ, ਉਦੋਂ ਤੁਹਾਡੀ ਕਦਰ ਵੱਧ ਪਵੇਗੀ।"

"ਯਾਰ, ਅੱਜ ਤਾਂ ਕੋਈ ਮੈਨੂੰ ਪੁੱਛਦਾ ਨਹੀਂ, ਕੱਲ ਨੂੰ ਮੋਇਆਂ ਨੇ ਪੁੱਛਣਾਂ! ...ਜੇ ਕਿਸੇ ਨੇ ਪੁੱਛਿਆ ਵੀ ਤੇ ਜੇ ਮੈਂ ਈ ਨਾ ਹੋਇਆ ਤਾਂ ਮੈਨੂੰ ਕੀ ਫਾਇਦਾ!"

"ਵੈਸੇ ਭਾਊ, ਇਕ ਗੱਲ ਕਹਾਂ, ਤੁਹਾਨੂੰ ਸਿਰਫ ਵਹਿਮ ਐ ਕਿ ਤੁਹਾਨੂੰ ਕੋਈ ਨਹੀਂ ਪੁੱਛਦਾ। ਅੱਜ ਦੀ ਤਰੀਕ ਵਿਚ ਵੀ ਤੁਸੀਂ ਇੰਗਲੈਂਡ ਦੇ ਸਭ ਤੋਂ ਵੱਡੇ ਲੇਖਕ ਓ, ਇੰਗਲੈਂਡ ਦੇ ਹੀ ਨਹੀਂ ਸਮੁੱਚੇ ਪੰਜਾਬੀ ਸਾਹਿਤ ਦੇ ਕੱਦਾਵਾਰ ਲੇਖਕ ਦੇ ਤੌਰ ਤੇ ਜਾਣਾ ਜਾਂਦੇ ਓ।"

"ਨਹੀਂ ਯਾਰ, ਇਹ ਕਾਫੀ ਨਹੀਂ।"

"ਤੇ ਹੋਰ ਤੁਹਾਡੇ 'ਤੇ ਜੀਂਦੇ ਜੀਅ ਚਾਦਰਾਂ ਚੜ੍ਹਨ ਲੱਗ ਪੈਣ!"

ਆਖਦਾ ਹੋਇਆ ਜੋਗੇਂਦਰ ਜ਼ੋਰ ਨਾਲ ਹੱਸਿਆ।

ਅਗਲੇ ਦਿਨ ਉਹ ਚਲੇ ਗਿਆ। ਕੁੰਦਨ ਫਿਰ ਇਕੱਲਾ ਰਹਿ ਗਿਆ ਪਰ ਜੋਗੇਂਦਰ ਦਾ ਆਉਣਾ ਉਸ ਲਈ ਰੂਹ ਦਾ ਰੱਜ ਸੀ। ਕੁੰਦਨ ਦਾ ਦਿਲ ਕਰਦਾ ਕਿ ਇਹ ਘਰ ਇਥੋਂ ਵੇਚ ਕੇ ਵਾਪਸ ਲੰਡਨ ਚਲੇ ਜਾਵੇ। ਲੰਡਨ ਹੋਰ ਵੀ ਬਹੁਤ ਸਾਰੇ ਪੁਰਾਣੇ ਦੋਸਤ ਸਨ ਜਿਹਨਾਂ ਨਾਲ ਉਹ ਦਿਲ ਦੀਆਂ ਗੱਲਾਂ ਕਰ ਸਕਦਾ ਸੀ; ਬਨਫੂਲ, ਰੇਸ਼ਮ ਸਮੁੰਦਰੀ, ਰਾਜਾ ਰਾਮ, ਨਾਇਬ ਸਿੱਧੂ, ਰਸ਼ਪਾਲ, ਸੁੱਚਾ ਅਜ਼ਾਦ ਬਗੈਰਾ। ਲੰਡਨ ਵਿੱਚ ਲੇਖਕ ਵੀ ਸਨ। ਮਨ ਦੀ ਮੌਜ ਲਈ ਹੋਰ ਵੀ ਬਹੁਤ ਕੁਝ ਸੀ; ਡਰਾਮੇ, ਨੁਮਾਇਸ਼ਾਂ, ਆਰਟ ਗੈਲਰੀਆਂ, ਕਦੇ ਦਿਲ ਕਰੇ ਤਾਂ ਸਟ੍ਰਿਪਟੀਜ਼ ਵੀ। ਵਿਲਨਹਾਲ ਤਾਂ ਉਜਾੜ ਸੀ। ਲੰਡਨ ਛੱਡ ਕੇ ਉਸ ਨੇ ਬਹੁਤ ਵੱਡੀ ਗਲਤੀ ਕਰ ਲਈ ਸੀ। ਵਿਲਨਹਾਲ ਵਿੱਚ ਤਾਂ ਸਾਰੇ ਹੀ ਉਸ ਤੋਂ ਤਿੜੇ ਬੈਠੇ ਸਨ। ਕੁੰਦਨ ਨੂੰ ਵੀ ਉਹਨਾਂ ਨਾਲ ਨਫਰਤ ਸੀ। ਉਹ ਕਿਸੇ ਨਾਲ ਵੀ ਸੁਲਾਹ ਨਹੀਂ ਸੀ ਕਰਨੀ ਚਾਹੁੰਦਾ।...

ਉਸ ਦਿਨ ਵਾਹਵਾ ਸਾਰੀ ਧੁੱਪ ਨਿਕਲੀ। ਉਸ ਦੇ ਉਠਦਿਆਂ ਹੀ ਸੂਰਜ ਪਰਦਿਆਂ ਦੀਆਂ ਵਿਰਲਾਂ ਵਿੱਚ ਦੀ ਝਾਕ ਰਿਹਾ ਸੀ। ਉਹ ਉਠ ਕੇ ਹੇਠਾਂ ਆ ਗਿਆ। ਚਾਹ ਦਾ ਕੱਪ ਪੀਂਦਿਆਂ ਹੀ ਉਸ ਦਾ ਦਿਲ ਕੀਤਾ ਕਿ ਕਿਧਰੇ ਘੁੰਮ ਕੇ ਆਵੇ। ਟਾਊਨ ਸੈਂਟਰ ਚਲੇ ਜਾਵੇ, ਜਾਂ ਕਿਸੇ ਸਮੁੰਦਰ ਦੇ ਕਿਨਾਰੇ ਹੀ ਦਿਨ ਬਿਤਾ ਆਵੇ। ਫਿਰ ਸੋਚਣ ਲੱਗਿਆ ਕਿ ਇੱਕਲਾ ਉਹ ਕਿਥੇ ਜਾਵੇਗਾ। ਛੁੱਟੀਆਂ ਵਿੱਚ ਅਕਸਰ ਕੁਮਿਨਟੀ ਬੱਸ ਲੋਕਾਂ ਨੂੰ ਕਿਧਰੇ ਦੂਰ ਘੁਮਾਉਣ ਲੈ ਜਾਇਆ ਕਰਦੀ ਹੈ ਪਰ ਅੱਜ ਤਾਂ ਚਲਦੇ ਹਫਤੇ ਦਾ ਦਿਨ ਸੀ, ਕਿਥੇ ਜਾਣਾ ਸੀ। ਉਸ ਨੇ ਨਾਸ਼ਤਾ ਕੀਤਾ ਤੇ ਤਿਆਰ ਹੋਣ ਲੱਗਿਆ। ਉਹ ਘਰੋਂ ਬਾਹਰ ਨਿਕਲ ਆਇਆ। ਘਰ ਦੇ ਨਜ਼ਦੀਕ ਹੀ ਇਕ ਪਾਰਕ ਸੀ। ਪਾਰਕ ਵਿੱਚ ਭਾਂਤ ਭਾਂਤ ਦੇ ਫੁੱਲ ਵੀ ਖਿੜੇ ਹੋਏ ਸਨ। ਅਜਿਹੇ ਮੌਸਮ ਵਿੱਚ ਉਥੇ ਬਹੁਤ ਸਾਰੇ ਲੋਕ ਹੋਇਆ ਕਰਦੇ ਸਨ। ਪੰਜਾਬੀ ਲੋਕਾਂ ਦਾ ਇਕ ਟੋਲਾ ਵੀ ਹਰ ਵੇਲੇ ਬੈਠਾ ਰਹਿੰਦਾ ਸੀ। ਲੋਕ ਤਾਸ਼ ਖੇਡ ਰਹੇ ਹੁੰਦੇ, ਗੱਪਾਂ ਮਾਰਦੇ, ਲਤੀਫੇ ਸੁਣਾਉਂਦੇ ਹੁੰਦੇ। ਉਸ ਦਾ ਦਿਲ ਕੀਤਾ ਕਿ ਕਿਉਂ ਨਾ ਕਿਸੇ ਅਜਿਹੇ ਟੋਲੇ ਵਿੱਚ ਹੀ ਜਾ ਬੈਠੇ। ਉਹ ਤੁਰਦਾ ਹੋਇਆ ਪਾਰਕ ਵਿੱਚ ਆ ਗਿਆ। ਖਿੜੇ ਹੋਏ ਮੌਸਮ ਨੇ ਉਸ ਦਾ ਮਨ ਵੀ ਖਿੜਨ ਲਾ ਦਿਤਾ ਸੀ। ਉਹ ਸੋਚਣ ਲਗਿਆ ਕਿ ਵਧੀਆ ਮੌਸਮ ਬੰਦੇ ਦੇ ਮਨ ਉਪਰ ਕਿਵੇਂ ਅਸਰ ਕਰਦਾ ਹੈ। ਉਹ ਪਾਰਕ ਵਿੱਚ ਤਾਂ ਪਹਿਲਾਂ ਵੀ ਕਦੇ ਕਦੇ ਆ ਜਾਂਦਾ ਸੀ ਪਰ ਕੁਝ ਦੇਰ ਲਈ ਹੀ। ਉਸ ਨੇ ਪਾਰਕ ਦਾ ਗੇੜਾ ਕੱਢਿਆ। ਧੁੱਪ ਸਵਾਦਲੀ ਸੀ। ਇਕ ਵਾਰ ਤਾਂ ਉਸ ਦਾ ਦਿਲ ਕੀਤਾ ਕਿ ਗੋਰਿਆਂ ਵਾਂਗ ਹੀ ਉਹ ਵੀ ਕਮੀਜ਼ ਉਤਾਰ ਕੇ ਬੈਠ ਜਾਵੇ। ਕੁਝ ਦੇਰ ਲਈ ਉਹ ਇਕ ਬੈਂਚ 'ਤੇ ਬੈਠ ਗਿਆ। ਫਿਰ ਉਸ ਨੂੰ ਦੂਰੋਂ ਕਿਸੇ ਦੇ ਹੱਸਣ ਦੀ ਆਵਾਜ਼ ਆਈ। ਉਸ ਨੇ ਦੇਖਿਆ ਕਿ ਨਿੱਤ ਵਾਂਗ ਪੰਜਾਬੀ ਬੁਜ਼ਰਗਾਂ ਦਾ ਟੋਲਾ ਬੈਠਾ ਸੀ। ਉਹ ਉਠ ਕੇ ਉਹਨਾਂ ਵਲ ਤੁਰ ਪਿਆ। ਉਹਨਾਂ ਕੋਲ ਜਾ ਕੇ ਖੜ ਗਿਆ। ਓਪਰੇ ਬੰਦੇ ਨੂੰ ਦੇਖ ਕੇ ਉਹ ਜ਼ਰਾ ਕੁ ਝਿਜਕੇ ਤਾਂ ਕੁੰਦਨ ਨੇ ਸਭ ਨੂੰ ਸਤਿ ਸ੍ਰੀ ਅਕਾਲ ਬੁਲਾ ਦਿਤੀ। ਇਕ ਬੰਦਾ ਬੋਲਿਆ,

"ਭਾਈ, ਤੈਨੂੰ ਦੇਖਿਆ ਤਾਂ ਕਈ ਵਾਰ ਐ ਪਾਰਕ ਵਿੱਚ ਪਰ ਸਾਡੇ ਵੱਲ ਨਹੀਂ ਕਦੇ ਆਇਆ।"

"ਤੁਸੀਂ ਠੀਕ ਕਿਹਾ, ਮੈਂ ਏਧਰ ਨਹੀਂ ਆਇਆ, ਵੈਸੇ ਮੇਰਾ ਨਾਂ ਡਾਕਟਰ ਕੁੰਦਨ ਸਿੰਘ ਕੁੰਦਨ ਏ।"

"ਅੱਛਾ, ਕਿਹੜੀ ਸਰਜਰੀ ਵਿੱਚ ਕੰਮ ਕਰਦੇ ਓ?"

"ਓ ਭਾਊ, ਮੈਂ ਸਰਜਰੀ ਵਾਲਾ ਡਾਕਟਰ ਨਹੀਂ।"

"ਫੇਰ ਤੂੰ ਹਕੀਮ ਐਂ?"

ਕਿਸੇ ਹੋਰ ਨੇ ਪੁੱਛਿਆ ਤੇ ਸਾਰੇ ਹੀ ਹੱਸ ਪਏ। ਕੁੰਦਨ ਝੂਠਾ ਜਿਹਾ ਪੈਂਦਾ ਬੋਲਿਆ,

"ਇਹ ਡਾਕਟਰੀ ਹੋਰ ਤਰ੍ਹਾਂ ਦੀ ਹੁੰਦੀ ਏ, ਕਿਤਾਬਾਂ ਦੀ ਡਾਕਟਰੀ।"

"ਤੂੰ ਕਿਤਾਬਾਂ ਦੇ ਟੀਕੇ ਲਾਉਂਨਾ?"

ਗੰਜੇ ਜਿਹੇ ਬੰਦੇ ਦੇ ਕਹਿਣ 'ਤੇ ਇਕ ਵਾਰ ਫਿਰ ਹਾਸਾ ਖਿੰਡਰ ਗਿਆ। ਕੁੰਦਨ ਸੋਚਣ ਲੱਗਿਆ ਕਿ ਇਹਨਾਂ ਦੀ ਤਸੱਲੀ ਕਿਵੇਂ ਕਰਾਈ ਜਾਵੇ। ਉਸ ਨੇ ਫੇਰ ਕਿਹਾ,

"ਦਵਾਈਆਂ ਦੇਣ ਵਾਲੇ ਹੀ ਡਾਕਟਰ ਨਹੀਂ ਹੁੰਦੇ, ਹੋਰ ਵੀ ਕਈ ਕਿਸਮ ਦੇ ਹੁੰਦੇ ਨੇ, ਜਿਵੇਂ ਕਿ...।"

ਕਤਰੀ ਦਾਹੜੀ ਵਾਲਾ ਉਸ ਦੀ ਗੱਲ ਕੱਟਦਾ ਆਖਣ ਲੱਗਿਆ,

"ਗੱਲ ਤੇਰੀ ਠੀਕ ਆ ਭਾਈ, ਸਾਡਾ ਆਹ ਮਲਕੀਤੂ ਵੀ ਡਾਕਟਰ ਆ, ਏਹ ਮੱਝਾਂ ਲੁਆਉਣ ਦਾ ਡਾਕਟਰ ਹੁੰਦਾ ਸੀ ਇੰਡੀਆ ਵਿੱਚ! ਤੇ ਔਹ ਬਾਬਾ ਬੰਤਾ ਉਂਗਲ ਨਾਲ ਦੱਸ ਦਿੰਦਾ ਸੀ ਕਿ ਕੁਕੜੀ ਆਂਡਾ ਦੇਊ ਕਿ ਨਹੀਂ!"

ਸਾਰੇ ਹੱਸਣ ਲੱਗੇ। ਕੁੰਦਨ ਰੋਣ ਹਾਕਾ ਹੋ ਕੇ ਉਥੋਂ ਤੁਰ ਪਿਆ। ਪਿੱਛਿਓਂ ਕਿਸੇ ਨੇ ਵਿਅੰਗ ਕੱਸਿਆ,

"ਓ ਭਾਈ, ਦੱਸ ਤਾਂ ਜਾਹ ਤੂੰ ਕਾਹਦਾ ਡਾਕਟਰ ਐਂ!"

45-ਪਰਿਵਾਰ

ਪਾਇਲ ਆਈ ਤੇ ਚਾਰ ਦਿਨ ਕੁੰਦਨ ਕੋਲ ਰਹੀ। ਕੁੰਦਨ ਨੇ ਕਿਹਾ,

"ਇਹ ਅਮਰਜੋਤ ਬਹੁਤ ਹੀ ਬੇਵਕੂਫ ਮੁੰਡਾ ਏ, ਮੈਂ ਏਹਦੇ ਲਈ ਕੁਝ ਵੀ ਨਹੀਂ ਛੱਡ ਕੇ ਜਾਣਾ, ਸਭ ਤੈਨੂੰ ਦੇ ਜਾਣਾ ਏਂ।"

"ਸੱਚ ਡੈਡ, ਅਮਰਜੋਤ ਤਾਂ ਜਿਵੇਂ ਮੈਡ ਹੋ ਗਿਆ ਹੋਵੇ, ਮੇਰੇ ਨਾਲ ਬਹੁਤ ਲੜਦਾ ਐ, ਕਹਿੰਦਾ ਤੂੰ ਡੈਡ ਨੂੰ ਮੇਰੇ ਖਿਲਾਫ ਚੁੱਕਦੀ ਐਂ।"

"ਇਕ ਵਾਰ ਨਈਂ ਪੁੱਛਿਆ ਕਿ ਮੋਹਣੀ ਨਾਲ ਮੁਕੱਦਮੇ ਦਾ ਕੀ ਬਣਿਆਂ, ਓਹਦੇ ਲਈ ਤਾਂ ਜਿਤਰਾਂ ਮੈਂ ਹੁੰਦਾ ਹੀ ਨਹੀਂ! ...ਜੇ ਕਦੇ ਫੋਨ ਕਰੇਗਾ ਤਾਂ ਕੋਈ ਨਾ ਕੋਈ ਮਿਹਣਾ ਮਾਰ ਕੇ ਦਿਲ ਦੁਖਾ ਜਾਵੇਗਾ!"

"ਕੋਈ ਗੱਲ ਨਹੀਂ ਡੈਡ, ਉਹ ਹੈ ਈ ਅਜਿਹਾ ਪਰ ਵਿੱਕੀ ਬਹੁਤ ਪਿਆਰ ਬੱਚਾ ਐ, ਮੇਰਾ ਤਾਂ ਬਹੁਤ ਪਿਆਰ ਕਰਦਾ ਐ, ਪੂਆ ਜੀ, ਪੂਆ ਜੀ ਕਰਦਾ ਮੇਰੇ ਮਗਰ ਫਿਰਦੈ, ਫੋਨ ਵੀ ਕਰਦਾ ਰਹਿੰਦਾ।"

"ਇਹ ਤਾਂ ਸਰਬੀ ਦੀ ਅਕਲ ਏ, ਅਮਰਜੋਤ ਦੀ ਨਹੀਂ।"

ਜਦ ਵੀ ਵਕਤ ਮਿਲਦਾ ਉਹ ਅਮਰਜੋਤ ਦਾ ਤਵਾ ਲਾਉਣ ਬੈਠ ਜਾਂਦਾ। ਅਸਲ ਵਿੱਚ ਹੁਣ ਮੋਹਣੀ ਨਾਲ ਤਾਲਾਕ ਦੇ ਮੁਕੱਦਮੇ ਦੀ ਤਾਰੀਕ ਆ ਗਈ ਸੀ। ਕੁੰਦਨ ਡਰਨ ਲੱਗਿਆ ਸੀ ਕਿ ਕਿਤੇ ਉਹ ਅੱਧ ਹੀ ਨਾ ਲੈ ਜਾਵੇ। ਉਹ ਚਾਹੁੰਦਾ ਸੀ ਕਿ ਜੇ ਘਰ ਬਚ ਜਾਵੇ ਤਾਂ ਉਹ ਦਿੱਲੀ ਵਾਲਾ ਫਲੈਟ ਵੀ ਵੇਚ ਦੇਵੇ ਤੇ ਮੁੜ ਕੇ ਲੰਡਨ ਘਰ ਲੈ ਲਵੇ। ਫਿਰ ਉਸ ਕੋਲ ਬੰਬਈ ਵਾਲਾ ਫਲੈਟ ਹਾਲੇ ਹੋਰ ਬਚਦਾ ਸੀ। ਉਸ ਦੀ ਕੀਮਤ ਵੀ ਹੁਣ ਕਾਫੀ ਵੱਧ ਚੁੱਕੀ ਸੀ।

ਮੁੱਕਦਮੇ ਦੇ ਫੈਸਲੇ ਦੀ ਤਾਰੀਕ ਸੀ। ਕੁੰਦਨ ਜ਼ਰਾ ਕੁ ਨਰਵਿਸ ਸੀ। ਜੋਗੇਂਦਰ ਦਾ ਰਾਤੀਂ ਫੋਨ ਆਇਆ ਤੇ ਇਸ ਬਾਰੇ ਕਾਫੀ ਦੇਰ ਤਕ ਪੁੱਛਦਾ ਰਿਹਾ ਸੀ। ਉਸ ਨੂੰ ਦੁੱਖ ਸੀ ਕਿ ਅਮਰਜੋਤ ਨੇ ਇਸ ਮਾਮਲੇ ਵਿੱਚ ਇਕ ਵਾਰ ਵੀ ਫੋਨ ਨਹੀਂ ਸੀ ਕੀਤਾ। ਉਸ ਦਾ ਵਕੀਲ ਕਹਿ ਰਿਹਾ ਸੀ ਕਿ ਦਿੱਲੀ ਵਾਲਾ ਫਲੈਟ ਤੇ ਇਥੇ ਵਾਲਾ ਘਰ ਇਕ ਜਗਾਹ ਉਪਰ ਰੱਖ ਕੇ ਫੈਸਲਾ ਹੋਵੇਗਾ। ਇਸ ਸਾਰੇ ਵਿੱਚੋਂ ਜੱਜ ਆਪਣੀ ਮਰਜ਼ੀ ਨਾਲ ਹਿੱਸਾ ਪਾਵੇਗਾ। ਇਹੋ ਕੁਝ ਹੀ ਹੋਇਆ। ਜੱਜ ਨੇ ਦੋਨਾਂ ਜਾਇਦਾਦਾਂ ਨੂੰ ਇਕ ਥਾਂ ਰੱਖ ਕੇ ਅੱਧੋ ਅੱਧ ਕਰ ਦਿਤਾ। ਕੁੰਦਨ ਨੂੰ ਨੱਬੇ ਹਜ਼ਾਰ ਪੌਂਡ ਮੋਹਣੀ ਨੂੰ ਦੇਣ ਦੇ ਆ੍ਰਡਰ ਹੋ ਗਏ। ਉਹ ਤੜਫਦਾ ਹੋਇਆ ਵਕੀਲ ਨਾਲ ਲੜਨ ਲੱਗਿਆ। ਵਕੀਲ ਬੋਲਿਆ,

"ਮਿਸਟਰ ਕੁੰਦਨ, ਵੀਹ ਸਾਲ ਦੀ ਤੇਰੀ ਪਤਨੀ ਤੇਰੀ ਹਰ ਚੀਜ਼ ਉਪਰ ਬਰਾਬਰ ਦੀ ਹੱਕਦਾਰ ਬਣਦੀ ਏ, ਅੱਧ ਲੈਜਾਣਾ ਹੀ ਸੀ ਉਸ ਨੇ ਪਰ ਸ਼ੁਕਰ ਕਰ ਕਿ ਤੇਰੀਆਂ ਇਹਨਾਂ ਦੋਨਾਂ ਜਾਇਦਾਦਾਂ ਦੀ ਕੀਮਤ ਜੱਜ ਦੀ ਪਾਈ ਕੀਮਤ ਤੋਂ ਕਿਤੇ ਵੱਧ ਏ।"

"ਨਹੀਂ, ਵੱਧ ਨਹੀਂ ਸਗੋਂ ਘੱਟ ਹੋਵੇਗੀ।"

"ਇਹ ਤਾਂ ਜਿਹੜੀ ਤੂੰ ਕੀਮਤ ਕੋਰਟ ਨੂੰ ਦੱਸੀ ਏ ਉਸ ਦੇ ਹਿਸਾਬ ਨਾਲ ਈ ਫੈਸਲਾ ਹੋਇਆ ਏ, ਤੂੰ ਕਿਹਾ ਸੀ ਕਿ ਫਲੈਟ ਚਾਲੀ ਹਜ਼ਾਰ ਪੌਂਡ ਦਾ ਹੋਵੇਗਾ ਤੇ ਇਹ ਘਰ ਡੇੜ ਲੱਖ ਪੌਂਡ ਦਾ, ਸੋ ਕੁਲ ਹੋਇਆ ਇਕ ਨੱਬੇ। ਉਹਦੇ ਵਿਚੋਂ ਦਸ ਹਜ਼ਾਰ ਪੌਂਡ ਤੇਰਾ ਖਰਚ ਤੇ ਬਾਕੀ ਦੇ ਇਕ ਅੱਸੀ ਨੂੰ ਜੱਜ ਨੇ ਅੱਧੋ ਅੱਧ ਕਰ ਦਿਤਾ। ਹੁਣ ਦੋਵੇਂ ਘਰ ਤੇਰੇ ਤੇ ਤੂੰ ਜਿਵੇਂ ਵੀ ਹੋਵੇ ਨੱਬੇ ਹਜ਼ਾਰ ਮੋਹਣੀ ਨੂੰ ਦੇਣਾ ਹੋਵੇਗਾ।"

ਕੁੰਦਨ ਨੇ ਘਰ ਆ ਕੇ ਦਿੱਲੀ ਆਪਣੇ ਪੁਰਾਣੇ ਦੋਸਤ ਕੁਲਵੰਤ ਨੂੰ ਫੋਨ ਕੀਤਾ ਜਿਹੜਾ ਉਸ ਦੇ ਹੇਠਲੇ ਫਲੈਟ ਵਿੱਚ ਰਹਿੰਦਾ ਸੀ। ਉਸ ਨੂੰ ਸਾਰੀ ਸਥਿਤੀ ਦਸਦਿਆਂ ਕਿਹਾ,

"ਹੁਣ ਇਹ ਫਲੈਟ ਆਪਾਂ ਵੇਚਣਾਂ, ਮੈਨੂੰ ਅਥੌਰਟੀ ਲੈਟਰ ਮਿਲ ਗਈ ਏ, ਜਲਦੀ ਕੀਮਤ ਦਾ ਪਤਾ ਕਰ।"

"ਮੇਰਾ ਅੰਦਾਜ਼ਾ ਏ ਕਿ ਪੌਂਡਾਂ ਵਿੱਚ ਪਾਈਏ ਤਾਂ ਕੀਮਤ ਹੋਵੇਗੀ; ਸੱਠ ਹਜ਼ਾਰ ਪੌਂਡ!"

"ਏਹਦਾ ਮਤਲਬ, ਆਪਾਂ ਬਹੁਤਾ ਨਹੀਂ ਗਵਾਇਆ, ਜੇ ਸੱਠ ਦਾ ਇਹ ਵਿਕ ਗਿਆ ਤਾਂ ਤੇ ਤੀਹ ਦੇਣਾ ਮੈਨੂੰ ਦੁਖਣਾ ਨਹੀਂ, ਏਨੇ ਕੁ ਦਾ ਮੇਰਾ ਬੰਬਈ ਵਾਲਾ ਫਲੈਟ ਹੋ ਗਿਆ ਹੋਣਾਂ ਏਂ।"

ਕੁੰਦਨ ਉਸ ਨਾਲ ਗੱਲ ਕਰਦਾ ਕਰਦਾ ਆਪਣੇ ਆਪ ਨਾਲ ਵੀ ਸਲਾਹਾਂ ਕਰੀ ਜਾ ਰਿਹਾ ਸੀ। ਇਸ ਦਾ ਮਤਲਬ ਸੀ ਕਿ ਉਸ ਦਾ ਘਰ ਬਚ ਜਾਵੇਗਾ, ਵੇਚਣਾ ਨਹੀਂ ਪਵੇਗਾ। ਜੋਗੇਂਦਰ ਨੇ ਮੁਕੱਦਮੇ ਦਾ ਨਤੀਜਾ ਜਾਣਨ ਲਈ ਫੋਨ ਕੀਤਾ ਤਾਂ ਕੁੰਦਨ ਬੋਲਿਆ,

"ਤੇਰਾ ਭਾਊ ਘਾਟੇ ਵਿੱਚ ਨਹੀਂ ਪਰ ਤੂੰ ਮੋਹਣੀ ਨੂੰ ਫੋਨ ਕਰ ਕੇ ਪੁੱਛ ਕਿ ਨੱਬੇ ਹਜ਼ਾਰ ਤਾਂ ਲੈ ਰਹੀ ਏਂ ਪਰ ਮੇਰੇ ਨਾਲ ਨੱਬੇ ਵਾਰ ਸੁੱਤੀ ਵੀ ਏਂ? ਸੁੱਤੀ ਤਾਂ ਉਹ ਮੇਰੇ ਨਾਲ ਨੌਂ ਵਾਰ ਵੀ ਨਹੀਂ ਹੋਣੀਂ।"...

ਜੋਗੇਂਦਰ ਦੇ ਮੋਹਣੀ ਨਾਲ ਵੀ ਸਬੰਧ ਬਹੁਤ ਚੰਗੇ ਸਨ। ਹਾਸਾ-ਮਜ਼ਾਕ ਵੀ ਚੱਲਦਾ। ਉਹ ਕਦੇ ਕਦੇ ਉਸ ਨੂੰ ਭਰਜਾਈ ਕਹਿ ਕੇ ਵੀ ਬੁਲਾਉਂਦਾ। ਮੋਹਣੀ ਦੀ ਸਿਹਤ ਬਹੁਤੀ ਵਧੀਆ ਨਹੀਂ ਸੀ। ਉਹ ਗਠੀਏ ਦੀ ਮਰੀਜ਼ ਸੀ, ਸਾਰੇ ਜੋੜਾਂ ਵਿੱਚ ਦਰਦਾਂ ਹੁੰਦੀਆਂ ਰਹਿੰਦੀਆਂ ਸਨ। ਉਂਗਲਾਂ ਏਨੀਆਂ ਆਕੜ ਜਾਂਦੀਆਂ ਕਿ ਕੁਝ ਲਿਖਿਆ ਹੀ ਨਾ ਜਾਂਦਾ। ਇਕ ਗੱਲ ਸੀ ਕਿ ਕੁੰਦਨ ਤੋਂ ਅਲਹਿਦਾ ਹੋ ਕੇ ਉਸ ਦਾ ਡਿਪਰੈਸ਼ਨ ਠੀਕ ਹੋ ਗਿਆ ਸੀ। ਕਾਟਵੇਂ ਆਰਥਰਾਈਟਸ ਹੋਣ ਬਾਵਜੂਦ ਮੋਹਣੀ ਹਰ ਸਾਹਿਤਕ ਸਮਾਗਮ ਵਿੱਚ ਜਾਂਦੀ ਤੇ ਕਈ ਥਾਂਵੀਂ ਪੇਪਰ ਵੀ ਪੜ੍ਹਦੀ। ਉਹ 'ਸਾਹਿਤਕ ਅਦਾਰਾ' ਦੇ ਸਮਾਗਮਾਂ ਵਿੱਚ ਵੀ ਕਈ ਵਾਰ ਪੇਪਰ ਪੜ੍ਹਨ ਜਾਂਦੀ। ਜੋਗੇਂਦਰ ਤੇ ਉਸ ਦੇ ਦੋਸਤ ਉਸ ਨਾਲ ਫੋਨ ਰਾਹੀਂ ਨਿਰੰਤਰ ਰਾਬਤੇ ਵਿੱਚ ਰਹਿੰਦੇ। ਜੋਗੇਂਦਰ ਹੀ ਨਹੀਂ ਹੋਰ ਵੀ ਲੇਖਕ ਕੁੰਦਨ ਤੇ ਮੋਹਣੀ ਦੇ ਇਕੋ ਜਿਹੇ ਦੋਸਤ ਸਨ। ਉਹਨਾਂ ਵਿਚਲੀ ਆਪਸੀ ਖਿੱਚ-ਤਾਣ ਦਾ ਸਭ ਨੂੰ ਹੀ ਦੁੱਖ ਹੁੰਦਾ ਸੀ।

ਇਸ ਵਾਰ ਵੀ ਮੋਹਣੀ 'ਸਾਹਿਤਕ ਆਦਾਰਾ' ਵਲੋਂ ਰੱਖੇ ਸਮਾਗਮ ਵਿਚ ਬ੍ਰਤਾਨਵੀ ਪੰਜਾਬੀ ਗਜ਼ਲ ਉਪਰ ਪਰਚਾ ਪੜ੍ਹ ਰਹੀ ਸੀ। 'ਸਾਹਿਤਕ ਅਦਾਰਾ' ਦਾ ਇਹ ਸਲਾਨਾ ਸਮਾਗਮ ਸੀ। ਇਕ ਪਰਚਾ ਮੋਹਣੀ ਨੇ ਤੇ ਇਕ ਪਰਚਾ ਇੰਡੀਆ ਤੋਂ ਆਏ ਆਲੋਚਕ ਨਛੱਤਰ ਸਿੰਘ ਨੇ ਪੜ੍ਹਨਾ ਸੀ। ਇਸ ਵਾਰ ਬ੍ਰਤਾਨਵੀ ਪੰਜਾਬੀ ਗਜ਼ਲ ਨੂੰ ਸਮਾਗਮ ਦੇ ਕੇਂਦਰ ਵਿੱਚ ਰੱਖਿਆ ਜਾ ਰਿਹਾ ਸੀ। ਇਸ ਪ੍ਰੋਗਰਾਮ ਨੂੰ ਲੈ ਕੇ ਜੋਗੇਂਦਰ ਤੇ ਸੁਰਜੀਤ ਸੰਦਲ ਬਹੁਤ ਉਤਸ਼ਾਹ ਵਿੱਚ ਸਨ ਪਰ ਇਹ ਉਤਸ਼ਾਹ ਇਕ ਦਮ ਢਹਿ ਢੇਰੀ ਹੋਣ ਲਗਿਆ। ਪਹਿਲੀ ਗੱਲ ਤਾਂ ਇਹ ਹੋਈ ਕਿ ਮੋਹਣੀ ਏਨੀ ਬਿਮਾਰ ਹੋ ਗਈ ਕਿ ਉਹ ਨਾ ਤਾਂ ਪਰਚਾ ਲਿਖ ਸਕੀ ਤੇ ਨਾ ਹੀ ਉਹ ਸਮਾਗਮ ਵਿੱਚ ਆਉਣ ਦੇ ਕਾਬਲ ਸੀ। ਦੂਜਾ 'ਦੁਖਦੀ ਜਗਾਹ ਸੱਟ ਲਗਣ' ਵਾਲੀ ਗੱਲ ਵਾਂਗ ਇਹ ਹੋਇਆ ਕਿ ਇੰਡੀਆ ਤੋਂ ਆ ਰਹੇ ਆਲੋਚਕ ਨਛੱਤਰ ਸਿੰਘ ਨੇ ਵੀ ਸਮਾਗਮ ਵਿੱਚ ਆਉਣ ਤੋਂ ਜਵਾਬ ਦੇ ਦਿਤਾ। ਜੋਗੇਂਦਰ ਤੇ ਸੁਰਜੀਤ ਸੋਚਾਂ ਵਿੱਚ ਪੈ ਗਏ ਕਿ ਹੁਣ ਕੀ ਹੋਵੇ। ਤੁਸੀਂ ਸਾਹਿਤਕ ਸਮਾਗਮ ਰਚਾਓ ਤੇ ਉਹਦੇ ਵਿੱਚ ਕੋਈ ਵਿਚਾਰ ਚਰਚਾ ਨਾ ਹੋਵੇ ਤਾਂ ਇਹ ਕਾਹਦਾ ਪ੍ਰੋਗਰਾਮ ਹੋਇਆ। ਘੁੰਮ-ਘੁਮਾ ਕੇ ਜੋਗੇਂਦਰ ਦੀ ਨਿਗਾਹ ਕੁੰਦਨ 'ਤੇ ਹੀ ਆ ਟਿਕੀ। ਉਸ ਨੇ ਕੁੰਦਨ ਨੂੰ ਫੋਨ ਕਰ ਸਾਰੀ ਗੱਲ ਦੱਸੀ ਤੇ ਕਿਹਾ,

"ਤੁਹਾਡੇ ਛੋਟੇ ਭਾਊ ਦੀ ਇੱਜ਼ਤ ਦਾਅ 'ਤੇ ਲੱਗ ਗਈ ਐ।"

"ਦੱਸ ਮੈਂ ਕੀ ਕਰਾਂ?"

"ਕੋਈ ਪਰਚਾ ਪੜ੍ਹੋ, ਕੋਈ ਅਜਿਹੀ ਗੱਲ ਕਰੋ ਕਿ ਗਹਿ-ਗੱਚ ਬਹਿਸ ਹੋ ਸਕੇ, ਜੋ ਲੋਕਾਂ ਨੂੰ ਸੋਚਣ ਲਾਵੇ।"

"ਹੁਣ ਪਰਚਾ ਲਿਖਣ ਲਈ ਤਾਂ ਬਹੁਤਾ ਵਕਤ ਨਹੀਂ, ਤੈਨੂੰ ਪਤਾ ਕਿ ਮੈਂ ਪੂਰੀ ਖੋਜ ਤੋਂ ਬਿਨਾਂ ਕਦੇ ਪਰਚਾ ਨਹੀਂ ਲਿਖਦਾ ਫਿਰ ਮੈਨੂੰ ਲਗਦਾ ਕਿ ਇੰਗਲੈਂਡ ਵਿੱਚ ਪਾਏ ਦੀ ਗਜ਼ਲ ਲਿਖਣ ਵਾਲੇ ਬਹੁਤੇ ਨਹੀਂ ਹੈਣ।"

"ਤੁਸੀਂ ਤਾਂ ਹੈਗੇ ਈ ਓ।"

"ਹਾਂ, ਮੈਂ ਤਾਂ ਹੈਗਾ ਈ ਪਰ ਮੈਂ ਆਪਣੀ ਤੂਤੀ ਆਪ ਵਜਾਉਂਦਾ ਤਾਂ ਚੰਗਾ ਨਹੀਂ ਨਾ ਲੱਗਦਾ।"

ਕੁੰਦਨ ਨੇ ਕਿਹਾ। ਜੋਗੇਂਦਰ ਕਹਿਣ ਲੱਗਿਆ,

"ਏਦਾਂ ਕਰੋ, ਤੁਸੀਂ ਸਮੁੱਚੀ ਗਜ਼ਲ ਬਾਰੇ ਪਰਚਾ ਲਿਖ ਦਿਓ।"

"ਪਰਚਾ ਨਹੀਂ ਲਿਖ ਹੋਣਾ, ਹਾਂ, ਬੋਲ ਦਿਆਂਗਾ, ਸਮੁੱਚੀ ਗਜ਼ਲ ਬਾਰੇ ਬੋਲ ਦਿਆਂਗਾ; ਗਜ਼ਲ ਕੀ ਹੁੰਦੀ ਏ, ਇਸ ਦਾ ਵਿਧਾ-ਵਿਧਾਨ, ਇਹ ਕਿਥੋਂ ਆਈ ਏ, ਪੰਜਾਬੀ ਵਿੱਚ ਅਸੀਂ ਇਸ ਨੂੰ ਕਿਵੇਂ ਜਜ਼ਬ ਕਰ ਰਹੇ ਆਂ, ਬਗੈਰਾ ਬਗੈਰਾ, ਤੇ ਬੋਲ ਵੀ ਇਕ ਘੰਟਾ ਦਿਆਂਗਾ।"

"ਹੋਰ ਕੀ ਚਾਹੀਦਾ ਐ, ਇਹੀ ਹੋਏਗਾ ਕਿ ਲੋਕਾਂ ਦੇ ਹੱਥਾਂ ਵਿੱਚ ਪਰਚਾ ਨਹੀਂ ਹੋਏਗਾ ਪਰ ਏਨਾ ਬੋਲਣ ਨਾਲ ਪਰਚੇ ਜਿੰਨਾ ਕੰਮ ਤਾਂ ਹੋ ਹੀ ਜਾਏਗਾ।"

"ਤੂੰ ਏਦਾਂ ਕਰ ਕਿ ਦੋ ਕੁ ਬੰਦੇ ਹੋਰ ਕਾਇਮ ਕਰ ਲੈ ਜਿਹੜੇ ਮੇਰੇ ਤੋਂ ਬਾਅਦ ਗਜ਼ਲ ਬਾਰੇ ਬੋਲਣ।"

"ਲਓ ਜੀ, ਬਣ ਗਈ ਗੱਲ, ਥੈਂਕਿਊ ਵੱਡੇ ਭਾਊ, ...ਮੇਰੀ ਤਾਂ ਰਾਤਾਂ ਦੀ ਨੀਂਦ ਖਰਾਬ ਹੋਈ ਪਈ ਸੀ।"

"ਹੁਣ ਤੂੰ ਸਰਾਹਣੇ ਹੇਠ ਬਾਂਹ ਰੱਖ ਕੇ ਸੌਂ ਜਾਹ, ...ਬਹੁਤੀਆਂ ਗੱਲਾਂ ਤਾਂ ਮੇਰੇ ਫਿੰਗਰ-ਟਿੱਪਸ ਤੇ ਨੇ ਬਾਕੀ ਮੈਂ ਤਿਆਰੀ ਕਰ ਲੈਣੀ ਆਂ।"

ਇਵੇਂ ਹੀ ਹੋਇਆ। ਕੁੰਦਨ ਸਮਾਗਮ ਵਿੱਚ ਗਜ਼ਲ ਬਾਰੇ ਖੁਲ੍ਹ ਕੇ ਬੋਲਿਆ। ਉਸ ਨੇ ਸੱਤ-ਸੁਰਾਂ ਤੇ ਸੱਤ-ਰੁਕਨਾਂ ਤੋਂ ਗੱਲ ਸ਼ੁਰੂ ਕਰ ਕੇ ਅੱਜ ਦੀ ਲਿਖੀ ਜਾ ਰਹੀ ਗਜ਼ਲ 'ਤੇ ਲਿਆ ਕੇ ਗੱਲ ਖਤਮ ਕੀਤੀ। ਸਾਰੇ ਅਸ਼ ਅਸ਼ ਕਰ ਉਠੇ। ਭਾਸ਼ਨ ਬਹੁਤ ਹੀ ਜਾਣਕਾਰੀ ਭਰਪੂਰ ਸੀ। ਉਸ ਤੋਂ ਬਾਅਦ ਜਿਹੜਾ ਵੀ ਬੁਲਾਰਾ ਬੋਲਿਆ, ਕੁੰਦਨ ਦੀਆਂ ਢੇਰ ਤਾਰੀਫਾਂ ਕਰ ਕੇ ਗਿਆ। ਏਨੀ ਗੱਲ ਨਾਲ ਹੀ 'ਸਾਹਿਤਕ ਅਦਾਰਾ' ਦਾ ਪ੍ਰੋਗਰਾਮ ਕਾਮਯਾਬ ਹੋ ਗਿਆ। ਜੋਗੇਂਦਰ ਨੂੰ ਕੁੰਦਨ ਨਾਲ ਆਪਣੀ ਦੋਸਤੀ 'ਤੇ ਰਸ਼ਕ ਹੋਣ ਲਗਿਆ। ਪ੍ਰੋਗਰਾਮ ਖਤਮ ਹੋਣ ਤੋਂ ਬਾਅਦ ਜੋਗੇਂਦਰ ਨੇ ਉਸ ਨੂੰ ਜੱਫੀ ਵਿੱਚ ਲੈ ਕੇ ਕਿਹਾ,

"ਭਾਊ, ਅੱਜ ਤਾਂ ਰੱਖ ਵਿਖਾਈ ਐ।"

"ਗੱਲ ਈ ਕੋਈ ਨ੍ਹੀਂ, ਕ੍ਹਾਣੀ ਈ ਕੋਈ ਨ੍ਹੀਂ, ਮੈਨੂੰ ਆਉਂਦਿਆਂ ਹੀ ਸੁਰਜੀਤ ਕਹਿੰਦਾ ਸੀ ਕਿ ਗਲਾਸੀ ਲਾ ਲੈ, ਮੈਂ ਕਿਹਾ ਤੁਹਾਡਾ ਪ੍ਰੋਗਰਾਮ ਕਾਮਯਾਬ ਕਰਾਉਣ ਤੋਂ ਬਾਅਦ।"

ਸਮਾਗਮ ਤੋਂ ਬਾਅਦ ਕੁੰਦਨ ਜੋਗੇਂਦਰ ਕੋਲ ਹੀ ਠਹਿਰਿਆ। ਉਹ ਗਈ ਰਾਤ ਤਕ ਬੈਠੇ ਗੱਲਾਂ ਕਰਦੇ ਰਹੇ। ਕੁੰਦਨ ਨੇ ਕਿਹਾ,

"ਵੈਸੇ ਅੱਜ ਦੇ ਸਮਾਗਮ ਵਿੱਚ ਗੱਲਾਂ ਕਰ ਕੇ ਮੈਨੂੰ ਵੀ ਮਜ਼ਾ ਆ ਗਿਆ। ਅਸਲ ਵਿੱਚ ਜਦ ਮੂਹਰੇ ਸੁਣਨ ਵਾਲੇ ਬੈਠੇ ਹੋਣ ਤਾਂ ਹੀ ਬੋਲਣ ਦਾ ਮਜ਼ਾ ਆਉਂਦਾ ਏ, ਓਧਰ ਮਿੱਡਲੈਂਡ ਵਿੱਚ ਤਾਂ ਅਜਿਹੀ ਮਹਿਫਲ ਕਦੇ ਲਗਦੀ ਹੀ ਨਹੀਂ।"

"ਤੁਸੀਂ ਏਧਰ ਈ ਮੁੜ ਕੇ ਆ ਜਾਵੋ।"

"ਆਹ ਤੇਰੀ ਮੋਹਣੀ ਦਾ ਕੰਮ ਕਰਕੇ ਸੋਚਦੇ ਆਂ, ਮੈਂ ਤਾਂ ਤਿਆਰ ਬੈਠਾਂ ਬਸ ਜ਼ਰਾ ਹਾਲਾਤ ਇਜਾਜ਼ਤ ਨਹੀਂ ਦੇ ਰਹੇ। ਹੁਣ ਮੈਂ ਪਹਿਲਾਂ ਇੰਡੀਆ ਜਾਣਾ ਤੇ ਦਿੱਲੀ ਵਾਲਾ ਫਲੈਟ ਵੇਚ ਕੇ ਲਿਆ ਪੈਸੇ ਏਹਦੇ ਮੱਥੇ ਮਾਰਨੇ ਆਂ ਤੇ ਫਿਰ ਅਗਲਾ ਕਦਮ ਚੁੱਕਾਂਗੇ। ਬਸ, ਆ ਜਾਣਾਂ ਲੰਡਨ। ...ਜਾਂ ਤਾਂ ਏਧਰ ਈ ਮਿਡਲਸੈਕਸ ਦੇ ਏਰੀਏ ਵਿੱਚ ਜਾਂ ਫਿਰ ਪਾਇਲ ਦੇ ਨਜ਼ਦੀਕ ਕਿਤੇ।"

"ਅਮਰਜੋਤ ਦਾ ਕੀ ਹਾਲ ਐ? ਮਿਲਦਾ ਹੁੰਦਾ ਕਿ ਨਹੀਂ?"

"ਅਮਰਜੋਤ ਬੇਵਕੂਫ ਬੰਦਾ ਏ, ਕਦੇ ਕਦੇ ਫੋਨ ਕਰਦਾ ਹੁੰਦਾ ਏ, ਹੁਣ ਵਿੱਕੀ ਤੋਂ ਕਰਾ ਦਿੰਦਾ ਏ, ਉਹ 'ਬਾਬਾ ਜੀ, ਬਾਬਾ ਜੀ' ਕਰਦਾ ਬਹੁਤ ਪਿਆਰਾ ਲਗਦਾ ਏ ਪਰ ਮੇਰਾ ਮੁੰਡਾ ਖੋਟਾ ਸਿੱਕਾ ਏ, ਹੁਣ ਕਿਸੇ ਨੂੰ ਕੀ ਕਹਾਂ!"

ਉਸ ਨੇ ਸਿਗਰਟ ਸੁਲਘਾਈ ਤੇ ਫਿਰ ਬੋਲਿਆ,

"ਹੁਣ ਮੈਂ ਤੇਰੇ ਕੋਲ ਠਹਿਰਿਆਂ। ...ਠੀਕ, ਤੂੰ ਭਰਾ ਏਂ ਪਰ ਉਹ ਚੰਗਾ ਹੁੰਦਾ ਤਾਂ ਰਾਤ ਮੈਂ ਓਹਦੇ ਕੋਲ ਰਹਿੰਦਾ, ਪਰ ਨਹੀਂ। ...ਪਿੱਛੇ ਜਿਹੇ ਬਿਨਾਂ ਗੱਲ ਤੋਂ ਮੇਰੇ ਨਾਲ ਲੜ੍ਹ ਪਿਆ।"

"ਅੱਛਾ! ਕਿਹੜੀ ਗੱਲੋਂ?"

"ਗੱਲ ਕੁਝ ਵੀ ਨਹੀਂ ਸੀ, ...ਏਹਨੇ ਆਪਣੀ ਸਾਲ਼ੀ ਸੱਦੀ ਸੀ ਇੰਡੀਆ ਤੋਂ ਵਿਆਹ ਲਈ ਪਰ ਸਾਲ਼ੀ ਦੀ ਆਪਣੇ ਆਦਮੀ ਨਾਲ ਬਣੀ ਨਹੀਂ ਤੇ ਅੱਜਕੱਲ ਏਹਦੇ ਨਾਲ ਈ ਰਹਿੰਦੀ ਏ।"

"ਫੇਰ ਤਾਂ ਮੁੰਡਾ ਤੇਜ਼ ਐ, ਦੋ ਰੱਖ ਲਈਆਂ!"

ਜੋਗੇਂਦਰ ਨੇ ਹੱਸਦਿਆਂ ਕਿਹਾ। ਕੁੰਦਨ ਵੀ ਹੱਸਿਆ ਤੇ ਆਖਣ ਲੱਗਿਆ,

"ਓ ਕਾਹਨੂੰ! ਏਨੀ ਹਿੰਮਤ ਕਾਹਨੂੰ ਏ ਓਹਦੇ ਵਿੱਚ, ਸਾਡੇ ਵਰਗੀ ਹਿੰਮਤ ਵਾਲਾ ਨਹੀਂ ਏ ਉਹ! ...ਮੈਂ ਕਿਹਾ ਕਿ ਸਾਲ਼ੀ ਨੂੰ ਮੇਰੇ ਕੋਲ ਭੇਜ ਦੇ, ਮੇਰੇ ਕੋਲ ਰਹੀ ਜਾਏਗੀ, ਮੈਂ ਵੀ ਤਾਂ ਇਕੱਲਾ ਈ ਆਂ। ਬਸ, ਇਸੇ ਗੱਲੋਂ ਮੇਰੇ ਨਾਲ ਲੜ੍ਹ ਪਿਆ, ਮੈਂ ਕਿਹਾ ਪੈ ਖੂਹ ਵਿੱਚ!"

ਗੱਲ ਕਰਦਾ ਕੁੰਦਨ ਇਕ ਦਮ ਚੁੱਪ ਕਰ ਗਿਆ। ਉਸ ਦੇ ਚਿਹਰੇ ਤੇ ਕੁਝ ਗਵਾਚ ਜਾਣ ਵਰਗੀ ਇਕ ਲਹਿਰ ਫਿਰੀ ਤੇ ਉਸ ਨੇ ਆਪਣਾ ਪੈੱਗ ਚੁੱਕ ਲਿਆ।...

ਕੁੰਦਨ ਨੇ ਦਿੱਲੀ ਵਿਚਲਾ ਫਲੈਟ ਵੇਚ ਦਿਤਾ ਤੇ ਉਸ ਰਕਮ ਦੇ ਪੌਂਡ ਬਣਾ ਕੇ ਉਹ ਇੰਗਲੈਂਡ ਲੈ ਆਇਆ। ਮੋਹਣੀ ਨੂੰ ਪੈਸੇ ਕਦੋਂ ਦੇਣੇ ਹਨ ਇਸ ਬਾਰੇ ਜੱਜ ਨੇ ਕੋਈ ਤਾਰੀਕ ਨੀਯਤ ਨਹੀਂ ਸੀ ਕੀਤੀ। ਉਸ ਨੇ ਨੱਬੇ ਹਜ਼ਾਰ ਪੌਂਡ ਤਿਆਰ ਕਰਕ ਇਕ ਪਾਸੇ ਰੱਖ ਲਿਆ। ਇਕ ਦਿਨ ਪਾਇਲ ਆਈ ਤਾਂ ਕਹਿਣ ਲੱਗੀ,

"ਡੈਡ, ਜੇ ਤੁਸੀਂ ਮੋਹਣੀ ਨੂੰ ਪੈਸੇ ਠਹਿਰ ਕੇ ਦੇਣੇ ਆਂ ਤਾਂ ਕਿਉਂ ਨਹੀਂ ਏਹਨਾਂ ਪੈਸਿਆਂ ਨੂੰ ਇਨਵੈਸਟ ਕਰ ਦਿੰਦੇ।"

"ਪਾਇਲ, ਗੱਲ ਤਾਂ ਤੇਰੀ ਠੀਕ ਏ, ਕਿਉਂ ਨਾ ਏਹਨਾਂ ਦਾ ਕੋਈ ਘਰ ਲੈ ਲਈਏ, ਸਾਲ ਤਕ ਕੀਮਤ ਵਧ ਜਾਣੀ ਏਂ।"

ਸਕੀਮ ਬਣਦੀ ਬਣਦੀ ਇਹ ਬਣੀ ਕਿ ਮਿਡਲਸੈਕਸ ਵਿੱਚ ਹੀ ਘਰ ਦੇਖਿਆ ਜਾਵੇ ਜਿਥੇ ਉਸ ਦੇ ਸਾਰੇ ਲੇਖਕ ਦੋਸਤ ਹਨ। ਕੁੰਦਨ ਦੀ ਜੇਬ੍ਹ ਵਿੱਚ ਨਕਦ ਪੈਸੇ ਸਨ। ਨਕਦ ਪੈਸੇ ਨਾਲ ਬੰਦੇ ਦੀ ਤਾਕਤ ਕੁਝ ਵਧ ਹੀ ਜਾਂਦੀ ਹੈ। ਇਹਨਾਂ ਦਿਨਾਂ ਵਿੱਚ ਆਪਣੇ ਪੋਤਰੇ ਵਿੱਕੀ ਦਾ ਕਈ ਵਾਰ ਫੋਨ ਆਉਣ ਕਰਕੇ ਉਹ ਅਮਰਜੋਤ ਪ੍ਰਤੀ ਕੁਝ ਨਰਮ ਪੈ ਚੁੱਕਿਆ ਸੀ। ਉਸ ਨੇ ਅਮਰਜੋਤ ਨੂੰ ਫੋਨ ਕਰ ਕੇ ਕਿਹਾ,

"ਮੈਂ ਚਾਹੁੰਨਾ ਕਿ ਤੁਹਾਡੇ ਨੇੜੇ ਕਿਤੇ ਘਰ ਦੇਖ ਲਵਾਂ।"

"ਡੈਡ, ਦੇਖ ਲਓ, ਅੱਜਕੱਲ ਮੌਕਾ ਹੈਗਾ ਏ, ਤੁਸੀਂ ਆ ਜਾਵੋ ਕਿਸੇ ਦਿਨ, ਆਪਾਂ ਇਸਟੇਟ ਏਜੰਟ ਦੇ ਚਲੇ ਚਲਾਂਗੇ।"

ਅਮਰਜੋਤ ਨੇ ਬੜੇ ਪਿਆਰ ਨਾਲ ਕਿਹਾ। ਅਮਰਜੋਤ ਦਾ ਸੁਭਾਅ ਅਜਿਹਾ ਸੀ ਕਿ ਉਹ ਅਕਸਰ ਮੁੜ ਪਿਆ ਕਰਦਾ ਸੀ ਤੇ ਕੁੰਦਨ ਦੀਆਂ ਗਾਲ੍ਹਾਂ ਆਦਿ ਨੂੰ ਭੁੱਲ ਜਾਂਦਾ। ਕੁੰਦਨ ਇਕ ਸ਼ਾਮ ਉਸ ਕੋਲ ਚਲੇ ਗਿਆ ਤਾਂ ਜੋ ਅਗਲੀ ਸਵੇਰ ਉਹ ਕਿਸੇ ਇਸਟੇਟ ਏਜੰਟ ਦੇ ਜਾ ਕੇ ਘਰ ਦੇਖ ਸਕਣ। ਉਸ ਨੂੰ ਪਤਾ ਸੀ ਕਿ ਇਸ ਇਲਾਕੇ ਵਿੱਚ ਦੋ-ਢਾਈ ਲੱਖ ਤੋਂ ਘੱਟ ਕੋਈ ਘਰ ਨਹੀਂ ਆਉਣਾ। ਉਸ ਦੇ ਮਨ ਵਿੱਚ ਸੀ ਕਿ ਇਕ ਵਾਰ ਕਰਜ਼ਾ ਬਗੈਰਾ ਲੈ ਕੇ ਹੀ ਘਰ ਮਿਲ ਜਾਵੇ ਤਾਂ ਫਿਰ ਉਹ ਵਿਲਨਹਾਲ ਵਾਲਾ ਘਰ ਵੇਚ ਕੇ ਸਭ ਠੀਕ ਕਰ ਲਵੇਗਾ। ਅਮਰਜੋਤ ਨੇ ਉਸ ਨੂੰ ਬਹੁਤ ਪਿਆਰ ਨਾਲ ਜੀ ਆਇਆਂ ਕਿਹਾ। ਵਿੱਕੀ ਆ ਕੇ ਉਸ ਦੀ ਗੋਦ ਵਿੱਚ ਬੈਠ ਗਿਆ। ਕੁੰਦਨ ਨੂੰ ਬਹੁਤ ਚੰਗਾ ਚੰਗਾ ਲਗਿਆ। ਅਮਰਜੋਤ ਨੇ ਬੋਤਲ ਉਹਦੇ ਮੂਹਰੇ ਲਿਆ ਰੱਖੀ। ਜ਼ਰਾ ਕੁ ਨਸ਼ੇ ਵਿੱਚ ਆ ਕੇ ਕੁੰਦਨ ਆਪਣੇ ਪੋਤੇ ਨੂੰ ਲੋਰੀਆਂ ਦਿੰਦਾ ਬੋਲਿਆ,

"ਸਾਲ਼ਿਆ ਬੈਹੜਿਆਂ ਦਿਆ, ਤੂੰ ਮੇਰੇ ਨਾਲ ਪਿਆਰ ਰੱਖੀਂ, ਆਪਣੇ ਪਿਓ ਵਾਂਗ ਨਾ ਕਰੀਂ!"

"ਡੈਡ, ਮੈਂ ਤੁਹਾਨੂੰ ਕੀ ਕੀਤਾ? ...ਮੈਂ ਤਾਂ ਤੁਹਾਨੂੰ ਸਦਾ ਪਿਆਰ ਕਰਦਾਂ।"

"ਤੂੰ ਕਿਥੋਂ ਪਿਆਰ ਕਰਦਾਂ, ਤੂੰ ਤਾਂ ਲੜ੍ਹਨ ਦੇ ਬਹਾਨੇ ਭਾਲਦਾਂ, ...ਤੂੰ ਕਦੇ ਨਹੀਂ ਪਤਾ ਕੀਤਾ ਕਿ ਤੇਰਾ ਪਿਓ ਕਿਹੜੇ ਹਾਲ ਵਿੱਚ ਏ, ਮੋਹਣੀ ਨਾਲ ਮੇਰਾ ਕੇਸ ਚੱਲਦਾ ਸੀ ਤੂੰ ਇਕ ਵਾਰ ਵੀ ਨਹੀਂ ਪੁੱਛਿਆ ਕਿ ਡੈਡੀ ਕਿਸੇ ਮੱਦਦ ਦੀ ਲੋੜ ਤਾਂ ਨਹੀਂ!"

"ਡੈਡ, ਤੁਸੀਂ ਵੀ ਤਾਂ ਕਦੇ ਮੈਨੂੰ ਨਹੀਂ ਪੁੱਛਿਆ, ਕਦੇ ਮੇਰੀ ਮੱਦਦ ਨਹੀਂ ਕੀਤੀ। ਮੱਦਦ ਕੀ ਕਰਨੀ ਏਂ ਮੈਨੂੰ ਤਾਂ ਤੁਸੀਂ ਘਰੋਂ ਕੱਢਿਆ ਸੀ, ਮੈਂ ਆਪਣੀ ਹਿੰਮਤ ਨਾਲ ਪਹਿਲਾਂ ਫਲੈਟ ਲਿਆ ਸੀ ਤੇ ਹੁਣ ਇਹ ਘਰ। ਤੁਸੀਂ ਪਾਇਲ ਦੀ ਘਰ ਲੈਣ ਵਿੱਚ ਮੱਦਦ ਕੀਤੀ ਪਰ ਮੈਨੂੰ ਇਕ ਪੈਨੀ ਦੀ ਹੈੱਲਪ ਨਹੀਂ ਕੀਤੀ, ਮੈਂ ਆਪ ਪੜ੍ਹਿਆਂ, ਆਪ ਸੈੱਟਲ ਹੋਇਆਂ, ਆਏ'ਮ ਸੈੱਲਫ-ਮੇਡ ਪਰਸਨ!"

"ਹੁਣ ਤੂੰ ਆਪਣੀ ਬੁੱਢੀ ਮੂਹਰੇ ਇਹ ਗੱਲਾਂ ਕਰਕੇ ਹੀਰੋ ਬਣਨਾ ਚਾਹੁੰਨਾ ਏਂ?"

ਕੁੰਦਨ ਗੁੱਸੇ ਵਿੱਚ ਆ ਗਿਆ। ਉਹ ਕੋਲ ਬੈਠੀ ਸਰਬੀ ਨੂੰ ਕਹਿਣ ਲੱਗਿਆ,

"ਲੈ ਬਈ ਸਰਬੀ, ਮੈਂ ਕੀ ਕੀਤਾ ਕਿ ਏਹਨੂੰ ਜੰਮਦੇ ਨੂੰ ਹੀ ਅਨਾਥ ਆਸ਼ਰਮ ਛੱਡ ਆਇਆ ਸੀ ਤੇ ਉਥੋਂ ਵੱਡਾ ਹੋ ਕੇ ਇਹ ਤੇਰੇ ਨਾਲ ਵਿਆਹ ਕਰਾਉਣ ਚਲੇ ਗਿਆ! ...ਇਹ ਸਾਲ਼ਾ ਬੈਹੜਿਆਂ ਦਾ, ਜ਼ੀਰੋ ਬੰਦਾ ਹੀਰੋ ਬਣਦਾ ਫਿਰਦਾ!"

ਕੁੰਦਨ ਦੇ ਇਹ ਕਹਿਣ 'ਤੇ ਅਮਰਜੋਤ ਉਠ ਕੇ ਖੜਾ ਹੋ ਗਿਆ ਤੇ ਦਰਵਾਜ਼ੇ ਵਲ ਉਂਗਲ ਕਰਦਾ ਬੋਲਿਆ,

"ਯੂ ਵੈਂਕਰ, ਬਾਸਟ੍ਰਡ ਕੁੰਦਨ, ਨਿਕਲ ਮੇਰੇ ਘਰੋਂ, ਗੈੱਟ ਆਊਟ ਫਰੌਮ ਮਾਈ ਆਈਜ਼, ਯੂ ਆਰ ਈਵਲ! ...ਤੂੰ ਹੁਣ ਮੇਰੀ ਮੈਰਿਡ ਲਾਈਫ ਖਰਾਬ ਕਰਨ ਆ ਵੜਿਐਂ! ਤੇਰੇ ਤੋਂ ਮੇਰੀ ਖੁਸ਼ੀ ਝੱਲੀ ਨਹੀਂ ਜਾ ਰਹੀ, ਯੂ ਆਰ ਰੀਅਲੀ ਏ ਈਵਲ! ਮੇਰੇ ਘਰੋਂ ਇਕ ਦਮ ਬਾਹਰ ਹੋ ਜਾਹ!"

46-ਰਾਜਧਾਨੀ

ਅਮਰਜੋਤ ਵਲੋਂ ਘਰੋਂ ਕੱਢੇ ਜਾਣ ‘ਤੇ ਉਹ ਬਹੁਤ ਤਕਲੀਫ ਵਿੱਚ ਸੀ ਜਿਵੇਂ ਉਸ ਦਾ ਸਰੀਰ ਸੈਂਕੜੇ ਤੀਰਾਂ ਨਾਲ ਵਿੰਨਿਆਂ ਪਿਆ ਹੋਵੇ। ਏਨੀ ਬੇਇਜ਼ਤੀ ਉਸ ਦੀ ਕਿਸੇ ਨੇ ਨਹੀਂ ਸੀ ਕੀਤੀ। ਬਚਪੱਨ ਵਿੱਚ ਤਾਂ ਉਸ ਦੇ ਹਾਲਾਤ ਵੱਖਰੇ ਸਨ, ਸਮਝੌਤੇ ਕਰਨੇ ਪੈਣੇ ਸਨ ਪਰ ਹੁਣ ਤਾਂ ਉਹ ਖੁਦ-ਮੁਖਤਿਆਰ ਸੀ, ਹੁਣ ਕੋਈ ਉਸ ਦੀ ਕਿਵੇਂ ਬੇਇਜ਼ਤੀ ਕਰ ਸਕਦਾ ਸੀ। ਜੇ ਅਮਰਜੋਤ ਦੀ ਥਾਵੇਂ ਕੋਈ ਹੋਰ ਹੁੰਦਾ ਤਾਂ ਸ਼ਾਇਦ ਔਖਾ-ਸੌਖਾ ਸਹਿ ਵੀ ਜਾਂਦਾ। ਉਹ ਪਾਗਲ-ਹਾਰ ਹੋ ਕੇ ਅਮਰਜੋਤ ਦੇ ਘਰੋਂ ਨਿਕਲਿਆ ਸੀ। ਕਈ ਦਿਨ ਸ਼ਰਾਬ ਵਿੱਚ ਡੁੱਬਾ ਰਿਹਾ। ਜਦ ਵੀ ਹੋਸ਼ ਆਉਂਦੀ ਤਾਂ ਉਸ ਨੂੰ ਅਮਰਜੋਤ ਦੀਆਂ ਗਾਲ਼ਾਂ ਸੁਣਨ ਲਗਦੀਆਂ। ਉਹ ਕੰਨਾਂ ਉਪਰ ਹੱਥ ਰੱਖ ਲੈਂਦਾ। ਉਸ ਦੀ ਛਾਤੀ ਵਿੱਚ ਦਰਦ ਰਹਿਣ ਲਗਿਆ ਸੀ। ਡਾਕਟਰ ਨੇ ਉਸ ਦੀ ਦਵਾਈ ਦੀ ਡੋਜ਼ ਵਧਾ ਦਿਤੀ। ਉਸ ਨੇ ਪਰਿਵਾਰਕ ਐਲਬੰਬ ਵਿੱਚੋਂ ਅਮਰਜੋਤ ਦੀਆਂ ਤਸਵੀਰਾਂ ਕੱਟ ਦਿਤੀਆਂ। ਉਸ ਦੀਆਂ ਸਾਰੀਆਂ ਵੀਡਿਓ ਜ਼ਾਇਆ ਕਰ ਮਾਰੀਆਂ। ਤੇ ਜਾਇਦਾਦ ਦੀ ਵਸੀਅਤ ਪਾਇਲ ਦੇ ਨਾਂ ਦੀ ਬਣਾ ਦਿਤੀ ਤੇ ਉਸ ਨੂੰ ਕਹਿ ਦਿਤਾ ਕਿ ਜੇ ਉਹ ਵਿੱਕੀ ਨੂੰ ਕੁਝ ਦੇਣਾ ਚਾਹੇ ਤਾਂ ਦੇ ਦੇਵੇ ਨਹੀਂ ਤਾਂ ਉਸ ਦੀ ਮਰਜ਼ੀ। ਉਸ ਨੂੰ ਇਹ ਗੱਲ ਭੁੱਲ ਹੀ ਗਈ ਸੀ ਕਿ ਉਸ ਨੇ ਮੋਹਣੀ ਨੂੰ ਵੀ ਨੱਬੇ ਹਜ਼ਾਰ ਦੇਣਾ ਹੈ। ਜੋ ਉਸ ਕੋਲ ਪੈਸੇ ਸਨ ਉਸ ਦਾ ਪਾਇਲ ਦੇ ਤੇ ਆਪਣੇ ਨਾਂ ‘ਤੇ ਵਿਲਨਹਾਲ ਵਿੱਚ ਹੀ ਘਰ ਖਰੀਦ ਕੇ ਕਿਰਾਏ ‘ਤੇ ਦੇ ਦਿਤਾ।

ਲੰਡਨ ਜਾਣ ਦਾ ਖਿਆਲ ਉਸ ਨੇ ਬਿਲਕੁਲ ਹੀ ਛੱਡ ਦਿਤਾ। ਉਥੇ ਵੀ ਰਾਤ ਨੂੰ ਉਹ ਇਕੱਲਾ ਹੀ ਸੌਂਦਾ ਸੀ ਤੇ ਇਥੇ ਵੀ। ਪਹਿਲਾਂ ਵੀ ਲੰਡਨ ਵਿੱਚੋਂ ਉਹ ਇਕੱਲ ਦਾ ਮਾਰਿਆ ਹੀ ਨਿਕਲਿਆ ਸੀ। ਹਾਂ, ਹੁਣ ਇਕੱਲ ਵਿੱਚ ਕਦੇ ਕਦੇ ਉਸ ਨੂੰ ਅਮਨਜੋਤ ਦੀਆਂ ਗਾਲ਼ਾਂ ਚੇਤੇ ਆਉਣ ਲਗਦੀਆਂ ਤਾਂ ਉਹ ਧਾਹਾਂ ਮਾਰ ਮਾਰ ਕੇ ਰੋਣ ਲਗਦਾ ਤੇ ਆਖਦਾ,

“ਓਹ ਜੇਠੂ, ਇਹ ਵੀ ਦਿਨ ਦੇਖਣੇ ਸੀ ਤੂੰ! ਸਕੇ ਪੁੱਤ ਮੂੰਹੋਂ ਹੀ ਗਾਲ਼ਾਂ ਸੁਣਨੀਆਂ ਸਨ!”...

ਤਕਰੀਬਨ ਸਾਲ ਹੀ ਲੰਘ ਗਿਆ ਪਰ ਕੁੰਦਨ ਨੇ ਮੋਹਣੀ ਦੇ ਪੈਸੇ ਉਸ ਨੂੰ ਨਾ ਭੇਜੇ ਤੇ ਨਾ ਹੀ ਕੋਰਟ ਵਿਚ ਜਮ੍ਹਾਂ ਕਰਾਏ। ਇਹਨਾਂ ਦਿਨਾਂ ਵਿੱਚ ਮੋਹਣੀ ਦੇ ਇੰਡੀਆ ਦੇ ਦੋ ਗੇੜੇ ਲੱਗ ਗਏ ਜਿਸ ਕਰਕੇ ਮੋਹਣੀ ਤੋਂ ਇਸ ਪਾਸੇ ਧਿਆਨ ਨਹੀਂ ਸੀ ਦੇ ਹੋਇਆ। ਪਹਿਲਾਂ ਉਸ ਦਾ ਭਰਾ ਬਿਮਾਰ ਸੀ ਤੇ ਉਸ ਨੂੰ ਜਾਣਾ ਪਿਆ। ਫਿਰ ਉਸ ਦੇ ਭਰਾ ਦੀ ਮੌਤ ਹੋ ਗਈ ਤੇ ਫਿਰ ਮੋਹਣੀ ਨੂੰ ਇੰਡੀਆ ਜਾਣਾ ਪਿਆ ਤੇ ਉਥੇ ਹੀ ਕੁਝ ਦੇਰ ਰਹਿਣਾ ਪਿਆ। ਉਹ ਸੋਚਦੀ ਸੀ ਕਿ ਕੁੰਦਨ ਤੋਂ ਪੈਸੇ ਮਿਲਦੇ ਹੀ ਉਹ ਦਿੱਲੀ ਵਿੱਚ ਫਲੈਟ ਖਰੀਦ ਲਵੇਗੀ। ਉਸ ਦੇ ਅੰਦਾਜ਼ੇ ਮੁਤਾਬਕ ਨੱਬੇ ਹਜ਼ਾਰ ਪੌਂਡ ਦਾ ਫਲੈਟ ਲੈ ਹੋ ਜਾਣਾ ਸੀ। ਦੂਜੀ ਵਾਰੀ ਉਹ ਇੰਡੀਆ ਗਈ ਸੀ ਤਾਂ ਉਸ ਨੇ ਦੇਖਿਆ ਕਿ ਦਿੱਲੀ ਵਿੱਚ ਘਰਾਂ ਦੀਆਂ ਕੀਮਤਾਂ ਨੂੰ ਅੱਗ ਲੱਗੀ ਹੋਈ ਸੀ। ਉਹ ਆਪਣੇ ਵਕੀਲ ਨੂੰ ਮਿਲੀ। ਕੁੰਦਨ ਵਲੋਂ ਪੈਸੇ ਹਾਲੇ ਤਕ ਨਹੀਂ ਸਨ ਆਏ। ਵਕੀਲ ਨੇ ਦੁਬਾਰਾ ਕੋਰਟ ਵਿੱਚ ਕੇਸ ਕਰ ਦਿਤਾ। ਕੋਰਟ ਨੇ ਕੁੰਦਨ ਖਿਲਾਫ ਸਖਤੀ ਵਰਤਦਿਆਂ ਮੋਹਣੀ ਦੇ ਪੈਸੇ ਦੇਣ ਲਈ ਉਸ ਨੂੰ ਇਕ ਮਹੀਨੇ ਦਾ ਵਕਤ ਦੇ ਦਿਤਾ ਨਹੀਂ ਤਾਂ ਉਸ ਦਾ ਘਰ ਵੇਚ ਕੇ ਪੈਸੇ ਵਸੂਲ ਕਰ ਲਏ ਜਾਣੇ ਸਨ। ਜੱਜ ਨੇ ਹੁਕਮ ਪੂਰੇ ਗੁੱਸੇ ਵਿੱਚ ਸੁਣਾਇਆ ਸੀ। ਕੁੰਦਨ ਡਰ ਗਿਆ। ਉਸ ਨੂੰ ਆਪਣਾ ਘਰ ਜਾਂਦਾ ਦਿਸਣ ਲੱਗਾ। ਉਸ ਨੇ ਘਰ ਉਪਰ ਹੀ ਕਰਜ਼ਾ ਲਿਆ ਤੇ ਮੋਹਣੀ ਨੂੰ ਨੱਬੇ ਹਜ਼ਾਰ ਦੇ ਦਿਤਾ। ਪੈਸੇ ਦੇਣੇ ਉਸ ਨੂੰ ਬਹੁਤ ਦੁਖੇ ਪਰ ਨਾਲ ਦੀ ਨਾਲ ਇਕ ਰਾਹਤ ਜਿਹੀ ਵੀ ਮਿਲ ਗਈ। ਸਿਰ ਦਰਦੀ ਵੀ ਖਤਮ ਹੋ ਗਈ। ਉਸ ਨੇ ਬੰਬਈ ਵਾਲਾ ਫਲੈਟ ਵੇਚ ਦਿਤਾ ਤਾਂ ਜੋ ਬੈਂਕ ਤੋਂ ਚੁੱਕਿਆ ਕਰਜ਼ਾ ਲਾਹਿਆ ਜਾ ਸਕੇ ਪਰ ਉਸ ਨਾਲ ਸਾਰਾ ਕਰਜ਼ਾ ਨਾ ਲਾਹਿਆ ਜਾ ਸਕਿਆ। ਉਹ ਚਾਹੁੰਦਾ ਸੀ ਸਾਰਾ ਕਰਜ਼ਾ ਕਿਸੇ ਤਰ੍ਹਾਂ ਉਤਾਰ ਦਿਤਾ ਜਾਵੇ। ਇਸ ਕਰਜ਼ੇ ਨੂੰ ਲੈ ਕੇ ਉਹ ਬਹੁਤ ਤਣਾਵ ਵਿੱਚ ਰਹਿਣ ਲਗਿਆ। ਜੋਗੇਂਦਰ ਉਸ ਨੂੰ ਆਖਣ ਲੱਗਾ,

“ਇਸ ਪ੍ਰੈਸ਼ਰ ਤੋਂ ਬਚਣ ਦਾ ਇਕ ਰਾਹ ਹੈ ਕਿ ਕੋਈ ਨਾਵਲ ਸ਼ੁਰੂ ਕਰ ਲਓ।”

“ਨਾਵਲ ਹੁਣ ਕੀ ਲਿਖਣਾ ਏਂ, ਕੋਈ ਪੁੱਛਦਾ ਤਾਂ ਹੈ ਨਹੀਂ।”

“ਤੁਸੀਂ ਲਿਖੋਗੇ, ਆਪਣੀ ਹਾਜ਼ਰੀ ਲਗਵਾਓਗੇ ਤਾਂ ਹੀ ਕੋਈ ਪੁੱਛੇਗਾ, ਤੁਸੀਂ ਤਾਂ ਰਿਟਾਇਰ ਹੋ ਕੇ ਬੈਠੇ ਓ, ਰਿਟਾਇਰ ਭਲਵਾਨ ਨੂੰ ਕੋਈ ਨਹੀਂ ਪੁੱਛਦਾ ਹੁੰਦਾ।”

“ਏਥੇ ਤੂੰ ਗਲਤ ਏਂ, ਸਾਡੇ ਇਲਾਕੇ ਵਿੱਚ ਭੀਮਾ ਭਲਵਾਨ ਸੀ, ਜਦ ਉਹ ਬੁੱਢਾ ਹੋ ਗਿਆ ਤਾਂ ਲੋਕ ਆਪਣੇ ਨਵੇਂ ਜੰਮੇ ਮੁੰਡਿਆਂ ਨੂੰ ਉਹਦੇ ਤੋਂ ਅਸ਼ੀਰਵਾਦ ਦੁਆਉਣ ਲੈ ਕੇ ਜਾਇਆ ਕਰਦੇ ਸੀ।”

“ਇਹ ਤਾਂ ਠੀਕ ਐ ਪਰ ਪੰਜਾਬੀ ਸਾਹਿਤ ਵਿੱਚ ਕੋਈ ਬੱਚਾ ਜੰਮਦਾ ਹੀ ਨਹੀਂ ਸਾਰੇ ਸਾਲ਼ੇ ਪਿਓ ਈ ਜੰਮਦੇ ਆ।”

ਜੋਗੇਂਦਰ ਨੇ ਕਿਹਾ ਤੇ ਦੋਵੇਂ ਹੱਸਣ ਲਗੇ। ਕੁੰਦਨ ਪੁੱਛਣ ਲੱਗਿਆ,

“ਤੂੰ ਕੀ ਕਰ ਰਿਹੈਂ ਅੱਜਕੱਲ?”

“ਮੈਂ ਇਕ ਨਾਵਲ ਲਿਖ ਰਿਹਾਂ ਸਾਡੀ ਅਗਲੀ ਪੀੜ੍ਹੀ ਬਾਰੇ, ਓਸ ਪੀੜ੍ਹੀ ਬਾਰੇ ਜਿਹੜੀ ਇਥੇ ਜੰਮੀ ਤੇ ਯੂਨੀ ਗਈ, ਜਿੰਦਾਂ ਅੱਜਕੱਲ ਮੇਰੇ ਬੱਚੇ ਹੈਗੇ ਆ।”

“ਚੰਗਾ ਸਬਜੈਕਟ ਏ, ਜ਼ਰਾ ਮਿਹਨਤ ਨਾਲ ਲਿਖੀਂ, ਆਪਣਾ ਸਭ ਕੁਝ ਇਹਦੇ ਵਿੱਚ ਪਾ ਦੇਵੀਂ।”

“ਬਾਬਿਓ, ਮੈਂ ਤੁਹਾਡੇ ਤੋਂ ਸਿਖਿਆ ਹੋਇਆ ਕਿ ਆਪਣੀ ਹਰ ਲਿਖਤ ਇਵੇਂ ਲਿਖੋ ਜਿਵੇਂ ਇਹ ਆਖਰੀ ਹੋਵੇ, ਇਹਦੇ ਵਿੱਚ ਆਪਣਾ ਸੌ-ਫੀ-ਸਦੀ ਪਾ ਦਿਓ।”

“ਇਹ ਠੀਕ ਏ, ਇਤਰਾਂ ਹੀ ਚਾਹੀਦਾ ਏ।”

"ਤੁਸੀਂ ਵੀ ਕਰੋ ਕੁਝ।"

"ਕਰਨ ਨੂੰ ਤਾਂ ਮੇਰੇ ਕੋਲ ਗਲੋਬਲਾਈਜੇਸ਼ਨ ਉਪਰ ਨਾਵਲ ਹੈਗਾ ਏ, ਮੇਰੇ ਮਨ ਵਿੱਚ ਲਿਖਿਆ ਪਿਆ ਏ ਪਰ ਉਸ ਨੂੰ ਪੁੱਛੇਗਾ ਕੌਣ? ਦੁਨੀਆਂ ਤਾਂ ਸਾਲ਼ੀ ਬੈਹੜਿਆਂ ਦੀ ਮੇਰੀ ਦੁਸ਼ਮਣ ਬਣੀ ਫਿਰਦੀ ਏ, ਜਿਹੜੇ ਹਰਦੇਵ ਦਿਆਲ ਨੂੰ ਮੈਂ ਪ੍ਰਤੀਬੱਧ ਪਰਚਾ ਸ਼ੁਰੂ ਕਰਾਇਆ ਸੀ, ਉਹੀ ਮੇਰੇ ਖਿਲਾਫ ਲਿਖਦਾ ਫਿਰਦਾ ਏ।"

"ਤੁਸੀਂ ਆਪੇ ਤਾਂ ਕਹਿੰਦੇ ਹੁੰਦੇ ਓ ਕਿ ਛੋਟੀਆਂ ਮੋਟੀਆਂ ਗੱਲਾਂ ਦੀ ਚਿੰਤਾ ਨਹੀਂ ਕਰੀਦੀ।"

"ਤੂੰ ਆਪਣੇ ਗੁਰਦੀਪ ਸਿੱਧੂ ਨੂੰ ਪੁੱਛ ਕਿ ਮੇਰੇ ਨਾਵਲ ਦੀ ਗੱਲ ਕਰੇਗਾ।"

ਕੁੰਦਨ ਉਸੇ ਗੁਰਦੀਪ ਸਿੱਧੂ ਦੀ ਗੱਲ ਕਰ ਰਿਹਾ ਸੀ ਇਕ ਵਾਰ ਜਿਸ ਦੇ ਖਿਲਾਫ ਸਟੇਜ ਤੋਂ ਉਹ ਬੋਲ ਕੇ ਉਸ ਦੀ ਬੇਇਜ਼ਤੀ ਕਰਨੀ ਚਾਹੁੰਦਾ ਸੀ। ਪਿਛਲੇ ਸਾਲਾਂ ਵਿੱਚ ਜੋਗੇਂਦਰ ਦੀ ਦੋਸਤੀ ਦਾ ਦਾਇਰਾ ਬਹੁਤ ਚੁਡੇਰਾ ਹੋ ਚੁੱਕਿਆ ਸੀ। ਉਸ ਦੀ ਗੱਲ ਦੇ ਜਵਾਬ ਵਿੱਚ ਜੋਗੇਂਦਰ ਨੇ ਆਖਿਆ,

"ਗੁਰਦੀਪ ਸਿੱਧੂ ਨੂੰ ਵੀ ਕਹਾਂਗੇ, ਆਹ ਤੁਹਾਡਾ 'ਪ੍ਰਤੀਬੱਧ' ਵਾਲਾ ਗਰੁੱਪ ਵੀ ਹੈਗਾ ਨਾ।"

"ਜਾਣ ਦੇ ਯਾਰ, ਕਿਉਂ ਜ਼ਖਮਾ ਤੇ ਨਮਕ ਛਿੜਕਦਾਂ, ਸਭ ਸਾਲ਼ੇ ਬੈਹੜਿਆਂ ਦੇ ਮਤਲਬ ਪ੍ਰਸਤ ਨੇ।"

"ਛੱਡੋ ਬਾਕੀਆਂ ਬਾਰੇ, ਆਪਾਂ ਏਥੇ ਹੀ ਕੁਝ ਕਰਾਂਗੇ, ਤੁਸੀਂ ਨਵੀਂ ਸੈਂਸੀਬਿਲਟੀ 'ਤੇ ਨਾਵਲ ਲਿਖੋ।"

ਕੁੰਦਨ ਨਾਵਲ ਲਿਖਣ ਦੀ ਤਿਆਰੀ ਕਰਨ ਲੱਗਿਆ। ਉਸ ਨੇ ਦੋ ਕੁ ਮਹੀਨੇ ਵਿੱਚ ਨਾਵਲ ਤਿਆਰ ਕਰ ਲਿਆ। ਨਾਵਲ ਦਾ ਨਾਂ ਰੱਖਿਆ 'ਰਾਜਧਾਨੀ'। ਉਸ ਨੇ 'ਰਾਜਧਾਨੀ' ਨੂੰ ਛਪਣ ਲਈ ਭੇਜ ਦਿਤਾ। ਪਹਿਲਾਂ ਉਹ ਆਪਣੀਆਂ ਕਿਤਾਬਾਂ ਦਿੱਲੀ ਤੋਂ ਛਪਵਾਇਆ ਕਰਦਾ ਸੀ ਪਰ ਇਸ ਵਾਰ ਉਸ ਨੇ ਪੰਜਾਬ ਦੇ ਪਬਲਿਸ਼ਰ ਨੂੰ ਆਪਣਾ ਨਾਵਲ ਭੇਜ ਦਿਤਾ। ਦਿੱਲੀ ਵਾਲੇ ਪਬਲਿਸ਼ਰਾਂ ਨਾਲੋਂ ਹੁਣ ਪੰਜਾਬ ਦੇ ਪਬਲਿਸ਼ਰ ਜ਼ਿਆਦਾ ਕਿਤਾਬਾਂ ਛਾਪ ਰਹੇ ਸਨ। ਉਹਨਾਂ ਦੇ ਨਾਂ ਹੁਣ ਵੱਡੇ ਸਨ। ਇਕ ਦਿਨ ਉਸ ਨੇ ਜੋਗੇਂਦਰ ਨੂੰ ਪੁੱਛਿਆ,

"ਨਾਵਲ 'ਰਾਜਧਾਨੀ' ਨੂੰ ਹੁਣ ਪ੍ਰੋਮੋਟ ਕਿਵੇਂ ਕਰੀਏ?"

"ਭਾਊ, ਇੰਡੀਆ ਜਾਓ, ਦੋ ਤਿੰਨ ਪ੍ਰੋਗਰਾਮ ਹੋ ਜਾਣ ਬਸ ਠੀਕ ਐ। ਤੁਸੀਂ ਫਿਕਰ ਨਾ ਕਰੋ, ਮੈਂ ਕੋਈ ਇੰਤਜ਼ਾਮ ਕਰ ਦੇਵਾਂਗਾ।"

ਕੁੰਦਨ ਦੇ ਮਨ ਵਿੱਚ ਸੋਚ ਆਈ ਕਿ ਹੁਣ ਜੋਗੇਂਦਰ ਉਸ ਦੀ ਕਿਤਾਬ ਉਪਰ ਪ੍ਰੋਗਰਾਮ ਕਰਾਏਗਾ! ਉਸ ਨੇ ਉਸ ਦੀ ਗੱਲ ਉਲੱਦਣ ਲਈ ਆਖਿਆ,

"ਅਸਲ ਵਿੱਚ ਤਾਂ ਪਬਲਿਸ਼ਰ ਨੂੰ ਚਾਹੀਦਾ ਏ ਕਿ ਕੁਝ ਕਰੇ।"

"ਭਾਊ, ਤੁਹਾਨੂੰ ਪਤਾ ਕਿ ਪੰਜਾਬੀ ਵਿੱਚ ਪਬਲਿਸ਼ਰ ਕਿਥੇ ਆ, ਇਹ ਤਾਂ ਸਾਰੇ ਪਰਿੰਟਰ ਆ, ਇਥੇ ਤਾਂ ਲੇਖਕ ਨੂੰ ਆਪੇ ਹੀ ਸਭ ਕੁਝ ਕਰਨਾ ਪੈਂਦਾ, ਪਹਿਲਾਂ ਪੈਸੇ ਦੇ ਕੇ ਛਪਵਾਓ, ਫੇਰ ਪੈਸੇ ਖਰਚ ਕੇ ਲੋਕਾਂ ਨੂੰ ਪੋਸਟ ਕਰੋ ਤੇ ਫੇਰ ਇਸ ਉਪਰ ਪੈਸੇ ਖਰਚ ਕੇ ਪ੍ਰੋਗਰਾਮ ਕਰਾਓ।"

"ਗੱਲ ਠੀਕ ਏ, ਸਾਲ਼ਾ ਬੈਹੜਿਆਂ ਦਾ ਏਹੋ ਜਿਹੇ ਲਿਖਣ ਖੁਣੋਂ ਕੀ ਥੁੜਿਆ ਏ!"

ਨਮੋਸ਼ੀ ਜਿਹੀ ਵਿੱਚ ਸਿਰ ਮਾਰਦਾ ਕੁੰਦਨ ਕਹਿ ਰਿਹਾ ਸੀ।

ਉਸ ਦਾ ਨਾਵਲ ਆ ਗਿਆ। ਪਬਲਿਸ਼ਰ ਨੇ ਛਾਪਣ ਵਿੱਚ ਕਾਫੀ ਦੇਰ ਕਰ ਦਿਤੀ। ਉਸ ਨੇ ਪਹਿਲੀ ਕਾਪੀ ਜੋਗੇਂਦਰ ਨੂੰ ਭੇਜੀ ਤੇ ਨਾਲ ਹੀ ਫੋਨ ਕਰਕੇ ਕਿਹਾ,

"ਪੜ੍ਹ ਕੇ ਦੇਖ ਇਕ ਵੇਰਾਂ, ਤੇਰੇ ਕਪਾੜ ਨਾ ਖੁਲ੍ਹ ਜਾਣ ਤਾਂ ਗੱਲ ਕਰੀਂ, ਮੈਂ ਗਲੋਬਲਾਈਜੇਸ਼ਨ ਬਾਰੇ ਆਪਣੀ ਸਾਰੀ ਪੜ੍ਹਾਈ ਇਸ ਵਿੱਚ ਵਾੜ ਦਿਤੀ ਏ, ਜੇ ਹੁਣ ਵੀ ਪਾਠਕ ਮੇਰੇ ਥੈਂਕਫੁੱਲ ਨਾ ਹੋਣ ਤਾਂ ਉਹਨਾਂ ਦੀ ਮਾੜੀ ਕਿਸਮਤ!"

ਕੁੰਦਨ ਦਾ ਨਾਵਲ ਜੋਗੇਂਦਰ ਕੋਲ ਪੁੱਜ ਗਿਆ। ਉਸ ਨੇ ਪੜ੍ਹਨਾ ਸ਼ੁਰੂ ਕੀਤਾ। ਪਹਿਲੇ ਸਫੇ ਤੋਂ ਹੀ ਸਪੱਸ਼ਟ ਹੋ ਗਿਆ ਕਿ ਕੁੰਦਨ ਨਾਵਲ ਦਾ ਆਪ ਸੁਪਰ-ਹੀਰੋ ਹੈ। ਇਸ ਦੇ ਪਾਤਰ ਪੱਛਾਣ ਹੋਣ ਲਗੇ। ਮੋਹਣੀ ਤੋਂ ਸ਼ੁਰੂ ਹੋ ਕੇ ਬੰਬਈ ਵਾਲੇ ਅਮਰਜੀਤ ਮਾਨ ਤਕ, ਡਾਕਟਰ ਰੌਸ਼ਨ, ਡਾਕਟਰ ਸੁਰਾਇਣ ਸਿੰਘ ਤੋਂ ਲੈ ਕੇ ਉਸ ਦੇ ਪੁਰਾਣੇ ਦੋਸਤ ਰਸ਼ਪਾਲ ਤੋਂ ਲੈ ਕੇ ਅਨੀਤਾ ਸ਼ਰਮਾ ਤਕ ਸਾਰੇ ਪਾਤਰ ਅਜਿਹੇ ਸਨ ਕਿ ਸਾਫ ਦਿਸ ਰਹੇ ਸਨ। ਨਾਂ ਵੀ ਰਲਦੇ ਮਿਲਦੇ। ਜਾਪ ਰਿਹਾ ਸੀ ਕਿ ਕੁੰਦਨ ਨੇ ਜਾਣ ਬੁੱਝ ਕੇ ਇਹਨਾਂ ਦੀ ਪੱਛਾਣ ਬਰਕ੍ਰਾਰ ਰੱਖੀ ਹੈ। ਪਾਤਰ ਜਾਣੇ ਹੋਣ ਕਰਕੇ ਨਾਵਲ ਦੀ ਪੜ੍ਹਨਯੋਗਤਾ ਵਿੱਚ ਰੁਕਾਵਟ ਬਣਦੀ ਸੀ। ਸਾਫ ਦਿਸਦਾ ਸੀ ਕਿ ਜਿਹੜੇ ਲੋਕਾਂ ਨੂੰ ਕੁੰਦਨ ਪਸੰਦ ਨਹੀਂ ਕਰਦਾ ਉਹਨਾਂ ਨੂੰ ਵਿਪਾਤਰ ਬਣਾ ਕੇ ਪੇਸ਼ ਕੀਤਾ ਗਿਆ ਸੀ। ਨਾਵਲ ਦਾ ਸਭ ਤੋਂ ਭੈੜਾ ਕਿਰਦਾਰ ਮੋਹਣੀ ਦੇ ਹਿੱਸੇ ਆਇਆ ਸੀ। ਫਿਰ ਡਾਕਟਰ ਰੌਸ਼ਨ ਤੇ ਹੋਰ ਸਭ। ਉਸ ਨੇ ਆਪਣੇ ਪਿਛਲੇ ਨਾਵਲ ਵਿੱਚ ਪਾਇਲ ਨੂੰ ਭੈੜਾ ਕਿਰਦਾਰ ਬਣਾਇਆ ਸੀ ਪਰ ਇਸ ਵਾਰ ਅਮਰਜੋਤ ਨੂੰ ਘਟੀਆ ਇਨਸਾਨ ਦੇ ਤੌਰ ਤੇ ਪੇਸ਼ ਕੀਤਾ ਸੀ। ਉਸ ਦੇ ਨਾਵਲ ਪੜ੍ਹਦਿਆਂ ਪੜ੍ਹਦਿਆਂ ਕੁੰਦਨ ਦਾ ਪੰਜ ਵਾਰੀ ਫੋਨ ਆ ਚੁੱਕਿਆ ਸੀ ਕਿ ਨਾਵਲ ਕਿਹੋ ਜਿਹਾ ਲੱਗ ਰਿਹਾ ਹੈ। ਜੋਗੇਂਦਰ ਦੀ ਹਾਲਤ ਤਾਂ ਅਜਿਹੀ ਸੀ ਜਿਵੇਂ ਸੱਪ ਦੇ ਮੂੰਹ ਵਿੱਚ ਕੋਹੜ-ਕਿਰਲੀ ਵਾਲੀ ਹੁੰਦੀ ਹੈ। ਜੇ ਨਾਵਲ ਨੂੰ ਚੰਗਾ ਕਹਿੰਦਾ ਸੀ ਤਾਂ ਆਪਣੀ ਜ਼ਮੀਰ ਤੋਂ ਝੂਠਾ ਪੈਂਦਾ ਸੀ ਜੇ ਮਾੜਾ ਕਹਿੰਦਾ ਸੀ ਤਾਂ ਕੁੰਦਨ ਨੇ ਗੁੱਸੇ ਹੋ ਜਾਣਾ ਸੀ। ਕੁੰਦਨ ਦੇ ਪੁੱਛਣ ਤੇ ਉਸ ਨੇ ਕਿਹਾ,

"ਨਾਵਲ ਵਧੀਐ।"

"ਵਧੀਆ ਨਹੀਂ, ਬਹੁਤ ਵਧੀਆ, ਬਹੁਤ ਹੀ ਐਜੂਕੇਟਿਵ ਨਾਵਲ ਏ, ਤੂੰ ਇਹਦੇ ਮੁੱਖ ਕਿਰਦਾਰ ਦੀ ਭੂਮਿਕਾ ਦੇਖ, ਉਸ ਦੇ ਦਿਤੇ ਲੈਕਚਰ ਪੜ੍ਹ, ਦੇਖ ਲੋਅ ਹੁੰਦੀ ਏ ਕਿ ਨਹੀਂ? ਦੂਜੀ ਗੱਲ ਕਿ ਇਹ ਨਾਵਲ ਆਮ ਪਾਠਕ ਲਈ ਨਹੀਂ ਏ, ਇਸ ਦੇ ਖਾਸ ਪਾਠਕ ਹੀ ਹੋਣਗੇ, ਵੱਡੇ ਨਾਵਲ ਇਵੇਂ ਹੀ ਹੁੰਦੇ ਨੇ, ਵੱਡੇ ਨਾਵਲ ਕੁਝ ਇਕ ਪਾਠਕਾਂ ਤਕ ਪੁੱਜਦੇ ਨੇ ਤੇ ਪਾਠਕ ਹੀ ਅੱਗੇ ਉਹਨਾਂ ਦਾ ਵਿਖਿਆਨ ਕਰਦੇ ਨੇ, 'ਰਾਜਧਾਨੀ' ਬਹੁਤ ਨਾਵਲ ਵੱਡਾ ਨਾਵਲ ਏ।"

ਕੁੰਦਨ ਆਪਣਾ ਨੁਕਤਾ ਦੱਸ ਰਿਹਾ ਸੀ। ਜੋਗੇਂਦਰ ਤੋਂ ਉਸ ਨਜ਼ਰੀਏ ਨਾਲ ਨਾਵਲ ਪੜ੍ਹਿਆ ਹੀ ਨਹੀਂ ਸੀ ਜਾ ਰਿਹਾ। ਉਸ ਨੂੰ ਤਾਂ ਇਕੋ ਗੱਲ ਮਹਿਸੂਸ ਹੋ ਰਹੀ ਸੀ ਕਿ ਕੁੰਦਨ ਨੇ ਨਾਵਲ ਇਵੇਂ ਲਿਖਿਆ ਹੈ ਜਿਵੇਂ ਕੋਈ ਬੱਚਾ ਵੀਡਿਓ ਗੇਮ ਖੇਡਦਾ ਹੁੰਦਾ ਹੈ, ਆਪ ਹੀਰੋ ਬਣ ਕੇ ਆਪਣੇ ਵਿਰੋਧੀ ਦੋਸਤਾਂ ਨੂੰ ਦੁਸ਼ਟ ਬਣਾ ਲੈਂਦਾ ਹੈ ਤੇ ਫਿਰ ਇਕ ਇਕ ਨੂੰ ਚੁਣ ਚੁਣ ਕੇ ਮਾਰਦਾ ਹੈ।

ਇਹ ਨਾਵਲ ਕੁੰਦਨ ਨੇ ਕਈ ਹੋਰ ਦੋਸਤਾਂ ਨੂੰ ਵੀ ਭੇਜ ਦਿਤਾ। ਕਿਸੇ ਨਾ ਕਿਸੇ ਤਰ੍ਹਾਂ ਮੋਹਣੀ ਕੋਲ ਵੀ ਚਲੇ ਗਿਆ। ਮੋਹਣੀ ਨੇ ਜੋਗੇਂਦਰ ਨੂੰ ਫੋਨ ਕਰਕੇ ਆਖਿਆ,

"ਆਪਣੇ ਭਾਊ ਦਾ ਨਾਵਲ ਪੜ੍ਹਿਆ ਏ ਤੁਸੀਂ?"

"ਹਾਂ, ਪੜ੍ਹ ਲਿਆ।"

"ਦੇਖ ਲਿਆ ਕਿ ਤੁਹਾਡੇ ਮਿੱਤਰ ਦੇ ਅੰਦਰ ਕਿੰਨਾ ਗੰਦ ਭਰਿਆ ਪਿਆ ਏ!"

"ਹਾਂ, ਦੇਖ ਲਿਆ ਪਰ ਤੁਸੀਂ ਕੀ ਸੋਚਦੇ ਓ ਕਿ ਤੁਹਾਡੇ ਨਾਲ ਏਨੇ ਝਗੜੇ ਤੋਂ ਬਾਅਦ ਤੁਹਾਨੂੰ ਵਧੀਆ ਪਾਤਰ ਬਣਾ ਕੇ ਪੇਸ਼ ਕਰੇਗਾ!"

"ਨਹੀਂ, ਮੈਂ ਕਦੇ ਵੀ ਇਹ ਆਸ ਨਹੀਂ ਰੱਖਦੀ ਪਰ ਇਕ ਲੇਖਕ ਤੋਂ ਉਸ ਦੀ ਆਪਣੀ ਲਿਖਤ ਨਾਲ ਸੁਹਿਰਦਤਾ ਦੀ ਆਸ ਤਾਂ ਰੱਖਦੀ ਹਾਂ ਨਾ, ...ਸਾਫ ਦਿੱਸ ਰਿਹਾ ਏ ਕਿ ਇਹਨੇ ਇਹ ਨਾਵਲ ਸਾਹਿਤ ਰਚਣ ਲਈ ਨਹੀਂ ਲਿਖਿਆ ਬਲਕਿ ਆਪਣੀਆਂ ਕਿੜ੍ਹਾਂ ਕੱਢਣ ਲਈ ਲਿਖਿਆ ਏ। ਸਾਹਿਤ ਉਹ ਹੁੰਦਾ ਏ ਜਿਹੜਾ ਨਿੱਜ ਤੋਂ ਉਪਰ ਉਠ ਕੇ ਲਿਖਿਆ ਜਾਵੇ, ਜਿਹੜਾ ਕਿਸੇ ਲਈ ਕੋਈ ਸੁਨੇਹਾ ਛੱਡੇ, ਜਿਹੜਾ ਕਿਸੇ ਦੇ ਕੰਮ ਆਵੇ। ਇਹ ਤਾਂ ਸਾਹਿਤ ਵਿੱਚ ਪ੍ਰਦੂਸ਼ਣ ਏ!"

ਕੁੰਦਨ ਦੇ ਨਾਵਲ ਤੋਂ ਕਾਮਰੇਡ ਖਾਸੇ ਔਖੇ ਸਨ। ਨਾਵਲ ਵਿੱਚ ਉਸ ਨੇ ਇਹ ਵੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਕੌਮਨਿਜ਼ਮ ਗਲਤ ਹੈ ਤੇ ਪੂੰਜੀਵਾਦ ਹੀ ਅਜੋਕੇ ਜੀਵਨ ਦਾ ਸਹੀ ਰਾਹ ਹੈ। ਕੁੰਦਨ ਨੂੰ ਪਤਾ ਲੱਗਾ ਤਾਂ ਉਹ ਬੋਲਿਆ,

"ਸਾਲ਼ੇ ਬੈਹੜਿਆਂ ਦੇ ਲੋਕਾਂ ਕੋਲ ਸਿਰ ਨਹੀਂ ਹੈਗੇ, ਅਸਲ ਵਿੱਚ ਇਹ ਲੋਕ ਆਪਣੇ ਖੋਲਾਂ ਵਿੱਚ ਵੜੇ ਬੈਠੇ ਨੇ, ਇਹ ਓਹਦੇ ਵਿੱਚੋਂ ਬਾਹਰ ਨਿਕਲ ਕੇ ਸੋਚਦੇ ਹੀ ਨਹੀਂ।"

ਜੋਗੇਂਦਰ ਨੇ ਡਾਕਟਰ ਗੁਰਦੀਪ ਸਿੱਧੂ ਨੂੰ ਫੋਨ ਕਰਕੇ ਇਸ ਨਾਵਲ ਬਾਰੇ ਗੱਲ ਕੀਤੀ। ਗੁਰਦੀਪ ਕਹਿਣ ਲੱਗਿਆ,

"ਬਈ, ਹੈ ਤਾਂ ਮੇਰੀ ਕੁੰਦਨ ਮਾਮੇ ਨਾਲ ਦੁਸ਼ਮਣੀ ਹੀ ਪਰ ਇਹ ਨਾਵਲ ਮੈਨੂੰ ਚੰਗਾ ਲੱਗਿਆ। ...ਮੈਂ ਏਸ ਨਾਵਲ ਦੀ ਕਦੇ ਵੀ ਗੱਲ ਨਹੀਂ ਕਰਨੀ ਦੁਸ਼ਮਣੀ ਕਰਕੇ ਪਰ ਜੇ ਮਾਮੇ ਦੀ ਆਪਣੇ ਨਾਲ ਸੁਲਾਹ ਹੁੰਦੀ ਤਾਂ ਆਪਾਂ ਏਸ ਨਾਵਲ ਨੂੰ ਪੂਰੀ ਤਰ੍ਹਾਂ ਚਲਾ ਸਕਦੇ ਸੀ।"

ਗੁਰਦੀਪ ਸਿੱਧੂ ਸਦਾ ਕਿਹਾ ਕਰਦਾ ਸੀ ਕਿ ਨਾਵਲ ਵਿੱਚੋਂ ਕੁਝ ਨਵੀਆਂ ਗੱਲਾਂ ਕੱਢ ਕੇ ਉਸ ਨੂੰ ਚਲਾਉਣਾ ਪੈਂਦਾ ਹੈ। ਪਾਠਕ ਤਕ ਨਾਵਲ ਦਾ ਸਹੀ ਮੁਲਾਂਕਣ ਪੁੱਜੇ ਤਾਂ ਨਾਵਲ ਜ਼ਿਆਦਾ ਪੜ੍ਹਿਆ ਜਾਂਦਾ ਹੈ। ਜੋਗੇਂਦਰ ਦੇ ਸਾਰੇ ਨਾਵਲਾਂ ਉਪਰ ਗੁਰਦੀਪ ਸਿੱਧੂ ਨੇ ਪੂਰੇ ਵਿਸਥਾਰ ਨਾਲ ਸਮੀਖਿਆ ਕੀਤੀ ਸੀ ਤੇ ਉਹ ਚੱਲੇ ਵੀ ਸਨ।...

ਬਨਫੂਲ ਨੇ ਨਾਵਲ ਪੜ੍ਹਿਆ ਤਾਂ ਉਸ ਨੇ ਕਿਹਾ,

"ਯਾਰ ਕੁੰਦਨ, ਇਕ ਤਾਂ ਦੋਸਤਾਂ ਲਈ ਤੇਰੇ ਅੰਦਰ ਜ਼ਹਿਰ ਭਰਿਆ ਪਿਐ ਤੇ ਦੂਜੇ ਜਿਸ ਮਾਰਕਸਿਜ਼ਮ ਨੇ ਤੈਨੂੰ ਐਡਾ ਆਲੋਚਕ ਬਣਾਇਆ ਉਸੇ ਨੂੰ ਤੂੰ ਗਲਤ ਕਹੀ ਜਾਨਾਂ?"

"ਬਨਫੂਲ, ਤੈਨੂੰ ਸਾਹਿਤ ਦੀ ਸਮਝ ਹੀ ਨਹੀਂ, ਤੂੰ ਹਾਲੇ ਉਥੇ ਹੀ ਖੜਾ ਏਂ ਜਿਥੋਂ ਤੁਰਿਆ ਸੀ।"

ਆਖਦਿਆਂ ਕੁੰਦਨ ਨੇ ਫੋਨ ਰੱਖ ਦਿਤਾ।

ਕਾਮਰੇਡ ਇਕਬਾਲ ਨੂੰ ਉਹ ਨਾਵਲ ਦੇ ਆਇਆ ਸੀ। ਉਸ ਦੀ ਰਾਏ ਜਾਣਨ ਲਈ ਫੋਨ ਕੀਤਾ ਤਾਂ ਇਕਬਾਲ ਬੋਲਿਆ,

"ਅਸੀਂ ਸਾਰੀ ਉਮਰ ਨਿੱਜੀ ਜਾਇਦਾਦ ਦੇ ਖਿਲਾਫ ਲੜੇ ਆਂ ਤੇ ਤੂੰ ਆਖਦਾ ਕਿ ਨਿੱਜੀ ਜਾਇਦਾਦ ਮਨੁੱਖ ਨੂੰ ਤਰੱਕੀ ਵੱਲ ਤੋਰਦੀ ਐ।"

"ਤੁਸੀਂ ਏਤਰਾਂ ਕਰੋ ਕਿ ਇਸ ਨਾਵਲ ਉਪਰ ਪਰੋਗਰਾਮ ਰੱਖੋ ਤੇ ਉਥੇ ਬਹਿਸ ਕਰ ਲਵਾਂਗੇ, ਮੈਂ ਆਪਣਾ ਪੁਆਇੰਟ ਪਰੂਵ ਕਰਨ ਦੀ ਕੋਸ਼ਿਸ਼ ਕਰਾਂਗਾ।"

"ਤੂੰ ਨਾਵਲ 'ਤੇ ਪਰੋਗਰਾਮ ਕਰਾਉਣ ਦੀ ਗੱਲ ਕਰਦਾਂ? ਮਿਡਲਸੈਕਸ ਦੇ ਲੋਕ ਤਾਂ ਤੈਨੂੰ ਕੁੱਟਣ ਲਈ ਮੁੱਠਾਂ ਵਿੱਚ ਥੁੱਕੀ ਫਿਰਦੇ ਆ!"

"ਬੂਝੜ ਕਾਮਰੇਡ!"

ਆਖਦਿਆਂ ਕੁੰਦਨ ਨੇ ਫੋਨ ਰੱਖ ਦਿਤਾ।

ਰੇਸ਼ਮ ਸਮੁੰਦਰੀ ਨੇ ਇਕ ਦਿਨ ਸੱਤ ਕੁ ਵਜੇ ਹਵਾ ਪਿਆਜ਼ੀ ਹੋ ਕੇ ਕੁੰਦਨ ਨੂੰ ਫੋਨ ਕੀਤਾ ਤੇ ਕਹਿਣ ਲੱਗਿਆ,

"ਪਤਾ ਚੱਲਿਆ ਕਿ ਤੇਰੇ ਨਾਵਲ ਨੇ ਬੜੀਆਂ ਧੁੰਮਾਂ ਪਾਈਆਂ ਹੋਈਆਂ।"

"ਧੁੰਮਾਂ ਤਾਂ ਨਹੀਂ, ਹਾਲੇ ਤਾਂ ਵਿਰੋਧ ਹੀ ਹੋ ਰਿਹਾ ਏ।"

"ਮੈਂ ਸੁਣਿਆਂ ਕਿ ਤੂੰ ਮੋਹਣੀ ਨੂੰ ਚੁੜੈਲ ਬਣਾ ਕੇ ਪੇਸ਼ ਕੀਤਾ, ਠੀਕ ਆ?"

"ਨਹੀਂ ਓ ਨਹੀਂ, ਮੈਂ ਤਾਂ ਇਕ ਸਾਧਾਰਨ ਪਾਤਰ ਪੇਸ਼ ਕੀਤਾ ਏ ਜਿਹੜਾ ਆਪਣੇ ਪਤੀ ਨਾਲ ਤਾਂ ਨੌਂ ਦਿਨ ਵੀ ਨਹੀਂ ਸੌਂਦੀ ਤੇ ਨੱਬੇ ਹਜ਼ਾਰ ਪੌਂਡ ਨੂੰ ਹੱਥ ਮਾਰ ਜਾਂਦੀ ਏ।"

"ਕੁੰਦਨ, ਤੇਰੀ ਇਹ ਗੱਲ ਸੋਲਾਂ ਆਨੇ ਸਹੀ ਐ, ਏਹ ਤੂੰ ਚੰਗਾ ਕੀਤਾ, ਐਸੇ ਪਾਤਰਾਂ ਦੇ ਚਿਹਰੇ ਨੰਗੇ ਕਰਨੇ ਚਾਹੀਦੇ ਆ, ਇਹ ਇਕੱਲੀ ਮੋਹਣੀ ਹੀ ਨਹੀਂ, ਹਜ਼ਾਰਾਂ ਮੋਹਣੀਆਂ ਨੇ ਇੰਗਲੈਂਡ ਵਿੱਚ।"

"ਮੈਂ ਤੈਨੂੰ ਇਕ ਕਾਪੀ ਭੇਜ ਦਿੰਨਾਂ, ਤੂੰ ਆਪ ਪੜ੍ਹ ਕੇ ਦੇਖ।"

"ਨਹੀਂ, ਮੈਨੂੰ ਕਾਪੀ ਨਾ ਭੇਜੀਂ, ਮੇਰੇ ਤੋਂ ਨਾਵਲ ਨਹੀਂ ਪੜ੍ਹ ਹੁੰਦਾ ਪਰ ਜੋ ਤੂੰ ਲਿਖਿਆ, ਮੈਂ ਤੇਰੇ ਨਾਲ ਸਹਿਮਤ ਆਂ।"

"ਤੂੰ ਇਕ ਵਾਰ ਪੜ੍ਹਨ ਦੀ ਕੋਸ਼ਿਸ਼ ਤਾਂ ਕਰ।"

"ਯਾਰ, ਮੈਂ ਟਾਈਮ ਖਰਾਬ ਨਹੀਂ ਕਰਨਾ, ਮੇਰੇ ਕੋਲ ਪੜ੍ਹਨ ਲਈ ਹੋਰ ਬਹੁਤ ਕੁਝ ਹੈਗਾ।"

ਆਖਦਿਆਂ ਸਮੁੰਦਰੀ ਨੇ ਫੋਨ ਬੰਦ ਕਰ ਦਿਤਾ। ਉਸ ਦੀ ਅਜਿਹੀ ਹੀ ਆਦਤ ਸੀ ਕਿ ਇਕ ਦਮ ਫੋਨ ਬੰਦ ਕਰ ਦਿੰਦਾ। ਕੁੰਦਨ ਨੂੰ ਉਸ ਦੀਆਂ ਗੱਲਾਂ ਸੁਣ ਕੇ ਕੁਝ ਕੁ ਰਾਹਤ ਮਿਲੀ ਪਰ ਉਸ ਦਾ ਨਾਵਲ ਪੜ੍ਹਨ ਤੋਂ ਇਨਕਾਰ ਕਰਨ ਕਰਕੇ ਗੁੱਸਾ ਵੀ ਆਇਆ।

ਕੁੰਦਨ ਨੂੰ ਪਤਾ ਸੀ ਕਿ ਉਸ ਦੇ ਨਾਵਲ ਦਾ ਥੋੜਾ ਬਹੁਤ ਤਾਂ ਵਿਰੋਧ ਹੋਣਾ ਹੀ ਸੀ। ਨਾਵਲ ਦਾ ਵਿਰੋਧ ਹੋਣਾ ਵੀ ਉਹ ਮਾੜੀ ਗੱਲ ਨਹੀਂ ਸੀ ਸਮਝਦਾ। ਇਵੇਂ ਵੀ ਲੋਕ ਘੱਟੋ-ਘੱਟ ਤੁਹਾਨੂੰ ਹਾਜ਼ਰ ਤਾਂ ਮੰਨਦੇ ਹਨ। ਨਹੀਂ ਤਾਂ ਪੰਜਾਬੀ ਸਾਹਿਤ ਵਿੱਚ ਚੁੱਪ ਧਾਰ ਕੇ ਹੀ ਅਗਲੇ ਨੂੰ ਖਤਮ ਕਰ ਦਿੰਦੇ ਹਨ। ਉਹ ਇੰਡੀਆ ਵੱਲ ਦੇਖਣ ਲੱਗਿਆ ਕਿ ਉਥੇ ਦੇ ਲੋਕ ਇਸ ਦਾ ਕੀ ਪ੍ਰਤੀਕਰਮ ਦਿੰਦੇ ਹਨ ਪਰ ਇੰਡੀਆ ਤੋਂ ਕੋਈ ਵੀ ਹਿਲਜੁਲ ਨਾ ਹੋਈ। ਨਾ ਕੋਈ ਰਿਵੀਊ ਤੇ ਨਾ ਹੀ ਕੋਈ ਇਸ ਉਪਰ ਲੇਖ ਜਾਂ ਟਿੱਪਣੀ। ਕੁਝ ਦੇਰ ਬਾਅਦ ਇਕ ਅਖ਼ਬਾਰ ਨੇ ਨਾਵਲ ਦਾ ਉਪਰ ਇਕ ਛੋਟਾ ਜਿਹਾ ਰਿਵੀਊ ਛਾਪਿਆ ਜਿਹੜਾ ਕਿ ਇਸ ਦੇ ਖਿਲਾਫ ਭੁਗਤਦਾ ਸੀ। ਉਸ ਨੇ ਜੋਗੇਂਦਰ ਨੂੰ ਫੋਨ ਕਰਕੇ ਪੁੱਛਿਆ,

"ਇਹ ਕੁੜੀ ਸ਼ਰਨਜੀਤ ਕੋਰ ਕੌਣ ਏ ਜਿਹਨੇ ਮੇਰੇ ਨਾਵਲ ਦਾ ਰਿਵੀਊ ਕੀਤਾ ਏ?"

"ਇਹ ਤੁਹਾਡੇ ਲਾਡਲੇ ਹਰਦੇਵ ਦਿਆਲ ਦੀ ਸਟੂਡੈਂਟ ਏ।"

"ਏਹ ਸਾਲ਼ੇ ਬੈਹੜਿਆਂ ਦੇ ਨੇ ਜਾਣ ਕੇ ਲਿਖਾਇਆ ਏ!"

"ਮੇਰੀ ਗੁਰਦੀਪ ਸਿੱਧੂ ਨਾਲ ਗੱਲ ਹੋਈ ਸੀ, ਉਹਨੂੰ ਤੁਹਾਡਾ ਨਾਵਲ ਬਹੁਤ ਪਸੰਦ ਏ।"

"ਗੁਰਦੀਪ! ...ਮੈਨੂੰ ਪਤਾ ਏ ਕਿ ਉਹ ਇੰਟੈਲੀਜੈਂਟ ਮੁੰਡਾ ਏ, ਮੈਨੂੰ ਦੇਹ ਖਾਂ ਜ਼ਰਾ ਓਹਦਾ ਨੰਬਰ, ਮੈਂ ਫੋਨ ਕਰਦਾਂ ਉਹਨੂੰ!"

ਕੁੰਦਨ ਨੇ ਗੁਰਦੀਪ ਸਿੱਧੂ ਨਾਲ ਆਪਣੇ ਸਾਰੇ ਫਰਕ ਭੁਲਾ ਦਿਤੇ ਤੇ ਉਸ ਨੂੰ ਫੋਨ ਘੁਮਾ ਲਿਆ। ਗੁਰਦੀਪ ਸਿੱਧੂ ਨੂੰ ਪਤਾ ਸੀ ਕਿ ਉਹ ਫੋਨ ਕਰੇਗਾ। ਗੱਲੀਂ ਗੱਲੀਂ ਉਸ ਨੂੰ ਵੀ ਕੁਆਰੀਆਂ ਦੇ ਕੁੱਛੜੀਂ ਨਿਆਣੇ ਚੁਕਾਉਣੇ ਆਉਂਦੇ ਸਨ। ਉਸ ਨੇ ਕਿਹਾ,

"ਡਾਕਟਰ ਸਾਹਿਬ, ਮੈਂ ਕੱਲ ਹੀ ਅੰਮ੍ਰਿਤਸਰ ਗਿਆ ਸੀ, ਤੁਹਾਡੇ ਨਾਵਲ 'ਤੇ ਬੋਲ ਕੇ ਆਇਆਂ, ਮੈਨੂੰ ਤਾਂ ਇਹ ਬਹੁਤ ਹੀ ਚੰਗਾ ਲਗਿਆ।"

"ਛੋਟੇ ਭਾਊ, ਏਹਦੇ 'ਤੇ ਲਿਖ ਯਾਰ।"

"ਮੈਂ ਕੋਸ਼ਿਸ਼ ਕਰਾਂਗਾ, ਆਪ ਨਹੀਂ ਤਾਂ ਮੈਂ ਕਿਸੇ ਹੋਰ ਤੋਂ ਲਿਖਵਾਵਾਂਗਾ।"

"ਨਹੀਂ ਭਾਊ, ਤੂੰ ਲਿਖ, ਮੈਂ ਤੇਰਾ ਦੇਣਦਾਰ ਰਹਾਂਗਾ। ਮੈਨੂੰ ਪਤਾ ਤੇਰੇ ਕੋਲ ਸਿਰ ਹੈਗਾ, ਬਾਕੀ ਦੇ ਲੋਕ ਤਾਂ ਸਾਲ਼ੇ ਬੈਹੜਿਆਂ ਦੇ ਖਾਲੀ ਤੁਰੇ ਫਿਰਦੇ ਨੇ। ਨਾਲ਼ੇ ਆਪਾਂ ਦੋਨੋਂ ਮਝੈਲ ਆਂ ਯਾਰ!"

"ਤੁਸੀਂ ਫਿਕਰ ਨਾ ਕਰੋ, ਮੈਂ ਕਰਦਾਂ ਕੁਝ।"

ਗੁਰਦੀਪ ਸਿੱਧੂ ਕਹਿ ਰਿਹਾ ਸੀ। ਕੁੰਦਨ ਫੋਨ ਕਰਦਾ ਹੋਇਆ ਨਾਲ ਦੀ ਨਾਲ ਦਾਰੂ ਵੀ ਪੀ ਰਿਹਾ ਸੀ। ਉਹ ਭਾਵੁਕ ਹੁੰਦਾ ਬੋਲਿਆ,

"ਓ ਭਾਊ, ਯਾਰ ਮੈਨੂੰ ਜੀਂਦਿਆਂ ਵਿਚ ਕਰ ਓਏ ਯਾਰ!"

"ਬਿਲਕੁਲ, ਮੈਂ ਜ਼ਰੂਰ ਕੁਝ ਕਰਾਂਗਾ, ਤੁਸੀਂ ਬੇਫਿਕਰ ਹੋ ਜਾਓ।"

"ਸੌਂਹ ਖਾ ਮੇਰੀ ਕਿ ਪੁਰਾਣੀਆਂ ਗੱਲਾਂ ਭੁਲਾ ਕੇ ਕਰੇਂਗਾ।"

"ਤੁਹਾਡੀ ਸੌਂਹ ਲਗੇ।"

ਗੁਰਦੀਪ ਸਿੱਧੂ ਕਹਿਣ ਲੱਗਿਆ। ਉਸ ਨੂੰ ਪਤਾ ਸੀ ਕਿ ਹੁਣੇ ਹੀ ਕੁੰਦਨ ਏਨਾ ਪਿਆਰ ਦਿਖਾਵੇਗਾ ਤੇ ਅਗਲੇ ਪਲ ਜੇਠੂ ਗਾਲ੍ਹਾਂ ਦੇਣ ਲੱਗੇਗਾ।...

ਇਕ ਦਿਨ ਕੁੰਦਨ ਦਾ ਫੋਨ ਖੜਕਿਆ। ਕੋਈ ਓਪਰਾ ਜਿਹਾ ਨੰਬਰ ਸੀ। ਕੁੰਦਨ ਨੇ ਚੁੱਕਿਆ ਤਾਂ ਦੂਜੇ ਪਾਸਿਓਂ ਤਿੱਖੀ ਜਿਹੀ ਅਵਾਜ਼ ਵਿਚ ਕੋਈ ਬੋਲਿਆ,

"ਕੁੰਦਨ ਜੀ, ਮੇਰਾ ਨਾਂ ਮੱਖਣ ਫਲੌਰੀਆ ਐ, ਸ਼ਾਇਦ ਤੁਸੀਂ ਮੈਨੂੰ ਪਰਚਿਆਂ ਵਿੱਚ ਪੜ੍ਹਿਆ ਹੋਵੇ।"

ਕੁੰਦਨ ਸੋਚਣ ਲੱਗਿਆ ਕਿ ਕੌਣ ਹੋਇਆ ਇਹ। ਉਸ ਨੂੰ ਨਾਂ ਤਾਂ ਸੁਣਿਆਂ ਹੋਇਆ ਲੱਗਦਾ ਸੀ ਪਰ ਚੇਤਾ ਨਹੀਂ ਸੀ ਆ ਰਿਹਾ। ਕੁੰਦਨ ਨੇ ਆਖਿਆ,

"ਮੱਖਣ ਫਲੌਰੀਆ ਜੀ, ਮੈਂ ਤੁਹਾਨੂੰ ਪੱਛਾਣਿਆਂ ਨਹੀਂ।"

"ਕਮਾਲ ਐ ਜੀ, ਪੰਜਾਬੀ ਸਾਹਿਤ ਦਾ ਬੱਚਾ ਬੱਚਾ ਮੈਨੂੰ ਜਾਣਦਾ ਐ, ਤੁਸੀਂ ਕਿੱਦਾਂ ਨਹੀਂ ਜਾਣਦੇ?"

"ਕਿਉਂਕਿ ਮੈਂ ਪੰਜਾਬੀ ਸਾਹਿਤ ਦਾ ਬੱਚਾ ਨਹੀਂ ਆਂ।"

ਆਖਦਾ ਕੁੰਦਨ ਹੱਸਣ ਲਗਿਆ। ਉਸ ਬੰਦੇ ਨੇ ਫਿਰ ਕਿਹਾ,

"ਮੈਂ ਪੰਜਾਬੀ ਦੇ ਵੱਡੇ ਵੱਡੇ ਲੇਖਕਾਂ ਦੇ ਰੇਖਾ-ਚਿੱਤਰ ਲਿਖੇ ਆ, ਉਹਨਾਂ ਦਾ ਅੰਦਰ ਬਾਹਰ ਲਿਆ ਕੇ ਰੱਖ ਦਿਤਾ, ਕਮਾਲ ਕਰਦੇ ਓ ਜੀ, ਤੁਸੀਂ ਮੈਨੂੰ ਜਾਣਦੇ ਹੀ ਨਹੀਂ!"

"ਹਾਂ ਬਈ ਮੱਖਣ ਫਲੌਰੀਆ ਜੀ, ਮੈਨੂੰ ਯਾਦ ਆ ਗਿਆ, ਤੁਸੀਂ ਸਾਡੇ ਸੀਨੀਅਰ ਲੇਖਕਾਂ ਦੀ ਆਪਣੇ ਲੇਖਾਂ ਵਿੱਚ ਵਾਹਵਾ ਬੇਇੱਜ਼ਤੀ ਕੀਤੀ ਹੋਈ ਏ, ਮੈਂ ਤੁਹਾਡੇ ਕੁਝ ਲੇਖ ਪੜ੍ਹੇ ਨੇ।"

"ਮੈਂ ਤੁਹਾਨੂੰ ਮਿਲਣਾ ਚਾਹੁੰਨਾ।"

"ਕਿਉਂ, ਹੁਣ ਮੇਰੀ ਬੇਇੱਜ਼ਤੀ ਕਰਨੀ ਏਂ?"

"ਕੀ ਗੱਲ ਕਰਦੇ ਓ ਕੁੰਦਨ ਜੀ!"

"ਮੈਂ ਠੀਕ ਗੱਲ ਕਰਦਾਂ, ਤੇਰੇ ਵਰਗੇ ਨਵ-ਸਿਖੀਏ, ਪੁਰਾਣੇ ਲੇਖਕਾਂ ਉਪਰ ਚਿੱਕੜ ਸੁੱਟ ਕੇ ਖੁਸ਼ ਹੁੰਦੇ ਨੇ। ਕਈਆਂ ਨੂੰ ਇਹ ਚਿੱਕੜ ਚੰਗਾ ਵੀ ਲੱਗਦਾ ਹੋਵੇਗਾ ਪਰ ਤੁਹਾਡਾ ਮਕਸਦ ਸੀਨੀਅਰਾਂ ਦੀ ਬੇਇੱਜ਼ਤੀ ਕਰਕੇ ਆਪਣਾ ਨਾਂ ਚਮਕਾਉਣਾ ਏਂ ਹੋਰ ਕੁਝ ਨਹੀਂ।"

"ਕੁੰਦਨ ਜੀ, ਜੇ ਮੈਂ ਗਲਤ ਲਿਖਿਆ ਤਾਂ ਅਗਲਾ ਇਹਦਾ ਜਵਾਬ ਦੇਵੇ।"

"ਤੇਰੇ ਵਰਗੇ ਇਹੋ ਤਾਂ ਚਾਹੁੰਦੇ ਨੇ, ਤੁਸੀਂ ਆਪਣੀ ਪਬਲੀਸਿਟੀ ਦਾ ਨਵਾਂ ਢੰਗ ਲੱਭਿਆ ਹੋਇਆ ਇਹ।"

"ਕੁੰਦਨ ਜੀ, ਮੈਂ ਤਾਂ ਤੁਹਾਡਾ ਨਵਾਂ ਨਾਵਲ ਪੜ੍ਹ ਕੇ ਇਹਦੇ ਉਪਰ ਕੁਝ ਲਿਖਣਾ ਚਾਹੁੰਦਾ ਸੀ।"

"ਤੇਰੀ ਕੀ ਹੈਸੀਅਤ ਏ ਮੇਰੇ ਨਾਵਲ ਉਪਰ ਲਿਖਣ ਦੀ? ਤੈਨੂੰ ਪਤਾ ਏ ਕਿ ਨਾਵਲ ਹੁੰਦਾ ਕੀ ਏ? ਜਿਹਨਾਂ ਨੇ ਨਾਵਲ 'ਤੇ ਗੱਲ ਕਰਨੀ ਏਂ ਕਰ ਨਹੀਂ ਰਹੇ ਤੇ ਤੇਰੇ ਵਰਗੇ ਖਾਹਮਖਾਹ ਜਿਹੇ ਐਵੇਂ ਹੀ ਉਂਗਲ ਨੂੰ ਤੇਲ ਲਾਈ ਫਿਰਦੇ ਨੇ!"

ਕੁੰਦਨ ਗੁੱਸੇ ਵਿੱਚ ਬੋਲਦਾ ਜਾ ਰਿਹਾ ਸੀ। ਫੋਨ ਕਰਨ ਵਾਲੇ ਨੇ ਇਕ ਦਮ ਫੋਨ ਕੱਟ ਦਿਤਾ।...

ਇਹਨਾਂ ਦਿਨਾਂ ਵਿੱਚ ਹੀ ਜੋਗੇਂਦਰ ਦਾ ਨਵਾਂ ਨਾਵਲ 'ਦੇਸੀ ਜੰਮੇ' ਵੀ ਆ ਗਿਆ। ਜੋਗੇਂਦਰ ਆਪਣੇ ਨਾਵਲ ਦੇ ਵਿਮੋਚਨ ਲਈ ਇੰਡੀਆ ਜਾਣ ਦੀ ਤਿਆਰੀ ਕਰਨ ਲਗਿਆ। ਕੁੰਦਨ ਨੇ ਉਸ ਨੂੰ ਆਖਿਆ,

"ਯਾਰ ਤੂੰ ਆਪਣੇ 'ਦੇਸੀ ਜੰਮੇ' ਲਈ ਚੱਲਿਆਂ, ਮੇਰਾ 'ਰਾਜਧਾਨੀ' ਵੀ ਕਿਸੇ ਖੱਲ-ਖੂੰਜੇ ਪਿਆ ਹੋਣਾਂ, ਦੇਖੀ ਜ਼ਰਾ!"

ਆਖ ਕੇ ਕੁੰਦਨ ਖੁਲ੍ਹ ਕੇ ਹੱਸਿਆ। ਉਸ ਦੇ ਹਾਸੇ ਵਿੱਚ ਰੋਸਾ ਵੀ ਸੀ ਤੇ ਗੁੱਸਾ ਵੀ। ਉਸ ਨੇ ਫਿਰ ਕਿਹਾ,

"ਸਾਲ੍ਹਾ ਬੈਹੜਿਆਂ ਦਾ ਸਾਲ ਹੋ ਗਿਆ ਨਾਵਲ ਆਏ ਨੂੰ, ਇਕ ਵੀ ਢੰਗ ਦਾ ਰਿਵੀਊ ਨਹੀਂ ਹੋਇਆ! ਕਿਸੇ ਨੇ ਚੁੱਮਟੇ ਨਾਲ ਵੀ ਨਹੀਂ ਚੁੱਕਿਆ! ...ਸਾਲ਼ੇ ਬਹਿੜਿਆਂ ਦੇ, ਸਾਰੇ ਚੁੱਪ ਹੀ ਧਾਰ ਕੇ ਬਹਿ ਗਏ! ...ਮੇਰੇ ਖਿਲਾਫ ਏਹ ਹਥਿਆਰ ਬਹੁਤ ਵਾਰ ਵਰਤਿਆ ਗਿਆ ਏ!"

ਕੁੰਦਨ ਦਾ ਨਾਵਲ ਉਸ ਦੇ ਵਾਕਫਕਾਰਾਂ ਨੇ ਇਕ ਦੂਜੇ ਤੋਂ ਮੰਗ ਕੇ ਪੜ੍ਹਿਆ। ਜਦ ਕਿਸੇ ਨੂੰ ਪਤਾ ਲੱਗਦਾ ਕਿ ਉਸ ਨੇ ਉਸ ਨੂੰ ਵੀ ਕਿਰਦਾਰ ਬਣਾਇਆ ਹੈ ਤਾਂ ਉਹ ਜ਼ਰੂਰ ਪੜ੍ਹਦਾ। ਇਹਨਾਂ ਵਿੱਚ ਹੀ ਕੁੰਦਨ ਦਾ ਪੁਰਾਣਾ ਦੋਸਤ ਰਸ਼ਪਾਲ ਵੀ ਸੀ। ਕੁੰਦਨ ਉਸ ਦਾ ਪਰਿਵਾਰਕ ਦੋਸਤ ਰਿਹਾ ਹੋਣ ਕਰਕੇ ਉਸ ਦੀਆਂ ਬਹੁਤ ਸਾਰੀਆਂ ਗੱਲਾਂ ਨੂੰ ਜਾਣਦਾ ਸੀ ਇਸ ਲਈ ਕੁੰਦਨ ਨੇ ਉਹ ਸਾਰੀਆਂ ਕਹਾਣੀਆਂ ਨੂੰ ਵਧਾ-ਚੜ੍ਹਾ ਕੇ ਨਾਵਲ ਦਾ ਹਿੱਸਾ ਬਣਾਇਆ ਸੀ। ਰਸ਼ਪਾਲ ਨੇ ਨਾਵਲ ਪੜ੍ਹਿਆ ਤਾਂ ਉਸ ਨੂੰ ਬਹੁਤ ਗੁੱਸਾ ਆਇਆ। ਉਹ ਖਾਮੋਸ਼ ਜਿਹੀ ਤਬੀਅਤ ਦਾ ਮਾਲਕ ਸੀ ਪਰ ਉਸ ਨੂੰ ਕੁੰਦਨ ਦਾ ਇਵੇਂ ਕਰਨਾ ਆਪਣੇ ਲਈ ਬਹੁਤ ਬੇਇਜ਼ਤੀ ਭਰਿਆ ਲੱਗਿਆ। ਉਹਨੇ ਫੋਨ ਚੁੱਕਿਆ ਤੇ ਕੁੰਦਨ ਨੂੰ ਘੁਮਾ ਲਿਆ। ਕੁੰਦਨ ਨੇ ਹੈਲੋ ਕਹੀ ਤਾਂ ਰਸ਼ਪਾਲ ਬੋਲਿਆ,

"ਧੀ ਦਿਆ ਯਾਰਾ, ਆਪਣਾ ਅਸਲਾ ਦੱਸ ਗਿਆਂ! ...ਨਾਵਲ ਵਿੱਚ ਮੇਰੇ 'ਤੇ ਚਿੱਕੜ ਉਛਾਲ ਕੇ ਦਿਖਾ ਗਿਐਂ ਕਿ ਤੂੰ ਕਿੰਨਾ ਘਟੀਆ ਬੰਦਾ ਐਂ! ...ਤੇਰੇ ਆਪਣੇ ਮੁੰਡੇ ਨੇ ਤੈਨੂੰ ਬਾਸਟ੍ਰਡ ਕਿਹਾ ਸੀ, ਸਹੀ ਕਿਹਾ ਸੀ! ...ਤੂੰ ਜਿਥੇ ਵੀ ਮੈਨੂੰ ਮਿਲਿਆ, ਤੇਰਾ ਨੱਕ ਨਾ ਭੰਨਿਆਂ ਤਾਂ ਮੈਂ ਵੀ ਪਿਓ ਦਾ ਪੁੱਤ ਨਹੀਂ!"

47-ਪਾਰਕ

ਕੁੰਦਨ ਸਵੇਰੇ ਉਠਿਆ। ਜ਼ਰਾ ਕੁ ਲੇਟ ਹੋ ਗਿਆ ਸੀ। ਛੇ ਵਜੇ ਦਾ ਉਸ ਦੇ ਫੋਨ ਦਾ ਪੱਕਾ ਅਲਾਰਮ ਸੀ ਪਰ ਕਈ ਵਾਰ ਅੱਜ ਵਾਂਗ ਲੇਟ ਵੀ ਹੋ ਜਾਂਦਾ ਸੀ। ਉਠ ਕੇ ਉਸ ਨੇ ਸਰਹਾਣੇ ਪਈ ਕਿਤਾਬ ਚੁੱਕ ਲਈ। ਕੁਝ ਦੇਰ ਲਈ ਐਵੇਂ ਸਫੇ ਫਰੋਲਦਾ ਰਿਹਾ ਤੇ ਫਿਰ ਵਾਪਸ ਰੱਖ ਦਿਤੀ। ਉਹ ਹੌਲੀ ਹੌਲੀ ਉਠਿਆ ਤੇ ਬਾਥਰੂਮ ਗਿਆ। ਬਰੁਸ਼ ਆਦਿ ਕਰਕੇ ਫਿਰ ਬੈੱਡ 'ਤੇ ਜਾ ਬੈਠਿਆ ਤੇ ਸੋਚਣ ਲੱਗਿਆ ਕਿ ਕੁਝ ਦੇਰ ਲਈ ਹੋਰ ਪੈ ਲਵੇ ਜਾਂ ਉਠ ਖੜੇ। ਉਸੇ ਵੇਲੇ ਹੀ ਉਸ ਨੂੰ ਪਿਆਸ ਲੱਗੀ ਤਾਂ ਉਸ ਨੇ ਪਜਾਮਾ ਪਾ ਕੇ ਹੇਠਾਂ ਜਾਣਾ ਹੀ ਠੀਕ ਸਮਝਿਆ ਕਿਉਂਕਿ ਕਈ ਵਾਰ ਪ੍ਰਦੀਪ ਸਿੰਘ ਜਾਂ ਉਸ ਦੀ ਘਰ ਵਾਲੀ ਅਵਤਾਰ ਕੋਰ ਅਚਾਨਕ ਵੀ ਆ ਜਾਇਆ ਕਰਦੇ ਸਨ। ਹੇਠਾਂ ਲੌਂਜ ਵਿੱਚ ਆ ਕੇ ਉਸ ਨੇ ਪੜਦੇ ਹਟਾਏ। ਟੈਲੀ ਲਗਾਇਆ ਤੇ ਚਾਹ ਵਾਲੀ ਕੇਟਲ ਚਲਾ ਲਈ। ਫਰਿੱਜ ਵਿੱਚ ਦੇਖਿਆ ਕਿ ਰਾਤ ਦਾ ਆਟਾ ਕਾਫੀ ਪਿਆ ਸੀ, ਕੁਝ ਆਲੂ ਵੀ ਪਏ ਸਨ, ਉਹ ਨਾਸ਼ਤੇ ਲਈ ਆਲੂ ਵਾਲਾ ਪਰੌਂਠਾ ਬਣਾ ਸਕਦਾ ਸੀ। ਦਹੀਂ ਨਹੀਂ ਸੀ ਪਰ ਮੱਖਣ ਦੀ ਟਿੱਕੀ ਹੈ ਹੀ ਸੀ। ਚਾਹ ਦਾ ਕੱਪ ਲੈ ਕੇ ਉਹ ਟੈਲੀ ਉਪਰ ਖ਼ਬਰਾਂ ਦੇਖਣ ਲੱਗਿਆ। ਬੀ. ਬੀ. ਸੀ. ਅਤੇ ਪੱਛਮ ਦੇ ਹੋਰ ਚੈਨਲਾਂ 'ਤੇ ਹੁਣ ਉਸ ਨੂੰ ਯਕੀਨ ਨਹੀਂ ਸੀ। ਉਹ ਅਲ-ਜਜ਼ੀਰਾ ਦੇਖਦਾ ਜਾਂ ਕੋਈ ਹੋਰ ਪੱਛਮ-ਵਿਰੋਧੀ ਚੈਨਲ। ਇੰਡੀਅਨ ਚੈਨਲ ਦੀਆਂ ਤਾਂ ਉਸ ਨੂੰ ਸਾਰੀਆਂ ਖ਼ਬਰਾਂ ਹੀ ਝੂਠ ਲੱਗਦੀਆਂ। ਘੰਟਾ ਕੁ ਬੈਠਾ ਖ਼ਬਰਾਂ ਦੇਖਦਾ ਰਿਹਾ। ਫਿਰ ਅਚਾਨਕ ਖੜਕਾ ਹੋਇਆ। ਉਹ ਸਮਝ ਗਿਆ ਕਿ ਡਾਕ ਆਈ ਹੋਵੇਗੀ। ਉਸ ਦੇ ਕੰਮ ਦੀ ਕੋਈ ਵੀ ਚਿੱਠੀ ਨਹੀਂ ਸੀ ਆਈ। ਇਕ ਬਿੱਲ ਸੀ। ਬਿੱਲ ਨੂੰ ਇਕ ਪਾਸੇ ਰੱਖਿਆ ਤੇ ਰਸੋਈ ਵਿੱਚ ਗਿਆ। ਜ਼ਰਾ ਕੁ ਭੁੱਖ ਲੱਗੀ ਸੀ। ਉਸ ਨੇ ਇਕ ਟੋਸਟ ਬਣਾ ਲਿਆ ਇਹ ਸੋਚਦਿਆਂ ਕਿ ਹੁਣ ਦੁਪਿਹਰ ਨੂੰ ਹੀ ਰੋਟੀ ਖਾਏਗਾ। ਉਸ ਨੇ ਸੋਚਿਆ ਕਿ ਘਰ ਦਾ ਹੀ ਕੋਈ ਕੰਮ ਕਰ ਲਵੇ। ਫਿਰ ਉਸ ਨੂੰ ਖਿਆਲ ਆਇਆ ਕਿ ਕਪੜੇ ਹਾਲੇ ਕੱਲ ਹੀ ਧੋਤੇ ਹਨ, ਹੂਵਰ ਵੀ ਕੀਤਾ ਹੋਇਆ ਹੈ, ਬਾਥਰੂਮ ਵੀ ਸਾਫ ਹੈ, ਰਸੋਈ ਤਾਂ ਉਹ ਨਾਲ ਦੀ ਨਾਲ ਸਾਫ ਕਰ ਲੈਂਦਾ ਹੈ, ਹੋਰ ਕੀ ਹੈ ਕਰਨ ਵਾਲਾ, ਕੁਝ ਵੀ ਨਹੀਂ। ਉਹ ਸੋਚਣ ਲੱਗਿਆ ਕਿ ਕਿਉਂ ਨਾ ਸ਼ਹਿਰ ਦਾ ਹੀ ਗੇੜਾ ਕੱਢ ਆਵੇ। ਉਧਰੋਂ ਦੋ ਕੁ ਘੰਟੇ ਘੁੰਮ ਕੇ ਮੁੜੇਗਾ, ਆ ਕੇ ਕੁਝ ਖਾਣ ਲਈ ਬਣਾਵੇਗਾ, ਫਿਰ ਦੋ ਘੰਟੇ ਕੰਪਿਊਟਰ 'ਤੇ ਬੈਠੇਗਾ, ਕੋਈ ਈਮੇਲ ਆਈ ਹੋਈ, ਜਾਂ ਅਖ਼ਬਾਰ ਪੜ੍ਹਨ ਵਾਲੀ ਹੋਈ ਜਾਂ ਕੁਝ ਹੋਰ। ਫਿਰ ਸ਼ਾਮ ਦੇ ਖਾਣੇ ਦੀ ਤਿਆਰੀ ਸ਼ੁਰੂ ਕਰ ਦੇਵੇਗਾ। ਵਿਸਕੀ ਦੀ ਵੱਡੀ ਬੋਤਲ ਵਿੱਚੋਂ ਆਪਣਾ ਪਾਈਆ ਭਰੇਗਾ ਤੇ ਇਕ ਨਿੱਕੀ ਜਿਹੀ ਗਲਾਸੀ ਪਾ ਲਵੇਗਾ, ਕਿਸੇ ਨੂੰ ਫੋਨ ਕਰੇਗਾ; ਜੋਗੇਂਦਰ, ਸਮੁੰਦਰੀ, ਬਨਫੂਲ, ਰਾਜਾ ਰਾਮ, ਦਿਲਬਾਗ ਦਿਲਬਰ, ਸੁੱਚਾ ਅਜ਼ਾਦ ਜਾਂ ਕਿਸੇ ਨੂੰ ਹੋਰ। ਕੁਝ ਦੇਰ ਆਪਣੀ ਪੀਤੀ ਖਰੀ ਕਰੇਗਾ ਤੇ ਰੋਟੀ ਖਾ ਸੌਂ ਜਾਵੇਗਾ। ਸਵੇਰੇ ਇਹੋ ਕੁਝ ਕਰਨ ਲਈ ਫਿਰ ਉਠ ਖੜੇਗਾ। ਕਦੇ ਕਦੇ ਉਸ ਨੂੰ ਲੱਗਦਾ ਕਿ ਉਹ ਇਸ ਰੋਜ਼ ਮਰਾਹ ਦੇ ਜੀਵਨ ਦਾ ਕੈਦੀ ਹੈ, ਕਦੇ ਵੀ ਕੁਝ ਵਖਰਾ ਨਹੀਂ ਹੁੰਦਾ। ਕਈ ਵਾਰ ਅਚਾਨਕ ਬੈਠੇ ਬੈਠੇ ਨੂੰ ਉਸ ਨੂੰ ਕਾਹਲ ਪੈਣ ਲੱਗਦੀ ਇਕ ਇਹ ਸਾਰੇ ਰੱਸੇ ਜਿਹੇ ਤੁੜਾ ਕੇ ਕਿਧਰੇ ਦੂਰ ਉਡ ਜਾਵੇ, ਇਸ ਸਭ ਕਾਸੇ ਤੋਂ ਬਹੁਤ ਦੂਰ।

ਬਾਹਰ ਜ਼ਰਾ ਕੁ ਅਵਾਜ਼ ਆਈ ਜਿਵੇਂ ਕੋਈ ਕਾਰ ਆ ਕੇ ਰੁਕੀ ਹੁੰਦੀ ਹੈ। ਵਗਦੀ ਰੋਡ ਹੈ, ਕਾਰਾਂ ਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਉਸ ਨੇ ਬਾਹਰ ਵਲ ਦੇਖਿਆ। ਕਾਰ ਉਸ ਦੇ ਘਰ ਦੇ ਬਾਹਰ ਹੀ ਰੁਕੀ ਸੀ। ਕੁਝ ਬੰਦੇ ਕਾਰ ਵਿਚੋਂ ਉਤਰ ਰਹੇ ਸਨ। ਉਹ ਹੈਰਾਨ ਸੀ ਕਿ ਏਨੇ ਬੰਦੇ ਉਸ ਦੇ ਘਰ ਮੂਹਰੇ ਕਿਉਂ ਉਤਰ ਰਹੇ ਹਨ। ਏਨੇ ਬੰਦੇ ਤਾਂ ਕਦੇ ਲੰਡਨ ਹੁੰਦਿਆਂ ਵੀ ਉਸ ਦੇ ਘਰ ਨਹੀਂ ਸਨ ਆਏ। ਇਹਨਾਂ ਬੰਦਿਆਂ ਵਿਚੋਂ ਇਕ ਬੰਨੀ ਹੋਈ ਦਾਹੜੀ ਵਾਲੇ ਨੂੰ ਉਸ ਨੇ ਪੱਛਾਣ ਲਿਆ। ਇਹ ਸੋਹਣ ਸਿੰਘ ਸੀ ਜਿਹੜਾ ਕਦੇ ਕਦੇ ਗੁਰਦਵਾਰੇ ਦੀਆਂ ਚੋਣਾਂ ਵਿੱਚ ਖੜਿਆ ਕਰਦਾ ਹੈ। ਉਸ ਦੇ ਕਰਾਏ ਮੁਸ਼ਾਇਰੇ ਵਿੱਚ ਆ ਕੇ ਕਵਿਤਾ ਵੀ ਪੜ੍ਹਿਆ ਕਰਦਾ ਸੀ। ਹੋ ਸਕਦਾ ਹੈ ਵੋਟ ਮੰਗਣ ਆਇਆ ਹੋਵੇ ਪਰ ਉਹ ਤਾਂ ਗੁਰਦਵਾਰੇ ਦਾ ਮੈਂਬਰ ਵੀ ਨਹੀਂ ਸੀ, ਉਸ ਦੀ ਕਿਸੇ ਨੇ ਵੋਟ ਕੀ ਮੰਗਣੀ ਹੋਈ। ਸੋਹਣ ਸਿੰਘ ਦੇ ਨਾਲ ਦੇ ਬੰਦੇ ਵੀ ਕਿਤੇ ਦੇਖੇ ਹੋਏ ਸਨ। ਕਿਥੇ? ਉਸ ਨੂੰ ਯਾਦ ਨਹੀਂ ਸੀ ਆ ਰਿਹਾ। ਉਸ ਦੇ ਦਰਵਾਜ਼ੇ ਦੀ ਘੰਟੀ ਵੱਜੀ। ਉਸ ਨੇ ਜਾ ਕੇ ਦਰਵਾਜ਼ਾ ਖੋਹਲਿਆ। ਸੋਹਣ ਸਿੰਘ ਨੇ ਉਸ ਨਾਲ ਹੱਥ ਮਿਲਾਇਆ ਤੇ ਬਾਕੀਆਂ ਨੇ ਸਿਰਫ ਫਹਿਤ ਹੀ ਬੁਲਾਈ। ਉਸ ਨੇ ਸਭ ਨੂੰ ਅੰਦਰ ਆਉਣ ਲਈ ਕਿਹਾ। ਉਹ ਪੰਜ ਜਾਣੇ ਸਨ। ਅੰਦਰ ਲੰਘ ਆਏ। ਕੁੰਦਨ ਦੇ ਇਸ਼ਾਰਾ ਕਰਨ ਤੇ ਸਾਰੇ ਹੀ ਸੈਟੀ 'ਤੇ ਬੈਠ ਗਏ। ਕੁੰਦਨ ਵੀ। ਸੋਹਣ ਸਿੰਘ ਨੇ ਕਹਿਣਾ ਸ਼ੁਰੂ ਕੀਤਾ,

"ਕੁੰਦਨ ਜੀ, ਬਹੁਤ ਦਿਨ ਹੋ ਗਏ ਤੁਸੀਂ ਕੋਈ ਫੰਕਸ਼ਨ ਹੀ ਨਹੀਂ ਕੀਤਾ, ਜਾਂ ਫਿਰ ਸਾਨੂੰ ਬੁਲਾਇਆ ਹੀ ਨਹੀਂ!"

"ਹਾਂ ਸੋਹਣ ਸਿੰਘ ਜੀ, ਕੋਈ ਗੱਲ ਨਹੀਂ, ਕਰਾਂਗੇ ਕੁਝ ਨਾ ਕੁਝ।"

ਗੱਲ ਕਰਦੇ ਕੁੰਦਨ ਨੇ ਨਾਲ ਦੇ ਬੰਦਿਆਂ ਵਿੱਚੋਂ ਦੋ ਪੱਛਾਣ ਲਏ। ਇਹ ਤਾਂ ਉਹੀ ਸਨ ਜੋ ਪਾਰਕ ਵਿੱਚ ਬੈਠਿਆ ਕਰਦੇ ਸਨ ਤੇ ਜਿਹਨਾਂ ਨੇ ਪਿਛਲੀ ਵਾਰ ਕੁੰਦਨ ਨੂੰ ਝੇਡਾਂ ਕੀਤੀਆਂ ਸਨ। ਸੋਹਣ ਸਿੰਘ ਬੋਲਿਆ,

"ਅਸੀਂ ਤੁਹਾਡੇ ਤਕ ਇਕ ਕੰਮ ਆਏ ਹਾਂ, ਆਸ ਏ ਕਿ ਤੁਸੀਂ ਇਨਕਾਰ ਨਹੀਂ ਕਰੋਂਗੇ।"

"ਦੱਸੋ।"

"ਇਹ ਆਪਣਾ ਵਿਲਨਹਾਲ ਪਾਰਕ ਏ ਨਾ, ਏਸ ਵਿੱਚ ਆਪਣੇ ਕਾਫੀ ਸਾਰੇ ਬਿਜ਼ੁਰਗ ਬੈਠਿਆ ਕਰਦੇ ਨੇ।"

"ਹਾਂ, ਮੈਨੂੰ ਪਤਾ ਏ ਪਰ ਇਹ ਸਾਰੇ ਹੀ ਪਹੁੰਚੇ ਹੋਏ ਬੰਦੇ ਨੇ।"

ਕੁੰਦਨ ਦੇ ਵਿਅੰਗ ਨੂੰ ਦੋ ਬੰਦੇ ਸਮਝ ਗਏ ਸਨ ਕਿ ਕੁੰਦਨ ਦਾ ਇਸ਼ਾਰਾ ਉਹਨਾਂ ਵੱਲ ਹੈ। ਸੋਹਣ ਸਿੰਘ ਨੇ ਫਿਰ ਆਖਿਆ,

"ਪਾਰਕ ਵਿੱਚ ਮੀਂਹ-ਕਣੀ ਦੇ ਸਮੇਂ ਕੋਈ ਸ਼ੈੱਡ ਨਹੀਂ ਏ, ਜੇ ਤੁਸੀਂ ਏਹਨਾਂ ਵਲੋਂ ਇਕ ਅਰਜ਼ੀ ਦੇ ਦਿਓਂ ਤੇ ਨਾਲ ਦਸਤਖ਼ਤ ਕਰਵਾ ਲਵੋਂ ਲੋਕਾਂ ਦੇ ਤਾਂ ਇਸ ਵਿੱਚ ਸਭ ਦਾ ਫਾਇਦਾ ਹੋ ਜਾਏਗਾ, ਹੁਣ ਮਾਮੂਲੀ ਜਿਹਾ ਮੀਂਹ ਉਤਰੇ ਤੇ ਸਭ ਨੂੰ ਘਰ ਭੱਜਣਾ ਪੈਂਦਾ ਏ, ਸ਼ੈੱਡ ਹੋਵੇ ਤਾਂ ਕਿੰਨਾ ਆਸਾਨ ਹੋ ਜਾਵੇ!"

ਉਸ ਦੇ ਕਹਿਣ 'ਤੇ ਕੁੰਦਨ ਹੱਸਣ ਲੱਗਿਆ ਤੇ ਬੋਲਿਆ,

"ਸੋਹਣ ਸਿੰਘ ਜੀ, ਇਕ ਵਾਰ ਮੈਂ ਇਹਨਾਂ ਲੋਕਾਂ ਕੋਲ ਗਿਆ ਸਾਂ, ਏਹਨਾਂ ਨੇ ਮੇਰਾ ਉਹ ਮਜ਼ਾਕ ਉਡਾਇਆ ਕਿ ਰਹੇ ਰੱਬ ਦਾ ਨਾਂ, ਏਹਨਾਂ ਨੂੰ ਤਾਂ ਏਹ ਵੀ ਨਹੀਂ ਪਤਾ ਕਿ ਮੈਂ ਡਾਕਟਰ ਹਾਂ।"

"ਸਾਨੂੰ ਅਗਲੇ ਦਿਨ ਹੀ ਪਤਾ ਚੱਲ ਗਿਆ ਸੀ, ਗਿਆਨੀ ਬਚਨ ਸਿੰਘ ਜੀ ਨੇ ਆ ਕੇ ਦੱਸਿਆ ਸੀ, ਅੱਜਕੱਲ ਉਹ ਵੀ ਤਾਂ ਡਾਕਟਰ ਬਣ ਗਏ ਨੇ ਨਾ।"

"ਓਹ ਗਿਆਨੀ ਬਚਨ ਸਿੰਘ ਨੇ ਤਾਂ ਵੀਹਾਂ ਪੌਂਡਾਂ ਦੀ ਇੰਟਨੈੱਟ ਤੋਂ ਡਾਕਟਰੀ ਦੀ ਡਿਗਰੀ ਖਰੀਦੀ ਏ, ਮੈਂ ਉਮਰ ਗਾਲ਼ੀ ਏ ਇਹ ਡਿਗਰੀ ਲੈਣ ਲਈ।"

"ਅਸਲ ਵਿੱਚ ਕੁੰਦਨ ਜੀ, ਅਸੀਂ ਗਲਾਸੀ ਗਲਾਸੀ ਲਾ ਕੇ ਵੱਖਰੇ ਈ ਮੂਡ ਵਿੱਚ ਬੈਠੇ ਸੀ, ਸਾਨੂੰ ਤੁਹਾਡੀ ਗੱਲ ਸਮਝ ਹੀ ਨਾ ਪਈ, ਹੁਣ ਤੁਸੀਂ ਆਇਆ ਕਰੋ ਤੇ ਨਾਲੇ ਸਾਡਾ ਆਹ ਕੰਮ ਕਰ ਦਿਓ, ਦੇਖੋ ਤੁਹਾਡੀ ਭੱਲ ਬਣਦੀ!"

ਕਤਰੀ ਹੋਈ ਦਾਹੜੀ ਵਾਲਾ ਬੰਦੇ ਨੇ ਆਖਿਆ। ਉਸ ਤੋਂ ਬਾਅਦ ਸੋਹਣ ਸਿੰਘ ਬੋਲਿਆ,

"ਇਹਨਾਂ ਵਿੱਚ ਬਹੁਤੇ ਬੰਦੇ ਅਨਪੜ੍ਹ ਹੀ ਨੇ, ਜੇ ਜ਼ਰਾ ਕੁ ਏਹਨਾਂ ਦੀ ਮੱਦਦ ਕਰ ਦੇਓਂ ਤਾਂ ਚੰਗਾ ਹੋਵੇਗਾ, ਬੰਦੇ ਤਾਂ ਹੋਰ ਬਹੁਤ ਨੇ ਪਰ ਏਸ ਉਮਰ ਦੇ ਲੋਕਾਂ ਦੀਆਂ ਪ੍ਰੋਬਲਮ ਸਮਝਣ ਵਾਲੇ ਘੱਟ ਨੇ, ਬਾਕੀ ਮੈਂ ਜਿਹੜੀ ਵੀ ਮੱਦਦ ਹੋਵੇਗੀ ਕਰ ਦੇਵਾਂਗਾ।"

"ਕਰਨਾ ਕੀ ਏ?"

"ਕੁੰਦਨ ਜੀ, ਕਰਨਾ ਏਹ ਵੇ ਕਿ ਇਕ ਦਰਖਾਸਤ ਤਿਆਰ ਕਰਨੀ ਏ ਕਿ ਪਾਰਕ ਵਿੱਚ ਇਕ ਸ਼ੈੱਡ ਦੀ ਲੋੜ ਏ ਜਿਥੇ ਬਿਜ਼ੁਰਗ ਲੋਕ ਮੀਂਹ ਤੇ ਬਰਫ ਵਿੱਚ ਆਸਰਾ ਲੈ ਸਕਣ, ਉਹਦੇ 'ਤੇ ਲੋਕਾਂ ਦੇ ਦਸਤਖਤ ਕਰਵਾ ਲੈਣੇ ਨੇ, ਤੁਸੀਂ ਅਰਜ਼ੀ ਲਿਖ ਦਿਓ, ਇਹਨਾਂ ਵਿਚੋਂ ਕੋਈ ਉਸ ਅਰਜ਼ੀ ਨੂੰ ਮੇਰੇ ਕੋਲ ਲੈ ਆਵੇਗਾ, ਮੈਂ ਗੁਰਦਵਰਿਓਂ ਲੋਕਾਂ ਦੇ ਦਸਤਖਤ ਕਰਵਾ ਦੇਵਾਂਗਾ ਤੇ ਤੁਸੀਂ ਕੌਂਸਲ ਨੂੰ ਭੇਜ ਦੇਣੀ ਏਂ, ਬਸ ਏਨਾ ਕੰਮ ਏ, ਏਹਨਾਂ ਨੂੰ ਕੋਈ ਬੰਦਾ ਚਾਹੀਦਾ ਏ ਜਿਹੜਾ ਮੁਹਰੇ ਲੱਗੇ।"

ਕੁੰਦਨ ਨੂੰ ਲੱਗਿਆ ਕਿ ਉਹਦੀ ਕਦਰ ਪੈ ਰਹੀ ਹੈ। ਲੋਕਾਂ ਵਿੱਚ ਜਾਣ ਦਾ ਇਕ ਵਧੀਆ ਮੌਕਾ ਹੈ। ਸਾਰਾ ਦਿਨ ਉਹ ਵਿਹਲਾ ਰਹਿ ਕੇ ਵੀ ਕੀ ਕਰੇਗਾ, ਇਸ ਨਾਲੋਂ ਤਾਂ ਚੰਗਾ ਹੈ ਕਿ ਬਾਹਰ ਨਿਕਲੇ, ਕਿਸੇ ਨੂੰ ਮਿਲੇ, ਗੱਲਾਂ ਕਰੇ। ਇਹ ਬੰਦੇ ਅਨਪੜ੍ਹ ਤਾਂ ਅਨਪੜ੍ਹ ਹੀ ਸਹੀ। ਹੋ ਸਕਦਾ ਹੈ ਇਹਨਾਂ ਵਿੱਚੋਂ ਕਿਸੇ ਨਾਵਲ ਦੇ ਪਾਤਰ ਹੀ ਮਿਲ ਜਾਣ। ਉਸ ਨੇ ਕਿਹਾ,

"ਏਤਰਾਂ ਕਰੋ ਕਿ ਕੱਲ ਸਵੇਰੇ ਮੇਰੇ ਕੋਲ ਕੁਝ ਬੰਦੇ ਆ ਜਾਣ, ਜਦ ਤਕ ਮੈਂ ਸੋਚ ਰੱਖਾਂਗਾ ਕਿ ਕੀ ਲਿਖਣਾ, ਹੋ ਸਕਦਾ ਏ ਮੈਂ ਅਰਜ਼ੀ ਲਿਖ ਕੇ ਪਰਿੰਟ ਵੀ ਕਰ ਲਵਾਂ, ਕੰਪਿਊਟਰ ਤਾਂ ਮੇਰੇ ਕੋਲ ਹੈ ਹੀ।"

"ਲਓ ਜੀ, ਬਣ ਗਈ ਗੱਲ, ਹੋਰ ਸਾਨੂੰ ਕੀ ਚਾਹੀਦਾ ਏ! ...ਲਓ ਰਤਨ ਸਿੰਘ, ਗੁਰਦੇਵ ਸਿੰਘ ਤੇ ਰੁਲੀਆ ਰਾਮ ਤੁਸੀਂ ਕੁੰਦਨ ਜੀ ਕੋਲ ਸਵੇਰੇ ਆ ਜਾਇਓ।"

ਸੋਹਣ ਸਿੰਘ ਨੇ ਬਾਕੀਆਂ ਨੂੰ ਕਿਹਾ। ਕੁੰਦਨ ਨੇ ਉਹਨਾਂ ਲਈ ਚਾਹ ਬਣਾਉਣੀ ਚਾਹੀ ਪਰ ਕਿਸੇ ਨੇ ਨਾ ਪੀਤੀ ਤੇ ਉਹ ਉਠ ਕੇ ਚਲੇ ਗਏ। ਕੁੰਦਨ ਨੂੰ ਉਹਨਾਂ ਦਾ ਆਉਣਾ ਚੰਗਾ ਜਾਪਿਆ। ਉਹ ਖੁਸ਼ ਸੀ ਕਿ ਕਿਸੇ ਨੇ ਤਾਂ ਉਸ ਦੀ ਮਹੱਤਤਾ ਨੂੰ ਸਮਝਿਆ ਹੈ।

ਅਗਲੇ ਦਿਨ ਪੰਜ ਬੰਦੇ ਉਸ ਕੋਲ ਪੁੱਜ ਗਏ। ਉਹ ਦੁਪਿਹਰ ਦੇ ਖਾਣਾ ਹਾਲੇ ਖਾ ਕੇ ਹਟਿਆ ਹੀ ਸੀ। ਉਹ ਸਵੇਰੇ ਉਠਦਾ ਹੀ ਇਸ ਦਰਖਾਸਤ ਬਾਰੇ ਸੋਚਣ ਲੱਗ ਪਿਆ ਸੀ ਤੇ ਉਸ ਨੇ ਲਿਖ ਵੀ ਲਈ ਸੀ। ਉਸ ਨੂੰ ਪਰਿੰਟ ਕਰ ਕੇ ਪੜ੍ਹ-ਪੜ੍ਹ ਕੇ ਦੇਖਦਾ ਵੀ ਰਿਹਾ ਸੀ ਪਰ ਉਸ ਦੀ ਤਸੱਲੀ ਨਹੀਂ ਸੀ ਹੋਈ ਇਸ ਲਈ ਇਸ ਨੂੰ ਇਕ ਵਾਰ ਫਿਰ ਲਿਖਣੀ ਚਾਹੁੰਦਾ ਸੀ। ਬੰਦੇ ਆਏ ਤੇ ਹੱਥ ਮਿਲਾਉਂਦੇ ਅੰਦਰ ਲੰਘ ਆਏ। ਰਤਨ ਸਿੰਘ ਬੋਲਿਆ,

"ਕੁੰਦਨ ਜੀ, ਸਾਡੇ ਕੋਲ ਤੁਹਾਡਾ ਫੋਨ ਨਹੀਂ ਸੀ ਨਹੀਂ ਤਾਂ ਫੋਨ ਕਰਕੇ ਆਉਂਦੇ।"

"ਬਈ ਪਹਿਲੀ ਗੱਲ ਤਾਂ ਜੇ ਮੇਰੇ ਤੋਂ ਕੰਮ ਕਰਾਉਣਾ ਤਾਂ ਮੈਨੂੰ ਡਾਕਟਰ ਸਾਹਿਬ ਕਹਿਣਾ ਪਵੇਗਾ।"

"ਠੀਕ ਐ ਡਾਕਟਰ ਸਾਹਿਬ, ਅਸੀਂ ਕਹਾਂਗੇ ਤਾਂ ਡਾਕਟਰ ਸਾਹਿਬ ਹੀ ਪਰ ਮੂੰਹ ਤੇ ਚੜ੍ਹਨ ਨੂੰ ਜ਼ਰਾ ਦੇਰ ਲੱਗਣੀ ਆਂ।"

"ਕਿਉਂ?"

"ਕਿਉਂਕਿ ਜਦੋਂ ਕਿਸੇ ਨੂੰ ਡਾਕਟਰ ਕਹੀਏ ਤਾਂ ਅਗਲੇ ਤੋਂ ਦਵਾਈ ਦੀ ਆਸ ਰੱਖਣ ਲੱਗ ਪਈ ਦੈ।"

ਆਖਦਾ ਰਤਨ ਸਿੰਘ ਹੱਸਣ ਲੱਗਿਆ। ਉਸ ਨੇ ਫਿਰ ਪੁੱਛਿਆ,

"ਤੁਸੀਂ 'ਕੱਲੇ ਈ ਰਹਿੰਦੇ ਓ?"

"ਹਾਂ ਬਈ, ਇਕੱਲਾ ਈ ਆਂ, ਇਕ ਘਰ ਵਾਲੀ ਮਰ ਗਈ, ਦੂਜੀ ਭੱਜ ਗਈ, ਨਿਆਣੇ ਛੱਡ ਕੇ ਤੁਰਦੇ ਬਣੇ"

"ਬਸ, ਆਹੀ ਗੱਲ ਮੇਰੇ ਨਾਲ ਹੋਈ ਆ, ਨਿਆਣੇ ਸਾਲ਼ੇ ਟਕੇ ਦੇ ਭਾਅ ਨਹੀਂ ਪੁੱਛਦੇ, ਹੁਣ ਪਾਰਕਾਂ ਵਿੱਚ ਧੱਕੇ ਖਾਂਦੇ ਫਿਰਦੇ ਆਂ, ਸਾਡੇ 'ਚੋਂ ਆਹ ਗੁਰਦੇਵ ਸੂੰਹ ਹੈਗਾ ਜਿਹੜਾ ਨੂੰਹ ਦੀਆਂ ਪੱਕੀਆਂ ਖਾਂਦਾ ਪਰ ਹੂਵਰ ਕਰਕੇ, ਨਿਆਣੇ ਸਕੂਲੇ ਛੱਡ ਕੇ।"

ਰਤਨ ਸਿੰਘ ਦੇ ਕਹਿਣ 'ਤੇ ਸਾਰੇ ਹੀ ਹੱਸ ਪਏ। ਉਹ ਫਿਰ ਬੋਲਿਆ,

"ਵੈਸੇ ਤਾਂ ਪਾਰਕ ਵਿੱਚ ਸਾਰੇ ਈ ਨਹਿਲੇ ਤੇ ਦਹਿਲੇ ਆ, ਆਹ ਰੁਲੀਆ ਰਾਮ ਵੀ ਆਪਣੇ ਆਪ ਨੂੰ ਰਾਂਝਾ ਸਮਝਦਾ, ਆਪਣੀ ਭਰਜਾਈ ਨੂੰ ਹੱਥ ਪਾ ਕੇ ਦੋ ਵਾਰ ਛਿੱਤਰ ਖਾ ਚੁੱਕਿਆ।"

ਇਕ ਵਾਰ ਫਿਰ ਸਾਰੇ ਹੱਸੇ। ਸਭ ਤੋਂ ਜ਼ਿਆਦਾ ਕੁੰਦਨ ਹੱਸਿਆ ਤੇ ਕਹਿਣ ਲੱਗਿਆ,

"ਯਾਰ, ਤੁਸੀਂ ਬੰਦੇ ਤਾਂ ਦਿਲਚਸਪ ਲਗਦੇ ਜੇ, ਲਗਦਾ ਏ ਤੁਹਾਡਾ ਕੰਮ ਕਰਨਾ ਈ ਪਵੇਗਾ।"

"ਤੇ ਤੁਸੀਂ ਸਾਡਾ ਕੰਮ ਨਾ ਕਰਾਇਆ ਤਾਂ ਅਸੀਂ ਇਥੇ ਤੁਹਾਡੇ ਦਰ ਮੂਹਰੇ ਦਮ ਤੋੜ ਦੇਣਾਂ।"

ਜੀਵਾ ਫਰਾਲੀਏ ਨੇ ਕਿਹਾ। ਫਿਰ ਜੀਵਾ ਆਪਣੇ ਵੱਡੇ ਕੋਟ ਦੀ ਅੰਦਰਲੀ ਜੇਬ੍ਹ ਵਿੱਚ ਹੱਥ ਪਾਉਂਦਾ ਬੋਲਿਆ,

"ਡਾਕਟਰ ਸਾਹਿਬ, ਜੇ ਤੁਹਾਨੂੰ ਬੁਰਾ ਨਹੀਂ ਲੱਗਦਾ ਤਾਂ ਬੋਤਲ ਸਾਡੇ ਕੋਲ ਹੈਗੀ ਐ।"

"ਨਹੀਂ ਬਈ, ਮੈਂ ਦਿਨੇ ਨਹੀਂ ਪੀਂਦਾ।"

"ਦਿਨੇ ਪੀਣ ਲਈ ਭਾਂਡਾ ਤਾਂ ਦੇ ਸਕਦੇ ਓ?"

"ਹਾਂ ਭਾਂਡੇ ਬਹੁਤ, ਇਕੱਲੇ ਇਕੱਲੇ ਨੂੰ ਭਾਂਡਾ!"

ਕੁੰਦਨ ਹੱਸਦਾ ਹੋਇਆ ਬੋਲਿਆ ਤੇ ਉਠ ਕੇ ਕਈ ਸਾਰੇ ਗਲਾਸ ਚੁੱਕ ਲਿਆਇਆ। ਜੀਵਾ ਗਲਾਸ ਗਿਣਦਾ ਹੋਇਆ ਆਖਣ ਲੱਗਿਆ,

"ਭਰਾਵਾਂ ਵਿੱਚ ਕਾਹਦਾ ਪੜਦਾ, ਜਾਓ, ਆਪਣੇ ਲਈ ਵੀ ਗਲਾਸ ਲੈ ਆਓ।"

ਕੁੰਦਨ ਨੇ ਇਕ ਗਲਾਸ ਹੋਰ ਲਿਆ ਰੱਖਿਆ। ਜੀਵੇ ਜੇਬ੍ਹ ਵਿੱਚੋਂ ਬੋਤਲ ਕੱਢੀ ਤੇ ਸਾਰੇ ਗਲਾਸਾਂ ਵਿੱਚ ਪਾਈ। ਆਪਣਾ ਗਲਾਸ ਚੁੱਕਦਿਆਂ ਦੂਜੇ ਨੂੰ ਚੁੱਕਣ ਦਾ ਇਸ਼ਾਰਾ ਕਰਦਿਆਂ ਬੋਲਿਆ,

"ਦੋਸਤੋ! ਰੱਬ ਰਾਖਾ!"

ਕੁੰਦਨ ਨੂੰ ਇਹ ਦੋਸਤ ਚੰਗੇ ਜਾਪੇ। ਬੇਸ਼ੱਕ ਇਹ ਅਨਪੜ੍ਹ ਹੋਣੇਗੇ, ਇਹਨਾਂ ਨੂੰ ਦੁਨੀਆਂ ਬਾਰੇ ਬਹੁਤਾ ਨਹੀਂ ਪਤਾ ਹੋਏਗਾ ਪਰ ਸੱਚੇ ਤਾਂ ਹੋਣੇਗੇ। ਇਹ ਲੇਖਕ ਲੋਕ ਤਾਂ ਬਹੁਤ ਚਲਾਕ ਹੁੰਦੇ ਹਨ। ਉਸ ਨੂੰ ਇਹਨਾਂ ਨਵੇਂ ਦੋਸਤਾਂ ਦੀ ਦੋਸਤੀ ਚੰਗੀ ਜਾਪਣ ਲੱਗੀ। ਇਕ ਵਾਰ ਤਾਂ ਉਸ ਨੂੰ ਭੁੱਲ ਹੀ ਗਿਆ ਕਿ ਉਹ ਏਡਾ ਵੱਡਾ ਲੇਖਕ ਹੈ। ਸਭ ਨੇ ਆਪਣੇ ਗਲਾਸ ਚੁੱਕੇ। ਕੁੰਦਨ ਨੇ ਆਖਿਆ,

"ਦੇਖੋ ਬਈ, ਮੈਂ ਪੇਪਰਾਂ ਵਿੱਚ 'ਏਸ਼ੀਅਨ ਓਲਡ ਪੀਪਲ ਅਸੋਸੀਏਸ਼ਨ' ਬਣਾਈ ਏ। ਪ੍ਰਧਾਨ ਓਹਦਾ ਮੈਂ ਆਂ, ਤੇ ਸਿਰਨਾਵਾਂ ਵੀ ਮੇਰਾ ਏ, ਇਹਦੇ ਵਲੋਂ ਆਪਾਂ ਇਕ ਸ਼ੈਡ ਲਈ ਅਪਲਾਈ ਕਰਨਾ ਏਂ, ਤੁਸੀਂ ਸਾਰਿਆਂ ਦਸਤਖਤ ਕਰਨੇ ਆਂ ਤੇ ਫਿਰ ਆਪਾਂ ਗੁਰਦਵਾਰੇ ਤੋਂ ਕਰਾਵਾਂਗੇ।"

"ਠੀਕ ਡਾਕਟਰ ਸਾਹਿਬ।"

ਮਲਕੀਤਾ ਬੋਲਿਆ। ਉਸ ਨੂੰ ਇਕ ਪੈੱਗ ਹੀ ਸ਼ਰਾਬੀ ਕਰ ਰਿਹਾ ਸੀ। ਉਹ ਨੇ ਫਿਰ ਕਿਹਾ,

"ਡਾਕਟਰ ਸਾਹਿਬ, ਤੁਸੀਂ ਤਾਂ ਜਿਹੜੇ ਡਾਕਟਰ ਹੋਵੇਂਗੇ, ਹੋਵੇਂਗੇ ਹੀ ਪਰ ਮੈਂ ਵੀ ਘੱਟ ਨਹੀਂ, ਮੈਂ ਮੱਝ ਲੱਗਦੀ ਦੇਖ ਕੇ ਦੱਸ ਸਕਦਾਂ ਕਿ ਇਹ ਨਵੇਂ ਦੁੱਧ ਹੋ ਗਈ ਕਿ ਨਹੀਂ!"

"ਓ ਯਾਰ ਮਲਕੀਤੀਆ, ਆਪਣੀ ਤੀਵੀਂ ਦਾ ਤੈਨੂੰ ਕਦੇ ਪਤਾ ਨਹੀਂ ਸੀ ਚੱਲਿਆ!"

ਰੁਲੀਆ ਰਾਮ ਬੋਲਿਆ। ਸਾਰੇ ਹੀ ਹੱਸ ਪਏ। ਉਹ ਕਿੰਨੀ ਹੀ ਦੇਰ ਤਕ ਬੈਠੇ ਇਕ ਦੂਜੇ ਨੂੰ ਮਸ਼ਕਰੀਆਂ ਕਰਦੇ ਰਹੇ। ਜਿਹੜੀ ਵਿਸਕੀ ਦੀ ਬੋਤਲ ਉਹ ਲੈ ਕੇ ਆਏ ਸਨ, ਉਹ ਦੂਜੇ ਗੇੜ ਵਿੱਚ ਖਤਮ ਹੋ ਗਈ। ਫਿਰ ਕੁੰਦਨ ਨੇ ਇਕ ਬੋਤਲ ਆਪਣੀ ਅਲਮਾਰੀ ਵਿੱਚੋਂ ਕੱਢ ਲਈ। ਉਹ ਬੋਤਲ ਪੀ ਕੇ ਸਭ ਦਾ ਸਰ ਗਿਆ ਸੀ। ਹੋਰ ਪੀਣ ਜੋਗੇ ਨਹੀਂ ਸਨ ਰਹੇ। ਉਹ ਹੌਲੀ ਹੌਲੀ ਖਿੰਡਰ ਗਏ। ਕੁੰਦਨ ਵੀ ਸੈਟੀ ਦੇ ਇਕ ਪਾਸੇ ਬੈਠਾ ਅੱਜ ਦੀ ਇਸ ਘਟਨਾ ਬਾਰੇ ਸੋਚਦਾ ਖੁਸ਼ ਹੋ ਰਿਹਾ ਸੀ।

ਅਗਲੇ ਦਿਨ ਉਹ ਆਪ ਪਾਰਕ ਵਿੱਚ ਚਲੇ ਗਿਆ। ਉਸ ਦੇ ਜਾਣ ਤੋਂ ਪਹਿਲਾਂ ਬਹੁਤ ਸਾਰੇ ਲੋਕ ਆਏ ਬੈਠੇ ਸਨ। ਉਸ ਨੂੰ ਦੇਖ ਕੇ ਸਾਰੇ ਹੀ ਚ੍ਹਾਮਲਣ ਲੱਗ ਪਏ। ਕੁੰਦਨ ਦੇ ਹੱਥ ਵਿੱਚ ਫੜੇ ਕਾਗਜ਼ਾਂ ਕਰਕੇ ਉਹ ਕੁਝ ਜ਼ਿਆਦਾ ਹੀ ਖੁਸ਼ ਸਨ। ਕੁੰਦਨ ਨੇ ਇਕ ਕਾਗਜ਼ ਖੋਹਲਦੇ ਉਹਨਾਂ ਸਭ ਨੂੰ ਕਿਹਾ,

"ਤੁਹਾਨੂੰ ਪਤਾ ਈ ਏ ਕਿ ਮੈਂ ਏਹਦੇ 'ਤੇ ਕੀ ਲਿਖਿਆ ਏ, ਮੈਂ ਏਥੇ ਇਕ ਸ਼ੈੱਡ ਬਣਾਉਣ ਦੀ ਬੇਨਤੀ ਕੀਤੀ ਏ, ਤੁਸੀਂ ਸਾਰੇ ਆਪਣੇ ਸਾਈਨ ਕਰੋਗੇ ਤੇ ਆਪਣਾ ਐਡਰੈੱਸ ਤੇ ਫੋਨ ਨੰਬਰ ਲਿਖੋਗੇ।"

ਇਕ ਸੁਕੜਾ ਜਿਹਾ ਬੰਦਾ ਪਿਛਿਓਂ ਜਿਹੇ ਉਠਿਆ ਤੇ ਪੁੱਛਣ ਲੱਗਿਆ,

"ਭਾਜੀ, ਸਾਡੇ ਨੰਤੇ ਕੋਲ ਫੋਨ ਨੰਬਰ ਹੈ ਨ੍ਹੀਂ, ਉਹ ਆਪਣੀ ਛੋਟੀ ਭਰਜਾਈ ਦਾ ਦੇ ਦੇਵੇ ਤਾਂ ਚੱਲੇਗਾ?"

"ਚੱਲੇਗਾ, ਕੋਈ ਵੀ ਹੋਵੇ।"

"ਫੇਰ ਲਿਖੋ ਜ਼ਰਾ, ਜ਼ੀਰੋ ਵਨ ਨਾਈਨ ਜ਼ੀਰੋ ਟੂ, ਫਾਈਵ ਸੈਵਨ ਵਨ, ਫਾਈ ਏਟ...।"

ਉਹ ਬੋਲ ਹੀ ਰਿਹਾ ਸੀ ਕਿ ਕਿਸੇ ਨੇ ਉਸ ਨੂੰ ਪਿਛਿਓਂ ਕਿਸੇ ਨੇ ਧੱਕਾ ਮਾਰਿਆ ਤੇ ਉਹ ਡਿੱਗ ਪਿਆ। ਸਾਰੇ ਹੱਸਣ ਲੱਗੇ। ਕੁੰਦਨ ਬੋਲਿਆ,

"ਦੋਸਤੋ, ਏਤਰਾਂ ਬੋਲ ਕੇ ਦੱਸਣ ਦੀ ਲੋੜ ਨਹੀਂ, ਤੁਸੀਂ ਪੇਪਰ ਤੇ ਲਿਖ ਦਿਓ।"

ਕੁੰਦਨ ਉਹਨਾਂ ਦਾ ਅਧਿਆਪਕ ਬਣਿਆ ਖੜਾ ਸੀ।

ਉਸ ਨੇ ਕੌਂਸਲ ਵਿੱਚ ਦਰਖਾਸਤ ਦੇ ਦਿਤੀ। ਕਾਫੀ ਪੁੱਛ ਪੜਤਾਲ ਹੋਈ। ਕੁੰਦਨ ਨੇ ਇਹ ਕੰਮ ਇਕ ਮੁਹਿੰਮ ਵਾਂਗ ਕੀਤਾ। ਤਿੰਨ ਕੁ ਮਹੀਨੇ ਦੀ ਜਦੋ-ਜਹਿਦ ਬਾਅਦ ਪਾਰਕ ਵਿੱਚ ਇਕ ਪਾਸੇ ਤਿੰਨ ਮੀਟਰ ਚੌੜੀ ਦੇ ਪੰਜ ਮੀਟਰ ਲੰਮੀ ਸ਼ੈੱਡ ਬਣਾ ਦਿਤੀ ਗਈ ਤੇ ਵੀਹ ਕੁ ਬੰਦਿਆਂ ਦੇ ਬੈਠਣ ਲਈ ਬੈਂਚ ਲਗਾ ਦਿਤੇ ਗਏ। ਕੁੰਦਨ ਦੀ ਇਸ ਗੱਲ ਵਿੱਚ ਬੱਲੇ ਬੱਲੇ ਹੋ ਗਈ। ਉਹ ਬਹੁਤ ਖੁਸ਼ ਸੀ। ਜਿਹੜੀ ਪ੍ਰਾਪਤੀ ਉਸ ਨੂੰ ਲੇਖਕ ਬਣ ਕੇ ਨਹੀਂ ਸੀ ਹੋ ਸਕੀ, ਉਸ ਨੇ ਇਹਨਾਂ ਸਾਧਾਰਨ ਜਿਹੇ ਬੰਦਿਆਂ ਵਿੱਚ ਕਰ ਲਈ ਸੀ। ਹੁਣ ਉਹ ਪਾਰਕ ਵਿੱਚ ਬੈਠਦਿਆਂ ਬੰਦਿਆਂ ਦਾ ਅਹਿਮ ਹਿੱਸਾ ਬਣ ਗਿਆ ਸੀ। ਪਾਰਕ ਵਿੱਚ ਬੈਠਦੇ ਬੰਦੇ ਹਿੱਸਾ ਪਾ ਕੇ ਬੋਤਲ ਲਿਆਉਂਦੇ ਤੇ ਰਲ਼ ਕੇ ਪੀਂਦੇ। ਪੰਜ-ਪੰਜ, ਸੱਤ-ਸੱਤ ਬੰਦਿਆਂ ਦੀਆਂ ਢਾਣੀਆਂ ਬਣ ਜਾਂਦੀਆਂ। ਖੂਬ ਹਾਸਾ-ਮਜ਼ਾਕ ਚਲਦਾ। ਬਹੁਤ ਸਾਰੇ ਇਕੱਲ ਭੋਗ ਰਹੇ ਬੰਦੇ ਪਾਰਕ ਵਿੱਚ ਆ ਕੇ ਨਵੇਂ ਨਿਕੋਰ ਬਣ ਜਾਂਦੇ। ਕੁੰਦਨ ਵੀ ਹੁਣ ਇਵੇਂ ਹੀ ਮਹਿਸੂਸ ਕਰਨ ਲੱਗਿਆ ਸੀ।

ਇਕ ਦਿਨ ਬੈਠਿਆਂ ਬੈਠਿਆਂ ਮੀਂਹ ਉਤਰ ਆਇਆ। ਪਾਰਕ ਵਿੱਚ ਬੈਠਣ ਵਾਲੇ ਲੋਕ ਸ਼ੈੱਡ ਵਿੱਚ ਜਾ ਬੈਠੇ। ਇਕ ਸਿਆਣਾ ਜਿਹਾ ਬੰਦਾ ਬੋਲਿਆ,

"ਡਾਕਟਰ ਸਾਹਿਬ, ਤੁਸੀਂ ਆਹ ਸਾਡੇ ਤੇ ਅਹਿਸਾਨ ਕਰ ਦਿਤਾ ਐ, ਦੇਖੋ ਕਿੱਦਾਂ ਬਚਾਅ ਹੋ ਗਿਆ, ਨਹੀਂ ਤਾਂ ਹੁਣੇ ਸਾਰਿਆਂ ਨੇ ਘਰਾਂ ਨੂੰ ਦੌੜ ਜਾਣਾ ਸੀ।"

ਕੁੰਦਨ ਖੁਸ਼ੀ ਵਿੱਚ ਫੁੱਲਿਆ ਨਹੀਂ ਸੀ ਸਮਾ ਰਿਹਾ।

48-'ਰਾਜਧਾਨੀ' ਦਾ ਵਕਤ ਨਹੀਂ

ਇਕ ਦਿਨ ਕੁੰਦਨ ਪਾਰਕ ਵਿੱਚ ਆਪਣੇ ਦੋਸਤਾਂ ਨੂੰ ਕਹਿਣ ਲੱਗਿਆ,

"ਮੈਂ ਨਾਵਲ ਲਿਖਿਆ, ਜੇ ਕਿਸੇ ਨੂੰ ਸ਼ੌਂਕ ਏ ਤਾਂ ਮੈਂ ਪੜ੍ਹਨ ਨੂੰ ਦੇ ਸਕਦਾਂ।"

"ਡਾਕਟਰ, ਤੇਰੀਆਂ ਕਿੰਨੀਆਂ ਕਿਤਾਬਾਂ ਹੋ ਗਈਆਂ?"

ਰਤਨ ਸਿੰਘ ਜੋ ਕਿ ਕੁੰਦਨ ਤੋਂ ਉਮਰ ਵਿੱਚ ਵੱਡਾ ਸੀ, ਪੁੱਛਣ ਲੱਗਿਆ। ਕੁੰਦਨ ਨੇ ਆਖਿਆ,

"ਏਹੀ ਕੋਈ ਪੈਂਤੀ-ਛੱਤੀ।"

"ਬੱਲੇ! ਬੜੇ ਸਫੇ ਕਾਲ਼ੇ ਕੀਤੇ ਤੂੰ! ਏਹਨਾਂ ਦਾ ਫਾਇਦਾ ਵੀ ਹੋਇਆ ਕੋਈ?"

ਰਤਨ ਸਿੰਘ ਦੀ ਗੱਲ ਸੁਣ ਕੇ ਕੁੰਦਨ ਹੱਸਿਆ ਤੇ ਬੋਲਿਆ,

"ਬਈ ਭਾਊ, ਗੱਲ ਤਾਂ ਤੂੰ ਸੁਭੌਕੀ ਹੀ ਕਹੀ ਏ ਪਰ ਬਹੁਤ ਸੱਚੀ। ਸਾਲ਼ਾ ਬੈਹੜਿਆਂ ਦਾ, ਲਿਖਣ ਦਾ ਕੋਈ ਫਾਇਦਾ ਨਹੀਂ, ਬਸ ਐਵੇਂ ਭੁਸ ਏ, ਹਟ ਨਹੀਂ ਹੁੰਦਾ।"

"ਮੈਂ ਤਾਂ ਹੈਰਾਨ ਹੁੰਨਾ ਬਈ ਤੂੰ ਏਨੀਆਂ ਕਿਤਾਬਾਂ ਲਿਖੀਆਂ ਪਰ ਕੁਝ ਨਹੀਂ ਬਣਿਆਂ ਪਰ ਜੇ ਤੂੰ ਏਨੀ ਮਿਹਨਤ ਨਾਲ ਗੁਰਬਾਣੀ ਪੜ੍ਹਦਾ ਤਾਂ ਹੁਣ ਤਕ ਕਿਸੇ ਨਾ ਕਿਸੇ ਗੁਰਦਵਾਰੇ ਦਾ ਹੈਡ-ਗ੍ਰੰਥੀ ਹੁੰਦਾ, ਨਾਲੇ ਤੇਰੀਆਂ ਸਿਗਰਟਾਂ ਛੁੱਟ ਜਾਂਦੀਆਂ।"

ਇਸ ਵਾਰ ਵੀ ਕੁੰਦਨ ਖੁਲ੍ਹ ਕੇ ਹੱਸਿਆ ਤੇ ਕਹਿਣ ਲੱਗਿਆ,

"ਯਾਰ, ਏਨਾ ਦਿਮਾਗ ਹੀ ਨਹੀਂ ਕੰਮ ਕੀਤਾ! ਹੁਣ ਤਾਂ ਅਗਲੇ ਜਨਮ ਵਿੱਚ ਦੇਖਾਂਗੇ।"

ਕੁੰਦਨ ਨੇ ਘੜੀ ਦੇਖੀ। ਛੇ ਵੱਜ ਰਹੇ ਸਨ ਪਰ ਪਾਰਕ ਵਿੱਚ ਬੈਠੇ ਲੋਕ ਹਿੱਲਣ ਦਾ ਨਾਂ ਨਹੀਂ ਸੀ ਲੈਂਦੇ। ਉਸ ਨੇ ਜਾ ਕੇ ਆਪਣੇ ਖਾਣ-ਪੀਣ ਦਾ ਪ੍ਰਬੰਧ ਵੀ ਕਰਨਾ ਸੀ, ਟੈਲੀ ਵੀ ਦੇਖਣਾ ਸੀ, ਫਿਰ ਸੱਤ ਵਜੇ ਉਹ ਆਪਣਾ ਵਿਸਕੀ ਦਾ ਪਾਈਆ ਪੀਣਾ ਸ਼ੁਰੂ ਕਰਿਆ ਕਰਦਾ ਸੀ। ਉਹ ਉਠ ਖੜਿਆ ਤੇ ਸਭ ਨੂੰ ਸਾਂਝਾ ਜਿਹਾ ਕਹਿਣ ਲੱਗਿਆ,

"ਚੰਗਾ ਭਾਊਓ, ਮੈਂ ਚੱਲਦਾਂ ਹੁਣ।"

"ਡਾਕਟਰ ਸਾਹਿਬ, ਬਹਿ ਜਾਓ ਹਾਲੇ, ਕਿਹੜੀ ਏਨੀ ਕਾਹਲੀ ਐ!"

"ਓ ਬਈ, ਛੇ ਵੱਜਣ ਵਾਲੇ ਨੇ!"

"ਕਿਉਂ! ਛੇ ਵਜੇ ਤੁਹਾਨੂੰ ਕਿਸੇ ਨੇ ਚੋਣਾਂ?"

ਜੀਵੇ ਨੇ ਕਿਹਾ ਤੇ ਸਾਰੇ ਹੀ ਹੱਸ ਪਏ ਤੇ ਨਾਲ ਹੀ ਕੁੰਦਨ ਵੀ। ਸਧਾਰਨ ਬੰਦਿਆਂ ਦੀਆਂ ਕਹੀਆਂ ਸਿਧੀਆਂ ਜਿਹੀਆਂ ਗੱਲਾਂ ਉਸ ਨੂੰ ਪ੍ਰਸੰਨ ਚਿੱਤ ਕਰ ਜਾਂਦੀਆਂ ਪਰ ਕਈ ਵਾਰ ਉਹ ਤੰਗ ਵੀ ਹੋਣ ਲੱਗਦਾ ਤੇ ਸੋਚਦਾ ਕਿ ਪਾਰਕ ਵਿੱਚ ਨਾ ਹੀ ਆਇਆ ਕਰੇ। ਫਿਰ ਸੋਚਦਾ ਕਿ ਹੋਰ ਜਾਵੇ ਵੀ ਕਿਥੇ। ਹੁਣ ਤਾਂ ਉਸ ਨੂੰ ਇਹਨਾਂ ਸਭ ਦੀ ਆਦਤ ਜਿਹੀ ਪੈ ਰਹੀ ਸੀ। ਬਲਕਿ ਪਾਰਕ ਉਸ ਨੂੰ ਘਰ ਜਿਹਾ ਹੀ ਲਗਣ ਲੱਗ ਪਿਆ ਸੀ। ਪਾਰਕ ਵਿੱਚ ਫਿਰਦਾ ਉਹ ਕਈ ਵਾਰ ਸੋਚਦਾ ਕਿ ਇਸ ਨੂੰ ਹੋਰ ਖੂਬਸੂਰਤ ਕਿਵੇਂ ਬਣਾਇਆ ਜਾਵੇ। ਕੌਂਸਲ ਦੇ ਦਫਤਰ ਵਿੱਚ ਅਜਿਹਾ ਇਕ ਰਜਿਸਟਰ ਰੱਖਿਆ ਹੋਇਆ ਸੀ ਜਿਸ ਵਿੱਚ ਤੁਸੀਂ ਆਪਣੀਆਂ ਸਲਾਹਾਂ ਲਿਖ ਸਕਦੇ ਹੋ।

ਪਹਿਲਾਂ ਉਸ ਨੇ ਮੂਹਰੇ ਹੋ ਕੇ ਸ਼ੈੱਡ ਬਣਵਾਈ ਤੇ ਸੀਟਾਂ ਲਗਵਾਈਆਂ ਤੇ ਹੁਣ ਪਾਰਕ ਵਿਚ ਫਿਰਦੇ ਅਲਕੋਹਲਕਾਂ ਨੂੰ ਕੱਢਵਾਇਆ। ਪਾਰਕ ਵਿੱਚ ਔਰਤਾਂ ਤੇ ਬੱਚੇ ਵੀ ਆਉਂਦੇ ਸਨ ਤੇ ਕੁਝ ਲੋਕ ਸ਼ਰਾਬ ਦੀਆਂ ਬੋਤਲਾਂ ਲੈ ਕੇ ਸ਼ਰੇਆਮ ਬੈਠੇ ਪੀਂਦੇ ਰਹਿੰਦੇ ਸਨ। ਪੀਂਦੇ ਇਹ ਪੰਜਾਬੀ ਬਿਜ਼ੁਰਗ ਵੀ ਸਨ ਪਰ ਪਰਦੇ ਨਾਲ। ਇਹ ਅਲਕੋਹਲਕ ਜਿਹਨਾਂ ਵਿੱਚ ਕੁਝ ਪੰਜਾਬੀ ਵੀ ਸਨ, ਪਾਰਕ ਦੇ ਹੋਰਨਾਂ ਲੋਕਾਂ ਨੂੰ ਤੰਗ ਕਰਨ ਲਗਦੇ ਸਨ। ਕੁੰਦਨ ਨੇ ਮੂਹਰੇ ਹੋ ਕੇ ਪੁਲੀਸ ਨੂੰ ਰਿਪ੍ਰੋਟ ਕੀਤੀ ਤੇ ਕੌਂਸਲ ਨੂੰ ਵੀ ਦਰਖਾਸਤਾਂ ਦਿਤੀਆਂ। ਫਿਰ ਪੁਲੀਸ ਦਾ ਗੇੜਾ ਪਾਰਕ ਵਿੱਚ ਰਹਿਣ ਲੱਗਿਆ। ਇਵੇਂ ਕਈ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਲੱਗੇ ਸਨ।

ਪਾਰਕ ਵਿੱਚ ਬੈਠਦੇ ਲੋਕਾਂ ਉਪਰ ਵੈਸੇ ਤਾਂ ਕੁੰਦਨ ਦਾ ਵਿਸ਼ੇਸ਼ ਵਿਅਕਤੀ ਹੋਣ ਦਾ ਪੂਰਾ ਟੌਹਰ ਸੀ ਪਰ ਕਈ ਵਾਰ ਕੁਝ ਲੋਕ ਉਸ ਨੂੰ ਡਾਕਟਰ ਸਾਹਿਬ ਨਾ ਆਖਦੇ ਖਾਸ ਤੌਰ ਤੇ ਫਰਾਲੀਆ ਜੀਵਾ ਅੜ੍ਹ ਜਾਂਦਾ। ਉਹ ਕਹਿੰਦਾ,

"ਕੁੰਦਨ ਸਿਆਂ, ਜੇ ਮੇਰੇ ਤੋਂ ਡਾਕਟਰ ਸਾਹਿਬ ਕਹਾਉਣਾ ਤਾਂ ਮੈਨੂੰ ਵਿਸਕੀ ਪਿਲਾਇਆ ਕਰ।"

"ਸਾਲ਼ਿਆ ਬੈਹੜਿਆਂ ਦਿਆ, ਕਿਉਂ ਖੋਤੀ ਨੂੰ ਹੱਥ ਨੂੰ ਹੱਥ ਲਾ ਕੇ ਆਇਐਂ?"

"ਇਹ ਤੇਰੀ ਮਰਜ਼ੀ, ਹੁਣ ਤੂੰ ਮੁਫਤ ਵਿੱਚ ਡਾਕਟਰ ਸਾਹਿਬ ਤਾਂ ਨਹੀਂ ਨਾ ਬਣ ਸਕਦਾ!"

ਜੀਵਾ ਆਕੜਦਾ ਹੋਇਆ ਆਖਦਾ।

ਪਾਰਕ ਦੇ ਨਾਲ ਹੀ ਦੁਕਾਨਾਂ ਦੀ ਇਕ ਪਰੇਡ ਸੀ ਪਰੇਡ ਦੇ ਪਿਛੇ ਇਕ ਗਲ਼ੀ ਸੀ। ਇਸ ਗਲੀ ਵਿੱਚ ਭਾਵੇਂ ਕਈ ਦੁਕਾਨਾਂ ਦੇ ਪਿਛਲੇ ਦਰਵਾਜ਼ੇ ਖੁਲ੍ਹਦੇ ਸਨ ਪਰ ਇਸ ਪਾਸੇ ਬਹੁਤ ਘੱਟ ਕੋਈ ਆਉਂਦਾ ਸੀ। ਕਈ ਵਾਰ ਉਹ ਢਾਣੀ ਬਣਾ ਕੇ ਇਸ ਗਲ਼ੀ ਵਿੱਚ ਜਾ ਖੜਦੇ, ਰਲ਼ ਕੇ ਬੋਤਲ ਲਿਆਉਂਦੇ ਤੇ ਇਥੇ ਖੜ ਕੇ ਹੀ ਪੀ ਲੈਂਦੇ। ਇਵੇਂ ਕਦੇ ਉਹਨਾਂ ਨੇ ਰਲ ਕੇ ਬੋਤਲ ਲਿਆਉਣੀ ਹੁੰਦੀ ਤਾਂ ਕੁੰਦਨ ਜੀਵੇ ਦਾ ਹਿੱਸਾ ਪਾ ਦਿੰਦਾ। ਜੀਵਾ ਉਸ ਨੂੰ ਡਾਕਟਰ ਸਾਹਿਬ ਕਹਿਣਾ ਸ਼ੁਰੂ ਕਰ ਦਿੰਦਾ। ਇਕ ਦਿਨ ਰੁਲੀਆ ਰਾਮ ਕਹਿਣ ਲਗਿਆ,

"ਦੇਖੋ ਬਈ, ਇਹ ਜੀਵਾ ਮੁਫਤ ਵਿੱਚ ਡਾਕਟਰ ਸਾਹਿਬ ਨੂੰ ਰਗੜ ਲਾ ਜਾਂਦੈ, ਜੀਵੇ ਸਾਲ਼ੇ ਨੇ ਕਿਹੜੀ ਠਾਣੇਦਾਰ ਦੀ ਭੈਣ ਕੱਢੀ ਆ! ...ਗੱਲ ਸਿੱਧੀ ਕਰੋ ਕਿ ਆਪਾਂ ਸਾਰੇ ਕੁੰਦਨ ਨੂੰ ਡਾਕਟਰ ਸਾਹਿਬ ਕਿਹਾ ਕਰਾਂਗੇ ਪਰ ਇਹ ਬੋਤਲ ਦੇ ਆਪਣੇ ਹਿੱਸੇ ਦੀ ਇਕ ਵਾਰੀ ਵਾਧੂ ਦਿਆ ਕਰੇ।"

ਸਾਰੇ ਹੀ ਰੁਲੀਆ ਰਾਮ ਨਾਲ ਸਹਿਮਤ ਹੁੰਦੇ ਕੁੰਦਨ ਦੇ ਪਿੱਛੇ ਪੈ ਗਏ। ਕੁੰਦਨ ਨੇ ਥੋੜੀ ਕੁ ਆਨਾ-ਕਾਨੀ ਕੀਤੀ ਪਰ ਮੰਨ ਗਿਆ। ਹਫਤੇ ਵਿੱਚ ਉਹਨਾਂ ਨੇ ਵਿਸਕੀ ਪੀਣ ਦੇ ਦਿਨ ਰੱਖੇ ਹੋਏ ਸਨ। ਇਵੇਂ ਵਾਰੀ ਸਿਰ ਬੋਤਲ ਲਿਆਉਂਦੇ ਸਨ। ਕੁੰਦਨ ਦੋ ਵਾਰੀਆਂ ਦੇ ਦਿੰਦਾ। ਬੋਤਲ ਲਿਆ ਕੇ ਸਭ ਦੇ ਵਿਚਕਾਰ ਰੱਖਦਾ ਤੇ ਹੱਸਦਾ ਹੋਇਆ ਉਹ ਆਖਣ ਲੱਗਦਾ,

"ਯਾਰਾਂ ਲਈ ਤਾਂ ਜਾਨ ਵੀ ਹਾਜ਼ਰ ਏ।"

ਪਰ ਜਦ ਕੋਈ ਉਸ ਨੂੰ 'ਤੂੰ' ਕਹਿ ਕੇ ਬੁਲਾਉਂਦਾ ਜਾਂ ਡਾਕਟਰ ਸਾਹਿਬ ਨਾ ਕਹਿੰਦਾ ਤਾਂ ਉਹ ਲੜ ਪੈਂਦਾ, ਆਖਦਾ,

"ਸਾਲ਼ਿਆ ਬੈਹੜਿਆਂ ਦਿਆ, ਡਾਕਟਰ ਸਾਹਿਬ ਕਹਿੰਦੇ ਦਾ ਮੂੰਹ ਦੁਖਦਾ ਏ! ਦਾਰੂ ਪੀਣ ਲਈ ਸਭ ਤੋਂ ਮੂਹਰੇ ਗਲਾਸ ਚੁੱਕੀ ਫਿਰਦਾਂ ਹੁੰਨਾਂ!"

ਅਗਲਾ ਸੌਰੀ ਕਹਿੰਦਾ ਹੋਇਆ ਆਪਣੀ ਗਲਤੀ ਮੰਨ ਲੈਂਦਾ।...

ਇਕ ਦਿਨ ਉਹ ਪਾਰਕ ਵਿਚ ਬੈਠੇ ਸਨ ਕਿ ਸਾਹਮਣੇ ਇਕ ਔਰਤ ਤੁਰੀ ਆ ਰਹੀ ਦਿੱਸੀ। ਉਹ ਉਹਨਾਂ ਵੱਲ ਹੀ ਆ ਰਹੀ ਸੀ। ਰੁਲੀਆ ਰਾਮ ਨੇ ਕਿਹਾ,

"ਡਾਕਟਰ ਸੈਬ, ਜ਼ਰਾ ਮੂਹਰੇ ਹੋ ਕੇ ਏਹਨੂੰ ਦੱਸ ਦੇ ਕਿ ਸਾਡੇ ਕੋਲ ਹੁਣ ਕੁਝ ਨਹੀਂ ਹੈਗਾ।"

"ਡਾਕਟਰ ਸੈਬ ਕੋਲ ਸ਼ੈਦ ਕੁਝ ਹੋਵੇ!"

ਜੀਵਾ ਬੋਲਿਆ। ਜਦ ਤਕ ਉਹ ਔਰਤ ਨਜ਼ਦੀਕ ਆ ਗਈ ਸੀ। ਕੁੰਦਨ ਨੇ ਉਸ ਨੂੰ ਪੱਛਾਣ ਲਿਆ। ਇਹ ਮੋਹਣੀ ਦੀ ਪੁਰਾਣੀ ਸਹੇਲੀ ਰਮਿੰਦਰ ਕੋਰ ਸੀ ਜਿਸ ਨੂੰ ਇਕ ਵਾਰ ਉਸ ਨੇ ਘਰੋਂ ਚਲੇ ਜਾਣ ਲਈ ਕਹਿ ਦਿਤਾ ਸੀ। ਉਸ ਨੇ ਦੂਰੋਂ ਹੀ ਸਤਿ ਸ੍ਰੀ ਅਕਾਲ ਬੁਲਾਈ ਤੇ ਹੱਸਣ ਲੱਗ ਪਈ। ਫਿਰ ਉਸ ਦੇ ਨਾਲ ਦੇ ਬੰਦਿਆਂ ਵਲ ਦੇਖਦੀ ਤਿੱਖਾ ਜਿਹਾ ਮੁਸਕ੍ਰਾਉਂਦੀ ਹੋਈ ਬੋਲੀ,

"ਕੁੰਦਨ ਜੀ, ਬਹੁਤ ਸਹੀ ਟਿਕਾਣਾ ਚੁਣਿਆਂ ਟਾਈਮ ਪਾਸ ਕਰਨ ਲਈ!"

"ਬਿਲਕੁਲ ਜੀ, ਦਿਨ ਵੀ ਵਧੀਆ ਏ। ਸੁਣਾਓ, ਤੁਹਾਡਾ ਕੀ ਹਾਲਚਾਲ ਏ?"

ਕੁੰਦਨ ਨੂੰ ਰਮਿੰਦਰ ਕੋਰ ਦੇ ਬੁਲ੍ਹਾਂ ਉਪਰਲੇ ਸ਼ਰਾਰਤੀ ਹਾਸੇ ਤੋਂ ਸਮਝਣ ਨੂੰ ਦੇਰ ਨਾ ਲਗੀ। ਰਮਿੰਦਰ ਫਿਰ ਕੋਰ ਬੋਲੀ,

"ਤੁਸੀਂ ਮੈਨੂੰ ਪੱਛਾਣਦੇ ਹੋ?"

"ਲਓ ਜੀ, ਮੋਹਣੀ ਚਲੇ ਗਈ ਤਾਂ ਏਹਦਾ ਮਤਲਬ ਇਹ ਤਾਂ ਨਹੀਂ ਕਿ ਉਹਦੀਆਂ ਸਹੇਲੀਆਂ ਦੀ ਪੱਛਾਣ ਭੁੱਲ ਗਈ ਮੈਨੂੰ! ...ਵੈਸੇ ਰਮਿੰਦਰ ਜੀ, ਤੁਹਾਡੀ ਸਿਹਤ ਤਾਂ ਬਹੁਤ ਹੀ ਵਧੀਆ ਦਿੱਸਦੀ ਏ। ਸਾਰੇ ਅੰਗ ਪੈਰ ਚਲਦੇ ਹੀ ਹੋਣਗੇ, ਕਦੇ ਆਓ ਘਰ, ਖੁਲ੍ਹ ਕੇ ਗੱਲਾਂ ਕਰਾਂਗੇ।"

"ਥੈਂਕਿਊ, ਮੈਨੂੰ ਤਾਂ ਤੁਹਾਡੀ ਉਸ ਵਕਤ ਦੀ ਕੀਤੀ ਆਓ-ਭਗਤ ਹੀ ਨਹੀਂ ਭੁੱਲ ਰਹੀ।"

"ਰਮਿੰਦਰ ਜੀ, ਪੁਰਾਣੀਆਂ ਗੱਲਾਂ ਨਹੀਂ ਚੇਤੇ ਰੱਖਦੀਆਂ, ਮੇਰੇ ਘਰ ਦੇ ਦਰਵਾਜ਼ੇ ਤੁਹਾਡੇ ਲਈ ਸਦਾ ਖੁਲ੍ਹੇ ਨੇ।"

ਕੁੰਦਨ ਨੇ ਹਲਕਾ ਜਿਹਾ ਹੱਸਦੇ ਹੋਏ ਕਿਹਾ। ਰਮਿੰਦਰ ਕੋਰ ਪਾਸਾ ਜਿਹਾ ਵੱਟਦੀ ਤੁਰ ਗਈ। ਰਤਨ ਸਿੰਘ ਬੋਲਿਆ,

"ਡਾਕਟਰ ਸੈਬ, ਕੌਣ ਆਂ ਬਈ ਏਹ? ਬੜੀ ਵਾਧੂ ਸ਼ੈਅ ਲਗਦੀ ਐ!"

"ਨਹੀਂ ਓ ਭਾਊ, ਇਹ ਤਾਂ ਕੋਈ ਫੰਡਰ ਏ, ਏਸ ਸ਼ਹਿਰ ਵਿੱਚ ਫੰਡਰਾਂ ਬਹੁਤ ਨੇ!"

ਕੁੰਦਨ ਨੇ ਜ਼ਰਾ ਕੁ ਚਿੱਥ ਕੇ ਗੱਲ ਕੀਤੀ। ਉਸ ਦਾ ਗੁੱਸਾ ਸਾਫ ਝਲਕਦਾ ਸੀ। ਕੋਲ ਬੈਠਾ ਦੁੱਮਣ ਰੁੜਕੀਆ ਬੋਲਿਆ,

"ਡਾਕਟਰ ਸੈਬ, ਔਰਤਾਂ ਲਈ ਏਨੇ ਭੈੜੇ ਸ਼ਬਦ ਨਹੀਂ ਵਰਤੀਦੇ!"

"ਹੋਰ ਯਾਰ ਮੈਂ ਏਹਨੂੰ ਭੈਣਜੀ ਕਹਾਂ? ਜਿਹੜੀ ਔਰਤ ਦੂਜੇ ਦਾ ਮਜ਼ਾਕ ਉਡਾਉਣ ਦੀ ਕੋਸ਼ਿਸ਼ ਕਰੇ ਬੰਦਾ ਓਹਨੂੰ ਕੀ ਕਹੇ?"

"ਯਾਰ ਡਾਕਟਰ ਸੈਬ, ਅਸੀਂ ਵੀ ਤੇਰੇ ਕੋਲ ਬੈਠੇ ਆਂ, ਸਾਨੂੰ ਤਾਂ ਨਹੀਂ ਦਿਸਿਆ ਕਿ ਕਿਸੇ ਦਾ ਓਹਨੇ ਮਜ਼ਾਕ ਉਡਾਇਆ ਹੋਵੇ।"

ਕੁੰਦਨ ਨੇ ਮਲਕੀਤੇ ਦੀ ਗੱਲ ਦਾ ਕੋਈ ਜਵਾਬ ਦਿਤੇ ਬਿਨਾਂ ਆਪਣੀ ਹੋਰ ਗੱਲ ਸ਼ੁਰੂ ਕਰ ਲਈ, ਉਹ ਦੱਸਣ ਲੱਗਿਆ,

"ਲੈ ਬਈ, ਕੱਲ ਨੂੰ ਤਾਂ ਮੈਂ ਲੰਡਨ ਚੱਲਿਆਂ, ਫੰਕਸ਼ਨ ਏ।"

"ਮੁਸ਼ਾਇਰਾ ਵੀ ਹੋਣੈਂ?"

"ਮੁਸ਼ਾਇਰਾ ਤਾਂ ਹੋਣਾਂ ਈ ਏਂ, ਮੈਂ ਵੀ ਗਜ਼ਲ ਪੜ੍ਹਾਂਗਾ।"

ਕੁੰਦਨ ਬੋਲਿਆ। ਉਹ ਕਦੇ ਕਦੇ ਉਹਨਾਂ ਨੂੰ ਆਪਣੀਆਂ ਗਜ਼ਲਾਂ ਸੁਣਾਉਣ ਲੱਗ ਪਿਆ ਕਰਦਾ ਸੀ।...

ਰਮਿੰਦਰ ਕੋਰ ਨੂੰ ਅਗਲੇ ਦਿਨ ਹੀ ਮੋਹਣੀ ਕੁਮਿਨਟੀ ਸੈਂਟਰ ਵਿਚ ਮਿਲ ਪਈ। ਉਹ ਕਹਿਣ ਲੱਗੀ,

"ਤੇਰੇ ਕੁੰਦਨ ਨੂੰ ਤਾਂ ਬੋਲਣ ਦੀ ਭੋਰਾ ਅਕਲ ਨਹੀਂ, ਮੈਨੂੰ ਤਾਂ ਉਹ ਏਦਾਂ ਦੀ ਗੱਲ ਕਹਿ ਗਿਆ ਕਿ ਨਾ ਤਾਂ ਮੈਂ ਆਪਣੇ ਆਦਮੀ ਨੂੰ ਦੱਸਣ ਜੋਗੀ ਆਂ ਤੇ ਨਾ ਕਿਸੇ ਹੋਰ ਨੂੰ।"

ਫਿਰ ਉਹ ਕੁੰਦਨ ਨਾਲ ਪਾਰਕ ਵਿੱਚ ਹੋਈ ਗੱਲਬਾਤ ਦੀ ਤਫਸੀਲ ਦੇਣ ਲੱਗੀ। ਮੋਹਣੀ ਬੋਲੀ,

"ਰਮਿੰਦਰ ਭੈਣ ਜੀ, ਮੈਂ ਕੀ ਕਰਾਂ! ਏਹ ਬੰਦਾ ਹੈ ਹੀ ਅਜਿਹਾ।"

"ਸੋਚਣ ਦੀ ਗੱਲ ਐ ਬਈ ਸੱਤਰਾਂ ਨੂੰ ਢੁੱਕਦਾ ਬੰਦਾ, ਮੈਨੂੰ ਕਹਿੰਦਾ ਏ ਕਿ ਤੇਰੇ ਤਾਂ ਅੰਗ-ਪੈਰ ਚਲਦੇ ਹੀ ਹੋਣੇ ਆਂ ਕਿਸੇ ਦਿਨ ਘਰ ਆ ਕੇ ਮਿਲ, ...ਮੋਹਣੀ ਭੈਣ ਜੀ, ਮੈਨੂੰ ਤਾਂ ਸੰਗਦੀ ਨੂੰ ਧਰਤੀ ਵਿਹਲ ਨਾ ਦੇਵੇ! ਹੋਰ ਬੰਦੇ ਵੀ ਅੱਖਾਂ ਪਾੜ-ਪਾੜ ਦੇਖਣ। ਮੈਂ ਦਿਲ ਵਿੱਚ ਕਿਹਾ ਕਿ ਇਹੋ ਅਸਲੀ ਕੁੰਦਨ ਏ, ਅਨਪੜ੍ਹ ਸ਼ਰਾਬੀਆਂ ਦਾ ਯਾਰ!"

ਰਮਿੰਦਰ ਦੀ ਗੱਲ ਮੋਹਣੀ ਨੂੰ ਬਹੁਤ ਚੁਭੀ। ਕੁੰਦਨ ਨੇ ਉਸ ਨਾਲ ਜੋ ਵੀ ਕੀਤਾ ਸੀ ਉਹ ਅਲੱਗ ਸੀ ਪਰ ਉਸ ਦੀ ਲਿਆਕਤ ਦੀ ਉਹ ਸਦਾ ਹੀ ਕਾਇਲ ਰਹੀ ਸੀ। ਪਿਛਲੇ ਐਤਵਾਰ ਉਹਨਾਂ ਦੀ ਸਭਾ ਦੀ ਮੀਟਿੰਗ ਸੀ। ਉਥੇ ਵੀ ਬਲਬੀਰ ਬਾਵਰਾ ਵਾਰ ਵਾਰ ਚਿਤਾਰ ਰਿਹਾ ਸੀ ਕਿ ਕੁੰਦਨ ਇਕ ਐਲੀਵੇਅ ਵਿੱਚ ਖੜ ਕੇ ਕਮਲ਼ਿਆਂ ਜਿਹਿਆਂ ਨਾਲ ਸ਼ਰਾਬ ਪੀਂਦਾ ਹੁੰਦਾ ਹੈ।...

ਜੋਗੇਂਦਰ ਦੇ ਨਵੇਂ ਨਾਵਲ 'ਦੇਸੀ ਜੰਮੇ' ਉਪਰ ਵੱਡਾ ਸਮਾਗਮ ਹੋ ਰਿਹਾ ਸੀ। ਇੰਡੀਆ ਤੋਂ ਗੁਰਦੀਪ ਸਿੱਧੂ ਆ ਰਿਹਾ ਸੀ। ਇਥੋਂ ਡਾਕਟਰ ਮੋਹਣੀ ਪਰਚਾ ਲਿਖ ਰਹੀ ਸੀ। ਰੇਸ਼ਮ ਸਮੁੰਦਰੀ ਨੂੰ ਪਤਾ ਚੱਲਿਆ ਤਾਂ ਉਸ ਨੇ ਕੁੰਦਨ ਨੂੰ ਫੋਨ ਘੁਮਾ ਲਿਆ,

"ਇਹ ਕੀ ਹੋ ਰਿਹਾ ਬਈ! ...ਤੇਰੇ ਚੇਲੇ ਦੇ ਨਾਵਲ ਤੇ ਬਹੁਤ ਜ਼ਬਰਦਸਤ ਫੰਕਸ਼ਨ ਹੋ ਰਿਹਾ, ਦੋ ਪਰਚੇ ਪੜ੍ਹੇ ਜਾ ਰਹੇ ਆ, ਤੇਰੇ 'ਤੇ ਏਦਾਂ ਦਾ ਕੋਈ ਪ੍ਰੋਗਰਾਮ ਕਿਉਂ ਨਹੀਂ ਹੋ ਰਿਹਾ?"

"ਓ ਭਾਊ, ਇਹ ਸਾਰੀਆਂ ਦੋਸਤੀਆਂ ਪਾਲ਼ੀਆਂ ਜਾ ਰਹੀਆਂ।"

"ਕੁੰਦਨ, ਸੱਚੀ ਗੱਲ ਕਹਾਂ?"

"ਕਹਿ ਲੈ ਯਾਰ, ਤੂੰ ਵੀ ਕਹਿ ਲੈ!"

"ਮੈਂ ਜਦ ਵੀ ਇੰਡੀਆ ਜਾਨਾਂ, ਤੇਰੀ ਗੱਲ ਕੋਈ ਨਹੀਂ ਕਰਦਾ, ਸਾਰੇ ਹੀ ਜੋਗੇਂਦਰ ਦੀ ਗੱਲ ਕਰਦੇ ਆ, ਜਿੱਦਾਂ ਇਕ ਦਿਨ ਤੂੰ ਆਪਣੇ ਜੈੱਕ ਬਣਾਏ ਸੀ ਹੁਣ ਜੋਗੇਂਦਰ ਦੇ ਬਣੇ ਹੋਏ ਆ ਪਰ ਰਹਿਣੇ ਇਹ ਵੀ ਬਹੁਤੀ ਦੇਰ ਨਹੀਂ!"

"ਸਮੁੰਦਰੀ ਯਾਰ! ਤੂੰ ਦੋਸਤ ਮੇਰਾ ਏਂ ਕਿ ਜੋਗੇਂਦਰ ਦਾ?"

"ਮੈਂ ਦੋਸਤ ਨਹੀਂ ਏਸ ਵੇਲੇ ਸ਼ੀਸ਼ਾ ਆਂ, ਤੁਸੀਂ ਦੋਵੇਂ ਈ ਇਕੋ ਜਿਹੇ ਓ ਪਰ ਏਸ ਵੇਲੇ ਤੂੰ ਫੇਲ੍ਹ ਏਂ!"

"ਸਾਲ਼ਿਆ ਬੈਹੜਿਆਂ ਦਿਆ, ਸਾਰੀ ਉਮਰ ਤੇਰੀ ਤਾਂ ਗੱਲ ਓਹ ਰਹੀ ਏ ਕਿ ਮੁਰਦਾ ਬੋਲੂ, ਕੱਫਣ ਪਾੜੂ!"

"ਜੋ ਮਰਜ਼ੀ ਸਮਝ ਪਰ ਪਿਆਰੇ, ਸੱਚ ਸੱਚ ਐ!"

ਕਹਿ ਕੇ ਸਮੁੰਦਰੀ ਨੇ ਫੋਨ ਰੱਖ ਦਿਤਾ। ਕੁੰਦਨ ਜੋਗੇਂਦਰ ਬਾਰੇ ਸੋਚਣ ਲੱਗ ਪਿਆ। ਵਾਕਿਆ ਹੀ ਉਸ ਨੇ ਕਾਫੀ ਜੁਗਾੜਬੰਦੀ ਕਰ ਲਈ ਹੋਈ ਸੀ। ਬਲਵੀਰ ਬਾਵਰਾ ਵੀ ਇਵੇਂ ਹੀ ਕਰਦਾ ਸੀ। ਇਹ ਕੁਝ ਇਕ ਆਲੋਚਕਾਂ ਨਾਲ ਪਰਿਵਾਰਿਕ ਸਬੰਧ ਬਣਾ ਲੈਂਦੇ ਸਨ ਤੇ ਫਿਰ ਇਕ ਦੂਜੇ ਦੇ ਕੰਮ ਆਉਂਦੇ ਸਨ। ਉਸ ਨੇ ਮਨ ਹਲਕਾ ਕਰਨ ਲਈ ਬਨਫੂਲ ਨੂੰ ਫੋਨ ਕੀਤਾ ਪਰ ਉਸ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ। ਸਾਹ ਦੀ ਬਿਮਾਰੀ ਕਾਰਨ ਉਹ ਬਹੁਤੀ ਦੇਰ ਗੱਲ ਨਾ ਕਰ ਸਕਿਆ।

ਕੁੰਦਨ ਨੇ ਗੁਰਦੀਪ ਸਿੱਧੂ ਨੂੰ ਇੰਡੀਆ ਨੂੰ ਫੋਨ ਘੁਮਾ ਲਿਆ। ਉਹ ਚਾਹੁੰਦਾ ਸੀ ਕਿ ਸਿੱਧੂ ਉਸ ਦੇ ਨਾਵਲ 'ਰਾਜਧਾਨੀ' ਉਪਰ ਪਰਚਾ ਲਿਖ ਲਿਆਵੇ ਤਾਂ ਜੋ ਉਸ ਦੀ ਜ਼ਰਾ ਇੱਜ਼ਤ ਰਹਿ ਜਾਵੇ। ਸਿੱਧੂ ਤੇਜ਼ ਬੰਦਾ ਸੀ। ਉਸ ਨੇ ਗੱਲਾਂ ਗੱਲਾਂ ਵਿੱਚ ਹੀ ਉਸ ਦਾ ਘਰ ਪੂਰਾ ਕਰ ਦਿਤਾ ਪਰ ਉਸ ਨੇ 'ਨਾਂਹ' ਵੀ ਨਾ ਕਹੀ ਤੇ ਚੰਗੀ ਤਰ੍ਹਾਂ 'ਹਾਂ' ਵੀ ਨਾ ਕੀਤੀ।

ਉਸ ਨੇ ਜੋਗੇਂਦਰ ਨੂੰ ਫੋਨ ਕਰਕੇ ਕਿਹਾ,

"ਵਾਜੇ ਵੱਜ ਰਹੇ ਫੇਰ ਅਗਲੇ ਮਹੀਨੇ?"

"ਬਿਲਕੁਲ ਭਾਊ, ਤੁਸੀਂ ਆਉਣਾ ਤੇ ਸਮਾਗਮ ਦੀ ਪ੍ਰਧਾਨਗੀ ਕਰਨੀ ਆਂ।"

"ਮੈਂ ਤੇ ਆ ਜਾਊਂ ਪਰ ਗੁਰਦੀਪ ਨੂੰ ਪੁੱਛ ਕਿ 'ਰਾਜਧਾਨੀ' 'ਤੇ ਵੀ ਕਰੇਗਾ ਕੁਝ ਕਿ ਨਹੀਂ?"

"ਬਾਬਿਓ, ਮੈਂ ਉਹਦੇ ਨਾਲ ਗੱਲ ਕੀਤੀ ਸੀ, ਕਹਿੰਦਾ ਸੀ ਕਿ ਤੁਹਾਡੇ ਨਾਵਲ ਦਾ ਉਹਨੇ ਆਪਣੇ ਪੇਪਰ ਵਿੱਚ ਬਕਾਇਦਾ ਜ਼ਿਕਰ ਕੀਤਾ ਹੋਇਐ ਤੇ ਜੇ ਤੁਹਾਡੇ ਨਾਵਲ 'ਤੇ ਕੋਈ ਪ੍ਰੋਗਰਾਮ ਹੋਇਆ ਤਾਂ ਬੋਲੇਗਾ ਵੀ।"

"ਫੇਰ ਰੱਖ ਲੈ ਇਕ ਮਹਿਫਲ ਰਾਜਧਾਨੀ ਦੇ ਨਾਂ ਦੀ।"

"ਭਾਊ, ਇਹ ਪ੍ਰੋਗਰਾਮ ਆਪਾਂ ਵਿਲਨਹਾਲ ਵਿੱਚ ਹੀ ਰੱਖੀਏ, ਇਥੇ ਤੁਹਾਡੇ ਵਿਰੋਧੀ ਬਹੁਤ ਨੇ।"

"ਬਣਾ ਲੈ ਕੋਈ ਸਕੀਮ।"

"ਜ਼ਰੂਰ, ਜਦੋਂ ਬਾਵਰੇ ਦੇ ਨਾਵਲ ਉਪਰ ਫੰਕਸ਼ਨ ਹੋਇਆ ਉਸ ਤੋਂ ਅਗਲੇ ਦਿਨ ਜਾਂ ਇਕ ਦਿਨ ਪਹਿਲਾਂ ਆਪਾਂ ਇਕ ਮਹਿਫਲ ਵਿੱਚ 'ਰਾਜਧਾਨੀ' ਨੂੰ ਵਿਚਾਰ ਲਵਾਂਗੇ। ...ਚੁਣਵੇਂ ਜਿਹੇ ਦਸ ਕੁ ਬੰਦੇ ਵੀ ਇਕੱਠੇ ਹੋ ਗਏ ਤਾਂ ਬਹੁਤ ਆ।"

"ਠੀਕ ਏ ਛੋਟੇ ਭਾਊ, ਕਰਦੇ ਆਂ ਕੁਝ। ...ਦਸ ਬੰਦੇ ਨਾਵਲ ਬਾਰੇ ਬੋਲ ਜਾਣ ਤਾਂ ਬਹੁਤ ਹੁੰਦਾ ਏ ਪਰ ਹੋਣ ਬੰਦੇ, ਕਾਮਰੇਡ ਨਾ ਹੋਣ।"

ਕਹਿੰਦਾ ਕੁੰਦਨ ਹੱਸਿਆ ਕਿਉਂਕਿ ਕੁਝ ਕਾਮਰੇਡ ਉਸ ਦੇ ਨਾਵਲ ਦਾ ਵਿਰੋਧ ਕਰ ਰਹੇ ਸਨ। ਪਿੱਛੇ ਜਿਹੇ ਇਕ ਵਾਰ ਜੋਗੇਂਦਰ ਨੇ ਉਸ ਦੇ ਨਾਵਲ ਉਪਰ ਪ੍ਰੋਗਰਾਮ ਕਰਾਉਣ ਦੀ ਵਿਓਂਤ ਬਣਾਈ ਸੀ ਤਾਂ ਕੁਝ ਦੋਸਤਾਂ ਨੇ ਕਿਹਾ ਸੀ ਕਿ ਉਹ ਮਿੱਥ ਕੇ ਨਾਵਲ ਦੇ ਖਿਲਾਫ ਬੋਲਣਗੇ। ਜਿਹਨਾਂ ਨੂੰ ਉਸ ਨੇ ਪਾਤਰ-ਵਿਪਾਤਰ ਬਣਾਇਆ ਸੀ ਉਹਨਾਂ ਵੀ ਆਪਣਾ ਗੁੱਸਾ ਕੱਢਣਾ ਸੀ। ਉਸ ਦਿਨ ਦੀਆਂ ਰਸ਼ਪਾਲ ਵਲੋਂ ਕੱਢੀਆਂ ਗਾਲ੍ਹਾਂ ਕੁੰਦਨ ਦੇ ਮਨ ਵਿੱਚ ਹਾਲੇ ਵੀ ਰੜਕ ਰਹੀਆਂ ਸਨ। ਇਵੇਂ ਹੀ ਕੋਈ ਸਿਰ ਫਿਰਿਆ ਪ੍ਰੋਗਰਾਮ ਵਿੱਚ ਆ ਕੇ ਵੀ ਖਰਾਬੀ ਕਰ ਸਕਦਾ ਸੀ। ਉਸ ਨੂੰ ਜਗੇਂਦਰ ਦੀ ਇਹ ਗੱਲ ਸਹੀ ਜਾਪੀ ਕਿ ਚੁਣਵੇਂ ਬੰਦੇ ਬੁਲਾ ਕੇ ਨਾਵਲ ਉਪਰ ਗੱਲਬਾਤ ਕਰ ਲਈ ਜਾਵੇ ਤੇ ਬਾਅਦ ਵਿਚ ਉਸ ਦੀ ਖ਼ਬਰ ਜ਼ਰਾ ਵੱਡੀ ਬਣਾ ਕੇ ਅਖ਼ਬਾਰਾਂ ਨੂੰ ਭੇਜ ਦਿਤੀ ਜਾਵੇ ਬਸ ਏਨਾ ਕੁ ਹੀ ਕਾਫੀ ਹੈ। ਉਹ ਉਂਗਲਾ 'ਤੇ ਗਿਣਨ ਲੱਗਿਆ ਕਿ ਕਿਸ ਕਿਸ ਨੂੰ ਬੁਲਾਇਆ ਜਾਵੇ।

ਜੋਗੇਂਦਰ ਦੇ ਨਾਵਲ 'ਦੇਸੀ ਜੰਮੇ' ਉਪਰ ਪ੍ਰੋਗਰਾਮ ਵਿੱਚ ਉਹ ਤਿਆਰ ਹੋ ਕੇ ਗਿਆ। ਪ੍ਰਧਾਨਗੀ ਕੀਤੀ। ਉਹ ਖੁਸ਼ ਸੀ। ਮੰਚ ਉਪਰ ਹੀ ਮੋਹਣੀ ਵੀ ਬੈਠੀ ਸੀ ਤੇ ਬਲਵੀਰ ਬਾਵਰਾ ਵੀ। 'ਸਾਹਿਤਕ ਅਦਾਰਾ' ਦੇ ਸਮਾਗਮਾਂ ਵਿੱਚ ਜੋਗੇਂਦਰ ਇਵੇਂ ਹੀ ਕਰਿਆ ਕਰਦਾ। ਉਹ ਸਾਰੇ ਦੁਸ਼ਮਣਾਂ ਨੂੰ ਇਕੱਠਿਆਂ ਨੂੰ ਹੀ ਮੰਚ ਉਪਰ ਬੈਠਾ ਦਿੰਦਾ। ਕੁੰਦਨ ਨੇ ਪ੍ਰਧਾਨਗੀ ਭਾਸ਼ਨ ਦਿੰਦਿਆਂ ਕਿਹਾ,

"ਦੋਸਤੋ, ਜੋਗੇਂਦਰ ਸਾਡਾ ਸਮੱਰਥ ਨਾਵਲਕਾਰ ਏ, ਵੱਡੀ ਗੱਲ ਏ ਕਿ ਕੋਈ ਵੀ ਨਾਵਲ ਤਜਰਬੇ ਬਿਨਾਂ ਨਹੀਂ ਲਿਖਿਆ ਜਾ ਸਕਦਾ ਤੇ ਜੋਗੇਂਦਰ ਕੋਲ ਜ਼ਿੰਦਗੀ ਦਾ ਅਮੀਰ ਤਜਰਬਾ ਏ, ਬਹੁਤ ਸਾਰੇ ਲੇਖਕ ਕਮਰਿਆਂ ਵਿੱਚ ਬੰਦ ਬੈਠੇ ਵੱਡੇ ਵੱਡੇ ਨਾਵਲ ਲਿਖੀ ਜਾ ਰਹੇ ਨੇ, ਉਹਨਾਂ ਨੂੰ ਅਸੀਂ ਲੇਖਕ ਨਹੀਂ ਕਹਿ ਸਕਦੇ। ਇਕ ਗੱਲ ਹੋਰ ਜਿਹੜੀ ਮੈਂ ਕਹਿਣੀ ਚਾਹਾਂਗਾ ਉਹ ਇਹ ਕਿ ਪੰਜਾਬੀ ਸਾਹਿਤ ਦਾ ਸ਼ਾਹਕਾਰ ਨਾਵਲ ਹੁਣ ਪੰਜਾਬ ਵਿਚੋਂ ਨਹੀਂ ਬਲਕਿ ਪੰਜਾਬ ਤੋਂ ਬਾਹਰ ਲਿਖਿਆ ਜਾਵੇਗਾ। ਪੰਜਾਬ ਦੇ ਨਾਵਲਕਾਰ ਸੀਮਤ ਜਿਹੇ ਖਿਤੇ ਵਿੱਚ ਬੈਠੇ, ਸੀਮਤ ਜਿਹੇ ਵਿਸ਼ਿਆ ਉਪਰ ਲਿਖੀ ਜਾ ਰਹੇ ਨੇ, ...ਡਾਕਟਰ ਗੁਰਦੀਪ ਸਿੱਧੂ ਨੇ ਆਪਣੇ ਪਰਚੇ ਵਿੱਚ ਮੇਰੇ ਨਾਵਲ 'ਰਾਜਧਾਨੀ' ਦਾ ਵੀ ਵਧੀਆ ਜ਼ਿਕਰ ਕੀਤਾ ਏ, ਹੋਰਨਾਂ ਦੋਸਤਾਂ ਨੂੰ ਮੈਂ ਕਹਾਂਗਾ ਕਿ ਕਿਸੇ ਵੀ ਰਚਨਾ ਨੂੰ ਪੜ੍ਹਨ ਤੋਂ ਪਹਿਲਾਂ ਵਿਸ਼ੇਸ਼ ਕਿਸਮ ਦੀਆਂ ਐਨਕਾਂ ਉਤਾਰ ਲੈਣੀਆਂ ਚਾਹੀਦੀਆਂ ਹਨ...।"

ਹਾਲ ਵਿੱਚ ਬੈਠੇ ਕੁਝ ਲੋਕ ਉਸ ਦੀ ਗੱਲ ਸੁਣ ਕੇ ਇਕ ਦੂਜੇ ਵਲ ਦੇਖਣ ਲੱਗੇ। ਬਲਵੀਰ ਬਾਵਰਾ ਵੀ ਸਮਝ ਗਿਆ ਸੀ ਕਿ ਬਿਨਾਂ ਤਜਰਬੇ ਤੋਂ ਲਿਖਣ ਵਾਲੀ ਗੱਲ ਉਸ ਨੇ ਉਹਦੇ ਬਾਰੇ ਕਹੀ ਹੈ ਪਰ ਉਹ ਇਸ ਬਾਰੇ ਚੁੱਪ ਰਿਹਾ। ਜੋਗੇਂਦਰ ਦੇ ਨਾਵਲ ਬਾਰੇ ਬਹੁਤ ਸਾਰੇ ਲੋਕਾਂ ਨੇ ਖੁਲ੍ਹ ਕੇ ਗੱਲਾਂ ਕੀਤੀਆਂ। ਕੁੰਦਨ ਨੂੰ ਈਰਖਾ ਵੀ ਹੋ ਰਹੀ ਸੀ।

ਅਗਲੇ ਸ਼ਨਿਚਰਵਾਰ ਬਾਵਰੇ ਦੇ ਨਵੇਂ ਨਾਵਲ 'ਬੁੱਢਾ ਸੂਰਜ' ਉਪਰ ਵਿਲਨਹਾਲ ਵਿੱਚ ਗੋਸ਼ਟੀ ਸੀ। ਉਸ ਤੋਂ ਅਗਲੇ ਦਿਨ ਕੁੰਦਨ ਨੇ ਆਪਣੇ ਨਾਵਲ ਉਪਰ ਆਪਣੇ ਹੀ ਘਰ ਦੋਸਤਾਂ ਨੂੰ ਸੱਦਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਇਕ ਦਿਨ ਪਹਿਲਾਂ ਗੁਰਦੀਪ ਸਿਧੂ ਜੋਗੇਂਦਰ ਕੋਲ ਹੀ ਠਹਿਰਿਆ ਹੋਇਆ ਸੀ। ਜੋਗੇਂਦਰ ਨੇ ਨਾਵਲ ਪੜ੍ਹਿਆ ਤੇ ਗੁਰਦੀਪ ਸਿਧੂ ਨੂੰ ਕਹਿਣ ਲੱਗਾ,

"ਡਾਕਟਰ ਸਾਬ, ਏਸ ਨਾਵਲ ਵਿੱਚ ਛੇ ਸੌ ਗਲਤੀਆਂ ਹੈਗੀਆਂ, ਮੈਂ ਨਿਸ਼ਾਨੀਆਂ ਲਾਈਆਂ ਹੋਈਆਂ।"

"ਨਹੀਂ ਯਾਰ, ਇਕ ਸਿਫਰ ਮੇਰੇ ਲਈ ਕੱਟ ਦੇ।"

"ਕਿਸੇ ਨਾਵਲ ਵਿੱਚ ਸੱਠ ਗਲਤੀਆਂ ਵੀ ਬਹੁਤ ਹੁੰਦੀਆਂ।"

"ਚੱਲ ਇਕ ਸਿਫਰ ਬਾਵਰੇ ਦੀ ਬਿਜ਼ੁਰਗ ਉਮਰ ਲਈ ਕੱਟ ਦੇ।"

ਗੁਰਦੀਪ ਸਿਧੂ ਨੇ ਰਮਜ਼ੀ ਬਣਦਿਆਂ ਆਖਿਆ। ਜੋਗੇਂਦਰ ਪੂਰਾ ਤਿਆਰ ਹੋ ਕੇ ਬਾਵਰੇ ਦੇ ਨਾਵਲ ਦੀ ਗੋਸ਼ਟੀ 'ਤੇ ਪੁੱਜਾ। ਗੋਸ਼ਟੀ ਵਿੱਚ ਵਾਹਵਾ ਇਕੱਠ ਸੀ। ਕੁੰਦਨ ਤੋਂ ਬਿਨਾਂ ਇੰਗਲੈਂਡ ਦੇ ਸਾਰੇ ਲੇਖਕ ਸੱਦੇ ਹੋਏ ਸਨ। ਇਸ ਸਾਮਗਮ ਦੀ ਪ੍ਰਧਾਨਗੀ ਜੋਗੇਂਦਰ ਨੇ ਕੀਤੀ। ਉਸ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿੱਚ ਨਾਵਲ ਦੀ ਖ਼ੂਬ ਤਾਰੀਫ ਕੀਤੀ।

ਪ੍ਰੋਗਰਾਮ ਤੋਂ ਬਾਅਦ ਜੋਗੇਂਦਰ ਰਾਤ ਕੁੰਦਨ ਕੋਲ ਹੀ ਠਹਿਰਿਆ। ਬਹੁਤ ਸਾਰੀਆਂ ਗੱਲਾਂ ਹੋਈਆਂ। ਕੁੰਦਨ ਦੀ ਹਰ ਚਿੰਤਾ ਆਪਣੇ ਨਾਵਲ ਦੁਆਲੇ ਹੀ ਘੁੰਮਦੀ ਸੀ। ਉਸ ਰਾਤ ਉਹਨਾਂ ਬਹੁਤੀ ਦਾਰੂ ਨਾ ਪੀਤੀ। ਸਵੇਰੇ ਦੋਸਤਾਂ ਨੇ ਆਉਣਾ ਸੀ। ਸਹਿਜਪਾਲ ਗਰੇਵਾਲ ਨੇ ਸ਼ੈਫੀਲਡ ਤੋਂ, ਇਵੇਂ ਹੀ ਬ੍ਰਮੀਘੰਮ, ਵੁਲਵਰਹੈਂਪਟਨ, ਲੈਸਟਰ ਤੋਂ ਤੇ ਨੌਨੀਟਨ ਤੋਂ ਵੀ ਬੰਦੇ ਆਉਣੇ ਸਨ। ਸਵੇਰੇ ਉਠ ਕੇ ਕੁੰਦਨ ਨੇ ਰੋਟੀ-ਪਾਣੀ ਦਾ ਇੰਤਜ਼ਾਮ ਵੀ ਕਰਨਾ ਸੀ।

ਵੇਲੇ ਸਿਰ ਉਠ ਕੇ ਕੁੰਦਨ ਨੇ ਮੀਟ ਬਣਾ ਲਿਆ ਤੇ ਨਾਲ ਹੀ ਦਾਲ ਵੀ। ਰੋਟੀ ਦੀ ਥਾਂ ਨਾਨ ਲੈ ਆਂਦੇ ਸਨ। ਪੰਦਰਾਂ ਬੰਦਿਆਂ ਦਾ ਖਾਣਾ ਉਸ ਨੇ ਝੱਟ ਹੀ ਤਿਆਰ ਕਰ ਲਿਆ। ਜੋਗੇਂਦਰ ਨੂੰ ਉਹ ਅਲਮਾਰੀ ਖੋਹਲ ਕੇ ਦਿਖਾਉਂਦਾ ਬੋਲਿਆ,

"ਜਦ ਵੀ ਸੇਲ ਲੱਗੇ ਮੈਂ ਦਾਰੂ ਭਰ ਲੈਨਾ ਹੁੰਨਾਂ, ਆਹ ਦੇਖ ਏਨੀ ਸ਼ਰਾਬ ਪਈ ਏ ਕਿ ਪੰਦਰਾਂ ਬੰਦੇ ਭਾਵੇਂ ਇਸ਼ਨਾਨ ਕਰ ਲੈਣ, ਹਾਲੇ ਦੂਜੇ ਕਮਰੇ ਵਿੱਚ ਪਾਰਕ ਵਿਚਲੇ ਦੋਸਤਾਂ ਦੀ ਵੀ ਪਈ ਏ। ਜਿਹਨਾਂ ਨੂੰ ਘਰ ਪੀਣ ਦੀ ਇਜਾਜ਼ਤ ਨਹੀਂ ਉਹ ਮੇਰੇ ਕੋਲ ਜਮ੍ਹਾਂ ਕਰਾ ਜਾਂਦੇ ਨੇ।"

ਆਖਦਾ ਉਹ ਹੱਸਣ ਲੱਗਿਆ ਤੇ ਫਿਰ ਬੋਲਿਆ,

"ਪਾਰਕ ਵਿੱਚ ਬੈਠਣਾ ਵੀ ਅਜੀਬ ਏ, ਮੈਂ ਟਾਈਮ ਪਾਸ ਕਰਨ ਚਲੇ ਜਾਨਾਂ ਪਰ ਦਿਲ ਨਹੀਂ ਲੱਗਦਾ, ਹੋਰ ਕਰਾਂ ਵੀ ਕੀ, ਕਿਥੇ ਜਾਵਾਂ!"

"ਅਮਰਜੋਤ ਨਾਲ ਨਹੀਂ ਹੋਈ ਕੋਈ ਗੱਲ?"

"ਓਹਦੇ ਨਾਲ ਹੁਣ ਮੈਂ ਕੀ ਗੱਲ ਕਰਨੀ ਏਂ! ...ਵਿੱਕੀ ਤੋਂ ਫੋਨ ਕਰਾਉਂਦਾ ਹੁੰਦਾ ਏ, ...ਮੈਂ ਸੁਣ ਲੈਨਾਂ ਪਰ ਮੈਨੂੰ ਪਤਾ ਏ ਕਿ ਉਹੀ ਕਰਾਉਂਦਾ ਏ। ਮੈਂ ਵਸੀਅਤ ਵਿੱਚ ਉਹਦਾ ਨਾਂ ਜਿਉਂ ਨਹੀਂ ਪਾਇਆ, ਏਸ ਕਰਕੇ। ...ਭਾਊ, ਜਿਹੜਾ ਬੰਦਾ ਪਿਓ ਨੂੰ ਗਾਲ਼ ਕੱਢ ਸਕਦਾ, ਉਸ ਤੋਂ ਕੀ ਉਮੀਦ ਕੀਤੀ ਜਾ ਸਕਦੀ ਏ?"

ਆਖਦਾ ਉਹ ਉਦਾਸ ਹੋ ਗਿਆ।...

ਸਵੇਰ ਗਿਆਰਾਂ ਕੁ ਵਜੇ ਕੁੰਦਨ ਦੇ ਫੋਨ ਦੀ ਘੰਟੀ ਵੱਜੀ। ਲੈਸਟਰ ਦੀ ਲਿਖਾਰੀ ਸਭਾ ਦੇ ਸਕੱਤਰ ਮੁਖਤਿਆਰ ਸਿੰਘ ਦਾ ਫੋਨ ਸੀ। ਉਹ ਬੋਲਿਆ,

"ਡਾਕਟਰ ਸਾਹਿਬ, ਸੌਰੀ ਅਸੀਂ ਅੱਜ ਨਹੀਂ ਆ ਸਕਣਾ, ਮੈਨੂੰ ਜ਼ਰੂਰੀ ਕੰਮ ਆ ਪਿਆ ਤੇ ਬਾਕੀ ਸਾਰੇ ਮੇਰੇ 'ਤੇ ਹੀ ਨਿਰਭਰ ਕਰਦੇ ਸੀ, ਸੌਰੀ! ਓਕੇਅ!"

ਫੋਨ ਰੱਖਦਾ ਕੁੰਦਨ ਗਾਲ੍ਹਾਂ ਕੱਢਦਾ ਬੋਲਿਆ,

"ਸਾਲ਼ੇ ਬੈਹੜਿਆਂ ਦੇ ਨਾ ਹੋਣ ਤਾਂ, ਇਹਨਾਂ ਦੀ ਸਭਾ ਮੈਂ ਬਣਵਾਈ ਸੀ, ਪ੍ਰੋਗਰਾਮ ਕਿਵੇਂ ਕਰਨੇ; ਮੈਂ ਦੱਸਿਆ, ਏਹਨਾਂ ਦੇ ਪ੍ਰੋਗਰਾਮ ਮੈਂ ਕਾਮਯਾਬ ਕਰਾਏ ਤੇ ਹੁਣ ਕਹਿੰਦੇ ਸੌਰੀ! ...ਬਹੁਤ ਨਾਸ਼ੁਕਰੇ ਲੋਕ ਨੇ!"

ਪੰਦਰਾਂ ਕੁ ਮਿੰਟ ਬਾਅਦ ਹੀ ਨੌਨੀਟਨ ਤੋਂ ਫੋਨ ਆ ਗਿਆ ਕਿ ਗੁਰਦੇਵ ਤੇ ਉਸ ਦੇ ਦੋਸਤ ਨਹੀਂ ਆ ਸਕਣਗੇ। ਬ੍ਰਮੀਘੰਮ ਤੋਂ ਆਉਣ ਵਾਲੇ ਦੋਵੇਂ ਲੇਖਕ ਕਿਸੇ ਹੋਰ ਜ਼ਰੂਰੀ ਸਮਾਗਮ ਵਿੱਚ ਜਾ ਰਹੇ ਸਨ ਇਸ ਲਈ ਉਹ ਵੀ ਨਾ ਆਏ। ਕੁੰਦਨ ਗੁੱਸੇ ਵਿੱਚ ਕੰਬਣ ਲੱਗਿਆ। ਉਸ ਨੇ ਬੋਤਲ ਚੁਕਦਿਆਂ ਕਿਹਾ,

"ਆ ਛੋਟੇ ਭਾਊ, ਗਲਾਸੀ ਲਾਈਏ, ਪ੍ਰੋਗਰਾਮ ਕੈਂਸਲ! ...ਮੇਰੇ 'ਰਾਜਧਾਨੀ' ਦਾ ਹੁਣ ਵਕਤ ਨਹੀਂ ਰਿਹਾ!"

49-ਦੋ ਵੱਡੇ ਨਾਵਲਕਾਰ

ਜੋਗੇਂਦਰ ਤੇ ਕੁੰਦਨ ਦਾ ਲਵ-ਹੇਟ ਵਾਲਾ ਰਿਸ਼ਤਾ ਹੁਣ ਆਪਣੇ ਅਗਲੇ ਪੜ੍ਹਾਅ 'ਤੇ ਸੀ। ਹੁਣ ਉਹ ਇਕ ਦੂਜੇ ਦੇ ਪੂਰਕ ਸਨ। ਹਰ ਰੋਜ਼ ਇਕ ਦੂਸਰੇ ਨੂੰ ਫੋਨ ਕਰਦੇ। ਘਰਦੀਆਂ ਗੱਲਾਂ ਤੋਂ ਲੈ ਕੇ ਸਾਹਿਤ ਦੀ ਸਿਆਸਤ ਤਕ ਦਾ ਸਫਰ ਕਰ ਮਾਰਦੇ। ਸ਼ਾਇਦ ਹੀ ਕੋਈ ਦਿਨ ਅਜਿਹਾ ਹੋਵੇ ਜਿਸ ਦਿਨ ਉਹਨਾਂ ਨੇ ਇਕ ਦੂਜੇ ਨੂੰ ਫੋਨ ਨਾ ਕੀਤਾ ਹੋਵੇ। ਇਹਨਾਂ ਦਿਨਾਂ ਵਿੱਚ ਜੋਗੇਂਦਰ ਨੂੰ ਦੋ ਮੌਤਾਂ ਦਾ ਦੁੱਖ ਝੱਲਣਾ ਪਿਆ। ਪਹਿਲਾਂ ਉਸ ਦੇ ਬਾਪੂ ਦੀ ਮੌਤ ਹੋ ਗਈ। ਦੋਨਾਂ ਵੇਲਿਆਂ 'ਤੇ ਕੁੰਦਨ ਉਸ ਦੇ ਦੁੱਖ ਵਿੱਚ ਪੂਰੀ ਤਰ੍ਹਾਂ ਸ਼ਰੀਕ ਹੋਇਆ। ਜੋਗੇਂਦਰ ਆਪਣੇ ਪਰਿਵਾਰ ਨਾਲ ਆਪਣੇ ਬਾਪੂ ਦੀ ਦੇਹ ਨੂੰ ਅੰਤਿਮ ਸਫਰ ਲਈ ਤਿਆਰ ਕਰ ਰਿਹਾ ਸੀ ਕਿ ਕੁੰਦਨ ਦਾ ਫੋਨ ਆ ਗਿਆ। ਕੁੰਦਨ ਨੇ ਪੁੱਛਿਆ,

"ਕੀ ਹੋ ਰਿਹਾ ਏ?"

"ਕੁਝ ਨਹੀਂ, ਬਾਪੂ ਦੇ ਸਿਰ 'ਤੇ ਦਸਤਾਰ ਸਜਾ ਰਿਹਾਂ।"

ਜੋਗੇਂਦਰ ਨੇ ਦਸਿਆ। ਕੁੰਦਨ ਚੁੱਪ ਕਰ ਗਿਆ। ਜੋਗੇਂਦਰ ਦੇ ਪਿਤਾ ਨਾਲ ਉਸ ਦੇ ਵੀ ਦੋਸਤਾਨਾ ਸੰਬੰਧ ਸਨ। ਸਾਲ ਬਾਅਦ ਜੋਗੇਂਦਰ ਦੇ ਛੋਟੇ ਭਰਾ ਦੀ ਮੌਤ ਹੋ ਗਈ। ਕੁਝ ਮੌਕਾ ਮੇਲ ਅਜਿਹਾ ਹੋਇਆ ਕਿ ਜਦ ਉਹ ਭਰਾ ਦੇ ਸਿਰ 'ਤੇ ਦਸਤਾਰ ਬੰਨ ਰਿਹਾ ਸੀ ਤਾਂ ਕੁੰਦਨ ਦਾ ਫਿਰ ਫੋਨ ਆ ਗਿਆ। ਜਦ ਕੁੰਦਨ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਰੋਣ ਲੱਗਾ ਪਿਆ ਤੇ ਬੋਲਿਆ,

"ਭਾਊ, ਮੇਰੇ ਸਿਰ 'ਤੇ ਵੀ ਦਸਤਾਰ ਤੂੰ ਹੀ ਬੰਨਣੀ ਏਂ।"

ਉਸ ਦਿਨ ਕੁੰਦਨ ਪੂਰਾ ਦਿਨ ਰੋਂਦਾ ਰਿਹਾ। ਇਸ ਤੋਂ ਬਾਅਦ ਕੁੰਦਨ ਤੇ ਜੋਗੇਂਦਰ ਦੀ ਜਜ਼ਬਾਤੀ ਨੇੜਤਾ ਹੋਰ ਵੀ ਵਧ ਗਈ। ਹੁਣ ਜੋਗੇਂਦਰ ਉਸ ਦਾ ਫਿਕਰ ਕਰਨ ਲਗਿਆ ਸੀ।

ਇਹਨਾਂ ਦਿਨਾਂ ਵਿੱਚ ਜੋਗੇਂਦਰ ਵਿਹਲਾ ਸੀ। ਉਸ ਨੇ ਆਪਣਾ ਕਾਰੋਬਾਰ ਸਮੇਟ ਲਿਆ ਸੀ। ਬੱਚੇ ਉਡਾਰੂ ਹੋ ਚੁੱਕੇ ਸਨ। ਸਵੇਰੇ ਇਕ ਘੰਟਾ ਸੈਰ ਕਰਕੇ ਉਹ ਬਾਕੀ ਦਾ ਦਿਨ ਲੈਪ-ਟੌਪ 'ਤੇ ਹੀ ਗੁਜ਼ਾਰਦਾ। ਇਕ ਦਿਨ ਕੁੰਦਨ ਬੋਲਿਆ,

"ਛੋਟੇ ਭਾਊ, ਆ ਜਾ ਯਾਰ, ਕੁਝ ਦਿਨ ਮੇਰੇ ਕੋਲ ਆ ਕੇ ਰਹਿ ਜਾਹ, ਦੋਵੇਂ ਭਰਾ ਦਾਰੂ ਪੀਵਾਂਗੇ ਤੇ ਜਾਨ-ਜਹਾਨ ਦੀਆਂ ਗੱਲਾਂ ਕਰਾਂਗੇ।"

ਤੇ ਇਕ ਸ਼ਾਮ ਜੋਗੇਂਦਰ ਵਿਲਨਹਾਲ ਪੁੱਜ ਗਿਆ। ਕੁੰਦਨ ਖੁਸ਼ੀ ਵਿੱਚ ਉਡਿਆ ਫਿਰੇ। ਉਸ ਨੇ ਘੜੀ ਦੇਖਦਿਆਂ ਆਖਿਆ,

"ਮੇਰੇ ਤਾਂ ਹਾਲੇ ਸੱਤ ਨਹੀਂ ਵੱਜੇ, ਤੂੰ ਗਲਾਸੀ ਲਾਉਣੀ ਤਾਂ ਬੋਤਲ ਫੜਾਵਾਂ?"

"ਕੋਈ ਗੱਲ ਨਹੀਂ ਬਾਬਿਓ, ਮੈਂ ਵੀ ਅੱਜ ਸੱਤ ਵਜੇ ਹੀ ਲਾਊਂ।"

ਜੋਗੇਂਦਰ ਨੇ ਆਖਿਆ। ਕੁੰਦਨ ਅਲਮਾਰੀ ਵਿੱਚੋਂ ਬੋਤਲ ਤੇ ਦੋ ਗਲਾਸ ਕੱਢਦਾ ਹੋਇਆ ਬੋਲਿਆ,

"ਮਈਂ ਯਾਹੁੰਦੇ ਖੜ ਕੇ ਸਾਲੇ ਬੈਹੜਿਆਂ ਦੇ ਸੱਤ, ਮਸਾਂ ਦੋ ਭਰਾ ਮਿਲ਼ੇ ਆਂ!"

ਆਖਦਾ ਉਹ ਪੈੱਗ ਬਣਾਉਣ ਲੱਗਿਆ। ਫਿਰ ਉਸ ਨੇ ਸਿਗਰਟ ਸੁਲਘਾਈ ਤੇ ਉਦਾਸ ਜਿਹੀ ਆਵਾਜ਼ ਵਿੱਚ ਆਖਣ ਲੱਗਿਆ,

"ਯਾਰ, ਮੈਂ ਬਹੁਤ ਮਾਯੂਸ ਆਂ, ਇਸੇ ਲਈ ਚਾਹੁੰਦਾ ਸੀ ਕਿ ਤੂੰ ਆਵੇਂ ਤਾਂ ਕੋਈ ਗੱਲ ਕਰੀਏ।"

"ਚੜ੍ਹਦੀ ਕਲਾ ਵਿੱਚ ਰਹਿਣ ਵਾਲਾ ਮੇਰਾ ਭਾਊ ਮਾਯੂਸ ਕਿਉਂ ਐ?"

"ਯਾਰ, ਕਈ ਵਾਰ ਦਿਲ ਕਰਦਾ ਕਿ ਮੇਰੇ ਜੀਣ ਦਾ ਮਕਸਦ ਕੀ ਏ! ਜੇ ਮੈਂ ਮਰ ਵੀ ਜਾਵਾਂ ਤਾਂ ਕੀ ਫਰਕ ਪਏਗਾ? ਕੁਝ ਵੀ ਨਹੀਂ, ਦਿਨ ਫਿਰ ਵੀ ਚੜ੍ਹੇਗਾ, ਰਾਤ ਵੀ ਪਏਗੀ। ਰੁੱਤਾਂ ਵੀ ਇਤਰਾਂ ਹੀ ਆਉਣਗੀਆਂ ਤੇ ਜਾਣਗੀਆਂ। ਮੇਰੇ ਏਥੇ ਹੋਣ ਦਾ ਕੀ ਫਾਇਦਾ ਏ?"

"ਬਾਬਿਓ, ਕਿੱਦਾਂ ਦੀਆਂ ਗੱਲਾਂ ਕਰਦੇ ਪਏ ਓ, ਤੁਹਾਡੇ ਕੋਲ ਤਾਂ ਕਲਮ ਐਂ, ਆਪਣੀ ਸਾਰੀ ਉਦਾਸੀ ਕਾਗਜ਼ 'ਤੇ ਉਤਾਰ ਸਕਦੇ ਓ।"

"ਕੌਣ ਦੇਖੇਗਾ ਮੇਰੇ ਲਿਖੇ ਨੂੰ, ਨਾਲ਼ੇ ਆਪਣੇ ਜ਼ਖਮ ਕਿਸੇ ਨੂੰ ਦਿਖਾਉਣ ਦਾ ਕੀ ਫਾਇਦਾ ਏ!"

"ਵੱਡੇ ਭਾਊ, ਤੁਸੀਂ ਤਾਂ ਮੇਰੀ ਊਰਜਾ ਦਾ ਸੋਮਾ ਓ, ਏਦਾਂ ਦੀਆਂ ਗੱਲਾਂ ਕਿਉਂ ਕਰਦੇ ਓ?"

"ਬੱਸ, ਕਈ ਵਾਰ ਮਨ ਚੁੱਕ ਹੋ ਜਾਂਦਾ ਏ।"

"ਮੇਰੀ ਗੱਲ ਮੰਨੋ, ਅਮਰਜੋਤ ਨਾਲ ਮਿਲਣਾ-ਗਿਲਣਾ ਸ਼ੁਰੂ ਕਰ ਦਿਓ। ਉਹ ਨਾ ਸਹੀ, ਅਗਾਂਹ ਤੁਹਾਡਾ ਪੋਤਾ ਹੈਗਾ, ਤੁਹਾਡੇ ਨਾਲ ਮੋਹ ਵੀ ਕਰਦਾ!"

"ਹਾਂ, ਵਿੱਕੀ ਤਾਂ ਬਹੁਤ ਪਿਆਰਾ ਬੱਚਾ ਏ! ਮੇਰਾ ਬਹੁਤ ਲਾਡ ਕਰਦਾ ਏ ਪਰ ਅਮਰਜੋਤ ਨੂੰ ਕਿਤਰਾਂ ਮੁਆਫ ਕਰਾਂ, ਜੇਸ ਬੰਦੇ ਨੇ ਪਿਓ ਨੂੰ ਵੈਂਕਰ ਤੇ ਬਾਸਟ੍ਰਡ ਕਿਹਾ ਹੋਵੇ, ਘਰੋਂ ਕੱਢਿਆ ਹੋਵੇ, ਜੇਠੂ ਉਹਦੇ ਨਾਲ ਕਿਤਰਾਂ ਸੁਲਾਹ ਕਰ ਸਕਦਾ ਏ? ਕਿਸੇ ਵੀ ਹਾਲਤ ਵਿਚ ਨਹੀਂ।"

"ਅਸਲ ਵਿੱਚ ਬਹੁਤੇ ਮਸਲੇ ਜੇਠੂ ਦੇ ਹੀ ਆ?"

ਗੱਲ ਸੁਣ ਕੇ ਕੁੰਦਨ ਹੱਸਣ ਲੱਗਾ ਤੇ ਬੋਲਿਆ,

"ਜੇਠੂ ਆਮ ਬੰਦਾ ਨਹੀਂ, ਬਹੁਤ ਡੌਮੀਨੇਟਿੰਗ ਏ।"

"ਤੁਸੀਂ ਗਲਾਸੀ ਪੀਓ, ...ਕਿਥੇ ਪੈਸੀਮਿਜ਼ਮ ਵਿੱਚ ਵੜ੍ਹੇ ਫਿਰਦੇ ਓ।"

"ਗੱਲ ਤਾਂ ਤੇਰੀ ਠੀਕ ਏ ਪਰ ਮੇਰੇ ਕੋਲ ਕੁਝ ਕਰਨ ਨੂੰ ਹੈ ਨਹੀਂ, ਤੈਨੂੰ ਪਤਾ ਏ ਕਿ ਮੇਰੇ ਵਿਚ ਕਿੰਨੀ ਅਨਰਜੀ ਏ, ਏਨੀ ਕਿ ਮੈਂ ਚੌਵੀ ਚੌਵੀ ਘੰਟੇ ਕੰਮ ਕਰ ਸਕਦਾਂ ਪਰ ਕਰਾਂ ਕਾਹਦੇ ਲਈ, ਸਾਹਮਣੇ ਕੁਝ ਦਿੱਸਦਾ ਹੋਵੇ ਕਿ ਮੇਰੇ ਕੀਤੇ ਦੀ ਕੋਈ ਪੁੱਛ-ਪ੍ਰਤੀਤ ਹੋਏਗੀ, ਐਵੇਂ ਹਵਾ ਵਿੱਚ ਮੁੱਕੇ ਮਾਰੀ ਜਾਵਾਂ; ਏਹਦਾ ਤਾਂ ਕੋਈ ਮਤਲਬ ਨਹੀਂ।"

"ਬਾਬਿਓ, ਕੁਝ ਅਜਿਹਾ ਕੰਮ ਕਰੋ ਜਿਹੜਾ ਪਹਿਲਾਂ ਕਿਸੇ ਨੇ ਨਾ ਕੀਤਾ ਹੋਵੇ।"

"ਤੈਨੂੰ ਪਤਾ ਏ ਕਿ ਮੈਨੂੰ ਚੈਲੰਜ ਚੰਗੇ ਲੱਗਦੇ ਨੇ। ਮੇਰੇ ਸਾਹਮਣੇ ਕੋਈ ਚੈਲੰਜ ਹੋਵੇ ਤਾਂ ਮੈਂ ਕੁਝ ਕਰਾਂ ਵੀ, ਨਹੀਂ ਤਾਂ ਜਗਾਹ ਕਿਉਂ ਨਾ ਖਾਲੀ ਕਰਾਂ!"

ਕੁੰਦਨ ਹਾਲੇ ਵੀ ਉਦਾਸੀ ਵਿੱਚ ਫਸਿਆ ਬੈਠਾ ਸੀ। ਜੋਗੇਂਦਰ ਨੇ ਕਿਹਾ,

"ਆਪਾਂ ਦੋਵੇਂ ਭਰਾ ਇਕ ਇਕ ਨਾਵਲ ਸਾਇੰਸ ਫਿਕਸ਼ਨ ਉਪਰ ਲਿਖੀਏ, ਜਿੱਦਾਂ ਪਹਿਲਾਂ ਵੀ ਆਪਣੀਆਂ ਗੱਲਾਂ ਹੋਈਆਂ, ਤੁਹਾਡੀ ਬ੍ਰਹਿਮੰਡ ਉਪਰ ਬਹੁਤ ਸਟੱਡੀ ਐ ਤੇ ਮੇਰੇ ਕੋਲ ਵੀ ਇਕ ਸਬਜੈਕਟ ਹੈਗਾ।"

"ਕਿਹੜਾ?"

"ਅੱਜਕੱਲ ਕੰਪਿਊਟਰ ਉਪਰ ਇਕ ਗੇਮ ਆਈ ਐ, ਇੰਟਰਨੈੱਟ ਉਪਰ, ਉਸ ਨੂੰ ਕਹਿੰਦੇ ਨੇ; ਸੈਕਿੰਡ ਲਾਈਫ। ਉਹ ਇਹ ਕਿ ਤੁਸੀਂ ਇਹ ਗੇਮ ਖੇਡਣ ਲਈ ਆਪਣੇ ਵਰਗਾ ਬੰਦਾ ਕਾਇਮ ਕਰਦੇ ਓ, ਜਿਹੋ ਜਿਹਾ ਵੀ ਤੁਸੀਂ ਚਾਹੋਂ, ਜਿਹੋ ਜਿਹਾ ਵੀ ਤੁਸੀਂ ਦਿਸਣਾ ਚਾਹੋਂ, ਫਿਰ ਤੁਹਾਡਾ ਉਹ ਪੁਤਲਾ ਉਸ ਗੇਮ ਵਿੱਚ ਹਿੱਸਾ ਲੈਂਦਾ, ਤੁਹਾਨੂੰ ਇਕ ਹੋਰ ਜੀਵਨ ਜੀਊਣ ਦਾ ਮੌਕਾ ਮਿਲਦਾ, ਭਾਵ; ਸੈਕਿੰਡ ਲਾਈਫ। ਮੇਰਾ ਪਾਤਰ ਹੈ ਜੋ ਆਪਣੇ ਇਸ ਜੀਵਨ ਵਿੱਚ ਫੇਲ੍ਹ ਐ, ਉਹ ਇਹ ਗੇਮ ਖੇਡੇਗਾ। ਜਿਹੜੀਆਂ ਗਲਤੀਆਂ ਉਸ ਨੇ ਅਸਲ ਜੀਵਨ ਵਿੱਚ ਕੀਤੀਆਂ ਉਹ ਕੋਸ਼ਿਸ਼ ਕਰੇਗਾ ਕਿ ਸੈਕਿੰਡ ਜੀਵਨ ਵਿੱਚ ਨਾ ਕਰੇ।"

"ਵਾਹ! ਸਬਜੈਕਟ ਤਾਂ ਮਾੜਾ ਨਹੀਂ ਪਰ ਏਹਨੂੰ ਅੱਗੇ ਕਿਧਰ ਲੈ ਜਾਏਂਗਾ।"

"ਮੈਂ ਆਪਣੇ ਨਾਵਲ ਵਿੱਚ ਇਹ ਕਹਿਣਾ ਚਾਹਾਂਗਾ ਕਿ ਬਹੁਤਾ ਕੁਝ ਬੰਦੇ ਦੀ ਮਰਜ਼ੀ ਵਿੱਚ ਨਾ ਹੋ ਕੇ ਹਾਲਾਤ ਦੇ ਹੱਥ ਵਿੱਚ ਹੁੰਦੈ। ਤੁਸੀਂ ਸੜਕ 'ਤੇ ਚੰਗੀ ਭਲੀ ਕਾਰ ਚਲਾ ਰਹੇ ਓ, ਕੋਈ ਹੋਰ ਹੀ ਆ ਕੇ ਤੁਹਾਡੇ ਵਿਚ ਮਾਰ ਜਾਂਦਾ। ...ਤੁਸੀਂ ਫਸਲ ਬੀਜੀ ਐ, ਝਖੜ ਫਸਲ ਤਬਾਹ ਕਰ ਜਾਂਦਾ। ਬੰਦਾ ਤਾਂ ਮੁੜ ਕੇ ਸ਼ਾਇਦ ਉਹੀ ਗਲਤੀਆਂ ਨਾ ਕਰੇ ਪਰ ਹਾਲਾਤ ਉਸ ਤੋਂ ਉਹ ਨਾ ਸਹੀ ਹੋਰ ਗਲਤੀਆਂ ਕਰਵਾ ਦੇਣਗੇ।"

ਜੋਗੇਂਦਰ ਦੀ ਗੱਲ ਸੁਣ ਕੇ ਕੁੰਦਨ ਨੇ ਸਿਗਰਟ ਦੇ ਕਾਹਲੀ ਜਿਹੇ ਕਸ਼ ਲਏ ਤੇ ਬੋਲਿਆ,

"ਮੈਂ ਟਾਈਮ ਐਂਡ ਸਪੇਸ ਬਾਰੇ ਬਹੁਤ ਪੜ੍ਹਿਆ, ਸਾਰਾ ਡਾਰਵਿਨ ਪੜ੍ਹਿਆ, ਆਹ ਜਿਹੜਾ ਸਾਇੰਸਟਿਸਟ ਵੀਅਲ ਚੇਅਰ ਤੇ ਬੈਠਾ, ਸਟੀਫਨ ਹਾਕਿੰਗ, ਓਹਨੂੰ ਵੀ, ਹੋਰ ਵੀ ਬਹੁਤ ਕੁਝ, ਮੈਂ ਸਮਝਦਾ ਕਿ ਸਭ ਕੁਝ ਕੁਦਰਤ ਹੀ ਏ, ਮੈਂ ਤੇ ਤੂੰ ਏਸੇ ਕੁਦਰਤ ਦਾ ਹਿੱਸਾ ਵਾਂ, ਅਸੀਂ ਬਹੁਤ ਮਾਮੂਲੀ ਜਿਹੇ ਜ਼ਰ੍ਹੇ ਹਾਂ, ਜਿਸ ਦਿਨ ਮਰ ਗਏ ਇਸੇ ਕੁਦਰਤ ਨਾਲ ਅਭੇਦ ਹੋ ਜਾਣਾਂ।"

ਉਸ ਦੀ ਜ਼ੁਬਾਨ ਥਥਲਾ ਰਹੀ ਸੀ। ਜੋਗੇਂਦਰ ਬੋਲਿਆ,

"ਭਾਊ, ਚੱਲੋ ਰੋਟੀ ਖਾਈਏ, ਕਿਤੇ ਏਤਰਾਂ ਈ ਨਾ ਟੇਡੇ ਹੋ ਜਾਈਏ।"

ਅਗਲੀ ਸਵੇਰ ਜੋਗੇਂਦਰ ਉਠ ਕੇ ਹੇਠਾਂ ਆਇਆ ਤਾਂ ਕੁੰਦਨ ਸਿਗਰਟ 'ਤੇ ਸਿਗਰਟ ਪੀਂਦਾ ਜਾ ਰਿਹਾ ਸੀ। ਜੋਗੇਂਦਰ ਨੇ ਪੁੱਛਿਆ,

"ਕੀ ਰੜਕ ਰਿਹੈ ਮਨ ਵਿੱਚ?"

"ਇਕ ਨਾਵਲ ਆ ਰਿਹਾ ਏ, ਇਸ ਬ੍ਰਹਿਮੰਡ ਬਾਰੇ, ਇਸ ਦੁਨੀਆਂ ਬਾਰੇ, ਬੰਦੇ ਦੀ ਉਤਪਤੀ ਬਾਰੇ।"

"ਦੈਟਸ ਗੁੱਡ!"

"ਮੈਂ ਸੋਚ ਰਿਹਾਂ ਕਿ ਇਸ ਨਾਵਲ ਵਿੱਚ ਐਂਟਰ ਕਿਧਰੋਂ ਦੀ ਕਰਾਂ ਤੇ ਬਾਹਰ ਕਿਧਰੋਂ ਦੀ ਨਿਕਲਾਂ!"

"ਕੋਈ ਗੱਲ ਨਹੀਂ, ਜੇ ਨਾਵਲ ਆ ਰਿਹੈ ਤਾਂ ਰਾਹ ਵੀ ਲੱਭ ਪਊ।"

"ਪਰ ਫੇਰ ਸੋਚਦਾਂ ਕਿ ਜਿਹੜੇ ਰਾਹ ਮੇਰਾ 'ਰਾਜਧਾਨੀ' ਚਲੇ ਗਿਆ ਉਸੇ ਰਾਹ ਇਹ ਨਿਕਲ ਜਾਏਗਾ, ਮੇਰੀ ਮਿਹਨਤ, ਮੇਰਾ ਵਕਤ ਤਾਂ ਐਵੇਂ ਜਾਏਗਾ ਨਾ!"

"ਵਕਤ ਤਾਂ ਤੁਹਾਡੇ ਕੋਲ ਹੁਣ ਹੈ ਹੀ, ਲਿਖਣਾ ਤੁਸੀਂ ਲੈਪਟੌਪ 'ਤੇ ਆ, ਨਾ ਹਿੰਗ ਲਗੇ ਨਾ ਫਟਕੜੀ! ਅੱਗੇ ਤਾਂ ਪੇਪਰਾਂ ਦਾ ਰਿੰਮ ਖਰੀਦਣਾ ਪੈਂਦਾ ਸੀ, ਕਈ ਕਿਸਮ ਦੇ ਪੈੱਨ ਲੱਭੀਦੇ ਸੀ।"

"ਕੋਈ ਗੱਲ ਨਹੀਂ, ਦੇਖਦੇ ਆਂ, ਸੋਚਦੇ ਆਂ ਪਰ ਤੂੰ ਦੱਸ ਭਾਨ ਤਾਂ ਨਹੀਂ ਹਟਾਉਣੀ?"

"ਸਵੇਰੇ ਸਵੇਰੇ ਪੀਣ ਨੂੰ ਰਹਿਣ ਦਿੰਨੇ ਆਂ, ਸਾਰਾ ਦਿਨ ਖਰਾਬ ਹੋ ਜਾਏਗਾ!"

"ਹੋਰ ਅਸੀਂ ਕਰਨਾ ਵੀ ਕੀ ਏ ਵਿਹਲਿਆਂ ਨੇ, ਦਿਨ ਹੀ ਤਾਂ ਲੰਘਾਉਣਾ ਏਂ, ਮਸਲਾ ਤਾਂ ਟਾਈਮ ਪਾਸ ਕਰਨ ਦਾ ਏ।"

ਆਖਦਿਆਂ ਕੁੰਦਨ ਨੇ ਬੋਤਲ ਚੁੱਕ ਲਈ। ਉਹ ਹੱਸਦਾ ਹੋਇਆ ਆਖਣ ਲੱਗਿਆ,

"ਅੱਜ ਦੋ ਨਾਵਲਕਾਰ ਇਕੱਠੇ ਹੋਏ ਨੇ, ਬਿਜਲੀਆਂ ਤਾਂ ਲਿਸ਼ਕਣੀਆਂ ਹੀ ਹੋਈਆਂ!"

"ਭਾਊ, ਤੁਸੀਂ ਮੇਰੇ ਤੋਂ ਬਹੁਤ ਵੱਡੇ ਨਾਵਲਕਾਰ ਹੋ, ਮੈਂ ਤੁਹਾਡੇ ਤੋਂ ਦੂਜੇ ਨੰਬਰ ਤੇ ਆਂ।"

"ਆਪਾਂ ਦੋਨੋਂ ਈ ਵੱਡੇ ਆਂ, ਬਾਕੀ ਸਭ ਸਾਡੇ ਤੋਂ ਹੇਠਾਂ।"

"ਬਿਲਕੁਲ, ਪਹਿਲੇ ਤੇ ਤੁਸੀਂ ਦੂਜੇ ਤੇ ਮੈਂ ਤੇ ਬਾਕੀ ਸਭ ਤੀਜੇ ਨੰਬਰ ਤੇ।"

"ਛੋਟੇ ਭਾਊ, ਕਿਉਂ ਨਾ ਕਿਸੇ ਤੀਜੇ ਨੰਬਰ ਵਾਲੇ ਨਾਵਲਕਾਰ ਨੂੰ ਫੋਨ ਕਰੀਏ!"

"ਕਰ ਲੈਨੇ ਆਂ, ਦੱਸੋ ਕਿਹਨੂੰ ਕਰੀਏ?"

"ਮੋਗੇ ਵਾਲੇ ਨੂੰ ਕਰੀਏ, ਓਹਨੂੰ ਅੱਜਕੱਲ ਜ਼ਰਾ ਨਜ਼ਲਾ ਹੋਇਆ ਪਿਆ ਏ, ਉਹਨੂੰ ਦੱਸੀਏ ਕਿ ਅਸੀਂ ਤੇਰੇ ਤੋਂ ਵੱਡੇ ਆਂ।"

ਕੁੰਦਨ ਨੇ ਆਪਣੀ ਫੋਨ-ਬੁੱਕ ਚੁੱਕ ਲਈ। ਨੰਬਰ ਲੱਭ ਪਿਆ ਤਾਂ ਉਹ ਬਟਣ ਦੱਬਣ ਲੱਗਿਆ। ਇਕ ਘੰਟਾ ਉਹ ਦੋਵੇਂ ਵਾਰੀ ਵਾਰੀ ਗੱਲਾਂ ਕਰਦੇ ਰਹੇ। ਉਹਨਾਂ ਨੂੰ ਕੁਝ ਨਹੀਂ ਸੀ ਪਤਾ ਕਿ ਉਹ ਕੀ ਗੱਲਾਂ ਕਰ ਰਹੇ ਹਨ। ਉਧਰੋਂ ਤੀਜੇ ਨੰਬਰ ਦਾ ਨਾਵਲਕਾਰ ਵੀ 'ਹਾਂ-ਹੂੰ' ਕਰਦਾ ਜਾ ਰਿਹਾ ਸੀ। ਫਿਰ ਅੰਮ੍ਰਿਤਸਰ ਦੇ ਆਲੋਚਕ ਗੁਰਬਚਨ ਸਿੰਘ ਨੂੰ ਫੋਨ ਘੁਮਾ ਲਿਆ। ਇਵੇਂ ਉਹਨਾਂ ਨੇ ਕਈ ਦੋਸਤਾਂ ਨੂੰ ਇੰਡੀਆ ਫੋਨ ਕੀਤਾ। ਅਚਾਨਕ ਕੁੰਦਨ ਕਹਿਣ ਲੱਗਿਆ,

"ਯਾਰ ਦਿਲ ਕਰਦਾ ਏ ਕਿ ਰੌਸ਼ਨ ਨੂੰ ਵੀ ਗਾਲ੍ਹਾਂ ਕੱਢਾਂ!"

"ਬਾਬਿਓ, ਰੌਸ਼ਨ ਤਾਂ ਪਿਛਲੇ ਸਾਲ ਚੜ੍ਹਾਈ ਕਰ ਗਿਆ, ਚੇਤਾ ਨਹੀਂ?"

"ਓਹ ਲੈ ਛੋਟੇ ਭਾਊ! ਸਾਲ਼ਾ ਬੈਹੜਿਆਂ ਦਾ ਦਿਮਾਗ ਹਿੱਲ ਗਿਆ ਲੱਗਦਾ! ਚੱਲ ਮੈਂ ਹੁਣ ਉਹਦੇ ਨਾਲ ਉਪਰ ਜਾ ਕੇ ਹਿਸਾਬ-ਕਿਤਾਬ ਕਰਾਂਗਾ।"

ਆਖਦਾ ਕੁੰਦਨ ਇਕ ਦਮ ਚੁੱਪ ਕਰ ਗਿਆ। ਕੁਝ ਦੇਰ ਬਾਅਦ ਫਿਰ ਬੋਲਿਆ,

"ਯਾਰ, ਕੁਝ ਐਸਾ ਕਰ ਕਿ ਬੰਦੇ ਦੀ ਜ਼ਰਾ ਭੱਲ ਬਣੇ।"

"ਤੁਹਾਡੀ ਇੰਟਰਵਿਊ ਕਰਾਂ?"

"ਇੰਟਰਵਿਊ ਅੱਗੇ ਕੀਤੀ ਤਾਂ ਸੀ, ਕੀ ਬਣਿਆਂ ਓਹਦਾ! ਕੁਝ ਵੀ ਨਹੀਂ। ...ਤੂੰ ਫੇਸਬੁੱਕ ਤੇ ਮੈਨੂੰ ਸਵਾਲ ਕਰ, ਔਖੇ ਔਖੇ ਸਾਹਿਤਕ ਤੇ ਰਾਜਨੀਤਕ ਸਵਾਲ! ਮੈਂ ਓਹਨਾਂ ਦਾ ਜਵਾਬ ਦੇਆਂਗਾ, ਲੋਕ ਦੇਖਦੇ ਰਹਿ ਜਾਣਗੇ!"

"ਬਾਬਿਓ, ਕਿਉਂ ਨਾ ਤੁਹਾਡਾ ਵੀਡਿਓ ਬਣਾ ਕੇ ਯੂਟਿਊਬ 'ਤੇ ਚਾੜ੍ਹ ਦੇਵਾਂ।"

"ਆਉਂਦਾ ਇਹ ਕਰਨਾ?"

"ਬਿਲਕੁਲ, ਆਓ ਸਿੱਧੇ ਹੋ ਕੇ ਬੈਠੋ, ਮੈਂ ਫੋਨ ਵਿੱਚ ਹੀ ਤੁਹਾਡਾ ਵੀਡੀਓ ਬਣਾਉਂਨਾ ਤੇ ਆਪਾਂ ਇਥੋਂ ਈ ਯੂਟਿਊਬ ਤੇ ਚਾੜ੍ਹ ਦੇਣਾਂ, ਮੇਰਾ ਅਕਾਊਂਟ ਹੈਗਾ।"

ਆਖਦੇ ਜੋਗੇਂਦਰ ਨੇ ਸ਼ਰਾਬ ਵਾਲੀ ਬੋਤਲ ਤੇ ਗਲਾਸੀਆਂ ਚੁੱਕ ਕੇ ਇਕ ਪਾਸੇ ਕਰ ਦਿਤੀਆਂ ਤੇ ਉਸ ਦੀ ਵੀਡਿਓ ਬਣਾਉਣ ਲੱਗਿਆ। ਉਸ ਨੇ ਸਵਾਲ ਪੁੱਛਿਆ,

"ਡਾਕਟਰ ਸਾਹਿਬ, ਤੁਸੀਂ ਇਸ ਬ੍ਰਹਿਮੰਡ ਬਾਰੇ ਕੀ ਸੋਚਦੇ ਓ?"

"ਜੋਗੇਂਦਰ ਜੀ, ਬ੍ਰਹਿਮੰਡ ਅਨੰਤ ਏ, ਜਿਵੇਂ ਬਾਬੇ ਨਾਨਕ ਨੇ ਕਿਹਾ; ਲੱਖ ਅਕਾਸ਼, ਇਵੇਂ ਹੀ ਏ। ਸਾਇੰਸਦਾਨ ਕੁਝ ਹੋਰ ਲੱਭ ਕੇ ਸਾਨੂੰ ਦੱਸਣ ਦੀ ਕੋਸ਼ਿਸ਼ ਕਰਦੇ ਨੇ, ਏਸ ਦੀ ਹੱਦ ਮਿੱਥਣ ਦੀ ਕੋਸ਼ਿਸ਼ ਕਰਦੇ ਨੇ ਪਰ ਇਹ ਹੋਰ ਅੱਗੇ ਨਿਕਲ ਆਉਂਦਾ ਏ, ਕਿਸੇ ਨੇ ਇਸ ਦੀ ਤੁਲਨਾ ਇਕ ਟੀਨਏਜਰ ਬੱਚੇ ਦੇ ਕਮਰੇ ਨਾਲ ਕੀਤੀ ਸੀ ਕਿ ਉਸ ਦੀ ਮਾਂ ਉਸ ਦੇ ਕਮਰੇ ਦੀ ਸਫਾਈ ਕਰਕੇ ਜਾਂਦੀ ਏ ਜਦ ਥੋੜੀ ਦੇਰ ਬਾਅਦ ਮੁੜ ਕੇ ਦੇਖਦੀ ਏ ਤਾਂ ਹੋਰ ਖਿਲਾਰਾ ਪਿਆ ਹੋਇਆ ਹੁੰਦਾ ਏ। ਬ੍ਰਹਿਮੰਡ ਵਿੱਚ ਵੀ ਸਾਨੂੰ ਨਵੇਂ ਨਵੇਂ ਗ੍ਰਹਿ, ਪਲਾਨਟ ਆਏ ਦਿਨ ਨੂੰ ਦੇਖਣ ਨੂੰ ਮਿਲ ਜਾਂਦੇ ਨੇ।"

ਜੋਗੇਂਦਰ ਅਗਲਾ ਸਵਾਲ ਪੁੱਛਣ ਹੀ ਵਾਲਾ ਸੀ ਕਿ ਕੁੰਦਨ ਦੇ ਫੋਨ ਦੀ ਘੰਟੀ ਵੱਜ ਪਈ। ਉਸ ਦੇ ਗਵਾਂਡੀ ਪ੍ਰਦੀਪ ਸਿੰਘ ਦਾ ਫੋਨ ਸੀ। ਉਸ ਨੂੰ ਜੋਗੇਂਦਰ ਦੇ ਆਉਣ ਦਾ ਪਤਾ ਸੀ ਇਸ ਲਈ ਦੁਪਿਹਰ ਦੀ ਰੋਟੀ ਉਹ ਬਣਾ ਕੇ ਦੇਣ ਆਉਣ ਲੱਗਿਆ ਸੀ। ਕੁੰਦਨ ਬੋਲਿਆ,

"ਲੈ ਬਈ, ਰੋਟੀ ਖਾਨੇ ਆਂ ਫੇਰ ਗੱਲਾਂ ਕਰਾਂਗੇ, ਇਹ ਯੂਟਿਊਬ ਵਾਲੀ ਗੱਲ ਵੀ ਸਹੀ ਏ, ਦੇਖ ਅਰਬ ਵ੍ਰਡ ਵਿੱਚ ਇਸੇ ਨਵੀਂ ਟੈਕਨੌਲੌਜੀ ਕਰਕੇ ਈ ਇਨਕਲਾਬ ਆ ਰਿਹਾ ਏ।"

"ਨਵੀਂ ਟੈਕਨੌਲੋਜੀ ਨੇ ਬੰਦੇ ਦੀ ਜ਼ਿੰਦਗੀ ਬਦਲ ਕੇ ਰੱਖ ਦਿਤੀ ਐ।"

"ਏਹਦੀ ਵੀ ਕਿਸੇ ਨੂੰ ਸਮਝ ਲੱਗੇ ਤਾਂ ਹੀ ਏ ਨਾ, ਇਕ ਦਿਨ ਮੈਂ ਪਾਰਕ ਵਿੱਚ ਲੋਕਾਂ ਨੂੰ ਫੇਸਬੁੱਕ ਬਾਰੇ ਦੱਸਣ ਲੱਗ ਪਿਆ, ਉਹ ਸੋਚਣ ਕਿ ਮੈਂ ਝੂਠ ਬੋਲ ਰਿਹਾਂ, ...ਸੱਚੀ ਦੱਸਾਂ, ਸਾਲੀ ਬੈਹੜਿਆਂ ਦੀ ਅਨਪੜ੍ਹ ਬੰਦੇ ਨਾਲ ਦੋਸਤੀ ਵੀ ਸਜ਼ਾ ਏ!"

"ਚਲੋ, ਤੁਸੀਂ ਤਾਂ ਟਾਈਮ ਪਾਸ ਕਰਨਾ ਹੁੰਦਾ।"

ਜਦ ਤਕ ਪ੍ਰਦੀਪ ਸਿੰਘ ਰੋਟੀ ਲੈ ਕੇ ਆ ਗਿਆ। ਮਸਰਾਂ ਦੀ ਦਾਲ ਤੇ ਸਾਦੀਆਂ ਜਿਹੀਆਂ ਰੋਟੀਆਂ। ਕੁੰਦਨ ਦੱਸਣ ਲੱਗਿਆ,

"ਛੋਟੇ ਭਾਊ, ਏਹ ਪ੍ਰਦੀਪ ਮੇਰਾ ਛੋਟਾ ਭਰਾ ਏ, ਮੇਰਾ ਬੱਚਾ ਏ, ਏਹਦੇ ਘਰੋਂ ਅਵਤਾਰ ਮੇਰੀ ਧੀ ਏ, ਮੈਨੂੰ ਪਾਇਲ ਤੋਂ ਵੀ ਵੱਧ ਪਿਆਰ ਕਰਦੀ ਏ, ਮੈਂ ਏਹਨਾਂ ਦੇ ਸਹਾਰੇ ਆਂ!"

ਪ੍ਰਦੀਪ ਰੋਟੀ ਰੱਖ ਕੇ ਚਲੇ ਗਿਆ। ਡਾਈਨਿੰਗ ਟੇਬਲ 'ਤੇ ਬੈਠਦਾ ਕੁੰਦਨ ਬੋਲਿਆ,

"ਤੂੰ ਪੈ ਗਿਆ ਏਂ ਨਾਵਲ ਮਗਰ, ਮੈਂ ਚਾਹੁੰਦਾ ਸੀ ਕਿ ਤੈਨੂੰ ਆਲੋਚਕ ਦੇ ਤੌਰ ਤੇ ਤਿਆਰ ਕਰਾਂ, ਮੇਰੇ ਤੋਂ ਬਾਅਦ ਆਲੋਚਨਾ ਦਾ ਪਿੜ ਖਾਲੀ ਪਿਆ ਏ।"

"ਬਾਬਿਓ, ਮੈਂ ਜਿਹੜੇ ਨਾਵਲ ਲਿਖਣੇ ਸੀ ਲਿਖ ਲਏ, ਮੈਨੂੰ ਆਲੋਚਨਾ ਬਾਰੇ ਕੁਝ ਸਮਝਾਓ।"

"ਠੀਕ ਏ, ਤੂੰ ਦੋ-ਤਿੰਨ ਹੈਗਾਂ ਈ ਏਂ, ਕੱਲ ਤੋਂ ਤੇਰੀ ਟਰੇਨਿੰਗ ਸ਼ੁਰੂ, ਤੈਨੂੰ ਮੈਂ ਚੰਡ ਕੇ ਰੱਖ ਦੇਊਂ!"

"ਬਾਬਿਓ, ਮੈਂ ਚਾਹੁੰਨਾ ਕਿ ਆਪਾਂ ਆਲੋਚਨਾ ਦਾ ਚਿਹਰਾ-ਮੁਹਰਾ ਬਦਲ ਕੇ ਰੱਖ ਦੇਈਏ।"

"ਬਿਲਕੁਲ ਹੋ ਜਾਏਗਾ, ਜਦ ਆਪਾਂ ਦੋ ਭਰਾ ਮਿਲ ਗਏ ਤਾਂ ਬੜਾ ਕੁਝ ਕਰ ਦੇਵਾਂਗੇ।"

"ਮੈਂ ਸੋਚਦਾਂ ਕਿ ਆਪਾਂ ਅਲੋਚਨਾਂ ਨੂੰ ਡਾਇਗ੍ਰਾਮ ਰਾਹੀਂ ਸਮਝਾਇਆ ਕਰੀਏ, ਜੋ ਆਪਾਂ ਕਹਿਣਾ ਚਾਹੁੰਦੇ ਆਂ ਉਸ ਦੀ ਬਲੈਕਬੋਰਡ ਉਪਰ ਡਾਇਗ੍ਰਾਮ ਬਣਾ ਦਿਤੀ ਤੇ ਫੇਰ ਗੱਲ ਸ਼ੁਰੂ ਕੀਤੀ।"

"ਹੋ ਜਾਊ ਭਾਊ, ਏਤਰਾਂ ਹੀ ਹੋ ਜਾਊ, ਤੈਨੂੰ ਪਤਾ ਪਤਾ ਤੇਰੇ ਵੱਡੇ ਭਾਊ ਕੋਲ ਸਿਰ ਹੈਗਾ, ਇਹ ਸਾਲ਼ਾ ਬੈਹੜਿਆਂ ਦਾ ਕੁਝ ਵੀ ਕਰ ਸਕਦਾ ਏ!"

ਕੁੰਦਨ ਜੋਗੇਂਦਰ ਵਲ ਹੱਥ ਵਧਾਉਂਦਾ ਬੋਲਿਆ। ਉਹਨਾਂ ਨੇ ਇਕ ਇਕ ਗਲਾਸੀ ਰੋਟੀ ਖਾਂਦਿਆਂ ਪੀਤੀ। ਉਹ ਪੂਰੇ ਨਸ਼ੇ ਵਿੱਚ ਸਨ। ਕੁੰਦਨ ਨੇ ਕਿਹਾ,

"ਭਾਊ, ਇਕ ਗੱਲ ਹੋਰ ਦੱਸਾਂ, ਜਿੰਨਾ ਨਿਕੰਮਾ ਮੇਰਾ ਪੁੱਤ ਏ ਓਨੀ ਈ ਨਿਕੰਮੀ ਮੇਰੀ ਧੀ ਏ, ਮੈਂ ਸਭ ਕੁਝ ਓਹਦੇ ਨਾਂ ਕੀਤਾ ਹੋਇਆ ਏ ਪਰ ਉਹ ਮੇਰੀ ਹੈੱਲਪ ਤੇ ਕਦੇ ਨਹੀਂ ਖੜਦੀ, ਆਉਂਦੀ ਏ ਤਾਂ ਕੁਝ ਲੈਣ ਹੀ।"

ਕੁੰਦਨ ਗੱਲ ਕਰਦਾ ਚੁੱਪ ਜਿਹਾ ਹੋ ਗਿਆ। ਉਹ ਇਹ ਗੱਲ ਜੋਗੇਂਦਰ ਨੂੰ ਨਹੀਂ ਸੀ ਦੱਸਣਾ ਚਾਹੁੰਦਾ ਕਿ ਦੋ ਦਿਨ ਪਹਿਲਾਂ ਪਾਇਲ ਨੇ ਵੀ ਉਸ ਨੂੰ ਫੋਨ ਉਪਰ ਗਾਲ਼ਾਂ ਕੱਢੀਆਂ ਹਨ। ਕੁੰਦਨ ਉਸ ਕੋਲ ਆਪਣੀ ਇਕੱਲ ਦਾ ਰੋਣਾ ਰੋਣ ਲੱਗਿਆ ਤਾਂ ਪਾਇਲ ਮੂਹਰਿਓਂ ਉਸ ਨੂੰ ਝਾੜਨ ਲੱਗ ਪਈ ਸੀ। ਇਸੇ ਗੱਲ 'ਤੇ ਪਿਓ-ਧੀ ਦੀ ਕਿਹਾ-ਸੁਣੀ ਹੋ ਗਈ ਸੀ। ਇਸ ਬਾਰੇ ਉਹ ਚੁੱਪ ਹੀ ਰਹਿਣਾ ਚਾਹੁੰਦਾ ਸੀ। ਉਹ ਰੋਟੀ ਖਾਂਦਾ ਖਾਂਦਾ ਹੀ ਕੁਰਸੀ ਤੋਂ ਹੇਠਾਂ ਡਿਗ ਪਿਆ ਤੇ ਉਥੇ ਹੀ ਸੌਂ ਗਿਆ। ਜੋਗੇਂਦਰ ਉਠ ਕੇ ਸੈਟੀ 'ਤੇ ਪੈ ਗਿਆ।...

ਜਦ ਜੋਗੇਂਦਰ ਦੀ ਅੱਖ ਖੁਲ੍ਹੀ ਤਾਂ ਬਾਹਰ ਹਨੇਰਾ ਉਤਰ ਚੁੱਕਿਆ ਸੀ। ਉਸ ਨੇ ਉਠ ਕੇ ਲਾਈਟ ਜਗਾਈ। ਕੁੰਦਨ ਨੇ ਜ਼ਰਾ ਕੁ ਅੱਖ ਪੁੱਟ ਕੇ ਦੇਖਿਆ ਤੇ ਫਿਰ ਸੌਂ ਗਿਆ। ਜੋਗੇਂਦਰ ਨੇ ਉਸ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾ ਉਠਿਆ। ਉਸ ਨੇ ਹੇਠਾਂ ਪਏ ਨੂੰ ਹੀ ਸਰਹਾਣਾ ਦੇ ਦਿਤਾ। ਜੋਗੇਂਦਰ ਨੇ ਪਾਣੀ ਪੀਤਾ, ਮੂੰਹ ਧੋਤਾ। ਘੜੀ ਦੇਖੀ ਤਾਂ ਸੱਤ ਵੱਜ ਚੁੱਕੇ ਸਨ। ਉਸ ਨੂੰ ਦੁਬਾਰਾ ਭੁੱਖ ਲੱਗ ਆਈ ਸੀ। ਉਸ ਨੇ ਫਰਿੱਜ ਖੋਹਲ ਕੇ ਦੇਖੀ ਕਿ ਸ਼ਾਇਦ ਖਾਣ ਲਈ ਕੁਝ ਪਿਆ ਹੋਵੇ ਪਰ ਫਰਿੱਜ ਖਾਲੀ ਸੀ। ਘਰ ਨਾ ਬ੍ਰੈੱਡ ਸੀ, ਨਾ ਆਂਡੇ ਤੇ ਨਾ ਹੀ ਕੁਝ ਹੋਰ। ਕੁੰਦਨ ਘੂਕ ਸੁੱਤਾ ਪਿਆ ਸੀ। ਉਹ ਸੋਚਣ ਲਗਿਆ ਕਿ ਹੁਣ ਕੀ ਕਰੇ। ਉਹ ਏਧਰ ਓਧਰ ਦੇਖਿਆ ਕਿ ਸ਼ਾਇਦ ਕਿਸੇ ਫਾਸਟ ਫੂਡ ਕੰਪਨੀ ਦਾ ਨੰਬਰ ਮਿਲ ਜਾਵੇ ਤੇ ਪੀਜ਼ਾ ਬਗੈਰਾ ਮੰਗਵਾ ਲਵੇ ਪਰ ਕੁਝ ਨਾ ਲੱਭਿਆ। ਉਸ ਨੇ ਇੰਟਰਨੈੱਟ 'ਤੇ ਵੀ ਦੇਖਿਆ ਪਰ ਕੁਝ ਵੀ ਹੱਥ ਪੱਲੇ ਨਾ ਪਿਆ। ਉਸ ਦੀ ਭੁੱਖ ਵਧਣ ਲੱਗੀ। ਵਿਲਨਹਾਲ ਵਿੱਚ ਉਸ ਦੇ ਹੋਰ ਵੀ ਕਈ ਦੋਸਤ ਸਨ; ਬਲਵੀਰ ਬਾਵਰਾ ਸੀ, ਡਾਕਟਰ ਮੋਹਣੀ ਸੀ, ਹਰਮੇਸ਼ ਸਿੰਘ ਤੇ ਕਈ ਹੋਰ ਸਨ। ਉਹ ਕਿਸੇ ਨੂੰ ਵੀ ਫੋਨ ਕਰ ਦਿੰਦਾ ਤਾਂ ਰੋਟੀ ਦਾ ਮਸਲਾ ਹੱਲ ਹੋ ਜਾਣਾ ਸੀ ਪਰ ਉਹ ਕੁੰਦਨ ਨੂੰ ਛੱਡ ਕੇ ਨਹੀਂ ਸੀ ਜਾਣਾ ਚਾਹੁੰਦਾ। ਕੁਝ ਦੇਰ ਸੋਚ ਕੇ ਉਸ ਨੇ ਮੋਹਣੀ ਨੂੰ ਫੋਨ ਕੀਤਾ,

"ਭਰਜਾਈ, ਤੇਰਾ ਦਿਓਰ ਤੇਰੇ ਸ਼ਹਿਰ ਵਿੱਚ ਭੁੱਖਾ ਬੈਠੈ!"

ਪੀਜ਼ੇ ਵਾਲਾ ਸਕੂਟਰ ਆਇਆ ਤੇ ਪੀਜ਼ਾ ਦੇ ਗਿਆ। ਮੋਹਣੀ ਨੇ ਪੀਜ਼ੇ ਵਾਲਿਆਂ ਨੂੰ ਫੋਨ ਕੀਤਾ ਸੀ। ਜੋਗੇਂਦਰ ਦਾ ਮੋਹਣੀ ਨਾਲ ਏਨਾ ਕੁ ਹਾਸਾ-ਮਜ਼ਾਕ ਚਲਦਾ ਸੀ ਕਿ ਉਹ ਉਸ ਨੂੰ ਕਈ ਵਾਰ ਭਰਜਾਈ ਕਹਿ ਕੇ ਬੁਲਾਉਂਦਾ। ਵਿਲਨਹਾਲ ਨੂੰ ਤੁਰਨ ਤੋਂ ਪਹਿਲਾਂ ਉਸ ਨੇ ਮੋਹਣੀ ਨੂੰ ਫੋਨ ਕਰਕੇ ਦੱਸਿਆ ਸੀ ਕਿ ਉਹ ਕੁਝ ਦਿਨ ਲਈ 'ਜੇਠੂ' ਕੋਲ ਜਾ ਰਿਹਾ ਹੈ। ਹੁਣ ਮੋਹਣੀ ਉਸ ਨੂੰ ਆਪਣੇ ਘਰ ਸੱਦ ਰਹੀ ਸੀ ਪਰ ਜੋਗੇਂਦਰ ਕੁੰਦਨ ਨੂੰ ਸ਼ਰਾਬੀ ਹਾਲਤ ਵਿੱਚ ਛੱਡ ਕੇ ਨਹੀਂ ਸੀ ਜਾਣਾ ਚਾਹੁੰਦਾ। ਜੋਗੇਂਦਰ ਨੇ ਕੁੰਦਨ ਨੂੰ ਜਗਾਇਆ ਤੇ ਔਖੇ-ਸਹਿਜੇ ਪੀਜ਼ਾ ਖਵਾਇਆ। ਖਾ ਕੇ ਉਹ ਕੁਝ ਠੀਕ ਹੋ ਗਿਆ। ਜੋਗੇਂਦਰ ਉਸ ਨੂੰ ਉਸ ਦੇ ਬੈੱਡ ਵਿੱਚ ਪਾ ਆਇਆ ਤੇ ਆਪ ਆ ਕੇ ਇੰਟਰਨੈੱਟ ਖੋਹਲ ਲਿਆ।

ਜੋਗੇਂਦਰ ਦੋ ਦਿਨ ਰਿਹਾ। ਉਹ ਸ਼ਰਾਬ ਪੀਂਦੇ ਰਹੇ, ਗੱਲਾਂ ਕਰਦੇ ਰਹੇ, ਲੋਕਾਂ ਨੂੰ ਫੋਨ ਕਰਦੇ ਰਹੇ। ਲਤੀਫੇ ਬਾਜ਼ੀ ਹੁੰਦੀ ਰਹੀ। ਇਕ ਦਿਨ ਕੁੰਦਨ ਨੇ ਕਿਹਾ,

"ਛੋਟੇ ਭਾਊ, ਮੈਂ ਬਹੁਤ ਇਕੱਲਾਂ, ਏਹ ਇਕੱਲ ਮੈਨੂੰ ਮਾਰ ਰਹੀ ਏ। ...ਤੂੰ ਆ ਗਿਆਂ ਤਾਂ ਮੇਰਾ ਘਰ ਚਹਿਕ ਉਠਿਆ, ਮੈਂ ਖਿੜ ਉਠਿਆਂ, ਨਹੀਂ ਤਾਂ ਏਥੇ ਚੁੱਪ-ਚਾਂ ਹੁੰਦੀ ਏ, ਸੁੰਨ ਹੁੰਦੀ ਏ, ਭਾਊ ਮੈਂ ਬਹੁਤ ਇਕੱਲਾ ਵਾਂ! ...ਮੈਂ ਕਈ ਵਾਰ ਤੈਨੂੰ ਸ਼ਾਮ ਨੂੰ ਫੋਨ ਕਰਦਾਂ, ਜਦ ਤੂੰ ਮੈਨੂੰ ਕਹਿੰਨਾ ਕਿ ਤੂੰ ਆਪਣੇ ਬੱਚਿਆਂ ਨਾਲ ਬੈਠਾ ਏਂ ਤਾਂ ਮੈਨੂੰ ਆਪਣੀ ਕਿਸਮਤ ਉਪਰ ਬਹੁਤ ਗੁੱਸਾ ਆਉਂਦਾ ਏ! ਮੇਰੇ ਧੀ-ਪੁੱਤ ਮੇਰੇ ਤੋਂ ਕਿਉਂ ਦੂਰ ਭੱਜਦੇ ਨੇ! ਸੱਚ, ਛੋਟੇ ਭਾਊ ਮੈਂ ਬਹੁਤ ਇਕੱਲਾ ਵਾਂ, ਮੈਨੂੰ ਸਮਝ ਨਹੀਂ ਲੱਗਦੀ ਕਿ ਮੈਂ ਕੀ ਕਰਾਂ!"

"ਮੈਂ ਇਕ ਗੱਲ ਕਹਾਂ, ਮੇਰੀ ਗੱਲ ਤੁਹਾਨੂੰ ਲਗਣੀ ਤਾਂ ਬੁਰੀ ਐ ਪਰ ਇਹਦੇ ਵਿੱਚ ਸੱਚਾਈ ਐ।"

"ਦੱਸ।"

"ਤੁਹਾਡਾ ਆਪਣੀ ਕੁੜੀ ਨਾਲ ਏਨਾ ਪਿਆਰ ਐ, ਚੰਗੀ ਜਾਂ ਮਾੜੀ, ...ਉਹਦੇ ਕੋਲ ਘਰ ਲੈ ਲਵੋ।"

"ਤੈਨੂੰ ਚੰਗਾ ਭਲਾ ਪਤਾ ਕਿ ਮੇਰੀ ਕੁੜੀ ਸਾਧਾਰਨ ਕੁੜੀ ਨਹੀਂ, ਉਹਦੀ ਆਪਣੀ ਲਾਈਫ ਏ। ਵੈਸੇ ਵੀ ਹੁਣ ਉਹ ਪਹਿਲਾਂ ਵਾਲੀ ਪਾਇਲ ਨਹੀਂ ਰਹੀ।"

"ਫਿਰ ਤੁਸੀਂ ਲੰਡਨ ਆਪਣੇ ਮੁੰਡੇ ਦੇ ਕੋਲ ਆ ਜਾਵੋ, ਮੁੰਡਾ ਭਾਵੇਂ ਲੱਖ ਬੁਰਾ ਹੋਵੇ ਪਰ ਤੁਹਾਡੀ ਨੂੰਹ ਚੰਗੀ ਐ, ਤੁਹਾਡਾ ਪੋਤਾ ਐ, ਚਾਹੇ ਤੁਸੀਂ ਓਹਨਾਂ ਨੂੰ ਨਾ ਮਿਲੋ, ਨੇੜੇ ਤੇੜੇ ਹੀ ਰਹੋ, ਔਖੇ ਵੇਲੇ ਤੁਹਾਡੇ ਕੰਮ ਤਾਂ ਆ ਸਕਦੇ ਆ, ਨਹੀਂ ਤਾਂ ਏਥੇ 'ਕੱਲਿਆਂ ਦੀ ਈ ਟੀਂ ਬੋਲ ਜਾਣੀ ਆਂ!"

"ਗੱਲ ਤਾਂ ਤੇਰੀ ਠੀਕ ਏ, ਮੈਂ ਉਹਦੇ ਕਿਤੇ ਨੇੜੇ ਘਰ ਲੈ ਲਵਾਂ, ਕਦੇ ਕਦੇ ਵਿੱਕੀ ਮੇਰੇ ਕੋਲ ਆ ਜਾਇਆ ਕਰੇ ਪਰ ਮੈਂ ਏਸ ਜੇਠੂ ਦਾ ਕੀ ਕਰਾਂ, ਏਹਨੂੰ ਆਪਣੇ ਪੁੱਤ ਤੋਂ ਗਾਲ੍ਹ ਖਾਣੀ ਗਵਾਰਾ ਨਹੀਂ, ਕਿਸੇ ਵੀ ਕੀਮਤ ਤੇ ਮਨਜ਼ੂਰ ਨਹੀਂ।"

ਗੱਲ ਸੁਣਦੇ ਜੋਗੇਂਦਰ ਨੂੰ ਜਾਪਿਆ ਕਿ ਗੱਲ ਕਿਸੇ ਹੋਰ ਪਾਸੇ ਤੁਰ ਰਹੀ ਹੈ। ਉਸ ਨੇ ਕਿਹਾ,

"ਜਿਹੜਾ ਬ੍ਰਹਿਮੰਡ ਬਾਰੇ ਤੁਸੀਂ ਨਾਵਲ ਕਹਿੰਦੇ ਸੀ, ਉਹ ਲਿਖਣਾ ਸ਼ੁਰੂ ਕਰ ਦਿਓ।"

"ਨਹੀਂ, ਮੈਂ ਨਵੀਂ ਟੈਕਨੌਲੌਜੀ ਨਾਲ ਜਿਹੜਾ ਦੁਨੀਆਂ ਵਿੱਚ ਬਦਲਾਵ ਆ ਰਿਹਾ ਏ ਉਹਦੇ ਬਾਰੇ ਕੁਝ ਆਰਟੀਕਲ ਲਿਖਾਂਗਾ, ਬਲਕਿ ਇਕ ਪੂਰੀ ਕਿਤਾਬ ਲਿਖਾਂਗਾ।"

ਫਿਰ ਉਸ ਨੂੰ ਅਚਾਨਕ ਚੇਤਾ ਆ ਗਿਆ ਕਿ ਕੱਲ ਮੋਹਣੀ ਨੇ ਪੀਜ਼ਾ ਭੇਜਿਆ ਸੀ, ਕਿਉਂ ਨਾ ਉਸ ਦਾ ਧੰਨਵਾਦ ਕਰ ਦਿਤਾ ਜਾਵੇ। ਉਹ ਪਹਿਲਾਂ ਵੀ ਕਦੇ ਕਦੇ ਇਵੇਂ ਸ਼ਰਾਬੀ ਹੋਇਆ ਮੋਹਣੀ ਨੂੰ ਫੋਨ ਕਰ ਲਿਆ ਕਰਦਾ ਸੀ ਪਰ ਉਹ ਜਲਦੀ ਹੀ ਕੱਟ ਦਿਆ ਕਰਦੀ। ਮੋਹਣੀ ਨੇ ਦੇਖ ਲਿਆ ਸੀ ਕਿ ਕੁੰਦਨ ਦਾ ਫੋਨ ਹੈ। ਉਸ ਨੇ ਹੈਲੋ ਕਹੀ ਤਾਂ ਕੁੰਦਨ ਬੋਲਿਆ,

"ਮੋਹਣ ਕੋਰੇ, ਮੈਂ ਡਾਕਟਰ ਕੁੰਦਨ ਸਿੰਘ ਕੁੰਦਨ ਬੋਲ ਰਿਹਾਂ, ਜੇ ਤੂੰ ਆਪਣੀਆਂ ਗਲਤੀਆਂ ਦੀ ਅਪੌਲੋਜੀ ਮੰਗੇਂ ਤਾਂ ਮੈਂ ਤੈਨੂੰ ਇਕ ਹੋਰ ਚਾਂਸ ਦੇ ਸਕਦਾਂ।"

ਮੋਹਣੀ ਨੇ ਇਕ ਦਮ ਫੋਨ ਕੱਟ ਦਿਤਾ।

ਕੁੰਦਨ ਖਾਲੀ ਜਿਹੀਆਂ ਅੱਖਾਂ ਨਾਲ ਆਲਾ ਦੁਆਲਾ ਦੇਖ ਰਿਹਾ ਸੀ। ਉਹ ਜੋਗੇਂਦਰ ਨੂੰ ਆਖਣ ਲੱਗਿਆ,

"ਛੋਟੇ ਭਾਊ, ਹੁਣ ਤੂੰ ਵੀ ਚੱਲ ਯਾਰ! ਮੈਨੂੰ ਇਕੱਲਾ ਛੱਡ ਦੇ।"

50-ਬੰਦੇ ਅੰਦਰ ਵਗੇ ਸਮੁੰਦਰ

ਸਰਦੀਆਂ ਦੇ ਦਿਨ ਸਨ ਤੇ ਸਵੇਰ ਦਾ ਵਕਤ। ਕੁੰਦਨ ਸਾਰੀ ਰਾਤ ਸੌਂ ਨਹੀਂ ਸੀ ਸਕਿਆ। ਰਾਤੀਂ ਉਸ ਨੇ ਸ਼ਰਾਬ ਵੀ ਨਹੀਂ ਸੀ ਪੀਤੀ। ਚਾਰ ਕੁ ਵਜੇ ਜਾਗ ਖੁਲ੍ਹ ਗਈ ਤਾਂ ਉਹ ਉਠ ਕੇ ਬੈਠ ਗਿਆ। ਉਸ ਸੋਚ ਰਿਹਾ ਸੀ ਕਿ ਕੀ ਹੈ ਉਸ ਦੀ ਜ਼ਿੰਦਗੀ। ਇਕ ਆਮ ਬੰਦੇ ਤੋਂ ਵੱਧ ਕੁਝ ਵੀ ਨਹੀਂ ਸੀ। ਸਵੇਰੇ ਉਠੋ ਤੇ ਸ਼ਾਮੀ ਸੌਂ ਜਾਵੋ, ਪਾਰਕ ਵਿੱਚ ਜਾਵੋ ਤਾਂ ਅਨਪੜ੍ਹ ਜਿਹੇ ਬੰਦੇ ਝੇਡਾਂ ਕਰਨ ਲੱਗਦੇ ਹਨ। ਉਸ ਨੂੰ ਰਮਿੰਦਰ ਕੋਰ ਦਾ ਪਾਰਕ ਵਿਚ ਖਾਸ ਹੈਲੋ ਕਹਿਣ ਆਉਣਾ ਹਾਲੇ ਵੀ ਕੰਡੇ ਵਾਂਗ ਚੁੱਭ ਰਿਹਾ ਸੀ। ਉਸ ਦਾ ਹਾਸਾ ਹਾਲੇ ਵੀ ਉਸ ਦੇ ਮਨ ਵਿੱਚ ਖੁੱਭਿਆ ਪਿਆ ਸੀ। ਕਦੇ ਉਸ ਦੇ ਕੰਨਾਂ ਵਿੱਚ ਵਿੱਕੀ ਦਾ 'ਹੈਲੋ ਬਾਬਾ ਜੀ' ਕਹਿਣਾ ਸੁਣਨ ਲਗਦਾ ਤੇ ਕਦੇ ਅਮਰਜੋਤ ਦਾ 'ਯੂ ਬਾਸਟ੍ਰਡ! ਨਿਕਲ ਮੇਰੇ ਘਰੋਂ!'

ਉਸ ਨੇ ਘਰ ਦੇ ਪਰਦੇ ਹਟਾਏ। ਬਾਹਰ ਦਿਨ ਬਹੁਤ ਸੁਹਣਾ ਨਿਕਲਿਆ ਸੀ, ਰੁੱਖਾਂ ਉਪਰ ਪੰਛੀ ਚਹਿਕ ਰਹੇ ਸਨ। ਬੱਚੇ ਵਰਦੀਆਂ ਪਾਈ ਸਕੂਲਾਂ ਨੂੰ ਜਾ ਰਹੇ ਸਨ। ਉਹਨਾਂ ਦੀਆਂ ਮਾਵਾਂ ਇਕ ਦੂਜੇ ਨਾਲ ਗੁਟਕਦੀਆਂ ਹੋਈਆਂ ਗੱਲਾਂ ਕਰ ਰਹੀਆਂ ਸਨ। ਉਸ ਦਾ ਦਿਲ ਕਰੇ ਕਿ ਬਾਹਰ ਗਾਰਡਨ ਦਾ ਇਕ ਚੱਕਰ ਲਾਏ ਪਰ ਉਹ ਨਾ ਗਿਆ। ਉਹ ਸੋਚਣ ਲੱਗਿਆ ਕਿ ਜੇ ਉਹ ਕੱਲ ਨੂੰ ਨਾ ਵੀ ਹੋਵੇ ਤਾਂ ਕੀ ਦੁਨੀਆਂ ਵਿੱਚ ਕੀ ਫਰਕ ਪਏਗਾ, ਕੁਝ ਵੀ ਨਹੀਂ। ਇਹ ਸੂਰਜ ਫਿਰ ਵੀ ਚੜ੍ਹੇਗਾ, ਇਹ ਪੰਛੀ ਇਵੇਂ ਹੀ ਗਾਈ ਜਾਣਗੇ, ਬੱਚੇ ਸਕੂਲੇ ਵੀ ਜਾਣਗੇ। ਉਸ ਬਿਨਾਂ ਦੁਨੀਆਂ ਵਿੱਚ ਕੋਈ ਕਮੀ ਨਹੀਂ ਆਵੇਗੀ।

ਉਸ ਨੇ ਟੈਲੀ ਔਨ ਕੀਤਾ। ਖ਼ਬਰਾਂ ਲਾਈਆਂ। ਦੁਨੀਆਂ ਵਿੱਚ ਬਹੁਤ ਕੁਝ ਵਾਪਰ ਰਿਹਾ ਸੀ। ਜਿਥੇ ਕੁਝ ਨਹੀਂ ਸੀ ਵਾਪਰ ਰਿਹਾ ਤਾਂ ਉਹ ਸੀ ਕੁੰਦਨ ਦੀ ਹੋਂਦ। ਅਜਿਹੀ ਜ਼ਿੰਦਗੀ ਦਾ ਕੀ ਫਾਇਦਾ ਹੈ! ਜੀਣ ਦਾ ਵੀ ਮਜ਼ਾ ਤਾਂ ਹੀ ਹੈ ਜੇ ਕੁਝ ਕਰਨ ਨੂੰ ਹੋਵੇ। ਉਮਰ ਲੰਮੀ ਹੋਵੇ ਜਾਂ ਥੋੜੀ ਪਰ ਭਰਪੂਰ ਹੋਵੇ। ਪਾਰਕ ਵਿੱਚ ਬੈਠੇ ਬੁੱਢਿਆਂ ਕੋਲ ਕਰਨ ਨੂੰ ਕੁਝ ਵੀ ਨਹੀਂ ਹੁੰਦਾ। ਧਰਤੀ ਉਪਰ ਭਾਰ ਤੋਂ ਵਧ ਉਹ ਕੁਝ ਵੀ ਨਹੀਂ ਹਨ। ਉਹ ਵੀ ਤਾਂ ਹੁਣ ਉਹਨਾਂ ਦਾ ਹਿੱਸਾ ਹੀ ਹੈ। ਉਹ ਲੋਕ ਤਾਂ ਬੇਅਕਲ ਹਨ ਪਰ ਉਹ ਤਾਂ ਅਕਲਵੰਦ ਹੈ। ਉਸ ਨੂੰ ਤਾਂ ਪਤਾ ਹੈ ਕਿ ਵਧੀਆ ਜ਼ਿੰਦਗੀ ਕਿਹੜੀ ਹੁੰਦੀ ਹੈ ਤੇ ਨਰਕ ਕਿਹੜਾ। ਨਰਕ ਤਾਂ ਜਾਨਵਰ ਢੋਂਦੇ ਹਨ ਜਿਹਨਾਂ ਨੂੰ ਕੋਈ ਸਮਝ ਹੀ ਨਹੀਂ ਹੁੰਦੀ। ਉਹ ਤਾਂ ਸਾਰੀ ਗੱਲ ਸਮਝਦਾ ਹੈ ਫਿਰ ਇਹ ਨਰਕ ਕਿਉਂ ਜੀਵੇ। ਜੇ ਤਾਂ ਸਾਹਮਣੇ ਕੁਝ ਦਿੱਸਦਾ ਹੋਵੇ ਤਾਂ ਜੀਣਾ ਚੰਗਾ ਲੱਗੇਗਾ ਪਰ ਸਾਹਮਣੇ ਤਾਂ ਕੁਝ ਵੀ ਨਹੀਂ, ਲੇਖਕ ਦੇ ਤੌਰ ਤੇ ਜਿੰਨਾ ਉਸ ਨੇ ਕਰਨਾ ਸੀ ਕਰ ਚੁੱਕਿਆ ਹੈ। ਜੋ ਕੀਤਾ ਵੀ ਹੈ ਉਸ ਦਾ ਕਿਹੜਾ ਮੁੱਲ ਪਿਆ ਹੈ। ਇਸ ਵੇਲੇ ਉਸ ਕੋਲ ਕੁਝ ਵੀ ਨਹੀਂ, ਨਾ ਕੋਈ ਰਿਸ਼ਤਾ, ਨਾ ਕੋਈ ਦੋਸਤ, ਨਾ ਕੋਈ ਆਸ!

ਅਚਾਨਕ ਅੱਖ ਦੇ ਫੋਰ ਲਈ ਪਾਇਲ ਦਾ ਚਿਹਰਾ ਉਸ ਦੇ ਸਾਹਮਣੇ ਆ ਖੜਿਆ। ਉਸ ਨੇ ਮੂੰਹ ਘੁਮਾ ਲਿਆ। ਇਹ ਪਾਇਲ ਹੀ ਸੀ ਜਿਸ ਨੂੰ ਉਸ ਨੇ ਸਭ ਤੋਂ ਵੱਧ ਪਿਆਰ ਕੀਤਾ ਸੀ। ਆਪਣੀ ਸਾਰੀ ਜਾਇਦਾਦ ਦੀ ਵਸੀਅਤ ਉਸ ਦੇ ਨਾਂ ਕਰ ਦਿਤੀ ਸੀ। ਵਿਲਨਹਾਲ ਵਿੱਚ ਖਰੀਦੇ ਦੂਜੇ ਘਰ ਵਿੱਚ ਤਾਂ ਉਸ ਦਾ ਨਾਂ ਹੀ ਪੁਆ ਲਿਆ ਸੀ ਤੇ ਉਸ ਘਰ ਦਾ ਕਿਰਾਇਆ ਸਿੱਧਾ ਪਾਇਲ ਦੇ ਬੈਂਕ-ਖਾਤੇ ਵਿੱਚ ਹੀ ਜਾਂਦਾ ਸੀ। ਹੁਣ ਜਦ ਉਸ ਨੂੰ ਪਾਇਲ ਦੀ ਲੋੜ ਪਈ ਤਾਂ ਉਹ ਮੂੰਹ ਮੋੜ ਗਈ। ਮਸਲਾ ਸਿਰਫ ਪੰਦਰਾਂ ਹਜ਼ਾਰ ਪੌਂਡ ਦਾ ਸੀ। ਜਿਹੜੇ ਪੈਸੇ ਕੋਰਟ ਨੇ ਮੋਹਣੀ ਨੂੰ ਦੇਣ ਦੇ ਆਰਡਰ ਕੀਤੇ ਸੀ ਉਹ ਉਸ ਨੇ ਬੈਂਕ ਤੋਂ ਬਰਿੱਜ ਲੋਨ ਲੈ ਕੇ ਦਿਤੇ ਸਨ। ਫਿਰ ਬੰਬਈ ਵਾਲਾ ਫਲੈਟ ਵੇਚ ਕੇ ਤੇ ਕੁਝ ਇਧਰੋਂ ਓਧਰੋਂ ਕਰਕੇ ਬੈਂਕ ਦਾ ਕੁਝ ਕਰਜ਼ਾ ਲਾਹ ਦਿਤਾ ਸੀ। ਹੁਣ ਪੰਦਰਾਂ ਹਜ਼ਾਰ ਬਚਿਆ ਸੀ। ਬੈਂਕ ਵਾਲੇ ਕਹਿ ਰਹੇ ਸਨ ਕਿ ਜਾਂ ਤਾਂ ਇਸ ਕਰਜ਼ੇ ਦੀਆਂ

ਕਿਸ਼ਤਾਂ ਕਰਾ ਲੈ ਤੇ ਕਿਸ਼ਤਾਂ ਰਾਹੀਂ ਮੋੜਦਾ ਰਹੇ ਜਾਂ ਫਿਰ ਜਲਦੀ ਵਾਪਸ ਕਰੇ। ਕਿਸ਼ਤਾਂ ਉਹ ਕਰਾਉਣੀਆਂ ਨਹੀਂ ਸੀ ਚਾਹੁੰਦਾ ਕਿਉਂਕਿ ਉਸ ਦੀ ਪੈਨਸ਼ਨ ਉਪਰ ਵਾਧੂ ਦਾ ਬੋਝ ਪੈਣਾ ਸੀ। ਉਸ ਨੇ ਪਾਇਲ ਨੂੰ ਫੋਨ ਕੀਤਾ,

"ਕਿਸੇ ਦਿਨ ਆ ਤੇ ਆਪਾਂ ਆਪਣੇ ਦੂਜੇ ਘਰ ਉਪਰ ਪੰਦਰਾਂ ਹਜ਼ਾਰ ਕਰਜ਼ਾ ਲੈ ਲਈਏ ਤਾਂ ਜੋ ਮੈਂ ਬਰਿੱਜ ਲੋਨ ਵਾਪਸ ਕਰ ਸਕਾਂ, ਵਿਆਜ ਬਹੁਤ ਪੈ ਰਿਹਾ ਏ।"

"ਡੈਡ, ਪੰਦਰਾਂ ਹਜ਼ਾਰ ਦੀ ਕਿਸ਼ਤ ਕਿਵੇਂ ਮੋੜਨੀ ਏ?"

"ਉਹਦਾ ਕਿਰਾਇਆ ਜਿਉਂ ਆਉਂਦਾ ਏ।"

"ਡੈਡ, ਓਸ ਕਿਰਾਏ ਨਾਲ ਤਾਂ ਮੇਰਾ ਗੁਜ਼ਾਰਾ ਮਸਾਂ ਹੁੰਦਾ ਏ।"

"ਫਿਰ ਤੂੰ ਪੰਦਰਾਂ ਹਜ਼ਾਰ ਪੌਂਡ ਦਾ ਕੋਈ ਇੰਤਜ਼ਾਮ ਕਰ ਦੇ।"

"ਡੈਡ, ਪੰਦਰਾਂ ਦਾ ਨਹੀਂ ਦਸ ਹਜ਼ਾਰ ਦਾ ਕਰ ਦਿੰਦੀ ਆਂ।"

"ਚੱਲ ਦਸ ਦਾ ਹੀ ਕਰ।"

ਕੁੰਦਨ ਨੇ ਸੋਚਿਆ ਕਿ ਪੰਜ ਹਜ਼ਾਰ ਪੌਂਡ ਜੋਗੇਂਦਰ ਜਾਂ ਰਾਜਾ ਰਾਮ ਵਰਗੇ ਦੋਸਤ ਤੋਂ ਫੜ ਲਵੇਗਾ। ਉਸ ਨੇ ਹਫਤਾ ਕੁ ਉਡੀਕਿਆ ਪਰ ਪਾਇਲ ਨੇ ਕੋਈ ਜਵਾਬ ਨਾ ਦਿਤਾ। ਉਸ ਨੇ ਖੁਦ ਫੋਨ ਕੀਤਾ ਤਾਂ ਪਾਇਲ ਦਾ ਜਵਾਬ ਸੀ ਕਿ ਉਹ ਸਿਰਫ ਪੰਜ ਹਜ਼ਾਰ ਤਕ ਦਾ ਇੰਤਜ਼ਾਮ ਕਰ ਸਕਦੀ ਹੈ। ਫਿਰ ਪੰਜ ਹਜ਼ਾਰ ਤੋਂ ਉਹ ਦੋ ਹਜ਼ਾਰ 'ਤੇ ਆ ਗਈ ਤੇ ਫਿਰ ਦੋ ਦੇਣ ਤੋਂ ਵੀ ਇਨਕਾਰੀ ਹੁੰਦੀ ਬੋਲੀ,

"ਡੈਡ, ਪੰਦਰਾਂ ਹਜ਼ਾਰ ਪੌਂਡ ਦੀ ਕਿਸ਼ਤ ਕਿੰਨੀ ਕੁ ਬਣਨੀ ਏਂ, ਏਨੀ ਦੀ ਤਾਂ ਤੁਸੀਂ ਸ਼ਰਾਬ ਦੋਸਤਾਂ ਨੂੰ ਹੀ ਪਿਆ ਜਾਂਦੇ ਓ।"

ਧੀ ਦੀ ਗੱਲ ਸੁਣ ਕੇ ਉਸ ਮਨ ਬਹੁਤ ਖਰਾਬ ਹੋਇਆ ਸੀ। ਇਕ ਵਾਰ ਤਾਂ ਉਸ ਦਾ ਦਿਲ ਕੀਤਾ ਸੀ ਆਪਣੀ ਵਸੀਅਤ ਤੋੜ ਕੇ ਵਿੱਕੀ ਦੇ ਨਾਂ ਕਰਾ ਦੇਵੇ। ਉਸ ਨੇ ਬੈਂਕ ਜਾ ਕੇ ਬਾਕੀ ਬਚਦੇ ਬਰਿੱਜ ਲੋਨ ਨੂੰ ਸਾਧਾਰਨ ਲੋਨ ਵਿੱਚ ਬਦਲਵਾ ਕੇ ਮਹੀਨੇਵਾਰ ਕਿਸ਼ਤ ਬੰਨਵਾ ਲਈ ਜੋ ਉਸ ਦੀ ਪੈਨਸ਼ਨ ਵਿੱਚੋਂ ਸਿੱਧਿਆਂ ਜਾਂਦੀ ਰਹਿਣੀ ਸੀ। ਉਹ ਇਸ ਸਭ ਬਾਰੇ ਸੋਚਦਾ ਇਸ ਨਤੀਜੇ 'ਤੇ ਪੁੱਜਦਾ ਕਿ ਇਹ ਗੱਲ ਏਡੀ ਵੱਡੀ ਨਹੀਂ ਹੈ ਪਰ ਗੱਲ ਤਾਂ ਵਿਸ਼ਵਾਸ ਟੁੱਟਣ ਦੀ ਹੈ।

ਉਸ ਦਿਨ ਤੋਂ ਬਾਅਦ ਉਸ ਨੇ ਬਹੁਤ ਦਿਨ ਤਕ ਪਾਇਲ ਨੂੰ ਫੋਨ ਨਹੀਂ ਸੀ ਕੀਤਾ। ਪਾਇਲ ਦਾ ਵੀ ਨਹੀਂ ਸੀ ਆਇਆ। ਅੱਜ ਬਹੁਤ ਕੁਝ ਸੋਚਦਿਆਂ ਉਸ ਨੇ ਆਪਣੀ ਧੀ ਨੂੰ ਫੋਨ ਕੀਤਾ ਤੇ ਕਹਿਣ ਲੱਗਿਆ,

"ਪਾਇਲ, ਮੈਂ ਹੁਣ ਜੀਣਾ ਨਹੀਂ ਚਾਹੁੰਦਾ।"

"ਡੈਡ, ਸਵੇਰੇ ਹੀ ਕਿਉਂ ਪੀ ਲਈ? ਡਰਾਮਾ ਕਰਨਾ ਬੰਦ ਕਰੋ, ਇਕ ਹੋਰ ਡਰਿੰਕ ਪੀਓ ਤੇ ਸੌਂ ਜਾਵੋ।"

"ਨਹੀਂ ਪਾਇਲ, ਮੈਂ ਪੀਤੀ ਨਹੀਂ ਹੋਈ, ਸੱਚ ਬੋਲ ਰਿਹਾਂ।"

"ਫਕੱਨ, ਸੇਮ ਡਰਾਮਾ ਆਲ ਦਾ ਟਾਈਮ!"

ਪਾਇਲ ਨੇ ਕਾਹਲੀ ਨਾਲ ਆਖਦਿਆਂ ਫੋਨ ਕੱਟ ਦਿਤਾ। ਕੁੰਦਨ ਨੇ ਦੁਬਾਰਾ ਘੁਮਾਇਆ ਤਾਂ ਪਾਇਲ ਬੋਲੀ,

"ਡੈਡ, ਮੇਰੀਆਂ ਆਪਣੀਆਂ ਪ੍ਰੋਬਲਮਜ਼ ਹੈਗੀਆਂ, ਵਾਈ ਨੌਟ ਲੀਵ ਮੀ ਅਲੋਨ?"

ਕੁੰਦਨ ਨੇ ਫੋਨ ਬੰਦ ਕਰਦਿਆਂ ਸਿਰ ਫੜ ਲਿਆ। ਉਸ ਨੇ ਕੁਝ ਲਈ ਪਾਇਲ ਬਾਰੇ ਸੋਚਿਆ ਤੇ ਫਿਰ ਜੋਗੇਂਦਰ ਨੂੰ ਫੋਨ ਕਰ ਲਿਆ ਪੁੱਛਿਆ,

"ਕੀ ਹੋ ਰਿਹਾ ਏ?"

"ਬਾਬਿਓ, ਕੁਝ ਨਹੀਂ ਐਵੇਂ ਮਹਿਮਾਨ ਜਿਹੇ ਆਏ ਹੋਏ ਨੇ, ਜ਼ਰਾ ਬਾਹਰ ਲੈ ਕੇ ਚੱਲਿਆਂ। ਕੀ ਹਾਲ ਐ ਤੁਹਾਡਾ?"

"ਠੀਕ ਨਹੀਂ ਭਾਊ, ਮੈਂ ਬਹੁਤ ਸੋਚ ਰਿਹਾਂ, ਬਹੁਤ ਹੀ ਜ਼ਿਆਦਾ ਸੋਚ ਰਿਹਾਂ, ਜੇ ਮੇਰੇ ਕੋਲ ਗੰਨ ਹੋਵੇ ਤਾਂ ਮੈਂ ਹੈਮਿੰਗਵੇਅ ਵਾਂਗ ਆਪਣੇ ਆਪ ਨੂੰ ਸ਼ੂਟ ਕਰ ਲਵਾਂ! ਉਹਨੂੰ ਜਦ ਪਤਾ ਲੱਗਿਆ ਕਿ ਉਹਦੀ ਕੋਈ ਕਦਰ ਨਹੀਂ ਤਾਂ ਉਹਨੇ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ, ਮੈਂ ਵੀ ਕੁਝ ਅਜਿਹਾ ਹੀ ਸੋਚ ਰਿਹਾਂ।"

"ਬਾਬਿਓ, ਕੋਈ ਅਕਲ ਨੂੰ ਹੱਥ ਮਾਰੋ, ਕੋਈ ਸਮਝ ਦੀ ਗੱਲ ਕਰੋ, ਸਾਨੂੰ ਤੁਹਾਡੀ ਬਹੁਤ ਲੋੜ ਐ, ਪੰਜਾਬੀ ਸਾਹਿਤ ਨੂੰ ਤੁਹਾਡੀ ਲੋੜ ਐ।"

"ਲੋੜ ਏ ਬੂਰੇ ਦੀ ਮਾਂ ਦਾ ਸਿਰ! ਸਭ ਬਕਵਾਸ!"

"ਤੁਸੀਂ ਡਰਿੰਕ ਤਾਂ ਨਹੀਂ ਪੀਤੀ ਹਾਲੇ?"

"ਨਹੀਂ, ਡਰਿੰਕ ਨਹੀਂ, ਮੈਂ ਤਾਂ ਸੀਰੀਅਸਲੀ ਸੋਚ ਰਿਹਾਂ।"

"ਏਦਾਂ ਕਰੋ, ਤੁਸੀਂ ਕਾਰ ਚੁੱਕੋ ਤੇ ਇਥੇ ਮੇਰੇ ਕੋਲ ਆ ਜਾਵੋ।"

"ਤੇਰੇ ਕੋਲ ਤਾਂ ਮਹਿਮਾਨ ਆਏ ਹੋਏ ਨੇ!"

"ਗੋਲ਼ੀ ਮਾਰੋ ਮਹਿਮਾਨਾਂ ਨੂੰ, ਤੁਸੀ ਆ ਜਾਵੋ।"

"ਮੈਂ ਦੇਖਦਾਂ ਪਰ ਤੂੰ ਆਪਣੇ ਕੰਮ ਕਰਦਾ ਜਾਹ।"

ਆਖਦਿਆਂ ਕੁੰਦਨ ਨੇ ਫੋਨ ਰੱਖ ਦਿਤਾ। ਘੰਟਾ ਬਾਅਦ ਜੋਗੇਂਦਰ ਨੇ ਫੋਨ ਕੀਤਾ। ਹੁਣ ਕੁੰਦਨ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿਤੀ ਸੀ। ਜੋਗੇਂਦਰ ਦਾ ਫਿਕਰ ਕੁਝ ਘਟ ਗਿਆ ਕਿਉਂਕਿ ਜੇ ਕੁੰਦਨ ਸੋਫੀ ਹੀ ਇਵੇਂ ਸੋਚਣ ਲੱਗ ਪਿਆ ਤਾਂ ਉਹ ਆਪਣੇ ਆਪ ਲਈ ਖਤਰਨਾਕ ਹੋ ਸਕਦਾ ਸੀ। ਉਸ ਨੇ ਦੋ ਘੰਟੇ ਬਾਅਦ ਫਿਰ ਫੋਨ ਕੀਤਾ ਤਾਂ ਕੁੰਦਨ ਪੂਰਾ ਸ਼ਰਾਬੀ ਸੀ ਤੇ ਲੋਕਾਂ ਨੂੰ ਗਾਲ੍ਹਾਂ ਕੱਢ ਰਿਹਾ ਸੀ। ਕੁਝ ਦੇਰ ਬਾਅਦ ਕੁੰਦਨ ਨੇ ਫਿਰ ਫੋਨ ਕੀਤਾ ਤੇ ਹੱਸਦਾ ਹੋਇਆ ਕਹਿਣ ਲੱਗਿਆ,

"ਯਾਰ, ਕਿਸੇ ਤੀਵੀਂ ਨਾਲ ਗੱਲਾਂ ਕਰਨ ਨੂੰ ਦਿਲ ਕਰਦਾ ਏ, ਕੋਈ ਵਾਧੂ ਜਿਹੀ ਸਹੇਲੀ ਹੈ ਤਾਂ ਉਹਦਾ ਨੰਬਰ ਦੇ ਜ਼ਰਾ।"

"ਬਾਬਿਓ, ਮੈਂ ਸੈਚੂੜੇ ਨੂੰ ਤੁਹਾਡੇ ਕੋਲ ਆਉਨਾ, ਆਪਾਂ ਦੋਵੇਂ ਭਰਾ ਇਕੱਠੇ ਬੈਠ ਕੇ ਕਿਸੇ ਨਾ ਕਿਸੇ ਨੂੰ ਫੋਨ ਕਰਾਂਗੇ।"

ਜੋਗੇਂਦਰ ਨੇ ਕਿਹਾ। ਕੁੰਦਨ ਬੋਲਿਆ,

"ਆ ਜਾਹ ਭਾਊ, ਮੈਂ ਤੇਰੀ ਉਡੀਕ ਕਰ ਰਿਹਾਂ।"

ਉਸ ਦਿਨ ਤੋਂ ਬਾਅਦ ਜੋਗੇਂਦਰ ਹਰ ਰੋਜ਼ ਕਈ ਕਈ ਵਾਰ ਉਸ ਨੂੰ ਫੋਨ ਕਰਦਾ। ਕੁੰਦਨ ਖੁਸ਼ ਸੀ। ਉਹ ਉਸ ਨੂੰ ਉਡੀਕ ਵੀ ਰਿਹਾ ਸੀ। ਆਉਂਦੇ ਸ਼ਨਿਚਰਵਾਰ ਜੋਗੇਂਦਰ ਉਸ ਕੋਲ ਪੁੱਜ ਗਿਆ। ਸਦਾ ਵਾਂਗ ਉਸ ਦੇ ਆਉਣ 'ਤੇ ਕੁੰਦਨ ਨੂੰ ਚਾਅ ਚੜ੍ਹ ਗਿਆ। ਜੋਗੇਂਦਰ ਨੇ ਪੁੱਛਿਆ,

"ਭਾਊ, ਇਹ ਕੀ ਪੈਸੀਮਿਸਟਿਕ ਗੱਲਾਂ ਕਰਨ ਲੱਗ ਪੈਂਦੇ ਓ? ਤੁਸੀਂ ਮੇਰੇ ਆਈਡੀਅਲ ਓ।"

"ਢੂਹੇ ਵਿੱਚ ਵੜਦਾ ਆਈਡੀਅਲ! ...ਮੈਂ ਤਾਂ ਕਈ ਵਾਰ ਸੋਚਣ ਲੱਗ ਪੈਨਾਂ ਕਿ ਮੇਰੇ ਇਥੇ ਬੈਠੇ ਹੋਣ ਦਾ ਕੀ ਫਾਇਦਾ ਏ! ਮੈਂ ਕੁਦਰਤ ਦਾ ਇਕ ਜ਼ਰ੍ਹਾ ਆਂ, ਕਿਉਂ ਨਹੀਂ ਜਲਦੀ ਤੋਂ ਜਲਦੀ ਮੁੜ ਕੁਦਰਤ ਵਿੱਚ ਸਮਾ ਜਾਂਦਾ, ...ਕਿਸੇ ਹੋਰ ਨੂੰ ਮੌਕਾ ਦੇਵਾਂ!"

"ਮੌਕਾ! ...ਤੁਸੀਂ ਕਿਹੜਾ ਕਿਸੇ ਦੀ ਜੌਬ ਸਾਂਭੀ ਬੈਠੇ ਓ।"

"ਚੱਲ, ਤੂੰ ਦੋ ਕੁ ਸ਼ੇਅਰ ਸੁਣ।"

ਕੁੰਦਨ ਨੇ ਆਪਣੀ ਗਜ਼ਲਾਂ ਵਾਲੀ ਡਾਇਰੀ ਚੁੱਕ ਲਈ। ਦਾਰੂ ਦੇ ਨਾਲ ਨਾਲ ਕੁੰਦਨ ਨੇ ਕਈ ਗਜ਼ਲਾਂ ਸੁਣਾਈਆਂ। ਇਕ ਗਜ਼ਲ ਕੁੰਦਨ ਦੇ ਮਨ ਵੀ ਢਹਿੰਦੀ-ਅਵਸਥਾ ਦੀ ਗੱਲ ਕਰਦੀ ਸੀ। ਜੋਗੇਂਦਰ ਨੇ ਉਸ ਨੂੰ ਉਹ ਗਜ਼ਲ ਪੜ੍ਹਨ ਤੋਂ ਰੋਕ ਦਿਤਾ। ਫਿਰ ਹੋਰ ਜ਼ਿੰਦਗੀ ਦੀਆਂ ਹਾਸੇ ਮਜ਼ਾਕ ਦੀਆਂ ਗੱਲਾਂ ਚੱਲ ਪਈਆਂ। ਜੋਗੇਂਦਰ ਨੇ ਨਵੇਂ ਘੜੇ ਕੁਝ ਲਤੀਫੇ ਸੁਣਾਏ। ਉਹ ਦੇਰ ਰਾਤ ਤਕ ਬੈਠੇ ਰਹੇ। ਜੋਗੇਂਦਰ ਨੇ ਕਿਹਾ,

"ਹਰ ਲੇਖਕ ਦਾ, ਹਰ ਕਲਾਕਾਰ ਦਾ ਇਕ ਸਮਾਂ ਹੁੰਦਾ ਐ, ਫਿਰ ਉਹ ਸਮਾਂ ਨਿਕਲ ਜਾਂਦਾ ਐ ਤੇ ਕਿਸੇ ਹੋਰ ਦਾ ਆ ਜਾਂਦਾ ਐ।"

"ਜਿਤਰਾਂ ਮੇਰਾ ਨਿਕਲ ਗਿਆ ਤੇ ਤੇਰਾ ਆ ਗਿਆ।"

ਆਖਦਾ ਕੁੰਦਨ ਹੱਸਣ ਲੱਗਿਆ। ਜੋਗੇਂਦਰ ਨੇ ਫਿਰ ਆਖਿਆ,

"ਕਿਸੇ ਤਰ੍ਹਾਂ ਕਹਿ ਲਓ, ਹੁਣ ਦੇਖੋ; ਫਿਲਮਾਂ ਦੇ ਵੱਡੇ ਵੱਡੇ ਹੀਰੋ, ਹੁਣ ਕਿਥੇ ਗਏ! ਨਵੇਂ ਨਵੇਂ ਆ ਗਏ ਪੁਰਾਣੇ ਪਿੱਛੇ ਜਾ ਪਏ। ਜੇ ਉਹ ਤੁਹਾਡੇ ਵਾਂਗ ਸੋਚਣ ਤਾਂ ਕੀ ਬਣੇਗਾ ਦੁਨੀਆਂ ਦਾ। ਆਪਾਂ ਪਹਿਲਾਂ ਵੀ ਗੱਲ ਕਰਦੇ ਹੁੰਨੇ ਆਂ ਕਿ ਬੱਕੀ ਸਦਾ ਨਹੀਂ ਤਬੇਲੇ ਖੜੀ ਰਹਿਣੀ, ਗੁੱਡੀ ਸਦਾ ਨਹੀਂ ਅਸਮਾਨੀਂ ਚੜੀ ਰਹਿਣੀ! ਇਕ ਲੋਕ ਗੀਤ ਵੀ ਐ ਕਿ ਸਦਾ ਨਾ ਬਾਗੀਂ ਬੁਲਬੁਲ ਬੋਲੇ, ਸਦਾ ਨਾ ਮੌਜ ਬਹਾਰਾਂ!"

"ਛੋਟੇ ਭਾਊ, ਗੱਲ ਤਾਂ ਤੇਰੀ ਸੋਲਾਂ ਆਨੇ ਸੱਚ ਏ ਪਰ ਜੇਠੂ ਦੇ ਸਿਰ ਵਿੱਚ ਇਹ ਗੱਲ ਨਹੀਂ ਪੈ ਰਹੀ।"

"ਏਸ ਜੇਠੂ ਨੇ ਵੀ ਬਸ ਇਕ ਦਿਨ...!"

"ਮੈਨੂੰ ਵੀ ਪਤਾ ਪਰ ਮੈਂ ਕੀ ਕਰਾਂ?"

"ਮੈਂ ਇਕ ਗੱਲ ਫਿਰ ਕਹਿੰਨਾਂ ਕਿ ਤੁਸੀਂ ਮਿਡਲਸੈਕਸ ਆ ਜਾਵੋ। ਇਸ ਘਰ ਦੇ ਵਿਕਣ ਤਕ ਕੋਈ ਫਲੈਟ ਕਿਰਾਏ 'ਤੇ ਲੈ ਲਵੋ, ਮੈਂ ਵਾਅਦਾ ਕਰਦਾਂ ਕਿ ਮੈਂ ਹਰ ਰੋਜ਼ ਕੁਝ ਘੰਟੇ ਤੁਹਾਡੇ ਨਾਲ ਬਿਤਾਇਆ ਕਰਾਂਗਾ। ਫੇਰ ਅਮਰਜੋਤ ਵੀ ਹੈਗਾ, ਤੁਸੀਂ ਉਹਨੂੰ ਨਾ ਮਿਲੋ, ਵਿੱਕੀ ਤਾਂ ਹੈ ਹੀ, ਸਰਬੀ ਵੀ।"

"ਗੱਲ ਤਾਂ ਤੇਰੀ ਬਿਲਕੁਲ ਠੀਕ ਏ, ਮੈਂ ਸੋਚਦਾਂ, ਇਸ ਬਾਰੇ ਸੋਚਦਾਂ। ਚਾਹੁੰਨਾ ਤਾਂ ਮੈਂ ਇਹੋ ਆਂ।"

"ਤੁਹਾਡੀ ਓਸ ਕਿਤਾਬ ਦਾ ਕੀ ਬਣਿਆਂ ਜਿਹੜੀ ਤੁਸੀਂ ਨਵੀਂ ਟੈਕਨੌਲੋਜੀ ਕਾਰਨ ਦੁਨੀਆਂ ਵਿੱਚ ਆਈ ਤਬਦੀਲੀ ਬਾਰੇ ਲਿਖਣੀ ਸੀ?"

"ਓ ਭਾਊ, ਹਾਲੇ ਕੁਝ ਨਹੀਂ ਬਣਿਆਂ, ਮੈਂ ਹਾਲੇ ਓਹਦਾ ਕੁਝ ਨਹੀਂ ਕੀਤਾ, ਮੈਂ ਪਹਿਲਾਂ ਕੁਝ ਲੇਖ ਲਿਖਾਂਗਾ, ਇੰਡੀਆ ਦੀਆਂ ਅਖ਼ਬਾਰਾਂ ਨੂੰ ਭੇਜਾਂਗਾ, ਓਹਨਾਂ ਦਾ ਪ੍ਰਤੀਕਰਮ ਦੇਖਾਂਗਾ। ...ਬੜਾ ਕੁਝ ਸੋਚਦਾ ਰਹਿੰਨਾਂ।"

ਗੱਲਾਂ ਕਰਦੇ ਕਰਦੇ ਉਹ ਦੇਰ ਤਕ ਜਾਗਦੇ ਰਹੇ। ਸਵੇਰੇ ਉਠਣ ਦੀ ਕਾਹਲੀ ਵੀ ਨਹੀਂ ਸੀ।

ਸਵੇਰੇ ਕੁੰਦਨ ਨੂੰ ਸਾਝਰੇ ਹੀ ਜਾਗ ਆ ਗਈ। ਉਸ ਨੇ ਸਿਗਰਟ ਸੁਲਘਾਈ ਤੇ ਟੈਲੀ ਲਾ ਲਿਆ। ਵਾਪਸ ਲੰਡਨ ਜਾਣ ਬਾਰੇ ਸੋਚਣ ਲੱਗਿਆ। ਘੰਟਾ ਭਰ ਸੋਚ ਕੇ ਉਸ ਨੇ ਮਨ ਬਣਾ ਲਿਆ। ਫਿਰ ਅਚਾਨਕ ਉਸ ਦੇ ਕੰਨਾਂ ਵਿੱਚ ਮੁੰਡੇ ਵਲੋਂ ਕੱਢੀ ਗਾਲ੍ਹ ਗੂੰਜਣ ਲੱਗੀ। ਉਸ ਨੇ ਆਪਣੇ ਦੋਵੇਂ ਬਾਹਾਂ ਆਪਣੇ ਚਿਹਰੇ ਮੂਹਰੇ ਇਵੇਂ ਕਰ ਲਈਆਂ ਜਿਵੇਂ ਕਿਸੇ ਦੇ ਹਮਲੇ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਉਸ ਨੂੰ ਅਮਰਜੋਤ ਦਾ ਚਿਹਰਾ ਦਿੱਸਣ ਲੱਗਿਆ। ਉਹ ਉਠ ਕੇ ਰਸੋਈ ਵਿੱਚ ਜਾ ਵੜਿਆ।

ਜੋਗੇਂਦਰ ਉਠਿਆ ਤਾਂ ਕੁੰਦਨ ਬੋਲਿਆ,

"ਲੈ ਬਈ ਮੈਂ ਆਲੂ ਉਬਲਣੇ ਰੱਖੇ ਨੇ, ਅੱਜ ਤੈਨੂੰ ਆਲੂਆਂ ਵਾਲੇ ਪ੍ਰੌਂਠੇ ਖਵਾਵਾਂਗਾ, ਇਹੋ ਜਿਹੇ ਪਹਿਲਾਂ ਤੂੰ ਕਦੇ ਨਹੀਂ ਖਾਧੇ ਹੋਣੇ।"

ਜੋਗੇਂਦਰ ਆਪਣੇ ਲਈ ਚਾਹ ਬਣਾ ਲਿਆਇਆ ਤੇ ਪੁੱਛਿਆ,

"ਜਲਦੀ ਉਠ ਖੜੇ ਲਗਦੇ ਓ?"

"ਹਾਂ, ਉਠ ਕੇ ਮੈਂ ਟੈਲੀ ਲਾ ਲਿਆ ਕਿ ਖ਼ਬਰਾਂ ਦੇਖ ਲਈਆਂ। ਦੁਨੀਆਂ ਵਿਚ ਕੀ ਹੋ ਰਿਹਾ ਏ, ਏਹਦਾ ਵੀ ਪਤਾ ਹੋਣਾ ਚਾਹੀਦਾ ਏ।"

ਫਿਰ ਉਹ ਦੁਨੀਆਂ ਦੀ ਸਿਆਸਤ ਦੀਆਂ ਗੱਲਾਂ ਕਰਨ ਲੱਗੇ। ਅਰਬ ਮੁਲਕਾਂ ਦੇ ਡਿਕਟੇਟਰਾਂ ਨੂੰ ਓਥੋਂ ਦੇ ਲੋਕ ਗੱਦੀਆਂ ਤੋਂ ਲਾਹੁਣ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ, ਉਹ ਇਸ ਲੋਕ ਲਹਿਰ ਨੂੰ ਵਿਚਾਰਦੇ ਰਹੇ। ਜੋਗੇਂਦਰ ਆਪਣੇ ਨਵੇਂ ਨਾਵਲ ਬਾਰੇ ਦੱਸਦਾ ਰਿਹਾ। ਫਿਰ ਕੁੰਦਨ ਉਠਿਆ ਤੇ ਨਾਸ਼ਤਾ ਬਣਾਉਣ ਦੀ ਤਿਆਰੀ ਕਰਨ ਲੱਗ ਪਿਆ। ਉਸ ਨੂੰ ਦੌੜੇ ਫਿਰਦੇ ਦੇਖ ਕੇ ਜੋਗੇਂਦਰ ਨੇ ਆਖਿਆ,

"ਬਾਬਿਓ, ਤੁਹਾਡੀ ਤਾਂ ਸਿਹਤ ਫਸਟ ਕਲਾਸ ਐ, ਤੁਸੀਂ ਤਾਂ ਸੌ ਸਾਲ ਕਿਤੇ ਨਹੀਂ ਜਾਂਦੇ!"

"ਸਿਹਤ ਤਾਂ ਮੇਰੀ ਫਸਟ ਕਲਾਸ ਏ ਬਸ ਸਾਲ਼ਾ ਬੈਹੜਿਆਂ ਦਾ ਜੇਠੂ ਸਿਰ ਚੜ੍ਹਦਾ ਜਾ ਰਿਹਾ ਏ!"

"ਵੱਡੇ ਭਾਊ, ਤੁਸੀਂ ਜੇਠੂ ਨੂੰ ਬਹੁਤੀ ਅਹਿਮੀਅਤ ਦੇਈ ਜਾ ਰਹੇ ਓ, ਆਪੇ ਤਾਂ ਕਹਿੰਦੇ ਹੁੰਦੇ ਓ ਕਿ ਨਾਵਲ ਦੇ ਕਿਰਦਾਰ ਤੁਹਾਡੇ ਕਾਬੂ ਵਿੱਚ ਰਹਿਣੇ ਚਾਹੀਦੇ ਨੇ।"

"ਇਹ ਜੇਠੂ ਨਾਵਲ ਦਾ ਕਿਰਦਾਰ ਨਹੀਂ, ਇਹ ਬਹੁਤ ਵੱਡੀ ਸ਼ੈਅ ਵੇ, ਸਾਲ਼ਾ ਬੈਹੜਿਆਂ ਦਾ ਭੁਤਰਿਆ ਸਾਨ੍ਹ!"

ਕੁੰਦਨ ਹੱਸਣ ਲੱਗਿਆ। ਕੁਝ ਦੇਰ ਬਾਅਦ ਕੁੰਦਨ ਨੇ ਫਿਰ ਆਖਿਆ,

"ਯਾਰ, ਔਰਤ ਦਾ ਸੰਗ ਮਾਣੇ ਨੂੰ ਬਹੁਤ ਦੇਰ ਹੋ ਗਈ, ਔਰਤ ਦੇ ਨਾਲ ਸੌਣ ਦਾ, ਔਰਤ ਦੇ ਜਿਸਮ ਨੂੰ ਦੇਖਣ ਦਾ ਸੁਖ ਤਾਂ ਜਿਵੇਂ ਕਰਮਾਂ ਵਿੱਚ ਹੈ ਹੀ ਨਹੀਂ।"

"ਕਿਹੜੀ ਗੱਲ ਕਰਦੇ ਓ ਭਾਊ! ਹੁਣੇ ਜਿਹੇ ਤਾਂ ਤੁਸੀਂ ਮੀਨਾ ਮਿਲਣ ਜਾਂਦੇ ਹੁੰਦੇ ਨੂੰ ਹੁੰਦੀ ਸੀ।"

"ਮੀਨਾ ਕਿਹੜੀ ਔਰਤ ਸੀ?"

"ਬਾਬਿਓ, ਇਹ ਸੁੱਖ ਤਾਂ ਵਿਆਹੁਤਾ ਔਰਤ ਵਿੱਚੋਂ ਹੀ ਮਿਲ ਸਕਣਾ ਸੀ!"

"ਜਿਹੜੀ ਵਿਆਹੁਤਾ ਸੀ ਉਹ ਵੀ ਕਿਹੜੀ...?"

ਕਹਿੰਦਾ ਹੋਇਆ ਕੁੰਦਨ ਚੁੱਪ ਕਰ ਗਿਆ। ਜੋਗੇਂਦਰ ਨੇ ਕਿਹਾ,

"ਪੈਸੇ ਖਰਚੋ, ਯੰਗ ਤੋਂ ਯੰਗ ਔਰਤ ਮਿਲ ਜਾਂਦੀ ਐ।"

"ਨਹੀਂ ਬਈ, ਇਸ ਇਲਾਕੇ ਦਾ ਮੈਂ ਇੱਜ਼ਤਦਾਰ ਬੰਦਾਂ ਹੁਣ। ਇਹ ਕੰਮ ਨਹੀਂ।"

"ਫਿਰ ਤੜਫਣਾ ਛੱਡੋ।"

"ਸਾਲ਼ਿਆ ਬੈਹੜਿਆਂ ਦਿਆ, ਤੜਫ ਨਹੀਂ ਰਿਹਾ, ਇਕ ਦੁੱਖ ਸਾਂਝਾ ਕਰ ਰਿਹਾਂ!"

ਕੁੰਦਨ ਹੱਸਦਾ ਹੋਇਆ ਬੋਲਿਆ। ਕੁਝ ਪਲ ਲਈ ਉਹ ਚੁੱਪ ਜਿਹਾ ਕਰ ਗਿਆ ਤੇ ਫਿਰ ਕਿਹਾ,

"ਛੋਟੇ ਭਾਊ, ਇਕ ਦੇਹ ਦੇਖਣ ਦੀ ਤਮੰਨਾ ਅਧੂਰੀ ਰਹਿ ਜਾਣੀ ਏਂ।"

"ਕੇਹਦੀ?"

"ਗੋਲਡੀ ਦੀ।"

"ਬਾਬਿਓ, ਹੁਣ ਇਹ ਕਿਹੜਾ ਕਬੂਤਰ ਕੱਢ ਰਹੇ ਓ?"

"ਕਈ ਗੱਲਾਂ ਬੰਦਾ ਆਪਣੇ ਤੋਂ ਵੀ ਲੁਕੋਂਦਾ! ...ਤੈਨੂੰ ਆਪਣੀ ਪਹਿਲੀ ਵਾਈਫ ਕਦੇ ਚੇਤੇ ਨਹੀਂ ਆਈ?"

"ਕਿਹੜੀ ਦੁਖਦੀ ਰਗ 'ਤੇ ਹੱਥ ਰੱਖ ਰਹੇ ਓ? ...ਬਹੁਤ ਆਉਂਦੀ ਐ, ਹਰ ਰਾਤ ਆਉਂਦੀ ਐ!"

"ਮੈਨੂੰ ਪਤਾ ਸੀ ਏਹੋ ਜਿਹੀ ਰੰਨ ਤੋਂ ਅਲੱਗ ਹੋ ਕੇ ਬੰਦਾ ਅਧੂਰਾ ਹੋ ਜਾਂਦਾ ਏ। ...ਮੈਨੂੰ ਪਤਾ ਸੀ ਤੂੰ ਕਦੇ ਗੱਲ ਨਹੀਂ ਕਰਦਾ, ਕਦੇ ਕੂੰਦਾ ਨਹੀਂ ਪਰ ਅੰਦਰੋਂ ਅਧੂਰਾ ਏਂ।"

"ਬਾਬਿਓ, ਤੁਹਾਡੀ ਸੌਂਹ, ਸੱਚ ਮੈਂ ਅਧੂਰਾਂ!"

"ਅਜਿਹੀ ਹੀ ਸੀ ਗੋਲਡੀ ਵੀ!"

ਕੁੰਦਨ ਨੇ ਕਿਹਾ ਤੇ ਜੋਗੇਂਦਰ ਨੇ ਉਠ ਕੇ ਬੋਤਲ ਚੁੱਕ ਲਈ।...

ਦੁਪਿਹਰ ਜਿਹੇ ਨੂੰ ਜੋਗੇਂਦਰ ਵਾਪਸ ਚੱਲ ਪਿਆ। ਕੁੰਦਨ ਬੋਲਿਆ,

"ਲੈ ਭਾਊ, ਤੇਰੇ ਆਉਣ ਤੇ ਮੈਂ ਫਿਰ ਨਵਾਂ ਨਰੋਆ ਹੋ ਗਿਆਂ, ਹੁਣ ਮੈਂ ਕਿਸੇ ਦਿਨ ਲੰਡਨ ਦਾ ਚੱਕਰ ਮਾਰਾਂਗਾ, ਇਕੱਠੇ ਬ੍ਰੋਡਵੇਅ ਘੁੰਮਾਂਗੇ, ਸਟ੍ਰਿਪਟੀਜ਼ ਦੇਖਾਂਗੇ, ਬਹੁਤ ਦੇਰ ਹੋ ਗਈ ਏ। ਕੋਈ ਪਲੇਅ ਵੀ ਦੇਖਣ ਚਲਾਂਗੇ।"

ਜੋਗੇਂਦਰ ਦਾ ਆਉਣਾ ਕੁੰਦਨ ਨੂੰ ਬਹੁਤ ਚੰਗਾ ਲਗਿਆ। ਉਹ ਤਿਆਰ ਹੋ ਕੇ ਪਾਰਕ ਚਲੇ ਗਿਆ। ਉਹ ਕੁਝ ਦੇਰ ਤਕ ਪਾਰਕ ਵਿੱਚ ਘੁੰਮਿਆਂ ਪਰ ਜਿਸ ਪਾਸੇ ਦੇਸੀ ਬੰਦੇ ਬੈਠੇ ਸਨ ਉਧਰ ਉਹ ਨਾ ਗਿਆ। ਹੁਣ ਉਸ ਨੂੰ ਉਹਨਾਂ ਦੀਆਂ ਗੱਲਾਂ ਬਹੁਤ ਹੀ ਫਜ਼ੂਲ ਦਿੱਸਣ ਲੱਗ ਪਈਆਂ ਸਨ। ਉਹ ਵਾਪਸ ਘਰ ਆਇਆ ਤਾਂ ਉਸੇ ਇਕੱਲ ਨੇ ਫਿਰ ਆ ਘੇਰਿਆ। ਅਜੀਬ ਜਿਹੇ ਵਿਚਾਰ ਮਨ ਵਿੱਚ ਆਉਣ ਲੱਗੇ। ਉਸ ਨੇ ਆਪਣੇ ਕਮਰੇ ਦੀਆਂ ਬੱਤੀਆਂ ਬੰਦ ਕਰ ਦਿਤੀਆਂ ਤੇ ਘੰਟਾ ਭਰ ਹਨੇਰੇ ਵਿੱਚ ਬੈਠਾ ਰਿਹਾ। ਫਿਰ ਉਹ ਉਠਿਆ ਤੇ ਲਾਈਟਾਂ ਜਗਾ ਕੇ ਰਸੋਈ ਵਿੱਚ ਆਪਣੇ ਖਾਣ ਲਈ ਕੁਝ ਬਣਾਉਣ ਲੱਗਿਆ। ਅੱਜ ਉਸ ਦਾ ਸ਼ਰਾਬ ਪੀਣ ਨੂੰ ਵੀ ਦਿਲ ਨਹੀਂ ਸੀ ਕਰ ਰਿਹਾ। ਉਸ ਨੇ ਬਾਹਰੋਂ ਆਉਂਦੇ ਹੋਏ ਮੀਟ ਲਿਆਂਦਾ ਸੀ ਪਰ ਨਾ ਬਣਾਇਆ ਤੇ ਅਚਾਰ ਨਾਲ ਹੀ ਰੋਟੀ ਖਾ ਲਈ। ਫਿਰ ਉਹ ਜੋਗੇਂਦਰ ਨੂੰ ਫੋਨ ਕਰ ਲਿਆ, ਬੋਲਿਆ,

"ਭਾਊ, ਯਾਦ ਏ ਜਦ ਮੇਰੇ ਸੱਟਾਂ ਲਗੀਆਂ ਸੀ, ਮੈਂ ਵੈਨ ਵਿਚੋਂ ਡਿਗ ਪਿਆ ਸੀ।"

"ਹਾਂ, ਯਾਦ ਐ ਪਰ ਏਹਨੂੰ ਦਸ ਬਾਰਾਂ ਸਾਲ ਹੋ ਗਏ।"

"ਹਾਂ ਪਰ ਤੂੰ ਏਹਦੀ ਖ਼ਬਰ ਅਖ਼ਬਾਰਾਂ ਨੂੰ ਨਹੀਂ ਸੀ ਦਿਤੀ, ਯਾਦ ਏ, ਜਿਹੜੇ ਦੋਸਤ ਨੂੰ ਪਤਾ ਲੱਗਦਾ ਉਹ ਇਹੀ ਕਹਿੰਦਾ ਸੀ ਕਿ ਸਾਨੂੰ ਤਾਂ ਪਤਾ ਹੀ ਨਹੀਂ ਚੱਲਿਆ, ...ਜੇ ਤੂੰ ਖ਼ਬਰ ਕਿਤੇ ਲੁਆ ਦਿਤੀ ਹੁੰਦੀ ਤਾਂ ਗੱਲ ਹੋਰ ਹੋਣੀ ਸੀ ਪਰ ਹੁਣ ਏਤਰਾਂ ਨਾ ਕਰੀਂ, ...ਪਾਇਲ ਨੂੰ ਤਾਂ ਏਹਦੇ ਬਾਰੇ ਕੁਝ ਪਤਾ ਹੀ ਨਹੀਂ। ...ਨਾਲੇ ਉਹ ਤਾਂ ਰੋਣ ਧੋਣ ਵਿਚ ਫਸੀ ਹੋਣੀ ਏਂ, ਤੇਰੀ ਡਿਊਟੀ ਏ ਕਿ ਮੇਰੇ ਮਰਨ ਦੀ ਖ਼ਬਰ ਲਾ ਦੇਈਂ, ਹਾਂ, ਮੇਰੇ ਦਸਤਾਰ ਤੂੰ ਬੰਨੀਂ।"

"ਬਾਬਿਓ, ਫੇਰ ਉਹ ਗੱਲਾਂ?"

"ਮੈਂ ਤਾਂ ਸਾਧਾਰਨ ਗੱਲ ਕਰ ਰਿਹਾਂ ਕਿ ਇਨ ਕੇਸ...।"

ਆਖਦਿਆਂ ਉਸ ਨੇ ਫੋਨ ਰੱਖ ਦਿਤਾ। ਉਸ ਨੇ ਦੋ ਕੁ ਦੋਸਤਾਂ ਨੂੰ ਹੋਰ ਫੋਨ ਕੀਤਾ ਤੇ ਫਿਰ ਕੋਈ ਪੁਰਾਣੀ ਜਿਹੀ ਫਿਲਮ ਲਗਾ ਕੇ ਦੇਖਣ ਲੱਗਿਆ। ਫਿਲਮ ਦੇਖਦੇ ਦੇਖਦੇ ਨੂੰ ਹੀ ਉਸ ਨੂੰ ਨੀਂਦ ਆ ਗਈ।...

ਸਵੇਰੇ ਵੇਲੇ ਸਿਰ ਹੀ ਉਹ ਉਠਿਆ ਤੇ ਖੁਦ ਨੂੰ ਕਹਿਣ ਲੱਗਿਆ,

"ਕੁੰਦਨ ਸਿਆਂ, ਕਤਲ ਕਰਦੇ ਏਸ ਜੇਠੂ ਨੂੰ, ਇਹਦਾ ਕਤਲ ਹੀ ਤੇਰੀ ਮੁਕਤੀ ਏ, ਚੁੱਪ ਕਰਕੇ ਲੰਡਨ ਚਲੇ ਜਾਹ। ਉਥੇ ਵਿੱਕੀ ਏ, ਸਰਬੀ ਏ, ਅਮਰਜੋਤ ਵੀ ਤੇਰਾ ਹੀ ਖ਼ੂਨ ਏ। ਪਿੰਡਾਂ ਵਿੱਚ ਕਿੰਨੇ ਪਿਓ-ਪੁੱਤ ਲੜ ਪੈਂਦੇ ਨੇ, ਲੜਾਈ ਵਿੱਚ ਕੌਣ ਕਿਹਨੂੰ ਗਾਲ੍ਹ ਕੱਢ ਗਿਆ ਕੀ ਪਤਾ ਚਲਦਾ ਏ?"

ਉਹ ਕਮਰੇ ਵਿੱਚ ਗੇੜੇ ਮਾਰਨ ਲੱਗਾ। ਦਸ ਕੁ ਵਜੇ ਜੋਗੇਂਦਰ ਨੂੰ ਫੋਨ ਕੀਤਾ। ਉਹ ਚਹਿਕਦਾ ਹੋਇਆ ਬੋਲਿਆ,

"ਲੈ ਬਈ ਛੋਟੇ ਭਾਊ, ਫੈਸਲਾ ਕਰ ਲਿਆ।"

"ਅੱਛਾ! ਕੀ?"

"ਮੈਂ ਲੰਡਨ ਆ ਰਿਹਾਂ, ਮੈਨੂੰ ਪਤਾ ਕਿ ਮੈਂ ਏਤਰਾਂ ਦੇ ਫੈਸਲੇ ਪਹਿਲਾਂ ਵੀ ਕੀਤੇ ਨੇ ਪਰ ਇਹ ਫੈਸਲਾ ਬਹੁਤ ਸੋਚ ਸਮਝ ਕੇ ਕੀਤਾ ਏ। ਮੈਂ ਜੇਠੂ ਨੂੰ ਮਾਰ ਦੇਣਾ ਏਂ ਤੇ ਲੰਡਨ ਆਪਣੇ ਮੁੰਡੇ ਕੋਲ ਆ ਜਾਣਾ ਏਂ। ਮੈਂ ਅਮਰਜੋਤ ਨੂੰ ਫੋਨ ਕਰਨ ਲੱਗਿਆਂ। ਮੈਂ ਕਹਾਂਗਾ ਕਿ ਪੁੱਤਰਾ, ਚਾਹੇ ਮੈਨੂੰ ਵੈਂਕਰ ਕਹਿ, ਬਾਸ੍ਟਡ ਕਹਿ, ਜਾਂ ਹਰਾਮਜ਼ਾਦਾ। ...ਮੈਨੂੰ ਮਾਰ ਜਾਂ ਰੱਖ, ਮੈਂ ਤੇਰਾ ਪਿਓ ਆਂ, ਮੈਨੂੰ ਆਪਣੇ ਘਰ ਦੇ ਇਕ ਖੂੰਜੇ ਵਿੱਚ ਪਿਆ ਰਹਿਣ ਦੇ।"

ਆਖਦਾ ਉਹ ਧਾਹਾਂ ਮਾਰਦਾ ਰੋਣ ਲੱਗ ਪਿਆ। ਕੁਝ ਦੇਰ ਰੋ ਕੇ ਬੋਲਿਆ,

"ਜੇਠੂ ਤਾਂ ਗਿਆ ਹੁਣ, ਹੁਣ ਕੁੰਦਨ ਕੁੰਦਨ ਬਣ ਕੇ ਨਿਕਲੇਗਾ ਤੇ ਮਜ਼ੇ ਦੀ ਜ਼ਿੰਦਗੀ ਜੀਵੇਗਾ।"

ਉਹ ਕਿੰਨੀ ਦੇਰ ਤਕ ਜੋਗੇਂਦਰ ਨਾਲ ਆਪਣੇ ਨਵੇਂ ਭਵਿੱਖ ਬਾਰੇ ਗੱਲਾਂ ਕਰਦਾ ਰਿਹਾ। ਇਸ ਤੋਂ ਬਾਅਦ ਉਸ ਨੇ ਅਮਰਜੋਤ ਨੂੰ ਫੋਨ ਕੀਤਾ ਤੇ ਕਿਹਾ,

"ਪੁੱਤਰਾ, ਮੈਨੂੰ ਆਪਣੇ ਨੇੜੇ ਕੋਈ ਘਰ ਲੱਭ ਦੇ, ਮੈਂ ਤੇਰੇ ਨੇੜੇ ਰਹਿਣਾ ਚਾਹੁੰਨਾ।"

"ਡੈਡ, ਆਏ ਲਵ ਯੂ, ਤੁਸੀਂ ਆ ਜਾਓ, ਘਰ ਜਦੋਂ ਮਿਲੇਗਾ ਉਦੋਂ ਮਿਲੇਗਾ, ...ਆਹ ਘਰ ਵੀ ਤੁਹਾਡਾ ਹੀ ਏ।"

"ਮੈਂ ਕੱਲ ਨੂੰ ਤੇਰੇ ਕੋਲ ਆ ਜਾਣਾਂ ਤੇ ਹੁਣ ਮੈਂ ਤੇਰੇ ਰਹਿਮੋ-ਕਰਮ ਤੇ ਹੀ ਹੋਵਾਂਗਾ।"

"ਡੈਡ, ਏਦਾਂ ਨਾ ਕਹੋ। ਤੁਸੀਂ ਆਵੋ ਤਾਂ ਸਹੀ, ਤੁਹਾਨੂੰ ਕਦੇ ਵੀ ਕਿਸੇ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ।"

"ਮੈਂ ਕੱਲ ਆ ਰਿਹਾਂ, ਸਵੇਰੇ ਹੀ ਤੁਰ ਪਵਾਂਗਾ।"

ਆਖਦਿਆਂ ਕੁੰਦਨ ਨੇ ਫੋਨ ਰੱਖ ਦਿਤਾ ਤੇ ਰੋਣ ਲੱਗ ਪਿਆ। ਉਸ ਨੇ ਬੋਤਲ ਚੁੱਕ ਲਈ। ਪੈੱਗ ਪਾਉਂਦਿਆਂ ਬੋਲਿਆ,

"ਮਾਈਂ ਯਾਵਿਆ, ਤੂੰ ਏਨਾ ਡਿਗ ਪਵੇਂਗਾ? ਮੈਂ ਸੋਚ ਵੀ ਨਹੀਂ ਸਕਦਾ!"

ਉਹ ਸ਼ਰਾਬ ਪੀਂਦਾ ਰਿਹਾ ਤੇ ਰੋਂਦਾ ਰਿਹਾ। ਇਕ ਦੋ ਫੋਨ ਆਏ, ਇਕ ਜੋਗੇਂਦਰ ਦਾ ਸੀ ਤੇ ਇਕ ਕਿਸੇ ਪਾਰਕ ਵਿਚਲੇ ਦੋਸਤ ਦਾ। ਉਸ ਨੇ ਜਵਾਬ ਨਾ ਦਿਤਾ। ਪੂਰਾ ਦਿਨ ਉਹ ਸ਼ਰਾਬ ਪੀਂਦਾ ਰਿਹਾ। ਸੈਟੀ ਉਪਰ ਹੀ ਸੌਂ ਗਿਆ। ਜਦ ਜਾਗ ਆਈ ਤਾਂ ਉਸ ਨੇ ਖਾਣ ਲਈ ਕੁਝ ਬਣਾਇਆ ਤੇ ਅਮਰਜੋਤ ਨੂੰ ਫੋਨ ਕਰਕੇ ਦੁਬਾਰਾ ਦੱਸਿਆ ਕਿ ਉਹ ਸਵੇਰੇ ਆ ਜਾਵੇਗਾ। ਸ਼ਾਮ ਨੂੰ ਪ੍ਰਦੀਪ ਸਿੰਘ ਤੇ ਉਸ ਦੀ ਪਤਨੀ ਆ ਗਏ।

ਕੁੰਦਨ ਦੀ ਸ਼ਰਾਬ ਦੀ ਬਹੁਤਾਤ ਤੋਂ ਡਰਦੇ ਉਹ ਹਰ ਵੇਲੇ ਉਸ ਦੀ ਬਿੜਕ ਰੱਖਿਆ ਕਰਦੇ ਸਨ। ਕੁੰਦਨ ਦੇ ਘਰ ਦੀ ਇਕ ਚਾਬੀ ਉਹਨਾਂ ਕੋਲ ਹੈ ਹੀ ਸੀ। ਅੱਜ ਉਹਨਾਂ ਨੇ ਸਾਰਾ ਦਿਨ ਹੀ ਉਸ ਨੂੰ ਨਹੀਂ ਸੀ ਦੇਖਿਆ। ਕੁੰਦਨ ਨੂੰ ਠੀਕ-ਠਾਕ ਦੇਖ ਕੇ ਉਹ ਮੁੜ ਗਏ।...

ਮੰਗਲਵਾਰ ਉਠਦਿਆਂ ਹੀ ਉਸ ਨੇ ਪਹਿਲਾਂ ਜੋਗੇਂਦਰ ਨੂੰ ਫੋਨ ਕੀਤਾ,

"ਲੈ ਬਈ ਭਾਊ, ਮੈਂ ਅੱਜ ਲੰਡਨ ਆ ਰਿਹਾਂ, ਸ਼ਾਮ ਨੂੰ ਪੱਬ ਚੱਲਾਂਗੇ, ਅਮਰਜੋਤ ਨਾਲ ਵੀ ਮੇਰੀ ਗੱਲ ਹੋ ਗਈ। ਇਸ ਸਾਲ਼ੇ ਬੈਹੜਿਆਂ ਦੇ ਜੇਠੂ ਦਾ ਮੈਂ ਅੱਜ ਕੰਮ ਕਰ ਦੇਣਾਂ, ਦੇਖਦਾ ਜਾ ਤੂੰ!"

ਫਿਰ ਉਸ ਨੇ ਅਮਰਜੋਤ ਨੂੰ ਫੋਨ ਕਰਕੇ ਆਪਣੇ ਆਉਣ ਬਾਰੇ ਦਸਿਆ ਕਿ ਉਸ ਨੇ ਦੁਪਹਿਰ ਤੋਂ ਪਹਿਲਾਂ ਪਹਿਲਾਂ ਤੁਰ ਪੈਣਾ ਹੈ। ਉਹ ਆਪਣੇ ਸੌਣ ਕਮਰੇ ਵਿੱਚ ਜਾ ਕੇ ਨਾਲ ਲੈ ਕੇ ਜਾਣ ਵਾਲੇ ਕਪੜਿਆਂ ਦੀ ਚੋਣ ਕਰ ਕੇ ਇਕ ਅਟੈਚੀ ਵਿੱਚ ਪਾਉਣ ਲੱਗਿਆ। ਉਸ ਨੇ ਆਪਣੀਆਂ ਦਵਾਈਆਂ ਵਾਲਾ ਪੈਕਟ ਵੀ ਅਟੈਚੀ ਵਿੱਚ ਰੱਖ ਲਿਆ। ਉਸ ਨੂੰ ਯਾਦ ਆਇਆ ਕਿ ਉਸ ਨੇ ਤਾਂ ਕਈ ਦਿਨ ਤੋਂ ਦਵਾਈ ਵੀ ਨਹੀਂ ਸੀ ਲਈ। ਜਦ ਦਾ ਉਸ ਦਾ ਬਾਈਪਾਸ ਦਾ ਓਪਰੇਸ਼ਨ ਹੋਇਆ ਸੀ ਤਦ ਤੋਂ ਉਸ ਨੂੰ ਲਗਾਤਾਰ ਦਵਾਈ ਖਾਣੀ ਪੈਂਦੀ ਸੀ। ਉਸ ਨੇ ਸੋਚਿਆ ਕਿ ਹੁਣ ਉਹ ਦਵਾਈ ਅਮਰਜੋਤ ਦੇ ਘਰ ਜਾ ਕੇ ਹੀ ਖਾਵੇਗਾ। ਅਟੈਚੀ ਚੁੱਕ ਕੇ ਉਸ ਨੇ ਆਪਣੇ ਬੈਡਰੂਮ ਨੂੰ ਨਜ਼ਰ ਭਰ ਕੇ ਦੇਖਿਆ। ਉਹ ਸੋਚਦਾ ਸੀ ਕਿ ਹੁਣ ਕਈ ਮਹੀਨੇ ਅਮਰਜੋਤ ਕੋਲ ਰਹੇਗਾ। ਕਦੇ ਆਇਆ ਵੀ ਤਾਂ ਇਕ-ਅੱਧੀ ਰਾਤ ਲਈ ਹੀ ਇਥੇ ਆਵੇਗਾ ਨਹੀਂ ਤਾਂ ਹੁਣ ਉਥੇ ਹੀ ਰਹੇਗਾ। ਉਸ ਨੇ ਅਟੈਚੀ ਲੈਂਡਿੰਗ ਵਿੱਚ ਲਿਆ ਰੱਖਿਆ। ਉਸ ਨੇ ਆਪਣੇ ਘਰ ਵਿੱਚ ਘੁੰਮ ਕੇ ਦੇਖਿਆ। ਬਾਰਾਂ/ਤੇਰਾਂ ਸਾਲ ਹੋ ਗਏ ਸਨ ਇਸ ਘਰ ਵਿੱਚ ਰਹਿੰਦਿਆਂ। ਇਹ ਉਸ ਦਾ ਘਰ ਨਹੀਂ ਰਿਆਸਤ ਹੈ। ਇਥੇ ਉਸ ਦਾ ਰਾਜ ਚੱਲਦਾ ਹੈ। ਗਾਲ਼ ਤਾਂ ਕੀ ਇਥੇ ਉਸ ਨੂੰ ਕੋਈ ਓਏ ਤਕ ਨਹੀਂ ਕਹਿ ਸਕਦਾ। ਸੋਚਦਾ ਸੋਚਦਾ ਉਹ ਹੁੱਸ ਗਿਆ ਤੇ ਸੈਟੀ 'ਤੇ ਡਿਗ ਪਿਆ। ਕੁਝ ਦੇਰ ਬਾਅਦ ਅਮਰਜੋਤ ਦਾ ਫੋਨ ਆਇਆ, ਉਹ ਬੋਲਿਆ,

"ਡੈਡ, ਜਲਦੀ ਤੁਰ ਪਓ, ਦੁਪਹਿਰ ਦੀ ਰੋਟੀ ਇਕੱਠੇ ਖਾਵਾਂਗੇ, ਕਿਸੇ ਕਾਰਨ ਕਰਕੇ ਮੈਂ ਘਰ ਹੀ ਆਂ।"

"ਅਮਰਜੋਤ, ਮੇਰਾ ਜੇਠੂ ਨਾਲ ਬਹੁਤ ਵੱਡਾ ਪੰਗਾ ਪਿਆ ਹੋਇਆ ਏ, ਇਹ ਸਾਲ਼ਾ ਬੈਹੜਿਆਂ ਦਾ ਮੈਨੂੰ ਫੜੀ ਬੈਠਾ, ਦੱਸ ਕੀ ਕਰਾਂ?"

"ਡੈਡ, ਪਲੀਜ਼ ਆ ਜਾਓ, ਅਸੀਂ ਸਾਰੇ ਤੁਹਾਡੀ ਉਡੀਕ ਕਰ ਰਹੇ ਆਂ, ਸਰਬੀ ਨੇ ਤਾਂ ਕੰਮ ਤੋਂ ਵੀ ਛੁੱਟੀ ਕਰ ਲਈ, ਵਿੱਕੀ ਨੂੰ ਵੀ ਸਕੂਲੋਂ ਜਲਦੀ ਲੈ ਆਉਣਾ ਏਂ।"

"ਅਮਰਜੋਤ, ਮੇਰੀ ਮੱਦਦ ਕਰ, ਮੈਨੂੰ ਆ ਕੇ ਲੈ ਜਾ।"

"ਡੈਡ, ਮੇਰੀ ਗੱਡੀ ਸਰਵਿਸ ਲਈ ਗਈ ਹੋਈ ਐ। ਤੁਸੀਂ ਟੈਕਸੀ ਕਰ ਲਓ, ਪੈਸੇ ਇਥੇ ਮੈਂ ਦੇਵਾਂਗਾ।"

"ਪੁੱਤਰਾ, ਤੂੰ ਟੈਕਸੀ ਕਰਕੇ ਆ ਜਾ ਤੇ ਮੈਨੂੰ ਲੈ ਜਾ।"

"ਡੈਡ, ਮੈਂ ਇਥੋਂ ਟੈਕਸੀ ਲੈ ਕੇ ਆਵਾਂਗਾ, ਫੇਰ ਲੈ ਕੇ ਜਾਵਾਂਗਾ, ਤੁਸੀਂ ਓਥੋਂ ਟੈਕਸੀ ਕਰ ਕੇ ਜਲਦੀ ਪਹੁੰਚ ਜਾਵੋਂਗੇ।"

ਅਮਰਜੋਤ ਆਪਣੀ ਗੱਲ 'ਤੇ ਜ਼ੋਰ ਪਾਉਂਦਾ ਬੋਲਿਆ। ਕੁੰਦਨ ਨੇ ਹੌਲੇ ਜਿਹੇ ਆਖਿਆ,

"ਠੀਕ, ਮੈਂ ਦੇਖਦਾਂ।"

ਕਹਿੰਦਿਆਂ ਉਸ ਨੇ ਫੋਨ ਰੱਖ ਦਿਤਾ ਤੇ ਬੋਤਲ ਚੁੱਕ ਲਈ। ਜ਼ਰਾ ਕੁ ਨਸ਼ੇ ਵਿੱਚ ਆਇਆ ਉਹ ਹੱਸਣ ਲੱਗ ਪਿਆ ਤੇ ਬੋਲਿਆ,

"ਚੱਲਿਆਂ, ਉਸੇ ਪਿਓ ਦੇ ਪੱਦ ਸੁੰਘਣ, ਜਿਹਨੇ ਕਿਹਾ ਸੀ, ਯੂ ਵੈਂਕਰ, ਬਾਸਟਡ, ਨਿਕਲ ਮੇਰੇ ਘਰੋਂ?"

ਉਸ ਨੂੰ ਅਮਰਜੋਤ ਦੀ ਉਹ ਉਂਗਲ ਦਿਸਣ ਲੱਗੀ ਜਿਹੜੀ ਉਸ ਨੇ ਉਸ ਨੂੰ ਘਰੋਂ ਨਿਕਲਣ ਦਾ ਹੁਕਮ ਸੁਣਾਉਣ ਸਮੇਂ ਦਿਖਾਈ ਸੀ।

ਉਹ ਸਹਿਜ ਹੋ ਕੇ ਬੈਠ ਗਿਆ। ਸਾਰਾ ਦਿਨ ਉਵੇਂ ਹੀ ਬੈਠਾ ਰਿਹਾ। ਉਸ ਨੇ ਮੁਬਾਈਲ ਫੋਨ ਤੇ ਲੈਂਡ ਲਾਈਨ ਦੋਵੇਂ ਹੀ ਬੰਦ ਕਰ ਦਿਤੇ। ਪ੍ਰਦੀਪ ਆਇਆ, ਉਸ ਨੂੰ ਰੋਟੀ ਦੇ ਕੇ ਚਲੇ ਗਿਆ। ਪਰ ਉਸ ਦਾ ਮਨ ਰੋਟੀ ਖਾਣ ਨੂੰ ਨਹੀਂ ਸੀ। ਉਸ ਨੇ ਸਿਗਰਟ ਸੁਲਘਾ ਰੱਖੀ ਤੇ ਪੈੱਗ 'ਤੇ ਪੈੱਗ ਪੀਂਦਾ ਰਿਹਾ। ਕਦੇ ਕਦੇ ਕਹਿ ਦਿੰਦਾ,

"ਕੰਜਰ ਦਿਅ ਜੇਠੂਆ, ਕਰ ਲੈ ਜਿਹੜੀਆਂ ਤੱਦੀਆਂ ਕਰਨੀਆਂ! ...ਔਲ ਯੁਅਰਜ਼!"

(ਸਮਾਪਤ)

ਜੇਠੂ ਹਰਜੀਤ ਅਟਵਾਲ ਦਾ ਨਵਾਂ ਨਾਵਲ ਹੈ। ਜਿਵੇਂ ਉਸ ਦੇ ਹਰ ਨਾਵਲ ਦਾ ਅਲੱਗ ਵਿਸ਼ਾ ਹੁੰਦਾ ਹੈ ਇਵੇਂ ਹੀ ਇਸ ਨਾਵਲ ਦਾ ਵਿਸ਼ਾ ਵੀ ਬਿਲਕੁਲ ਭਿੰਨ ਹੈ। ਇਹ ਨਾਵਲ ਇੰਗਲੈਂਡ ਦੇ ਸਾਹਿਤਕ ਹਲਕਿਆਂ ਵਿੱਚ ਵਾਪਰਦਾ ਹੈ। ਇਹ ਜੇਠੂ ਨਾਂ ਦੇ ਬੰਦੇ ਦੀ ਤਰਾਸਦੀ ਹੈ ਜਿਸ ਨੇ ਬਹੁਤ ਕਠਨ ਬਚਪੱਨ ਦੇਖਿਆ ਹੈ ਤੇ ਜਿਸ ਦਾ ਅਸਰ ਉਸ ਉਪਰ ਸਾਰੀ ਉਮਰ ਰਹਿੰਦਾ ਹੈ। ਇਹ ਨਾਵਲ ਪੰਜਾਬੀ ਦੇ ਲੇਖਕਾਂ ਦੇ ਅੰਦਰ ਵਸਦੇ ਹਉਮਿਆਂ ਤੇ ਲੋਭਾਂ ਦੀ ਗੱਲ ਵੀ ਕਰਦਾ ਹੈ। ਬ੍ਰਤਾਨਵੀ ਪੰਜਾਬੀ ਸਾਹਿਤ ਦੀ ਸਿਆਸਤ ਨੂੰ ਸਮਝਣ ਵਿੱਚ ਇਹ ਨਾਵਲ ਬਹੁਤ ਸਹਾਈ ਹੋਵੇਗਾ। ਇਸ ਦਾ ਮੁੱਖ ਕਿਰਦਾਰ ਜ਼ਿੰਦਗੀ ਜਿੱਡਾ ਵੱਡਾ ਹੈ। ਸਾਰਾ ਨਾਵਲ ਉਸੇ ਦੁਆਲੇ ਹੀ ਘੁੰਮਦਾ ਹੈ। ਇਸ ਨੂੰ ਪਾਠਕ ਇਕ ਵਾਰ ਪੜ੍ਹਨ ਲੱਗੇਗਾ ਤਾਂ ਉਸ ਲਈ ਛੱਡਣਾ ਮੁਸ਼ਕਲ ਹੋ ਜਾਵੇਗਾ। ਨਾਵਲਕਾਰ ਦੇ ਪਹਿਲੇ ਨਾਵਲਾਂ ਵਾਂਗ ਇਹ ਨਾਵਲ ਵੀ ਪੰਜਾਬੀ ਨਾਵਲਕਾਰੀ ਵਿੱਚ ਮੀਲ ਪੱਥਰ ਹੋ ਨਿਬੜੇਗਾ।

ਪ੍ਰਕਾਸ਼ਕ